# ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਵਿਚ ਗੁਰੂ ਨਾਨਕ ਬਾਣੀ ਦੀ ਸਾਰਥਿਕਤਾ

# VISHVIKARAN DEEAN PARSTHITIAN VICH GURU NANAK BANI DI SARTHIKTA

A THESIS
Submitted to the
FACULTY OF LANGUAGES
PANJAB UNIVERSITY, CHANDIGARH
for the Degree of
DOCTOR OF PHILOSOPHY
2012

PARAMJIT KAUR
SCHOOL OF PANJABI STUDIES
PANJAB UNIVERSITY
CHANDIGARH

# ਤਤਕਰਾ


ਪੰਨਾ ਨੰਬਰ

ਭੂਮਿਕਾ 1-6

ਅਧਿਆਇ ਪਹਿਲਾ: 7-54

**ਵਿਸ਼ਵੀਕਰਨ ਅਤੇ ਗੁਰੂ ਨਾਨਕ ਬਾਣੀ**

(ੳ) ਵਿਸ਼ਵੀਕਰਨ - ਸਿਧਾਂਤਕ ਪਰਿਪੇਖ

(ਅ) ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ

(ੲ) ਵਿਸ਼ਵੀਕਰਨ ਅਤੇ ਮਾਨਵੀ ਸਮੱਸਿਆਵਾਂ

(ਸ) ਵਿਸ਼ਵ ਚਿੰਤਨ ਅਤੇ ਗੁਰੂ ਨਾਨਕ ਬਾਣੀ

ਅਧਿਆਇ ਦੂਜਾ : 55-89

**ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਵਿਚ ਗੁਰੂ ਨਾਨਕ ਬਾਣੀ ਦੇ ਮੂਲ ਸੰਦਰਭ ਅਤੇ ਸਰੋਕਾਰ**

(ੳ) ਰੱਬ (ਅ) ਸ੍ਰਿਸ਼ਟੀ (ੲ) ਕੁਦਰਤ (ਸ) ਜੀਵ

(ਹ) ਬਹੁ-ਪਾਸਾਰੀ ਸੰਤੁਲਨ ਅਤੇ ਅਧਿਆਤਮਕ ਸਰੋਕਾਰ

(ਕ) ਅਜੋਕੀਆਂ ਸਮਾਜਿਕ ਅਤੇ ਸਭਿਆਚਾਰਕ ਪ੍ਰਸਥਿਤੀਆਂ

(ਖ) ਆਧੁਨਿਕ ਮਨੁੱਖ ਦਾ ਮਾਨਸਿਕ ਅਤੇ ਅਸਤਿਤਵੀ ਵਿਗਠਨ

ਅਧਿਆਇ ਤੀਜਾ : 90-128

**ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਵਿਚ ਆਸਾ ਦੀ ਵਾਰ ਦੇ ਮੂਲ ਸਰੋਕਾਰਾਂ ਦੀ ਸਾਰਥਿਕਤਾ**

(ੳ) ਮਨੁੱਖ ਦੀ ਸਮਾਜਿਕ ਹੋਂਦ ਦਾ ਮਹੱਤਵ

(ਅ) ਮਨੁੱਖ ਅਤੇ ਮਨੁੱਖੀ ਅਧਿਕਾਰ

(ੲ) ਮਨੁੱਖ ਅਤੇ ਰਾਜਨੀਤਿਕ ਤਾਕਤ

(ਸ) ਮਨੁੱਖ ਅਤੇ ਮਾਨਵੀ ਧਰਮ

ਅਧਿਆਇ ਚੌਥਾ : 129-168

**ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਵਿਚ ਜਪੁਜੀ ਵਿਚਲੇ ਮੂਲ ਸਰੋਕਾਰਾਂ ਦੀ ਸਾਰਥਿਕਤਾ**

(ੳ) ਤੱਤਕਾਲੀਨ ਧਾਰਮਿਕ ਪ੍ਰਸਥਿਤੀਆਂ ਅਤੇ ਅਜੋਕਾ ਸੰਦਰਭ

(ਅ) ਸਚਿਆਰਾ ਮਨੁੱਖ ਦੀ ਵਿਸ਼ਵੀ ਪ੍ਰਸੰਗ ਵਿਚ ਮਹੱਤਤਾ

(ੲ) ਅਧਿਆਤਮਕ ਅਤੇ ਆਤਮਿਕ ਪੜਾਅ ਅਤੇ ਅਜੋਕੀਆਂ ਪ੍ਰਸਥਿਤੀਆਂ ਵਿਚ ਗੁਰੂ ਨਾਨਕ ਵਿਚਾਰਧਾਰਾ ਦੀ ਸਾਰਥਿਕਤਾ

ਅਧਿਆਇ ਪੰਜਵਾਂ : 169-202

**ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਵਿਚ ਸਿਧ ਗੋਸਟਿ ਵਿਚਲੇ ਮੂਲ ਸਰੋਕਾਰਾਂ ਦੀ ਸਾਰਥਿਕਤਾ**

(ੳ) ਤੱਤਕਾਲੀਨ ਨਾਥ ਜੋਗੀ ਜੋਗ ਮੱਤ ਅਤੇ ਗੁਰੂ ਨਾਨਕ ਚਿੰਤਨ

(ਅ) ਵਿਸ਼ਵੀ-ਪ੍ਰਸਥਿਤੀਆਂ ਵਿਚ ਗੁਰੂ ਨਾਨਕ ਵਿਚਾਰਧਾਰਾ ਦੀ ਸਾਰਥਿਕਤਾ

ਅਧਿਆਇ ਛੇਵਾਂ : 203-229

**ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਵਿਚ ਦਖਣੀ ਓਅੰਕਾਰੁ ਵਿਚਲੇ ਮੂਲ ਸਰੋਕਾਰਾਂ ਦੀ ਸਾਰਥਿਕਤਾ**

(ੳ) ਤੱਤਕਾਲੀਨ ਧਾਰਮਿਕ ਕਰਮ-ਕਾਂਡ

(ਅ) ਗੁਰੂ ਨਾਨਕ ਵਿਚਾਰਧਾਰਾ ਅਤੇ ਧਾਰਮਿਕ ਕਰਮ-ਕਾਂਡ

(ੲ) ਵਿਸ਼ਵੀ-ਪ੍ਰਸਥਿਤੀਆਂ ਵਿਚ ਗੁਰੂ ਨਾਨਕ ਵਿਚਾਰਧਾਰਾ ਦੀ ਸਾਰਥਿਕਤਾ

ਅਧਿਆਇ ਸੱਤਵਾਂ : 230-276

**ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਵਿਚ ਬਾਰਾਮਾਹ ਤੁਖਾਰੀ ਵਿਚਲੇ ਮੂਲ ਸਰੋਕਾਰਾਂ ਦੀ ਸਾਰਥਿਕਤਾ**

(ੳ) ਰੁੱਤਾਂ, ਤਿੱਥਾਂ ਅਤੇ ਮਹੀਨਿਆਂ ਬਾਰੇ ਤੱਤਕਾਲੀਨ ਬ੍ਰਾਹਮਣਵਾਦੀ ਪੱਖ

(ਅ) ਭੂਪਵਾਦੀ ਸਮਾਜ ਅਤੇ ਇਸਤਰੀ ਦਸ਼ਾ

(ੲ) ਵਿਸ਼ਵੀ-ਪ੍ਰਸਥਿਤੀਆਂ ਵਿਚ ਗੁਰੂ ਨਾਨਕ ਵਿਚਾਰਧਾਰਾ ਦੀ ਸਾਰਥਿਕਤਾ

**ਸਾਰ ਅਤੇ ਸਥਾਪਨਾਵਾਂ:** 277-281

**ਪੁਸਤਕ ਸੂਚੀ** 282-296

# ਭੂਮਿਕਾ

ਕਿਸੇ ਵੀ ਸਾਹਿਤਕ ਕਿਰਤ ਦੀ ਸਾਰਥਿਕਤਾ ਅਤੇ ਪ੍ਰਸੰਗਿਕਤਾ ਦਾ ਅਧਿਐਨ ਤੱਤਕਾਲੀਨ, ਇਤਿਹਾਸਕ, ਰਾਜਨੀਤਿਕ, ਧਾਰਮਿਕ, ਸਮਾਜਿਕ ਅਤੇ ਸਭਿਆਚਾਰਕ ਪ੍ਰਸਥਿਤੀਆਂ ਦੇ ਪ੍ਰਸੰਗ ਵਿਚ ਰੱਖ ਕੇ ਹੀ ਕੀਤਾ ਜਾ ਸਕਦਾ ਹੈ ਕਿਉਂਕਿ ਇਹ ਸਮਕਾਲੀ ਤੱਤ ਉਸ ਕਿਰਤ ਵਿਚ ਬਹੁ-ਪੱਧਰੀ ਅਤੇ ਬਹੁ-ਪਾਸਾਰੀ ਪਰਤਾਂ ਵਿਚ ਸਮੋਏ ਹੋਏ ਹੁੰਦੇ ਹਨ। ਅਜੋਕੀਆਂ ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਵਿਚ ਗੁਰੂ ਨਾਨਕ ਬਾਣੀ ਦੀ ਪੁਨਰ ਵਿਆਖਿਆ ਵੀ ਅਸੀਂ ਇਨ੍ਹਾਂ ਤੱਤਾਂ ਦੀ ਸਹਾਇਤਾ ਨਾਲ ਹੀ ਕਰ ਸਕਦੇ ਹਾਂ ਅਤੇ ਗੁਰੂ ਨਾਨਕ ਬਾਣੀ ਵਿਚ ਸਮਾਏ ਸਮੋਏ ਉਨ੍ਹਾਂ ਸਰਬਕਾਲੀ ਤੇ ਸਰਵਵਿਆਪਕ ਸੱਚ ਦੇ ਮੁਹਾਂਦਰਿਆਂ ਦੀ ਅਜੋਕੀਆਂ ਪ੍ਰਸਥਿਤੀਆਂ ਵਿਚ ਪ੍ਰਸੰਗਿਕਤਾ ਦੀ ਤਲਾਸ਼ ਕਰ ਸਕਦੇ ਹਾਂ।

ਗੁਰਬਾਣੀ ਮੂਲ ਰੂਪ ਵਿਚ ਕਾਵਿਕ ਪ੍ਰਵਚਨ ਦੀਆਂ ਸੰਰਚਨਾਤਮਕ ਜੁਗਤਾਂ ਰਾਹੀਂ ਸਿਰਜੀ ਗਈ ਹੈ। ਇਸ ਦਾ ਥੀਮਿਕ ਸੰਗਠਨ ਅਧਿਆਤਮਿਕ ਚਿੰਤਨ ਰਾਹੀਂ ਧਾਰਮਿਕ ਚੇਤਨਾ ਨੂੰ ਮੂਰਤੀਮਾਨ ਕਰਨ ਦੇ ਨਾਲ-ਨਾਲ ਮਨੁੱਖੀ ਸਦਾਚਾਰਕ ਜੀਵਨ-ਜਾਚ ਦੇ ਯਥਾਰਥ ਨੂੰ ਪਰਮਾਰਥ ਦੇ ਮਾਧਿਅਮ ਰਾਹੀਂ ਪਰਿਭਾਸ਼ਿਤ ਕਰਦਾ ਹੈ, ਜਿਸ ਦੇ ਰਚਨਾ-ਸੰਸਾਰ ਵਿਚ ਵਿਸ਼ਵ ਦ੍ਰਿਸ਼ਟੀਕੋਣ ਦੀ ਰੂਪ-ਰੇਖਾ ਉੱਘੜ ਕੇ ਸਾਹਮਣੇ ਆਉਂਦੀ ਹੈ।

ਗੁਰੂ ਨਾਨਕ ਆਗਮਨ ਵੇਲੇ ਭਾਰਤੀ ਸਮਾਜ ਵਿਦੇਸ਼ੀ ਹਕੂਮਤ ਦੇ ਦਬਦਬੇ ਅਧੀਨ ਵਿਚਰ ਰਿਹਾ ਸੀ। ਇਥੋਂ ਦੀ ਰਾਜਨੀਤਿਕ, ਧਾਰਮਿਕ, ਸਮਾਜਿਕ ਅਤੇ ਸਭਿਆਚਾਰਕ ਦਸ਼ਾ ਵਿਚ ਬਹੁਤ ਹੀ ਨਿਘਾਰਜਨਕ ਪ੍ਰਸਥਿਤੀਆਂ ਪਨਪ ਰਹੀਆਂ ਸਨ। ਗੁਰੂ ਸਾਹਿਬ ਨੇ ਇਨ੍ਹਾਂ ਨਿਘਾਰਜਨਕ ਪ੍ਰਸਥਿਤੀਆਂ ਨੂੰ ਬਹੁਤ ਹੀ ਡੂੰਘੀ ਨੀਝ ਨਾਲ ਘੋਖਿਆ ਅਤੇ ਇਨ੍ਹਾਂ ਸਰੋਕਾਰਾਂ ਪ੍ਰਤਿ ਮਾਨਵਵਾਦੀ ਵਿਚਾਰਧਾਰਾ ਨੂੰ ਸਰਬੱਤ ਦੇ ਭਲੇ ਲਈ ਪ੍ਰਚਾਰਿਆ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਮਹਾਨ ਅਤੇ ਅਮੁੱਲੇ ਮਹੱਤਵ ਨੂੰ ਧਿਆਨ ਵਿਚ ਰੱਖਦਿਆਂ ਮੈਂ ਇਸ ਬਾਣੀ ਵਿਚਲੇ ਸਰੋਕਾਰਾਂ ਨੂੰ ਅਜੋਕੀਆਂ ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਦੇ ਪ੍ਰਸੰਗ ਵਿਚ ਰੱਖ ਕੇ ਇਸ ਨੂੰ ਆਪਣੇ ਅਧਿਐਨ ਖੇਤਰ ਲਈ ਚੁਣਿਆ ਹੈ।

ਗੁਰੂ ਨਾਨਕ ਨੇ ਬਹੁ-ਪੱਖੀ ਵਿਸ਼ਿਆਂ ਨੂੰ ਬਹੁਤ ਹੀ ਸਰਲ ਭਾਸ਼ਾ ਤੇ ਸੰਜਮੀ ਬਿਰਤਾਂਤ ਰਾਹੀਂ ਪ੍ਰਸਤੁਤ ਕੀਤਾ ਹੈ। ਇਨ੍ਹਾਂ ਬਹੁ-ਪੱਖੀ ਵਿਸ਼ਿਆਂ ਦਾ ਸੰਬੰਧ ਸਮਾਜਿਕ ਸਰੋਕਾਰਾਂ ਨਾਲ ਰੱਖਦਿਆਂ ਹੋਇਆਂ ਹਰ ਮਨੁੱਖੀ ਪਹਿਲੂ ਨੂੰ ਇਸ ਨੇ ਆਪਣੇ ਕਲੇਵਰ ਵਿਚ ਸਮੋਇਆ ਹੋਇਆ ਹੈ। ਮੱਧ-ਕਾਲੀ ਪੰਜਾਬੀ ਸਾਹਿਤ ਖੇਤਰ ਵਿਚੋਂ ਗੁਰਬਾਣੀ ਕਾਵਿ ਸਾਹਿਤ ਪੜ੍ਹਦਿਆਂ ਮੇਰੀ ਉਤਸੁਕਤਾ ਗੁਰੂ ਨਾਨਕ ਬਾਣੀ ਵਿਚਲੇ ਅਲਪ ਬਿਰਤਾਂਤਾਂ ਦੇ ਅਧਿਐਨ ਵੱਲ ਹੋਈ ਅਤੇ ਮੈਨੂੰ ਆਸ ਹੈ ਕਿ ਪੰਜਾਬੀ ਸਾਹਿਤ ਦੇ ਖੋਜਾਰਥੀਆਂ ਲਈ ਇਹ ਪ੍ਰੇਰਨਾਮਈ ਸਰੋਤ ਵਜੋਂ ਸਾਰਥਿਕ ਭੂਮਿਕਾ ਨਿਭਾਉਣ ਦੇ ਸਮਰੱਥ ਹੋ ਸਕਦੀ ਹੈ। ਇਸ ਵਿਸ਼ੇ ਦਾ ਅਧਿਐਨ ਕਰਨ ਲਈ ਮੈਂ ਆਪਣੇ ਇਸ ਸ਼ੋਧ-ਪ੍ਰਬੰਧ ਨੂੰ ਗੁਰੂ ਨਾਨਕ ਦੀਆਂ ਪ੍ਰਮੁੱਖ ਬਾਣੀਆਂ ਅਨੁਸਾਰ ਸੱਤ ਅਧਿਆਇਆਂ ਵਿਚ ਵੰਡ ਕੇ ਗੁਰੂ ਨਾਨਕ ਬਾਣੀ ਦੇ ਯਥਾਰਥੀ ਪ੍ਰਸੰਗਾਂ ਨੂੰ ਅਜੋਕੀਆਂ ਪ੍ਰਸਥਿਤੀਆਂ ਵਿਚ ਸਮਝਣ ਤੇ ਦ੍ਰਿਸ਼ਟੀਗੋਚਰ ਕਰਨ ਦਾ ਉਪਰਾਲਾ ਕੀਤਾ ਹੈ।

ਅਧਿਆਇ ਪਹਿਲਾ ਵਿਚ ਗੁਰੂ ਨਾਨਕ ਬਾਣੀ ਦੇ ਸਿਧਾਂਤਕ ਅਧਾਰਾਂ ਦੀ ਤਲਾਸ਼ ਕਰਨ ਦੇ ਮਕਸਦ ਨਾਲ ਵਿਸ਼ਵੀਕਰਨ ਦੀ ਸਿਧਾਂਤਕ ਚੇਤਨਾ ਦੇ ਸਿਧਾਂਤਕ ਪਰਿਪੇਖਾਂ ਦਾ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਮਨੋਰਥ ਲਈ ਸਭ ਤੋਂ ਪਹਿਲਾਂ ਵਿਸ਼ਵੀਕਰਨ ਦੇ ਸਿਧਾਂਤ ਨਿਰੂਪਣ ਨੂੰ ਵੱਖ-ਵੱਖ ਵਿਦਵਾਨਾਂ ਦੁਆਰਾ ਦਿੱਤੀਆਂ ਪਰਿਭਾਸ਼ਾਵਾਂ ਤੇ ਇਸ ਦੀ ਹੋਂਦ-ਵਿਧੀ ਬਾਰੇ ਜਾਣਨ ਦੀ ਕੋਸ਼ਿਸ਼ ਕੀਤੀ ਹੈ। ਵਿਸ਼ਵੀਕਰਨ ਅਤੇ ਗੁਰੂ ਨਾਨਕ ਬਾਣੀ ਦੇ ਧਰਮ- ਸ਼ਾਸਤਰ ਦੀਆਂ ਲੜੀਆਂ ਨੂੰ ਇਕੱਠਿਆਂ ਕਰਕੇ ਦੋਹਾਂ ਦੇ ਪਰਸਪਰ ਸੰਬੰਧਾਂ ਬਾਰੇ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਅਧਿਆਇ ਦੂਜਾ ਵਿਚ ਗੁਰੂ ਨਾਨਕ ਬਾਣੀ ਦੇ ਮੂਲ ਸੰਦਰਭਾਂ ਅਤੇ ਸਰੋਕਾਰਾਂ; ਰੱਬ, ਸ੍ਰਿਸ਼ਟੀ, ਕੁਦਰਤ, ਜੀਵ ਆਦਿ ਨੂੰ ਦੂਜੇ ਕੁਝ ਧਰਮਾਂ ਦੇ ਵਿਚਾਰਾਂ ਨਾਲ ਤੁਲਨਾ ਕੇ ਗੁਰੂ ਨਾਨਕ

ਦੀ ਵਿਚਾਰਧਾਰਾ ਨੂੰ ਦਰਸਾਇਆ ਹੈ। ਵਿਸ਼ਵੀਕਰਨ ਦੇ ਇਸ ਦੌਰ ਵਿਚ ਆਧੁਨਿਕ ਮਨੁੱਖ ਦਾ ਮਾਨਸਿਕ ਤੇ ਅਸਤਿਤਵੀ ਵਿਗਠਨ ਕਿਉਂ ਹੋ ਰਿਹਾ ਹੈ? ਇਸ ਮੂਲ ਵਿਚਾਰ ਨੂੰ ਗੁਰੂ ਨਾਨਕ ਬਾਣੀ ਵਿਚਲੇ ਸਰੋਕਾਰਾਂ ਨਾਲ ਮੇਲ ਕੇ ਇਸ ਬਾਣੀ ਦੀ ਸਾਰਥਿਕਤਾ ਨੂੰ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

ਸ਼ੋਧ-ਪ੍ਰਬੰਧ ਦੇ ਅਧਿਆਇ ਤੀਜਾ ਵਿਚ ਗੁਰੂ ਨਾਨਕ ਦੇਵ ਜੀ ਦੀ ਪ੍ਰਮੁੱਖ ਅਧਿਆਤਮਕ ਰਚਨਾ 'ਆਸਾ ਦੀ ਵਾਰ' ਦੀ ਬਿਰਤਾਂਤਕ ਅਰਥ-ਵਿਉਂਤ ਦੇ ਵਿਭਿੰਨ ਪਹਿਲੂਆਂ; ਮਨੁੱਖ ਦੀ ਸਮਾਜਿਕ ਹੋਂਦ ਦਾ ਮਹੱਤਵ, ਮਨੁੱਖ ਅਤੇ ਮਨੁੱਖੀ ਅਧਿਕਾਰ, ਮਨੁੱਖ ਅਤੇ ਰਾਜਨੀਤਿਕ ਤਾਕਤ, ਮਨੁੱਖ ਅਤੇ ਮਾਨਵੀ ਧਰਮ ਆਦਿ ਮੂਲ ਸਰੋਕਾਰਾਂ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ ਅਤੇ ਇਨ੍ਹਾਂ ਸਰੋਕਾਰਾਂ ਨੂੰ ਅਜੋਕੀਆਂ ਵਿਸ਼ਵੀ-ਪ੍ਰਸਥਿਤੀਆਂ ਦੇ ਪ੍ਰਸੰਗ ਵਿਚ ਵੀ ਵਿਚਾਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਅਧਿਆਇ ਚੌਥਾ ਵਿਚ ਗੁਰੂ ਨਾਨਕ ਦੇਵ ਜੀ ਦੀ ਸ਼ਾਹਕਾਰ ਰਚਨਾ 'ਜਪੁਜੀ' ਵਿਚਲੇ ਮੂਲ ਸਰੋਕਾਰਾਂ ਦੀ ਸਾਰਥਿਕਤਾ ਨੂੰ ਵਿਚਾਰਿਆ ਗਿਆ ਹੈ। ਵਿਸ਼ਵੀਕਰਨ ਦੇ ਪਰਿਪੇਖ ਵਿਚ ਗੁਰੂ ਨਾਨਕ ਦੇਵ ਜੀ ਦੇ ਦਾਰਸ਼ਨਿਕ ਵਿਚਾਰ ਜੋ ਵਿਗਿਆਨ ਦੀ ਕਸਵੱਟੀ ਤੇ ਪੂਰੇ ਉੱਤਰਦੇ ਹਨ, ਨੂੰ ਤੱਤਕਾਲੀਨ ਪ੍ਰਸਥਿਤੀਆਂ ਅਤੇ ਅਜੋਕਾ ਸੰਦਰਭ, ਸਚਿਆਰਾ ਮਨੁੱਖ ਦੀ ਵਿਸ਼ਵੀ ਪ੍ਰਸੰਗ ਵਿਚ ਮਹੱਤਤਾ, ਦੁਨਿਆਵੀ ਹੁਕਮ ਅਤੇ ਰੱਬੀ ਹੁਕਮ, ਰੱਬੀ ਹੁਕਮ ਅਤੇ ਜੀਵ, ਅਧਿਆਤਮਕ ਅਤੇ ਆਤਮਿਕ ਪੜਾਅ ਅਤੇ ਅਜੋਕੀਆਂ ਪ੍ਰਸਥਿਤੀਆਂ ਵਿਚ ਉਹਨਾਂ ਦੀ ਵਿਚਾਰਧਾਰਾ ਦੀ ਸਾਰਥਿਕਤਾ ਦਾ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਸ਼ੋਧ-ਪ੍ਰਬੰਧ ਦੇ ਪੰਜਵੇਂ ਅਧਿਆਇ ਵਿਚ ਗੁਰੂ ਨਾਨਕ ਬਾਣੀ 'ਸਿਧ ਗੋਸਟਿ' ਵਿਚਲੇ ਮੂਲ ਸਰੋਕਾਰਾਂ; ਤੱਤਕਾਲੀਨ ਨਾਥ ਜੋਗੀ ਤੇ ਜੋਗ ਮੱਤ ਅਤੇ ਗੁਰੂ ਨਾਨਕ ਚਿੰਤਨ, ਅਜੋਕੀਆਂ ਪ੍ਰਸਥਿਤੀਆਂ ਵਿਚ ਗੁਰੂ ਨਾਨਕ ਵਿਚਾਰਧਾਰਾ ਦੀ ਸਾਰਥਿਕਤਾ ਨੂੰ ਵਿਚਾਰਿਆ ਗਿਆ ਹੈ। ਸਿਧਾਂ/ਨਾਥਾਂ ਦੁਆਰਾ ਪੁੱਛੇ ਗਏ ਬੁਨਿਆਦੀ ਤੇ ਆਦਿ-ਜੁਗਾਦੀ ਦਾਰਸ਼ਨਿਕ ਪ੍ਰਸ਼ਨਾਂ ਦੇ ਉੱਤਰਾਂ ਨੂੰ ਗੁਰੂ ਨਾਨਕ ਦੀ ਵਿਚਾਰਧਾਰਾ ਦੁਆਰਾ ਦਿੱਤੇ ਗਏ ਹੁੰਗਾਰੇ ਦਾ ਅਧਿਐਨ ਪੇਸ਼ ਕੀਤਾ

ਗਿਆ ਹੈ। ਇਨ੍ਹਾਂ ਉੱਤਰਾਂ ਵਿਚਲੀ ਦਾਰਸ਼ਨਿਕਤਾ ਨੂੰ ਸਥਾਪਿਤ ਕਰਕੇ ਚੇਤਨਤਾ ਦੇ ਬਿਰਤਾਂਤ ਨੂੰ ਵਿਸ਼ਵੀ ਪ੍ਰਸਥਿਤੀਆਂ ਦੇ ਪਰਿਪੇਖ ਵਿਚ ਵਿਚਾਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਅਧਿਆਇ ਛੇਵਾਂ ਵਿਚ ਗੁਰੂ ਨਾਨਕ ਬਾਣੀ-ਰਚਨਾ 'ਦਖਣੀ ਓਅੰਕਾਰੁ' ਵਿਚਲੇ ਪ੍ਰਮੁੱਖ ਸਰੋਕਾਰਾਂ ਦੀ ਸਾਰਥਿਕਤਾ ਨੂੰ ਵਿਚਾਰਿਆ ਗਿਆ ਹੈ। ਇਸ ਬਾਣੀ ਵਿਚ ਅਨੇਕਾਂ ਅੰਤਰ-ਦ੍ਰਿਸ਼ਟੀਆਂ ਜੋ ਅਜੋਕੇ ਵਿਸ਼ਵੀ ਸਮਾਜ-ਸਭਿਆਚਾਰ ਵਿਚ ਅਤਿਅੰਤ ਪ੍ਰਸੰਗਿਕ ਹਨ ਉਨ੍ਹਾਂ ਦੀ ਸਾਰਥਿਕਤਾ ਨੂੰ ਆਧੁਨਿਕ ਦ੍ਰਿਸ਼ਟੀ ਤੋਂ ਅਧਿਐਨ ਕਰਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਸ਼ੋਧ-ਪ੍ਰਬੰਧ ਦੇ ਆਖ਼ਰੀ ਸੱਤਵੇਂ ਅਧਿਆਇ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਬਾਰਮਾਹ ਤੁਖਾਰੀ' ਨੂੰ ਕੁਦਰਤ ਦੇ ਥੀਮ ਪ੍ਰਕ੍ਰਿਤੀ ਚਿਤਰਣ ਦੀਆਂ ਪ੍ਰਸਥਿਤੀਆਂ ਵਿਚ ਰੱਖ ਕੇ ਵਿਚਾਰਿਆ ਗਿਆ ਹੈ। ਕੁਦਰਤੀ ਪ੍ਰਸਥਿਤੀਆਂ ਅਨੁਸਾਰ ਗੁਰੂ ਨਾਨਕ ਦੇਵ ਜੀ ਦੀ ਨਵੀਂ ਸੋਚ ਜਾਂ ਨਵੀਂ ਸਟਰੈਟਿਜੀ ਨੂੰ ਪੇਸ਼ ਕੀਤਾ ਗਿਆ ਹੈ। ਮੱਧਕਾਲੀ ਬ੍ਰਾਹਮਣਵਾਦੀ ਪਰੰਪਰਾਵਾਂ ਜੋ ਆਮ ਜਨਤਾ ਦੀ ਲੁੱਟ-ਖਸੁੱਟ ਵੱਲ ਰੁਚਿਤ ਸਨ, ਨੂੰ ਗੁਰੂ ਨਾਨਕ ਦੇਵ ਜੀ ਦੁਆਰਾ ਸ਼ਾਂਤਮਈ ਤੇ ਵਿਦਰੋਹੀ ਤਰਕ ਅਧਾਰਿਤ ਰੂਪਕਾਂ ਰਾਹੀਂ ਰੁੱਤਾਂ, ਤਿੱਥਾਂ ਅਤੇ ਮਹੀਨਿਆਂ ਬਾਰੇ ਤੱਤਕਾਲੀਨ ਬ੍ਰਾਹਮਣਵਾਦੀ ਪੱਖ, ਭੂਪਵਾਦੀ ਸਮਾਜ ਅਤੇ ਇਸਤਰੀ ਦਸ਼ਾ, ਵਿਸ਼ਵੀ-ਪ੍ਰਸਥਿਤੀਆਂ ਵਿਚ ਗੁਰੂ ਨਾਨਕ ਵਿਚਾਰਧਾਰਾ ਦੀ ਸਾਰਥਿਕਤਾ ਅਤੇ ਉਸਦਾ ਅਧਿਐਨ ਵਿਸ਼ਵ ਦ੍ਰਿਸ਼ਟੀ ਤੋਂ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਇਸ ਸ਼ੋਧ-ਪ੍ਰਬੰਧ ਵਿਚ ਕੁਝ ਨਵੀਂ ਸੰਕਲਪਵਾਦੀ ਸ਼ਬਦਾਵਲੀ ਦੀ ਸਿਰਜਣਾ ਲਈ ਨਵੇਂ ਸਮਾਸਾਂ ਨੂੰ ਵੀ ਸਿਰਜਿਆ ਗਿਆ ਹੈ। ਸ਼ਬਦ-ਜੋੜਾਂ ਦੀ ਪਰਮਾਣਿਕਤਾ ਅਤੇ ਇਕਸਾਰਤਾ ਬਾਰੇ ਭਾਵੇਂ ਪੂਰਨ ਸੁਚੇਤ ਰਹਿਣ ਦੀ ਸਾਵਧਾਨੀ ਵਰਤੀ ਗਈ ਹੈ ਪਰੰਤੂ ਫਿਰ ਵੀ ਇਸ ਤੋਂ ਤਰੁੱਟੀ ਮੁਕਤ ਹੋਣਾ ਮੇਰੇ ਲਈ ਸੰਭਵ ਨਹੀਂ ਹੈ। ਸ਼ੋਧ-ਪ੍ਰਬੰਧ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ ਕਈ ਥਾਵਾਂ ਤੇ ਬਾਣੀ-ਤੁਕਾਂ ਦਾ ਦੁਹਰਾਉ ਹੋਇਆ ਹੈ ਪਰੰਤੂ ਇਹ ਦੁਹਰਾਉ

ਵਿਭਿੰਨ ਪ੍ਰਸੰਗਾਂ ਅਤੇ ਭਾਵਾਂ ਦੇ ਪੱਧਰ ਤੇ ਹੋਇਆ ਹੈ। ਇਸ ਲਈ ਇਸ ਨੂੰ ਦੁਹਰਾਉ ਨਾ ਸਮਝਿਆ ਜਾਵੇ।

ਅੰਤ ਵਿਚ ਸ਼ੋਧ-ਪ੍ਰਬੰਧ ਬਾਰੇ ਨਿਸ਼ਕਰਸ਼ ਲਿਖ ਕੇ ਆਪਣੇ ਖੋਜ-ਕਾਰਜ ਦੇ ਮੂਲ ਸਾਰ ਅਤੇ ਸਥਾਪਨਾਵਾਂ ਨੂੰ ਪੇਸ਼ ਕੀਤਾ ਹੈ। ਇਹ ਸਥਾਪਨਾਵਾਂ ਗੁਰੂ ਨਾਨਕ ਬਾਣੀ ਅਤੇ ਇਸ ਵਿਚਲੇ ਪਵਿੱਤਰ ਪ੍ਰਵਚਨਾਂ ਤੇ ਅਧਾਰਿਤ ਹਨ। ਇਨ੍ਹਾਂ ਸਥਾਪਨਾਵਾਂ ਨੂੰ ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਨਾਲ ਜੋੜ ਕੇ ਉਨ੍ਹਾਂ ਦੀ ਸਾਰਥਿਕਤਾ ਨੂੰ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਅਖ਼ੀਰ ਵਿਚ ਉਨ੍ਹਾਂ ਸਹਾਇਕ ਪੁਸਤਕਾਂ ਅਤੇ ਉਨ੍ਹਾਂ ਦੇ ਲੇਖਕਾਂ ਦੀ ਸੂਚੀ ਦਰਜ਼ ਕੀਤੀ ਗਈ ਹੈ ਜਿਹੜੀ ਕਿਸੇ ਨਾ ਕਿਸੇ ਰੂਪ ਵਿਚ ਸ਼ੋਧ-ਪ੍ਰਬੰਧ ਨੂੰ ਨੇਪਰੇ ਚਾੜ੍ਹਨ ਵਿਚ ਸਹਾਈ ਹੋਈ ਹੈ।

ਇਸ ਖੋਜ-ਕਾਰਜ ਵਿਚ ਪ੍ਰਵੇਸ਼ ਕਰਨ, ਵਿਸ਼ੇ ਦੀ ਚੋਣ ਲਈ ਮੈਂ ਆਪਣੇ ਸਤਿਕਾਰਯੋਗ ਨਿਗਰਾਨ ਮੱਧਕਾਲੀਨ ਸਾਹਿਤ ਦੇ ਮਾਹਿਰ ਡਾ. ਮਲਕੀਤ ਸਿੰਘ ਬਾਜਵਾ ਦੀ ਦਿਲੋਂ ਆਭਾਰੀ ਹਾਂ ਜਿਹਨਾਂ ਨੇ ਮੈਨੂੰ ਇਸ ਵਿਸ਼ੇ ਵੱਲ ਪ੍ਰੇਰਿਆ ਅਤੇ ਆਪਣੀ ਸੁਯੋਗ ਅਗਵਾਈ ਦੁਆਰਾ ਮੇਰੇ ਇਸ ਅਧਿਐਨ ਦੀ ਬੁਨਿਆਦੀ ਸਮੱਸਿਆ ਤੋਂ ਲੈ ਕੇ ਸ਼ੋਧ-ਪ੍ਰਬੰਧ ਦੇ ਅੰਤਿਮ ਪੱਧਰ ਤੱਕ ਰੁਝੇਵਿਆਂ ਭਰੀ ਜ਼ਿੰਦਗੀ ਵਿਚੋਂ ਵਿਸ਼ੇਸ਼ ਸਮਾਂ ਦਿੱਤਾ। ਡਾ. ਸਾਹਿਬ ਦੀ ਤਾਰਕਿਕ ਦ੍ਰਿਸ਼ਟੀ, ਬੌਧਿਕ ਤੇ ਵਿਗਿਆਨਕ ਪਹੁੰਚ ਅਤੇ ਸੁਹਿਰਦਤਾ ਕਾਰਨ ਮੇਰਾ ਇਹ ਖੋਜ-ਕਾਰਜ ਸੰਪੰਨ ਹੋ ਸਕਿਆ ਹੈ, ਉਹਨਾਂ ਵੱਲੋਂ ਮਿਲੇ ਉਤਸ਼ਾਹ ਸਦਕਾ ਮੈਂ ਉਹਨਾਂ ਦਾ ਤਹਿ-ਦਿਲੋਂ ਧੰਨਵਾਦ ਕਰਦੀ ਹਾਂ।

ਇਸ ਦੇ ਨਾਲ ਹੀ ਮੈਂ ਕੁਝ ਹੋਰ ਵਿਦਵਾਨਾਂ ਦਾ ਜਿਹਨਾਂ ਵਿਚੋਂ ਵਿਸ਼ੇਸ਼ ਕਰਕੇ ਡਾ. ਸੁਖਦੇਵ ਸਿੰਘ ਮੌਜੂਦਾ ਪ੍ਰੋਫੈਸਰ ਤੇ ਚੇਅਰਮੈਨ, ਪੰਜਾਬੀ ਅਧਿਐਨ ਸਕੂਲ, ਡਾ. ਗੁਰਪਾਲ ਸਿੰਘ ਸੰਧੂ, ਈਵਨਿੰਗ ਸਟੱਡੀਜ਼, ਪੰਜਾਬ ਯੂਨੀਵਰਸਿਟੀ,ਚੰਡੀਗੜ੍ਹ ਅਤੇ ਡਾ. ਸਰਵਣ ਸਿੰਘ ਮਾਨ ਦੀ ਵੀ ਵਿਸ਼ੇਸ਼ ਤੌਰ ਤੇ ਅਹਿਸਾਨਮੰਦ ਹਾਂ ਜਿਹਨਾਂ ਨੇ ਸਮੇਂ-ਸਮੇਂ ਇਸ ਖੋਜ-ਕਾਰਜ ਵਿਚ ਸਹਾਇਤਾ ਕੀਤੀ ਅਤੇ ਆਪਣੇ ਵਡਮੁੱਲੇ ਸੁਝਾਵਾਂ ਰਾਹੀਂ ਉਤਸ਼ਾਹਿਤ ਕਰਕੇ ਮੈਨੂੰ ਸੇਧ ਦਿੰਦੇ ਰਹੇ ਹਨ।

ਮੈਂ ਏ. ਸੀ.ਜੋਸ਼ੀ ਲਾਇਬਰੇਰੀ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਰੈਫਰੈਂਸ ਲਾਇਬਰੇਰੀ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਜਾਬ ਯੂਨੀਵਰਸਿਟੀ ਐਕਸਟੈਨਸ਼ਨ ਲਾਇਬਰੇਰੀ, ਲੁਧਿਆਣਾ ਤੇ ਰੈਫਰੈਂਸ ਲਾਇਬਰੇਰੀ ਪੰਜਾਬੀ ਸਾਹਿਤ ਅਕਾਦਮੀ, ਪੰਜਾਬੀ ਭਵਨ, ਲੁਧਿਆਣਾ ਦੀ ਬਹੁਤ ਰਿਣੀ ਹਾਂ, ਜਿੱਥੋਂ ਮੈਂ ਲੋੜੀਂਦੀ ਸਮੱਗਰੀ ਪ੍ਰਾਪਤ ਕੀਤੀ।

ਉਹਨਾਂ ਸਾਰੇ ਵਿਦਵਾਨਾਂ, ਚਿੰਤਕਾਂ, ਲੇਖਕਾਂ ਅਤੇ ਆਲੋਚਕਾਂ ਦੀ ਵੀ ਧੰਨਵਾਦੀ ਹਾਂ ਜਿਹਨਾਂ ਦੀਆਂ ਪੁਸਤਕਾਂ,ਖੋਜ-ਨਿਬੰਧਾਂ ਅਤੇ ਹੋਰ ਸਹਾਇਕ ਸਮੱਗਰੀ ਨੂੰ ਆਪਣੇ ਅਧਿਐਨ ਕਾਰਜ ਹਿਤ ਹਵਾਲਾ ਸਮੱਗਰੀ ਵਜੋਂ ਵਰਤਿਆ ਅਤੇ ਵਿਚਾਰਿਆ ਹੈ।

ਮੈਂ ਸ. ਜਗਤਾਰ ਸਿੰਘ ਦੀ ਧੰਨਵਾਦੀ ਹਾਂ ਜਿਹਨਾਂ ਨੇ ਮੇਰੇ ਇਸ ਸ਼ੋਧ-ਪ੍ਰਬੰਧ ਨੂੰ ਸ਼ੁੱਧ ਰੂਪ ਪ੍ਰਦਾਨ ਕਰਨ ਲਈ ਸਖ਼ਤ ਮਿਹਨਤ ਕੀਤੀ ਅਤੇ ਆਧੁਨਿਕ ਤਕਨੀਕ ਦੁਆਰਾ ਆਪਣੀ ਕਲਾਤਮਿਕ ਪ੍ਰਤਿਭਾ ਦਾ ਪ੍ਰਦਰਸ਼ਨ ਕਰਦਿਆਂ ਸੁੰਦਰ ਤੇ ਕਲਾਤਮਕ ਰੂਪ ਦਿੱਤਾ ਹੈ।

ਉਪਰੋਕਤ ਸ਼ਖ਼ਸ਼ੀਅਤਾਂ ਦੇ ਸਹਿਯੋਗ ਤੋਂ ਬਿਨਾਂ ਮੈਨੂੰ ਜੋ ਸਹਿਯੋਗ ਆਪਣੇ ਪਰਿਵਾਰ ਤੋਂ ਮਿਲਿਆ ਹੈ, ਉਸ ਤੋਂ ਬਿਨਾਂ ਇਸ ਖੋਜ-ਕਾਰਜ ਦੀ ਸੰਪੂਰਨਤਾ ਦੀ ਕਾਮਨਾ ਵੀ ਸ਼ਾਇਦ ਮੇਰੇ ਲਈ ਅਸੰਭਵ ਸੀ। ਆਪਣੇ ਪਰਿਵਾਰ ਦਾ ਧੰਨਵਾਦ ਕਰਨਾ ਮੈਂ ਆਪਣਾ ਇਖ਼ਲਾਕੀ ਫਰਜ ਸਮਝਦੀ ਹਾਂ। ਮੈ ਆਪਣੀ ਸਤਿਕਾਰਯੋਗ ਮਾਤਾ ਕੁਲਵੰਤ ਕੌਰ ਅਤੇ ਆਪਣੇ ਪਤੀ ਸ. ਅਮਰਿੰਦਰਜੀਤ ਸਿੰਘ ਸੰਧੂ ਦਾ ਵਿਸ਼ੇਸ਼ ਧੰਨਵਾਦ ਕਰਦੀ ਹਾਂ ਜਿਹਨਾਂ ਨੇ ਮੈਨੂੰ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਛੋਟ ਦੇ ਕੇ ਇਸ ਖੋਜ-ਕਾਰਜ ਨੂੰ ਮੁਕੰਮਲ ਕਰਨ ਦਾ ਸਮਾਂ ਦਿੱਤਾ। ਅਖ਼ੀਰ ਵਿਚ ਮੈਂ ਆਪਣੇ ਬੇਟੇ ਗੋਬਿੰਦ ਦੇ ਸਬਰ ਤੇ ਹੌਸਲੇ ਦੀ ਦਾਦ ਦਿੰਦੀ ਹਾਂ ਜਿਸ ਤੋਂ ਮਾਂ-ਪਿਆਰ ਦਾ ਬਹੁਤਾ ਸਮਾਂ ਖੋਹ ਕੇ ਮੈਂ ਇਸ ਖੋਜ-ਕਾਰਜ ਦੇ ਲੇਖੇ ਲਾਇਆ ਅਤੇ ਜਿਸ ਨੇ ਮੇਰੀ ਮਸ਼ਰੂਫ਼ੀਅਤ ਉੱਤੋਂ ਆਪਣੀ ਮਾਸੂਮੀਅਤ ਵਾਰ ਰੱਖੀ।

ਮਿਤੀ: 18.04.12

(ਪਰਮਜੀਤ ਕੌਰ)

ਅਧਿਆਇ ਪਹਿਲਾ

# ਵਿਸ਼ਵੀਕਰਨ ਅਤੇ ਗੁਰੂ ਨਾਨਕ ਬਾਣੀ

ਅਧਿਆਇ ਪਹਿਲਾ

# ਵਿਸ਼ਵੀਕਰਨ ਅਤੇ ਗੁਰੂ ਨਾਨਕ ਬਾਣੀ

## (ੳ) ਵਿਸ਼ਵੀਕਰਨ – ਸਿਧਾਂਤਕ ਪਰਿਪੇਖ

ਵਿਸ਼ਵੀਕਰਨ ਦਾ ਸੰਕਲਪ ਕੋਈ ਨਵਾਂ ਸੰਕਲਪ ਨਹੀਂ ਹੈ ਸਗੋਂ ਸਦੀਆਂ ਤੋਂ ਮਨੁੱਖ ਅਤੇ ਬਾਅਦ ਵਿਚ ਕਾਰਪੋਰੇਸ਼ਨਾ ਦੂਰ-ਦੁਰਾਡੇ ਦੇ ਟਾਪੂਆਂ ਜਾਂ ਦੇਸ਼ਾਂ ਤੋਂ ਵਸਤੂਆਂ ਦਾ ਵੇਚ-ਵਟਾਂਦਰਾ ਕਰਦੇ ਰਹੇ ਹਨ। ਗੁਰੂ ਨਾਨਕ ਦੇਵ ਜੀ ਦੀਆਂ ਯਾਤਰਾਵਾਂ ਨੂੰ ਵੀ ਅਸੀਂ ਇਸ ਪ੍ਰਸੰਗ ਵਿਚ ਵੇਖ ਸਕਦੇ ਹਾਂ। ਗੁਰੂ ਨਾਨਕ ਦੇਵ ਜੀ ਨੇ ਆਪਣੀ ਵਿਚਾਰਧਾਰਾ ਨੂੰ ਦੂਰ-ਦੁਰਾਡੇ ਦੇ ਲੋਕਾਂ ਤੱਕ ਪਹੁੰਚਾਉਣ ਲਈ ਦੇਸ਼ ਦੀਆਂ ਸਰਹੱਦਾਂ ਨੂੰ ਪਾਰ ਕੀਤਾ। ਉਹਨਾਂ ਨੇ ਚਾਰੇ ਦਿਸ਼ਾਵਾਂ ਵੱਲ ਆਪਣੀ ਵਿਚਾਰਧਾਰਾ ਦਾ ਸੰਸਾਰੀਕਰਨ ਕਰਨ ਲਈ ਯਾਤਰਾਵਾਂ ਕੀਤੀਆਂ। ਉਹ ਇਸ ਉਦੇਸ਼ ਲਈ ਅਫ਼ਗਾਨਿਸਤਾਨ, ਮੱਕਾ-ਮਦੀਨਾ, ਬਗ਼ਦਾਦ (ਇਰਾਕ), ਕਜ਼ਾਕਿਸਤਾਨ, ਤਿੱਬਤ, ਸੰਗਲਾਦੀਪ (ਲੰਕਾ) ਆਦਿ ਦੇਸ਼ਾਂ ਵੱਲ ਗਏ।[1]

ਮੱਧ-ਕਾਲ ਵਿਚ ਅਜੋਕੇ ਵਿਸ਼ਵੀਕਰਨ ਵਾਂਗ ਵਿਉਪਾਰੀ, ਵਸਤੂਆਂ ਦੇ ਵੇਚ-ਵਟਾਂਦਰੇ ਦੀ ਵਰਤੋਂ ਕਰਦੇ ਸਨ। ਅਜਿਹਾ ਵਿਉਪਾਰ 'ਸਿਲਕੀ-ਵੇਅ' (Silky Way) ਦੇ ਨਾਮ ਨਾਲ ਜਾਣਿਆ ਜਾਂਦਾ ਸੀ, ਜਿਹੜਾ ਏਸ਼ੀਆ ਤੋਂ ਪਾਰ ਚੀਨ ਅਤੇ ਯੂਰਪ ਨੂੰ ਜੋੜਦਾ ਸੀ ਉਸ ਰਸਤੇ ਰਾਹੀਂ ਹੁੰਦਾ ਰਿਹਾ ਹੈ। ਵਾਸਤਵ ਵਿਚ ਅਜੋਕੇ ਵਿਸ਼ਵੀਕਰਨ ਦੀਆਂ ਬਹੁਤ ਸਾਰੀਆਂ ਤੰਦਾਂ ਉਹੀ ਹਨ ਜੋ ਉਪਰੋਕਤ ਕਿਸਮ ਦੇ ਦੱਸੇ ਹੋਏ ਵਿਉਪਾਰ ਨਾਲ ਮਿਲਦੀਆਂ ਹਨ।

ਵਿਸ਼ਵੀਕਰਨ ਦੇ ਸੰਕਲਪ ਨੂੰ ਜੌਰਜ ਮੌਡੈਲਸਕੀ (George Modelski) ਇਨ੍ਹਾਂ ਸ਼ਬਦਾਂ ਵਿਚ ਪਰਿਭਾਸ਼ਤ ਕਰਦਾ ਹੈ :

> ਵਿਸ਼ਵੀ ਸੰਸਥਾਈ ਬਦਲਾਵ ਦੇ ਅਜੋਕੇ ਦੌਰ ਦੀ ਪ੍ਰਕਿਰਿਆ ਨੂੰ ਇਸ ਤਰ੍ਹਾਂ ਨਿਰਧਾਰਤ ਕਰ ਸਕਦੇ ਹਾਂ ਕਿ ਵਿਸ਼ਵੀਕਰਨ ਇੱਕ

> ਅਜਿਹੀ ਪ੍ਰਕਿਰਿਆ ਹੈ। ਜਿਹੜੀ ਪਹਿਲਾਂ ਹੀ ਕਈ ਸਦੀਆਂ ਤੋਂ ਚੱਲ ਰਹੀ ਹੈ। ਇਹ ਕਹਿ ਸਕਦੇ ਹਾਂ ਕਿ ਇਸਦੇ ਦੂਜੇ ਦੌਰ ਦਾ ਹਿੱਸਾ ਹੁਣ ਖ਼ਤਮ ਹੋ ਗਿਆ ਹੈ ਅਤੇ ਇਹ ਇੱਕੀਵੀਂ ਸਦੀ ਤੋਂ ਬਾਹਰ ਭਵਿੱਖ ਵਿਚ ਦਾਖ਼ਲ ਹੋਣਾ ਸ਼ੁਰੂ ਹੋ ਗਿਆ ਹੈ।[2]

ਵਿਸ਼ਵੀਕਰਨ ਇੱਕ ਅਜਿਹੀ ਪ੍ਰਕਿਰਿਆ ਹੈ ਜਿਸ ਨਾਲ ਲੋਕਾਂ ਜਾਂ ਵੱਖੋ-ਵੱਖਰੀਆਂ ਕੌਮਾਂ ਦੀਆਂ ਸਰਕਾਰਾਂ ਵਿਚਕਾਰ ਆਪਸੀ ਗੱਲਬਾਤ ਰਾਹੀਂ ਨੇੜਤਾ ਆਵੇ। ਵਿਸ਼ਵੀਕਰਨ ਦੀ ਪ੍ਰਕਿਰਿਆ ਨੇ ਹਰ ਕਿਸਮ ਦੇ ਨਿਜ਼ਾਮ ਨੂੰ ਹਰ ਇੱਕ ਦੇਸ਼ ਨੂੰ ਅਤੇ ਹਰ ਖਿੱਤੇ ਨੂੰ ਆਪਣੇ ਪ੍ਰਭਾਵ ਖੇਤਰ ਵਿਚ ਲਿਆਂਦਾ ਹੈ। ਇਹ ਅੰਤਰ-ਰਾਸ਼ਟਰੀ ਵਿਉਪਾਰ, ਇਨਵੈਸਟਮੈਂਟ (investment) ਅਤੇ ਸੂਚਨਾ ਤਕਨਾਲੋਜੀ ਦੁਆਰਾ ਵਾਪਰੀ ਇੱਕ ਪ੍ਰਕਿਰਿਆ ਹੈ। ਅਜਿਹੀ ਪ੍ਰਕਿਰਿਆ ਦਾ ਪ੍ਰਭਾਵ ਵਾਤਾਵਰਣ, ਸਭਿਆਚਾਰ, ਰਾਜਨੀਤਿਕ ਪ੍ਰਬੰਧ, ਆਰਥਿਕ ਖੁਸ਼ਹਾਲੀ ਅਤੇ ਸਮਾਜ ਵਿਚ ਮਨੁੱਖ ਦੀ ਭੌਤਿਕ ਚੰਗਿਆਈ ’ਤੇ ਪਿਆ ਹੈ। ਆਰਥਿਕ ਖੁਸ਼ਹਾਲੀ ਤੋਂ ਭਾਵ ਵਿਸ਼ਵੀਕਰਨ ਦੇ ਪੱਧਰ ’ਤੇ ਵਿਸ਼ਵ ਦੀਆਂ ਆਰਥਿਕਤਾਵਾਂ ਦਾ ਆਪਸ ਵਿਚ ਜੁੜਨਾ ਅਤੇ ਆਪਸੀ ਨਿਰਭਰਤਾ ਦਾ ਵਧਣਾ, ਦੇਸ਼ਾਂ ਵਿਚ ਆਰਥਿਕ ਹੱਦਬੰਦੀਆਂ, ਵਸਤੂਆਂ, ਸੂਚਨਾ ਤਕਨਾਲੋਜੀ ਆਦਿ ਦੇ ਉਭਾਰ ਨੇ ਪਿਛਲੇ ਕੁੱਝ ਦਹਾਕਿਆਂ ਵਿਚ ਵਿਉਪਾਰ, ਪੂੰਜੀ ਨਿਵੇਸ਼ ਅਤੇ ਪ੍ਰਵਾਸ ਨੇ ਇਤਨੇ ਵੱਡੇ ਪੱਧਰ ਤੇ ਵਿਕਾਸ ਕੀਤਾ ਹੈ ਕਿ ਵੇਖਣ ਵਾਲੇ ਇਹ ਮਹਿਸੂਸ ਕਰਨ ਲੱਗ ਪਏ ਹਨ ਕਿ ਸੰਸਾਰ ਆਰਥਿਕ ਉੱਨਤੀ ਦੇ ਇੱਕ ਨਵੇਂ ਦੌਰ ਵਿਚ ਪ੍ਰਵੇਸ਼ ਕਰ ਗਿਆ ਹੈ। ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਦੇ ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਆਦਾਨ-ਪ੍ਰਦਾਨ ਨਾਲ ਵਿਸ਼ਵ ਚੇਤਨਤਾ ਪੈਦਾ ਹੁੰਦੀ ਹੈ। ਵਿਸ਼ਵੀਕਰਨ ਦੀ ਅਜੋਕੀ ਲਹਿਰ ਅਜਿਹੀਆਂ ਯੋਜਨਾਵਾਂ ਰਾਹੀਂ ਹੀ ਆਈ। ਜਿਸ ਨਾਲ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ’ਤੇ ਆਰਥਿਕਤਾ ਦੇ ਰਾਹ ਖੁੱਲ੍ਹੇ ਹਨ। ਬਹੁਤ ਸਾਰੇ ਦੇਸ਼ਾਂ ਨੇ ਹੁਣ ਵਿਉਪਾਰ ਬੈਰੀਅਰਾਂ (ਰੁਕਾਵਟਾਂ) ਨੂੰ ਤੋੜ ਕੇ ਵਿਉਪਾਰ, ਪੂੰਜੀ ਨਿਵੇਸ਼ ਅਤੇ ਨੌਕਰੀਆਂ ਲਈ ਨਵੇਂ ਸਮਝੌਤੇ ਕੀਤੇ ਹਨ।

ਵਿਸ਼ਵੀਕਰਨ ਵੱਲ ਵਧਣ ਦਾ ਦੂਜਾ ਯੰਤਰ ਸੂਚਨਾ ਤਕਨਾਲੋਜੀ ਹੈ ਜਿਸਦੇ ਵਾਧੇ ਨਾਲ ਆਰਥਿਕ ਜੀਵਨ ਵਿਚ ਇੱਕ ਨਾਟਕੀ ਮੋੜ ਆਇਆ ਹੈ। ਵਿਸ਼ਵੀਕਰਨ ਸਦਕਾ ਸਾਰਾ ਸੰਸਾਰ ਵੱਖ-ਵੱਖ ਦੇਸ਼ਾਂ ਦਾ ਹੋ ਕੇ ਇੱਕ ਗਲੋਬਲ ਪਿੰਡ ਬਣ ਗਿਆ ਹੈ। ਵਿਸ਼ਵੀਕਰਨ ਨਾਲ ਬਹੁਤ ਸਾਰੀਆਂ ਤੰਦਾਂ ਟੁੱਟੀਆਂ ਹਨ ਤੇ ਜ਼ਿੰਦਗੀ ਇੰਨੀ ਤੇਜ਼ ਹੋ ਗਈ ਹੈ ਕਿ ਹਰ ਮਨੁੱਖ ਬੜੀ ਕਾਹਲ ਵਿਚ ਰਹਿੰਦਾ ਹੈ। ਤਕਨਾਲੋਜੀ ਦੇ ਵਿਕਾਸ ਨਾਲ ਸੰਚਾਰ ਵਿਚ ਕ੍ਰਾਂਤੀ ਆ ਗਈ ਹੈ। ਜਿਸ ਸਦਕਾ ਮਿੰਟਾਂ ਸਕਿੰਟਾਂ ਵਿਚ ਹੀ ਦੁਨੀਆਂ ਵਿਚ ਵਾਪਰੀ ਹਰ ਘਟਨਾ ਦਾ ਪਤਾ ਲੱਗ ਜਾਂਦਾ ਹੈ। ਟੈਲੀਫ਼ੋਨ, ਫੈਕਸ ਅਤੇ ਮੋਬਾਈਲ ਨਾਲ ਸਮੇਂ ਦੀ ਬਹੁਤ ਬੱਚਤ ਹੁੰਦੀ ਹੈ। ਲੋਕਾਂ ਦੇ ਰਹਿਣ-ਸਹਿਣ, ਮਨੁੱਖੀ ਕਦਰਾਂ-ਕੀਮਤਾਂ ਵਿਚ ਅਨੰਤ ਬਦਲਾਉ ਆਏ ਹਨ। ਦੁਨੀਆਂ ਭਰ ਦੇ ਸਭਿਆਚਾਰਾਂ ਦਾ ਆਪਸ ਵਿਚ ਰਲੇਵਾਂ ਹੋ ਰਿਹਾ ਹੈ। ਹਰ ਸਥਾਨ ਤੇ ਤਾਕਤਵਰ ਸਭਿਆਚਾਰ ਭਾਰੂ ਹੋ ਰਿਹਾ ਹੈ ਅਤੇ ਘੱਟ ਗਿਣਤੀ ਜਾਂ ਕਮਜ਼ੋਰ ਵਰਗ (ਖਿੱਤੇ) ਉਸ ਨੂੰ ਹੀ ਆਪਣਾ ਸਭਿਆਚਾਰ ਤੇ ਉੱਤਮ ਮੰਨਣ ਦੀ ਮਾਨਸਿਕਤਾ ਵਿਚੋਂ ਗੁਜ਼ਰ ਰਹੇ ਹਨ।

ਅਸੀਂ ਆਪਣੇ ਅਧਿਐਨ ਖੇਤਰ ਨੂੰ ਸਪੱਸ਼ਟ ਕਰਨ ਲਈ ਵਿਸ਼ਵੀਕਰਨ ਦੇ ਸਿਧਾਂਤਕ ਪਰਿਪੇਖ ਨੂੰ ਹੋਰ ਉਜਾਗਰ ਕਰਨ ਲਈ ਵਿਸ਼ਵੀਕਰਨ ਬਾਰੇ ਸਾਹਿਤ ਵਿਗਿਆਨੀਆਂ ਦੁਆਰਾ ਦਿੱਤੀਆਂ ਪਰਿਭਾਸ਼ਾਵਾਂ ਬਾਰੇ ਵਿਚਾਰ ਕਰਨੀ ਜ਼ਰੂਰੀ ਸਮਝਦੇ ਹਾਂ ਕਿਉਂਕਿ ਵਿਸ਼ਵੀਕਰਨ ਦਾ ਵਿਚਾਰ ਬਹੁਤ ਵਾਦ-ਵਿਵਾਦੀ ਹੈ। ਫਿਰ ਵੀ ਇਹ ਵਿਚਾਰ ਪੇਸ਼ ਕੀਤੇ ਜਾਂਦੇ ਹਨ ਕਿ ਇਹ ਗ਼ਰੀਬ ਕੌਮਾਂ ਤੇ ਉਹਨਾਂ ਦੇ ਸ਼ਹਿਰੀਆਂ ਨੂੰ ਤਰੱਕੀ ਕਰਨ ਦੇ ਵਧੇਰੇ ਮੌਕੇ ਮੁਹੱਈਆ ਕਰਵਾਏਗਾ।

ਧਰਮ ਨੂੰ ਵਿਸ਼ਵੀਕਰਨ ਦੇ ਏਜੰਡੇ ’ਤੇ ਇੱਕ ਮੁੱਖ ਸਥਾਨ ਦਿੱਤਾ ਜਾਣ ਲੱਗ ਪਿਆ ਹੈ। Lester R. Kurtz ਆਪਣੀ ਪੁਸਤਕ 'God's in the Global Village' ਵਿਚ ਆਪਣੇ ਵਿਚਾਰ ਪੇਸ਼ ਕਰਦੇ ਹੋਏ ਕਹਿੰਦੇ ਹਨ :

> ਵਿਸ਼ਵੀਕਰਨ ਦੇ ਸੰਦਰਭ ਵਿਚ ਜਨ-ਜੀਵਨ ਦੀ ਧਰਮ-ਨਿਰਪੇਖਤਾ ਲਈ, ਨਿੱਜੀ ਲੋਕ ਜੀਵਨ ਵਿਚੋਂ ਧਾਰਮਿਕ

> ਰੁਚੀ ਨੂੰ ਖਾਰਜ ਕੀਤਾ ਜਾਵੇ ਤਾਂ ਜੋ ਵਿਭਿੰਨ ਧਾਰਮਿਕ ਮੱਤਾਂ ਦੇ ਲੋਕ ਇੱਕ ਸਮਾਜਿਕ ਜੀਵਨ ਨੂੰ ਅਪਣਾ ਸਕਣ।[3]

ਉਪਰੋਕਤ ਕਿਤਾਬ ਵਿਚ ਹੀ ਲੈਸਟਰ ਕਰਜ਼ ( Lester R. Kurtz) ਸਮਾਜਿਕ ਪਰਿਪੇਖ ਵਿਚ ਸੰਸਾਰ ਦੇ ਧਰਮਾਂ ਬਾਰੇ ਆਪਣਾ ਮੱਤ ਇਉਂ ਪੇਸ਼ ਕਰਦੇ ਹਨ :

> ਲੋਕਾਂ, ਜਾਤੀ ਵਰਗਾਂ ਤੇ ਕੌਮਾਂ ਵਿਚਕਾਰ ਅਕਸਰ ਧਾਰਮਿਕ ਮੱਦਾਂ ਵਿਚ ਹੀ ਮੱਤਭੇਦ ਪੈਦਾ ਕੀਤੇ ਜਾਂਦੇ ਹਨ। ਇਹ ਧਾਰਮਿਕ ਵਿਰੋਧ ਬੁਰਾਈ ਦੇ ਮੁਕਾਬਲੇ ਤੇ ਚੰਗਿਆਈ ਦੇ ਸੰਘਰਸ਼ ਵਾਲੇ ਗੁਣ ਜ਼ਿੰਦਗੀ ਨਾਲੋਂ ਵੀ ਵੱਡੇ ਬਣਾ ਦਿੱਤੇ ਜਾਂਦੇ ਹਨ।[4]

ਵਿਸ਼ਵੀਕਰਨ ਨੂੰ ਸੰਸਾਰ ਪੱਧਰ ’ਤੇ ਸਮਾਜਿਕ ਰਿਸ਼ਤਿਆਂ ਦੇ ਭਰਾਤਰੀ ਭਾਵ ਪੱਧਰ ’ਤੇ ਮਿਲਵਰਤੋਂ ਕਿਹਾ ਜਾ ਸਕਦਾ ਹੈ ਜਿਸ ਨਾਲ ਵਿਸ਼ਵ ਵਿਚ ਕਿਸੇ ਵੀ ਸਥਾਨ ਤੇ ਜਦੋਂ ਘਟਨਾ ਵਾਪਰਦੀ ਹੈ ਤਾਂ ਉਸ ਨੂੰ ਲੋਕ ਆਪਣੇ ਖਿੱਤੇ ਵਿਚ ਵਾਪਰੀ ਘਟਨਾ ਵਜੋਂ ਸਮਝਣ। ਇਸ ਪ੍ਰਕਿਰਿਆ ਨੂੰ ਅਸੀਂ ਦਵੰਧਾਤਮਕ (Dialectical) ਪ੍ਰਕਿਰਿਆ ਕਹਿ ਸਕਦੇ ਹਾਂ ਕਿਉਂਕਿ ਅਜਿਹੀਆਂ ਘਟਨਾਵਾਂ ਦਾ ਪ੍ਰਭਾਵ ਵਿਸ਼ਵੀ ਦੌਰ ਵਿਚ ਸਥਾਨਕ ਲੋਕਾਂ ’ਤੇ ਵੀ ਪੈ ਸਕਦਾ ਹੈ।

ਅਲਰਿਚ ਬੈੱਕ (Ulrich Beck) ਆਪਣੀ ਪੁਸਤਕ ‘What is Globalization’ ਵਿਚ ਆਪਣੇ ਵਿਚਾਰ ਇਸ ਤਰ੍ਹਾਂ ਅਭਿਵਿਅਕਤ ਕਰਦੇ ਹਨ :

> ਰੋਜ਼ਾਨਾ ਜੀਵਨ ਦੇ ਵਿਵਹਾਰ ਵਿਚ ਆਰਥਿਕਤਾ, ਸੂਚਨਾ, ਇਕਾਲੋਜੀ, ਤਕਨਾਲੋਜੀ, ਹੱਦੋਂ ਪਾਰ ਦੇ ਸਭਿਆਚਾਰ ਤੇ ਸਮਾਜਿਕ ਵਿਰੋਧ ਦੀਆਂ ਵਿਭਿੰਨ ਦਿਸ਼ਾਵਾਂ ਪੱਖੋਂ ਵਿਸ਼ਵ ਦੀਆਂ ਹੱਦ-ਬੰਦੀਆਂ ਬਿਲਕੁਲ ਘੱਟ ਹੋ ਜਾਣ।[5]

ਵਿਸ਼ਵੀਕਰਨ ਦੇ ਪਰਿਪੇਖ ਵਿਚ ਸਮਾਜਿਕ ਵਿਗਿਆਨੀਆਂ ਦੀ ਵਿਰੋਧਤਾ ਕਰਦੇ ਹੋਏ ਵਾਲਸਟੇਨ (Wallerstein) ਵਿਸ਼ਵ-ਪ੍ਰਬੰਧ ਦੇ ਸੰਕਲਪ ਤੋਂ ਜਾਣੂ ਕਰਵਾਉਂਦੇ ਹੋਏ ਆਪਣੇ ਵਿਚਾਰ ਪੇਸ਼ ਕਰਦੇ ਹਨ ਕਿ ਪੂੰਜੀਵਾਦਤਾ ਹੀ ਵਿਸ਼ਵੀਕਰਨ ਦਾ ਇੰਜਨ ਹੈ।[6]

ਉਪਰੋਕਤ ਪਰਿਭਾਸ਼ਾਵਾਂ ਅਤੇ ਵਿਚਾਰਾਂ ਦੇ ਅਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਅਸਲ ਵਿਚ ਵਿਸ਼ਵੀਕਰਨ ਕੁੱਝ ਪ੍ਰਮੁੱਖ ਪੂੰਜੀਵਾਦੀ ਤਾਕਤਾਂ ਦਾ ਆਪਣੇ ਉਤਪਾਦਨ ਦਾ ਵਿਸ਼ਵ-ਪੱਧਰ ਤੇ ਮੰਡੀਕਰਨ ਕਰਨਾ ਹੈ। ਇਸ ਪ੍ਰਕਿਰਿਆ ਨਾਲ ਦੇਸ਼ਾਂ ਦੀਆਂ ਹੱਦਾਂ ਦੇ ਬੈਰੀਅਰ ਘਟ ਜਾਣਗੇ ਤੇ ਲੋਕ ਸਾਰੇ ਸੰਸਾਰ ਵਿਚ ਕੰਮ ਦੀ ਤਲਾਸ਼ ਵਿਚ ਪ੍ਰਵਾਸ ਕਰ ਸਕਣਗੇ।

ਵਿਸ਼ਵੀਕਰਨ ਦੇ ਸਿੱਟੇ ਵਜੋਂ ਪੱਛਮੀ ਸਭਿਆਚਾਰ ਅਲਪ ਵਿਕਸਿਤ ਦੇਸ਼ਾਂ ਵਿਚ ਭਾਰੂ ਪੈ ਰਿਹਾ ਹੈ। ਬੜੀ ਤੇਜ਼ੀ ਨਾਲ ਇਸਦਾ ਖੇਤਰ ਵਧਦਾ ਜਾ ਰਿਹਾ ਹੈ। ਪੱਛਮੀ ਪਹਿਰਾਵਾ, ਗੀਤ, ਭੋਜਨ, ਜੀਵਨ-ਸ਼ੈਲੀ ਦਾ ਰੁਝਾਨ ਅਲਪ ਵਿਕਸਤ ਦੇਸ਼ਾਂ ਵਿਚ ਦਿਨੋ-ਦਿਨ ਫੈਲਦਾ ਜਾ ਰਿਹਾ ਹੈ। ਬਹੁ-ਰਾਸ਼ਟਰੀ ਕੰਪਨੀਆਂ ਨੂੰ ਉਦਾਰਵਾਦੀ ਨੀਤੀਆਂ ਨਾਲ ਭਾਰਤ ਵਰਗਾ ਵਿਸ਼ਾਲ ਦੇਸ਼ ਲਾਹੇਵੰਦ ਮੰਡੀ ਦੇ ਰੂਪ ਵਿਚ ਮਿਲਿਆ ਹੈ। ਇੰਨੀ ਵਿਸ਼ਾਲ ਮੰਡੀ ਨੂੰ ਕੋਈ ਵੀ ਵਿਕਸਤ ਦੇਸ਼ ਅੱਖੋਂ ਉਹਲੇ ਨਹੀਂ ਕਰਨਾ ਚਾਹੁੰਦਾ। ਪਿਛਲੇ ਦਹਾਕੇ ਵਿਚ ਸਾਡੇ ਆਮ ਮੱਧ ਵਰਗ ਵਿਚ ਖਾਣ-ਪੀਣ, ਪਹਿਨਣ ਲਈ ਵੱਡੀਆਂ-ਵੱਡੀਆਂ ਕੰਪਨੀਆਂ ਦੇ ਬ੍ਰਾਂਡ ਆਏ ਹਨ। ਇਸ ਵਰਤਾਰੇ ਬਾਰੇ ਵੱਖ-ਵੱਖ ਚਿੰਤਕਾਂ ਦੇ ਵੱਖ-ਵੱਖ ਵਿਚਾਰ ਸਾਹਮਣੇ ਆਏ ਹਨ। ਕੁੱਝ ਚਿੰਤਕਾਂ ਦਾ ਮੰਨਣਾ ਹੈ ਕਿ ਵਿਸ਼ਵੀਕਰਨ ਦੇ ਸਿੱਟੇ ਵਜੋਂ ਦੁਨੀਆਂ ਬੜੀ ਤੇਜ਼ੀ ਨਾਲ ਵਧ ਰਹੀ ਹੈ। ਹੁਣ ਤਾਂ ਇਹ ਵੀ ਸੋਚਿਆ ਜਾ ਰਿਹਾ ਹੈ ਕਿ ਵਿਸ਼ਵੀਕਰਨ ਤੋਂ ਬਾਅਦ ਅਸੀਂ ਉੱਤਰ-ਵਿਸ਼ਵੀਕਰਨ ਦੇ ਯੁੱਗ ਵਿਚ ਪਹੁੰਚ ਗਏ ਹਾਂ। ਅਜੋਕਾ ਵਿਸ਼ਵੀਕਰਨ ਕਈ ਤਰ੍ਹਾਂ ਦੇ ਸਮਾਜਿਕ ਅਤੇ ਸਭਿਆਚਾਰਕ ਵਿਕਾਸ ਦੀ ਬਦੌਲਤ ਹੀ ਸੰਭਵ ਹੋ ਸਕਿਆ ਹੈ। ਇਸ ਵਿਸ਼ਵੀਕਰਨ ਨਾਲ ਉਦਾਰੀਕਰਣ ਤੇ ਨਿੱਜੀਕਰਣ ਦੀਆਂ ਨੀਤੀਆਂ ਹੋਂਦ ਵਿਚ ਆਈਆਂ ਹਨ। ਜਿਨ੍ਹਾਂ ਨੇ ਰਾਸ਼ਟਰ-ਰਾਜਾਂ ਦੀ ਭੂਮਿਕਾ ਨੂੰ ਕੁੱਝ ਹੱਦ ਤੱਕ ਕਮਜ਼ੋਰ ਕੀਤਾ ਹੈ। ਵਿਸ਼ਵੀਕਰਨ ਦੀ ਪ੍ਰਕਿਰਿਆ ਅਧੀਨ ਇੱਕ ਨਵੀਂ ਵਿੱਤ-ਵਿਵਸਥਾ ਨੂੰ

ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਉਤਪਾਦਨ ਨੂੰ ਸਮੇਂ ਤੇ ਸਥਾਨ ਦੀ ਗਤੀ ਨਾਲ ਜੋੜਿਆ ਜਾ ਰਿਹਾ ਹੈ ਪਰੰਤੂ ਵਿਸ਼ਵੀਕਰਨ ਦੇ ਉਪਰੋਕਤ ਅਰਥਚਾਰੇ ਬਾਰੇ ਅਤੇ ਰਾਜਸੀ ਸਭਿਆਚਾਰ ਉੱਪਰ ਪੈ ਰਹੇ ਪ੍ਰਭਾਵਾਂ ਬਾਰੇ, ਪਰਸਪਰ ਵਿਰੋਧੀ ਵਿਚਾਰ ਸਾਹਮਣੇ ਆ ਰਹੇ ਹਨ। ਵਿਸ਼ਵੀਕਰਨ ਦੇ ਸਮਰੱਥਕ-ਲਿਉਤਾਰਦ, ਫਰਾਂਸਿਸ ਫਯੂਕੋਯਾਮਾ, ਸੈਸਲਿਨੀ, ਡੇਵਿਡ ਹਾਰਵੇ, ਰੋਲਾਂ ਰੌਬਰਸਟਨ ਆਦਿ ਆਪਣੇ ਲੁਭਾਉਣੇ ਸ਼ਬਦਾਂ ਵਿਚ ਇਸ ਨੂੰ 'ਮਨੁੱਖਤਾ ਦੀ ਮੁਕਤੀ ਦੇ ਮਾਰਗ' ਵਜੋਂ ਪੇਸ਼ ਕਰਦੇ ਹਨ।[7] ਉਹਨਾਂ ਅਨੁਸਾਰ ਵਿਸ਼ਵੀਕਰਨ ਅਜਿਹੀ ਹਾਂ-ਪੱਖੀ ਅਰਥ-ਵਿਵਸਥਾ ਨੂੰ ਪੈਦਾ ਕਰੇਗਾ ਜਿਸ ਵਿਚ ਤੀਜੇ ਸੰਸਾਰ ਦੇ ਪਛੜੇ ਅਤੇ ਵਿਕਾਸਸ਼ੀਲ ਦੇਸ਼ਾਂ ਦੇ ਆਰਥਿਕ ਵਿਕਾਸ ਦੀਆਂ ਸੰਭਾਵਨਾਵਾਂ ਮੌਜੂਦ ਹੋਣ। ਉਹਨਾਂ ਦਾ ਇੱਕ ਹਰ ਮੱਤ ਇਹ ਹੈ ਕਿ ਵਿਸ਼ਵੀਕਰਨ ਦੀ ਪ੍ਰਕਿਰਿਆ ਨਾਲ ਜਿਸ ਨਵੇਂ ਰਾਜਸੀ ਸਭਿਆਚਾਰ ਦਾ ਜਨਮ ਹੋਇਆ ਹੈ, ਉਹ ਇੱਕ ਕੇਂਦਰਵਾਦੀ ਨਹੀਂ ਸਗੋਂ ਬਹੁਲਤਾਵਾਦੀ ਹੈ ਅਰਥਾਤ ਹੁਣ ਕਿਸੇ ਇੱਕ ਕੌਮ, ਜਾਤੀ, ਦੇਸ਼, ਸਭਿਆਚਾਰ, ਭਾਸ਼ਾ ਅਤੇ ਵਿਚਾਰਧਾਰਾ ਆਦਿ ਦੀ ਸਰਦਾਰੀ ਨਹੀਂ ਰਹੇਗੀ। ਫਲਸਰੂਪ ਆਰਥਿਕ ਲੁੱਟ ਅਤੇ ਸਭਿਆਚਾਰਕ ਦਾਬੇ ਤੋਂ ਮੁਕਤ ਸਮਾਜ ਦੀ ਸੰਭਾਵਨਾ ਪੈਦਾ ਹੋਵੇਗੀ। ਇਸ ਤੋਂ ਉਲਟ ਪੂੰਜੀਵਾਦੀ ਅਤੇ ਅਮੀਰ ਮੁਲਕਾਂ ਦੀ ਪ੍ਰਵਿਰਤੀ ਇਸ ਉਮੀਦ ਤੇ ਪੂਰੀ ਉਤਰਦੀ ਨਜ਼ਰ ਨਹੀਂ ਆਉਂਦੀ ਕਿਉਂਕਿ ਵਿਸ਼ਵੀਕਰਨ ਨੂੰ ਤੋਰਨ ਵਾਲੀ ਸ਼ਕਤੀ ਅਤੇ ਇਸ ਵਿਚ ਨਹਿਤ ਤਰਕ ਪੂੰਜੀਵਾਦੀ ਅਰਥ-ਵਿਵਸਥਾ ਹੈ। ਭਾਵੇਂ ਵਿਸ਼ਵੀਕਰਨ ਦੇ ਦੌਰ ਵਿਚ ਸੰਪੂਰਨ ਸੰਸਾਰ ਇੱਕ 'ਸਾਪਿੰਗ ਸੈਂਟਰ' (Shopping Centre) ਬਣ ਗਿਆ ਹੈ। ਬਹੁ-ਕੌਮੀ ਕੰਪਨੀਆਂ ਪਹਿਲਾਂ ਸਥਾਨਕ ਸਭਿਆਚਾਰਾਂ ਦਾ ਅਧਿਐਨ ਕਰਦੀਆਂ ਹਨ ਅਤੇ ਫਿਰ ਇਨ੍ਹਾਂ ਸਭਿਆਚਾਰਾਂ ਦੀ ਪ੍ਰਵਿਰਤੀ ਅਨੁਸਾਰ ਉਤਪਾਦਨ ਕਰਦੀਆਂ ਹਨ। ਇਹ ਉਤਪਾਦਨ ਉਹਨਾਂ ਸਭਿਆਚਾਰਕ ਲੋਕਾਂ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਲਈ ਨਹੀਂ ਕੀਤਾ ਜਾਂਦਾ। ਇਹ ਬਹੁ-ਕੌਮੀ ਕੰਪਨੀਆਂ ਆਪਣੇ ਮਾਲ ਦੀ ਵਿਕਰੀ ਲਈ ਲੋਕਾਂ ਵਿੱਚ ਝੂਠੀਆਂ ਲੋੜਾਂ ਪੈਦਾ ਕਰਦੀਆਂ ਹਨ। ਇਨ੍ਹਾਂ ਝੂਠੀਆਂ ਲੋੜਾਂ ਨੂੰ ਪੈਦਾ ਕਰਨ ਲਈ ਮੀਡੀਆ ਬਹੁਤ ਵੱਡਾ ਰੋਲ ਅਦਾ ਕਰ ਰਿਹਾ ਹੈ। ਇਸ ਤਰ੍ਹਾਂ

ਇਹ ਬਹੁ-ਕੌਮੀ ਕੰਪਨੀਆਂ ਪੂਰੀ ਦੁਨੀਆਂ ਵਿਚ ਉਪਭੋਗਤਾਵਾਦੀ ਰੁਚੀਆਂ ਸਿਰਜਣ ਦੀ ਪੂਰੀ-ਪੂਰੀ ਕੋਸ਼ਿਸ਼ ਕਰ ਰਹੀਆਂ ਹਨ। ਵਿਸ਼ਵੀਕਰਨ ਦੀਆਂ ਅਜਿਹੀਆਂ ਨੀਤੀਆਂ ਦੇ ਸਿੱਟੇ ਵਜੋਂ ਦੁਨੀਆਂ ਦੋ ਪ੍ਰਮੁੱਖ ਵਰਗਾਂ ਵਿਚ ਵੰਡੀ ਜਾ ਚੁੱਕੀ ਹੈ। ਇਸ ਗੱਲ ਦੀ ਪੁਸ਼ਟੀ 'ਮਨੁੱਖੀ ਵਿਕਾਸ ਰਿਪੋਰਟ - 2002' (Human development Report - 2002) ਦੀਆਂ ਨਿਮਨ-ਲਿਖਤ ਸਤਰਾਂ ਤੋਂ ਹੋ ਜਾਂਦੀ ਹੈ :

> ਵਿਸ਼ਵੀਕਰਨ ਨੇ ਦੋ ਸਮਾਨਾਂਤਰ ਵਿਸ਼ਵ ਪੈਦਾ ਕਰ ਦਿੱਤੇ ਹਨ। ਇੱਕ ਵਿਸ਼ਵ ਉਹ ਹੈ, ਜਿਸ ਕੋਲ ਆਮਦਨ ਹੈ, ਸਿੱਖਿਆ ਹੈ ਅਤੇ ਸਿਖਿਅਕ - ਸੰਪਰਕ ਹੈ। ਉਸ ਲਈ ਸੂਚਨਾ ਪ੍ਰਾਪਤ ਕਰਨਾ ਸਰਲ ਤੇ ਸੌਖਾ ਹੈ। ਦੂਜੇ ਪਾਸੇ ਉਹ ਵਿਸ਼ਵ ਹੈ ਜਿਸ ਦਾ ਭਵਿੱਖ ਅਨਿਸ਼ਚਤ ਅਤੇ ਧੀਮਾ ਹੈ। ਉਸ ਲਈ ਸੂਚਨਾ ਤੱਕ ਪਹੁੰਚਣਾ ਮਹਿੰਗਾ ਤੇ ਅਸੰਭਵ ਹੈ। ਜਦੋਂ ਇਹ ਦੋਵੇਂ ਵਿਸ਼ਵ ਨਾਲ-ਨਾਲ ਰਹਿੰਦੇ ਹਨ ਅਤੇ ਮੁਕਾਬਲਾ ਕਰਦੇ ਹਨ ਤਾਂ ਨਿਸ਼ਚਤ ਤੌਰ 'ਤੇ ਗ਼ਰੀਬਾਂ ਦੀ ਦੁਨੀਆਂ ਪਛੜ ਜਾਂਦੀ ਹੈ।[8]

ਉਪਰੋਕਤ ਹਵਾਲਾ ਰਿਪੋਰਟ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਵਿਸ਼ਵੀਕਰਨ ਦੀ ਪ੍ਰਕਿਰਿਆ ਦੌਰਾਨ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਗ਼ੈਰਕਾਨੂੰਨੀ ਅਵਾਜ਼ਾਈ ਸਾਰੇ ਸੰਸਾਰ ਵਿਚ ਵਧੀ ਹੈ। ਗ਼ੈਰ-ਸਮਾਜਿਕ ਤੱਤਾਂ ਨੇ ਤਾਂ ਇਸ ਨੂੰ ਆਪਣਾ ਧੰਦਾ ਵੀ ਬਣਾ ਲਿਆ ਹੈ। ਇਸ ਸਮੇਂ ਦੌਰਾਨ ਏਡਜ਼ ਵਰਗੀਆਂ ਘਾਤਕ ਬੀਮਾਰੀਆਂ ਪੂਰੇ ਸੰਸਾਰ ਵਿਚ ਫੈਲ ਚੁੱਕੀਆਂ ਹਨ। ਤੀਜੀ ਦੁਨੀਆਂ ਅਤੇ ਹੋਰ ਪਛੜੇ ਦੇਸ਼ਾਂ ਵਿਚ ਔਰਤਾਂ ਤੇ ਬੱਚਿਆਂ ਉੱਪਰ ਤਸ਼ੱਦਦ ਵੀ ਵਧਿਆ ਹੈ। ਵਿਸ਼ਵੀਕਰਨ ਦਾ ਪ੍ਰਭਾਵ ਵਿਸ਼ਵੀ-ਸੰਕਟ ਵਿਚ ਦ੍ਰਿਸ਼ਟੀਗੋਚਰ ਹੋ ਰਿਹਾ ਹੈ।

ਉਪਰੋਕਤ ਵਿਚਾਰਾਂ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਵਿਸ਼ਵੀਕਰਨ ਵਿੱਤੀ ਪੂੰਜੀ ਦੀ ਅਨੈਤਿਕ ਅਜ਼ਾਦੀ ਦਾ ਅਜਿਹਾ ਵਰਤਾਰਾ ਹੈ ਜਿਸਦਾ ਉਦੇਸ਼ ਵਿਕਸਤ ਪੂੰਜੀਵਾਦੀ ਦੇਸ਼ਾਂ ਵੱਲੋਂ

ਵਿਸ਼ਵ ਦੇ ਪ੍ਰਾਕ੍ਰਿਤਕ ਤੇ ਮਾਨਵੀ ਸਰੋਤਾਂ ਦਾ ਆਪਣੇ ਨਿੱਜੀ ਹਿੱਤਾਂ ਲਈ ਸ਼ੋਸ਼ਣ ਕਰਨਾ ਹੈ। ਇਸ ਵਰਤਾਰੇ ਦੇ ਦੰਭ ਤੇ ਦਬਾਅ ਨੇ ਜਿਸ ਤਰ੍ਹਾਂ ਸਾਡੇ ਸਮਾਜ-ਸਭਿਆਚਾਰਕ ਅਤੇ ਆਰਥਿਕ ਅਧਾਰਾਂ ਨੂੰ ਪ੍ਰਭਾਵਿਤ ਕੀਤਾ ਹੈ, ਇਸ ਸਥਿਤੀ ਨਾਲ ਜਿਹੜੀਆਂ ਵਿਭਿੰਨ ਪ੍ਰਸਥਿਤੀਆਂ ਉਤਪੰਨ ਹੋਣਗੀਆਂ, ਉਨ੍ਹਾਂ ਦੇ ਸੰਬੰਧ ਵਿਚ ਅਸੀਂ ਅੱਗੇ ਵਿਚਾਰ ਕਰਾਂਗੇ।

**(ਅ) ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ**

ਅਜੋਕੇ ਵਿਸ਼ਵ ਅਤੇ ਇਸਦੇ ਸਮੁੱਚੇ ਵਰਤਾਰਿਆਂ ਨੂੰ ਸਮਝਣ ਲਈ ਵਿਸ਼ਵ-ਪੱਧਰ ਤੇ ਕਿਹੜੀਆਂ ਪ੍ਰਸਥਿਤੀਆਂ ਅਤੇ ਤਬਦੀਲੀਆਂ, ਵਿਸ਼ਵ ਦੀਆਂ ਕੌਮਾਂ ਉੱਤੇ ਕਿਹੋ ਜਿਹਾ ਪ੍ਰਭਾਵ ਪਾਉਣਗੀਆਂ। ਸਾਨੂੰ ਇਨ੍ਹਾਂ ਪ੍ਰਸਥਿਤੀਆਂ ਬਾਰੇ ਵਿਚਾਰ-ਚਰਚਾ ਕਰਨੀ ਪਵੇਗੀ। ਗਿਆਨ-ਵਿਗਿਆਨ, ਸੂਚਨਾ ਤਕਨਾਲੋਜੀ ਅਤੇ ਹੋਰ ਸਾਰੇ ਅਨੁਸ਼ਾਸਨਾਂ ਵਿਚ ਹੋ ਰਹੀ ਖੋਜ ਅਤੇ ਮਨੁੱਖ ਲਈ ਹੋਰ ਪਦਾਰਥਕ ਉੱਨਤੀ ਨਾਲ ਸੰਬੰਧਿਤ ਵਰਤਾਰਿਆਂ ਬਾਰੇ ਹੋ ਰਹੇ ਯਤਨਾਂ ਨੂੰ ਵੀ ਵਿਚਾਰਨਾ ਪਵੇਗਾ। ਇਨ੍ਹਾਂ ਪ੍ਰਸਥਿਤੀਆਂ ਵਿਚ ਵਿਅਕਤੀਗਤ, ਪਰਿਵਾਰਕ ਅਤੇ ਸਮਾਜਿਕ ਆਦਿ ਪੱਧਰਾਂ ’ਤੇ ਕਿਹੋ ਜਿਹਾ ਪ੍ਰਭਾਵ ਪਵੇਗਾ? ਇਹ ਪ੍ਰਸਥਿਤੀਆਂ ਭਾਈਚਾਰਕ ਸਾਂਝ, ਮਨੁੱਖੀ ਰਿਸ਼ਤੇ ਅਤੇ ਨੈਤਿਕਤਾ ਆਦਿ ’ਤੇ ਕਿਵੇਂ ਪ੍ਰਭਾਵ ਪਾਉਣਗੀਆਂ? ਮਨੁੱਖ ਦੀਆਂ ਮੁੱਢਲੀਆਂ ਲੋੜਾਂ ਰੋਟੀ, ਕੱਪੜਾ ਤੇ ਮਕਾਨ ਨੂੰ ਕਿਵੇਂ ਪ੍ਰਭਾਵਿਤ ਕਰਨਗੀਆਂ? ਅਮੀਰ ਅਤੇ ਗ਼ਰੀਬ ਵਿਚ ਜਿਹੜਾ ਵੱਡਾ ਪਾੜਾ ਹੈ ਉਸ ਤੇ ਇਨ੍ਹਾਂ ਪ੍ਰਸਥਿਤੀਆਂ ਵਿਚ ਕੀ ਅਸਰ ਪਵੇਗਾ? ਮਨੁੱਖ ਆਪਣੇ ਆਲੇ-ਦੁਆਲੇ ਦੇ ਬਣੇ ਹਾਲਾਤ ਵਿਚ ਆਪਣੀ ਮਾਨਸਿਕ, ਸਰੀਰਕ, ਅਧਿਆਤਮਕ ਅਤੇ ਸਮਾਜਿਕ ਰਿਸ਼ਤਿਆਂ ਦੀ ਪਵਿੱਤਰਤਾ ਨੂੰ ਇਨ੍ਹਾਂ ਪ੍ਰਸਥਿਤੀਆਂ ਵਿਚ ਕਿਵੇਂ ਬਰਕਰਾਰ ਰੱਖ ਸਕੇਗਾ? ਇਨ੍ਹਾਂ ਪ੍ਰਸਥਿਤੀਆਂ ਨੂੰ ਵਿਚਾਰਨ ਲਈ ਸਾਨੂੰ ਵਿਸ਼ਵੀਕਰਨ ਦੇ ਹਾਂ-ਪੱਖੀ ਅਤੇ ਨਾਂਹ-ਪੱਖੀ ਪਹਿਲੂਆਂ ਨੂੰ ਵਿਚਾਰਨਾ ਪਵੇਗਾ। ਵਿਸ਼ਵੀਕਰਨ ਦੇ ਮਨੁੱਖ ਦੀ ਨਿੱਜੀ ਜ਼ਿੰਦਗੀ ’ਤੇ ਜੋ ਪ੍ਰਭਾਵ ਪੈ ਸਕਦੇ ਹਨ ਉਹਨਾਂ ਦੇ ਹਾਂ-ਪੱਖੀ ਵਰਤਾਰੇ ਬਾਰੇ ਨਿਮਨ-ਲਿਖਤ ਵਿਚਾਰ ਪੇਸ਼ ਕੀਤੇ ਜਾਂਦੇ ਹਨ :

1. ਸੰਸਾਰ ਪੱਧਰ ’ਤੇ ਗ਼ਰੀਬੀ ਘਟੇਗੀ।

2. ਵਿਕਾਸ ਕਰ ਰਹੇ ਦੇਸ਼ਾਂ ਵਿਚ ਵਧੇਰੇ ਤਕਨਾਲੋਜੀ ਪਹੁੰਚੇਗੀ।

3. ਵਿਸ਼ਵ-ਸ਼ਾਂਤੀ ਬਣੇਗੀ।

4. ਇਸ ਨਾਲ ਇਸਤਰੀਆਂ ਅਤੇ ਬੱਚਿਆਂ ਦੇ ਹੱਕਾਂ ਪ੍ਰਤੀ ਲਾਭ ਹੋਵੇਗਾ।

5. ਜੀਵਨ-ਸੁਵਿਧਾਵਾਂ ਵਿਚ ਵਾਧਾ ਹੋਵੇਗਾ।

6. ਸਾਰੇ ਵਿਸ਼ਵ ਦੇ ਲੋਕਾਂ ਵਿਚ ਨੇੜਤਾ ਪੈਦਾ ਹੋਵੇਗੀ।

ਸੂਚਨਾ ਅਤੇ ਯਾਤਰਾ ਦੀਆਂ ਆਧੁਨਿਕ ਸਹੂਲਤਾਂ ਕਾਰਨ ਇੱਕ ਦੇਸ਼ ਦੇ ਨਾਗਰਿਕ ਪੂਰੇ ਸੰਸਾਰ ਪ੍ਰਤਿ ਜਾਗਰੂਪ ਤੇ ਚਿੰਤਤ ਹੁੰਦੇ ਹਨ ਤੇ ਦੂਜੀਆਂ ਸਭਿਆਤਾਵਾਂ ਤੋਂ ਕਈ ਢੰਗਾਂ ਨਾਲ ਪ੍ਰਭਾਵਿਤ ਹੁੰਦੇ ਹਨ। ਸਮੇਂ ਅਤੇ ਸਥਾਨ ਦਾ ਕੋਈ ਵੱਡਾ ਮਸਲਾ ਨਹੀਂ ਰਿਹਾ। ਇਥੋਂ ਤੱਕ ਕਿ ਭਾਸ਼ਾਈ-ਬੈਰੀਅਰ ਵੀ ਖ਼ਤਮ ਹੁੰਦੇ ਜਾ ਰਹੇ ਹਨ ਕਿਉਂਕਿ ਮਨੁੱਖ ਵਿਉਪਾਰ ਰਾਹੀਂ, ਸਮਾਜਿਕ ਇੰਟਰਨੈੱਟ ਫੋਰਮਾਂ ਰਾਹੀਂ, ਵਿਭਿੰਨ ਮੀਡੀਆ ਸੋਮਿਆਂ ਰਾਹੀਂ ਅਤੇ ਹੋਰ ਬਹੁਤ ਸਾਰੇ ਸਾਧਨਾਂ ਰਾਹੀਂ ਪੂਰੇ ਵਿਸ਼ਵ ਵਿਚ ਆਦਾਨ-ਪ੍ਰਦਾਨ ਕਰ ਰਿਹਾ ਹੈ।

ਵਿਸ਼ਵੀਕਰਨ ਦੇ ਨਾਂਹ-ਪੱਖੀ ਵਰਤਾਰੇ ਬਾਰੇ ਵੀ ਸਾਹਿਤ-ਵਿਗਿਆਨੀ, ਆਰਥਿਕ-ਵਿਗਿਆਨੀ, ਸਮਾਜ-ਵਿਗਿਆਨੀ ਅਤੇ ਰਾਜਨੀਤਿਕ-ਵਿਗਿਆਨੀ ਆਦਿ ਵੀ ਆਪਣੇ ਵਿਚਾਰ ਪੇਸ਼ ਕਰ ਰਹੇ ਹਨ। ਪੰਜਾਬੀ ਦੇ ਮੁਹਾਵਰੇ ‘ਤਕੜੇ ਦੇ ਸੱਤੀਂ ਵੀਹੀਂ ਸੌ’ ਵਾਲੀ ਗੱਲ ਵੀ ਕੀਤੀ ਜਾ ਰਹੀ ਹੈ। ਜਿਵੇਂ ਅੰਤਰ-ਰਾਸ਼ਟਰੀ ਪੱਧਰ ਦੀਆਂ ਆਰਥਿਕ-ਸੰਸਥਾਵਾਂ (W.T.O., I.M.F. W.B.) ਉੱਤੇ ਵਿਕਸਤ ਅਤੇ ਪੂੰਜੀਵਾਦੀ ਦੇਸ਼ਾਂ ਦਾ ਪੂਰਾ ਨਿਯੰਤਰਣ ਹੈ। ਇਨ੍ਹਾਂ ਰਾਹੀਂ ਉਹ ਪਛੜੇ ਅਤੇ ਵਿਕਾਸਸ਼ੀਲ ਦੇਸ਼ਾਂ ਦੇ ਆਰਥਿਕ ਸ੍ਰੋਤਾਂ ਤੇ ਕਬਜ਼ਾ ਕਰਨ ਅਤੇ ਉਹਨਾਂ ਨੂੰ ਮੰਡੀ ਦੇ ਰੂਪ ਵਿਚ ਵਰਤਣ ਲਈ ਦਬਾਉ ਪਾਉਂਦੇ ਹਨ। ਇਨ੍ਹਾਂ ਦੇਸ਼ਾਂ ਦੀ ਆਰਥਿਕਤਾ ਨੂੰ ਆਪਣੇ ਅਧੀਨ ਲਿਆ ਕੇ ਇਨ੍ਹਾਂ ਨਾਲ ਆਪਣੀਆਂ ਅਜਿਹੀਆਂ ਸ਼ਰਤਾਂ ਤੇ ਸਮਝੌਤਾ ਕਰਦੇ ਹਨ। ਜਿਨ੍ਹਾਂ ਨੂੰ ਦੂਰ-ਦ੍ਰਿਸ਼ਟੀ ਨਾਲ ਵੇਖਣ ਤੋਂ ਇਨ੍ਹਾਂ ’ਤੇ ਪਏ ਨਾਂਹ-ਪੱਖੀ ਅਸਰ

ਨੂੰ ਭਾਂਪਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਘੱਟ ਗਿਣਤੀ ਕੌਮਾਂ ਦੇ ਸਭਿਆਚਾਰ, ਉਹਨਾਂ ਦੀ ਭਾਸ਼ਾ ਆਦਿ ਤੇ ਵੀ ਨਾਂਹ-ਪੱਖੀ ਅਸਰ ਬਾਰੇ ਆਮ ਗੱਲ ਕੀਤੀ ਜਾ ਸਕਦੀ ਹੈ। ਇਸ ਤਰ੍ਹਾਂ ਵਿਸ਼ਵੀਕਰਨ ਮਨੁੱਖੀ ਸਮਾਜ ਦੇ ਮਹੱਤਵਪੂਰਨ ਪਹਿਲੂਆਂ ਜਿਵੇਂ ਸਭਿਆਚਾਰਕ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਆਦਿ ਖੇਤਰਾਂ ਵਿਚ ਆਪਣਾ ਮਨੁੱਖੀ ਪ੍ਰਭਾਵ ਛੱਡਦਾ ਜਾ ਰਿਹਾ ਹੈ। ਸਮਾਜ ਦੇ ਇਨ੍ਹਾਂ ਪਹਿਲੂਆਂ ਬਾਰੇ ਗੰਭੀਰਤਾ ਨਾਲ ਵਿਚਾਰ ਕਰਨੀ ਅਤੇ ਇਨ੍ਹਾਂ ਮਸਲਿਆਂ ਪ੍ਰਤਿ ਗੁਰੂ ਨਾਨਕ ਬਾਣੀ ਦੇ ਕਾਰਜਸ਼ੀਲ ਅਤੇ ਹਾਂ-ਪੱਖੀ ਵਰਤਾਰੇ ਬਾਰੇ ਚਰਚਾ ਕਰਨੀ ਸਾਡੇ ਅਧਿਐਨ ਖੇਤਰ ਦਾ ਇੱਕ ਜ਼ਰੂਰੀ ਪਹਿਲੂ ਹੈ। ਉਪਰੋਕਤ ਸਾਰੀਆਂ ਗੱਲਾਂ ਨੂੰ ਵਿਚਾਰਨ ਲਈ ਅਸੀਂ ਮਨੁੱਖੀ ਪਹਿਲੂਆਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਪ੍ਰਸਥਿਤੀਆਂ ਨੂੰ ਵਿਸ਼ਵੀਕਰਨ ਦੇ ਪ੍ਰਸੰਗ ਵਿਚ ਵਿਚਾਰ ਸਕਦੇ ਹਾਂ :

1. ਸਭਿਆਚਾਰਕ ਪ੍ਰਸਥਿਤੀਆਂ
2. ਸਮਾਜਿਕ ਪ੍ਰਸਥਿਤੀਆਂ
3. ਆਰਥਿਕ ਪ੍ਰਸਥਿਤੀਆਂ
4. ਰਾਜਨੀਤਿਕ ਪ੍ਰਸਥਿਤੀਆਂ
5. ਧਾਰਮਿਕ ਪ੍ਰਸਥਿਤੀਆਂ

(ਨੋਟ:- ਇਹਨਾਂ ਦਾ ਅਧਿਐਨ ਅਧਿਆਇ ਚੌਥੇ ਵਿਚ ਕੀਤਾ ਜਾਵੇਗਾ।

## 1. ਸਭਿਆਚਾਰਕ ਪ੍ਰਸਥਿਤੀਆਂ

ਵਿਸ਼ਵੀਕਰਨ ਨੇ ਹਰ ਇੱਕ ਦੇਸ਼ ਅਤੇ ਹਰ ਭੂਗੋਲਿਕ ਖਿੱਤੇ ਦੇ ਲੋਕਾਂ ਦੇ ਖੇਤਰੀ ਸਭਿਆਚਾਰ ਨੂੰ ਆਪਣੇ ਪ੍ਰਭਾਵ ਖੇਤਰ ਵਿਚ ਲਿਆਂਦਾ ਹੈ। ਇਸ ਪ੍ਰਭਾਵ ਨੂੰ ਅਸੀਂ ਆਪਣੇ ਪੰਜਾਬੀ ਜਨ-ਜੀਵਨ ਤੇ ਪੈ ਰਹੇ ਪ੍ਰਭਾਵ ਦੀ ਉਦਾਹਰਣ ਰਾਹੀਂ ਸਪੱਸ਼ਟ ਕਰ ਸਕਦੇ ਹਾਂ। ਪੱਛਮੀ ਸਭਿਆਚਾਰ ਜਾਂ ਇਸਦੇ ਵਿਸ਼ਵੀਕਰਨ ਦਾ ਪ੍ਰਭਾਵ ਪੰਜਾਬ ਦੇ ਜਨ ਜੀਵਨ ਉੱਪਰ ਹਰ ਪੱਖ ਤੋਂ

ਪਿਆ ਹੈ। ਦੁਨੀਆਂ ਵਿਚ ਆਪਣੀ ਵੱਖਰੀ ਪਛਾਣ ਰੱਖਣ ਵਾਲੇ ਪੰਜਾਬੀ ਹੁਣ ਪੱਛਮੀ ਰੰਗਾਂ ਵਿਚ ਰੰਗੇ ਜਾ ਰਹੇ ਹਨ। ਵਿਸ਼ਵੀਕਰਨ ਨਾਲ ਪੰਜਾਬ ਵਿਚ ਬਦਲੇ ਪੈਦਾਵਾਰੀ ਢੰਗਾਂ ਦੇ ਅਧਾਰ ਤੇ ਪੰਜਾਬੀ ਸਭਿਆਚਾਰ ਵਿਚ ਆਈਆਂ ਤਬਦੀਲੀਆਂ ਨੂੰ ਵੇਖ ਸਕਦੇ ਹਾਂ। ਅੱਜ ਦਾ ਹਰ ਪੰਜਾਬੀ, ਟੀ. ਵੀ. ਸਭਿਆਚਾਰ, ਮੋਬਾਈਲ ਸਭਿਆਚਾਰ, ਆਧੁਨਿਕ ਯੰਤਰਾਂ ਵਾਲੇ ਅਵਾਜ਼ਾਈ ਸਾਧਨ ਜਿਵੇਂ Luxury Cars ਅਤੇ ਪੱਛਮੀ ਸੰਗੀਤ ਵਿਚ ਰੰਗਿਆ ਵਿਖਾਈ ਦਿੰਦਾ ਹੈ। ਫਲਸਰੂਪ ਜਿਹਨਾਂ ਕੋਲ ਇਨ੍ਹਾਂ ਲੋੜਾਂ ਦੀ ਪੂਰਤੀ ਦੇ ਸਾਧਨ ਨਹੀਂ ਹਨ ਉਹ ਨੌਜਵਾਨ/ਮੁਟਿਆਰਾਂ ਆਪਣੇ ਪੰਜਾਬੀ ਸਭਿਆਚਾਰਕ ਸਲੀਕੇ ਨੂੰ ਲੁੱਟਾਂ-ਖੋਹਾਂ ਅਤੇ ਅਣਚਾਹੇ ਸੰਬੰਧਾਂ ਆਦਿ ਨੂੰ ਗ੍ਰਹਿਣ ਕਰਦੇ ਜਾ ਰਹੇ ਹਨ। ਪੰਜਾਬ ਕਿਸੇ ਵੇਲੇ ਖੇਤੀ-ਪ੍ਰਧਾਨ ਸੂਬਾ ਹੁੰਦਾ ਸੀ। ਸਾਰਾ ਸਭਿਆਚਾਰ ਖੇਤੀ ਦੇ ਪੈਦਾਵਾਰੀ ਢੰਗਾਂ ਵਿਚੋਂ ਪੈਦਾ ਹੋਇਆ ਸੀ। ਅਜੋਕਾ ਪੰਜਾਬੀ ਆਪਣੇ ਹਾੜੀ ਸਾਉਣੀ ਨਾਲ ਸੰਬੰਧਿਤ ਰਸਮਾਂ, ਰੀਤਾਂ, ਤਿਉਹਾਰਾਂ ਅਤੇ ਗੀਤਾਂ ਨੂੰ ਭੁੱਲ ਕੇ ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਆਪਣੀ ਜੀਵਨ-ਸ਼ੈਲੀ ਨੂੰ ਬਦਲ ਰਿਹਾ ਹੈ।

ਮਨੁੱਖੀ ਸਭਿਆਚਾਰ ਦੇ ਵਿਕਾਸ ਲਈ ਭਾਵੇਂ ਸਭਿਆਚਾਰਕ ਵੰਨ-ਸੁਵੰਨਤਾ ਦਾ ਪੈਦਾ ਹੋਣਾ ਅਜੋਕੇ ਵਿਸ਼ਵੀਕਰਨ ਦੇ ਪ੍ਰਸੰਗ ਵਿਚ ਅਤਿ ਜ਼ਰੂਰੀ ਸਮਝਿਆ ਜਾ ਰਿਹਾ ਹੈ। ਇਹ ਵਿਚਾਰ ਦਿੱਤਾ ਜਾ ਰਿਹਾ ਹੈ ਕਿ ਇਸ ਵੰਨ-ਸੁਵੰਨਤਾ ਰਾਹੀਂ ਪੈਦਾ ਹੋਣ ਵਾਲੀਆਂ ਵਿਲੱਖਣ ਇਕਾਈਆਂ ਵਿਚਕਾਰ ਬਰਾਬਰੀ ਉੱਪਰ ਅਧਾਰਿਤ ਸੰਵਾਦ ਹੀ ਵਿਕਾਸ ਦੇ ਰਾਹ ਖੋਲ੍ਹਦਾ ਹੈ। ਵੱਖਰੀ ਪਹਿਚਾਣ ਰੱਖਣ ਵਾਲੀਆਂ ਸੰਪ੍ਰਦਾਇਕ ਤੇ ਸਾਂਸਕ੍ਰਿਤਕ ਲੋਕ ਇਕਾਈਆਂ ਵਿਚਕਾਰ ਲਗਾਤਾਰ ਵਾਧੇ ਰਾਹੀਂ ਸਾਂਸਕ੍ਰਿਤ ਵੰਨ-ਸੁਵੰਨਤਾ ਵਿਚ ਵਾਧਾ, ਸਾਂਸਕ੍ਰਿਤਕ ਵਿਕਾਸ ਦੀ ਪਹਿਲੀ ਸ਼ਰਤ ਬਣ ਜਾਂਦੀ ਹੈ। ਭਾਵੇਂ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੇ ਆਪਣੇ ਵੇਲੇ ਦੀ ਵਿਭਿੰਨ ਸੰਪ੍ਰਦਾਇਕ ਅਤੇ ਸਾਂਸਕ੍ਰਿਤਕ ਇਕਾਈਆਂ ਦੇ ਮਹੱਤਵ ਨੂੰ ਪਹਿਚਾਣਿਆ ਅਤੇ ਉਨ੍ਹਾਂ ਵਿਚਕਾਰ ਇੱਕ ਸੰਵਾਦ ਪੈਦਾ ਕੀਤਾ ਹੈ ਪਰੰਤੂ ਅਜੋਕੀਆਂ ਸਭਿਆਚਾਰਕ ਵਿਸ਼ਵੀ

ਪ੍ਰਸਥਿਤੀਆਂ ਪਿੱਛੇ ਉਹੋ ਜਿਹੀ ਭਲਿਆਈ ਤੇ ਚੰਗਿਆਈ ਵਾਲੀ ਧਾਰਨਾ ਵਿਖਾਈ ਨਹੀਂ ਦਿੰਦੀ।

ਅਜੋਕੀਆਂ ਬਹੁ-ਕੌਮੀ ਕੰਪਨੀਆਂ ਆਪਣੇ ਉਤਪਾਦਨ ਦੀ ਵਿਕਰੀ ਲਈ ਇੱਕ ਖ਼ਾਸ ਸਭਿਆਚਾਰਕ ਖਿੱਤੇ ਦੇ ਲੋਕਾਂ ਦੀ ਭਾਵਨਾ ਨੂੰ ਬਿਜਲਈ ਸੰਚਾਰ ਸਾਧਨਾਂ ਰਾਹੀਂ ਪੈਸਾ, ਪਦਵੀ ਅਤੇ ਪ੍ਰਸਿੱਧੀ ਦੀਆਂ ਨਿੱਜੀ ਪ੍ਰੇਰਨਾਵਾਂ ਨੂੰ ਉਕਸਾ ਰਹੀਆਂ ਹਨ ਅਤੇ ਚਮਕ-ਦਮਕ ਵਾਲੇ ਅੱਯਾਸ਼ੀ ਜੀਵਨ ਨੂੰ ਅਜਿਹੇ ਭਾਸ਼ਾਈ ਸ਼ਾਬਦਿਕ ਜੰਜਾਲ ਦੇ ਜਾਦੂ ਰਾਹੀਂ ਸਲਾਹਿਆ ਜਾਂਦਾ ਹੈ ਕਿ ਲੋਕ ਜੀਵਨ ਦੇ ਵਾਸਤਵਿਕ ਸਭਿਆਚਾਰਕ ਮਸਲਿਆਂ ਤੋਂ ਬੇਖ਼ਬਰ ਹੋ ਜਾਂਦੇ ਹਨ। ਅੱਜ ਆਮ ਵੇਖਣ ਵਿਚ ਆਉਂਦਾ ਹੈ ਕਿ ਇਹ ਬਹੁ-ਕੌਮੀ ਕੰਪਨੀਆਂ ਵਲੋਂ ਆਪਣੇ ਉਤਪਾਦਨ ਦੀ ਵਿਕਰੀ ਲਈ ਸਭਿਆਚਾਰਕ ਸਨਅਤ ਦੀ ਇਸ਼ਤਿਹਾਰਬਾਜ਼ੀ ਲਈ ਔਰਤ ਦੀ ਦੇਹ ਨੂੰ ਅਜਿਹੀ ਵਸਤੂ ਵਜੋਂ ਵਰਤਿਆ ਜਾ ਰਿਹਾ ਹੈ ਜਿਸ ਨੇ ਸਭਿਆਚਾਰਕ ਨੈਤਿਕ ਮੁੱਲਾਂ ਦੀ ਪਰਿਭਾਸ਼ਾ ਹੀ ਬਦਲ ਦਿੱਤੀ ਹੈ।

ਬਹੁ-ਕੌਮੀ ਕੰਪਨੀਆਂ ਦੇ ਇਸ ਸਨਅਤੀ ਸਭਿਆਚਾਰ ਨੇ, ਭੂਗੋਲਕ ਖਿੱਤਿਆਂ ਦੇ ਖੇਤਰੀ ਸਭਿਆਚਾਰ ਨੂੰ ਅਨੈਤਿਕਤਾ ਦੇ ਰਾਹ ਉੱਤੇ ਤੋਰਿਆ ਹੈ। ਵਿਸ਼ਵੀਕਰਨ ਦੇ ਇਨ੍ਹਾਂ ਨਾਂਹ-ਮੁਖੀ ਨਤੀਜਿਆਂ ਤੋਂ ਕਈ ਸੰਕਟਮਈ ਪ੍ਰਸਥਿਤੀਆਂ ਪੈਦਾ ਹੋਈਆਂ ਹਨ। ਅੱਜ ਸਮੁੱਚਾ ਵਿਸ਼ਵੀ-ਸਭਿਆਚਾਰਕ ਵਿਚਾਰ (Ideology), ਧਰਮ-ਸਿਧਾਂਤ ਅਤੇ ਧਾਰਮਿਕ, ਸਮਾਜਿਕ, ਰਾਜਨੀਤਿਕ ਕਿਰਿਆਵਾਂ ਦੇ ਪੱਖੋਂ ਪੂਰਬ ਅਤੇ ਪੱਛਮ ਦੋ ਵਿਚਾਰਧਾਰਾਵਾਂ ਦੇ ਥੰਮਾਂ ਉੱਪਰ ਖੜ੍ਹਾ ਹੈ। ਪੂਰਬ ਨੇ ਵਿਸ਼ਵ ਨੂੰ ਧਰਮ, ਇਖ਼ਲਾਕੀ ਕਦਰਾਂ-ਕੀਮਤਾਂ, ਰਾਜਨੀਤੀ, ਗਿਆਨ ਸੱਚਾਈ ਅਤੇ ਰੂਹਾਨੀਅਤ ਦੇ ਸੰਦੇਸ਼ ਦਿੱਤੇ ਹਨ ਅਤੇ ਪੱਛਮੀ ਵਿਚਾਰਧਾਰਾ ਨੇ ਰਾਜਨੀਤਿਕ ਸਿਧਾਂਤ, ਵਿਗਿਆਨ, ਸੂਚਨਾ ਤਕਨਾਲੋਜੀ ਅਤੇ ਨਵਾਂ ਕੰਮੀ ਸਭਿਆਚਾਰ (work culture) ਮਨੁੱਖਤਾ ਨੂੰ ਦਿੱਤਾ ਹੈ। ਪੱਛਮ ਨੇ ਜਿੰਨੀ ਤੇਜ਼ੀ ਨਾਲ ਪੂਰਬੀ ਉਤਪਾਦਨ ਅਤੇ ਸਭਿਆਚਾਰ ਨੂੰ ਆਪਣੇ ਢੰਗ-ਤਰੀਕਿਆਂ ਨਾਲ ਵਰਤ ਕੇ ਆਪਣੀ ਸ਼ਕਤੀ ਨੂੰ ਵਧਾਇਆ ਹੈ। ਉੱਥੇ ਉਨੀ ਤੇਜ਼ੀ ਨਾਲ

ਪੂਰਬ, ਪੱਛਮ ਦਾ ਮੁਕਾਬਲਾ ਨਹੀਂ ਕਰ ਸਕਿਆ। ਪੱਛਮ ਦੀਆਂ ਆਧੁਨਿਕ ਵਿਗਿਆਨਕ ਕਾਢਾਂ ਨਾਲ ਪੂਰਾ ਵਿਸ਼ਵ ਸੁੰਗੜਦਾ ਪ੍ਰਤੀਤ ਹੋ ਰਿਹਾ ਹੈ। ਅਜਿਹੀਆਂ ਆਧੁਨਿਕ ਕਾਢਾਂ ਨਾਲ ਵਿਸ਼ਵੀਕਰਨ, ਭੂਗੋਲਿਕ ਖਿੱਤਿਆਂ ਦੇ ਲੋਕ ਸਭਿਆਚਾਰ ਵੱਲ, ਦਹਾੜਦਾ ਨਜ਼ਰ ਆ ਰਿਹਾ ਹੈ। ਜੋ ਹੌਲੀ-ਹੌਲੀ ਛੋਟੇ ਸਭਿਆਚਾਰਾਂ ਲਈ ਖ਼ਤਰਾ ਵੀ ਬਣ ਗਿਆ ਹੈ। ਇਸਦੀ ਪੁਸ਼ਟੀ ਲਈ ਆਸਟ੍ਰੇਲੀਅਨ ਮੂਲ ਦੇ ਵਾਸੀ ਕ੍ਰਿਸ ਮੂਨੀ ਸਿੰਘ (ਸਿੰਘ ਸਜੇ) ਦੇ ਸ਼ਬਦਾਂ ਤੋਂ ਹੁੰਦੀ ਹੈ :

> ਵਿਸ਼ਵੀਕਰਨ ਇਸ ਧਰਤੀ ਉੱਪਰ ਮੌਜੂਦ ਸਾਰੇ ਛੋਟੇ ਸਭਿਆਚਾਰਾਂ ਨੂੰ ਆਪਣੀ ਲਪੇਟ ਵਿਚ ਲੈ ਰਿਹਾ ਹੈ। ਹਰ ਕੋਈ ਇਸ ਆਰਥਿਕ ਵਿਸ਼ਵੀਕਰਨ ਤੋਂ ਖ਼ਤਰਾ ਮਹਿਸੂਸ ਕਰ ਰਿਹਾ ਹੈ। ਸਭਿਆਚਾਰਕ ਅਰਥਾਂ ਵਿਚ ਜਦੋਂ ਤੁਸੀਂ ਬੀ. ਬੀ. ਸੀ., ਸੀ. ਐਨ. ਐਨ. ਜਾਂ ਐਮ. ਟੀ. ਵੀ. ਜਾਂ ਕੋਈ ਹੋਰ ਮਿਊਜ਼ਿਕ ਚੈਨਲ ਵੇਖਦੇ ਹੋ, ਤਾਂ ਸਪੱਸ਼ਟ ਹੁੰਦਾ ਹੈ ਕਿ ਇਹ ਇੱਕ ਭਾਸ਼ਾ ਦਾ ਭਾਰੂ ਮੀਡੀਆ ਹੈ। ਇਸ ਦੇ ਪ੍ਰਭਾਵ ਅਧੀਨ ਨੌਜਵਾਨ ਪੀੜ੍ਹੀ ਆਪਣੀ ਭਾਸ਼ਾ ਬੋਲਣੀ ਬੰਦ ਕਰਦੀ ਹੈ ਤਾਂ ਸਭਿਆਚਾਰ ਅਤੇ ਭਾਸ਼ਾ ਦੀ ਮੌਤ ਸ਼ੁਰੂ ਹੋ ਜਾਂਦੀ ਹੈ।[੧]

ਉਪਰੋਕਤ ਚਰਚਾ ਤੋਂ ਉਪਰੰਤ ਅਸੀਂ ਕਹਿ ਸਕਦੇ ਹਾਂ ਕਿ ਜਿੱਥੇ ਵਿਸ਼ਵੀਕਰਨ ਦੇ ਹਾਂ-ਪੱਖੀ ਵਿਕਾਸ ਦੇ ਨਤੀਜੇ ਨਿਕਲ ਸਕਦੇ ਹਨ ਉੱਥੇ ਸੰਸਾਰ ਵਿਚ ਖ਼ਾਸ-ਖ਼ਾਸ ਭੂਗੋਲਿਕ ਖਿੱਤਿਆਂ ਦੇ ਸਥਾਨਕ ਸਭਿਆਚਾਰਾਂ ਨੂੰ ਖਤਰੇ ਵਾਲੀਆਂ ਸਭਿਆਚਾਰਕ ਪ੍ਰਸਥਿਤੀਆਂ ਦਾ ਵੀ ਸਾਹਮਣਾ ਕਰਨਾ ਪੈ ਸਕਦਾ ਹੈ ਕਿਉਂਕਿ ਸਭਿਆਚਾਰ ਅਤੇ ਭਾਸ਼ਾ ਦਾ ਰਿਸ਼ਤਾ ਬੱਝਵਾਂ ਹੈ। ਸਭਿਆਚਾਰ, ਭਾਸ਼ਾ ਦਾ ਗੁਲਾਮ ਹੈ ਅਤੇ ਭਾਸ਼ਾ ਸਭਿਆਚਾਰ ਦੀ ਸਿਰਜਣਾ ਕਰਦੀ ਹੈ। ਸਮਾਜ-ਸਭਿਆਚਾਰ ਅਤੇ ਮਾਨਵੀ ਰਿਸ਼ਤੇ ਸਭ ਭਾਸ਼ਾ ਦੇ ਅਧਾਰ ਤੇ ਹੀ ਬਣੇ ਹੁੰਦੇ ਹਨ। ਅਸਲ ਵਿਚ ਭਾਸ਼ਾ ਮਨੁੱਖ ਨੂੰ ਸਮਾਜਿਕ, ਆਰਥਿਕ, ਰਾਜਨੀਤਿਕ, ਸਭਿਆਚਾਰਕ ਰਿਸ਼ਤਿਆਂ ਵਿਚ

ਬੰਨ੍ਹ ਕੇ ਰੱਖਦੀ ਹੈ। ਕਿਸੇ ਵੀ ਸਭਿਆਚਾਰ ਦਾ ਉਸਦੀ ਭਾਸ਼ਾ ਨਾਲ ਅਟੁੱਟ ਰਿਸ਼ਤਾ ਹੁੰਦਾ ਹੈ। ਭਾਸ਼ਾ ਤੋਂ ਬਿਨਾਂ ਸਭਿਆਚਾਰਕ ਸੋਝੀ ਨਹੀਂ ਹੋ ਸਕਦੀ ਅਤੇ ਸਭਿਆਚਾਰ ਤੋਂ ਬਿਨਾ ਭਾਸ਼ਾ ਦੀ ਸੋਝੀ ਨਹੀਂ ਹੋ ਸਕਦੀ। ਗੁਰਬਾਣੀ ਦਾ ਵਿਚਾਰ ਹੈ :

ਬਿਨੁ ਸਬਦੈ ਅੰਤਰਿ ਆਨੇਰਾ॥
ਨ ਵਸਤੁ ਲਹੈ ਨ ਚੂਕੈ ਫੇਰਾ॥[10]

## 2. ਸਮਾਜਿਕ ਪ੍ਰਸਥਿਤੀਆਂ

ਆਮ ਕਿਹਾ ਜਾਂਦਾ ਹੈ ਕਿ ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ। ਇੱਕ ਨਰੋਏ ਸਮਾਜ ਦੀ ਸਿਰਜਣਾ ਉਸ ਸਮਾਜ ਦੇ ਲੋਕ ਹੀ ਕਰ ਸਕਦੇ ਹਨ। ਸਿਹਤਮੰਦ ਸਮਾਜ ਦੀ ਇਹ ਨਿਸ਼ਾਨੀ ਹੈ ਕਿ ਉਹ ਬਾਹਰ ਤੋਂ ਚੰਗੇ ਵਿਚਾਰ ਅਤੇ ਚੰਗੇ ਅਨਸਰਾਂ ਨੂੰ ਅਪਣਾ ਲੈਂਦਾ ਹੈ। ਇਸ ਨਾਲ ਜਿਸ ਸਥਾਨ ਉੱਪਰ ਪ੍ਰਵਾਸ ਹੁੰਦਾ ਹੈ ਅਤੇ ਉਸ ਸਮਾਜ ਦਾ ਜਿਸ ਸਥਾਨ ਤੇ ਪ੍ਰਵਾਸ ਹੁੰਦਾ ਹੈ, ਦੋਹਾਂ ਲਈ ਲਾਭਦਾਇਕ ਹੁੰਦਾ ਹੈ। ਮਨੁੱਖੀ ਸਮਾਜ, ਵਿਅਕਤੀਆਂ, ਸਮਾਜਿਕ ਸਮੂਹਾਂ ਅਤੇ ਸੰਬੰਧਾਂ ਦਾ ਜੋੜ ਹੈ। ਇਹ ਸਾਰੇ ਸੰਬੰਧ ਅਤੇ ਸਮੂਹ ਸਮਾਜ ਵਿਚ ਜਨਮ ਹੀ ਨਹੀਂ ਲੈਂਦੇ ਸਗੋਂ ਸਮਾਜ ਨੂੰ ਅਗਾਂਹ ਵੀ ਤੋਰਦੇ ਹਨ। ਸਮਾਜ ਦੇ ਹੋਂਦ ਵਿਚ ਆਉਣ ਕਰਕੇ ਹੀ ਮਨੁੱਖ ਦਾ ਵਿਕਾਸ ਵਧੇਰੇ ਤੇਜ਼ੀ ਨਾਲ ਹੋਣਾ ਸੰਭਵ ਹੋਇਆ ਹੈ। ਅਸੀਂ ਕਹਿ ਸਕਦੇ ਹਾਂ ਕਿ ਮਨੁੱਖ ਤੋਂ ਬਿਨਾਂ ਸਮਾਜਿਕ ਵਿਕਾਸ ਦਾ ਕੋਈ ਨਿਯਮ, ਕਾਨੂੰਨ, ਸਮਾਜਿਕ ਵਾਤਾਵਰਣ ਤੇ ਕਿਸੇ ਕਿਸਮ ਦੇ ਸਮਾਜ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਮਨੁੱਖ ਦਾ ਵਿਕਾਸ ਅਤੇ ਸਮਾਜ ਦਾ ਵਿਕਾਸ ਦੋਵੇਂ ਇੱਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ।

ਵਿਦਵਾਨਾਂ ਨੇ ਮਨੁੱਖੀ ਇਤਿਹਾਸ ਦੇ ਹਰ ਪੜਾਅ ਦੇ ਵਿਕਾਸਸ਼ੀਲ ਤੱਤਾਂ ਨੂੰ ਅਧਾਰ ਬਣਾ ਕੇ ਸਮਾਜ ਦਾ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਵਿਸ਼ਲੇਸ਼ਣ ਕੀਤਾ ਹੈ। ਮਨੁੱਖ ਦੇ ਸੋਚਣ ਦੇ ਢੰਗ ਵਿਚ ਸਭ ਤੋਂ ਵੱਡੀ ਤਬਦੀਲੀ ਉਦੋਂ ਵਾਪਰਦੀ ਹੈ ਜਦੋਂ ਸਰਮਾਏਦਾਰੀ ਪ੍ਰਬੰਧ ਦਾ ਦੌਰ ਸ਼ੁਰੂ

ਹੁੰਦਾ ਹੈ। ਇਸ ਕਰਕੇ ਪੂੰਜੀਵਾਦੀ ਪ੍ਰਬੰਧ ਦੇ ਸਮੁੱਚੇ ਸਮਾਜਿਕ ਇਤਿਹਾਸ ਨੂੰ ਉਨੀ ਦੇਰ ਤੱਕ ਸਹੀ ਢੰਗ ਨਾਲ ਨਹੀਂ ਸਮਝਿਆ ਜਾ ਸਕਦਾ। ਜਿੰਨੀ ਦੇਰ ਤੱਕ ਪੂੰਜੀਵਾਦੀ ਆਰਥਿਕਤਾ ਦੇ ਵੱਖ-ਵੱਖ ਪਹਿਲੂਆਂ ਦੀ ਪੜਤਾਲ ਨਹੀਂ ਕੀਤੀ ਜਾਂਦੀ। ਮਾਰਕਸ ਅਨੁਸਾਰ :

> ਆਰਥਿਕ ਪ੍ਰਣਾਲੀ ਹੀ ਸਮਾਜ ਦਾ ਮੂਲ ਅਧਾਰ ਹੈ। ਸਮਾਜਿਕ ਸੰਰਚਨਾ ਵਿਚ ਆਰਥਿਕ ਸ਼ਕਤੀਆਂ ਹੀ ਨਿਰਨਾਇਕ ਭੂਮਿਕਾ ਅਦਾ ਕਰਦੀਆਂ ਹਨ। ਇਹ ਆਰਥਿਕ ਸ਼ਕਤੀਆਂ ਸਮਾਜ ਵਿਚ ਵਿਦਮਾਨ ਉਤਪਾਦਨ ਦੇ ਭਿੰਨ-ਭਿੰਨ ਰੂਪਾਂ, ਉਤਪਾਦਨ ਪ੍ਰਕਿਰਿਆ ਨਾਲ ਜੁੜੇ ਵਿਅਕਤੀਆਂ ਅਤੇ ਉਤਪਾਦਨ ਦੇ ਉਪਭੋਗ ਤੇ ਵੰਡ ਦੀਆਂ ਵਿਧੀਆਂ ਆਦਿ ਦੇ ਰੂਪ ਵਿਚ ਨਿਹਿਤ ਹੁੰਦੀਆਂ ਹਨ।[11]

ਵਿਸ਼ਵੀਕਰਨ ਦਾ ਮਨੋਰਥ ਇਹ ਦੱਸਿਆ ਜਾ ਰਿਹਾ ਹੈ ਕਿ ਸਮੁੱਚੇ ਵਿਸ਼ਵ ਨੂੰ ਸਮਾਜਿਕ-ਆਰਥਿਕ ਇੱਕਸੁਰਤਾ ਵਿਚ ਜੋੜਨਾ ਹੈ ਪਰੰਤੂ ਇਹ ਇੱਕ ਭੁਲੇਖਾ ਹੀ ਜਾਪਦਾ ਹੈ ਕਿਉਂਕਿ ਵਿਸ਼ਵੀਕਰਨ ਅਮੀਰ ਪੂੰਜੀਵਾਦੀ ਦੇਸ਼ਾਂ ਦਾ ਦਿੱਤਾ ਹੋਇਆ ਨਾਅਰਾ ਹੈ। ਅਜੋਕੇ ਦੌਰ ਵਿਚ ਦੁਨੀਆਂ ਗਿਆਨ ਅਤੇ ਸੰਚਾਰ ਦੀ ਕ੍ਰਾਂਤੀ ਵਿਚੋਂ ਲੰਘ ਰਹੀ ਹੈ। ਗਿਆਨ ਅਤੇ ਸੰਚਾਰ ਵਿਕਾਸ ਕਾਰਨ ਜੋ ਨਵਾਂ ਸਮਾਜ ਉੱਭਰ ਰਿਹਾ ਹੈ ਉਸਨੂੰ 'ਇਨਫ਼ਰਮੇਸ਼ਨ ਸੁਸਾਇਟੀ' (Information Society) ਦਾ ਨਾਂ ਦਿੱਤਾ ਜਾ ਰਿਹਾ ਹੈ। ਇਸ ਨਵੇਂ ਸਮਾਜ ਨੂੰ ਉੱਤਰ ਪੂੰਜੀਵਾਦੀ, ਉੱਤਰ-ਉਦਯੋਗਿਕਵਾਦੀ ਆਦਿ ਨਾਵਾਂ ਨਾਲ ਵੀ ਪਰਿਭਾਸ਼ਤ ਕੀਤਾ ਜਾ ਰਿਹਾ ਹੈ। ਇਸ ਸਮਾਜ ਵਿਚ ਇਨਫਰਮੇਸ਼ਨ ਅਤੇ ਤਕਨਾਲੋਜੀ ਨੂੰ ਪੂੰਜੀ ਅਤੇ ਊਰਜਾ ਆਦਿ ਦੀ ਤਰ੍ਹਾਂ ਸਮਾਜ ਦੇ ਆਰਥਿਕ ਵਿਕਾਸ ਦਾ ਇੱਕ ਵਸੀਲਾ ਹੀ ਨਹੀਂ ਸਮਝਿਆ ਜਾ ਰਿਹਾ ਸਗੋਂ ਇਸ ਨੂੰ ਸਮਾਜਿਕ ਵਿਕਾਸ ਦਾ ਮਹੱਤਵਪੂਰਨ ਅਧਾਰ ਸਮਝਿਆ ਜਾ ਰਿਹਾ ਹੈ। ਸੂਚਨਾ ਤਕਨਾਲੋਜੀ ਨੇ ਮਨੁੱਖੀ ਜੀਵਨ ਅਤੇ ਸਮਾਜ ਦੇ ਹਰ ਪਹਿਲੂ ਨੂੰ ਇੰਨਾਂ ਪ੍ਰਭਾਵਿਤ ਕੀਤਾ ਹੈ ਕਿ ਅਜੋਕੇ

ਵਿਸ਼ਵੀਕਰਨ ਦੇ ਦੌਰ ਵਿਚ ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਇਸ ਕ੍ਰਾਂਤੀ ਦੇ ਨਤੀਜੇ ਵਜੋਂ ਮਨੁੱਖੀ ਇਤਿਹਾਸ ਆਪਣੇ ਵਿਕਾਸ ਦੇ ਇੱਕ ਨਵੇਂ ਦੌਰ ਵਿਚ ਦਾਖ਼ਲ ਹੋ ਰਿਹਾ ਹੈ। ਇੱਕ ਅਜਿਹੇ ਸਮਾਜ ਦੀ ਸਿਰਜਣਾ ਹੋਣ ਵਾਲੀ ਹੈ। ਜਿਸਦਾ ਅਜੋਕੇ ਸਮਾਜ ਦੀਆਂ ਕਦਰਾਂ-ਕੀਮਤਾਂ, ਉਤਪਾਦਨ ਪ੍ਰਣਾਲੀਆਂ ਆਦਿ ਨਾਲੋਂ ਰਿਸ਼ਤਾ ਟੁੱਟ ਕੇ ਇੱਕ ਨਵਾਂ ਸਮਾਜ ਉੱਸਰੇਗਾ।

ਇਸ ਤਰ੍ਹਾਂ ਸਮਾਜਿਕ ਪੱਖ ਤੋਂ ਵਿਸ਼ਵੀਕਰਨ ਦਾ ਅਰਥ ਹੈ – ਵਿਸ਼ਵ ਦਾ ਇੱਕ ਪਿੰਡ ਦਾ ਰੂਪ ਧਾਰਨ ਕਰਨਾ, ਵਿਸ਼ਵ ਪੱਧਰ 'ਤੇ ਇੱਕ ਕਿਸਮ ਦੇ ਵਿਸ਼ਵਾਸਾਂ, ਸਮਾਜਿਕ ਮੁੱਲਾਂ ਤੇ ਚੇਤਨਤਾ ਦਾ ਹੋਣਾ ਅਤੇ ਵਿਸ਼ਵ ਦੇ ਸਾਰੇ ਦੇਸ਼ਾਂ ਦਾ ਆਰਥਿਕ, ਸਮਾਜਿਕ ਤੇ ਸਭਿਆਚਾਰਕ ਆਦਾਨ-ਪ੍ਰਦਾਨ ਹੋਣਾ ਪਰੰਤੂ ਸੂਚਨਾ ਤਕਨਾਲੋਜੀ ਦੇ ਵਿਕਾਸ ਨਾਲ ਪੂਰੇ ਸਮਾਜ ਦਾ ਆਰਥਿਕ ਪੱਖੋਂ ਵਿਕਾਸ ਕਰਨਾ ਸੰਭਵ ਨਹੀਂ ਜਾਪਦਾ। ਜਿਵੇਂ ਕਿ ਭੂਮੀ ਅਤੇ ਪੂੰਜੀ ਤੱਕ ਬਹੁਤ ਘੱਟ ਲੋਕਾਂ ਦੀ ਪਹੁੰਚ ਹੈ। ਉਸ ਤਰ੍ਹਾਂ ਸੂਚਨਾ ਤਕਨਾਲੋਜੀ ਤੱਕ ਕੀ ਹਰ ਕਿਸੇ ਦੀ ਪਹੁੰਚ ਹੋ ਸਕੇਗੀ? ਭਾਵੇਂ ਕਿ ਵਿਸ਼ਵੀਕਰਨ ਦੇ ਦੌਰ ਵਿਚ ਹਰ ਕਿਸੇ ਨੂੰ ਸੂਚਨਾ ਤਕਨਾਲੋਜੀ ਗ੍ਰਹਿਣ ਕਰਨ ਦਾ ਅਧਿਕਾਰ ਹੋਵੇਗਾ। ਜੇਕਰ ਇਹ ਗੱਲ ਸਹੀ ਸਾਬਤ ਹੋਵੇ ਤਾਂ ਨਿਸ਼ਚੇ ਹੀ ਇਹ ਮਨੁੱਖੀ ਸਮਾਜ ਦੀ ਅੱਜ ਤੱਕ ਦੀ ਸਭ ਤੋਂ ਵੱਡੀ ਤਬਦੀਲੀ ਹੋਵੇਗੀ। ਇਸ ਤਕਨਾਲੋਜੀ ਨਾਲ ਸਮਾਜਿਕ ਬਰਾਬਰਤਾ ਭਾਵ ਜਮਾਤੀ ਵੰਡ, ਉਚ-ਨੀਚ ਤੇ ਵੈਰ-ਵਿਰੋਧ ਸਭ ਖ਼ਤਮ ਹੋ ਜਾਣਗੇ ਪਰ ਬਹੁਤ ਸਾਰੀਆਂ ਸਮਾਜਿਕ ਪ੍ਰਸਥਿਤੀਆਂ ਸਾਡੇ ਸਾਹਮਣੇ ਖੜ੍ਹੀਆਂ ਨਜ਼ਰ ਆ ਰਹੀਆਂ ਹਨ ਜਿਨ੍ਹਾਂ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਵਿਸ਼ਵੀਕਰਨ ਨਾਲ ਅਜਿਹੀ ਸਮਾਜਿਕ ਕ੍ਰਾਂਤੀ ਦੀ ਕੋਈ ਸੰਭਾਵਨਾ ਨਹੀਂ ਹੈ ਕਿਉਂਕਿ ਹਰ ਖੇਤਰ ਵਿਚ ਸੂਚਨਾ ਤਕਨਾਲੋਜੀ ਲਗਾਤਾਰ ਜਟਿਲ ਹੁੰਦੀ ਜਾ ਰਹੀ ਹੈ। ਸੂਚਨਾ ਤਕਨਾਲੋਜੀ ਭਾਵੇਂ ਕਿੰਨੀ ਵੀ ਮੌਜੂਦ ਕਿਉਂ ਨਾ ਹੋਵੇ ਅਤੇ ਹਰ ਇੱਕ ਲਈ ਉਪਲਬਧ ਵੀ ਹੋਵੇ ਪਰ ਇਸ ਨੂੰ ਗ੍ਰਹਿਣ ਕਰਨਾ ਕੇਵਲ ਅਮੀਰ ਵਰਗ ਲਈ ਹੀ ਸੰਭਵ ਹੋ ਸਕੇਗਾ। ਗ਼ਰੀਬ ਲੋਕ ਸੂਚਨਾ ਤਕਨਾਲੋਜੀ ਉਪਲਬਧ ਹੋਣ ਦੇ ਬਾਵਜੂਦ ਇਸ ਤੋਂ ਵਾਂਝੇ ਹੀ ਰਹਿਣਗੇ। ਦੂਜਾ ਸੂਚਨਾ ਤਕਨਾਲੋਜੀ ਨੂੰ ਵਰਤੋਂ ਵਿਚ ਲਿਆਉਣ ਲਈ ਬਹੁਤ ਉੱਚ ਪੱਧਰ ਦੀ ਬੌਧਿਕਤਾ ਅਤੇ ਪ੍ਰਬੰਧਕੀ

ਕੁਸ਼ਲਤਾ ਦੀ ਲੋੜ ਹੁੰਦੀ ਹੈ। ਇਹ ਬੌਧਿਕਤਾ ਅਤੇ ਨਿਪੁੰਨਤਾ ਸਮਾਜ ਵਿਚ ਬਹੁਤੇ ਲੋਕਾਂ ਕੋਲ ਹੋਣੀ ਸੰਭਵ ਨਹੀਂ ਹੈ।

ਸੂਚਨਾ ਤਕਨਾਲੋਜੀ ਨੂੰ ਅਮਲ ਵਿਚ ਲਿਆਉਣ ਲਈ ਅਤਿ ਆਧੁਨਿਕ ਕਿਸਮ ਦੇ 'ਸਾਫਟਵੇਅਰ' (Software) ਅਤੇ ਮਸ਼ੀਨਾਂ ਦੀ ਜ਼ਰੂਰਤ ਪਵੇਗੀ ਜਿਹੜੀਆਂ ਕਿ ਬਹੁਤ ਮਹਿੰਗੀਆਂ ਹੋਣ ਕਾਰਨ ਆਮ ਆਦਮੀ ਦੀ ਸਮਰੱਥਾ ਤੋਂ ਬਾਹਰ ਹੋਣਗੀਆਂ। ਸੂਚਨਾ ਤਕਨਾਲੋਜੀ ਜਾਂ ਉਦਯੋਗਿਕ ਕ੍ਰਾਂਤੀ ਤੋਂ ਉਪਜਿਆ ਸਮਾਜਵਾਦ ਅਤੇ ਵਿਸ਼ਵੀਕਰਨ ਦੇ ਸਿਧਾਂਤਾਂ ਪਿੱਛੇ ਕੰਮ ਕਰਦੀਆਂ ਸ਼ਕਤੀਆਂ ਦਾ ਨਜ਼ਰੀਆ ਗ਼ਰੀਬ ਅਤੇ ਵਿਕਾਸ ਕਰ ਰਹੇ ਦੇਸ਼ਾਂ ਪ੍ਰਤਿ ਸੰਦੇਹਜਨਕ ਹੋਵੇਗਾ। ਸੂਚਨਾ ਤਕਨਾਲੋਜੀ ਸਮਾਜ ਵਿਚਲੀ ਵੰਨ-ਸੁਵੰਨਤਾ ਅਤੇ ਵਿਭਿੰਨਤਾ ਨੂੰ ਖ਼ਤਮ ਕੀਤੇ ਬਿਨਾਂ ਕੀ ਵਿਸ਼ਵ ਭਾਈਚਾਰੇ ਨੂੰ ਸੰਗਠਿਤ ਕਰ ਸਕੇਗੀ? ਉਪਰੋਕਤ ਚਰਚਾ ਤੋਂ ਅਸੀਂ ਕੁੱਝ ਸਪੱਸ਼ਟ ਨਤੀਜੇ ਕੱਢ ਸਕਦੇ ਹਾਂ :

1. ਵਿਸ਼ਵੀਕਰਨ ਨਾਲ ਪਰਿਵਾਰ ਅਤੇ ਪਰਿਵਾਰਕ ਰਿਸ਼ਤਿਆਂ ਵਿਚ ਭੰਨ-ਤੋੜ ਹੋ ਜਾਵੇਗੀ ਕਿਉਂਕਿ ਪਰਿਵਾਰ ਹੀ ਸਮਾਜ ਦੀ ਇੱਕ ਅਜਿਹੀ ਸ਼ਾਖ ਹੈ ਜਿਸਦੇ ਅਧਾਰ 'ਤੇ ਇੱਕ ਨਰੋਏ ਸਮਾਜ ਦੀ ਸਿਰਜਨਾ ਹੋ ਸਕਦੀ ਹੈ।

2. ਬਹੁ-ਕੌਮੀ ਕੰਪਨੀਆਂ ਦਾ ਮੁੱਖ ਉਦੇਸ਼ ਮੁਨਾਫ਼ਾ ਕਮਾਉਣਾ ਹੈ। ਸਮਾਜਿਕ ਸੁਰੱਖਿਆ ਜਾਂ ਸਮਾਜਿਕ ਨਿਆਂ ਵੱਲ ਇਨ੍ਹਾਂ ਦਾ ਧਿਆਨ-ਨਾ-ਮਾਤਰ ਹੈ। ਇਸ ਤਰ੍ਹਾਂ ਵਿਸ਼ਵੀਕਰਨ ਰਾਹੀਂ ਵਿਚਾਰਧਾਰਕ ਤਬਦੀਲੀ ਸਰਮਾਏਦਾਰੀ ਸਮਾਜ ਦੀ ਖੁੱਲ੍ਹੀ ਹਮਾਇਤ ਹੀ ਨਹੀਂ ਸਗੋਂ ਕਲਿਆਣਕਾਰੀ ਰਾਜ ਤੋਂ ਮੂੰਹ ਮੋੜਨ ਵਾਲੇ ਪਾਸੇ ਦੀ ਗੱਲ ਵੀ ਹੈ। ਇਨ੍ਹਾਂ ਪ੍ਰਸਥਿਤੀਆਂ ਵਿਚ ਮੌਜੂਦਾ ਵਿਸ਼ਵੀਕਰਨ ਦੀ ਪ੍ਰਕਿਰਿਆ ਨੂੰ ਸਮਾਜਿਕ ਪ੍ਰਸਥਿਤੀਆਂ ਵਿਚ ਸਰਮਾਏਦਾਰੀ ਵਿਸ਼ਵੀਕਰਨ ਕਿਹਾ ਜਾ ਸਕਦਾ ਹੈ। ਇਹ ਸਾਰੇ ਵਿਸ਼ਵ ਨੂੰ ਸਰਮਾਏ ਦੀ ਖੁੱਲ੍ਹੀ ਮੰਡੀ ਵਿਚ ਤਬਦੀਲ ਕਰਨ ਦੀ ਪ੍ਰਕਿਰਿਆ ਹੈ। ਇਸ ਵਿਚ ਸਮਾਜ ਦੇ ਕਿਰਤੀ ਅਤੇ ਮਿਹਨਤਕਸ਼ ਵਰਗਾਂ ਦੇ ਹੱਕਾਂ ਵਿਚ ਬਣੇ ਕਾਨੂੰਨਾਂ ਨੂੰ ਬਦਲਣ ਜਾਂ ਖ਼ਤਮ ਕਰਨ ਦੀ ਗੱਲ ਹੈ।

3. ਵਿਸ਼ਵੀਕਰਨ ਦੇ ਦੌਰ ਵਿਚ ਸੂਚਨਾ ਤਕਨਾਲੋਜੀ ਦੀ ਸਰਦਾਰੀ ਹੋਵੇਗੀ ਅਤੇ ਇਸ ਨੂੰ ਗ੍ਰਹਿਣ ਕਰਨਾ ਸਮਾਜ ਦੇ ਨਿਮਨ ਵਰਗ ਲਈ ਬਹੁਤ ਮੁਸ਼ਕਿਲ ਕੰਮ ਹੋਵੇਗਾ। ਆਰਥਿਕ ਵਸੀਲਿਆਂ ਦੀ ਘਾਟ ਕਾਰਨ ਉਹ ਇਸ ਮਹਿੰਗੀ ਪੜ੍ਹਾਈ ਨੂੰ ਗ੍ਰਹਿਣ ਕਰਨ ਤੋਂ ਵਾਂਝੇ ਰਹਿ ਜਾਣਗੇ। ਜਿਸ ਨਾਲ ਸਮਾਜ ਵਿਚ ਬੇਰੁਜ਼ਗਾਰੀ ਦੀ ਸਮੱਸਿਆ ਪੈਦਾ ਹੋ ਸਕਦੀ ਹੈ ਅਤੇ ਇਹ ਸਮੱਸਿਆ ਸਮਾਜ ਵਿਚ ਨਾਂਹ-ਪੱਖੀ ਜਾਂ ਮਾਰੂ ਪ੍ਰਸਥਿਤੀਆਂ ਪੈਦਾ ਕਰ ਸਕਦੀ ਹੈ।

### 3. ਆਰਥਿਕ ਪ੍ਰਸਥਿਤੀਆਂ

ਆਰਥਿਕ ਪੱਖ ਤੋਂ ਵਿਸ਼ਵੀਕਰਨ ਦਾ ਅਰਥ ਹੈ – ਵਿਸ਼ਵ ਦੀਆਂ ਆਰਥਿਕਤਾਵਾਂ ਦਾ ਆਪਸ ਵਿਚ ਜੁੜਨਾ ਤੇ ਆਪਸੀ ਨਿਰਭਰਤਾ ਦਾ ਵਧਣਾ ਜਾਂ ਇੱਕ ਵਿਸ਼ਵ ਮੰਡੀ ਦਾ ਕਾਇਮ ਹੋ ਜਾਣਾ। ਜਿਸ ਨਾਲ ਦੇਸ਼ਾਂ ਵਿਚ ਆਰਥਿਕ ਹੱਦ-ਬੰਦੀਆਂ ਖ਼ਤਮ ਹੋ ਜਾਣਗੀਆਂ ਅਤੇ ਵਸਤੂਆਂ, ਸੇਵਾਵਾਂ ਜਾਂ ਨੌਕਰੀਆਂ, ਤਕਨੀਕੀ ਵਿਗਿਆਨ, ਪੂੰਜੀ ਤੇ ਕਿਰਤ ਦਾ ਵਿਸ਼ਵ ਪੱਧਰ 'ਤੇ ਏਕੀਕਰਨ ਹੋ ਜਾਵੇਗਾ।

ਵਿਸ਼ਵੀਕਰਨ ਦੇ ਸਮਰੱਥਕਾਂ ਦਾ ਕਹਿਣਾ ਹੈ ਕਿ ਬਹੁ-ਕੌਮੀ ਕੰਪਨੀਆਂ ਸਾਰੇ ਦੇਸ਼ਾਂ ਦੀਆਂ ਉਤਪਾਦਨ ਸਮਰੱਥਾਵਾਂ ਨੂੰ ਵਧਾਉਣਗੀਆਂ। ਰੁਜ਼ਗਾਰ ਦੇ ਮੌਕੇ ਵਧਣਗੇ। ਲੋਕਾਂ ਦੀ ਆਮਦਨ ਵਧੇਗੀ ਅਤੇ ਜੀਵਨ ਪੱਧਰ ਉੱਚਾ ਹੋਵੇਗਾ। ਕਈ ਵਿਦਵਾਨਾਂ ਦਾ ਮੱਤ ਹੈ ਕਿ ਬਸਤੀਵਾਦੀ ਯੁੱਗ ਦਾ ਵਿਸ਼ਵੀਕਰਨ ਅਤੇ ਹੁਣ (ਨਵ-ਬਸਤੀਵਾਦ) ਦੇ ਸਮੇਂ ਦਾ ਵਿਸ਼ਵੀਕਰਨ ਮੂਲੋਂ ਹੀ ਵੱਖਰੇ ਵਰਤਾਰੇ ਹਨ ਪਰੰਤੂ ਜਦੋਂ ਅਸੀਂ ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਦੇ ਪਿੱਛੇ ਕੰਮ ਕਰ ਰਹੀਆਂ ਧਿਰਾਂ ਦੇ ਹਿੱਤਾਂ ਜਾਂ ਸਵਾਰਥਾਂ ਦੀ ਪਰਖ-ਪੜਚੋਲ ਕਰਦੇ ਹਾਂ ਤਾਂ ਸਾਨੂੰ ਦੋਹਾਂ ਵਿਚ ਕੁੱਝ ਵੀ ਵੱਖਰਾ ਨਜ਼ਰ ਨਹੀਂ ਆਉਂਦਾ। ਇਹ ਗੱਲ ਤਾਂ ਮੰਨੀ ਜਾ ਸਕਦੀ ਹੈ ਕਿ ਪੁਰਾਣੇ ਪੂੰਜੀਵਾਦ ਅਤੇ ਨਵ-ਪੂੰਜੀਵਾਦ ਦੇ ਮੁਹਾਂਦਰੇ ਵੱਖੋ-ਵੱਖਰੇ ਹਨ। ਪਰ ਇਨ੍ਹਾਂ ਮੁਹਾਂਦਰਿਆਂ ਵਿਚ ਮਾਨਵ-ਹਿਤੈਸ਼ੀ ਧਿਰਾਂ ਦੀ ਸਰਗਰਮ ਸ਼ਮੂਲੀਅਤ ਨਜ਼ਰ ਨਹੀਂ ਆਉਂਦੀ। ਇਸ ਕਰਕੇ ਇਨ੍ਹਾਂ ਦੇ

ਸਿੱਟੇ ਵੀ ਪਹਿਲਾਂ ਵਰਗੇ ਹੀ ਨਿਕਲਣਗੇ। ਹਾਂ, ਜੇਕਰ ਸਮਾਨਤਾਵਾਂ ਦੀ ਗੱਲ ਕਰੀਏ ਤਾਂ ਆਖ ਸਕਦੇ ਹਾਂ ਕਿ ਅੰਤਰ-ਰਾਸ਼ਟਰੀ ਆਰਥਿਕ ਵਟਾਂਦਰਿਆਂ ਦੇ ਰਸਤੇ ਵਿਚ ਆਉਣ ਵਾਲੀਆਂ ਰੁਕਾਵਟਾਂ ਨੂੰ ਖ਼ਤਮ ਕਰਨਾ ਜਾਂ ਇਨ੍ਹਾਂ ਰੁਕਾਵਟਾਂ ਦੀ ਪੂਰਨ ਅਣਹੋਂਦ, ਨਵੀਂ ਤਕਨਾਲੋਜੀ ਦਾ ਲਗਾਤਾਰ ਵਿਕਾਸ, ਉਦਯੋਗਿਕ ਸੰਗਠਨ ਦੇ ਨਵੇਂ ਤੋਂ ਨਵੇਂ ਰੂਪਾਂ ਦਾ ਉਭਾਰ ਕੁੱਝ ਦੇਸ਼ਾਂ ਦੀ ਆਰਥਿਕ ਚੜ੍ਹਤ ਜਾਂ ਸਰਦਾਰੀ ਆਦਿ ਸਾਂਝੇ ਲੱਛਣ ਹਨ। ਜੋ ਅਸੀਂ ਸਾਮਰਾਜਵਾਦ ਦੇ ਵਿਸਤਾਰ ਦੇ ਪਹਿਲੇ ਬਸਤੀਵਾਦੀ ਯੁੱਗ ਅਤੇ ਹੁਣ (ਨਵ-ਬਸਤੀਵਾਦ) ਦੇ ਪੜਾਅ ਵਿਚ ਵੇਖ ਸਕਦੇ ਹਾਂ।

ਸਾਮਰਾਜਵਾਦੀ ਮੁਲਕਾਂ ਦੇ ਹਾਕਮ ਇਹ ਦਲੀਲ ਦਿੰਦੇ ਹਨ ਕਿ ਦੁਨੀਆਂ ਭਰ ਦੇ ਸਾਰੇ ਦੇਸ਼ਾਂ ਨੂੰ ਆਪਣੀਆਂ ਵਸਤਾਂ, ਪੂੰਜੀ, ਵਿੱਤ ਅਤੇ ਸੂਚਨਾ-ਸਾਧਨਾਂ ਦੇ ਆਪਸੀ ਲੈਣ-ਦੇਣ ਨੂੰ ਵਧਾਉਣਾ ਚਾਹੀਦਾ ਹੈ। ਹਾਕਮਾਂ ਦਾ ਖਿਆਲ ਹੈ ਕਿ ਇਸ ਦੇ ਸਿੱਟੇ ਵਜੋਂ ਆਪਸੀ ਨਿਰਭਰਤਾ ਅਤੇ ਆਰਥਿਕ ਨਜ਼ਦੀਕੀਆਂ ਵਧਣਗੀਆਂ। ਅਜਿਹਾ ਕਰਨ ਲਈ ਉਹ ਕਦੇ ਵਿਸ਼ਵ ਬੈਂਕ ਰਾਹੀਂ, ਕਦੇ ਅੰਤਰ-ਰਾਸ਼ਟਰੀ ਮੁਦਰਾ ਕੋਸ਼ ਰਾਹੀਂ, ਕਦੇ ਵਿਸ਼ਵ ਵਪਾਰ ਸੰਗਠਨ ਰਾਹੀਂ ਅਤੇ ਕਦੇ ਆਪ ਸਿੱਧੇ ਤੌਰ 'ਤੇ ਗ਼ਰੀਬ ਦੇਸ਼ਾਂ ਉੱਪਰ ਦਬਾਅ ਪਾਉਂਦੇ ਹਨ। ਮਹੱਤਵਪੂਰਨ ਗੱਲ ਇਹ ਹੈ ਕਿ ਸਾਮਰਾਜਵਾਦੀ ਦੇਸ਼ਾਂ ਦੇ ਹਾਕਮ ਪੂਰੀ ਦੁਨੀਆਂ ਵਿਚ ਪੂੰਜੀ ਦੇ ਬੇਰੋਕ ਨਿਵੇਸ਼ ਲਈ ਤਾਂ ਕਹਿ ਰਹੇ ਹਨ ਪਰ ਉਹ ਬੇਰੋਕ-ਟੋਕ ਆਉਣ-ਜਾਣ ਵਾਲੇ ਸਿਧਾਂਤਾਂ ਨੂੰ ਲਾਗੂ ਨਹੀਂ ਕਰਨਾ ਚਾਹੁੰਦੇ। ਇਨ੍ਹਾਂ ਸਾਮਰਾਜਵਾਦੀ ਦੇਸ਼ਾਂ ਕੋਲ ਬਸਤੀਵਾਦ ਦੇ ਸਮੇਂ ਦੌਰਾਨ ਲੁੱਟ-ਖਸੁੱਟ ਦੁਆਰਾ ਕਮਾਈ ਗਈ ਅੰਤਾਂ ਦੀ ਪੂੰਜੀ ਮੌਜੂਦ ਹੈ ਅਤੇ ਉਹ ਹੁਣ ਇਸ ਪੂੰਜੀ ਨੂੰ ਪਛੜੇ ਮੁਲਕਾਂ ਵਿਚ ਲਗਾ ਕੇ ਹੋਰ ਮੁਨਾਫ਼ਾ ਕਮਾਉਣਾ ਚਾਹੁੰਦੇ ਹਨ। ਪ੍ਰਸਿੱਧ ਅਰਥ ਸ਼ਾਸਤਰੀ ਹੈਰੀ ਮੈਗਡਾਫ ਆਪਣੀ ਪੁਸਤਕ Essays on Imperialism & Globalization ਵਿਚ ਵਿਸ਼ਵੀਕਰਨ ਦੀ ਬੁਨਿਆਦੀ ਵਿਸ਼ੇਸ਼ਤਾ ਬਾਰੇ ਲਿਖਦੇ ਹਨ :

> ਵਿਸ਼ਵੀਕਰਨ ਦੇ ਵਰਤਾਰੇ ਨੇ ਦੁਨੀਆਂ ਦੇ ਆਰਥਿਕ ਅਤੇ ਰਾਜਨੀਤੀ ਵਿਚ ਅਨੇਕਾਂ ਨਵੇਂ ਬਦਲਾਵ ਲਿਆਂਦੇ ਹਨ ਪ੍ਰੰਤੂ

> ਪੂੰਜੀਵਾਦੀ ਦੇ ਬੁਨਿਆਦੀ ਤੌਰ ਤਰੀਕਿਆਂ ਵਿਚ ਕੋਈ ਬਦਲਾਵ ਨਹੀਂ ਲਿਆਂਦਾ ਤੇ ਨਾ ਹੀ ਇਸ ਨੇ ਖ਼ੁਸ਼ਹਾਲੀ ਅਤੇ ਸ਼ਾਂਤੀ ਵਿਚ ਕੋਈ ਵਾਧਾ ਕੀਤਾ ਹੈ।[12]

ਆਰਥਿਕਤਾ ਉੱਪਰ ਸਭ ਤੋਂ ਵੱਧ ਪ੍ਰਭਾਵ ਸਮਾਜ-ਸਭਿਆਚਾਰਕ ਮਾਡਲ ਦਾ ਪੈਂਦਾ ਹੈ। ਸਮਾਜ ਇੱਕ ਜੀਵਿਤ ਪ੍ਰਬੰਧ ਹੈ। ਇਸ ਵਿਚ ਮਨੁੱਖ ਅਤੇ ਮਨੁੱਖੀ ਰਿਸ਼ਤੇ, ਮਨੁੱਖ ਦੇ ਕੁਦਰਤ ਅਤੇ ਕੁਦਰਤੀ ਵਸੀਲਿਆਂ ਨਾਲ ਰਿਸ਼ਤੇ ਅਤੇ ਇਨ੍ਹਾਂ ਸਭਨਾਂ ਦੀ ਕਾਰਜਸ਼ੀਲ ਸੰਗਠਨਕਾਰੀ ਸ਼ਾਮਿਲ ਹੈ। ਆਰਥਿਕਤਾ ਨੂੰ ਇਸ ਕਾਰਜਸ਼ੀਲ ਸੰਗਠਿਤ ਪ੍ਰਬੰਧ ਦੀ ਸਮੁੱਚਤਾ ਤੋਂ ਬਾਹਰ ਕੱਢ ਕੇ ਇਸਦੀ ਇਕੱਲਤਾ ਵਿਚ ਵੇਖਣਾ ਇੱਕ ਵੱਡੀ ਭੁੱਲ ਹੋਵੇਗੀ। ਆਰਥਿਕਤਾ, ਜਿਹੜੇ ਸਮਾਜਿਕ ਅਤੇ ਸਮਾਜਿਕ ਕਾਰਜਸ਼ੀਲ ਪ੍ਰਬੰਧਾਂ ਦਾ ਅਨਿੱਖੜਵਾਂ ਅੰਗ ਹੈ ਉਨ੍ਹਾਂ ਦੀ ਤਬਦੀਲੀ ਅਤੇ ਵਿਕਾਸ ਦੇ ਨਾਲ-ਨਾਲ ਆਰਥਿਕਤਾ ਵਿਚ ਵੀ ਤਬਦੀਲੀ ਹੁੰਦੀ ਰਹਿੰਦੀ ਹੈ। ਇਸ ਤਬਦੀਲੀ ਨੂੰ ਸਮਝਣ ਲਈ ਅਜਿਹੇ ਸਿਧਾਂਤਕ ਮਾਡਲਾਂ ਦੀ ਜ਼ਰੂਰਤ ਹੈ ਜਿਹੜੇ ਖ਼ੁਦ ਵੀ ਗਤੀਸ਼ੀਲ ਤੇ ਵਿਕਾਸਮਈ ਹੋਣ। ਜਿਵੇਂ ਗੁਰੂ ਨਾਨਕ ਦੇਵ ਦੀ ਵਿਚਾਰਧਾਰਾ ਦਾ ਮਾਡਲ ਆਪਣੀ ਅੰਦਰੂਨੀ ਵੰਨ-ਸੁਵੰਨਤਾ ਨਾਲ ਲਗਾਤਾਰ ਇੱਕ ਸੰਵਾਦ ਵਿਚ ਰਹਿਣ ਕਾਰਨ ਕੇਵਲ ਗਤੀਸ਼ੀਲ ਤੇ ਵਿਕਾਸਮਈ ਹੀ ਨਹੀਂ ਸਗੋਂ ਆਪਣੇ ਇਸ ਸੰਵਾਦੀ ਲਚਕੀਲੇਪਣ ਕਰਕੇ ਸਥਾਨਕ ਕਾਰਜ ਕੁਸ਼ਲਤਾ ਨੂੰ ਵਿਸ਼ਵ-ਪੱਧਰੀ ਸੋਚ ਨਾਲ ਸੰਗਠਿਤ ਕਰਨ ਦੀ ਸਮਰੱਥਾ ਵੀ ਰੱਖਦਾ ਹੈ।

ਵਿਸ਼ਵੀ-ਅਰਥਚਾਰੇ ਦੀ ਬੁਨਿਆਦ ਉਦਯੋਗੀਕਰਨ ਅਤੇ ਸੂਚਨਾ ਤਕਨਾਲੋਜੀ ਉਤੇ ਅਧਾਰਿਤ ਹੈ। ਇਸਦਾ ਅਧਾਰ ਕੁਦਰਤੀ ਸੋਮਿਆਂ ਦੀ ਅਥਾਹ ਵਰਤੋਂ ਕਰਨਾ ਹੈ। ਲਾਗਤ ਤੋਂ ਕਈ ਪ੍ਰਤੀਸ਼ਤ ਵੱਧ ਮੁਨਾਫ਼ਾ ਕਮਾਉਣਾ ਹੈ। ਪੂੰਜੀ ਅਤੇ ਸਰਮਾਏਦਾਰੀ ਨਾਲ ਸ਼ਕਤੀਸ਼ਾਲੀ ਹੋਇਆ ਇੱਕ ਵਿਸ਼ੇਸ਼ ਵਰਗ, ਵੱਖ-ਵੱਖ ਪੱਧਰ ਦੇ ਗ਼ਰੀਬਾਂ ਦੀ ਮਿਹਨਤ ਦੀ ਲੁੱਟ-ਖਸੁੱਟ ਅਤੇ ਸ਼ੋਸ਼ਣ ਕਰਦਾ ਹੈ। ਵਿਸ਼ਵ ਧਰਾਤਲ ਤੇ ਇਹ ਅਮੀਰ ਵਰਗ ਵਿਸ਼ਵੀਕਰਨ ਦੀ ਆੜ ਵਿਚ ਮੰਡੀਕਰਨ ਲਈ ਨਵੀਆਂ ਮੰਡੀਆਂ ਦੀ ਭਾਲ ਕਰਦਾ ਹੈ ਅਤੇ ਵਿਸ਼ਵ ਪੱਧਰ ਦੇ ਉਦਯੋਗਾਂ ਤੋਂ ਕਮਾਏ

ਮੁਨਾਫ਼ੇ ਨਾਲ ਐਸ਼-ਪ੍ਰਸਤੀ ਕਰਦਾ ਹੈ ਜਿਸ ਨਾਲ ਸਭਿਆਚਾਰਕ ਅਸ਼ਲੀਲਤਾ ਫੈਲਦੀ ਹੈ ਤੇ ਵਿਸ਼ਵ ਵਿਚ ਇਨ੍ਹਾਂ ਮਹਾਂਸ਼ਕਤੀਆਂ ਦਾ ਵਿਸਤਾਰ ਹੁੰਦਾ ਹੈ। ਇਸ ਹਾਲਤ ਵਿਚ ਵਿਸ਼ਵੀਕਰਨ ਦਾ ਦੌਰ ਸਮੁੱਚੇ ਤੌਰ ’ਤੇ ਵਿਸ਼ਵੀ ਵਿਨਾਸ਼ ਦੀਆਂ ਪ੍ਰਸਥਿਤੀਆਂ ਪੈਦਾ ਕਰ ਸਕਦਾ ਹੈ। ਇਹ ਠੀਕ ਹੈ ਕਿ ਵਿਸ਼ਵ-ਆਰਥਿਕਤਾ ਦੇ ਵਿਕਾਸ ਨਾਲ ਗਿਆਨ, ਵਿਗਿਆਨ ਅਤੇ ਸੂਚਨਾ ਤਕਨਾਲੋਜੀ ਦੇ ਖੇਤਰਾਂ ਵਿਚ ਵਾਧਾ ਹੋਇਆ ਹੈ ਪਰੰਤੂ ਇਸ ਨਾਲ ਅਜਿਹੀਆਂ ਪ੍ਰਸਥਿਤੀਆਂ ਪੈਦਾ ਹੋ ਗਈਆਂ ਹਨ ਕਿ ਰਾਜਨੀਤੀ ਤੇ ਸੱਤਾ ਦੀਆਂ ਸੰਸਥਾਵਾਂ ਵਿਚੋਂ ਧਰਮ ਅਤੇ ਨੈਤਿਕਤਾ ਨੂੰ ਹੌਲੀ-ਹੌਲੀ ਖਾਰਜ ਕਰ ਦਿੱਤਾ ਗਿਆ ਹੈ। ਉਸੇ ਤਰ੍ਹਾਂ ਵਿਸ਼ਵ-ਆਰਥਿਕਤਾ ਦੇ ਵਿਕਾਸ ਪੜਾਵਾਂ ਵਿਚੋਂ ਰੱਬੀ ਭੈਅ ਅਤੇ ਧਰਮ ਜੋ ਸੰਜਮੀ ਜੀਵਨ ਜਿਉਣ ਦੇ ਉਪਦੇਸ਼ ਦਿੰਦਾ ਹੈ, ਉਸ ਨੂੰ ਵੀ ਖਾਰਜ ਕਰ ਦਿੱਤਾ ਗਿਆ ਹੈ।

ਉਪਰੋਕਤ ਵਿਚਾਰਾਂ ਦੇ ਅਧਾਰ ਤੇ ਵਿਸ਼ਵ-ਅਰਥਚਾਰੇ ਦੇ ਪ੍ਰਸੰਗ ਵਿਚ ਚਰਚਾ ਕਰੀਏ ਤਾਂ ਕੁੱਝ ਪ੍ਰਸਥਿਤੀਆਂ ਤਹਿਤ ਇਹ ਗੱਲਾਂ ਸਪੱਸ਼ਟ ਹੋ ਜਾਂਦੀਆਂ ਹਨ :

1. ਗਿਆਨ ਅਤੇ ਉਸ ਤੋਂ ਸੱਖਣੇ ਮਨੁੱਖ ਸਮਾਜ ਲਈ ਖ਼ਤਰਨਾਕ ਪ੍ਰਸਥਿਤੀਆਂ ਪੈਦਾ ਕਰ ਸਕਦੇ ਹਨ।

2. ਧਰਮ ਅਤੇ ਕਿਰਤ ਦੀ ਕਮਾਈ ਤੋਂ ਸੱਖਣਾ ਵਿਅਕਤੀ ਸਮਾਜ ਵਿਚ ਆਪਣੀ ਹੋਂਦ ਅਤੇ ਪਹਿਚਾਣ ਗੁਆ ਲਵੇਗਾ।

3. ਮਾਣ-ਸਤਿਕਾਰ ਨੂੰ ਬਰਕਰਾਰ ਰੱਖਣ ਵਾਲਾ ਧਾਰਮਿਕ ਵਿਅਕਤੀ ਕਿਸੇ ਤਰ੍ਹਾਂ ਵੀ ਬੇਗਾਨੇ ਪੂੰਜੀਵਾਦੀ ਵਿਅਕਤੀ ਨੂੰ ਆਪਣਾ ਰਹਿਬਰ ਸਵੀਕਾਰ ਨਹੀਂ ਕਰੇਗਾ।

4. ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਕਿਰਤ ਕਰਨਾ, ਨਾਮ ਜਪਣਾ ਤੇ ਵੰਡ ਛਕਣਾ ਭਾਵ ਮਿਹਨਤ ਅਤੇ ਮੁਨਾਫ਼ੇ ਵਿਚੋਂ ਸਮਾਜ ਭਲਾਈ ਲਈ ਦਸਵੰਧ ਕੱਢਣਾ ਅਤੇ ਸੱਚ ਦੇ ਰਾਹ ਪੈ ਕੇ ਸੰਤੁਲਨ ਜੀਵਨ ਦੀ ਜਾਚ ਸਿਖਾਉਂਦੀ ਹੈ ਪਰੰਤੂ ਇਸਦੇ ਵਿਪਰੀਤ ਪੂੰਜੀਪਤੀ ਜਾਂ

ਪੂੰਜੀਵਾਦੀ ਵਿਅਕਤੀਆਂ ਵਿਚ ਉਪਰੋਕਤ ਧਾਰਨਾ ਦੀ ਲੱਗਭੱਗ ਅਣਹੋਂਦ ਹੁੰਦੀ ਹੈ। ਫਲਸਰੂਪ ਸਮਾਜਿਕ ਅਸੰਤੁਲਤਾ ਵਰਗੀਆਂ ਪ੍ਰਸਥਿਤੀਆਂ ਪੈਦਾ ਹੋ ਸਕਦੀਆਂ ਹਨ।

## 4. ਰਾਜਨੀਤਿਕ ਪ੍ਰਸਥਿਤੀਆਂ

ਵਿਸ਼ਵੀਕਰਨ ਵੱਖ-ਵੱਖ ਦੇਸ਼ਾਂ ਦੀਆਂ ਅੰਤਰਰਾਸ਼ਟਰੀ ਯੋਜਨਾਵਾਂ ਕਾਰਨ ਹੀ ਹੋਂਦ ਵਿਚ ਆਇਆ ਹੈ। ਪਹਿਲਾਂ-ਪਹਿਲਾਂ ਰੂਸ ਅਤੇ ਅਮਰੀਕਾ ਦੋ ਸ਼ਕਤੀਆਂ ਦੇ ਦੁਆਲੇ ਵਿਸ਼ਵ ਦੇ ਵਧੇਰੇ ਦੇਸ਼ ਇੱਕ ਜਾਂ ਦੋ ਧੜਿਆਂ ਵਿਚ ਵੰਡੇ ਹੋਏ ਸਨ। ਉੱਨੀਵੀਂ ਸਦੀ ਦੇ ਛੇਵੇਂ ਦਹਾਕੇ ਵਿਚ ਕੁੱਝ ਦੇਸ਼ਾਂ ਨੂੰ ਗੁੱਟ ਨਿਰਲੇਪ ਦੇਸ਼ਾਂ (Non aligned countries) ਵਜੋਂ ਜਥੇਬੰਦ ਕਰਨ ਦਾ ਯਤਨ ਕੀਤਾ ਗਿਆ। ਕਿਸੇ ਤਰ੍ਹਾਂ ਵਿਸ਼ਵ ਵਿਚ ਦੂਜੇ ਸੱਤਾ ਕੇਂਦਰਾਂ ਦੀ ਲੋੜ ਨੂੰ ਮੁੱਖ ਰੱਖ ਕੇ ਯੂਰਪ ਦੇ ਬਾਰਾਂ ਦੇਸ਼ਾਂ ਨੇ ਮਿਲਕੇ 1991 ਵਿੱਚ ਯੂਰਪੀ ਸੰਘ ਦਾ ਗਠਨ ਕਰ ਲਿਆ। ਇਸ ਵਿਚ ਸ਼ਾਮਿਲ ਕੌਮਾਂ ਦੀ ਭੂਗੋਲਿਕ ਤੇ ਰਾਜਨੀਤਿਕ ਵੱਖਰੀ ਪਹਿਚਾਣ ਨੂੰ ਮੰਨ ਕੇ ਇੱਕ ਸਾਂਝੇ ਸੰਵਿਧਾਨ, ਸਾਂਝੀ ਪਾਰਲੀਮੈਂਟ, ਸਾਂਝੀ ਵਿਦੇਸ਼ ਨੀਤੀ ਅਤੇ ਸਾਂਝੀ ਕਰੰਸੀ (currency) ਆਦਿ ਨਾਲ ਵਿਸ਼ਵ ਸ਼ਕਤੀ ਦਾ ਨਵਾਂ ਕੇਂਦਰ ਬਣਨ ਦੇ ਰਾਹ ਪੈ ਗਿਆ। ਇਸ ਤਰ੍ਹਾਂ ਦੇਸ਼ਾਂ ਦੀਆਂ ਇੱਕ-ਜੁੱਟ ਨੀਤੀਆਂ ਕਾਰਨ ਵਿਸ਼ਵੀਕਰਨ ਦਾ ਸੁਪਨਾ ਸਾਕਾਰ ਹੋਣ ਲੱਗਾ।

ਵਿਸ਼ਵੀਕਰਨ ਇੱਕ ਅਜਿਹੀ ਪ੍ਰਕਿਰਿਆ ਨੂੰ ਜਨਮ ਦਿੰਦਾ ਹੈ, ਜਿਸ ਦੇ ਫਲਸਰੂਪ ਪਰੰਪਰਾਗਤ ਪ੍ਰਭੂਸੱਤਾ (sovereignty), ਸੰਵਿਧਾਨਿਕ ਪ੍ਰਭੂਤਾ, ਅਖੰਡਤਾ ਅਤੇ ਨਾਗਰਿਕਾਂ ਦੇ ਅਧਿਕਾਰ ਦੇ ਰੂਪ ਵਿਚ ਪਰਿਵਰਤਨ ਆਇਆ ਹੈ। ਇਸ ਪਰਿਵਰਤਨ ਦੇ ਪ੍ਰਮੁੱਖ ਕਾਰਨ ਵੀਹਵੀਂ ਸ਼ਤਾਬਦੀ ਵਿਚ ਰਾਜ ਦੀ ਬਣਤਰ ਦਾ ਬਦਲਣਾ ਹੈ। ਵਿਸ਼ਵੀਕਰਨ ਇਸ ਬਦਲਾਵ ਨੂੰ ਇੱਕ ਅਜਿਹੀ ਦਿਸ਼ਾ ਵੱਲ ਲਿਜਾਂਦਾ ਹੈ, ਜਿੱਥੇ ਇੱਕ ਵਿਅਕਤੀ ਦਾ ਅਧਿਕਾਰ ਅਤੇ ਉਸਦੇ ਮੁਢਲੇ ਅਧਿਕਾਰਾਂ ਦਾ ਘਾਣ (Violation of Basic rights ) ਜੋ ਕਿ ਇੱਕ ਰਾਜ ਦਾ ਮਸਲਾ ਨਾ ਰਹਿ ਕੇ ਪੂਰੇ ਵਿਸ਼ਵ ਦੇ ਚਿੰਤਨ ਦਾ ਵਿਸ਼ਾ ਬਣ ਜਾਂਦਾ ਹੈ। ਉਦਾਹਰਣ ਦੇ ਤੌਰ 'ਤੇ ਜਦੋਂ ਅਸੀਂ ਭਾਰਤੀ

ਪਰਿਪੇਖ ਵਿਚ ਸਟੇਟ ਦੁਆਰਾ ਮਾਨਵੀ-ਅਧਿਕਾਰਾਂ ਦੇ ਘਾਣ ਦੀ ਗੱਲ ਕਰੀਏ ਤਾਂ ਕਸ਼ਮੀਰ ਦੀ ਅਜ਼ਾਦੀ ਦੀ ਮੰਗ ਕਰ ਰਹੇ ਨੌਜਵਾਨਾਂ ਦਾ ਸੁਰੱਖਿਆ ਦਲਾਂ ਦੁਆਰਾ ਮਾਰੇ ਜਾਣਾ ਜਾਂ ਉਹਨਾਂ ਦੀ ਅਵਾਜ਼ ਨੂੰ ਦਬਾਅ ਦੇਣਾ ਇੱਕ ਵਿਸ਼ਵ ਚਿੰਤਨ ਦਾ ਵਿਸ਼ਾ ਬਣਦਾ ਹੈ ਅਤੇ ਰਾਜਾਂ ਤੋਂ ਪਰ੍ਹੇ ਵਿਸ਼ਵੀਕਰਨ ਇੱਕ ਅਜਿਹੇ ਵਿਚਾਰ ਦਾ ਨਿਰਮਾਣ ਕਰਦਾ ਹੈ ਜਿਸਨੂੰ ਪਰੰਪਰਿਕ ਰਾਜ ਦਾ ਮਸਲਾ ਨਹੀਂ ਮੰਨਿਆ ਜਾਂਦਾ ਬਲਕਿ ਇੱਕ ਨਵੀਂ ਤਰ੍ਹਾਂ ਦੇ ਰਾਜਨੀਤਿਕ ਵਿਸ਼ਵੀਕਰਨ ਦੇ ਪ੍ਰਵਚਨ (Discourse) ਨੂੰ ਸਿਰਜਦਾ ਹੈ ਜਿਸ ਨੂੰ ਵਿਸ਼ਵੀਕਰਨ ਦੇ ਵਿਸ਼ੇਸ਼ ਪਰਿਮਾਣ ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ। ਵਿਸ਼ਵੀਕਰਨ ਦੇ ਬਾਰੇ ਜੌਨ ਬੇਲਿਸ (John Baylis), ਸਟੀਵ ਸਮਿੱਥ (Steve Smith) ਅਤੇ ਪੇਟਰੀਸੀਆ ਓਨਸ (Patricia owens) ਆਪਣੀ ਪੁਸਤਕ 'Globalization of World Politics' ਵਿਚ ਆਪਣੇ ਵਿਚਾਰ ਦਿੰਦੇ ਹੋਏ ਕਹਿੰਦੇ ਹਨ :

> ਵਿਸ਼ਵੀ ਰਾਜਨੀਤੀ ਸਾਡਾ ਧਿਆਨ ਉਸ ਨਾਜ਼ੁਕ ਵਿਸ਼ਵੀ-ਰਾਜਨੀਤਿਕਤਾ ਵੱਲ ਕੇਂਦਰਿਤ ਕਰਦੀ ਹੈ ਜਿਸ ਵਿਚ ਅੰਤਰਰਾਸ਼ਟਰੀ ਰਾਜਨੀਤਿਕ ਪ੍ਰਕਿਰਿਆ ਰਾਹੀਂ ਸਦਾਚਾਰਕ ਕਦਰਾਂ-ਕੀਮਤਾਂ ਨਿਰਧਾਰਿਤ ਕੀਤੀਆਂ ਜਾਂਦੀਆਂ ਹਨ ਅਤੇ ਨੀਤੀਆਂ ਨੂੰ ਲਾਗੂ ਕੀਤਾ ਜਾਂਦਾ ਹੈ।[13]

ਰਾਜਨੀਤਿਕ ਪ੍ਰਸਥਿਤੀਆਂ ਤਹਿਤ ਵਿਸ਼ਵੀਕਰਨ ਦਾ ਇੱਕ ਅਕਸ ਇਸ ਤਰ੍ਹਾਂ ਦਾ ਵੀ ਬਣਦਾ ਹੈ ਜਿਸ ਨੂੰ ਅਸੀਂ ਵਿਸ਼ਵ-ਵਿਆਪੀ ਰਾਜਨੀਤਿਕ ਸੰਸਥਾਵਾਂ ਦੇ ਇੱਕ ਜੁੱਟ (comopolitics) ਵਜੋਂ ਵੇਖ ਸਕਦੇ ਹਾਂ। ਜਿਹੜੀ ਇੱਕ ਨਵੀਂ ਨਾਗਰਿਕਤਾ ਨੂੰ ਜਨਮ ਦੇਵੇਗੀ। ਭਾਵ ਵਿਸ਼ਵੀਕਰਨ ਨਾਲ ਜਦੋਂ ਦੇਸ਼ ਦੀਆਂ ਸੀਮਾਵਾਂ ਖ਼ਤਮ ਹੋ ਜਾਣਗੀਆਂ ਤਾਂ ਉਨ੍ਹਾਂ ਦੇਸ਼ਾਂ ਦੇ ਨਾਗਰਿਕ ਵਿਸ਼ਵ ਨਾਗਰਿਕ ਬਣ ਜਾਣਗੇ। ਇਨ੍ਹਾਂ ਵਿਸ਼ਵ-ਨਾਗਰਿਕਾਂ ਦੇ ਆਪਣੇ ਨਿੱਜੀ ਰੀਤੀ-ਰਿਵਾਜ, ਸਭਿਆਚਾਰ ਅਤੇ ਭਾਸ਼ਾਈ ਆਦਿ ਹੱਕਾਂ ਨੂੰ ਕਿਵੇਂ ਸੁਰੱਖਿਅਤ ਕੀਤਾ ਜਾਵੇਗਾ? ਇਨ੍ਹਾਂ ਰਾਜਨੀਤਿਕ ਪ੍ਰਸਥਿਤੀਆਂ ਦੇ ਸੰਦਰਭ ਵਿਚ ਇੱਕ ਨਵਾਂ ਮਸਲਾ ਪੈਦਾ

ਹੋਵੇਗਾ। ਇਸ ਨਾਲ ਰਾਜਨੀਤਿਕ ਸੰਸਥਾਵਾਂ ਦਾ ਇੱਕ ਨਵੀਨ ਉੱਤਰ ਕੌਮੀ (Post National) ਅਧਿਆਇ ਖੁੱਲ੍ਹ ਜਾਵੇਗਾ।

ਹੁਣ ਸਵਾਲ ਇਹ ਉੱਠਦਾ ਹੈ ਕਿ ਵਿਸ਼ਵੀਕਰਨ ਦੀ ਰਾਜਨੀਤਿਕ ਪ੍ਰਕਿਰਿਆ ਜੋ ਕੌਮੀ ਸੱਤਾ (Nation State) ਦੀ ਹੱਦਬੰਦੀ ਨੂੰ ਤੋੜਦੀ ਹੈ ਅਤੇ ਕੌਮਾਂ ਦੇ ਸਾਹਮਣੇ ਨਵੀਆਂ ਪ੍ਰਸਥਿਤੀਆਂ ਤੇ ਚੁਣੌਤੀਆਂ ਖੜੀਆਂ ਕਰਦੀ ਹੈ। ਉਹਨਾਂ ਨੂੰ ਅਸੀਂ ਨੈਤਿਕ ਜਾਂ ਰਾਜਨੀਤਿਕ ਰੂਪ ਦੇ ਅੰਤਰਗਤ ਸਹੀ ਮੰਨੀਏ ਜਾਂ ਗਲਤ? ਇਹ ਇੱਕ ਗੰਭੀਰ ਚਿੰਤਨ ਦਾ ਵਿਸ਼ਾ ਹੈ ਪਰੰਤੂ ਇਸ ਤੋਂ ਇਹ ਵਿਚਾਰ ਸਿੱਧ ਹੁੰਦਾ ਹੈ ਕਿ ਵਿਸ਼ਵੀਕਰਨ ਨਵੀਆਂ ਰਾਜਨੀਤਿਕ ਪ੍ਰਸਥਿਤੀਆਂ, ਸੁਤੰਤਰਤਾ, ਮਾਨਵ ਅਧਿਕਾਰ, ਸਮਾਜ ਵਿਚ ਰਹਿ ਰਹੇ ਦਬੇ-ਕੁਚਲੇ ਲੋਕਾਂ ਦੀ ਅਵਾਜ਼, ਵਿਸ਼ਵ ਪੱਧਰ ਤੇ ਇੱਕ ਨਵੀਂ ਅਵਾਜ਼ ਦੇ ਰੂਪ ਵਿਚ ਇੱਕ ਵਿਸ਼ਵੀ ਨਾਗਰਿਕ ਅਤੇ ਵਿਸ਼ਵੀ ਜ਼ਿੰਮੇਵਾਰੀ ਦਾ ਨਿਰਮਾਣ ਕਰ ਰਿਹਾ ਹੈ। ਵਿਸ਼ਵੀਕਰਨ ਨੂੰ ਸਮਝਣ ਲਈ ਇੱਕ ਦ੍ਰਿਸ਼ਟੀ ਜੋ ਵਿਕਸਤ ਹੋਈ ਹੈ ਜਿਹੜੀ ਕਿ ਪਰੰਪਰਾਗਤ ਰਾਜਾਂ ਨੂੰ ਨਵੇਂ ਸਿਰੇ ਤੋਂ ਨਵੀਆਂ ਚੁਣੌਤੀਆਂ ਨੂੰ ਸਮਝਣ ਲਈ ਮਜ਼ਬੂਰ ਕਰਦੀ ਹੈ। ਇਸਦੇ ਫਲਸਰੂਪ ਅਸੀਂ ਕਹਿ ਸਕਦੇ ਹਾਂ ਕਿ ਵਿਸ਼ਵ ਪੱਧਰ ਉੱਤੇ ਹੁਣ ਇੱਕ ਉਦਾਰੀਕਰਨ ਦੇ ਵਿਚਾਰ ਦਾ ਜਨਮ ਹੋਇਆ ਹੈ ਅਤੇ ਪਹਿਲਾਂ ਨਾਲੋਂ ਰਾਜ ਦੀ ਭੂਮਿਕਾ ਵਿਚ ਤਬਦੀਲੀ ਆਈ ਹੈ ਅਤੇ ਨਵੇਂ ਰਾਜਾਂ ਦੇ ਨਿਰਮਾਣ ਵੱਲ ਸੋਚਣ ਲਈ ਮਜ਼ਬੂਰ ਹੈ। ਇਸ ਸੰਦਰਭ ਵਿਚ ਅਸੀਂ ਮਾਨਵ-ਅਧਿਕਾਰ (Declaration, 1948), ਜਨੇਵਾ ਅਧਿਵੇਸ਼ਨ, 1992 ਡਰਬਰ Declaration 2001 ਨੂੰ ਉਦਾਹਰਣ ਦੇ ਰੂਪ ਵਿਚ ਲੈ ਸਕਦੇ ਹਾਂ।

ਡੇਨੀਅਲ ਬੈੱਲ (Daniel Bell) ਆਪਣੀ ਪੁਸਤਕ 'End of Ideology' ਦੇ ਤੇਰਵੇਂ ਅਧਿਆਇ[14] ਵਿਚ ਦੋ ਤਰ੍ਹਾਂ ਦੇ ਵਿਚਾਰ ਪੇਸ਼ ਕਰਦੇ ਹਨ। ਪਹਿਲਾ ਵਿਚਾਰ ਮਹਾਨ ਵਿਚਾਰਧਾਰਾਵਾਂ ਦਾ ਅੰਤ ਜਿਸ ਤੋਂ ਭਾਵ ਸਮਾਜਵਾਦੀ ਅਤੇ ਉਦਾਰਵਾਦੀ ਵਿਚਾਰਧਾਰਾ ਤੋਂ ਹੈ। ਦੂਜਾ ਵਿਚਾਰ ਜੋ ਨਵ-ਉਦਾਰਵਾਦ ਅਤੇ ਵਰਤਮਾਨ ਅਜੋਕੇ ਵਿਸ਼ਵੀਕਰਨ ਦੇ ਰਾਜਨੀਤਿਕ ਦੌਰ ਨੂੰ ਵਰਨਣ ਕਰਦਾ ਹੈ ਜਿਸਨੇ ਆਪਣੇ ਅੰਦਰ ਦੋ ਤਰ੍ਹਾਂ ਦੇ ਵਿਰੋਧੀ ਵਿਚਾਰਾਂ ਨੂੰ ਸਮੋਇਆ

ਹੋਇਆ ਹੈ! ਪਹਿਲਾ ਵਿਸ਼ਵੀ ਰਾਜਨੀਤਿਕਤਾ ਨੂੰ ਮਾਨਵਵਾਦੀ ਦੱਸਣਾ। ਦੂਜਾ ਮਾਨਵਵਾਦੀ ਅਮੂਰਤ ਸਿਧਾਂਤ ਦੇ ਪਿੱਛੇ ਛਿਪੀ ਹੋਈ ਗ਼ੈਰਬਰਾਬਰੀ ਦੀ ਰਾਜਨੀਤੀ ਨੂੰ ਵਿਸਤਾਰ ਤੋਂ ਵਿਸ਼ਲੇਸ਼ਣ ਨਾ ਕਰਨਾ, ਬਲਕਿ ਇਹ ਕੋਸ਼ਿਸ਼ ਕਰਨੀ ਕਿ ਪੂਰਾ ਵਿਸ਼ਵ ਪੱਛਮ ਦੇ ਮਾਨਵਵਾਦ ਅਤੇ ਉਦਾਰਵਾਦ ਦੇ ਰਾਜਨੀਤਿਕ ਆਦਰਸ਼ਾਂ ਨੂੰ ਲੋਕਤੰਤਰਿਕ ਮਾਧਿਅਮ ਨਾਲ ਦੁਨੀਆਂ ਦੇ ਵਿਕਾਸ ਲਈ ਜ਼ਰੂਰੀ ਸ਼ਰਤ ਦੇ ਰੂਪ ਵਿਚ ਸਵੀਕਾਰ ਕਰਨਾ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ ਡੇਨੀਅਲ ਬੈੱਲ (Daniel Bell) ਅਜੋਕੀ ਵਿਸ਼ਵੀ-ਰਾਜਨੀਤਿਕ ਅਵਸਥਾ ਨੂੰ ਵਿਚਾਰਾਤਮਕ ਵਿਸ਼ਲੇਸ਼ਣ ਦੇ ਰੂਪ ਵਿਚ ਸਪੱਸ਼ਟ ਕਰਨ ਲਈ ਕਿਸ ਹੱਦ ਤੱਕ ਸਮਰੱਥ ਹਨ। ਇਸ ਦੇ ਨਾਲ-ਨਾਲ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਅਜੋਕੇ ਦੌਰ ਵਿਚ ਵਿਸ਼ਵੀ ਰਾਜਨੀਤਿਕ, ਸਮਾਜਿਕ, ਸਭਿਆਚਾਰਕ, ਆਰਥਿਕ ਪ੍ਰਕਿਰਿਆਵਾਂ ਦੇ ਮਾਧਿਅਮ ਨਾਲ ਸਾਨੂੰ ਵੱਖ-ਵੱਖ ਤਰ੍ਹਾਂ ਦੀਆਂ ਕਠਿਨ ਪ੍ਰਸਥਿਤੀਆਂ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ। ਉਦਾਹਰਣ ਦੇ ਰੂਪ ਵਿਚ ਨੋਬਲ ਪੁਰਕਸਾਰ ਵਿਜੇਤਾ 2004 ਜੋਸਿਫ਼ ਸਟਿੱਗਲਿੱਟ (Joseph E. Stiglit) ਦੀ ਪੁਸਤਕ 'Globalisation and its Discontents'[15] ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ। ਇਸ ਪੁਸਤਕ ਵਿਚ ਨੋਬਲ ਪੁਰਸਕਾਰ ਵਿਜੇਤਾ ਇਹ ਦੱਸਣ ਦੀ ਕੋਸ਼ਿਸ਼ ਕਰਦੇ ਹਨ ਕਿ ਪੱਛਮ ਦੇ ਨਵ-ਉਦਾਰਵਾਦੀ ਵਿਸ਼ਵੀਕਰਨ ਨੇ ਤਰ੍ਹਾਂ-ਤਰ੍ਹਾਂ ਦੇ ਰਾਜਨੀਤਿਕ, ਸਭਿਆਚਾਰ ਅਤੇ ਆਰਥਿਕ ਵਿਰੋਧਾਭਾਸ ਦੇ ਸੂਰਾਂ ਨੂੰ ਆਪਣੇ ਅੰਦਰ ਸਮੋਇਆ ਹੋਇਆ ਹੈ। ਇਸ ਲਈ ਕਿਸੇ ਵੀ ਬੌਧਿਕ ਵਿਸ਼ਲੇਸ਼ਣ ਜਾਂ ਵਿਚਾਰਧਾਰਾ ਨੂੰ ਜੋ ਵਿਸ਼ਵੀ ਰਾਜਨੀਤੀ ਦੇ ਸੰਦਰਭ ਵਿਚ ਹੈ ਬਹੁਤ ਹੀ ਸੂਝ-ਬੂਝ ਨਾਲ ਸਮਝਣ ਦੀ ਲੋੜ ਹੈ ਤਾਂ ਕਿ ਵਿਸ਼ਵੀਕਰਨ ਦੀ ਆੜ੍ਹ ਵਿਚ ਨਵ-ਸਾਮਰਾਜਵਾਦੀ ਅਵਸਥਾ ਨੂੰ ਨਾ ਬਣਾਇਆ ਜਾ ਸਕੇ ਬਲਕਿ ਵਿਸ਼ਵੀਕਰਨ ਅਤੇ ਉਸਦੀ ਰਾਜਨੀਤੀ ਦਾ ਬਹੁ-ਆਯਾਮੀ ਦ੍ਰਿਸ਼ਟੀਕੋਣ ਤੋਂ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਕਿ ਉਸਦੇ ਛੁਪੇ ਹੋਏ ਰਹੱਸਾਂ ਅਤੇ ਅਣਸੁਲਝੀਆਂ ਗੁੱਥੀਆਂ ਨੂੰ ਸੁਲਝਾਇਆ ਜਾ ਸਕੇ।

ਵਿਸ਼ਵੀਕਰਨ ਅਤੇ ਰਾਜਨੀਤੀ ਦੇ ਇਸੇ ਵਿਚਾਰ ਨੂੰ ਅੱਗੇ ਤੋਰਦੇ ਹੋਏ 1992 ਈ. ਵਿਚ ਇੱਕ ਅਮਰੀਕੀ ਵਿਦਵਾਨ ਫਰਾਂਸਿਸ ਫਯੂਕੋਯਾਮਾ (Francis Fukuyama) ਨੇ ਆਪਣੀ ਪੁਸਤਕ 'The End of History and the Last Man'[16] ਵਿਚ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਹੁਣ ਦੁਨੀਆਂ ਉਦਾਰਵਾਦੀ ਮੁੱਲਾਂ ਉੱਤੇ ਅਧਾਰਿਤ ਹੋਵੇਗੀ ਅਤੇ ਸਾਨੂੰ ਇੱਕ ਨਵੇਂ ਇਤਿਹਾਸ ਨੂੰ ਵੇਖਣ ਦੀ ਜ਼ਰੂਰਤ ਹੈ। ਪੁਰਾਣੇ ਸਮਾਜਵਾਦੀ ਵਿਚਾਰ ਅਤੇ ਵਿਚਾਰਧਾਰਾ ਨੇ ਦੁਨੀਆਂ ਨੂੰ ਨਕਾਰਿਆ ਹੈ। ਇਸ ਵਾਸਤੇ ਹੁਣ ਵਿਸ਼ਵੀਕਰਨ ਇੱਕ ਅਜਿਹੀ ਜ਼ਰੂਰਤ ਹੈ। ਜਿਸ ਨੂੰ ਪਿੱਛੇ ਪਰਤ ਕੇ ਨਹੀਂ ਦੇਖ ਸਕਦੇ ਬਲਕਿ ਅਜੋਕੀ ਨਵੀਂ ਜ਼ਰੂਰਤ, ਨਵੇਂ ਮੁੱਲਾਂ ਦਾ ਨਿਰਮਾਣ ਕਰਦੀ ਹੋਈ ਸਾਡੇ ਸਾਹਮਣੇ ਇੱਕ ਨਵਾਂ ਪਰਿਪੇਖ ਅਤੇ ਇੱਕ ਨਵੀਂ ਰਾਜਨੀਤੀ ਦਾ ਨਿਰਮਾਣ ਕਰ ਰਹੀ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ ਫਰਾਂਸਿਸ ਫਯੂਕੋਯਾਮਾ ਦੀ ਦਲੀਲ ਨੂੰ ਕਿਸ ਹੱਦ ਤੱਕ ਸਵੀਕਾਰ ਕੀਤਾ ਜਾਵੇ ਅਤੇ ਕਿਸ ਹੱਦ ਤੱਕ ਨਕਾਰਿਆ ਜਾਵੇ।

ਫਰਾਂਸਿਸ ਫਯੂਕੋਯਾਮਾ (Francis Fukuyama) ਨੇ ਆਪਣੀ ਉਪਰੋਕਤ ਪੁਸਤਕ[17] ਦੇ ਪਹਿਲੇ ਅਧਿਆਇ ਵਿਚ ਉਦਾਰਵਾਦ ਦੇ ਦੋ ਮਹੱਤਵਪੂਰਨ ਪੱਖਾਂ ਉੱਤੇ ਰੋਸ਼ਨੀ ਪਾਉਣ ਦੀ ਕੋਸ਼ਿਸ਼ ਕੀਤੀ ਹੈ ਪਹਿਲਾ ਪੱਖ ਉਦਾਰਵਾਦ ਦੀ ਵਿਸ਼ੇਸ਼ਤਾ ਦੇ ਸੰਬੰਧ ਵਿਚ ਹੈ ਜਿਥੇ ਗ਼ੈਰਬਰਾਬਰੀ ਸਮਾਜ ਦੀ ਰਚਨਾ, ਸਮਾਜਿਕ ਨਿਆਂ, ਅਧਿਕਾਰ ਅਤੇ ਮਾਨਵ ਸਵੈਮਾਨ ਨੂੰ ਅਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਦੂਜਾ ਪੱਖ ਇਨ੍ਹਾਂ ਰਾਜਨੀਤਿਕ ਆਦਰਸ਼ਾਂ ਨੂੰ ਪ੍ਰਾਪਤ ਕਰਨ ਲਈ ਇੱਕ ਲੋਕਤੰਤਰਿਕ ਸਮਾਜ ਦੀ ਸੰਰਚਨਾ ਅਤੇ ਉਦਾਰਵਾਦੀ ਮੁੱਲਾਂ ਨੂੰ ਸਥਾਪਿਤ ਕਰਨ ਦੇ ਸੰਦਰਭ ਵਿਚ ਹੈ ਪਰੰਤੂ ਇਸ ਵਿਸ਼ਲੇਸ਼ਣ ਤੋਂ ਦੋ ਪ੍ਰਮੁੱਖ ਗੱਲਾਂ ਉੱਭਰ ਕੇ ਸਾਹਮਣੇ ਆਉਂਦੀਆਂ ਹਨ। ਜਿਨ੍ਹਾਂ ਉੱਤੇ ਧਿਆਨ ਕੇਂਦਰਿਤ ਕਰਨ ਦੀ ਜ਼ਰੂਰਤ ਹੈ, ਜੋ ਇਤਿਹਾਸ ਨੂੰ ਨਕਾਰਣ ਅਤੇ ਨਵੇਂ ਇਤਿਹਾਸ ਨੂੰ ਬਣਾਉਣ ਦੇ ਸੰਦਰਭ ਵਿਚ ਵਿਸ਼ਵੀਕਰਨ ਅਤੇ ਉਸ ਤੋਂ ਉਪਜੀ ਰਾਜਨੀਤੀ ਦੇ ਪਰਿਪੇਖ ਵਿਚ ਮਹੱਤਵਪੂਰਨ ਹਨ। ਪਹਿਲੀ ਗੱਲ ਜਦੋਂ ਅਸੀਂ ਵਿਸ਼ਵੀ ਰਾਜਨੀਤੀ ਅਤੇ ਉਸਦੇ ਅੰਦਰ ਛੁਪੀ ਹੋਈ ਵਿਚਾਰਧਾਰਾ ਨੂੰ ਸਹੀ ਮੰਨੀਏ ਤਾਂ ਅਜੋਕੇ ਸੰਦਰਭ ਵਿਚ ਵਿਸ਼ਵੀ

ਰਾਜਨੀਤੀ, ਤੀਜੀ ਦੁਨੀਆਂ ਦੇ ਦੇਸ਼ਾਂ ਦੁਆਰਾ ਪ੍ਰਤੀਰੋਧ, ਵਿਸ਼ਵੀਕਰਨ ਅਤੇ ਫਯੂਕੋਯਾਮਾ ਦੇ ਵਿਚਾਰਾਂ ਦਾ ਸਮਰੱਥਨ ਕਰਦਾ ਹੋਇਆ ਦਿਖਾਈ ਦਿੰਦਾ ਹੈ ਪਰੰਤੂ ਇਸ ਨੂੰ ਕਿਸ ਹੱਦ ਤੱਕ ਵਿਸ਼ਵ-ਰਾਜਨੀਤੀ ਦਾ ਮੂਲ ਤੱਤ ਸਵੀਕਾਰਿਆ ਜਾਵੇ ਇਹ ਵਿਸ਼ਲੇਸ਼ਣ ਅਤੇ ਬੌਧਿਕ ਚਿੰਤਨ ਦਾ ਵਿਸ਼ਾ ਹੈ। ਫਰਾਂਸਿਸ ਫਯੂਕੋਯਾਮਾ ਦੇ ਵਿਚਾਰਾਂ ਦੀ ਅਲੋਚਨਾ ਕਰਦੇ ਹੋਏ ਭਾਰਤ ਦੇ ਰਾਜਨੀਤੀ ਵਿਚਾਰਕ ਅਚਿਨ ਵਿਨਾਇਕ (Achin Vanaik) ਨੇ ਆਪਣੀ ਪੁਸਤਕ 'Globalization and South Asia'[18] ਵਿਚ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਫਯੂਕੋਯਾਮਾ ਇੱਕ ਤਰ੍ਹਾਂ ਨਾਲ ਵਿਸ਼ਵੀ ਨਵ-ਉਦਾਰਵਾਦੀ ਵਿਚਾਰਧਾਰਾ ਦਾ ਪਰਿਵਰਤਕ ਹੈ। ਇਸ ਲਈ ਉਹ ਇਤਿਹਾਸ ਨੂੰ ਨਕਾਰਦੇ ਹਨ। ਵਾਸਤਵ ਵਿਚ ਨਵ-ਉਦਾਰਵਾਦੀ ਵਿਚਾਰਧਾਰਾ ਅਤੇ ਲੋਕਤੰਤਰ ਦੇ ਬਾਰੇ ਵਿਚ ਤੀਜੀ ਦੁਨੀਆਂ ਦੇ ਦੇਸ਼ਾਂ ਦੁਆਰਾ ਨਵੀਂ ਤਰ੍ਹਾਂ ਦੇ ਵਿਦਰੋਹ ਦਾ ਸੁਰ ਫਯੂਕੋਯਾਮਾ ਦੇ ਵਿਚਾਰਾਂ ਦੀ ਕਮਜ਼ੋਰੀ ਨੂੰ ਦਰਸਾਉਂਦਾ ਹੋਇਆ, ਵਿਸ਼ਵੀਕਰਨ ਦੇ ਅਸਲੀ ਚਿਹਰੇ ਨੂੰ ਦੁਨੀਆਂ ਦੇ ਸਾਹਮਣੇ ਬੇਨਕਾਬ ਕਰਦਾ ਹੈ। ਇਸ ਸੰਦਰਭ ਵਿਚ ਅਮਰੀਕਾ ਦੇ ਸਮਾਜ ਸ਼ਾਸਤਰੀ ਅਤੇ ਮਾਰਕਸਵਾਦੀ ਵਿਚਾਰਕ ਜੇਮਜ਼ ਪੇਟਰਸ (James Patras) ਅਤੇ ਹੈਨਰੀ ਵੇਲਟਮੀਅਰ (Henry Veltmeyer) ਦੀ ਪੁਸਤਕ 'Globalization Unmasked : Imperialism in the 21st Century'[19] ਨੂੰ ਵੇਖਿਆ ਜਾ ਸਕਦਾ ਹੈ।

ਉਪਰੋਕਤ ਵਿਚਾਰਾਂ ਰਾਹੀਂ ਅਸੀਂ ਵਿਸ਼ਵੀਕਰਨ ਦੀਆਂ ਨਵੀਆਂ ਰਾਜਨੀਤਿਕ ਪ੍ਰਸਥਿਤੀਆਂ ਨੂੰ ਸਮਝਣ ਲਈ ਇਸ ਨੂੰ ਪੂੰਜੀਵਾਦੀ ਵਿਵਸਥਾ ਦੇ ਇੱਕ ਨਵੇਂ ਚਿਹਰੇ ਦੇ ਰੂਪ ਵਿਚ ਵੇਖਣ ਦੀ ਕੋਸ਼ਿਸ਼ ਕੀਤੀ ਹੈ। ਇਸ ਲਈ ਹੁਣ ਅਸੀਂ ਡੇਨੀਅਲ ਬੈੱਲ ਅਤੇ ਫਯੂਕੋਯਾਮਾ ਦੋਨਾਂ ਨੂੰ ਵਿਸ਼ਵੀਕਰਨ ਦੇ ਸਮਰੱਥਕ ਅਤੇ ਪੂੰਜੀਵਾਦੀ, ਉਦਾਰਵਾਦੀ, ਲੋਕਤੰਤਰਿਕ ਵਿਵਸਥਾ ਦੇ ਵਿਚਾਰਕਾਂ ਦੇ ਰੂਪ ਵਿਚ ਵੇਖ ਸਕਦੇ ਹਾਂ ਪਰੰਤੂ ਇਹਨਾਂ ਦੇ ਵਿਚਾਰਾਂ ਤੋਂ ਉਲਟ ਵਿਕਾਸਸ਼ੀਲ ਦੇਸ਼ਾਂ ਵਿਚ ਅਤੇ ਉੱਥੇ ਉੱਠ ਰਹੇ ਰਾਜਨੀਤਿਕ ਅਤੇ ਸਾਂਸਕ੍ਰਿਤਕ ਅੰਦੋਲਨਾਂ ਤੋਂ ਉੱਠੀਆਂ ਹੋਈਆਂ ਅਵਾਜ਼ਾਂ ਨੇ ਸਪੱਸ਼ਟ ਕੀਤਾ ਹੈ ਕਿ ਵਿਸ਼ਵੀਕਰਨ ਪੂੰਜੀਵਾਦੀ ਵਿਕਸਤ ਦੇਸ਼ਾਂ ਦੁਆਰਾ

ਵਿਕਾਸਸ਼ੀਲ ਦੇਸ਼ਾਂ ਉੱਤੇ ਆਪਣੇ ਵਿਚਾਰਾਂ ਦਾ ਠੋਸਣਾ ਅਤੇ ਇੱਕ ਨਵੇਂ ਤਰ੍ਹਾਂ ਦੇ ਉਪਨਿਵੇਸ਼ਵਾਦ ਦੀ ਸ਼ੁਰੂਆਤ ਕਰਨਾ ਹੈ। ਜਿਸ ਦੇ ਕਾਰਨ ਵਿਸ਼ਵੀਕਰਨ ਦਾ ਅਸਲੀ ਵਰਤਾਰਾ ਗ਼ੈਰਬਰਾਬਰੀ ਨੂੰ ਵਧਾਉਣਾ, ਨਵੇਂ-ਨਵੇਂ ਤਰੀਕਿਆਂ ਨਾਲ ਵਿਕਾਸਸ਼ੀਲ ਦੇਸ਼ਾਂ ਉੱਤੇ ਆਪਣੀ ਤਰ੍ਹਾਂ ਦੀ ਪੂੰਜੀਵਾਦੀ ਸੋਚ ਨੂੰ ਠੋਸਣਾ ਅਤੇ ਪਰੰਪਰਾਗਤ ਸਮਾਜਿਕ, ਰਾਜਨੀਤਿਕ, ਆਤਮ-ਨਿਰਭਰ ਵਿਚਾਰਾਂ ਨੂੰ ਖ਼ਤਮ ਕਰਨਾ ਹੈ ਤਾਂ ਕਿ ਸਾਰੇ ਵਿਕਾਸਸ਼ੀਲ ਦੇਸ਼ ਅਮਰੀਕੀ ਅਤੇ ਯੂਰਪੀ ਵਿਚਾਰਾਂ ਨੂੰ ਗ੍ਰਹਿਣ ਕਰਨ ਅਤੇ ਇੱਕ ਨਵੀਂ ਤਰ੍ਹਾਂ ਦੇ ਪੂੰਜੀਵਾਦੀ ਲੋਕਤੰਤਰਿਕ ਵੈਦਤਾ ਦੇ ਅੰਦਰ ਛੁਪੇ ਹੋਏ ਛਲਾਵੇ ਨੂੰ ਸਵੀਕਾਰ ਕਰਨ।

ਇਨ੍ਹਾਂ ਮੁੱਦਿਆਂ ਨੂੰ ਵਿਚਾਰਨ ਤੋਂ ਬਾਅਦ ਹੁਣ ਇਹ ਸਵਾਲ ਪੈਦਾ ਹੁੰਦਾ ਹੈ ਕਿ ਵਿਸ਼ਵੀਕਰਨ ਇੱਕ ਪਾਸੇ ਵਿਸ਼ਵ ਦੇ ਸਾਰੇ ਮੁਲਕਾਂ ਨੂੰ ਆਪਸ ਵਿਚ ਜੋੜਦਾ ਹੈ। ਉਸ ਜੁੜਨ ਦੇ ਫਲਸਰੂਪ ਇੱਕ ਨਵੀਂ ਤਰ੍ਹਾਂ ਦੀ ਰਾਜਨੀਤਿਕ, ਆਰਥਿਕ, ਸਭਿਆਚਾਰਕ, ਸਮਾਜਿਕ ਅਤੇ ਪਰਿਵਰਤਨਵਾਦੀ ਬੌਧਿਕ ਸਮਝ ਨੂੰ ਅੱਗੇ ਵਧਾਉਂਦਾ ਹੋਇਆ, ਆਪਣੇ ਹਿੱਤਾਂ ਨੂੰ ਵਿਕਾਸਸ਼ੀਲ ਦੇਸ਼ਾਂ ਉੱਤੇ ਠੋਸਦਾ ਹੋਇਆ ਪ੍ਰਤੀਤ ਹੁੰਦਾ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਵਿਸ਼ਵੀਕਰਨ ਆਪਣੇ ਆਪ ਵਿਚ ਅਜਿਹੀ ਵਿਚਾਰਧਾਰਾ ਅਤੇ ਪ੍ਰਕਿਰਿਆ ਦਾ ਨਾਮ ਹੈ ਜੋ ਮੰਡੀ ਸਭਿਆਚਾਰ ਦੇ ਮੁੱਲਾਂ ਅਤੇ ਹਰ ਚੀਜ਼ ਬਜ਼ਾਰ ਦੁਆਰਾ ਨਿਰਧਾਰਤ ਕਰਦੇ ਹੋਏ ਸਮਾਜ ਦੀ ਹਰ ਸੰਸਥਾ ਦੇ ਅੰਦਰ ਆਪਣਾ ਸਥਾਨ ਨਿਰਧਾਰਤ ਕਰ ਰਹੀ ਹੈ। ਇਸ ਲਈ ਵਿਸ਼ਵ ਦੇ ਸਾਰੇ ਵਿਚਾਰਵਾਨ ਤੇ ਬੁੱਧੀਜੀਵੀ ਵਿਸ਼ਵੀਕਰਨ ਦੀ ਇੱਕ ਅਲੋਚਨਾਤਮਕ ਵਿਆਖਿਆ ਨੂੰ ਕਿਸੇ ਇੱਕ ਤਰ੍ਹਾਂ ਸਵੀਕਾਰ ਕਰਨ ਦੇ ਹੱਕ ਵਿਚ ਨਹੀਂ ਹਨ ਬਲਕਿ ਇਸ ਨੂੰ ਨਵੇਂ ਤਰੀਕੇ ਨਾਲ, ਨਵੀਆਂ ਚੁਣੌਤੀਆਂ ਦੇ ਪਰਿਪੇਖ ਵਿਚ ਵੇਖਣ ਉੱਤੇ ਜ਼ੋਰ ਦਿੰਦੇ ਹਨ। ਉਦਾਹਰਣ ਦੇ ਰੂਪ ਵਿਚ ਇੱਕ ਪਾਸੇ ਨਵੇਂ ਤਰ੍ਹਾਂ ਦਾ ਨਸਲਵਾਦ (ਆਸਟਰੇਲੀਆ, ਕਨੇਡਾ, ਪਾਕਿਸਤਾਨ ਆਦਿ ਦੇਸ਼ਾਂ), ਨਵੇਂ ਤਰ੍ਹਾਂ ਦੇ ਮਾਨਵੀ ਅਧਿਕਾਰ (ਇਰਾਕ) ਅਤੇ ਨਵੇਂ ਤਰ੍ਹਾਂ ਦੇ ਨਾਗਰਿਕ ਸਮਾਜ ਦਾ ਨਿਰਮਾਣ (ਗੁਜਰਾਤ ਤੇ ਜੰਮੂ ਕਸ਼ਮੀਰ) ਉੱਤੇ ਜ਼ੋਰ ਦਿੰਦਾ ਹੈ ਪਰੰਤੂ ਇਸ ਦੇ ਪਿੱਛੇ ਆਪਣੀ ਵਿਚਾਰਧਾਰਾ

ਅਤੇ ਆਪਣੀ ਤਰ੍ਹਾਂ ਦੀ ਰਾਜਨੀਤੀ ਨੂੰ ਠੋਸਣ ਦੀ ਕੋਸ਼ਿਸ਼ ਵੀ ਕਰਦਾ ਹੈ। ਜਿਸ ਦੇ ਕਾਰਨ ਨਰਬਦਾ ਬਚਾਉ ਅੰਦੋਲਨ (S.E.Z Policy) ਅਤੇ ਯੁੱਧ ਦੇ ਖਿਲਾਫ਼ ਸ਼ਾਂਤੀ ਬਹਾਲ ਕਰਨ ਵਾਲੇ ਲੋਕ ਵਿਸ਼ਵੀਕਰਨ ਦੇ ਨਵੇਂ ਚਿਹਰੇ ਵਾਲੇ ਪਾਸੇ ਸਾਡਾ ਧਿਆਨ ਕੇਂਦਰਿਤ ਕਰਦੇ ਹਨ ਅਤੇ ਇਹ ਇੱਕ ਗੰਭੀਰ ਚਿੰਤਨ ਦਾ ਵਿਸ਼ਾ ਹੈ।

ਅੰਤ ਵਿਚ ਵਿਸ਼ਵੀਕਰਨ ਅਤੇ ਰਾਜਨੀਤੀ ਦੇ ਆਪਸੀ ਤਾਲਮੇਲ ਦੇ ਅੰਤਰਗਤ ਕਿਸ ਪ੍ਰਕਾਰ ਦੇ ਨਵੇਂ ਨਾਗਰਿਕ, ਸਮਾਜ ਅਤੇ ਨਵੇਂ ਮਾਨਵੀ-ਅਧਿਕਾਰ ਦੇ ਪ੍ਰਵਚਨ ਦਾ ਨਿਰਮਾਣ ਹੋਇਆ ਹੈ ਜੋ ਕਿ ਇੱਕ ਮੁਲਕ ਦੇ ਦੂਜੇ ਮੁਲਕਾਂ ਨਾਲ ਸੰਬੰਧ ਅਤੇ ਅਨੇਕ ਤਰ੍ਹਾਂ ਦੇ ਵਿਸ਼ਵੀ ਵਿਚਾਰਾਂ ਨੂੰ ਨਵੇਂ ਸੰਦਰਭ ਵਿਚ ਸਾਡੇ ਸਾਹਮਣੇ ਲਿਆਉਂਦਾ ਹੈ। ਅਸੀਂ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦੇ ਕਿ ਵਿਸ਼ਵੀਕਰਨ ਦੇ ਵਿਚਾਰ ਅਤੇ ਵਿਚਾਰਧਾਰਾ ਨੂੰ ਪੂਰੀ ਤਰ੍ਹਾਂ ਉਲਟਾਇਆ ਨਹੀਂ ਜਾ ਸਕਦਾ। ਬਲਕਿ ਇਸਦੇ ਖਿਲਾਫ਼ ਦੁਨੀਆਂ ਵਿਚ ਤਰ੍ਹਾਂ ਤਰ੍ਹਾਂ ਦੇ ਅੰਦੋਲਨਾਂ ਦਾ ਖੜ੍ਹਾ ਹੋਣਾ ਇਸ ਗੱਲ ਦਾ ਸਬੂਤ ਹੈ ਕਿ ਦੁਨੀਆਂ ਵਿਚ ਰਹਿਣ ਵਾਲੇ ਵਿਭਿੰਨ ਦੇਸ਼ ਆਪਣੀ ਪਹਿਚਾਣ, ਸਾਂਸਕ੍ਰਿਤੀ, ਧਰਮ, ਸਦਾਚਾਰਕ ਤੇ ਨੈਤਿਕ ਕਦਰਾਂ-ਕੀਮਤਾਂ ਨੂੰ ਬਣਾਈ ਰੱਖਣਾ ਚਾਹੁੰਦੇ ਹਨ ਅਤੇ ਕਿਸੇ ਇੱਕ ਤਰ੍ਹਾਂ ਦੀ ਬਜ਼ਾਰੂ ਉਪਭੋਗਤਾਵਾਦੀ ਸਾਂਸਕ੍ਰਿਤੀ ਅਤੇ ਉਸਦੀ ਰਾਜਨੀਤੀ ਨੂੰ ਨਕਾਰਦੇ ਹੋਏ ਇੱਕ ਨਵੇਂ ਤਰ੍ਹਾਂ ਦੇ ਆਪਸੀ ਮੇਲ ਜੋਲ ਦੀ ਰਾਜਨੀਤੀ ਦਾ ਨਿਰਮਾਣ ਕਰਦੇ ਹਨ। ਇਸ ਸੰਬੰਧ ਵਿਚ ਅਸੀਂ ਸੰਸਾਰ ਸਮਾਜਿਕ ਸੰਸਥਾ (World Social Form) 2004 ਦੀ ਉਦਾਹਰਣ ਲੈ ਸਕਦੇ ਹਾਂ :

> ਵਿਸ਼ਵੀਕਰਨ ਦੀ ਪ੍ਰਕਿਰਿਆ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਇਹ ਦੂਹਰੇ ਲੋਕਤੰਤਰੀ ਘਾਟੇ ਨਾਲ ਸੰਬੰਧਿਤ ਹੈ। ਇੱਕ ਪਾਸੇ ਤਾਂ ਇਹ ਖੇਤਰੀ ਨਿਯਮ ਦੇ ਜੜ੍ਹਵਾਦੀ ਪ੍ਰਬੰਧ, ਵਿਸ਼ਵੀ ਮੰਡੀਆਂ ਦੀ ਕਾਰਜਸ਼ੀਲਤਾ ਅਤੇ ਕਾਰਪੋਰੇਟ ਸੱਤਾ ਦੇ ਅੰਤਰਰਾਸ਼ਟਰੀ ਨੈੱਟਵਰਕ ਦੇ ਵਿਚਕਾਰ ਤਨਾਉ ਪੈਦਾ ਕਰਦੀ

> ਹੈ। ਦੂਜੇ ਪਾਸੇ ਇਹ ਵਿਸ਼ਵੀਕਰਨ ਰਾਜਨੀਤਿਕਤਾ ਦੇ ਜਟਿਲ ਪ੍ਰਬੰਧ ਨਾਲ ਸੰਬੰਧਿਤ ਹੈ ਜਿਸ ਵਿਚ ਸੱਤਾ ਪ੍ਰਬੰਧਹੀਨ (Asymmetric) ਹੁੰਦੀ ਹੈ। ਵਿਸ਼ਵੀ ਸੰਸਥਾਵਾਂ, ਵਿਸ਼ਵੀ ਭਾਈਚਾਰੇ ਦੀ ਕੀਮਤ ਤੇ ਵਿਸ਼ਵੀ ਅਮੀਰ ਵਰਗਾਂ ਦੇ ਹਿੱਤਾਂ ਦੀ ਪੂਰਤੀ ਨਹੀਂ ਕਰਦੀਆਂ।[20]

ਭਾਰਤ ਅਤੇ ਬਹੁਤ ਸਾਰੇ ਹੋਰ ਦੇਸ਼ਾਂ ਵਿਚ ਵੀ ਵਿਸ਼ਵੀਕਰਨ ਦੇ ਵਿਰੋਧ ਵਿਚ ਅੰਦੋਲਨਾਂ ਦਾ ਖੜਾ ਹੋਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਲੋਕ ਇੱਕ ਆਤਮ-ਨਿਰਭਰ ਰਾਜ ਅਤੇ ਸੁਤੰਤਰ ਰਾਜ ਨੂੰ ਹੁਣ ਵੀ ਅਵੱਸ਼ਕ ਸਮਝਦੇ ਹਨ ਤਾਂ ਕਿ ਅਮੀਰੀ-ਗ਼ਰੀਬੀ, ਜਾਤੀ-ਵਰਗ ਅਤੇ ਧਰਮ ਦੇ ਭੇਦ-ਭਾਵ ਨੂੰ ਘੱਟ ਕਰਦੇ ਹੋਏ ਇੱਕ ਬਰਾਬਰੀ ਦੇ ਸਮਾਜ ਦਾ ਨਿਰਮਾਣ ਕੀਤਾ ਜਾ ਸਕੇ।

ਅਸੀਂ ਵਿਸ਼ਵੀਕਰਨ ਨੂੰ ਕੇਵਲ ਆਰਥਿਕ ਪ੍ਰਕਿਰਿਆ ਦੇ ਤੌਰ 'ਤੇ ਨਹੀਂ ਲੈ ਸਕਦੇ। ਜੋ ਕੇਵਲ ਸੁਤੰਤਰ ਵਪਾਰਕ ਸਮੱਸਿਆਵਾਂ ਦੁਆਲੇ ਅਤੇ ਕੌਮੀ ਸੁਰੱਖਿਆ ਦੇ ਵਿਰੋਧ ਵਿਚੋਂ ਸੁਤੰਤਰ ਮੀਡੀਆ ਦੀਆਂ ਸੰਸਥਾਵਾਂ ਜਾਂ ਰਾਜਨੀਤਿਕ ਆਰਥਿਕ ਪੱਧਰ ਦੀਆਂ ਸਮੱਸਿਆਵਾਂ ਜਿਹੜੀਆਂ ਕਿ ਆਪਣੇ ਮੁੱਖ ਕਾਰਜ ਵਿਚ ਉਦਯੋਗੀਕਰਨ ਅਤੇ ਆਰਥਿਕ ਮੰਡੀਆਂ ਨੂੰ ਵਧਾਉਣ ਤੱਕ ਸੀਮਤ ਹਨ ਸਗੋਂ ਵਿਸ਼ਵੀ ਰਾਜਨੀਤੀ ਲਈ ਵਿਸ਼ਵੀ-ਰਾਜਨੀਤਿਕ ਸੰਸਥਾਵਾਂ ਦਾ ਮਿਲਾਪ ਬਹੁਤ ਜ਼ਰੂਰੀ ਹੈ। ਜਦੋਂ ਤੱਕ ਵਿਸ਼ਵ ਪੱਧਰ ਦੀਆਂ ਰਾਜਸੀ ਸੰਸਥਾਵਾਂ ਬੈਠ ਕੇ ਵਿਸ਼ਵ ਦੇ ਨਾਗਰਿਕਾਂ ਦੀ ਸੁਰੱਖਿਆ ਜਾਂ ਉਹਨਾਂ ਦੇ ਮਾਨਵੀ-ਅਧਿਕਾਰ ਅਤੇ ਉਹਨਾਂ ਦੇ ਸਭਿਆਚਾਰ ਪ੍ਰਤਿ ਠੋਸ ਨੀਤੀਆਂ ਤਹਿ ਨਹੀਂ ਕਰਨਗੀਆਂ ਉਦੋਂ ਤੱਕ ਰਾਜਨੀਤਿਕ ਅਧਾਰ ਤੇ ਵਿਸ਼ਵੀਕਰਨ ਦਾ ਕੋਈ ਅਰਥ ਨਹੀਂ ਰਹਿ ਜਾਂਦਾ।

ਇਸ ਅਧਿਆਇ ਦੇ ਅੰਤਰਗਤ ਅਸੀਂ ਅੰਤਰ-ਰਾਸ਼ਟਰੀ ਸਮਾਜ ਦੇ ਵਿਚਾਰ ਅਤੇ ਇਸਦੇ ਕੁੱਝ ਇਤਿਹਾਸਕ, ਰਾਜਨੀਤਿਕ ਉਦੇਸ਼ ਅਤੇ ਯੋਜਨਾਵਾਂ ਦਾ ਲਿਖਤੀ ਤੌਰ ਤੇ ਵੇਰਵਾ ਜਿਹੜਾ ਕਿ ਅੰਤਰ-ਰਾਸ਼ਟਰੀ ਰਾਜ ਨਾਲ ਸੰਬੰਧਿਤ ਹੈ ਦਿੱਤਾ ਹੈ। ਉਸ ਪ੍ਰਤਿ ਕਾਨੂੰਨ, ਸੰਸਥਾਵਾਂ ਅਤੇ

ਸਾਂਝੇ ਵਿਵਹਾਰਕ ਅਮਲ ਜਿਨ੍ਹਾਂ ਨੂੰ ਵੱਖ-ਵੱਖ ਰਾਜਨੀਤਿਕ ਭਾਈਚਾਰੇ ਨੇ ਆਪਸੀ ਸਲਾਹ-ਮਸ਼ਵਰੇ ਰਾਹੀਂ ਉਤਪੰਨ ਕੀਤਾ ਹੋਵੇ, ਜਦੋਂ ਤੱਕ ਤਹਿ ਨਹੀਂ ਕੀਤੇ ਜਾਂਦੇ ਉਦੋਂ ਤੱਕ ਵਿਸ਼ਵੀਕਰਨ ਦਾ ਰਾਜਨੀਤਿਕ ਪੱਧਰ 'ਤੇ ਬਹੁਤਾ ਮਹੱਤਵ ਨਹੀਂ ਹੋਵੇਗਾ।

ਅਜੋਕੀ ਕੌਮੀ-ਸੱਤਾ ਦੇ ਬਹੁਤ ਸਾਰੇ ਲੱਛਣ ਜਿਨ੍ਹਾਂ ਦੀ ਸੰਰਚਨਾ ਕੀਤੀ ਗਈ ਹੈ ਇਹ ਸੰਸਾਰ ਭਰ ਦੇ ਮਾਡਲਾਂ ਤੋਂ ਲਏ ਗਏ ਹਨ ਅਤੇ ਉਨ੍ਹਾਂ ਨੂੰ ਵਿਸ਼ਵੀ ਸਭਿਆਚਾਰ ਤੇ ਹੋਰ ਸੰਬੰਧਿਤ ਪ੍ਰਕਿਰਿਆਵਾਂ ਰਾਹੀਂ ਪਰਚਾਰਿਆ ਗਿਆ ਹੈ। ਇਨ੍ਹਾਂ ਮਾਡਲਾਂ ਤੋਂ ਬਰਾਬਰਤਾ, ਸਮਾਜਿਕ, ਆਰਥਿਕ ਉੱਨਤੀ ਅਤੇ ਮਨੁੱਖੀ ਵਿਕਾਸ ਆਦਿ ਵਿਚਾਰਾਂ ਦਾ ਪ੍ਰਤੀਬਿੰਬਣ ਹੁੰਦਾ ਹੈ। ਵਿਸ਼ਵੀ ਸਮਾਜ ਦਾ ਵਪਾਰੀਕਰਣ, ਸਮਾਜਿਕ ਅਤੇ ਸੰਬੰਧਿਤ ਪ੍ਰਕਿਰਿਆਵਾਂ ਦੇ ਅਨੋਖੇਪਣ ਰਾਹੀਂ ਹੋਇਆ ਜਿਹੜਾ ਕਿ ਪੂਰੀ ਤਰ੍ਹਾਂ ਰਾਜਨੀਤਿਕ ਅਣਹੋਂਦ ਤੇ ਨਿਰਭਰ ਕਰਦਾ ਹੈ ਕਿਉਂਕਿ ਸੂਚਨਾ ਤਕਨਾਲੋਜੀ, ਬਹੁ-ਕੌਮੀ ਕੰਪਨੀਆਂ ਅਤੇ ਉਦਾਰੀਕਰਨ ਦੇ ਵਿਸਤਾਰ ਨਾਲ ਕੌਮਾਂਤਰੀ ਹੱਦਾਂ ਦੀ ਕੋਈ ਅਹਿਮੀਅਤ ਨਹੀਂ ਰਹਿ ਜਾਂਦੀ। ਭਾਵੇਂ ਵਾਸਤਵਿਕਤਾ ਨੂੰ ਸਵੀਕਾਰ ਕਰਕੇ ਉਸਦਾ ਸਾਹਮਣਾ ਕਰਨ ਦੀ ਮਾਨਸਿਕਤਾ ਨੂੰ ਅੰਤਰ-ਰਾਸ਼ਟਰੀ ਸੰਬੰਧਾਂ ਦੇ ਇੱਕ ਮਹੱਤਵਪੂਰਨ ਸਿਧਾਂਤ ਦੇ ਤੌਰ 'ਤੇ ਲਿਆ ਜਾ ਰਿਹਾ ਹੈ ਪਰੰਤੂ ਉਦਾਰੀਕਰਨ ਤੇ ਨਿੱਜੀਕਰਨ ਇਤਿਹਾਸਕ ਬਦਲਾਵ ਬਣਨ ਦਾ ਇੱਕ ਸਾਰਥਿਕ ਦਾਅਵਾ ਕਰਦਾ ਹੈ।

ਉਪਰੋਕਤ ਸਾਰੇ ਵਿਸ਼ਲੇਸ਼ਣ ਤੋਂ ਬਾਅਦ ਨਿਸ਼ਕਰਸ਼ ਦੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਵਿਸ਼ਵੀਕਰਨ ਅਤੇ ਰਾਜਨੀਤਿਕ ਮੁੱਦੇ ਇੱਕ ਜਟਿਲ ਪ੍ਰਕਿਰਿਆ ਨੂੰ ਜਨਮ ਦਿੰਦੇ ਹਨ ਜਿਸ ਨੂੰ ਸਿਧਾਂਤ ਅਤੇ ਅਨੁਭਵ ਦੇ ਅਧਾਰ ਉੱਤੇ ਸਮਝਿਆ ਜਾਣਾ ਚਾਹੀਦਾ ਹੈ ਅਤੇ ਇਸਦੀ ਕਿਸੇ ਇੱਕ ਵਿਆਖਿਆ ਨੂੰ ਅਧਾਰ ਨਾ ਮੰਨਦੇ ਹੋਏ ਇੱਕ ਬਹੁ-ਆਯਾਮੀ ਚਿੰਤਨ ਨੂੰ ਵਿਚਾਰ ਦਾ ਵਿਸ਼ਾ ਬਣਾਇਆ ਜਾਵੇ ਤਾਂ ਕਿ ਰਾਜਨੀਤੀ ਅਤੇ ਰਾਜਨੀਤੀ ਤੋਂ ਉਪਜੇ ਲੋਕਤੰਤਰਿਕ ਮੁੱਲਾਂ ਨੂੰ ਵਿਆਪਕ ਦ੍ਰਿਸ਼ਟੀ ਤੋਂ ਸਮਝਿਆ ਜਾਵੇ ਅਤੇ ਵਿਸ਼ਵੀਕਰਨ ਦੇ ਅਸਲੀ ਮੁਹਾਂਦਰੇ ਨੂੰ ਸਮਝਦੇ ਹੋਏ ਇਸ ਨੂੰ ਆਪਣੇ ਰਾਜ, ਦੇਸ਼ ਅਤੇ ਨਾਗਰਿਕਾਂ ਦੇ ਸੰਦਰਭ ਵਿਚ ਸਪੱਸ਼ਟ ਕੀਤਾ ਜਾ ਸਕੇ।

## (ੲ) ਵਿਸ਼ਵੀਕਰਨ ਅਤੇ ਮਾਨਵੀ ਸਮੱਸਿਆਵਾਂ

ਅਜੋਕੇ ਸਮੇਂ ਵਿਚ ਵਿਸ਼ਵੀਕਰਨ ਦਾ ਵਰਤਾਰਾ ਬਹੁ-ਚਰਚਿਤ ਹੈ। ਇਸ ਬਾਰੇ ਵੱਖ-ਵੱਖ ਚਿੰਤਕਾਂ ਨੇ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ ਹਨ। ਕੁੱਝ ਚਿੰਤਕਾਂ ਦਾ ਮੰਨਣਾ ਹੈ ਕਿ ਵਿਸ਼ਵੀਕਰਨ ਦੇ ਫਲਸਰੂਪ ਦੁਨੀਆਂ ਬਹੁਤ ਤੇਜ਼ੀ ਨਾਲ ਵਿਕਾਸ ਕਰ ਰਹੀ ਹੈ ਅਤੇ ਕੁੱਝ ਚਿੰਤਕ ਤਾਂ ਇਹ ਵੀ ਕਹਿੰਦੇ ਹਨ ਕਿ ਅਮਰੀਕਾ ਅਤੇ ਯੂਰਪ ਵਿਚ ਉੱਤਰ ਆਧੁਨਿਕਤਾ ਤੋਂ ਬਾਅਦ ਵਾਲਾ ਸਮਾਂ ਵਿਸ਼ਵੀਕਰਨ ਦਾ ਹੈ। ਕੁੱਝ ਚਿੰਤਕ ਇਹ ਵੀ ਕਹਿ ਰਹੇ ਹਨ ਕਿ ਵਿਸ਼ਵੀਕਰਨ ਤੋਂ ਬਾਅਦ ਅਸੀਂ ਉੱਤਰ-ਵਿਸ਼ਵੀਕਰਨ ਦੇ ਯੁੱਗ ਵਿਚ ਦਾਖ਼ਲ ਹੋ ਚੁੱਕੇ ਹਾਂ। ਵਿਸ਼ਵੀਕਰਨ ਦੇ ਇਸ ਵਿਕਾਸ ਵਿਚ ਉਦਯੋਗੀਕਰਨ, ਸੈਟੇਲਾਈਟ, ਸੂਚਨਾ ਤਕਨਾਲੋਜੀ ਦੀ ਮੁੱਖ ਭੂਮਿਕਾ ਹੈ। ਵਿਸ਼ਵੀਕਰਨ ਦੇ ਨਤੀਜੇ ਵਜੋਂ ਹੀ ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਅਪਣਾਈਆਂ ਜਾ ਰਹੀਆਂ ਹਨ। ਇਨ੍ਹਾਂ ਨੀਤੀਆਂ ਸਦਕਾ ਵੱਡੇ ਰਾਜਾਂ ਜਾਂ ਕੇਂਦਰੀ ਸ਼ਕਤੀਆਂ ਦੀ ਭੂਮਿਕਾ ਨੂੰ ਕਮਜ਼ੋਰ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ।

ਵਿਸ਼ਵੀਕਰਨ ਇੱਕ ਅਜਿਹੀ ਪ੍ਰਕਿਰਿਆ ਹੈ ਜਿਸ ਰਾਹੀਂ ਅੰਤਰ-ਰਾਸ਼ਟਰੀ ਹੱਦਾਂ ਦੀ ਮਹੱਤਤਾ ਘਟਦੀ ਹੈ ਅਤੇ ਵਿਸ਼ਵ ਪੱਧਰ ਤੇ ਤਕਨੀਕ, ਸੂਚਨਾ ਤਕਨਾਲੋਜੀ, ਲੋਕਾਂ ਦੇ ਵਿਚਾਰਾਂ ਦਾ ਆਦਾਨ-ਪ੍ਰਦਾਨ ਹੁੰਦਾ ਹੈ। ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਦੇ ਆਰਥਿਕ, ਸਮਾਜਿਕ ਤੇ ਸਭਿਆਚਾਰਕ ਆਦਾਨ-ਪ੍ਰਦਾਨ ਨਾਲ ਵਿਸ਼ਵ ਇੱਕਸਾਰਤਾ ਤੇ ਵਿਸ਼ਵ ਚੇਤਨਤਾ ਪੈਦਾ ਹੁੰਦੀ ਹੈ। ਇਸ ਨਾਲ ਸਮਾਜ ਅਤੇ ਸਭਿਆਚਾਰ ਦੇ ਆਪਸੀ ਅੰਤਰ ਘਟਦੇ ਹਨ ਅਤੇ ਇੱਕ ਵਿਸ਼ਵ ਸਮਾਜ ਪੈਦਾ ਹੁੰਦਾ ਹੈ। ਅਸਲ ਵਿਚ ਪੁਰਾਣੇ ਸਮੇਂ ਤੋਂ ਹੀ ਮਨੁੱਖ ਜਾਤੀ ਆਪਣੀ ਹੋਂਦ ਨੂੰ ਬਚਾਈ ਰੱਖਣ ਅਤੇ ਵੱਧ ਤੋਂ ਵੱਧ ਜੀਵਨ-ਪੱਖੀ ਸਹੂਲਤਾਂ ਪ੍ਰਾਪਤ ਕਰਨ ਲਈ ਇੱਕ ਥਾਂ ਤੋਂ ਦੂਜੀ ਥਾਂ ਦਾ ਭਰਮਣ ਕਰਦੀ ਰਹੀ ਹੈ ਫ਼ਰਕ ਕੇਵਲ ਏਨਾ ਹੀ ਹੈ ਕਿ ਪੁਰਾਣੇ ਸਮੇਂ ਵਿਚ ਇੰਨੀ ਤਰੱਕੀ ਨਾ ਹੋਣ ਕਰਕੇ ਵਿਸ਼ਵੀਕਰਨ ਦੀ ਰਫ਼ਤਾਰ ਅਜੋਕੇ ਸਮੇਂ ਨਾਲੋਂ ਕਾਫ਼ੀ ਧੀਮੀ ਤੇ ਮੱਧਮ ਸੀ।

ਵਿਸ਼ਵੀਕਰਨ ਦੇ ਦੌਰ ਵਿਚ ਭਾਵੇਂ ਮਨੁੱਖ ਨੇ ਗਿਆਨ, ਵਿਗਿਆਨ, ਪਦਾਰਥੀ ਉਪਭੋਗਤਾਵਾਦ, ਸੂਚਨਾ ਤਕਨਾਲੋਜੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਪ੍ਰਾਪਤ ਕੀਤੀਆਂ ਹਨ ਪਰੰਤੂ ਇਸ ਨਾਲ ਬਹੁਤ ਸਾਰੀਆਂ ਮਾਨਵੀ ਸਮੱਸਿਆਵਾਂ ਵੀ ਪੈਦਾ ਹੋ ਗਈਆਂ ਹਨ। ਇਨ੍ਹਾਂ ਸਮੱਸਿਆਵਾਂ ਨੂੰ ਵਿਚਾਰਨਾ ਹੀ ਸਾਡੇ ਹਥਲੇ ਅਧਿਆਇ ਦਾ ਕਾਰਜ-ਖੇਤਰ ਹੈ।

ਵਿਸ਼ਵੀਕਰਨ ਬੁਨਿਆਦੀ ਤੌਰ 'ਤੇ ਪੂੰਜੀਵਾਦ ਦਾ ਹੀ ਵਿਕਸਤ ਰੂਪ ਹੈ ਜਿਸ ਸਦਕਾ ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਵਿਚ ਮਨੁੱਖ ਆਪਣੀ ਰੋਜ਼ੀ-ਰੋਟੀ ਲਈ ਵਿਸ਼ਵ ਦੇ ਕਿਸੇ ਵੀ ਹਿੱਸੇ ਵਿਚ ਪ੍ਰਵਾਸ ਕਰ ਸਕੇਗਾ। ਫਲਸਰੂਪ ਵਿਸ਼ਵੀਕਰਨ ਦੀ ਇਸ ਪ੍ਰਕਿਰਿਆ ਦੌਰਾਨ ਲੋਕ ਬਗ਼ੈਰ ਕਿਸੇ ਰੁਕਾਵਟ ਤੋਂ ਵਿਸ਼ਵੀ ਦੇਸ਼ਾਂ ਵਿਚ ਆ ਤੇ ਜਾ ਸਕਣਗੇ। ਇਸਦਾ ਪ੍ਰਭਾਵ ਮਾਨਵੀ ਵਿਸ਼ਵ ਸੰਕਟ ਵਿਚ ਦ੍ਰਿਸ਼ਟੀਗੋਚਰ ਹੋਵੇਗਾ। ਵਿਸ਼ਵੀਕਰਨ ਦਾ ਸਭ ਤੋਂ ਵੱਧ ਲਾਭ ਬਹੁਤ ਅਮੀਰ ਅਤੇ ਸਾਮਰਾਜਵਾਦੀ ਮੁਲਕਾਂ ਨੂੰ ਹੋਵੇਗਾ। ਇਸ ਦੌਰ ਵਿਚ ਘੱਟ ਵਿਕਸਤ ਦੇਸ਼ਾਂ ਦੇ ਲੋਕ ਆਪਣੇ ਆਪ ਨੂੰ ਬਿਖ਼ਰੇ ਅਤੇ ਠੱਗੇ ਹੋਏ ਮਹਿਸੂਸ ਕਰ ਰਹੇ ਹਨ। ਵਿਸ਼ਵੀਕਰਨ ਦੀ ਗਤੀਸ਼ੀਲਤਾ ਪਰਸਪਰ ਵਿਰੋਧੀ ਹੈ। ਇੱਕ ਪਾਸੇ ਇਹ ਅਮੀਰ ਲੋਕਾਂ ਨੂੰ ਜੋੜਦੀ ਹੈ ਅਤੇ ਦੂਜੇ ਪਾਸੇ ਗ਼ਰੀਬ ਲੋਕਾਂ ਨੂੰ ਵਿਖੰਡਿਤ ਕਰਦੀ ਹੈ। ਇਸ ਲਈ ਵਿਸ਼ਵੀਕਰਨ ਨੂੰ ਅਮੀਰ ਲੋਕਾਂ ਤੇ ਵਿਕਸਤ ਦੇਸ਼ਾਂ ਦਾ ਆਰਥਿਕ, ਰਾਜਨੀਤਿਕ ਅਤੇ ਸਭਿਆਚਾਰਕ ਸਾਮਰਾਜਵਾਦ ਦਾ ਨਾਮ ਦਿੱਤਾ ਜਾ ਸਕਦਾ ਹੈ।

ਵਿਸ਼ਵੀਕਰਨ ਦੀ ਬੇਰੋਕ ਤਰੱਕੀ ਕਈ ਬਿਮਾਰੀਆਂ, ਤਕਲੀਫ਼ਾਂ ਅਤੇ ਰੁਕਾਵਟਾਂ ਪੈਦਾ ਕਰ ਸਕਦੀ ਹੈ। ਵਿਸ਼ਵੀਕਰਨ ਦੇ ਦੌਰ ਵਿਚ ਪਦਾਰਥਕ ਤਰੱਕੀ ਦਾ ਹੀ ਨਤੀਜਾ ਹੈ ਕਿ ਅੱਜ ਜਿਸ ਹਵਾ ਵਿਚ ਅਸੀਂ ਸਾਹ ਲੈਂਦੇ ਹਾਂ, ਪਾਣੀ ਜੋ ਅਸੀਂ ਪੀਂਦੇ ਹਾਂ ਅਤੇ ਭੋਜਨ ਜੋ ਅਸੀਂ ਖਾਂਦੇ ਹਾਂ, ਸਾਡਾ ਵਾਤਾਵਰਣਕ ਚੌਗਿਰਦਾ ਅਤੇ ਸਮਾਜਿਕ ਰਿਸ਼ਤੇ ਜੋ ਸਾਡੇ ਜੀਵਨ ਦਾ ਅਧਾਰ ਹਨ, ਸਭ ਵਿਚ ਜ਼ਹਿਰ ਘੁਲ ਗਈ ਹੈ। ਇਸ ਦੌਰ ਵਿਚ ਬੇਰੋਕ ਤਰੱਕੀ ਦਾ ਸਭ ਤੋਂ ਬੁਰਾ ਅਸਰ ਸਾਰੇ ਕੁਦਰਤੀ ਵਸੀਲਿਆਂ ਉੱਪਰ ਪੈ ਰਿਹਾ ਹੈ। ਕੁਦਰਤੀ ਗੈਸਾਂ, ਪੈਟਰੋਲ ਅਤੇ ਜੰਗਲਾਂ ਤੋਂ ਲੈ ਕੇ ਪਾਣੀ ਦੇ ਸੋਮਿਆਂ, ਓਜ਼ੋਨ ਅਤੇ ਮਨੁੱਖੀ ਜ਼ਿੰਦਗੀ ਦਾ ਅਧਾਰ ਆਕਸੀਜਨ ਆਦਿ ਸਭ ਕੁੱਝ ਨੂੰ

ਇਹ ਬੇਰੋਕ ਤਰੱਕੀ ਹੜੱਪ ਕਰਦੀ ਜਾ ਰਹੀ ਹੈ। ਬਾਹਰੀ ਪਦਾਰਥਕ ਤਰੱਕੀ ਸਾਡੇ ਰੂਹਾਨੀ ਵਿਕਾਸ ਅਤੇ ਖੁਸ਼ਹਾਲੀ ਨੂੰ ਵੀ ਢਾਹ ਲਾ ਰਹੀ ਹੈ।

ਵਿਸ਼ਵੀਕਰਨ ਦੇ ਇਸ ਦੌਰ ਵਿਚ ਸਭ ਲੋਕ ਅਤੇ ਸੰਸਥਾਵਾਂ ਸੂਚਨਾ ਤਕਨਾਲੋਜੀ ਨੂੰ ਇੱਕ ਕ੍ਰਿਸ਼ਮਾ ਸਮਝ ਰਹੇ ਹਨ ਅਤੇ ਇਸ ਵੱਲ ਹਸਰਤ ਭਰੀਆਂ ਨਿਗਾਹਾਂ ਨਾਲ ਵੇਖਦੇ ਹਨ। ਸਮੱਸਿਆਵਾਂ ਭਾਵੇਂ ਸਮਾਜਿਕ, ਸਭਿਆਚਾਰਕ, ਰਾਜਨੀਤਿਕ, ਆਰਥਿਕ, ਧਾਰਮਿਕ, ਮਾਨਸਿਕ ਅਤੇ ਵਾਤਾਵਰਣਕ ਕੋਈ ਵੀ ਹੋਣ। ਮਨੁੱਖ ਦਾ ਇਨ੍ਹਾਂ ਪ੍ਰਤਿ ਹਾਂ-ਪੱਖੀ ਹੁੰਗਾਰਾ ਇਹ ਹੋਣਾ ਚਾਹੀਦਾ ਹੈ ਕਿ ਸਮੱਸਿਆਵਾਂ ਦੇ ਹੱਲ ਲਈ ਕੋਈ ਕਾਰਗਰ ਤਕਨਾਲੋਜੀ ਵਿਕਸਤ ਕੀਤੀ ਜਾਵੇ। ਵਿਸ਼ਵੀਕਰਨ ਦੇ ਇਸ ਬਦਲਦੇ ਹੋਏ ਦੌਰ ਵਿਚ ਮਨੁੱਖ ਆਪਣੇ ਨਿਰਬਾਹ ਲਈ ਇੰਨਾ ਰੁਝੇਵਿਆਂ ਭਰਪੂਰ ਹੋ ਗਿਆ ਹੈ ਕਿ ਉਹ ਆਪਣੇ ਵਿਰਸੇ, ਧਾਰਮਿਕ ਸਭਿਆਚਾਰ ਜਾਂ ਅਧਿਆਤਮਕ ਸੰਸਾਰ ਤੋਂ ਟੁੱਟ ਰਿਹਾ ਹੈ। ਜਦੋਂ ਮਨੁੱਖ ਅਧਰਮੀ ਹੋ ਜਾਂਦਾ ਹੈ ਤਾਂ ਉਹ ਚੰਗਾ, ਮੰਦਾ ਵੀ ਭੁੱਲ ਜਾਂਦਾ ਹੈ ਭਾਵ ਮਨੁੱਖ ਵਿਚ ਮੁਨਾਫ਼ਾ ਖ਼ੋਰੀ ਦੀ ਰੁਚੀ ਪ੍ਰਵੇਸ਼ ਕਰ ਜਾਂਦੀ ਹੈ। ਵੱਡੇ ਉਦਯੋਗ ਜਾਂ ਬਹੁ-ਕੌਮੀ ਕੰਪਨੀਆਂ ਆਪਣੇ ਮੁਨਾਫ਼ੇ ਲਈ ਕਾਮਿਆਂ ਤੋਂ ਵੱਧ ਕੰਮ ਤਾਂ ਕਰਵਾਉਂਦੀਆਂ ਹਨ ਪਰੰਤੂ ਇਸ ਦੇ ਬਦਲੇ ਵਿਚ ਉਹਨਾਂ ਨੂੰ ਪੂਰਾ ਮੁਆਵਜ਼ਾ ਨਹੀਂ ਦਿੱਤਾ ਜਾਂਦਾ। ਨਤੀਜੇ ਵਜੋਂ ਅਮੀਰ-ਗ਼ਰੀਬ ਦਾ ਪਾੜਾ ਵਧ ਜਾਂਦਾ ਹੈ। ਸ਼ਕਤੀਸ਼ਾਲੀ ਮਨੁੱਖ ਹਮੇਸ਼ਾਂ ਹੀ ਕਮਜ਼ੋਰ ਮਨੁੱਖ ਦਾ ਸ਼ੋਸ਼ਣ ਕਰੇਗਾ ਇਹ ਕੁਦਰਤੀ ਵਰਤਾਰਾ ਹੈ।

ਵਿਸ਼ਵੀਕਰਨ ਦੇ ਇਸ ਬਦਲਦੇ ਪਰਿਪੇਖ ਵਿਚ ਆਰਥਿਕਤਾ ਤੇ ਪ੍ਰਭਾਵ ਪੈਣਾ ਲਾਜ਼ਮੀ ਹੈ। ਆਰਥਿਕ ਸੰਕਟਾਂ ਕਾਰਨ ਸਮਾਜਿਕ, ਰਾਜਨੀਤਿਕ ਅਤੇ ਸਭਿਆਚਾਰਕ ਪਰਿਵਰਤਨ ਆ ਸਕਦੇ ਹਨ। ਇਨ੍ਹਾਂ ਪਰਿਵਰਤਨਾਂ ਕਾਰਨ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਅੰਦਰ ਕੁੱਝ ਅਜਿਹੇ ਵਰਗ ਪੈਦਾ ਹੋ ਗਏ ਹਨ ਜੋ ਅਨੇਕਾਂ ਸੰਕਟਾਂ ਦਾ ਸ਼ਿਕਾਰ ਹੋ ਰਹੇ ਹਨ, ਕਿਉਂਕਿ ਅਜੋਕੇ ਵਿਸ਼ਵ ਦੇ ਸਾਰੇ ਸਮਾਜ, ਆਰਥਿਕ, ਰਾਜਨੀਤਿਕ ਪ੍ਰਬੰਧ ਇੱਕ ਦੂਜੇ ਉੱਤੇ ਨਿਰਭਰ ਹੋਣ ਕਾਰਨ ਸੰਗਠਿਤ ਏਕਤਾ ਵਿਚ ਬੱਝੇ ਹੋਏ ਹਨ। ਇਸ ਲਈ ਅਜੋਕੀਆਂ ਸਮਾਜਿਕ, ਆਰਥਿਕ,

ਸਭਿਆਚਾਰਕ ਅਤੇ ਰਾਜਨੀਤਿਕ ਸਮੱਸਿਆਵਾਂ ਕਿਸੇ ਨਿੱਜੀ ਦੇਸ਼ ਦੀਆਂ ਸਮੱਸਿਆਵਾਂ ਨਾ ਹੋ ਕੇ ਵਿਸ਼ਵੀ-ਸਮੱਸਿਆਵਾਂ ਹੀ ਹਨ।

ਇਸ ਤਰ੍ਹਾਂ ਵਿਸ਼ਵੀਕਰਨ ਦੇ ਇਸ ਦੌਰ ਵਿਚ ਅੱਜ ਦੇ ਮਹੱਤਵਪੂਰਨ ਮਸਲੇ ਸਥਾਨਕ ਮਸਲੇ ਨਹੀਂ ਹਨ ਸਗੋਂ ਮਾਨਵ-ਜਾਤੀ ਦੇ ਸਰਬ ਸਾਂਝੇ ਮਸਲੇ ਬਣ ਗਏ ਹਨ। ਜੋ ਕਿ ਗਲੋਬਲ ਵਿਚਾਰਧਾਰਾ ਉੱਪਰ ਹੀ ਨਿਰਭਰ ਕਰਦੇ ਹਨ। ਇਨ੍ਹਾਂ ਤੋਂ ਇਲਾਵਾ ਵਿਸ਼ਵੀਕਰਨ ਨਾਲ ਹੋਰ ਵੀ ਬਹੁਤ ਸਾਰੀਆਂ ਸਮੱਸਿਆਵਾਂ ਹਨ; ਜਿਵੇਂ ਸਮਾਜਿਕ ਬਣਤਰ ਬਾਰੇ ਸਮੱਸਿਆਵਾਂ, ਅੰਤਰ-ਰਾਸ਼ਟਰੀ ਤੇ ਗਲੋਬਲ ਸੁਰੱਖਿਆ, ਅੰਤਰ-ਰਾਸ਼ਟਰੀ ਕਾਨੂੰਨ, ਵਿਸ਼ਵੀ ਸਿਆਸਤ ਵਿਚ ਟਰਾਂਜੀਸ਼ਨਲ ਪਾਤਰ ਅਤੇ ਅੰਤਰ-ਰਾਸ਼ਟਰੀ ਸੰਸਥਾਵਾਂ, ਵਾਤਾਵਰਣਕ ਸਮੱਸਿਆਵਾਂ, ਵਿਕਾਸ ਦੇ ਉਲਟ ਗ਼ਰੀਬੀ ਅਤੇ ਭੁੱਖ-ਮਰੀ, ਮਨੁੱਖੀ ਸੁਰੱਖਿਆ, ਮਨੁੱਖੀ ਅਧਿਕਾਰ ਆਦਿ ਨਾਲ ਸੰਬੰਧਿਤ ਹੋਰ ਵੀ ਅਨੇਕਾਂ ਮਾਨਵੀ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ।

ਉਪਰੋਕਤ ਵਿਸ਼ਲੇਸ਼ਣ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਵਿਸ਼ਵੀਕਰਨ ਤੋਂ ਪੈਦਾ ਹੋਈਆਂ ਇਹਨਾਂ ਮਾਨਵੀ ਸਮੱਸਿਆਵਾਂ ਦਾ ਸਮਾਧਾਨ ਦੋ ਪੱਧਰਾਂ ਤੇ ਹੋ ਸਕਦਾ ਹੈ। ਪਹਿਲਾ ਭੌਤਿਕਵਾਦੀ ਪੱਧਰ ਹੈ ਜਿਸ ਵਿਚ ਵਿਸ਼ਵੀ ਸੰਗਠਨਾਂ ਨੇ ਇਕੱਠੇ ਹੋ ਕੇ ਇਹਨਾਂ ਮਾਨਵੀ ਸਮੱਸਿਆਵਾਂ ਪ੍ਰਤਿ ਆਪਣੀਆਂ ਉਦਾਰਵਾਦੀ ਨੀਤੀਆਂ ਨੂੰ ਸਪੱਸ਼ਟ ਰੂਪ ਵਿਚ ਲਾਗੂ ਕਰਨ ਲਈ ਠੋਸ ਕਦਮ ਨਹੀਂ ਚੁੱਕੇ ਕਿਉਂਕਿ ਵਿਸ਼ਵੀਕਰਨ ਦੇ ਸੰਦਰਭ ਵਿਚ ਜਦੋਂ ਤੱਕ ਮਨੁੱਖ ਦੀਆਂ ਭੌਤਿਕੀ ਸਮੱਸਿਆਵਾਂ ਦਾ ਸਹੀ ਹੱਲ ਨਹੀਂ ਲੱਭਿਆ ਜਾਂਦਾ ਉਦੋਂ ਤੱਕ ਵਿਸ਼ਵੀਕਰਨ ਦੀ ਸਾਰਥਿਕਤਾ ਨੂੰ ਹਾਂ-ਪੱਖੀ ਹੁੰਗਾਰਾ ਨਹੀਂ ਮਿਲ ਸਕਦਾ। ਮਨੁੱਖੀ ਸਮੱਸਿਆਵਾਂ ਦਾ ਦੂਜਾ ਪੱਧਰ ਉਸਦੀ ਰੂਹਾਨੀਅਤ ਦਾ ਹੈ। ਜਦੋਂ ਤਕ ਮਨੁੱਖ ਰੂਹਾਨੀਅਤ ਤੌਰ ਤੇ ਸੰਤੁਸ਼ਟ ਨਹੀਂ ਹੁੰਦਾ ਉਦੋਂ ਤੱਕ ਭਟਕਣਾ ਖ਼ਤਮ ਨਹੀਂ ਹੁੰਦੀ। ਰੂਹਾਨੀਅਤ ਸੰਤੁਸ਼ਟੀ ਮਨੁੱਖ ਨੂੰ ਉਸਦੇ ਧਾਰਮਿਕ ਵਿਸ਼ਵਾਸਾਂ ਵਿਚੋਂ ਹੀ ਪ੍ਰਾਪਤ ਹੁੰਦੀ ਹੈ। ਧਾਰਮਿਕ ਵਿਸ਼ਵਾਸ ਹੀ ਮਨੁੱਖ ਵਿਚ ਨੈਤਿਕ ਤੇ ਸਦਾਚਾਰਕ ਗੁਣ ਪੈਦਾ ਕਰਕੇ ਉਸ ਨੂੰ ਉਚੇਰੀਆਂ ਕਦਰਾਂ-ਕੀਮਤਾਂ ਦੇ ਧਾਰਨੀ ਬਣਾਉਂਦੇ ਹਨ। ਗੁਰੂ ਨਾਨਕ ਦੇਵ

ਜੀ ਦੀ ਵਿਚਾਰਧਾਰਾ ਇਹਨਾਂ ਮਾਨਵੀ ਸਮੱਸਿਆਵਾਂ ਨੂੰ ਵਿਸ਼ਵ ਪੱਧਰ 'ਤੇ ਹੱਲ ਕਰਨ ਦੀ ਦ੍ਰਿਸ਼ਟੀ ਅਪਣਾਉਂਦੀ ਹੈ ਜਿਸ ਦਾ ਅਧਿਐਨ ਅਸੀਂ ਇਸ ਸ਼ੋਧ-ਪ੍ਰਬੰਧ ਦੇ ਸੰਬੰਧਿਤ ਅਧਿਆਵਾਂ ਵਿਚ ਕਰਾਂਗੇ।

## (ਸ) ਵਿਸ਼ਵ ਚਿੰਤਨ ਅਤੇ ਗੁਰੂ ਨਾਨਕ ਬਾਣੀ

ਵਿਸ਼ਵੀਕਰਨ ਬਾਰੇ ਅਸੀਂ ਪਿੱਛੇ ਕਾਫ਼ੀ ਵਿਚਾਰ ਕਰ ਆਏ ਹਾਂ ਪਰੰਤੂ ਫਿਰ ਵੀ ਇਸ ਅਧਿਆਇ ਨਾਲ ਸੰਬੰਧਿਤ ਵਿਸ਼ਵੀਕਰਨ ਦੇ ਕੁੱਝ ਪੱਖਾਂ ਨੂੰ ਵਿਚਾਰਨਾ ਮੁਨਾਸਿਬ ਹੋਵੇਗਾ। ਵਿਸ਼ਵੀਕਰਨ ਇੱਕ ਅਜਿਹੀ ਪ੍ਰਕਿਰਿਆ ਹੈ ਜਿਸ ਵਿਚ ਪੂਰੇ ਵਿਸ਼ਵ ਦੇ ਲੋਕ ਮਿਲ ਕੇ ਇੱਕ ਸਮਾਜ ਸਿਰਜਦੇ ਹਨ ਅਤੇ ਇਕੱਠੇ ਕੰਮ ਕਰਦੇ ਹਨ। ਇਸ ਪ੍ਰਕਿਰਿਆ ਨੂੰ ਅਸੀਂ ਵਿਭਿੰਨ ਕੌਮਾਂ ਦੇ ਲੋਕਾਂ ਦੀ ਆਰਥਿਕ, ਤਕਨੀਕੀ, ਸਮਾਜਿਕ, ਰਾਜਨੀਤਿਕ, ਸਭਿਆਚਾਰਕ ਅਤੇ ਧਾਰਮਿਕ ਪ੍ਰਸਥਿਤੀਆਂ ਦਾ ਇੱਕ ਮਿਲਗੋਭਾ ਕਹਿ ਸਕਦੇ ਹਾਂ। ਇਸ ਮਿਸ਼ਰਣ ਨਾਲ ਇੱਕ ਅਜਿਹਾ ਸਮਾਜ ਜਿਹੜਾ ਕਿ ਬਾਹਰੀ ਤੌਰ ਤੇ ਤਾਂ ਇੱਕ ਵਿਸ਼ਵੀ ਸਮਾਜ ਪੈਦਾ ਹੋ ਜਾਵੇਗਾ ਜਿਸ ਵਿਚ ਸਾਰੇ ਮਨੁੱਖ ਇਕੱਠੇ ਕੰਮ ਕਰਦੇ ਨਜ਼ਰ ਆਉਣਗੇ ਪਰੰਤੂ ਅੰਦਰੂਨੀ ਤੌਰ ਤੇ ਮਨੁੱਖੀ ਜੀਵਨ ਦੀਆਂ ਵਿਭਿੰਨ ਭੂਗੋਲਿਕ, ਸਭਿਆਚਾਰਕ ਅਤੇ ਧਾਰਮਿਕ ਪ੍ਰਸਥਿਤੀਆਂ ਕਾਰਨ ਇਸ ਵਿਸ਼ਵੀ ਸਮਾਜ ਵਿਚ ਮਾਨਵੀ-ਤਨਾਓ ਤੇ ਮਾਨਸਿਕ ਗੁੰਝਲਾਂ ਪ੍ਰਤਿ ਬਹੁਤ ਸਾਰੇ ਸੰਕਟ ਪੈਦਾ ਹੋਣਗੇ। ਇਨ੍ਹਾਂ ਬਦਲਦੀਆਂ ਪ੍ਰਸਥਿਤੀਆਂ ਅਨੁਸਾਰ ਨਵੇਂ ਖਤਰੇ, ਨਵੀਆਂ ਚੁਣੌਤੀਆਂ ਅਤੇ ਵਿਚਾਰਧਾਰਕ ਸੰਕਟਾਂ ਆਦਿ ਦਾ ਮੁਕਾਬਲਾ ਕਰਨ ਲਈ ਲਗਾਤਾਰ ਗਤੀਸ਼ੀਲ ਰਹਿਣਾ ਪਵੇਗਾ। ਜਦੋਂ ਕੋਈ ਸਮਾਜ ਗਤੀਸ਼ੀਲਤਾ, ਲਚਕੀਲਾਪਣ ਜਾਂ ਨਿਰੰਤਰ ਤਬਦੀਲੀ ਦਾ ਰਸਤਾ ਤਿਆਗ ਕੇ ਇੱਕ ਨਵੀਂ ਸਭਿਆਚਾਰਕ ਸਥਿਤੀ ਵਿਚ ਪ੍ਰਵੇਸ਼ ਕਰਦਾ ਹੈ ਤਾਂ ਵੀ ਕਈ ਤਰ੍ਹਾਂ ਦੇ ਮਾਨਵੀ ਸੰਕਟ ਉਤਪੰਨ ਹੋਣ ਦਾ ਸਹਿਮ ਪੈਦਾ ਹੋ ਜਾਂਦਾ ਹੈ।

ਵਿਸ਼ਵੀਕਰਨ ਨਾਲ ਵਿਸ਼ਵ ਪੱਧਰ ਤੇ ਉਤਪਾਦਨ ਮੰਡੀਆਂ ਦਾ ਇਕੱਠ ਅਤੇ ਵਿਦੇਸ਼ੀ

ਮਾਲ ਦੀ ਉਪਭੋਗਤਾਵਾਂ ਤੇ ਕੰਪਨੀਆਂ ਤੱਕ ਅਸਾਨੀ ਨਾਲ ਪਹੁੰਚ ਹੋ ਸਕੇਗੀ। ਸੰਸਾਰੀ ਪੱਧਰ ਤੇ ਵਿੱਤੀ ਮੰਡੀਆਂ ਦੇ ਵਿੱਤੀਕਰਨ ਨਾਲ ਸੰਸਾਰ ਭਰ ਦੇ ਉਪਭੋਗਤਾਵਾਂ (Borrowers) ਨੂੰ ਵਿੱਤੀ ਸਹਾਇਤਾ ਪ੍ਰਾਪਤ ਕਰਨ ਵਿਚ ਬਹੁਤ ਸਹੂਲਤ ਹੋਵੇਗੀ। ਆਰਥਿਕ ਵਸਤੂਆਂ ਅਤੇ ਪੂੰਜੀ ਦੇ ਸੁਤੰਤਰ ਆਦਾਨ-ਪ੍ਰਦਾਨ ਨਾਲ ਇੱਕ ਵਿਸ਼ਵ ਸਾਂਝੇ ਬਜ਼ਾਰ ਦੀ ਸਥਾਪਨਾ ਹੋ ਜਾਵੇਗੀ। ਰਾਜਨੀਤਿਕ ਵਿਸ਼ਵੀਕਰਨ ਨਾਲ ਵਿਸ਼ਵ ਸਰਕਾਰ ਦਾ ਗਠਨ ਹੋ ਜਾਵੇਗਾ ਜਿਸ ਨਾਲ ਸਮਾਜਿਕ, ਆਰਥਿਕ ਵਿਸ਼ਵੀਕਰਨ ਤੋਂ ਪੈਦਾ ਹੋਣ ਵਾਲੇ ਅਧਿਕਾਰਾਂ ਦੀ ਵੀ ਗਰੰਟੀ ਹੋਵੇਗੀ। ਵਿਸ਼ਵੀਕਰਨ ਨਾਲ ਭੂਗੋਲਿਕ ਦ੍ਰਿਸ਼ਟੀ ਤੋਂ ਦੂਰ ਦੁਰਾਡੇ ਸਥਾਨਾਂ ਵਿਚਕਾਰ ਸੂਚਨਾ-ਪ੍ਰਵਾਹ ਵਿਚ ਅਤਿਅੰਤ ਵਾਧਾ ਹੋਇਆ ਹੈ। ਇੰਟਰਨੈੱਟ (Internet) ਅਤੇ ਮੋਬਾਈਲ (Mobile) ਦੀ ਉਪਲਬਧਤਾ ਕਾਰਨ ਸੂਚਨਾ ਤਕਨੀਕ ਵਿਚ ਵੀ ਪਰਿਵਰਤਨ ਆਇਆ ਹੈ। ਵਿਸ਼ਵੀ ਦੌਰ ਵਿਚ ਬਹੁਤ ਸਾਰੇ ਸੰਚਾਰ ਸਾਧਨਾਂ ਵਿਚ ਅੰਗਰੇਜ਼ੀ ਭਾਸ਼ਾ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇੱਕ ਅਨੁਮਾਨ ਮੁਤਾਬਿਕ ਲਗਭਗ ਵਿਸ਼ਵ ਦੇ 40% ਰੇਡੀਉ ਪ੍ਰੋਗਰਾਮ ਅੰਗਰੇਜ਼ੀ ਭਾਸ਼ਾ ਵਿਚ ਪ੍ਰਸਾਰਿਤ ਕੀਤੇ ਜਾਂਦੇ ਹਨ ਅਤੇ ਸਾਰੇ ਇੰਟਰਨੈੱਟ (Internet) ਸੰਚਾਰ ਦੇ 50% ਭਾਗ ਵਿਚ ਅੰਗਰੇਜ਼ੀ ਭਾਸ਼ਾ ਦੀ ਹੀ ਵਰਤੋਂ ਕੀਤੀ ਜਾਂਦੀ ਹੈ।[21] ਇਸ ਤੋਂ ਇਹ ਵੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਵਿਸ਼ਵੀਕਰਨ ਦੇ ਦੌਰ ਵਿਚ ਇੱਕ ਸੰਯੁਕਤ ਸਮਾਜ ਦੀ ਸਥਾਪਨਾ ਹੋਣ ਕਰਕੇ ਘੱਟ ਗਿਣਤੀ ਦੇ ਲੋਕਾਂ ਦੀ ਭਾਸ਼ਾ ਨੂੰ ਵੀ ਖ਼ਤਰਾ ਹੋ ਸਕਦਾ ਹੈ।

ਵਿਸ਼ਵੀਕਰਨ ਦੇ ਉਪਰੋਕਤ ਪ੍ਰਭਾਵਾਂ ਕਾਰਨ ਮਾਨਵੀ ਸੋਚ, ਮਾਨਵੀ ਜੀਵਨ-ਸ਼ੈਲੀ, ਮਾਨਵੀ ਸਭਿਆਚਾਰ ਆਦਿ ਵਿਚ ਵੀ ਬਹੁਤ ਪਰਿਵਰਤਨ ਆਵੇਗਾ। ਇਨ੍ਹਾਂ ਪ੍ਰਭਾਵਾਂ ਕਾਰਨ ਜਿੱਥੇ ਇੱਕ ਵਿਸ਼ਵੀ ਸਮਾਜ ਦੀ ਸਥਾਪਨਾ ਦੀ ਕਾਮਨਾ ਕੀਤੀ ਜਾ ਸਕਦੀ ਹੈ ਉੱਥੇ ਇਸ ਵਿਸ਼ਵੀ ਸਮਾਜ ਵਿਚ ਅਨੇਕਾਂ ਮਾਨਵੀ ਸੰਕਟ ਵੀ ਪੈਦਾ ਹੋ ਸਕਦੇ ਹਨ। ਇਹ ਸੰਕਟ ਭਾਸ਼ਾਈ, ਸਭਿਆਚਾਰਕ, ਰਾਜਨੀਤਿਕ, ਆਰਥਿਕ, ਸਮਾਜਿਕ ਆਦਿ ਅਨੇਕਾਂ ਪੱਖਾਂ ਨਾਲ ਸੰਬੰਧਿਤ ਹੋ ਸਕਦੇ ਹਨ।

ਵੀਹਵੀਂ ਸਦੀ ਦਾ ਆਖਰੀ ਦਹਾਕਾ ਅਤੇ ਇੱਕੀਵੀਂ ਸਦੀ ਦਾ ਨਵਾਂ ਦੌਰ ਸਾਡੇ ਲਈ ਇੱਕ ਵੱਡਾ ਦਵੰਧ (Digital Dilective) ਲੈ ਕੇ ਆਇਆ ਹੈ ਜੋ ਇੱਕੋ ਸਮੇਂ ਹੀ ਪੂੰਜੀਵਾਦੀ ਸੋਚ ਅਤੇ ਸਮਾਜਵਾਦੀ ਸੋਚ ਦਾ ਪ੍ਰਗਟਾਵਾ ਕਰਦਾ ਹੈ। ਜਿਸ ਤਰ੍ਹਾਂ ਸਾਧਾਰਨ ਲੋਕਾਂ ਵਿਚ ਨਵਾਂ ਮੀਡੀਆ ਅਤੇ ਇੰਟਰਨੈੱਟ ਪ੍ਰਚੱਲਤ ਹੋਣ ਨਾਲ ਇਹਨਾਂ ਲੋਕਾਂ ਵਿਚ ਸਾਂਝੀ ਮਲਕੀਅਤ ਦਾ ਅਹਿਸਾਸ ਵਧਦਾ ਹੈ। ਨਵਾਂ ਮੀਡੀਆ ਗਲਤ ਹੱਥਾਂ ਵਿਚ ਆ ਜਾਣ ਸਦਕਾ ਇਸਦੀ ਵਰਤੋਂ ਗਲਤ ਕੰਮਾਂ ਲਈ ਵੀ ਕੀਤੀ ਜਾ ਸਕਦੀ ਹੈ ਅਤੇ ਇਹ ਅਜੋਕੇ ਮਨੁੱਖ ਲਈ ਕਈ ਤਰ੍ਹਾਂ ਦੀਆਂ ਨਵੀਆਂ ਸਮੱਸਿਆਵਾਂ ਪੈਦਾ ਕਰ ਸਕਦਾ ਹੈ। ਇਹਨਾਂ ਮਾਨਵੀ ਸੰਕਟਾਂ ਨੂੰ ਵਿਸ਼ਵ ਪੱਧਰ ਤੇ ਹੱਲ ਕਰਨ ਲਈ ਗੁਰੂ ਨਾਨਕ ਬਾਣੀ ਹੀ ਹਰ ਪਹਿਲੂ ਤੋਂ ਸਾਰਥਿਕ ਹੋ ਸਕਦੀ ਹੈ।

ਵਿਸ਼ਵੀਕਰਨ ਦੇ ਸੰਦਰਭ ਵਿਚ ਗੁਰੂ ਨਾਨਕ ਬਾਣੀ ਵਿਸ਼ਵ ਭਰ ਦੇ ਲੋਕਾਂ ਲਈ ਵਿਸ਼ਵ ਅਮਨ, ਵਿਸ਼ਵ-ਭਾਈਚਾਰਾ, ਅਮੀਰ-ਗ਼ਰੀਬ ਦਾ ਵਿਤਕਰਾ ਅਤੇ ਵਿਸ਼ਵੀ ਮਨੁੱਖ ਨੂੰ ਇੱਕ ਦੂਜੇ ਦੇ ਮੋਢੇ ਨਾਲ ਮੋਢਾ ਜੋੜ ਕੇ ਅਤੇ ਬਿਨਾਂ ਕਿਸੇ ਡਰ ਦੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਦੇ ਹੋਏ[22] ਇੱਕ ਖੁਸ਼ਹਾਲ ਸਮਾਜ ਵੱਲ ਵਧ ਸਕਣ ਦੀ ਪ੍ਰੇਰਨਾ ਦਿੰਦੀ ਹੈ।

ਗੁਰੂ ਨਾਨਕ ਬਾਣੀ ਵਿਚ ਮਾਨਵ ਅਤੇ ਸਮਾਜ ਦੇ ਸੰਕਲਪ ਦੀ ਆਧੁਨਿਕ ਵਿਸ਼ਵੀ ਮਨੁੱਖ ਲਈ ਪ੍ਰਸੰਗਿਕਤਾ ਨੂੰ ਸਮਝਣਾ ਸਾਡੇ ਸ਼ੋਧ-ਪ੍ਰਬੰਧ ਦਾ ਮੁੱਖ ਉਦੇਸ਼ ਹੈ। ਗੁਰੂ ਨਾਨਕ ਦੇਵ ਜੀ ਗੁਰਮਤਿ ਵਿਚਾਰਧਾਰਾ ਦੇ ਮੋਢੀ ਹਨ। ਉਸ ਵਕਤ ਤੋਂ ਲੈ ਕੇ ਹੁਣ ਤੱਕ ਮਨੁੱਖ ਦੇ ਸਮਾਜਿਕ ਯਥਾਰਥ ਵਿਚ ਅਨੇਕਾਂ ਮਹੱਤਵਪੂਰਨ ਤਬਦੀਲੀਆਂ ਵਾਪਰ ਚੁੱਕੀਆਂ ਹਨ। ਇਹ ਇੱਕ ਅਜਿਹਾ ਸਮਾਂ ਸੀ ਜਿਸ ਦੌਰਾਨ ਮੱਧ-ਯੁੱਗ ਦੀ ਸਮਾਜਿਕ, ਆਰਥਿਕ, ਰਾਜਨੀਤਿਕ, ਸਭਿਆਚਾਰਕ ਅਤੇ ਧਾਰਮਿਕ ਬਣਤਰ ਵਿਚ ਹੀ ਨਹੀਂ ਸਗੋਂ ਵਿਸ਼ਵੀਕਰਨ ਨਾਲ ਮਨੁੱਖ ਦੀ ਸੋਚ, ਉਸਦੀ ਬੁੱਧੀਮਾਨਤਾ ਅਤੇ ਵਿਸ਼ਵ-ਦ੍ਰਿਸ਼ਟੀ ਵਿਚ ਵੀ ਇੱਕ ਅਤਿ ਦਾ ਕ੍ਰਾਂਤੀਕਾਰੀ ਪਰਿਵਰਤਨ ਆ ਚੁੱਕਾ ਹੈ। ਹੁਣ ਸੋਚ ਇਹ ਬਣਦੀ ਹੈ ਕਿ ਕੀ ਮੱਧ-ਯੁੱਗ ਦੀ ਇਹ ਵਿਚਾਰਧਾਰਾ ਇੱਕੀਵੀਂ ਸਦੀ ਦੇ ਪਰਿਵਰਤਤ ਸਮਾਜਿਕ ਯਥਾਰਥ ਅਤੇ ਉਸਦੀ ਵਿਚਾਰਧਾਰਾ ਦੇ ਅਲੋਚਨਾਤਮਕ ਅਧਿਐਨ

ਰਾਹੀਂ ਅਜੋਕੇ ਵਿਸ਼ਵੀਕਰਨ ਦੇ ਯੁੱਗ ਵਿਚ, ਮਨੁੱਖੀ ਸੰਕਟ ਲਈ ਸਹਾਈ ਹੋ ਸਕਦੀ ਹੈ? ਅਜੋਕੇ ਮਨੁੱਖ ਨੂੰ ਇੱਕੀਵੀਂ ਸਦੀ ਦੇ ਨਵੇਂ ਪ੍ਰੋਗਰਾਮਾਂ ਅਤੇ ਨਵੀਆਂ ਚੁਣੌਤੀਆਂ ਲਈ ਸਵੀਕਾਰ ਕਰ ਸਕਦੀ ਹੈ।

ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਮੱਧ-ਯੁੱਗ ਦੀ ਜਗੀਰੂ ਉਤਪਾਦਨ ਪ੍ਰਣਾਲੀ ਉੱਪਰ ਅਧਾਰਿਤ ਭਾਰਤੀ ਸਮਾਜ ਦੀ ਰਾਜਨੀਤਿਕ ਵਿਵਸਥਾ ਦਾ ਅਲੋਚਨਾਤਮਕ ਚਿਤਰਣ ਪੇਸ਼ ਕਰਦੀ ਹੈ। ਗੁਰੂ ਨਾਨਕ ਦੀ ਸੋਚ ਤੱਤਕਾਲੀਨ ਸਮਾਜਿਕ ਇਤਿਹਾਸਕਤਾ ਨਾਲ ਦਾਰਸ਼ਨਿਕਤਾ ਭਰਪੂਰ ਸੰਵਾਦ ਸਿਰਜਦੀ ਹੋਈ ਉਸ ਸਮੇਂ ਦੇ ਪਰਮਾਰਥੀ ਸਰੋਕਾਰਾਂ ਅਤੇ ਸੰਦਰਭਾਂ ਦੇ ਰੂ-ਬ-ਰੂ ਹੁੰਦੀ ਹੈ। ਇਹ ਵਿਚਾਰਧਾਰਾ ਕਲਿਆਣਕਾਰੀ ਅਰਥ ਪ੍ਰਬੰਧਾਂ ਵੱਲ ਅਗਰਸਰ ਹੁੰਦੀ ਹੈ। ਉਸ ਸਮੇਂ ਦੀ ਮਾਨਵ ਵਿਰੋਧੀ ਰਾਜਨੀਤਿਕ ਵਿਵਸਥਾ ਵਿਚ ਕ੍ਰਾਂਤੀਕਾਰੀ ਤਬਦੀਲੀ ਰਾਹੀਂ ਇੱਕ ਖ਼ੂਬਸੂਰਤ ਸਮਾਜ ਅਤੇ ਨਵੇਂ ਮਨੁੱਖ ਦੇ ਨਿਰਮਾਣ ਦੀ ਰੂਪ-ਰੇਖਾ ਵੀ ਪ੍ਰਸਤੁਤ ਕਰਦੀ ਹੈ।

ਗੁਰਮਤਿ ਕਾਵਿ ਪਰੰਪਰਾ ਦਾ ਮੁੱਢ ਬੰਨਣ ਵਾਲੀ ਗੁਰੂ ਨਾਨਕ ਬਾਣੀ, ਕਾਵਿਕ ਪ੍ਰਵਚਨ ਦੀਆਂ ਸੰਰਚਨਾਤਮਕ ਜੁਗਤਾਂ ਰਾਹੀਂ ਸਿਰਜੀ ਗਈ ਹੈ। ਜਿਸਦਾ ਥੀਮਿਕ ਸੰਗਠਨ ਅਧਿਆਤਮਕ ਚਿੰਤਨ ਅਤੇ ਧਾਰਮਿਕ ਚੇਤਨਾ ਨੂੰ ਦ੍ਰਿਸ਼ਟੀਗੋਚਰ ਕਰਦਾ ਹੋਇਆ, ਮਨੁੱਖੀ ਜੀਵਨ ਦੇ ਯਥਾਰਥ ਨੂੰ ਪਰਮਾਰਥ ਦੇ ਮਾਧਿਅਮ ਰਾਹੀਂ ਪਰਿਭਾਸ਼ਤ ਵੀ ਕਰਦਾ ਹੈ। ਇਸਦੇ ਰਚਨਾ ਸੰਸਾਰ ਵਿਚ ਇੱਕ ਅਜਿਹੇ ਵਿਸ਼ਵ-ਦ੍ਰਿਸ਼ਟੀਕੋਣ ਦੀ ਰੂਪ-ਰੇਖਾ ਉੱਘੜਦੀ ਨਜ਼ਰ ਆਉਂਦੀ ਹੈ ਜਿਸ ਨੂੰ ਅਜੋਕੀ ਮਨੁੱਖੀ ਜੀਵਨ-ਜਾਚ ਦਾ ਮੂਲ ਅਧਾਰ ਮੰਨਿਆ ਜਾ ਸਕਦਾ ਹੈ। ਵਿਸ਼ਵ ਦ੍ਰਿਸ਼ਟੀਕੋਣ ਮਨੁੱਖ ਦੇ ਸਮੁੱਚੇ ਜੀਵਨ ਦਰਸ਼ਨ ਦਾ ਪ੍ਰਤੀਬਿੰਬ ਉਘਾੜਦਾ ਹੈ। ਜਿਸਦੀ ਸੇਧ ਵਿਚ ਉਹ ਯਥਾਰਥ ਅਤੇ ਉਸ ਨਾਲ ਆਪਣਾ ਸਾਰਥਿਕ ਸੰਬੰਧ ਜੋੜਨ ਦੀ ਕੋਸ਼ਿਸ਼ ਕਰਦਾ ਹੈ।

ਵਿਸ਼ਵੀਕਰਨ ਦੇ ਦੌਰ ਵਿਚ ਅਸੀਂ ਵਿਸ਼ਵ-ਦ੍ਰਿਸ਼ਟੀਕੋਣ ਦੀ ਰੂਪ-ਰੇਖਾ ਨੂੰ ਵੀ ਸਪੱਸ਼ਟ ਕਰਨ ਦਾ ਉਪਰਾਲਾ ਕਰਨਾ ਹੈ। ਅਜੋਕੇ ਵਿਸ਼ਵੀਕਰਨ ਵਿਚ ਪਦਾਰਥਵਾਦ ਨੂੰ ਹੀ ਇੱਕ ਵਿਸ਼ੇਸ਼ ਮਹੱਤਵ ਦੇਣ ਦਾ ਭਾਵ ਛੁਪਿਆ ਹੋਇਆ ਹੈ ਪਰ ਦਾਰਸ਼ਨਿਕ ਦ੍ਰਿਸ਼ਟੀ ਤੋਂ ਇਹ ਵੀ ਭਾਂਪਿਆ

ਜਾ ਸਕਦਾ ਹੈ ਕਿ ਇਹ ਨਿਰੋਲ ਭੌਤਿਕ ਦ੍ਰਿਸ਼ਟੀ ਦਾ ਅਰਥ ਨਹੀਂ ਦਿੰਦਾ ਸਗੋਂ ਵਿਸ਼ੇਸ਼ ਤੌਰ ਤੇ ਇੱਕ ਬੌਧਿਕ ਦ੍ਰਿਸ਼ਟੀ ਵੱਲ ਵੀ ਸੰਕੇਤ ਕਰਦਾ ਪ੍ਰਤੀਤ ਹੁੰਦਾ ਹੈ। ਇਸ ਬੌਧਿਕ ਦ੍ਰਿਸ਼ਟੀ ਰਾਹੀਂ ਅਜੋਕਾ ਮਨੁੱਖ ਆਪਣੇ ਆਲੇ ਦੁਆਲੇ ਨੂੰ ਇੱਕ ਖਾਸ ਸਾਰਥਿਕ ਪੈਟਰਨ ਵਿਚ ਸਮਝਣ ਦਾ ਯਤਨ ਕਰ ਰਿਹਾ ਪ੍ਰਤੀਤ ਹੁੰਦਾ ਹੈ ਕਿਉਂਕਿ ਅਜੋਕੇ ਵਿਸ਼ਵੀਕਰਨ ਦੇ ਪੂੰਜੀਵਾਦੀ ਪ੍ਰਬੰਧ ਵਿਚ ਕਿਸੇ ਮਨੁੱਖ ਜਾਂ ਸਮਾਜਿਕ ਸੰਗਠਨ ਦਾ ਜੀਵਨ ਪੱਧਰ ਮਾਪਣ ਲਈ ਉਸਦੀ ਸਾਲਾਨਾ ਪ੍ਰਤੀ ਜੀਅ ਆਮਦਨ ਨੂੰ ਮਿੱਥਿਆ ਜਾਂਦਾ ਹੈ। ਫਲਸਰੂਪ ਅਜੋਕੇ ਵਿਸ਼ਵੀਕਰਨ ਦੇ ਯੁੱਗ ਵਿਚ ਸਮੁੱਚੇ ਮਨੁੱਖ ਪ੍ਰਤਿ ਉਸ ਦੀ ਸਾਲਾਨਾ ਖਪਤ ਵਧਾਉਣ ਦੀ ਦੌੜ ਲੱਗੀ ਹੋਈ ਹੈ। ਜਿਹੜੀ ਵੱਧ ਤੋਂ ਵੱਧ ਉਦਯੋਗਿਕ ਪੈਦਾਵਾਰੀ ਸਾਧਨਾਂ ਉੱਪਰ ਨਿਰਭਰ ਕਰਦੀ ਹੈ ਪਰੰਤੂ ਗੁਰੂ ਨਾਨਕ ਬਾਣੀ ਵਿਚਲੀ ਸੋਚ ਪਦਾਰਥਕ ਲੋੜਾਂ ਨੂੰ ਘਟਾਉਣ ਉੱਪਰ ਜ਼ੋਰ ਦਿੰਦੀ ਹੈ ਅਤੇ ਪਦਾਰਥਕ ਖਪਤ ਨੂੰ ਜੀਵਨ ਪੱਧਰ ਦਾ ਨਿਰਣਾ ਨਹੀਂ ਬਣਾਉਂਦੀ :

ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟ॥
ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ॥[23]

ਅਜੋਕੇ ਵਿਸ਼ਵੀਕਰਨ ਵਿਚ ਵਿਕਸਤ ਪੂੰਜੀਵਾਦੀ ਰੁਚੀਆਂ ਤਹਿਤ ਅਮੀਰ ਦੇਸ਼ਾਂ ਦੇ ਅਰਥ-ਸ਼ਾਸਤਰੀਆਂ ਨੇ ਆਰਥਿਕਤਾ ਜਾਂ ਪੂੰਜੀਵਾਦਤਾ ਨੂੰ ਹੀ ਸਮਾਜਿਕ ਕਦਰਾਂ-ਕੀਮਤਾਂ, ਨੈਤਿਕ ਮੁੱਲਾਂ ਅਤੇ ਵਾਤਾਵਰਣਕ ਤਬਦੀਲੀਆਂ ਤੋਂ ਲਾਂਭੇ ਕਰਕੇ ਇੱਕ ਬਾਹਰਮੁਖੀ ਨਿਯਮਾਂ ਵਾਲਾ ਨਿਰਪੇਖ ਵਿਗਿਆਨ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਮਨੁੱਖੀ ਆਰਥਿਕ ਪੱਖਾਂ ਨੂੰ ਪ੍ਰਭਾਵਿਤ ਕਰਨ ਵਾਲੇ ਸਮਾਜਿਕ, ਸਭਿਆਚਾਰਕ, ਰਾਜਨੀਤਿਕ, ਸਦਾਚਾਰਕ, ਨੈਤਿਕ ਅਤੇ ਭੂਗੋਲਿਕ ਪੱਖਾਂ ਨੂੰ ਅਣਗੌਲਿਆ ਕਰਕੇ ਸਾਡੇ ਅਜੋਕੇ ਸਮਾਜ-ਆਰਥਿਕ ਯਥਾਰਥ ਦੀਆਂ ਗੁੰਝਲਦਾਰ ਬਹੁ-ਪੱਖੀ ਸਮੱਸਿਆਵਾਂ ਨੂੰ ਸਮਝਣ ਦੀ ਦ੍ਰਿਸ਼ਟੀ ਨੂੰ ਗਵਾ ਲਿਆ ਹੈ। ਗੁਰੂ ਨਾਨਕ ਬਾਣੀ ਸਮਾਜ ਦੇ ਇਹਨਾਂ ਪੂੰਜੀਪਤੀਆਂ ਜਿਹੜੇ ਕਾਮਿਆਂ ਦੀ ਕਮਾਈ ਤੇ ਆਪ ਐਸ਼ ਕਰਦੇ ਹਨ ਅਜਿਹੇ ਦੂਹਰਾ ਜੀਵਨ ਜਿਊਣ ਵਾਲੇ ਲੋਕਾਂ ਨੂੰ ਵੰਗਾਰਦੀ ਹੋਈ ਪ੍ਰਤੀਤ ਹੁੰਦੀ ਹੈ। ਸਮਾਜ ਅਤੇ

ਆਪਣੀਆਂ ਜ਼ਿੰਮੇਵਾਰੀਆਂ ਤੋਂ ਟੁੱਟੇ ਲੋਕ ਸਮਾਜ ਦਾ ਨੁਕਸਾਨ ਹੀ ਕਰਦੇ ਹਨ। ਅਜੋਕੇ ਯੁੱਗ ਵਿਚ ਪੂੰਜੀਵਾਦਤਾ ਦੇ ਸ਼ਿਕਾਰ ਹੋਏ ਲੋਕਾਂ ਪ੍ਰਤਿ ਗੁਰੂ ਨਾਨਕ ਬਾਣੀ ਹਾਂ-ਪੱਖੀ ਹੁੰਗਾਰਾ ਭਰਦੀ ਹੈ। ਉਹ ਮਨੁੱਖ ਨੂੰ ਹੱਥੀਂ ਕਿਰਤ ਕਰਨ ਅਤੇ ਪਰਮਾਤਮਾ ਦੇ ਅਦਬ-ਭੈਅ ਵਿਚ ਸਮਾਜ ਸੇਵਾ ਨੂੰ ਤਰਜ਼ੀਹ ਦਿੰਦੀ ਹੈ। ਉਪਰੋਕਤ ਵਿਚਾਰਾਂ ਦੀ ਪੁਸ਼ਟੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੋਂ ਹੋ ਜਾਂਦੀ ਹੈ :

ਗਿਆਨ ਵਿਹੂਣਾ ਗਾਵੈ ਗੀਤ॥
ਭੁਖੇ ਮੁਲਾਂ ਘਰੇ ਮਸੀਤਿ॥
ਮਖਟੂ ਹੋਇ ਕੈ ਕੰਨ ਪੜਾਏ॥
ਫਕਰੁ ਕਰੇ ਹੋਰੁ ਜਾਤਿ ਗਵਾਏ॥
ਗੁਰੁ ਪੀਰੁ ਸਦਾਏ ਮੰਗਣ ਜਾਇ॥
ਤਾ ਕੈ ਮੂਲਿ ਨ ਲਗੀਐ ਪਾਇ॥
ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥[24]

ਅਜੋਕਾ ਵਿਸ਼ਵੀਕਰਨ ਇੱਕ ਅਜਿਹੇ ਸਮਾਜ ਦੀ ਸਥਾਪਨਾ ਵੱਲ ਅਗਰਸਰ ਹੈ ਜਿਸ ਵਿਚ ਉਚ-ਨੀਚ, ਛੂਤ-ਛਾਤ, ਜ਼ਾਤ-ਪਾਤ, ਅਮੀਰ-ਗ਼ਰੀਬ, ਕਾਲੇ-ਗੋਰੇ ਆਦਿ ਦੇ ਸੰਕਲਪ ਨੂੰ ਨਜ਼ਰ ਅੰਦਾਜ ਕਰਕੇ ਇਨ੍ਹਾਂ ਦੇ ਇੱਕ ਸਮੂਹਿਕ ਭਾਈਚਾਰਕ ਸਮਾਜ ਦੀ ਦ੍ਰਿਸ਼ਟੀ ਰੱਖਦਾ ਹੈ। ਵਿਸ਼ਵੀਕਰਨ ਦਾ ਪੂੰਜੀਵਾਦੀ ਪਹਿਲੂ ਉਂਝ ਤਾਂ ਅਮੀਰ-ਗ਼ਰੀਬ ਦੇ ਪਾੜੇ ਨੂੰ ਦੂਰ ਕਰਨ ਦੀ ਗੱਲ ਕਰਦਾ ਹੈ ਪਰੰਤੂ ਸਿਧਾਂਤਕ ਤੌਰ 'ਤੇ ਅਜਿਹਾ ਹੋਣਾ ਸੰਭਵ ਨਹੀਂ ਜਾਪਦਾ ਕਿਉਂਕਿ ਵਿਸ਼ਵ ਭਰ ਵਿਚ ਨਸਲਵਾਦ ਦਾ ਵਿਤਕਰਾ ਵੇਖਣ ਨੂੰ ਮਿਲਦਾ ਹੈ ਪਰੰਤੂ ਗੁਰੂ ਨਾਨਕ ਬਾਣੀ ਸਿਧਾਂਤਕ ਅਤੇ ਵਿਵਹਾਰਕ ਪੱਧਰ ਤੇ ਤਰਕਯੁਕਤ ਬੁਲੰਦ ਅਵਾਜ਼ ਉਠਾਉਂਦੀ ਹੈ ਅਤੇ ਵਰਣ-ਵੰਡ,

ਜ਼ਾਤ-ਪਾਤ, ਊਚ-ਨੀਚ, ਛੂਤ-ਛਾਤ ਜਾਂ ਨਸਲੀ ਵਿਤਕਰਿਆ ਤੇ ਧਾਰਮਿਕ ਵਖਰੇਵਿਆਂ ਵਿਰੁੱਧ ਸਾਰਥਿਕ ਅਤੇ ਹਾਂ-ਪੱਖੀ ਸੋਚ ਰੱਖਦੀ ਹੈ :

(ੳ) ਜਾਤਿ ਜਨਮੁ ਨਹ ਪੂਛੀਐ॥ ਸਚ ਘਰੁ ਲੇਹੁ ਬਤਾਇ॥
ਸਾ ਜਾਤਿ ਸਾ ਪਤਿ ਹੈ॥ ਜੇਹੇ ਕਰਮ ਕਮਾਇ॥[25]

(ਅ) ਜਾਣਹੁ ਜੋਤਿ ਨ ਪੂਛਹੁ ਜਾਤੀ॥ ਆਗੈ ਜਾਤਿ ਨ ਹੇ॥[26]

(ੲ) ਜਾਤੀ ਦੈ ਕਿਆ ਹਥਿ ਸਚੁ ਪਰਖੀਐ॥
ਮਹੁਰਾ ਹੋਵੈ ਹਥਿ ਮਰੀਐ ਚਖੀਐ॥[27]

ਗੁਰੂ ਨਾਨਕ ਬਾਣੀ ਵਿਸ਼ਵੀ ਜਾਂ ਕਾਇਨਾਤ ਦੇ ਪੱਧਰ ਤੇ ਮਨੁੱਖੀ ਜ਼ਿੰਦਗੀ ਬਾਰੇ ਦਾਰਸ਼ਨਿਕ ਅਤੇ ਸਮਾਜਿਕ ਪਹੁੰਚ ਦ੍ਰਿਸ਼ਟੀ ਅਪਣਾਉਂਦੀ ਹੈ ਅਤੇ ਇਹ ਇੱਕ ਮੁਕੰਮਲ ਜੀਵਨ-ਜਾਚ ਦੀ ਸੇਧ ਪ੍ਰਦਾਨ ਕਰਦੀ ਹੈ। ਗੁਰੂ ਨਾਨਕ ਬਾਣੀ ਅਜੋਕੇ ਮਨੁੱਖ ਦੀ ਜ਼ਿੰਦਗੀ ਦੇ ਹਰ ਪੱਖ ਤੇ ਬਹੁਤ ਹੀ ਤਰਕਸੰਗਤ ਅਤੇ ਨਿਆਂਯੁਕਤ ਕਾਵਿਕ ਟਿੱਪਣੀਆਂ ਪੇਸ਼ ਕਰਦੀ ਹੈ ਅਤੇ ਇਹ ਬਾਣੀ ਪ੍ਰਮੁੱਖ ਰੂਪ ਵਿਚ ਮਾਨਵਵਾਦੀ, ਉਦਾਰਵਾਦੀ, ਨਿਆਂਵਾਦੀ, ਲੋਕਤੰਤਰੀ ਅਤੇ ਪ੍ਰਗਤੀਸ਼ੀਲਤਾ ਦੀ ਹਾਮੀ ਭਰਦੀ ਹੋਈ ਸਮੁੱਚੀ ਮਾਨਵਤਾ ਦੇ ਪੱਧਰ ਤੇ ਮਾਨਵਤਾ ਪ੍ਰਤਿ ਹਾਂ-ਪੱਖੀ ਹੁੰਗਾਰਾ ਭਰਦੀ ਹੈ।

ਗੁਰੂ ਨਾਨਕ ਵਿਚਾਰਧਾਰਾ ਅਜਿਹਾ ਆਰਥਿਕ-ਸਮਾਜਿਕ ਪ੍ਰਬੰਧ ਸਿਰਜਣ ਵੱਲ ਪ੍ਰੇਰਿਤ ਹੈ ਜਿਸ ਵਿਚ ਮਨੁੱਖ-ਮਨੁੱਖ ਦਰਮਿਆਨ ਪਾੜੇ ਨਾ ਵਧਣ। ਕੋਈ ਬਹੁਤ ਧਨਵਾਨ, ਬਲਵਾਨ ਤੇ ਕੋਈ ਕੰਗਾਲ, ਬਲਹੀਨ ਅਤੇ ਕਮਜ਼ੋਰ ਨਾ ਹੋਵੇ। ਕਿਸੇ ਅਗਲੇਰੇ ਕਲਪਿਤ ਸੰਸਾਰ ਵਿਚ ਜਾ ਕੇ ਸਵਰਗ ਦੀ ਝਾਕ ਰੱਖਣ ਵਾਲਿਆਂ ਨੂੰ ਗੁਰੂ ਸਾਹਿਬ ਨੇ ਸਮਝਾਇਆ ਹੈ ਕਿ ਇਸੇ ਧਰਤੀ 'ਤੇ ਜੀਵਨ ਨੂੰ ਇੰਨਾ ਸੋਹਣਾ ਬਣਾਇਆ ਜਾ ਸਕਦਾ ਹੈ ਕਿ ਕੋਈ ਵੀ ਦੁਖੀ ਨਾ ਰਹੇ। ਉਹਨਾਂ ਅਨੁਸਾਰ ਲੋਕਾਂ ਵਿਚਕਾਰ ਆਪਸੀ ਪਿਆਰ ਦੇ ਆਭਾਵ ਅਤੇ ਭਾਈਚਾਰਕ ਸਾਂਝ ਦੀ ਅਣਹੋਂਦ ਦਾ ਕਾਰਨ ਆਪਣੇ ਨਿੱਜ ਲਈ ਧਨ-ਦੌਲਤ ਜਮ੍ਹਾ ਕਰਨ ਦੀ ਹੋੜ੍ਹ ਤੇ ਦੌੜ੍ਹ ਭੱਜ ਹੈ :

ਨਾਨਕ ਦੁਨੀਆ ਕੈਸੀ ਹੋਈ॥

ਸਾਲਕੁ ਮਿਤੁ ਨ ਰਹਿਓ ਕੋਈ॥

ਭਾਈ ਬੰਧੀ ਹੇਤੁ ਚੁਕਾਇਆ॥

ਦੁਨੀਆ ਕਾਰਣਿ ਦੀਨੁ ਗਵਾਇਆ॥[28]

ਜਿਵੇਂ-ਜਿਵੇਂ ਲੋਕ ਜਾਇਦਾਦਾਂ ਬਣਾਉਂਦੇ ਹਨ, ਤਿਵੇਂ-ਤਿਵੇਂ ਸਮਾਜ ਵਿਚ ਤਨਾਉ ਤੇ ਟਕਰਾਅ ਵਧ ਜਾਂਦਾ ਹੈ। ਅਜੋਕੇ ਵਿਸ਼ਵੀਕਰਨ ਦੇ ਦੌਰ ਵਿਚ ਦੁਨੀਆਂ ਭਰ ਦੇ ਚਿੰਤਕਾਂ, ਵਿਦਵਾਨਾਂ ਅਤੇ ਦਾਰਸ਼ਨਿਕਾਂ ਦੀ ਇੱਕ ਸਾਂਝੀ ਦਲੀਲ ਹੈ ਕਿ ਮਾਇਆ ਇਕੱਤਰ ਹੋਣ ਨਾਲ ਜਦੋਂ ਇਹ ਪੂੰਜੀ ਦੀ ਸ਼ਕਲ ਅਖਤਿਆਰ ਕਰਦੀ ਹੈ ਜਾਂ ਜਦੋਂ ਕਿਤੇ ਬਹੁਤ ਸਾਰੀ ਜਾਇਦਾਦ ਦੀ ਢੇਰੀ ਇਕੱਠੀ ਹੁੰਦੀ ਹੈ ਤਾਂ ਉਸ ਸਥਿਤੀ ਵਿਚ ਲਾਜ਼ਮੀ ਗ਼ਰੀਬਾਂ ਤੇ ਮਿਹਨਤਕਸ਼ਾਂ ਦੀ ਕਮਾਈ ਦਾ ਹੀ ਸ਼ੋਸ਼ਣ ਕੀਤਾ ਜਾਂਦਾ ਹੈ ਅਤੇ ਉਹ ਹੌਲੀ-ਹੌਲੀ ਆਪਣੀ ਨਿਗੂਣੀ ਜਾਇਦਾਦ ਤੋਂ ਵੀ ਵੰਚਿਤ ਹੋ ਜਾਂਦੇ ਹਨ ਭਾਵ ਅਮੀਰਾਂ ਦੀ ਕਮਾਈ ਗ਼ਰੀਬਾਂ ਦੀ ਹਾਨੀ ਤੇ ਨਿਰਭਰ ਕਰਦੀ ਹੈ। ਜਦੋਂ ਕਿਸੇ ਥਾਂ ਤੇ ਮਿੱਟੀ ਦੀ ਭਰਤ ਪਾਈ ਜਾਂਦੀ ਹੈ ਤਾਂ ਕਿਤੇ ਹੋਰ ਥਾਂ ਤੇ ਟੋਆ ਜ਼ਰੂਰ ਪੁੱਟਿਆ ਜਾਂਦਾ ਹੈ। ਅਜਿਹੀ ਸੱਚਾਈ ਨੂੰ ਗੁਰੂ ਨਾਨਕ ਇਉਂ ਪਰਗਟ ਕਰਦੇ ਹਨ :

ਇਸੁ ਜਰ ਕਾਰਣਿ ਘਣੀ ਵਿਗੁਤੀ॥

ਇਨਿ ਜਰ ਘਣੀ ਖੁਆਈ॥

ਪਾਪਾ ਬਾਝਹੁ ਹੋਵੈ ਨਾਹੀ॥

ਮੁਇਆ ਸਾਥਿ ਨ ਜਾਈ॥[29]

ਅਸੀਂ ਪਿੱਛੇ ਵਿਚਾਰ ਕਰ ਆਏ ਹਾਂ ਕਿ ਵਿਸ਼ਵੀਕਰਨ ਦੇ ਸਮਰੱਥਕਾਂ ਦਾ ਕਹਿਣਾ ਹੈ ਕਿ ਬਹੁ-ਕੌਮੀ ਕਾਰਪੋਰੇਸ਼ਨਾਂ ਸਾਰੇ ਦੇਸ਼ਾਂ ਦੀਆਂ ਉਤਪਾਦਨ ਸਮਰੱਥਾਵਾਂ ਨੂੰ ਵਧਾਉਣਗੀਆਂ ਜਿਸ ਨਾਲ ਲੋਕਾਂ ਦੀ ਆਮਦਨ ਵਧੇਗੀ ਅਤੇ ਉਹਨਾਂ ਦਾ ਜੀਵਨ-ਪੱਧਰ ਵੀ ਉਚੇਰਾ ਹੋਵੇਗਾ ਭਾਵ ਇੱਕ ਅਜਿਹਾ ਸਮਾਜ ਪੈਦਾ ਹੋਵੇਗਾ ਜਿਸ ਵਿਚ ਸਾਰੇ ਮਨੁੱਖ ਇੱਕ ਬਰਾਬਰ ਦਾ ਰੁਤਬਾ ਹਾਸਲ

ਕਰ ਲੈਣਗੇ। ਮਾਇਆ ਜਾਂ ਪੂੰਜੀ ਦੀ ਬਹੁਤਾਤ ਵੀ ਮਨੁੱਖ ਵਿਚ ਹਉਮੈ ਪੈਦਾ ਕਰ ਦਿੰਦੀ ਹੈ ਅਤੇ ਇਸਦੀ ਥੋੜ੍ਹ ਵੀ ਮਾਨਵੀ ਜੀਵਨ ਵਿਚ ਬਹੁਤ ਸਾਰੀਆਂ ਮਾਨਸਿਕ ਉਲਝਣਾਂ ਪੈਦਾ ਕਰ ਦਿੰਦੀ ਹੈ। ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਇੱਕ ਅਜਿਹੇ ਸਮਾਜ ਦੀ ਕਾਮਨਾ ਕਰਦੀ ਹੈ ਜਿਸ ਵਿਚ ਪੂੰਜੀ ਜਾਂ ਮਾਇਆ ਦਾ ਸੰਤੁਲਨ ਹੋਵੇ ਅਤੇ ਕੋਈ ਵੀ ਅਮੀਰ-ਗ਼ਰੀਬ ਨਾ ਹੋਵੇ।

ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ॥
ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ॥
ਦੁਹੂ ਬਿਵਸਥਾ ਤੇ ਜੋ ਮੁਕਤਾ॥
ਸੋਈ ਸੁਹੇਲਾ ਭਾਲੀਐ॥[30]

ਵਿਸ਼ਵੀਕਰਨ ਦੇ ਅਜੋਕੇ ਦੌਰ ਵਿਚ ਇਸ ਉਪਰੋਕਤ ਵਿਚਾਰਧਾਰਾ ਨੂੰ ਹੀ ਪ੍ਰਚਾਰਿਆ ਜਾ ਰਿਹਾ ਹੈ। ਨਾਨਕ ਬਾਣੀ ਦੀਆਂ ਸਿਰਜਣਾਤਮਕ ਪੈੜਾਂ ਹੀ ਵਿਸ਼ਵ ਵਿਚਾਰਧਾਰਾ ਦਾ ਬਿੰਬ ਉਸਾਰਦੀਆਂ ਹਨ। ਵਿਚਾਰਾਂ ਦੇ ਅੰਤਰ-ਵਿਰੋਧ ਨੂੰ ਹੀ ਗੁਰੂ ਨਾਨਕ ਬਾਣੀ ਤਰਕ ਨ;ਲ ਸੁਲਝਾਉਣ ਦਾ ਸੰਦੇਸ਼ ਦਿੰਦੀ ਹੈ। ਇਸੇ ਬਾਣੀ ਅਨੁਭਵ ਨੇ ਚਿੰਤਨ ਦੇ ਪੱਧਰ ਤੇ ਦੁਨਿਆਵੀ ਅਤੇ ਰੂਹਾਨੀ ਮਸਲਿਆਂ ਨੂੰ ਸਪੱਸ਼ਟ ਕਰ ਦਿੱਤਾ ਸੀ। ਇਹੀ ਕਾਰਨ ਹੈ ਕਿ ਗੁਰੂ ਨਾਨਕ ਵਿਚਾਰਧਾਰਾ ਵਿਚ ਇੱਕਸੁਰਤਾ, ਇੱਕਸਾਰਤਾ ਅਤੇ ਵਿਚਾਰਧਾਰਕ ਗਹਿਰਾਈ ਹੈ। ਗੁਰੂ ਨਾਨਕ ਬਾਣੀ ਦੀ ਯਾਤਰਾ ਬ੍ਰਹਿਮੰਡ ਤੋਂ ਲੈ ਕੇ ਧਰਤੀ ਤੱਕ ਦੀ ਹੈ। ਇਹ ਇੱਕੋ ਵੇਲੇ ਲੌਕਿਕ ਵੀ ਹੈ ਤੇ ਪਾਰਲੌਕਿਕ ਵੀ। ਲੌਕਿਕ ਤੋਂ ਭਾਵ ਹੈ ਕਿ ਇਸ ਬਾਣੀ ਵਿਚ ਧਰਤੀ (ਮਾਨਵ) ਨਾਲ ਜੁੜੇ ਹਰ ਮਸਲੇ ਦਾ ਚਿੰਤਨ ਕੀਤਾ ਗਿਆ ਹੈ। ਲੌਕਿਕਤਾ ਵਿਚੋਂ ਹੀ ਪਾਰਲੌਕਿਕਤਾ ਨੂੰ ਅਰਥ ਦਿੱਤੇ ਗਏ ਹਨ ਅਤੇ ਪਾਰਲੌਕਿਕਤਾ ਵਿਚੋਂ ਲੌਕਿਕਤਾ ਦਾ ਮਾਰਗ ਦਰਸ਼ਨ ਕੀਤਾ ਗਿਆ ਹੈ। ਵਿਸ਼ਵੀਕਰਨ ਦੇ ਪੱਖ ਵਿਚ ਵੀ ਇਹੀ ਵਿਚਾਰ ਪੇਸ਼ ਕੀਤੇ ਜਾ ਰਹੇ ਹਨ।

ਇਸ ਤਰ੍ਹਾਂ ਗੁਰੂ ਨਾਨਕ ਵਿਚਾਰਧਾਰਾ ਦਾ ਮਨੋਰਥ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਸਭਿਆਚਾਰਕ ਆਦਿ ਦੇ ਖੇਤਰਾਂ ਦੀਆਂ ਬੁਰਾਈਆਂ ਤੇ ਕੁਰੀਤੀਆਂ ਨੂੰ ਦੂਰ ਕਰਕੇ ਰੂਹਾਨੀ

ਅਤੇ ਇਖ਼ਲਾਕੀ ਜਾਂ ਸਦਾਚਾਰਕ ਕਦਰਾਂ-ਕੀਮਤਾਂ ਨਾਲ ਲਬਰੇਜ਼ ਇੱਕ ਨਰੋਏ ਅਤੇ ਵਿਸ਼ਾਲ ਵਿਸ਼ਵ ਸਮਾਜ ਦੀ ਸਿਰਜਣਾ ਕਰਨਾ ਹੈ। ਜਿਸ ਦਾ ਮਾਡਲ 'ਮਾਨਸ ਕੀ ਜਾਤਿ ਸਭੈ ਏਕੈ ਪਹਚਾਨਬੋ' ਦੇ ਗੁਰਬਾਣੀ ਦੇ ਆਦਰਸ਼ ਮੁਤਾਬਿਕ ਦੇਸ਼ ਕਾਲ ਦੀਆਂ ਹੱਦਬੰਦੀਆਂ ਨੂੰ ਤੋੜ ਕੇ ਸਮੁੱਚੀ ਮਾਨਵਤਾ ਨੂੰ ਇੱਕੋ ਇਕਾਈ ਵਿਚ ਬੰਨ੍ਹ ਸਕੇ। ਵਿਸ਼ਵਵਾਦ ਦਾ ਸਮਾਜਿਕ ਪਹਿਲੂ ਇਸੇ ਮਾਨਵਵਾਦੀ ਦ੍ਰਿਸ਼ਟੀਕੋਣ ਰਾਹੀਂ ਉਜਾਗਰ ਹੁੰਦਾ ਹੈ।

# ਹਵਾਲੇ ਅਤੇ ਟਿੱਪਣੀਆਂ

1. ਸੁਰਿੰਦਰ ਸਿੰਘ ਕੋਹਲੀ ਅਤੇ ਬਚਨ ਸਿੰਘ ਮੁੰਦਰਾ (ਸਹਾਇਕ ਸੰਪਾਦਕ), ***ਗੁਰੂ ਨਾਨਕ ਜੀਵਨ ਦਰਸ਼ਨ ਅਤੇ ਕਾਵਿ-ਕਲਾ***, ਪੰਨਾ 15-27
2. "Defined as the modern - era process of global institutional change, globalization is a process that has already has underway for a number of centuries, say the best part of the second millennium now closing and one likely to continue. Well in to the future, beyond even the 21st century."
   George Modelski, ***The Four Dimensions of Globalization Internet*** (***Globalization - Wikipedia, the free Encyclopedia***)
3. "There has been tendency for religion to withdraw into the persons areas of life with a secularization of public life in which people from many different religions faiths can share a common social life."
   Lester R. Kurtz, ***God's in the Global Village. The World's Religions in Sociological Perspective***., page 183
4. "Conflicts between people, ethenic groups, classes and nations are often framed in religious terms. These religious Conflicts take on larger than life proportions as the struggle of good against evil."
   Ibid, p. 70
5. "Globalization means that borders become markedly less relevant to everyday behaviour in the various dimensions of economics, information, ecology, technology, cross-cultural conflict and civil society."
   Ulrich Beck, ***What is Globalization***, p. 20

6. Capitalism was the engine of Globalization, Ibid, p. 31

7. ਡਾ. ਸੁਖਦੇਵ ਸਿੰਘ, ***ਕਾਵਿ ਸਰੋਕਾਰ***, ਪੰ. 93

8. ਉਧ੍ਰਿਤ, ਡਾ. ਭੀਮਇੰਦਰ ਸਿੰਘ, ***ਮਾਕਰਸਵਾਦ, ਨਵ-ਮਾਰਕਸਵਾਦ ਅਤੇ ਉੱਤਰ ਆਧੁਨਿਕਤਾਵਾਦ***, ਪੰ. 137

9. ਸ. ਹਰਿਸਿਮਰਨ ਸਿੰਘ, ***ਸਿੱਖ ਵਿਯਨ 2025***, ਪੰ. 208

10. ***ਗੁਰੂ ਗ੍ਰੰਥ ਸਾਹਿਬ***, ਪੰ. 124

11. ਉਧ੍ਰਿਤ, ਡਾ. ਭੀਮਇੰਦਰ ਸਿੰਘ, ***ਮਾਰਕਸਵਾਦ ਨਵ-ਮਾਰਕਸਵਾਦ ਅਤੇ ਉੱਤਰ ਆਧੁਨਿਕਤਾਵਾਦ***, ਪੰ. 41

12. "The process of Globalization has produced much that is new in the world's economy and politics, but it has not changed the basic ways of Capitalism operates, Nor has it aided the course of either peace or prosperity" Ibid, p. 141

13. "Global politics directs our attention to the emergence of a fragile global polity within which 'interests are articulated and aggregated, decisions are made,values allocated and policies conducted through international or transnational political processes.

    John Baylis, Steve Smith and Patricia ownes, ***Globalization of World Politics***, p. 25

14. Daniel Bell, ***The End of Ideology***, p. 143

15. Joseph E. Stiglitz, ***Globalisation and its discontents***, p. 3-23

16. Francis Fukuyama, ***The End of History and the last man***, p. 39

17. Ibid, page 39

18. Achin Vanaik, ***Globalization and South Asia : Multidimensional Perspectives***, p. 6-18

19. James Petras & Henry Veltmeyer, ***Globalization Unmasked*: *Imperialism in the 21st Century***, p. 61-71
20. John Baylis, Steve Smith & Patricia, ***Globalization of World Politics***, p. 29
21. ***Internet - Globalization -Wikipedia the Free Encyclopedia***
22. ਜਬ ਲਗੁ ਦੁਨੀਆਂ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥

    ***ਗੁਰੂ ਗ੍ਰੰਥ ਸਾਹਿਬ***, ਪੰਨਾ 661
23. ਉਹੀ, ਪੰਨਾ 790
24. ਉਹੀ, ਪੰਨਾ 1245
25. ਉਹੀ, ਪੰਨਾ 1330
26. ਉਹੀ, ਪੰਨਾ 349
27. ਉਹੀ, ਪੰਨਾ 142
28. ਉਹੀ, ਪੰਨਾ 1410
29. ਉਹੀ, ਪੰਨਾ 417
30. ਉਹੀ, ਪੰਨਾ 1019

ਅਧਿਆਇ ਦੂਜਾ

# ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਵਿਚ ਗੁਰੂ ਨਾਨਕ ਬਾਣੀ ਦੇ ਮੂਲ ਸੰਦਰਭ ਅਤੇ ਸਰੋਕਾਰ

ਅਧਿਆਇ ਦੂਜਾ

# ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਵਿਚ ਗੁਰੂ ਨਾਨਕ ਬਾਣੀ ਦੇ ਮੂਲ ਸੰਦਰਭ ਅਤੇ ਸਰੋਕਾਰ

ਮੁੱਢਲੇ ਤੌਰ ਤੇ ਮਨੁੱਖ ਦਾ ਸੁਭਾਅ ਖੋਜੀ ਬਿਰਤੀ ਵਾਲਾ, ਕੁਦਰਤ ਦੇ ਰਹੱਸਾਂ ਨੂੰ ਜਾਣਨ ਦੀ ਲਾਲਸਾ ਵਾਲਾ ਅਤੇ ਜੀਵਨ ਫਲਸਫ਼ੇ ਨੂੰ ਸਮਝਣ ਦੀ ਚੇਸ਼ਟਾ ਵਾਲਾ ਰਿਹਾ ਹੈ। ਗੁਰੂ ਨਾਨਕ ਦੇਵ ਜੀ ਨੇ ਵੀ ਉਪਰੋਕਤ ਧਾਰਨਾ ਅਨੁਸਾਰ ਆਪਣੀ ਬਾਣੀ ਰਾਹੀਂ ਇੱਕ ਪ੍ਰਗਤੀਸ਼ੀਲ ਮਾਨਵਵਾਦੀ ਅਤੇ ਵਿਗਿਆਨਕ ਵਿਚਾਰਧਾਰਾ ਨੂੰ ਜਨਮ ਦਿੱਤਾ। ਉਹਨਾਂ ਦੀ ਵਿਚਾਰਧਾਰਾ ਜਿਸ ਵਿਸ਼ਾਲਤਾ ਤੇ ਮੌਲਿਕਤਾ ਨੂੰ ਛੂੰਹਦੀ ਹੈ ਉਹ ਮਨੁੱਖੀ ਇਤਿਹਾਸ ਵਿਚ ਇੱਕ ਨਵਾਂ ਮੀਲ ਪੱਥਰ ਸਿੱਧ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਨੇ ਜਿੱਥੇ ਗਿਆਨ, ਧਰਮ, ਦਰਸ਼ਨ, ਨੈਤਿਕਤਾ ਅਤੇ ਸੱਚ ਸੰਬੰਧੀ ਆਪਣੇ ਵਿਚਾਰ ਪੇਸ਼ ਕੀਤੇ ਹਨ, ਉੱਥੇ ਉਹਨਾਂ ਨੇ ਝੂਠ, ਅਨੈਤਿਕਤਾ, ਨਫ਼ਰਤ, ਊਚ-ਨੀਚ, ਜ਼ਾਤ-ਪਾਤ, ਅਧਰਮ ਅਤੇ ਕਪਟ ਆਦਿ ਦੇ ਸਿਸਟਮ ਦੀ ਵੀ ਪੁਰਜ਼ੋਰ ਖੰਡਨਾ ਕੀਤੀ ਹੈ। ਗੁਰੂ ਨਾਨਕ ਦੇਵ ਜੀ ਦੀ ਸੋਚ ਜਿੱਥੇ ਤੱਤਕਾਲੀਨ ਇਤਿਹਾਸਕਤਾ ਨਾਲ ਦਾਰਸ਼ਨਿਕਤਾ ਭਰਪੂਰ ਸੰਵਾਦ ਸਿਰਜਦੀ ਹੈ ਉੱਥੇ ਉਹਨਾਂ ਦੀ ਇਹ ਵਿਚਾਰਧਾਰਾ ਉਸ ਸਮੇਂ ਵਿਚ ਗਤੀਸ਼ੀਲ ਪਰਮਾਰਥੀ ਸਰੋਕਾਰਾਂ ਅਤੇ ਸੰਦਰਭਾਂ ਦੇ ਰੂ-ਬ-ਰੂ ਵੀ ਹੁੰਦੀ ਹੈ। ਉਹਨਾਂ ਦੀ ਵਿਚਾਰਧਾਰਾ ਇਸਲਾਮ ਅਤੇ ਹਿੰਦੂਆਂ ਦੇ ਮਹਾਂ-ਬਿਰਤਾਂਤਾਂ (ਕਾਜ਼ੀ, ਮੁੱਲਾਂ, ਬ੍ਰਾਹਮਣ, ਨਾਥ, ਜੋਗੀ ਆਦਿ) ਪ੍ਰਤਿ ਅਲਪ-ਬਿਰਤਾਂਤਾਂ ਨੂੰ ਰਚਦੀ ਹੋਈ ਅਜੋਕੇ ਵਿਸ਼ਵੀਕਰਨ ਦੇ ਸੰਦਰਭ ਵਿਚ ਵੀ ਕਲਿਆਣਕਾਰੀ ਅਰਥ ਪ੍ਰਬੰਧਾਂ ਵੱਲ ਅਗਰਸਰ ਹੁੰਦੀ ਹੈ। ਕਿਸੇ ਵੀ ਰਚਨਾ ਦੀ ਲੋਕਪ੍ਰਿਯਤਾ ਜਾਂ ਲੋਕ ਮਾਨਤਾ ਉਸ ਰਚਨਾ ਵਿਚਲੇ ਮਾਨਵੀ ਸਰੋਕਾਰਾਂ ਉੱਪਰ ਨਿਰਭਰ ਕਰਦੀ ਹੈ। ਗੁਰਬਾਣੀ ਦੀ ਸੱਜਰਤਾ ਮਾਨਵੀ ਪ੍ਰਵਿਰਤੀਆਂ ਅਤੇ ਸਰੋਕਾਰਾਂ ਉੱਪਰ ਅਧਾਰਿਤ ਹੈ। ਗੁਰਬਾਣੀ ਵਿਚ

ਮਨੁੱਖੀ ਜੀਵਨ-ਪ੍ਰਵਾਹ ਦੀ ਮੂਲ ਚੇਤਨਾ ਸਮਾਈ ਹੋਈ ਹੈ। ਅਜਿਹੀ ਮਾਨਵੀ ਚੇਤਨਾ ਵਿਰਸੇ ਵਿਚ ਧਾਰਨ ਕੀਤੇ ਬੋਧਾਂ, ਸੰਕਲਪਾਂ ਅਤੇ ਪੈਟਰਨਾਂ ਆਦਿ ਦੇ ਸਰੋਕਾਰਾਂ ਉੱਪਰ ਅਧਾਰਿਤ ਹੁੰਦੀ ਹੈ। ਇਹ ਪੱਖ ਉਪਰੋਕਤ ਗੱਲ ਨੂੰ ਦ੍ਰਿੜ ਕਰਵਾਉਂਦਾ ਹੈ ਕਿ ਗੁਰਬਾਣੀ ਮਾਨਵੀ ਚੇਤਨਾ ਅਤੇ ਲੋਕ-ਰੂੜ੍ਹੀਆਂ ਦੀ ਪੁਨਰ-ਸਿਰਜਣਾ ਕਰਦੀ ਹੈ। ਗੁਰਬਾਣੀ ਸਮੁੱਚੇ ਮਨੁੱਖੀ ਮਨ ਦੀ ਅਭਿਵਿਅਕਤੀ ਤਾਂ ਕਰਦੀ ਹੀ ਹੈ ਅਤੇ ਇਸਦੇ ਅਧਿਆਤਮਕ ਕਲੇਵਰ ਵਿਚੋਂ ਮਾਨਵੀ ਜੀਵਨ ਦਾ ਸਾਰਾ ਪ੍ਰਵਾਹ ਪ੍ਰਫੁੱਲਿਤ ਹੁੰਦਾ ਹੈ।

ਗੁਰਬਾਣੀ ਦਾ ਸਮੁੱਚਾ ਅਧਾਰ ਸਮਾਜ ਦੇ ਬਹੁ-ਪੱਖੀ ਪਰਿਪੇਖਾਂ ਨਾਲ ਸੰਬੰਧਿਤ ਹੈ। ਅਜੋਕੇ ਦੌਰ ਵਿਚ ਪੱਛਮ ਦਾ ਵਿਕਸਤ ਹੋਣਾ, ਕੰਪਿਊਟਰ ਯੁੱਗ ਤੋਂ ਪਿੱਛੋਂ ਦਾ ਪੂੰਜੀਵਾਦ, ਜੋ ਵਿਸ਼ਵੀਕਰਨ ਦੇ ਨਾਂ ਅਧੀਨ ਸਮੁੱਚੇ ਵਿਸ਼ਵ ਨੂੰ ਆਪਣੇ ਕਲਾਵੇ ਵਿਚ ਲੈਣ ਦੇ ਆਹਰ ਵਿਚ ਜੁਟਿਆ ਹੋਇਆ ਹੈ। ਬਹੁ-ਕੌਮੀ ਕੰਪਨੀਆਂ ਦੇ ਵਪਾਰੀਕਰਨ ਨਾਲ ਕਿਤੇ ਜ਼ੋਰ-ਜ਼ਬਰੀ ਜਾਂ ਧੌਂਸ ਰਾਹੀਂ ਅਤੇ ਕਿਤੇ ਜੰਗ ਰਾਹੀਂ ਆਦਿ ਦੇ ਸੰਕਟ ਪਹਿਲਾਂ ਹੀ ਸਭ ਦੇ ਸਾਹਮਣੇ ਆ ਚੁੱਕੇ ਹਨ ਪਰੰਤੂ ਇਸਦੇ ਉਲਟ ਗੁਰਬਾਣੀ ਵਿਚ ਤੱਤਕਾਲੀ ਸਮਾਜ ਦੀ ਅਲੋਚਨਾ ਨੂੰ ਪਿਛੋਕੜ ਵਿਚ ਰੱਖ ਕੇ, ਪਾਰ-ਸੰਪ੍ਰਦਾਇਕ ਸੋਚ ਰਾਹੀਂ ਅਤੇ ਸਭਿਆਚਾਰਕ ਵੰਨ-ਸੁਵੰਨਤਾ ਰਾਹੀਂ ਨਿਰੰਤਰ ਸਮਾਜਿਕ ਵਿਕਾਸ ਦੀ ਗੱਲ ਕੀਤੀ ਹੈ। ਗੁਰਬਾਣੀ ਦੇ ਇਹ ਸਾਰੇ ਸਰੋਕਾਰ ਅਜੋਕੇ ਵਿਸ਼ਵੀਕਰਨ ਦੇ ਸੰਦਰਭ ਵਿਚ ਵੀ ਸਮਾਜਿਕ ਤਬਦੀਲੀ (ਕ੍ਰਾਂਤੀ) ਲਈ ਖ਼ੂਬਸੂਰਤ ਮਾਡਲ ਹਨ।

ਅਜੋਕੇ ਵਿਸ਼ਵੀਕਰਨ ਦੇ ਦੌਰ ਵਿਚ ਗੁਰਬਾਣੀ ਪੂੰਜੀਵਾਦ ਜਾਂ ਮਾਇਆਧਾਰੀ ਨਿਜ਼ਾਮ ਦੇ ਖ਼ਿਲਾਫ ਵਿਗਿਆਨਕ ਸੋਚ ਰਾਹੀਂ ਕ੍ਰਾਂਤੀਕਾਰੀ ਤਬਦੀਲੀ ਦੀ ਗੱਲ ਕਰਦੀ ਹੈ। ਗੁਰਬਾਣੀ ਚਿੰਤਨ ਵਿਚ ਕਿਸੇ ਇਲਾਕੇ, ਕੌਮ, ਧਰਮ, ਫ਼ਿਰਕੇ ਜਾਂ ਕਿਸੇ ਇਕ ਵਰਗ ਜਾਂ ਸ਼੍ਰੇਣੀ ਦੀ ਗੱਲ ਨਹੀਂ ਕੀਤੀ ਸਗੋਂ ਸਮੁੱਚੀ ਮਾਨਵਤਾ ਨੂੰ ਇਹ ਆਪਣੇ ਕਲੇਵਰ ਵਿਚ ਲੈਂਦੀ ਹੋਈ, ਵਿਸ਼ਵ-ਭਾਈਚਾਰੇ ਦੀ ਬਿਹਤਰੀ ਦੀ ਗੱਲ ਕਰਦੀ ਹੈ। ਗੁਰਬਾਣੀ ਦੀ ਸੀਮਾਂ ਇਕਹਿਰਾ ਕਾਲ ਨਹੀਂ ਸਗੋਂ ਇਹ ਅਸੀਮ ਹੈ ਅਤੇ ਇਸਦਾ ਵਿਸਤਾਰ ਅਕਾਲ ਰੂਪ ਵਿਚ ਹੈ। ਗੁਰਬਾਣੀ ਦਾ

ਸੰਬੋਧਨ ਕਿਸੇ ਇਕ ਮਨੁੱਖ, ਇਕ ਸਮਾਜ ਜਾਂ ਸੱਭਿਆਚਾਰ ਨੂੰ ਨਹੀਂ ਸਗੋਂ ਸਮੁੱਚੀ ਮਾਨਵਤਾ, ਸਮਾਜ ਤੇ ਸਭਿਆਚਾਰ ਨੂੰ ਹੈ:

(ੳ) ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥[1]

(ਅ) ਏਕੋ ਪਵਣੁ ਮਾਟੀ ਸਭ ਏਕਾ ਸਭ ਏਕਾ ਜੋਤਿ ਸਬਾਈਆ॥
ਸਭ ਇਕਾ ਜੋਤਿ ਵਰਤੈ ਭਿਨਿ ਭਿਨਿ ਨ ਰਲਈ ਕਿਸੈ ਦੀ ਰਲਾਈਆ॥
ਗੁਰ ਪਰਸਾਦੀ ਇਕੁ ਨਦਰੀ ਆਇਆ ਹਉ ਸਤਿਗੁਰ ਵਿਟਹੁ ਵਤਾਇਆ ਜੀਉ॥[2]

ਗੁਰੂ ਨਾਨਕ ਦੀ ਵਿਚਾਰਧਾਰਾ ਦੀ ਅਗਵਾਈ ਸਮੁੱਚੀ ਗੁਰਬਾਣੀ ਕਰਦੀ ਹੈ। ਗੁਰੂ ਨਾਨਕ ਦੇਵ ਜੀ ਦੇ ਚਿੰਤਨ ਵਿਚਲੀ ਸੋਚ, ਪਰਮਾਤਮਾ ਦੀ ਆਦਿ-ਜੁਗਾਦੀ ਅਤੇ ਸਦੀਵੀ ਹੋਂਦ ਵਿਚ ਵਿਸ਼ਵਾਸ ਰੱਖਦੀ ਹੋਈ ਉਹਨਾਂ ਦੇ ਰੱਬ, ਸ੍ਰਿਸ਼ਟੀ, ਜੀਵ ਅਤੇ ਕੁਦਰਤ ਸੰਬੰਧੀ ਜੋ ਵਿਚਾਰ ਪੇਸ਼ ਕਰਦੀ ਹੈ। ਉਹ ਵਿਚਾਰ ਅਜੋਕੀਆਂ ਪ੍ਰਸਥਿਤੀਆਂ ਵਿਚ ਵੀ ਮਨੁੱਖ ਦੀ ਹੋਣੀ ਨਾਲ ਪੂਰਨ ਸਾਰਥਿਕਤਾ ਨਿਭਾਉਂਦੇ ਦ੍ਰਿਸ਼ਟੀਗੋਚਰ ਹੁੰਦੇ ਹਨ। ਗੁਰੂ ਨਾਨਕ ਦੇ ਇਸ ਚਿੰਤਨ ਵਿਚਲੇ ਇਨ੍ਹਾਂ ਮੂਲ ਸੰਦਰਭਾਂ ਅਤੇ ਸਰੋਕਾਰਾਂ ਨੂੰ ਅਸੀਂ ਆਪਣੇ ਸ਼ੋਧ-ਪ੍ਰਬੰਧ ਦੇ ਇਸ ਅਧਿਆਇ ਵਿਚ ਵਿਚਾਰਨ ਦੀ ਕੋਸ਼ਿਸ਼ ਕਰਾਂਗੇ।

### (ੳ) ਰੱਬ

ਗੁਰੂ ਨਾਨਕ ਦੇਵ ਜੀ ਦੀ ਬਾਣੀ-ਰਚਨਾ ਰੱਬੀ ਹੋਂਦ ਅਤੇ ਉਸ ਦੁਆਰਾ ਵਰਤ ਰਹੇ ਹੁਕਮ ਨੂੰ ਮਨੁੱਖੀ ਚੇਤਨਾ ਵਿਚ ਦ੍ਰਿੜ੍ਹ ਕਰਵਾਉਂਦੀ ਹੈ। ਗੁਰੂ ਨਾਨਕ ਤੋਂ ਪਹਿਲਾਂ ਭਾਰਤੀ ਦਰਸ਼ਨ ਵਿਚ ਰੱਬੀ ਹੋਂਦ ਬਾਰੇ ਵਿਚਾਰ ਤਾਂ ਮਿਲਦੇ ਹਨ ਪਰੰਤੂ ਜਿੰਨੀ ਸਪੱਸ਼ਟਤਾ ਨਾਲ ਗੁਰੂ ਨਾਨਕ ਸਾਹਿਬ ਨੇ ਰੱਬੀ ਹੋਂਦ ਅਤੇ ਉਸਦੇ ਸਰੂਪ ਨੂੰ ਜਪੁਜੀ ਦੇ ਸ਼ੁਰੂ ਵਿਚ ਸਪੱਸ਼ਟ ਕੀਤਾ ਹੈ ਉਨੀ ਸਪੱਸ਼ਟਤਾ ਨਾਲ ਪਹਿਲਾਂ ਕਿਧਰੇ ਨਹੀਂ ਮਿਲਦਾ। ਗੁਰੂ ਨਾਨਕ ਦੇਵ ਜੀ ਨੇ ਰੱਬੀ ਸਰੂਪ ਨੂੰ ਇਸ ਤਰ੍ਹਾਂ ਨਿਸ਼ਚਤ ਕੀਤਾ ਹੈ:

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ॥
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥[3]

ਇਸ ਤਰ੍ਹਾਂ ਗੁਰੂ ਨਾਨਕ ਚਿੰਤਨ ਵਿਚ ਰੱਬ ਨੂੰ ਕੇਂਦਰੀ ਸਥਾਨ ਪ੍ਰਾਪਤ ਹੈ। ਉਹਨਾਂ ਦੀ ਵਿਚਾਰਧਾਰਾ ਪ੍ਰਤੱਖ ਜਾਂ ਪ੍ਰੋਖ ਰੂਪ ਵਿਚ ਉਹਨਾਂ ਦੀ ਸਾਰੀ ਬਾਣੀ ਵਿਚ ਇਸ ਵਿਆਪਕ ਸੰਕਲਪ ਨਾਲ ਜੁੜੀ ਹੋਈ ਹੈ। ਗੁਰੂ ਨਾਨਕ ਦੇਵ ਜੀ ਦੇ ਮੱਤ ਅਨੁਸਾਰ ਇਹ ਵਿਸ਼ਵ ਉਸ ਰੱਬ ਦੀ ਰਚਨਾ (Creation) ਹੈ। ਗੁਰੂ ਨਾਨਕ ਦੇ ਵਿਸ਼ਵ ਦ੍ਰਿਸ਼ਟੀਕੋਣ ਨੂੰ ਇਕ ਈਸ਼ਵਰਵਾਦੀ ਦੇ ਤੌਰ ਤੇ ਲਿਆ ਜਾ ਸਕਦਾ ਹੈ। ਉਹਨਾਂ ਨੇ ਵਿਸ਼ਵ ਦੇ ਯਥਾਰਥ ਦੀ ਵਿਆਖਿਆ ਵਿਚ ਸਰਵਉੱਚ ਸਥਾਨ ਸ਼ੁੱਧ ਅਧਿਆਤਮਕ ਸੱਤਾ (ਰੱਬ) ਨੂੰ ਦਿੱਤਾ ਹੈ। ਇਸ ਪਰਮ-ਸੱਤਾ ਨੂੰ ਧਾਰਮਿਕ ਅਨੁਭਵ ਦਾ ਵਿਸ਼ਾ ਬਣ ਸਕਣ ਵਾਲੇ ਵਿਅਕਤੀਗਤ ਈਸ਼ਵਰ ਦੇ ਰੂਪ ਵਿਚ ਸਵੀਕਾਰ ਕੀਤਾ ਜਾ ਸਕਦਾ ਹੈ। ਸਰਬ ਵਿਆਪਕ ਇਕ ਅਕਾਲ ਪੁਰਖ ਹੈ। (੧ਓ Timeless ਅਤੇ Spaceless) ਨੂੰ ਚਿਹਨਤ ਕਰਦਾ ਹੈ।) ਏਕੰਕਾਰ (੧ਓ) ਗਲੋਬਲੀ ਚੇਤਨਾ ਦਾ ਚਿੰਨ੍ਹ ਹੈ 'ਓਂਕਾਰ' ਦਾ ਸੰਕਲਪ ਭਾਰਤੀ ਦਰਸ਼ਨ ਵਿਚ ਮੌਜੂਦ ਸੀ ਪਰੰਤੂ ਇਸ ਨਾਲ ਇੱਕ (੧) ਲਗਾ ਦੇਣਾ ਗੁਰਬਾਣੀ ਦੀ ਵਿਸ਼ਵ ਚੇਤਨਾ ਦਾ ਪ੍ਰਮਾਣ ਹੈ।

ਗੁਰੂ ਨਾਨਕ ਬਾਣੀ ਵਿਚ ਰੱਬ ਦਾ ਨਿਰਗੁਣ ਤੇ ਸਰਗੁਣ ਮਿਸ਼ਰਤ ਰੂਪ ਮਿਲਦਾ ਹੈ । ਰੱਬ ਬਾਰੇ ਵਰਨਣ ਕਰਨਾ ਅਸੰਭਵ ਹੈ ਇਸ ਲਈ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ:

ਤਾ ਕੀਆ ਗਲਾ ਕਥੀਆ ਨਾ ਜਾਹਿ॥
ਜੇ ਕੋ ਕਹੈ ਪਿਛੈ ਪਛੁਤਾਇ॥[4]

ਉਹ ਵਰਨਣ ਅਤੀਤ ਹੈ। ਜਿੱਥੋਂ ਤੱਕ ਈਸ਼ਵਰ ਦੇ ਸਰੂਪ ਦਾ ਸੰਬੰਧ ਹੈ। ਉਹ ਮਨੁੱਖ ਨੂੰ ਵਾਸਤਵਿਕ ਸਰੂਪ ਵਿਚ ਪ੍ਰਾਪਤ ਨਹੀਂ ਹੋ ਸਕਦਾ। ਸਗੋਂ ਉਸ ਨੂੰ ਅਨੁਭਵ ਕੀਤਾ ਜਾ ਸਕਦਾ ਹੈ। ਇਸ ਤੱਥ ਨੂੰ ਗੁਰੂ ਨਾਨਕ ਬਾਣੀ ਵਿਚ ਸਪੱਸ਼ਟ ਕੀਤਾ ਗਿਆ ਹੈ:

ਅਦਿਸਟੁ ਦਿਸੈ ਤਾ ਕਹਿਆ ਜਾਇ॥
ਬਿਨੁ ਦੇਖੇ ਕਹਣਾ ਬਿਰਥਾ ਜਾਇ॥[5]

ਵਿਸ਼ਵ ਦੀ ਇਸ ਅਦ੍ਰਿਸ਼ਟ ਸੱਤਾ ਨੂੰ ਮਨੁੱਖ ਆਪਣੇ ਭੌਤਿਕ ਨੇਤਰਾਂ ਨਾਲ ਦੇਖ ਨਹੀਂ ਸਕਦਾ। ਸੁਣ ਸੁਣ ਕੇ ਹਰ ਕੋਈ ਉਸ ਨੂੰ ਵੱਡਾ ਆਖਦਾ ਹੈ ਪਰੰਤੂ ਉਸਦੀ ਸੰਪੂਰਣ ਵਡਿੱਤਣ ਦਾ ਵਰਨਣ ਕਰਨ ਵਿਚ ਮਨੁੱਖ ਅਸਮਰੱਥ ਹੈ। ਗੁਰੂ ਨਾਨਕ ਦੇਵ ਜੀ ਨੇ ਮਨੁੱਖ ਦੀ ਇਸ ਅਸਮਰੱਥਾ ਦਾ ਪ੍ਰਗਟਾਉ ਬਹੁਤ ਹੀ ਸੁਹਜਮਈ ਕਾਵਿ ਬਿੰਬਾਂ ਰਾਹੀਂ ਇਸ ਤਰ੍ਹਾਂ ਕੀਤਾ ਹੈ:

ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ।।
ਜਹ ਜਹ ਦੇਖਾ ਤਹ ਤਹ ਤੂ ਹੈ ਤੁਝ ਤੇ ਨਿਕਸੀ ਫੂਟਿ ਮਰਾ।।[6]

ਵਾਸਤਵ ਵਿਚ ਈਸ਼ਵਰ ਦਾ ਸਰੂਪ ਮਨੁੱਖ ਦੇ ਬੌਧਿਕ ਗਿਆਨ ਤੋਂ ਪਰੇ ਦਾ ਵਿਸ਼ਾ ਹੈ। ਇਹ ਤਾਂ ਰਹੱਸਵਾਦੀ ਅਨੁਭਵ ਦੇ ਕਿਸੇ ਚਮਤਕਾਰੀ ਛਿੰਨ ਵਿਚ ਹੀ ਉਸ ਨੂੰ ਪ੍ਰਾਪਤ ਹੁੰਦਾ ਹੈ। ਜਿਸਦਾ ਬੋਧ ਇੱਕ ਤਰ੍ਹਾਂ ਦੀ ਵਿਸਮਾਦੀ ਸਥਿਤੀ ਵਿਚ ਹੀ ਸੰਭਵ ਹੈ। ਗੁਰੂ ਨਾਨਕ ਦੇਵ ਜੀ ਨੇ ਸਿਧ ਗੋਸਟਿ ਬਾਣੀ-ਰਚਨਾ ਵਿਚ ਇਸ ਵਿਸ਼ੇ ਨੂੰ ਪ੍ਰਸ਼ਨੋਤਰੀ ਵਿਚ ਬੜ੍ਹੇ ਹੀ ਦਿਲਚਸਪ ਢੰਗ ਨਾਲ ਬਿਆਨ ਕੀਤਾ ਹੈ:

ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰ ਵਾਸੋ।।
ਆਦਿ ਕਉ ਬਿਸਮਾਦ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ।।[7]

ਗੁਰੂ ਨਾਨਕ ਬਾਣੀ ਅਨੁਸਾਰ ਰੱਬ ਸਰਬਵਿਆਪਕ ਅਤੇ ਸਰਬ ਅਤੀਤ ਹੈ। ਈਸ਼ਵਰ ਇਕੋ ਵੇਲੇ ਸ੍ਰਿਸ਼ਟੀ ਰਚਨਾ ਵਿਚ ਵਿਆਪਕ ਵੀ ਹੈ ਅਤੇ ਉਸ ਕੋਲੋਂ ਉਚੇਰਾ ਵੀ ਹੈ। ਗੁਰੂ ਨਾਨਕ ਦੇਵ ਜੀ ਨੇ ਸ੍ਰਿਸ਼ਟੀ ਵਿਚ ਈਸ਼ਵਰ ਦੇ ਅਮਰ ਤੱਤ ਦੇ ਵਿਆਪਕ ਹੋਣ ਬਾਰੇ ਜਾਂ ਉਸਦੀ ਜੋਤ ਨੂੰ ਪ੍ਰਤੀਕਾਤਮਕ ਅਰਥਾਂ ਵਿਚ ਸਵੀਕਾਰ ਕੀਤਾ ਹੈ:

ਸਰਬ ਜੋਤਿ ਤੇਰੀ ਪਸਰਿ ਰਹੀ।।
ਜਹ ਜਹ ਦੇਖਾ ਤਹ ਨਰਹਰੀ।।[8]

ਗੁਰੂ ਨਾਨਕ ਦੇਵ ਜੀ ਨੇ ਰੱਬ ਬਾਰੇ ਹਿੰਦੂ ਮੱਤ ਵਿਚ ਪ੍ਰਚੱਲਿਤ ਪਰੰਪਰਾ ਤੋਂ ਵਖਰੇ ਪ੍ਰਤੀਕ ਪੇਸ਼ ਕੀਤੇ ਹਨ। ਉਹਨਾਂ ਨੇ ਤ੍ਰੈ-ਮੂਰਤੀ (ਬ੍ਰਹਮਾ, ਵਿਸ਼ਨੂ, ਮਹੇਸ਼) ਅਤੇ ਬਹੁ ਦੇਵੀ

ਦੇਵਤਿਆਂ ਦੀ ਪੂਜਾ ਦਾ ਖੰਡਨ ਕਰਕੇ ਇੱਕ ਸਰਬ-ਵਿਆਪੀ ਰੱਬ ਦੀ ਹੋਂਦ ਨੂੰ ਸਵੀਕਾਰਿਆ ਹੈ। ਰੱਬ ਦੇ ਇਨ੍ਹਾਂ ਪ੍ਰਮੁੱਖ ਲੱਛਣਾਂ ਤੋਂ ਇਲਾਵਾ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ-ਰਚਨਾ ਵਿਚ ਕਈ ਹੋਰ ਲੱਛਣ ਵੀ ਵਰਨਣ ਕੀਤੇ ਹਨ- ਰੱਬ ਅੰਤਰਜਾਮੀ ਹੈ, ਦਿਆਲੂ ਅਤੇ ਕਿਰਪਾਲੂ ਹੈ, ਸਰਬ-ਸ਼ਕਤੀਮਾਨ ਹੈ ਅਤੇ ਸਰਬ-ਉੱਚ ਹੈ। ਗੁਰੂ ਨਾਨਕ ਦਾ ਰੱਬ ਜਾਂ ਈਸ਼ਵਰ ਵਿਸ਼ਵ ਦੀ ਸਿਰਜਣਹਾਰ, ਸਰਬ-ਸ਼ਕਤੀਮਾਨ ਅਤੇ ਸਰਬ ਵਿਆਪਕ ਅਧਿਆਤਮਕ ਸੱਤਾ ਹੈ ਜਿਸਦੇ ਚੇਤੰਨ ਹੁਕਮ ਹਜ਼ੂਰੀ ਵਿਚ ਅਜੋਕਾ ਵਿਸ਼ਵੀ ਮਨੁੱਖ ਆਪਣੀ ਜ਼ਿੰਦਗੀ ਦੇ ਸਾਰੇ ਕਾਰਜ ਸੰਪੂਰਣ ਕਰਦਾ ਹੈ। ਗੁਰੂ ਨਾਨਕ ਸਾਹਿਬ ਇਸ ਵਿਚਾਰ ਨੂੰ ਇਉਂ ਪੇਸ਼ ਕਰਦੇ ਹਨ:

ਤੂ ਭਰਪੂਰਿ ਜਾਨਿਆ ਮੈ ਦੂਰਿ॥
ਜੋ ਕਛੁ ਕਰੀ ਸੁ ਤੇਰੈ ਹਦੂਰਿ॥[9]

### (ਅ) ਸ੍ਰਿਸ਼ਟੀ

ਸ੍ਰਿਸ਼ਟੀ ਦੇ ਆਰੰਭ ਅਤੇ ਅੰਤ ਬਾਰੇ ਜਾਣਨ ਦਾ ਕੋਈ ਦਾਅਵਾ ਨਹੀਂ ਕਰ ਸਕਦਾ। ਸ੍ਰਿਸ਼ਟੀ ਕਿਸ ਤਰ੍ਹਾਂ ਬਣੀ, ਕਿਸ ਤਰ੍ਹਾਂ ਇਸਦਾ ਅੰਤ ਹੋਵੇਗਾ? ਇਸ ਬਾਰੇ ਪੁਰਾਤਨ ਸਮੇਂ ਤੋਂ ਲੈ ਕੇ ਅੱਜ ਤੱਕ ਰਿਸ਼ੀਆਂ, ਪੀਰਾਂ, ਫਕੀਰਾਂ, ਗੁਰੂਆਂ ਅਤੇ ਵਿਗਿਆਨੀਆਂ ਨੇ ਆਪੋ-ਆਪਣੀ ਪਹੁੰਚ ਅਤੇ ਸਮਰੱਥਾ ਅਨੁਸਾਰ ਵਿਚਾਰ ਪ੍ਰਗਟ ਕੀਤੇ ਹਨ। ਭਾਰਤੀ ਵੇਦਾਂ ਸ਼ਾਸਤਰਾਂ ਵਿਚ ਰਿਸ਼ੀਆਂ ਮੁਨੀਆਂ ਨੇ ਬੜ੍ਹੇ ਵਿਸਤਾਰ ਨਾਲ ਵਰਨਣ ਕੀਤਾ ਹੈ ਪਰੰਤੂ ਇਹ ਵਰਨਣ ਕੇਵਲ ਸ੍ਰਿਸ਼ਟੀ ਅਕਾਰ ਬਾਰੇ ਹੀ ਸੀਮਤ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਇਸ ਗੱਲ ਨੂੰ ਇਸ ਤਰ੍ਹਾਂ ਸਪੱਸ਼ਟ ਕੀਤਾ ਹੈ:

ਚਾਰੇ ਬੇਦ ਕਥਹਿ ਆਕਾਰੁ॥[10]

ਸ੍ਰਿਸ਼ਟੀ ਰਚਨਾ ਬਾਰੇ ਜੋ ਵੀ ਸਿਧਾਂਤ ਘੜ੍ਹੇ ਗਏ ਹਨ, ਉਨ੍ਹਾਂ ਸਾਰਿਆਂ ਬਾਰੇ ਇੱਕ ਅਨੁਮਾਨ ਹੀ ਲਾਇਆ ਜਾ ਸਕਦਾ ਹੈ। ਗੁਰੂ ਨਾਨਕ ਨੇ ਇਸ ਬਹਿਸ ਨੂੰ ਅੰਤਿਮ ਸੱਚ ਦੀ ਪਹਿਚਾਣ ਕਰਨ ਦੇ ਇਕ ਯਤਨ ਦੇ ਰੂਪ ਵਿਚ ਪੇਸ਼ ਕੀਤਾ ਹੈ:

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ॥
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ॥
ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ॥
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ॥
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥[11]

ਪੱਛਮੀ ਵਿਗਿਆਨੀਆਂ ਨੇ ਆਪਣੇ ਉਪਕਰਨਾਂ ਜਿਵੇਂ ਲੈਂਜ, ਰੇਡੀਉ ਅਤੇ ਸੈਟੇਲਾਈਟ ਆਦਿ ਦੀ ਮਦਦ ਨਾਲ ਸ੍ਰਿਸ਼ਟੀ ਦੀ ਖੋਜ ਕਰਕੇ ਸਿੱਟੇ ਕੱਢੇ ਹਨ ਕਿ ਸ੍ਰਿਸ਼ਟੀ ਦੀ ਉਤਪਤੀ ਤੇ ਵਿਕਾਸ ਹੋਇਆ ਹੈ ਪਰੰਤੂ ਗੁਰੂ ਨਾਨਕ ਸਾਹਿਬ ਇਕ ਵਿਲੱਖਣ ਪ੍ਰਤਿਭਾ ਦੇ ਮਾਲਕ ਸਨ ਉਹਨਾਂ ਕੋਲ ਕੋਈ ਵੀ ਉਪਕਰਨ ਨਹੀਂ ਸੀ। ਉਹ ਅਧਿਆਤਮਕ ਸ਼ਕਤੀ ਦੇ ਮਾਲਕ ਸਨ, ਸ੍ਰਿਸ਼ਟੀ ਅਤੇ ਇਸਦੇ ਵਿਕਾਸ ਬਾਰੇ ਉਹਨਾਂ ਦੀ ਵਿਆਖਿਆ ਸੱਚੀ ਅਤੇ ਸਹੀ ਹੋਣ ਕਰਕੇ ਉਹਨਾਂ ਦੀ ਰੂਹਾਨੀ ਪਹੁੰਚ ਦਾ ਪੱਕਾ ਪਰਮਾਣ ਹੈ। ਗੁਰੂ ਨਾਨਕ ਦੇਵ ਜੀ ਦੇ ਸ੍ਰਿਸ਼ਟੀ ਰਚਨਾ ਦੇ ਸਿਧਾਂਤ ਨੂੰ ਸਮਝਣ ਲਈ ਸ੍ਰਿਸ਼ਟੀ ਰਚਨਾ ਬਾਰੇ ਪੱਛਮੀ ਵਿਚਾਰਧਾਰਾ, ਪੂਰਬੀ ਵਿਚਾਰਧਾਰਾ ਅਤੇ ਵਿਗਿਆਨਕ ਵਿਚਾਰਧਾਰਾ ਬਾਰੇ ਵਿਚਾਰ ਕਰਨੀ ਲਾਹੇਵੰਦ ਹੋਵੇਗੀ। ਸ੍ਰਿਸ਼ਟੀ ਰਚਨਾ ਦਾ ਵਿਚਾਰ ਮਨੁੱਖ ਜਾਤੀ ਦੇ ਹਰ ਧਰਮ ਦਾ ਮੁੱਖ ਵਿਸ਼ਾ ਰਿਹਾ ਹੈ। ਹਰ ਧਰਮ ਦੇ ਪੈਰੋਕਾਰਾਂ ਨੇ ਆਪਣੇ ਯੁੱਗ ਦੇ ਬੌਧਿਕ, ਅਧਿਆਤਮਕ ਅਤੇ ਅੰਤਰ ਬੌਧਿਕ ਗਿਆਨ ਦੇ ਅਧਾਰ ਤੇ ਸ੍ਰਿਸ਼ਟੀ ਰਚਨਾ ਦੇ ਰਹੱਸ ਦੀ ਵਿਆਖਿਆ ਕਰਨ ਦਾ ਯਤਨ ਕੀਤਾ ਹੈ। ਪੱਛਮੀ ਵਿਚਾਰਧਾਰਾ ਅਨੁਸਾਰ ਸ਼ੁਰੂ ਵਿਚ ਧਰਤੀ ਨੂੰ ਸ੍ਰਿਸ਼ਟੀ ਦਾ ਕੇਂਦਰ ਮੰਨਿਆ ਜਿਸ ਦੁਆਲੇ ਸੂਰਜ ਘੁੰਮਦਾ ਹੈ। ਗਲੀਲੀਉ ਨੇ ਦੂਰਬੀਨ ਦੀ ਕਾਢ ਨਾਲ ਵਿਚਾਰ ਪੇਸ਼ ਕੀਤੇ ਕਿ ਧਰਤੀਆਂ, ਸੂਰਜ, ਚੰਨ ਤਾਰੇ ਹੋਰ ਵੀ ਬਹੁਤ ਹਨ ਪਰੰਤੂ ਚਰਚ ਨੇ ਉਸਦੀ ਧਾਰਨਾ ਨੂੰ ਕੁਫ਼ਰ ਕਰਾਰ ਦੇ ਕੇ ਇਸ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ। ਬਾਈਬਲ ਅਨੁਸਾਰ ਸ੍ਰਿਸ਼ਟੀ ਈਸਾ ਤੋਂ ਚਾਰ ਹਜ਼ਾਰ ਸਾਲ ਪਹਿਲਾਂ ਰਚੀ ਗਈ। ਬਾਈਬਲ

2812.11
2183ਇ

ਅਨੁਸਾਰ ਦਾਊਦ ਦੇ ਪ੍ਰਸ਼ਨ ਕਿ ਉਸ ਸਮੇਂ ਤੂੰ ਕਿੱਥੇ ਸੀ? ਦੇ ਉੱਤਰ ਵਿਚ ਪਰਮਾਤਮਾ ਨ ਦੱਸਿਆ ਕਿ ਮੈਂ ਉਸ ਸਮੇਂ ਗੁਪਤ ਅਵਸਥਾ ਵਿਚ ਸੀ ਅਤੇ ਜਦੋਂ ਮੈਨੂੰ ਜਾਣਨ ਦੀ ਇੱਛਾ ਹੋਣ ਤਾਂ ਮੈਂ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ।[12] ਇਸਲਾਮੀ ਵਿਚਾਰਧਾਰਾ ਬਾਈਬਲ ਦੀ ਵਿਚਾਰਧਾਰ ਅਨੁਸਾਰ ਹੀ ਹੈ। ਇਸਲਾਮ ਅਨੁਸਾਰ ਸ੍ਰਿਸ਼ਟੀ ਦਾ ਕਰਤਾ ਖ਼ੁਦਾ ਹੈ ਪਰੰਤੂ ਸ੍ਰਿਸ਼ਟੀ ਰਚਨਾ ਦ ਸਮਾਂ ਚੌਦਾਂ ਹਜ਼ਾਰ ਸਾਲ ਪਹਿਲਾਂ ਦਾ ਹੀ ਦੱਸਿਆ ਜਾਂਦਾ ਹੈ। ਸੂਫ਼ੀ ਵਿਚਾਰਧਾਰਾ ਅਨੁਸਾਰ ਖ਼ੁਦ ਦੇ 'ਕੁਨ' ਸ਼ਬਦ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ। ਇਸਲਾਮ ਸ੍ਰਿਸ਼ਟੀ ਦਾ ਵਿਸਤਾਰ ਸੱਤ ਅਕਾਸ਼ ਤ ਸੱਤ ਪਤਾਲਾਂ ਦੇ ਅਧਾਰ ਤੇ ਦੱਸਦਾ ਹੈ। ਸ੍ਰਿਸ਼ਟੀ ਰਚਨਾ ਬਾਰੇ ਪੱਛਮੀ ਵਿਚਾਰਧਾਰਾ ਆਧੁਨਿਕ ਵਿਗਿਆਨ ਦੀ ਕਸਵੱਟੀ ਤੇ ਪੂਰੀ ਉੱਤਰਦੀ ਨਜ਼ਰ ਨਹੀਂ ਆਉਂਦੀ। ਵਿਸ਼ਾਲ ਧਮਾਕੇ (Bi Bang Theory) ਦੇ ਸਿਧਾਂਤ ਅਨੁਸਾਰ ਸ੍ਰਿਸ਼ਟੀ ਕਰੋੜਾਂ ਸਾਲ ਪਹਿਲਾਂ ਇਕ ਦੈਵੀ ਅੰਡੇ ਦ ਵਿਸ਼ਾਲ ਵਿਸਫੋਟ ਰਾਹੀਂ ਉਤਪੰਨ ਹੋਈ ਪਰੰਤੂ ਇਹ ਦੈਵੀ ਅੰਡਾ ਕਿੱਥੋਂ ਆਇਆ ਤੇ ਉਸ ਵਿਸਫੋਟ ਤੋਂ ਪਹਿਲਾਂ ਕਾਹਦੀ ਹੋਂਦ ਸੀ? ਇਸ ਬਾਰੇ ਵੀ ਵਿਗਿਆਨੀ ਹੁਣ ਤੱਕ ਅਣਜਾਣ ਹਨ

693157

ਹਿੰਦੂ ਸ਼ਾਸਤਰਾਂ ਅਨੁਸਾਰ ਸ੍ਰਿਸ਼ਟੀ ਦੀ ਉਤਪਤੀ ਇਕ ਅਰਬ ਛਿਆਨਵੇਂ ਕਰੋੜ ਅੱ ਲੱਖ ਤ੍ਰਵੰਜਾ ਹਜ਼ਾਰ ਵਰ੍ਹੇ ਪਹਿਲਾਂ ਹੋਈ। ਰਿਗਵੇਦ ਵਿਚ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਦ ਅਵਸਥਾ ਸੰਬੰਧੀ ਕਿਹਾ ਗਿਆ ਹੈ ਕਿ ਉਦੋਂ ਨਾ ਸਤਿ ਸੀ ਅਤੇ ਨਾ ਹੀ ਅਸਤਿ, ਨਾ ਵਾਯੂ ਮੰਡਲ ਤੇ ਨਾ ਹੀ ਉਸ ਤੋਂ ਪਰੇ ਕੋਈ ਅਕਾਸ਼ ਭਾਵ ਦ੍ਰਿਸ਼ਟਮਾਨ ਸ੍ਰਿਸ਼ਟੀ ਵੀ ਨਹੀਂ ਸੀ।[13]

ਗੁਰੂ ਨਾਨਕ ਦੇਵ ਜੀ ਨੇ ਤਰਕਵਾਦੀ ਦ੍ਰਿਸ਼ਟੀਕੋਣ ਤੋਂ ਸ੍ਰਿਸ਼ਟੀ ਰਚਨਾ ਬਾਰੇ ਵਿਚਾਰ ਪੇ ਕੀਤੇ ਹਨ। ਸਭ ਤੋਂ ਪਹਿਲਾਂ ਉਹਨਾਂ ਨੇ ਚਾਰੇ ਦਿਸ਼ਾਵਾਂ ਦੀਆਂ ਯਾਤਰਾਵਾਂ ਰਾਹੀਂ ਗਿਆਨ ਅ ਦਰਸ਼ਨ ਦੇ ਹਰ ਕੇਂਦਰ ਤੱਕ ਪਹੁੰਚ ਕੀਤੀ ਅਤੇ ਵਿਸ਼ਵ ਦੇ ਹਰ ਇਕ ਪ੍ਰਮੁੱਖ ਧਰਮ ਅਤੇ ਉਸ ਦਰਸ਼ਨ ਦੀ ਜਾਣਕਾਰੀ ਹਾਸਲ ਕੀਤੀ। ਗੁਰੂ ਨਾਨਕ ਦੇਵ ਜੀ ਹੋਰਨਾਂ ਧਰਮ ਦਰਸ਼ਨਾਂ ਦੀਆ ਸ੍ਰਿਸਟੀ ਰਚਨਾ ਬਾਰੇ ਤੁਕੇਬਾਜ਼ੀਆਂ ਤੋਂ ਸੰਤੁਸ਼ਟ ਨਾ ਹੋਏ। ਉਹਨਾਂ ਨੇ ਸ੍ਰਿਸ਼ਟੀ ਰਚਨਾ ਬਾ ਆਪਣੀ ਬਾਣੀ ਵਿਚ ਸਭ ਤੋਂ ਪਹਿਲੇ ਤਰਕਮਈ ਤੇ ਸੂਤਰਮਈ ਵਿਚਾਰ ਪੇਸ਼ ਕੀਤੇ ਹਨ। ਗੁ

P.U. LIBRARY ★ CHANDIGARH ★

ਨਾਨਕ ਦੇਵ ਜੀ ਦੀ ਸ੍ਰਿਸ਼ਟੀ ਰਚਨਾ ਸੰਬੰਧੀ ਵਿਚਾਰਧਾਰਾ ਦੀ ਪ੍ਰਸੰਗਿਕਤਾ ਅਤੇ ਪ੍ਰਮਾਣਿਕਤਾ ਦੀ ਆਧੁਨਿਕ ਵਿਗਿਆਨ ਨਾਲ ਅਨੁਸਾਰਤਾ ਅਸਚਰਜਜਨਕ ਹੈ। ਗੁਰੂ ਸਾਹਿਬ ਭਾਵੇਂ ਸੰਸਾਰ ਦੇ ਧਰਮਾਂ ਦੀ ਜਾਣਕਾਰੀ ਦਾ ਦਾਅਵਾ ਨਹੀਂ ਕਰਦੇ ਪਰੰਤੂ ਇਨ੍ਹਾਂ ਦਾਅਵਿਆਂ ਦਾ ਜੋ ਖੰਡਨ ਕਰਦੇ ਹਨ ਉਹ ਆਧੁਨਿਕ ਵਿਗਿਆਨੀਆਂ ਦੇ ਸਮਾਨ ਹੈ ਕਿ ਸ੍ਰਿਸ਼ਟੀ ਰਚਨਾ ਸੰਬੰਧੀ ਇਸਦੇ ਰਚਨਹਾਰੇ ਤੋਂ ਬਿਨਾਂ ਕਿਸੇ ਨੂੰ ਵੀ ਪੂਰਾ ਗਿਆਨ ਨਹੀਂ ਹੋ ਸਕਦਾ। ਗੁਰੂ ਨਾਨਕ ਦੇਵ ਜੀ ਨੇ ਸ੍ਰਿਸ਼ਟੀ ਰਚਨਾ ਬਾਰੇ ਸਭ ਤੋਂ ਮਹੱਤਵਪੂਰਨ ਪ੍ਰਸ਼ਨ ਉਠਾਏ ਹਨ ਕਿ ਜਗਤ ਦੀ ਉਤਪਤੀ ਕਿਉਂ ਤੇ ਕਿਵੇਂ ਹੋਈ? ਇਸਦਾ ਸਿਰਜਣਹਾਰ ਨਾਲ ਕੀ ਸੰਬੰਧ ਹੈ? ਇਸਦੀ ਹੋਂਦ ਦਾ ਕੀ ਸਥਾਨ ਤੇ ਮਹੱਤਵ ਹੈ? ਗੁਰੂ ਨਾਨਕ ਨੇ ਇਨ੍ਹਾਂ ਪ੍ਰਮੁੱਖ ਮੁੱਦਿਆਂ ਬਾਰੇ ਆਪਣੀ ਰਚਨਾ ਵਿਚ ਵਿਸਤਾਰ-ਪੂਰਨ ਵਿਵੇਚਨ ਕੀਤਾ ਹੈ। ਸ੍ਰਿਸ਼ਟੀ ਤੋਂ ਪੂਰਬਲੀ ਅਵਸਥਾ ਵੱਲ ਵੀ ਸੰਕੇਤ ਕੀਤਾ ਹੈ। ਉਹਨਾਂ ਦੇ ਸ਼ਬਦਾਂ ਵਿਚ:

ਅਰਬਦ ਨਰਬਦ ਧੁੰਧੂਕਾਰਾ॥
ਧਰਣਿ ਨ ਗਗਨਾ ਹੁਕਮੁ ਅਪਾਰਾ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ॥
ਸੁੰਨ ਸਮਾਧਿ ਲਗਾਇਦਾ॥
ਖਾਣੀ ਨ ਬਾਣੀ ਪਉਣ ਨ ਪਾਣੀ॥
ਓਪਤਿ ਖਪਤਿ ਨ ਆਵਣ ਜਾਣੀ॥
ਖੰਡ ਪਤਾਲ ਸਪਤ ਨਹੀ ਸਾਗਰ॥
ਨਦੀ ਨ ਨੀਰੁ ਵਹਾਇਦਾ॥[14]

ਫਿਰ ਇਨ੍ਹਾਂ ਅਣਗਿਣਤ ਯੁੱਗਾਂ ਵਿਚ ਕੀ ਸੀ? ਗੁਰੂ ਨਾਨਕ ਦੇਵ ਜੀ ਨੇ ਇਸ ਮੂਲ ਪ੍ਰਸ਼ਨ ਦਾ ਉੱਤਰ ਇਹ ਦਿੱਤਾ ਹੈ ਕਿ ਉਸ ਮੁੱਢਲੀ ਅਵਸਥਾ ਵਿਚ ਈਸ਼ਵਰ ਆਪਣੀ ਨਿਰਗੁਣ ਅਵਸਥਾ ਵਿਚ ਸਮਾਧੀ ਸਥਿਤ ਸੀ ਅਤੇ ਨਾ ਕਿ ਇਕ ਵਿਸ਼ੇਸ਼ ਰੂਪ ਵਿਚ ਵਿਦਮਾਨ ਸੀ। ਗੁਰੂ ਸਾਹਿਬ ਜੀ

ਦਾ ਵਿਚਾਰ ਹੈ ਕਿ ਈਸ਼ਵਰ ਨੇ ਮੁੱਢਲੀ 'ਸੁੰਨ ਅਵਸਥਾ' ਵਿਚ ਹੀ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ:

ਸੁੰਨ ਕਲਾ ਅਪਰੰਪਰਿ ਧਾਰੀ॥
ਆਪਿ ਨਿਰਾਲਮੁ ਅਪਰ ਅਪਾਰੀ॥
ਆਪੇ ਕੁਦਰਤਿ ਕਰਿ ਕਰਿ ਦੇਖੈ॥
ਸੁੰਨਹੁ ਸੁੰਨੁ ਉਪਾਇਦਾ॥
ਪਉਣੁ ਪਾਣੀ ਸੁੰਨੈ ਤੇ ਸਾਜੇ॥
ਸ੍ਰਿਸਟਿ ਉਪਾਇ ਕਾਇਆ ਗੜ ਰਾਜੇ॥[15]

ਇਥੇ ਸੁੰਨ ਦਾ ਅਰਥ 'ਅਣਹੋਂਦ' ਤੋਂ ਨਹੀਂ ਲਿਆ ਜਾਣਾ ਚਾਹੀਦਾ ਕਿਉਂਕਿ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦੇ ਪਰਪੱਕ ਵਿਚ ਅਜਿਹੀ ਅਵਸਥਾ ਕਦੇ ਵੀ ਨਹੀਂ ਸੀ ਜਦੋਂ ਕੁਝ ਵੀ ਨਹੀਂ ਸੀ। ਜਦੋਂ ਹੋਰ ਕੁਝ ਨਹੀਂ ਸੀ ਤਾਂ ਈਸ਼ਵਰ ਆਪਣੇ ਨਿਰ-ਆਕਾਰ ਨਿਰਗੁਣ ਰੂਪ ਵਿਚ ਉਪਸਥਿਤ ਸੀ। ਇਹ 'ਸੁੰਨ' ਕੇਵਲ ਅਵਿਅਕਤ ਅਵਸਥਾ ਵੱਲ ਸੰਕੇਤ ਕਰਦਾ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਈਸ਼ਵਰ ਨੇ ਕਦੋਂ ਤੇ ਕਿਉਂ ਸ੍ਰਿਸ਼ਟੀ ਪੈਦਾ ਕੀਤੀ? ਇਨ੍ਹਾਂ ਦੋਹਾਂ ਪ੍ਰਸ਼ਨਾਂ ਦਾ ਉੱਤਰ ਗੁਰੂ ਕਵੀ ਨੇ ਰਹੱਸਵਾਦੀ ਅਨੁਭਵ ਦੀ ਵਿਸਮਾਦੀ ਨਾਂਹ ਵਿਚ ਦਿੱਤਾ ਹੈ ਅਰਥਾਤ ਕੋਈ ਵੀ ਮਨੁੱਖ ਆਪਣੀ ਅਲਪ ਬੁੱਧੀ ਨਾਲ ਇਸ ਰਹੱਸ ਨੂੰ ਨਹੀਂ ਜਾਣ ਸਕਦਾ ਕਿ ਸਿਰਜਣਹਾਰ ਨੇ ਇਹ ਸਾਰਾ ਪ੍ਰਪੰਚ ਆਖਿਰ ਕਿਉਂ ਰਚਿਆ ਅਤੇ ਠੀਕ ਕਦੋਂ ਇਹ ਕਾਰਜ ਸੰਪੰਨ ਹੋਇਆ? ਕਿਉਂ ਦੇ ਸੰਬੰਧ ਵਿਚ ਉਹ ਇੰਨਾ ਹੀ ਆਖ ਕੇ ਸੰਤੋਖ ਕਰ ਲੈਂਦੇ ਹਨ:

ਜਾ ਤਿਸੁ ਭਾਣਾ ਤਾ ਜਗਤੁ ਉਪਾਇਆ॥
ਬਾਝੁ ਕਲਾ ਆਡਾਣੁ ਰਹਾਇਆ॥[16]

ਉਪਰੋਕਤ ਚਰਚਾ ਕਰਨ ਉਪਰੰਤ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਸ੍ਰਿਸ਼ਟੀ ਰਚਨਾ ਬਾਰੇ ਗੁਰੂ ਨਾਨਕ ਦੀ ਵਿਚਾਰਧਾਰਾ ਦੁਨੀਆਂ ਦੇ ਸਾਰੇ ਧਰਮਾਂ ਨਾਲੋਂ ਵਿਲੱਖਣ ਅਤੇ

ਵਿਗਿਆਨਕ ਹੈ। ਜਿਸ ਤੋਂ ਅਜੋਕੇ ਵਿਸ਼ਵੀ ਮਨੁੱਖ ਨੂੰ ਇਹ ਸੰਦੇਸ਼ ਦਿੱਤਾ ਜਾ ਸਕਦਾ ਹੈ ਕਿ ਉਹ ਸ੍ਰਿਸ਼ਟੀ ਰਚਨਾ ਵਰਗੇ ਦੈਵੀ ਮਸਲਿਆਂ ਬਾਰੇ ਨਾ ਉਲਝਦਾ ਹੋਇਆ ਰੱਬੀ ਹੁਕਮ ਅਨੁਸਾਰ ਆਪਣੇ ਜੀਵਨ ਆਦਰਸ਼ ਨੂੰ ਪ੍ਰਾਪਤ ਕਰੇ। ਅਜੋਕੇ ਵਿਸ਼ਵੀ ਮਨੁੱਖ ਦਾ ਜੀਵਨ ਅਤਿਅੰਤ ਰੁਝੇਵਿਆਂ ਭਰਪੂਰ ਹੈ। ਉਹ ਵਿਸ਼ਵੀ ਪੱਧਰ ਤੇ ਤਾਂ ਸੋਚ ਸਕਦਾ ਹੈ ਪਰੰਤੂ ਉਸ ਕੋਲ ਅਜਿਹੇ ਦੈਵੀ ਰਹੱਸਾਤਮਕ ਮਸਲਿਆਂ ਬਾਰੇ ਸੋਚਣ ਦੀ ਵਿਹਲ ਨਹੀਂ ਹੈ।

(ੲ) **ਕੁਦਰਤ:**

ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ-ਰਚਨਾ ਵਿਚ 'ਕੁਦਰਤ' ਸ਼ਬਦ ਦਾ ਪ੍ਰਯੋਗ ਬਹੁਤ ਥਾਵਾਂ ਤੇ ਕੀਤਾ ਹੈ ਅਤੇ ਕੁਦਰਤ ਦਾ ਕਰਤਾ ਕਾਦਰ ਨੂੰ ਦੱਸਿਆ ਹੈ। 'ਕੁਦਰਤ' ਸ਼ਬਦ ਪੰਜਾਬੀ ਦੇ ਸ਼ਬਦ ਪ੍ਰਕਿਰਤੀ ਅਤੇ ਅੰਗਰੇਜ਼ੀ ਦੇ ਸ਼ਬਦ Nature ਦਾ ਪ੍ਰਾਇਵਾਚੀ ਅਰਥ ਨਹੀਂ ਦਿੰਦਾ ਸਗੋਂ ਇਸ ਨੂੰ ਅੰਗਰੇਜ਼ੀ ਦੇ ਸ਼ਬਦ Cosmic Law ਦਾ ਪਰਾਇਵਾਚੀ ਆਖ ਸਕਦੇ ਹਾਂ। ਉਂਞ ਕੁਦਰਤ ਸ਼ਬਦ ਅਰਬੀ ਭਾਸ਼ਾ ਤੋਂ ਆਇਆ ਹੈ। ਜਿਸਦਾ ਅਰਥ ਤਾਕਤ ਜਾਂ ਅਸਰ (Influence) ਹੈ।[17] ਗੁਰੂ ਨਾਨਕ ਅਨੁਸਾਰ ਸਾਰਾ ਦ੍ਰਿਸ਼ਟਮਾਨ ਜਗਤ ਕੁਦਰਤ ਹੀ ਹੈ। ਸਾਰਾ ਵਰਤਾਰਾ ਹੀ ਕੁਦਰਤ ਅਨੁਸਾਰ ਹੋ ਰਿਹਾ ਹੈ:

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ॥
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ॥
ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ॥
ਕੁਦਰਤਿ ਖਾਣਾ ਪੀਣਾ ਪੈਨ੍ਣ ਕੁਦਰਤਿ ਸਰਬ ਪਿਆਰੁ॥
ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ॥[18]

ਅਜੋਕੀਆਂ ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਵਿਚ ਗੁਰੂ ਨਾਨਕ ਬਾਣੀ ਕੁਦਰਤ ਦੇ ਸਿਧਾਂਤ ਰਾਹੀਂ ਮਨੁੱਖ ਨੂੰ ਪ੍ਰੇਰਨਾ ਦਿੰਦੀ ਪ੍ਰਤੀਤ ਹੁੰਦੀ ਹੈ ਕਿ ਉਹ ਪਦਾਰਥਵਾਦੀ ਰੁਚੀਆਂ ਤੋਂ ਨਿਰਲੇਪ ਰਹਿ ਕੇ ਕੁਦਰਤ ਦੇ ਜਿੰਨਾ ਵੀ ਨੇੜੇ ਰਹੇਗਾ ਉਨਾ ਹੀ ਉਹ ਆਪਣੇ ਜੀਵਨ ਨੂੰ ਸਫ਼ਲ

ਬਣਾ ਸਕੇਗਾ। ਉਹਨਾਂ ਦੀ ਵਿਚਾਰਧਾਰਾ ਅਜੋਕੇ ਸਮੇਂ ਵਿਚ ਵੀ ਮਨੁੱਖੀ ਵਾਸਤਵਿਕਤਾ ਨੂੰ ਜਾਗ੍ਰਿਤ ਕਰਦੀ ਨਜ਼ਰ ਆਉਂਦੀ ਹੈ। ਉਹਨਾਂ ਦੀ ਬਾਣੀ-ਰਚਨਾ ਦਾ ਕੁਦਰਤ ਸਿਧਾਂਤ ਮਨੁੱਖ ਨੂੰ ਗਿਆਨਕਰਣ ਦੇ ਖੇਤਰ ਵਿਚ ਦਾਖ਼ਲ ਕਰਵਾਉਂਦਾ ਹੈ ਅਤੇ ਉਹਨਾਂ ਦਾ ਮੁੱਖ ਉਦੇਸ਼ ਮਨੁੱਖੀ ਅੰਧ ਵਿਸ਼ਵਾਸਾਂ, ਕੁਦਰਤ ਦੇ ਗੁੱਝੇ ਰਹੱਸਾਂ ਅਤੇ ਸ਼ਕਤੀਆਂ ਤੋਂ ਮਨੁੱਖੀ ਚੇਤਨਾ ਨੂੰ ਤਰਕ ਦੇ ਮਾਧਿਅਮ ਰਾਹੀਂ ਮੁਕਤ ਕਰਨਾ ਹੈ। ਗੁਰੂ ਨਾਨਕ ਦੀ ਕੁਦਰਤ ਬਾਰੇ ਵਿਚਾਰਧਾਰਾ ਮਨੁੱਖ ਦੇ ਪਦਾਰਥਵਾਦੀ ਪ੍ਰਪੰਚ ਨੂੰ ਸਹਿਜ ਕੁਦਰਤੀ ਵਰਤਾਰੇ ਅਨੁਸਾਰ ਪੂਰਨ ਤੌਰ ਤੇ ਜਾਗ੍ਰਿਤ ਕਰਦੀ ਹੈ। ਗੁਰੂ ਨਾਨਕ ਅਨੁਸਾਰ ਕੁਦਰਤ, ਮਨੁੱਖ ਅਤੇ ਕਾਦਰ ਵਿਚਕਾਰ ਇਕ ਮਾਧਿਅਮ ਹੈ:

ਜਿਨਿ ਜਗੁ ਸਿਰਜਿ ਸਮਾਇਆ ਸੋ ਸਾਹਿਬੁ ਕੁਦਰਤਿ ਜਾਣੋਵਾ॥
ਸਚੜਾ ਦੂਰਿ ਨ ਭਾਲੀਐ ਘਟਿ ਘਟਿ ਸਬਦੁ ਪਛਾਣੋਵਾ॥[19]

ਗੁਰੂ ਨਾਨਕ ਦੇ ਵਿਚਾਰ ਅਨੁਸਾਰ ਮਨੁੱਖ ਸੰਸਾਰ ਦਾ ਇਕ ਅਧੂਰਾ ਅੰਸ਼ ਹੀ ਨਹੀਂ ਸਗੋਂ ਮਨੁੱਖ ਵਿਚ ਹੀ ਸਾਰੀ ਸ੍ਰਿਸ਼ਟੀ ਦਾ ਮਰਮ ਤੇ ਰਹੱਸ ਪ੍ਰਵੇਸ਼ ਹੈ। ਮਨੁੱਖ ਨੀਵੀਂ ਤੇ ਉੱਚੀ ਤੋਂ ਉੱਚੀ ਜ਼ਿੰਦਗੀ ਦਾ ਸਾਥੀ ਹੈ। ਉਸ ਦੇ ਅੰਦਰ ਸ੍ਵੈ-ਵਿਰੋਧੀ ਸ਼ਕਤੀਆਂ ਟਕਰਾਉਂਦੀਆਂ ਰਹਿੰਦੀਆਂ ਹਨ ਅਤੇ ਮਾਨਵ ਸ੍ਰਿਸ਼ਟੀ ਨੂੰ ਭੇਦ ਭਰਿਆ ਬਣਾ ਦਿੰਦੀਆਂ ਹਨ। ਜੀਵਨ ਦੀ ਸਮੱਸਿਆ ਤਾ ਹੀ ਹੱਲ ਹੋ ਸਕਦੀ ਹੈ, ਜੇਕਰ ਮਨੁੱਖ ਨੂੰ ਪਰਮਾਤਮਾ ਤੇ ਵਿਸ਼ਵ ਨਾਲ ਸੰਬੰਧਿਤ ਸਮਝ ਕੇ ਉਸਦਾ ਅਧਿਐਨ ਕੀਤਾ ਜਾਵੇ। ਮਨੁੱਖ ਦਰਅਸਲ ਸੰਸਾਰ ਤੇ ਪਰਮਾਤਮਾ ਦੇ ਦਰਮਿਆਨ ਇਕ ਪੁਲ ਤੇ ਸਾਂਝ ਪਾਉਣ ਵਾਲੀ ਕੜੀ ਹੈ।

ਮਨੁੱਖ ਰੱਬੀ ਹੁਕਮ ਅਨੁਸਾਰ ਸੰਸਾਰ ਵਿਚ ਆਉਂਦਾ ਹੈ। ਬਚਪਨ ਵਿਚ ਉਹ ਗਿਆਨ ਇੰਦਰੀਆਂ ਰਾਹੀਂ ਵਿਕਾਸ ਕਰਦਾ ਹੋਇਆ ਬੌਧਿਕਤਾ ਤੱਕ ਪਹੁੰਚਦਾ ਹੈ ਅਤੇ ਬੌਧਿਕਤਾ ਰਾਹੀਂ ਫਿਰ ਉਸ ਨੂੰ ਕੁਦਰਤ ਸੰਬੰਧੀ ਅਨੁਭਵ ਪ੍ਰਾਪਤ ਹੁੰਦਾ ਹੈ। ਕੁਦਰਤੀ ਅਨੁਭਵ ਅਨੁਸਾਰ ਹੀ ਮਨੁੱਖ ਆਪਣੇ ਜੀਵਨ ਉਦੇਸ਼ ਦੀ ਪੂਰਤੀ ਵੱਲ ਕਦਮ ਪੁੱਟ ਸਕਦਾ ਹੈ। ਮਨੁੱਖਤਾ ਲਈ ਕੁਦਰਤ ਦੇ ਨਿਯਮ ਵੀ ਅਟੱਲ ਹਨ ਪਰੰਤੂ ਇਨ੍ਹਾਂ ਨਿਯਮਾਂ ਵਿਚ ਕਾਦਰ ਦੀ ਰਜ਼ਾ ਅਨੁਸਾਰ ਤਬਦੀਲੀਆਂ

ਵੀ ਸੰਭਵ ਹਨ ਜਿਵੇਂ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਹਿਲਾਦ ਭਗਤ ਦੇ ਪ੍ਰਸੰਗ ਅਨੁਸਾਰ ਹਰਨਾਖ਼ਸ ਨੇ ਉਸ ਨੂੰ ਪਹਾੜ ਤੋਂ ਗਿਰਾ ਕੇ, ਪਾਣੀ ਵਿਚ ਡਬੋ ਕੇ ਅਤੇ ਅੱਗ ਵਿਚ ਸਾੜ ਕੇ ਮਾਰਨ ਦਾ ਯਤਨ ਕੀਤਾ ਪਰੰਤੂ ਰੱਬ ਨੇ ਉਸ ਨੂੰ ਰੱਖ ਲਿਆ। ਰੱਬੀ ਰਜ਼ਾ ਅਨੁਸਾਰ ਕੁਦਰਤ ਦੇ ਨਿਯਮ ਬਦਲ ਗਏ। ਅੱਗ ਉਸ ਨੂੰ ਸਾੜ ਨਾ ਸਕੀ, ਪਾਣੀ ਉਸ ਨੂੰ ਡਬੋ ਨਾ ਸਕਿਆ ਤੇ ਪਹਾੜ ਤੋਂ ਡਿੱਗ ਕੇ ਉਸਦੀ ਮੌਤ ਨਾ ਹੋਈ ਕਿਉਂਕਿ ਪ੍ਰਹਿਲਾਦ ਦਾ ਕੁਦਰਤ ਦੇ ਸਿਧਾਂਤ ਵਿਚ ਅਥਾਹ ਵਿਸ਼ਵਾਸ ਸੀ। ਅਜੋਕਾ ਵਿਸ਼ਵੀ ਮਨੁੱਖ ਜੇਕਰ ਕੁਦਰਤ ਦੇ ਸਿਧਾਂਤ ਅਨੁਸਾਰ ਆਪਣਾ ਜੀਵਨ ਬਸਰ ਕਰੇਗਾ ਤਾਂ ਉਹ ਮਨੁੱਖ ਦੁਆਰਾ ਪੈਦਾ ਕੀਤੀਆਂ ਮਾਰੂ ਸ਼ਕਤੀਆਂ ਤੋਂ ਆਪਣੀ ਰੱਖਿਆ ਕਰ ਸਕੇਗਾ।

**(ਸ) ਜੀਵ:**

ਗੁਰੂ ਨਾਨਕ ਬਾਣੀ ਵਿਚ ਸਾਰੇ ਜਾਨਵਰਾਂ ਲਈ 'ਜੀਵ' ਸ਼ਬਦ ਦੀ ਵਰਤੋਂ ਹੋਈ ਮਿਲਦੀ ਹੈ ਤੇ ਇਹਨਾਂ ਜੀਵਾਂ ਨੂੰ ਪਰਮਾਤਮਾ ਦੇ ਹੁਕਮ ਨਾਲ ਸਿਰਜਿਆ ਹੋਇਆ ਮੰਨਿਆ ਹੈ:

(ੳ) ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ।।
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ।।[20]

(ਅ) ਹੁਕਮੇ ਆਵੈ ਹੁਕਮੇ ਜਾਇ।। ਆਗੈ ਪਾਛੈ ਹੁਕਮਿ ਸਮਾਇ।।[21]

ਗੁਰਬਾਣੀ ਵਿਚ ਵੱਖ-ਵੱਖ ਤਰ੍ਹਾਂ ਦੇ ਜੀਵਾਂ ਨੂੰ ਚਾਰ ਪ੍ਰਮੁੱਖ ਸ਼੍ਰੇਣੀਆਂ ਵਿਚ ਦਰਸਾ ਕੇ ਗੁਰੂ ਜੀ ਨੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਸਪੱਸ਼ਟ ਕੀਤਾ ਹੈ:

ਅੰਡਜ ਜੇਰਜ ਉਤਭੁਜ ਸੇਤਜ
ਤੇਰੇ ਕੀਤੇ ਜੰਤਾ।।[22]

ਇਹਨਾਂ ਚਾਰ ਜੀਵਕ ਸ਼੍ਰੇਣੀਆਂ ਵਿਚੋਂ ਜਿਸ ਜੀਵ ਬਾਰੇ ਅਸੀਂ ਗੱਲ ਕਰਨੀ ਹੈ । ਉਹ ਮਾਨਵ ਜੀਵ ਹੈ। ਗੁਰੂ ਨਾਨਕ ਬਾਣੀ ਵਿਚ ਇਸ ਮਾਨਵ ਜੀਵ ਦੇ ਆਦਰਸ਼ ਰੂਪ ਨੂੰ ਚਿਤਰਿਆ

ਹੈ। ਗੁਰੂ ਨਾਨਕ ਨੇ ਆਪਣੀ ਸਮੁੱਚੀ ਬਾਣੀ-ਰਚਨਾ ਵਿਚ ਮਨੁੱਖੀ ਜੀਵ ਨੂੰ ਨੈਤਿਕਤਾ ਤੇ ਸਦਾਚਾਰਕਤਾ ਦਾ ਪਾਠ ਪੜ੍ਹਾਇਆ ਹੈ। ਜਪੁਜੀ ਵਿਚ ਤਾਂ ਜੀਵ ਨੂੰ ਸਚਿਆਰਾ ਪਦ ਗ੍ਰਹਿਣ ਕਰਨ ਲਈ ਰਸਤਾ ਦੱਸਿਆ ਹੈ। ਗੁਰੂ ਨਾਨਕ ਦੇਵ ਜੀ ਨੇ ਇਸੇ ਧਾਰਨਾ ਤਹਿਤ ਮਨੁੱਖੀ ਜੀਵ ਨੂੰ ਚੌਰਾਸੀ ਲੱਖ ਜੂਨਾਂ ਦਾ ਅਹਿਸਾਸ ਕਰਵਾ ਕੇ ਆਵਾਗਵਨ ਦੇ ਸਿਧਾਂਤ ਨਾਲ ਸਹਿਮਤੀ ਪ੍ਰਗਟ ਕੀਤੀ ਹੈ:

(ੳ) ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ॥[23]

(ਅ) ਲਖ ਚਉਰਾਸੀਹ ਭਰਮਦੇ ਮਨਹਠਿ ਆਵੈ ਜਾਇ॥[24]

ਗੁਰੂ ਨਾਨਕ ਬਾਣੀ ਵਿਚ ਮਨੁੱਖੀ ਜੀਵ ਦੀ ਧਾਰਨਾ ਅਜੋਕੀਆਂ ਵਿਸ਼ਵੀਕ੍ਰਨ ਦੀਆਂ ਪ੍ਰਸਥਿਤੀਆਂ ਵਿਚ ਮਾਨਵ ਜੀਵਨ ਦੀ ਪੂਰਨ ਅਗਵਾਈ ਕਰਦੀ ਪ੍ਰਤੀਤ ਹੁੰਦੀ ਹੈ ਕਿਉਂਕਿ ਉਹਨਾਂ ਦੀ ਸਮੁੱਚੀ ਬਾਣੀ-ਰਚਨਾ ਮਨੁੱਖ ਨੂੰ ਨੈਤਿਕ ਤੇ ਸਦਾਚਾਰਕ ਗੁਣਾਂ ਦੇ ਧਾਰਨੀ ਹੋਣ ਦੀ ਪ੍ਰੇਰਨਾ ਦਿੰਦੀ ਹੈ। ਜਿਨ੍ਹਾਂ ਨੂੰ ਅਪਣਾ ਕੇ ਮਨੁੱਖ ਆਪਣੇ ਜੀਵਨ ਦੇ ਸਮਾਜਿਕ, ਧਾਰਮਿਕ ਆਰਥਿਕ, ਸਭਿਆਚਾਰਕ ਅਤੇ ਰਾਜਨੀਤਿਕ ਖੇਤਰ ਵਿਚ ਸਫ਼ਲ ਹੋ ਸਕਦਾ ਹੈ।

### (ਹ) ਬਹੁ-ਪਾਸਾਰੀ ਸੰਤੁਲਨ ਅਤੇ ਅਧਿਆਤਮਕ ਸਰੋਕਾਰ

ਮਨੁੱਖੀ ਜੀਵਨ ਦੇ ਬਹੁ-ਪਾਸਾਰੀ ਸੰਤੁਲਨ ਉਸਦੇ ਸਮੁੱਚੇ ਜੀਵਨ ਨਾਲ ਸੰਬੰਧਿਤ ਹਨ। ਇਹ ਸੰਤੁਲਨ ਉਸਦੇ ਸਮਾਜਿਕ, ਸਭਿਆਚਾਰਕ, ਰਾਜਨੀਤਿਕ ਅਤੇ ਆਰਥਿਕ ਪੱਖਾਂ ਨਾਲ ਪੂਰੀ ਤਰ੍ਹਾਂ ਅੰਤਰ-ਸੰਬੰਧਿਤ ਹਨ। ਇਨ੍ਹਾਂ ਬਹੁ-ਪਾਸਾਰੀ ਸੰਤੁਲਨਾਂ ਨੂੰ ਸਮਝਣ ਲਈ ਸਾਨੂੰ ਅਜੋਕੀਆਂ ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਦਾ ਅਧਿਐਨ ਕਰਨਾ ਪਵੇਗਾ ਅਤੇ ਇਨ੍ਹਾਂ ਸੰਤੁਲਨਾ ਦੀ ਅਸੰਤੁਲਤਾ ਨੂੰ ਗੁਰੂ ਨਾਨਕ ਬਾਣੀ ਵਿਚਲੇ ਮੂਲ ਅਧਿਆਤਮਕ ਸਰੋਕਾਰਾਂ ਦੇ ਅਧਾਰ ਤੇ ਸਮਝਣਾ ਹੋਵੇਗਾ। ਮਨੁੱਖੀ ਬਹੁ-ਪਾਸਾਰੀ ਸੰਤੁਲਨਾ ਦਾ ਪੱਲੜਾ ਅਸੰਤੁਲਤਾ ਤੋਂ ਤਾਂ ਹੀ ਬਚ ਸਕਦਾ ਹੈ ਜੇਕਰ ਅਜੋਕੇ ਮਨੁੱਖ ਦੀਆਂ ਪਦਾਰਥਵਾਦੀ ਰੁਚੀਆਂ ਨੂੰ ਅਧਿਆਤਮਕ

ਸਰੋਕਾਰਾਂ ਦੀ ਤੱਕੜੀ ਵਿਚ ਤੋਲਿਆ ਜਾਵੇ। ਗੁਰੂ ਨਾਨਕ ਦੀ ਵਿਚਾਰਧਾਰਾ ਦਾ ਮਾਡਲ ਵਿਸ਼ਵੀ ਮਨੁੱਖ ਨੂੰ ਇਕ ਨਵੀਂ ਸੇਧ ਪ੍ਰਦਾਨ ਕਰਦਾ ਹੈ। ਇਨ੍ਹਾਂ ਦੋ ਪ੍ਰਮੁੱਖ ਪਹਿਲੂਆਂ ਨੂੰ ਵਿਚਾਰਨਾ ਮੁਨਾਸਿਬ ਹੋਵੇਗਾ।

ਵਿਸ਼ਵ ਪੱਧਰ ਤੇ ਕੰਮ ਕਰ ਰਿਹਾ ਸਮੁੱਚਾ ਪੂੰਜੀਵਾਦੀ ਨਿਜ਼ਾਮ ਆਪਣੀ ਮੂਲ ਸ਼ਕਤੀ ਸਰੋਤਾਂ ਅਤੇ ਕੁਦਰਤ ਤੋਂ ਟੁੱਟ ਰਿਹਾ ਹੈ। ਪੂੰਜੀਵਾਦੀ ਨਿਜ਼ਾਮ ਆਪਣੇ ਨਵੇਂ ਉਪਕਰਨਾ ਤੋਂ ਵਿਸ਼ਵੀਕਰਨ ਅਤੇ ਨਿੱਜੀਕਰਨ ਆਦਿ ਨੂੰ ਇਸ ਕਰਕੇ ਅਪਣਾ ਰਿਹਾ ਹੈ ਕਿਉਂਕਿ ਉਹਨਾਂ ਉੱਤੇ ਪੂੰਜੀ ਇਕੱਠੀ ਕਰਨ ਦੇ ਵਿਚਾਰ ਹਾਵੀ ਰਹਿੰਦੇ ਹਨ। ਦੂਜੇ ਪਾਸੇ ਇਹ ਨਵੇਂ ਰੁਝਾਨ ਰੱਬੀ ਭੈਅ ਤੋਂ ਸੱਖਣੀਆਂ ਆਪਣੀਆਂ ਸਮੁੱਚੀਆਂ ਨੀਤੀਆਂ ਰਾਹੀਂ ਗ਼ਰੀਬ, ਮੱਧ ਵਰਗ ਅਤੇ ਅਮੀਰ ਲੋਕਾਂ ਦੀਆਂ ਸਾਰੀਆਂ ਸ਼੍ਰੇਣੀਆਂ ਦਾ ਇਕੋ ਸਮੇਂ, ਆਪਣੇ ਨਿਵੇਕਲੇ ਢੰਗ ਨਾਲ ਸ਼ੋਸ਼ਣ ਕਰ ਰਹੇ ਹਨ ਜਿਸ ਨਾਲ ਉਹਨਾਂ ਦੀ ਧਨ ਸ਼ਕਤੀ ਵਧਦੀ ਜਾ ਰਹੀ ਹੈ। ਸਮਾਜਵਾਦੀ ਤੇ ਗ਼ਰੀਬੀ ਦਾ ਦਮ ਭਰਨ ਵਾਲੀਆਂ ਸ਼ਕਤੀਆਂ ਇਹਨਾਂ ਦੇ ਓਪਰੇ ਸੁਨਹਿਰੀ ਜਾਲ ਦੇ ਤਾਣੇ-ਬਾਣੇ ਵਿਚ ਫਸੀਆਂ ਹੋਈਆਂ, ਇਹਨਾਂ ਦੀ ਬੋਲੀ ਬੋਲਣ ਲਈ ਮਜ਼ਬੂਰ ਹੋ ਰਹੀਆਂ ਹਨ। ਗ਼ਰੀਬ ਅਤੇ ਵਿਕਾਸ ਕਰ ਰਹੇ ਭਾਰਤ ਵਰਗੇ ਦੇਸ਼ ਆਪਣੀ ਵਧੇਰੇ ਤਰੱਕੀ ਲਈ ਅਤੇ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਲਈ ਅਮਰੀਕਾ ਅਤੇ ਵਿਸ਼ਵ-ਪੱਧਰ ਦੀਆਂ ਵੱਡੀਆਂ ਕੰਪਨੀਆਂ ਅਤੇ ਅਦਾਰਿਆਂ ਤੋਂ ਆਪਣੇ ਦੇਸ਼ਾਂ ਦੇ ਵੱਖ-ਵੱਖ ਉਦਯੋਗਾਂ ਵਿਚ ਪੈਸਾ ਲਗਾਉਣ ਲਈ ਦੌੜ ਵਿਚ ਲੱਗੇ ਹਨ, ਜਿਸ ਬਨਾਵਟੀ ਢੰਗ ਨਾਲ ਮਨੁੱਖੀ ਲੋੜਾਂ ਦਾ ਬੰਨ੍ਹ ਤੋੜਿਆ ਜਾ ਰਿਹਾ ਹੈ। ਉਸ ਨਾਲ ਇਕ ਵੱਡਾ ਅਦ੍ਰਿਸ਼ਟ ਅਜ਼ਗਰ ਰੂਪੀ ਪੂੰਜੀਵਾਦੀ ਨਿਜ਼ਾਮ ਹੋਂਦ ਵਿਚ ਆ ਰਿਹਾ ਹੈ, ਜਿਸ ਦੇ ਭਵਿੱਖਮੁਖੀ ਸਿੱਟੇ ਮਨੁੱਖਤਾ ਨੂੰ ਬਹੁਤੀ ਦੂਰ ਤੱਕ ਨਹੀਂ ਲਿਜਾ ਸਕਦੇ। ਅਜਿਹੇ ਅਜ਼ਗਰ ਰੂਪੀ ਪੂੰਜੀਵਾਦੀ ਨਿਜ਼ਾਮ ਤੋਂ ਨੇੜ-ਭਵਿੱਖ ਵਿਚ ਇਕ ਸੰਤੁਲਿਤ ਵਿਸ਼ਵ ਪੱਧਰ ਦਾ ਸਿਸਟਮ ਹੋਂਦ ਵਿਚ ਲਿਆਉਣ ਲਈ ਮਨੁੱਖ ਨੂੰ ਇਕ ਹੋਰ ਨਵੇਂ ਬਦਲ ਦੀ ਲੋੜ ਪਵੇਗੀ, ਜਿਸ ਨੂੰ ਗੁਰੂ ਨਾਨਕ ਦੇ ਚਿੰਤਨ ਅਧਾਰਿਤ ਮਾਡਲ ਤੇ ਉਸਾਰਿਆ ਜਾ ਸਕਦਾ ਹੈ। ਇਸ ਅਸੰਤੁਲਨ ਦਾ ਇਕ ਵੱਡਾ

ਕਾਰਣ ਅਜ਼ਮਾਏ ਹੋਏ ਆਰਥਿਕ ਮਾਡਲਾਂ ਵਿਚੋਂ ਇਕ ਮਾਡਲ ਮਨੁੱਖ ਨੂੰ ਰੱਬੀ ਹੋਂਦ, ਰੱਬੀ ਭੈਅ ਅਤੇ ਹਰ ਮਨੁੱਖ ਵਿਚੋਂ ਰੱਬੀ ਆਤਮਾ ਨੂੰ ਵੇਖਣ ਤੇ ਮਹਿਸੂਸ ਕਰਨ ਦਾ ਅਹਿਸਾਸ ਹੈ। ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦਾ ਉਪਰੋਕਤ ਮਾਡਲ ਇਸ ਸੰਤੁਲਨ ਨੂੰ ਬਰਕਰਾਰ ਰੱਖਣ ਵਿਚ ਸਹਾਈ ਹੋ ਸਕਦਾ ਹੈ।

ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਵਿਚ ਅਜੋਕਾ ਵਿਸ਼ਵੀ ਅਰਥਚਾਰਾ ਇਕ ਪਾਸੜ ਅਤੇ ਅਸੰਤੁਲਿਤ ਹੈ। ਜਿਸ ਨੇ ਖਪਤਕਾਰ ਦਾ ਲਾਲਚ ਸੰਤੁਲਤੀ ਹੱਦ ਤੋਂ ਇੰਨਾ ਵਧਾ ਦਿੱਤਾ ਹੈ ਕਿ ਵਸਤੂਆਂ ਦੀ ਪੈਦਾਵਾਰ ਅਤੇ ਨਿੱਤ ਨਵੇਂ ਮੁਕਾਬਲੇ ਦੀ ਦੌੜ ਵਿਚ ਲੱਗਾ ਹੋਇਆ ਉਦਯੋਗਪਤੀ ਅਤੇ ਵਿਉਪਾਰੀ ਆਪਸੀ ਹਿੱਤਾਂ ਨੂੰ ਪਾਲਦੇ ਹੋਏ ਇੱਕ ਦੂਜੇ ਤੋਂ ਅੱਗੇ ਵਧ ਰਹੇ ਹਨ। ਸੱਤਾਧਾਰੀ ਅਤੇ ਵੱਡੇ ਪੂੰਜੀਪਤੀ ਦਾ ਪੂਰਾ ਜ਼ੋਰ ਖਪਤਕਾਰਾਂ ਦੀ ਖਰੀਦ ਸ਼ਕਤੀ ਵਧਾਉਣ ਉੱਤੇ ਲੱਗਾ ਹੋਇਆ ਹੈ। ਇਹ ਪੂੰਜੀਪਤੀ ਇਕ ਨਿਸ਼ਚਤ ਫਾਰਮੂਲੇ ਅਧੀਨ ਕੰਮ ਕਰਦੇ ਹਨ ਕਿ ਜਿੰਨੀ ਖਪਤਕਾਰ ਦੀ ਖਰੀਦ ਸ਼ਕਤੀ ਵਧੇਗੀ ਉਨੀ ਜ਼ਿਆਦਾ ਵਸਤੂਆਂ ਤਿਆਰ ਕਰਨ ਤੇ ਮਨੁੱਖ ਨੂੰ ਸੁੱਖ ਸਹੂਲਤਾਂ ਜ਼ਿਆਦਾ ਹੋਣਗੀਆਂ ਪਰੰਤੂ ਇਸਦਾ ਅਸੰਤੁਲਤ ਪੱਖ ਇਹ ਵੀ ਹੈ ਕਿ ਜਦੋਂ ਲਾਗਤ ਅਤੇ ਮੁਨਾਫ਼ੇ ਵਿਚਕਾਰ ਅੰਤਰ ਜ਼ਿਆਦਾ ਵਧਾ ਦਿੱਤਾ ਜਾਵੇ ਤਾਂ ਮਨੁੱਖ ਦੇ ਹਰ ਵਰਗ ਉੱਤੇ ਆਰਥਿਕ ਦਬਾਉ ਵਧ ਜਾਂਦੇ ਹਨ। ਅਸੀਂ ਵੇਖ ਰਹੇ ਹਾਂ ਕਿ ਕੁਦਰਤ ਅਤੇ ਵਾਤਾਵਰਣ ਉੱਤੇ ਦਬਾਉ ਵਧਦਾ ਜਾ ਰਿਹਾ ਹੈ। ਧਰਤੀ ਵਿਚਲੇ ਅਤੇ ਉਸਦੇ ਕੁਦਰਤੀ ਸੋਮੇ ਇੱਕ ਨਿਸ਼ਚਤ ਸੀਮਾ ਅਤੇ ਸਮੇਂ ਤੱਕ ਮਨੁੱਖ ਦੀਆਂ ਲਾਪ੍ਰਵਾਹੀਆਂ ਨੂੰ ਸੰਭਾਲ ਸਕਦੇ ਹਨ। ਇਸ ਨਿਸ਼ਚਤ ਸੀਮਾ ਅਤੇ ਸਮੇਂ ਤੋਂ ਬਾਹਰ ਮਨੁੱਖ ਦਾ ਕੀ ਹਾਲ ਹੋਵੇਗਾ? ਇਸ ਬਾਰੇ ਕਿਆਸ ਹੀ ਕੀਤਾ ਜਾ ਸਕਦਾ ਹੈ। ਜੇਕਰ ਵਿਸ਼ਵੀ ਮਨੁੱਖ ਦੀ ਹਰ ਨੀਤੀ ਵਿਚ ਰੱਬੀ ਭੈਅ ਅਤੇ ਧਾਰਮਿਕ ਬਿਰਤੀ ਦੀ ਦ੍ਰਿੜ ਭਾਵਨਾ ਆ ਜਾਵੇ ਤਾਂ ਮਨੁੱਖੀ ਲੋੜਾਂ ਵਿਚ ਸਹਿਜ ਸੰਤੁਲਨ ਰੱਖਿਆ ਜਾ ਸਕਦਾ ਹੈ। ਜਿਸਦੇ ਭਵਿੱਖਮੁਖੀ ਨਤੀਜੇ ਮਨੁੱਖੀ ਨਸਲ ਲਈ ਲਾਭਕਾਰੀ ਸਹਾਈ ਹੋ ਸਕਦੇ ਹਨ।

ਉਪਰੋਕਤ ਬਹੁ-ਪਾਸਾਰੀ ਮਨੁੱਖੀ ਸੰਤੁਲਨ ਨੂੰ ਕਾਇਮ ਰੱਖਣ ਲਈ ਇਸ ਦੇ ਦੂਜੇ ਪੱਖ ਅਧਿਆਤਮਕ ਸਰੋਕਾਰਾਂ ਨੂੰ ਵਿਚਾਰਨਾ ਵੀ ਮੁਨਾਸਿਬ ਹੋਵੇਗਾ ਕਿਉਂਕਿ ਵਿਸ਼ਵੀਕਰਨ ਦੀਆਂ ਇਨ੍ਹਾਂ ਪ੍ਰਸਥਿਤੀਆਂ ਵਿਚ ਅਧਿਆਤਮਕ ਸਰੋਕਾਰ ਹੀ ਇਕ ਸੰਤੁਲਨ ਕਾਇਮ ਰੱਖ ਸਕਦੇ ਹਨ। ਇਨ੍ਹਾਂ ਵਿਚਾਰਾਂ ਨੂੰ ਸਪੱਸ਼ਟ ਕਰਨ ਲਈ ਗੁਰੂ ਨਾਨਕ ਦੇਵ ਜੀ ਦੁਆਰਾ ਸਮਾਜ ਦੇ ਨਿਖੱਟੂਆਂ, ਵਿਹਲੜਾਂ ਅਤੇ ਦੂਹਰਾ ਜੀਵਨ ਜਿਉਣ ਵਾਲੇ ਲੋਕਾਂ ਬਾਰੇ ਦਿੱਤੇ ਗਏ ਵਿਚਾਰਾਂ ਨੂੰ ਜਾਣਨਾ ਵੀ ਜ਼ਰੂਰੀ ਹੈ। ਗੁਰੂ ਨਾਨਕ ਨੇ ਗਿਆਨ ਵਿਹੂਣੇ ਧਰਮ ਦੇ ਠੇਕੇਦਾਰਾਂ ਜਾਂ ਆਪਣੇ ਆਪ ਨੂੰ ਵੱਡੇ ਦੱਸਣ ਵਾਲੇ ਨਾਥਾਂ-ਜੋਗੀਆਂ, ਪੀਰਾਂ-ਫਕੀਰਾਂ ਅਤੇ ਅਖਾਉਤੀ ਗੁਰੂਆਂ ਤੋਂ ਮਨੁੱਖ ਨੂੰ ਸੰਭਲ ਕੇ ਚੱਲਣ ਦੀ ਪੁਰਜ਼ੋਰ ਨਸੀਹਤ ਦਿੱਤੀ ਹੈ:

ਗਿਆਨ ਵਿਹੂਣਾ ਗਾਵੈ ਗੀਤ॥ ਭੁਖੇ ਮੁਲਾਂ ਘਰੇ ਮਸੀਤਿ॥
ਮਖਟੂ ਹੋਇ ਕੈ ਕੰਨ ਪੜਾਇ॥ ਫਕਰੁ ਕਰੇ ਹੋਰੁ ਜਾਤਿ ਗਵਾਇ॥[25]

ਗੁਰੂ ਨਾਨਕ ਦੇਵ ਜੀ ਸਮੁੱਚੇ ਰੂਪ ਵਿਚ ਅਧਿਆਤਮਵਾਦੀ ਸਨ। ਉਹਨਾਂ ਨੇ ਮਨੁੱਖ ਦੀ ਸਮੁੱਚੀ ਜ਼ਿੰਦਗੀ ਭਾਵ ਉਸਦੇ ਸਮੁੱਚੇ ਸਮਾਜਿਕ ਜੀਵਨ ਨੂੰ ਅਧਿਆਤਮਕਤਾ ਦੀ ਰੰਗਣ ਰਾਹੀਂ ਸੰਵਾਰਨ ਦਾ ਉਪਰਾਲਾ ਕੀਤਾ ਹੈ ਅਤੇ ਮਨੁੱਖੀ ਜ਼ਿੰਦਗੀ ਦੇ ਚੰਗੇ ਮਾੜੇ ਪਹਿਲੂਆਂ ਨੂੰ ਦਰਸਾ ਕੇ ਮਨੁੱਖ ਨੂੰ ਅਧਿਆਤਮਕਤਾ ਦੇ ਰਸਤੇ ਤੇ ਤੋਰਿਆ ਹੈ। ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਜ਼ਿੰਦਗੀ ਦੇ ਤਿੰਨ ਪਹਿਲੂਆਂ ਮਨਮੁੱਖ (ਹੈਵਾਨੀ ਮਨੁੱਖ), ਇਨਸਾਨੀਅਤ, ਦੈਵੀ ਜਾਂ ਅਧਿਆਤਮਵਾਦੀ ਮਨੁੱਖ ਨੂੰ ਇਸ ਤਰ੍ਹਾਂ ਦਰਸਾਇਆ ਹੈ:

ਅਸੰਖ ਮੂਰਖ ਅੰਧ ਘੋਰ॥ ਅਸੰਖ ਚੋਰ ਹਰਾਮਖੋਰ॥
ਅਸੰਖ ਅਮਰ ਕਰਿ ਜਾਹਿ ਜੋਰ॥ ਅਸੰਖ ਗਲਵਢ ਹਤਿਆ ਕਮਾਹਿ॥
ਅਸੰਖ ਪਾਪੀ ਪਾਪੁ ਕਰਿ ਜਾਹਿ॥ ਅਸੰਖ ਕੂੜਿਆਰ ਕੂੜੇ ਫਿਰਾਹਿ॥
ਅਸੰਖ ਮਲੇਛ ਮਲੁ ਭਖਿ ਖਾਹਿ॥ ਅਸੰਖ ਨਿੰਦਕ ਸਿਰਿ ਕਰਹਿ ਭਾਰੁ॥
ਨਾਨਕੁ ਨੀਚੁ ਕਹੈ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥

ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥[26]

ਇਹ ਤਿੰਨ ਪਰਤੀ ਪ੍ਰਤੀਕ-ਪ੍ਰਬੰਧ ਮਨੁੱਖ ਦੇ ਆਰਥਿਕ, ਰਾਜਨੀਤਿਕ, ਸਮਾਜਿਕ ਅਤੇ ਸਭਿਆਚਾਰਕ ਧਰਾਤਲ ਤੇ ਤਾਂ ਲਾਗੂ ਹੁੰਦਾ ਹੈ ਪਰੰਤੂ ਇਹ ਗਿਆਨ-ਪ੍ਰਬੰਧ ਮਨੁੱਖ ਨੂੰ ਸਮੁੱਚੇ ਰੂਪ ਵਿਚ ਅਧਿਆਤਮਕਤਾ ਦੇ ਧਰਾਤਲ ਤੇ ਲਿਆ ਖੜ੍ਹਾ ਕਰਦਾ ਹੈ। ਪਰੰਪਰਾਗਤ ਅਰਥਾਂ ਵਿਚ ਬੰਨ੍ਹੀ ਅਧਿਆਤਮਕਤਾ ਦੇ ਪਰੰਪਰਾਗਤ ਸਰੋਕਾਰ ਗੁਰੂ ਨਾਨਕ ਵਿਚਾਰਧਾਰਾ ਦੇ ਸਰੋਕਾਰ ਨਹੀਂ ਹਨ। ਉਹਨਾਂ ਦੇ ਸਰੋਕਾਰ ਇਨ੍ਹਾਂ ਪਰੰਪਰਾਗਤ ਸਰੋਕਾਰਾਂ ਤੋਂ ਨਿਵੇਕਲੇ ਹਨ। ਉਹਨਾਂ ਨੇ ਪਹਿਲ ਅਧਿਆਤਮਕ ਸਰੋਕਾਰਾਂ ਨੂੰ ਦਿੱਤੀ ਹੈ ਅਤੇ ਅਧਿਆਤਮਕਤਾ ਨੂੰ ਇਕ ਮਾਧਿਅਮ ਵਜੋਂ ਵਰਤ ਕੇ ਮਨੁੱਖ ਦੇ ਸਮਾਜਿਕ ਪੱਖੀ ਸਰੋਕਾਰਾਂ ਨੂੰ ਉਘਾੜਨ ਦਾ ਯਤਨ ਕੀਤਾ ਹੈ। ਭਾਰਤੀ ਧਾਰਮਿਕ ਪਰੰਪਰਾ ਵਿਚ ਇਹ ਪਹਿਲੀ ਵਾਰ ਹੋਇਆ ਹੈ। ਨਿਰੋਲ ਮਾਨਵੀ ਸਰੋਕਾਰਾਂ ਨੂੰ ਸਪੱਸ਼ਟ ਕਰਨ ਲਈ ਅਧਿਆਤਮਕਤਾ ਦੀ ਵਰਤੋਂ ਇਕ ਅਸਲੋਂ ਨਵਾਂ ਸਿਧਾਂਤ ਸੀ ਜਿਹੜਾ ਗੁਰੂ ਨਾਨਕ ਦੇਵ ਜੀ ਨੇ ਵਰਤਿਆ ਅਤੇ ਆਪਣੇ ਆਦਰਸ਼ਕ ਅਧਿਆਤਮਕ ਸਰੋਕਾਰਾਂ ਨੂੰ ਵਿਸ਼ਵੀ ਪੱਧਰ 'ਤੇ ਲਿਆ ਖੜ੍ਹਾ ਕੀਤਾ ਹੈ। ਇਸ ਤਰ੍ਹਾਂ ਵਿਸ਼ਵੀ ਮਨੁੱਖ ਦੀ ਜ਼ਿੰਦਗੀ ਨੂੰ ਇਕ ਪਾਸੇ ਮਨਮੁੱਖ ਦੇ ਰਾਹ ਤੋਂ ਮੋੜਨਾ ਅਤੇ ਦੂਜੇ ਪਾਸੇ ਇਸ ਨੂੰ ਸਮਾਜਿਕ ਪੱਖ ਰਾਹੀਂ ਅਧਿਆਤਮਕਤਾ ਦੇ ਮਾਰਗ ਤੇ ਤੋਰਨਾ ਗੁਰੂ ਸਾਹਿਬ ਦਾ ਮੁੱਖ ਉਦੇਸ਼ ਸੀ। ਅਧਿਆਤਮਕਤਾ ਵਾਲੀ ਸਥਿਤੀ ਨੂੰ ਗੁਰੂ ਨਾਨਕ ਨੇ ਆਪਣੇ ਢੰਗ ਨਾਲ ਆਪਣੀ ਵਿਚਾਰਧਾਰਾ ਰਾਹੀਂ ਸਪੱਸ਼ਟ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਜ਼ਿੰਦਗੀ ਦਾ ਸਭ ਤੋਂ ਵੱਡਾ ਆਦਰਸ਼ ਸਚਿਆਰ ਹੋਣ ਨੂੰ ਮੰਨਿਆ ਹੈ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਨਾਨਕ ਦਾ ਅਧਿਆਤਮਕ ਸਰੋਕਾਰ ਪਰੰਪਰਾਗਤ ਅਰਥਾਂ ਵਾਲਾ ਨਹੀਂ ਸਗੋਂ ਵਰਤਮਾਨ ਅਜੋਕੇ ਵਿਸ਼ਵੀ ਮਨੁੱਖ ਦੀ ਨਿਕਟਤਾ ਨਾਲ ਜੁੜਿਆ ਹੋਇਆ ਹੈ। ਗੁਰੂ ਨਾਨਕ ਦੀ ਵਿਚਾਰਧਾਰਾ ਅਨੁਸਾਰ ਵਿਸ਼ਵੀ ਮਨੁੱਖ ਦੀ ਹੋਂਦ ਸੱਚ ਤੇ ਅਧਾਰਿਤ ਹੈ ਪਰੰਤੂ ਮਨੁੱਖੀ ਜੀਵਨ ਦੇ ਪਹਿਲੂ ਦਾ ਇਕ ਹੋਰ ਪੱਖ ਇਸ ਸੱਚ ਤੋਂ ਵੀ ਉਚੇਰਾ ਹੈ ਅਤੇ ਉਹ ਹੈ ਮਨੁੱਖੀ ਵਜੂਦ ਦਾ ਆਚਰਣਸ਼ੀਲ ਹੋਣਾ:

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ।।[27]

ਇਸ ਤਰ੍ਹਾਂ ਮਨੁੱਖੀ ਆਚਰਣ ਦਾ ਇਹ ਸਰੋਕਾਰ ਅਧਿਆਤਮਕਤਾ ਦੇ ਅਰਥਾਂ ਦਾ ਧਾਰਨੀ ਹੈ। ਮਾਨਵੀ ਸਰੋਕਾਰਾਂ ਵਿਚ ਮਨੁੱਖ ਦੇ ਅਧਿਆਤਮਕ ਸਰੋਕਾਰਾਂ ਨੂੰ ਹੀ ਸਭ ਤੋਂ ਸਰੇਸ਼ਟ ਦਰਜਾ ਦਿੱਤਾ ਗਿਆ ਹੈ।

ਧਰਮ ਸ੍ਰਿਸ਼ਟੀ ਦਾ ਅਧਾਰ ਹੈ ਜਿਸਨੇ ਵਿਸ਼ਵ ਦੇ ਸਮੁੱਚੇ ਵਰਤਾਰੇ ਨੂੰ ਸੂਤਰਬੱਧ ਕੀਤਾ ਹੈ। ਗੁਰੂ ਸਾਹਿਬ ਦਾ ਅਸਲੀ ਸਰੋਕਾਰ ਇਨਸਾਨੀਅਤ ਨੂੰ ਨੀਚੇ ਡਿੱਗਣ ਤੋਂ ਬਚਾ ਕੇ ਉੱਪਰ ਉੱਠਣ ਵਲ ਪ੍ਰੇਰਿਤ ਕਰਨਾ ਹੈ ਉਹਨਾਂ ਦੀ ਅਜਿਹੀ ਅਧਿਆਤਮਕ ਦ੍ਰਿਸ਼ਟੀ ਵਿਸ਼ਵੀ ਮਨੁੱਖ ਨੂੰ ਸਾਂਝੇ ਸਰੋਕਾਰਾਂ ਦੇ ਧਰਾਤਲ ਤੇ ਲਿਆ ਖੜ੍ਹਾ ਕਰਦੀ ਹੈ। ਡਰ ਮਨੁੱਖੀ ਜ਼ਿੰਦਗੀ ਦਾ ਸਭ ਤੋਂ ਵੱਡਾ ਦੁਸ਼ਮਣ ਹੈ। ਬਹੁਤੇ ਡਰ ਮਨੁੱਖ ਦੇ ਅੰਦਰੋਂ ਪੈਦਾ ਹੁੰਦੇ ਹਨ ਜਾਂ ਉਸਦੀਆਂ ਆਪਣੀਆਂ ਕਮਜ਼ੋਰੀਆਂ ਦਾ ਪ੍ਰਗਟਾਉ ਹੁੰਦੇ ਹਨ ਪਰੰਤੂ ਕੁਝ ਡਰ ਬਾਹਰਲੇ ਜਗਤ ਵਿਚ ਵੀ ਵਿਦਮਾਨ ਹਨ ਉਦਾਹਰਣ ਵਜੋਂ ਰਾਜਨੀਤਿਕਾਂ ਦੀ ਕੁਰਸੀ ਤੇ ਬੈਠੇ ਤਾਕਤ ਵਿਚ ਅੰਨ੍ਹੇ ਹੋਏ ਹਾਕਮ ਦਾ ਡਰ, ਧਨ-ਦੌਲਤ ਦੀ ਕੁਵਰਤੋਂ ਕਰਨ ਵਾਲੇ ਲੋਕਾਂ ਦਾ ਡਰ ਭਾਵ ਸਮਾਜਿਕ ਨਿਆਂ ਤੋਂ ਕੋਰੇ ਇਨਸਾਨ ਦਾ ਡਰ। ਜ਼ਿੰਦਗੀ ਇਨਸਾਨ ਲਈ ਸਭ ਤੋਂ ਪਿਆਰੀ ਅਤੇ ਅਹਿਮ ਹੈ ਪਰੰਤੂ ਜਦੋਂ ਸਮਾਜ ਵਿਚ ਅਜਿਹਾ ਵਾਤਾਵਰਣ ਬਣ ਜਾਵੇ ਕਿ ਰਾਜਨੀਤਿਕ ਅਤੇ ਸਮਾਜਿਕ ਨਿਆਂ ਸਮਾਜ ਵਿਚੋਂ ਪਰ ਲਗਾ ਕੇ ਉੱਡ ਜਾਵੇ ਅਤੇ ਉਪਰੋਕਤ ਕਿਸਮ ਦੀ ਧੱਕੇਸ਼ਾਹੀ ਸਮਾਜਿਕ ਢਾਂਚੇ ਨੂੰ ਕੁਚਲ ਦੇਵੇ ਤਾਂ ਇਨਸਾਨੀ ਜ਼ਿੰਦਗੀ ਜਿਊਣੀ ਦੁੱਭਰ ਹੋ ਜਾਂਦੀ ਹੈ। ਲਗਾਤਾਰ ਗੁਲਾਮੀ ਤੇ ਡਰ ਦੀ ਜ਼ਿੰਦਗੀ ਵਿਚ ਜਿਊਣ ਵਾਲੇ ਮਨੁੱਖ ਬਾਰੇ ਇਹ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਉਹ ਮਨੁੱਖ ਕਿਸ ਤਰ੍ਹਾਂ ਦੇ ਮਾਨਸਿਕ ਅਤੇ ਬੌਧਿਕ ਪੱਧਰ ਦੇ ਵਾਤਾਵਰਣ ਵਿਚ ਜੀਵਨ ਬਸਰ ਕਰ ਰਿਹਾ ਹੋਵੇਗਾ। ਇਹ ਸਰੋਕਾਰ ਵਿਸ਼ਵੀ ਪੱਧਰ ਤੇ ਵਾਪਰ ਰਹੇ ਹਨ। ਗੁਰੂ ਨਾਨਕ ਦੀ ਵਿਚਾਰਧਾਰਾ ਦਾ ਬਹੁਤਾ ਜ਼ੋਰ ਵਿਸ਼ਵੀ ਮਨੁੱਖ ਨੂੰ ਇਸ ਅੰਦਰਲੇ ਅਤੇ ਬਾਹਰਲੇ ਡਰ ਤੋਂ ਮੁਕਤ ਕਰਾਉਣ ਤੇ

ਲੱਗਾ ਹੋਇਆ ਹੈ। ਗੁਰੂ ਸਾਹਿਬ ਦਾ ਹੁਕਮ ਹੈ ਕਿ ਡਰ ਮੰਨਣਾ ਤੇ ਡਰ ਦੇਣਾ ਜਾਂ ਡਰਦੇ ਵਾਤਾਵਰਣ ਵਿਚ ਰਹਿਣਾ ਇਨਸਾਨੀ ਵਜੂਦ ਲਈ ਕਾਤਲ ਹੈ:

ਡਰਿ ਘਰੁ ਘਰਿ ਡਰੁ ਡਰਿ ਡਰੁ ਜਾਇ॥
ਸੋ ਡਰੁ ਕੇਹਾ ਜਿਤੁ ਡਰਿ ਡਰੁ ਪਾਇ॥
ਤੁਧੁ ਬਿਨੁ ਦੂਜੀ ਨਾਹੀ ਜਾਇ॥
ਜੋ ਕਿਛੁ ਵਰਤੈ ਸਭ ਤੇਰੀ ਰਜਾਇ॥
ਡਰੀਐ ਜੇ ਡਰੁ ਹੋਵੈ ਹੋਰੁ॥
ਡਰਿ ਡਰਿ ਡਰਣਾ ਮਨ ਕਾ ਸੋਰੁ॥[28]

ਇਸ ਤਰ੍ਹਾਂ ਗੁਰਬਾਣੀ ਵਿਚ ਸਿਰਜੇ ਮਾਨਵ ਹਿੱਤੂ ਸਰੋਕਾਰਾਂ ਨੂੰ ਮੁੱਖ ਤੌਰ ਤੇ ਦੋ ਪ੍ਰਮੁੱਖ ਪੱਧਰਾਂ ਤੇ ਵੰਡਿਆ ਜਾ ਸਕਦਾ ਹੈ। ਵਿਵਹਾਰਕ ਜਾਂ ਬਹੁ-ਪਾਸਾਰੀ ਸਰੋਕਾਰ ਤੇ ਦੂਜਾ ਅਧਿਆਤਮਕ ਸਰੋਕਾਰ। ਗੁਰੂ ਨਾਨਕ ਨੇ ਅਨੇਕਤਾ ਵਿਚ ਏਕਤਾ ਦਾ ਜੋ 'ੴ' ਦਾ ਸਰੋਕਾਰ ਪੇਸ਼ ਕਰਕੇ ਸਮੁੱਚੀ ਮਾਨਵਤਾ ਨੂੰ ਏਕਤਾ ਦੇ ਪੱਧਰ ਤੇ ਲਿਆ ਖੜ੍ਹਾ ਕੀਤਾ ਹੈ। ਗੁਰੂ ਨਾਨਕ ਬਾਣੀ ਵਿਸ਼ਵੀ ਮਨੁੱਖ ਨੂੰ ਵਸਤੂ ਭੋਗਤਾ (consumerization) ਦੇ ਛਿੰਨ-ਭੰਗਰ ਦੁਨਿਆਵੀ ਪਦਾਰਥਾਂ ਵਿਚ ਖੱਜਲ ਹੋਣ ਤੋਂ ਵਰਜਦੀ ਹੈ। ਇਹ ਮਨੁੱਖ ਨੂੰ ਜਗਤ ਅਖਾੜੇ ਵਿਚ ਪੰਜ ਮਾਨਵ ਵਿਰੋਧੀ ਵਿਕਾਰਾਂ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਦੀ ਬਹੁਲਤਾ ਤੋਂ ਵਰਜਦੀ ਹੋਈ, ਸ਼ੁਭ ਅਮਲਾਂ ਵੱਲ ਪ੍ਰੇਰਿਤ ਕਰਦੀ ਹੈ। ਇਹ ਸਰੋਕਾਰ ਅਜੋਕੇ ਸਮੁੱਚੇ ਮਾਨਵ ਜੀਵਨ ਦੇ ਵਿਕਾਸ ਵਿਚ ਵੀ ਨਰੋਈ ਭੂਮਿਕਾ ਨਿਭਾਉਣ ਦੇ ਸਮਰੱਥ ਹਨ। ਇਸ ਤਰ੍ਹਾਂ ਗੁਰਬਾਣੀ ਦੀ ਪ੍ਰਤਿ ਧੁਨੀ ਮਨੁੱਖੀ ਸਵੈਮਾਨ ਨਾਲ ਭਰਪੂਰ ਹੈ। ਅਜੋਕੇ ਵਿਸ਼ਵੀ ਮਨੁੱਖ ਨੇ ਆਪਣੇ ਆਲੇ-ਦੁਆਲੇ ਹਉਮੈ (Ego) ਦੇ ਜੋ ਸੰਕਟ ਪੈਦਾ ਕਰ ਲਏ ਹਨ। ਗੁਰੂ ਨਾਨਕ ਬਾਣੀ ਦੇ ਇਹ ਸਰੋਕਾਰ ਮਾਨਵ ਪ੍ਰਤਿ ਸਰੋਕਾਰਾਂ ਦੇ ਹੱਲ ਲਈ ਸਹਾਇਤਾ ਕਰਨ ਵਿਚ ਪੂਰਨ ਤੌਰ ਤੇ ਸਾਰਥਿਕ ਹਨ।

(ਕ) **ਅਜੋਕੀਆਂ ਸਮਾਜਿਕ ਅਤੇ ਸਭਿਆਚਾਰਕ ਪ੍ਰਸਥਿਤੀਆਂ**

ਵਰਤਮਾਨ ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਵਿਚ ਵਿਸ਼ਵ ਪੱਧਰ ਤੇ ਮਾਨਵੀ ਜੀਵਨ ਵਿਚ ਜੋ ਨਿੱਜਵਾਦ ਅਤੇ ਸਵੈ-ਹਿੱਤਾਂ ਨਾਲ ਸੰਬੰਧਿਤ ਵਾਤਾਰਵਣ ਸਿਰਜਿਆ ਹੈ, ਉਸਦੇ ਵਿਰੋਧ ਵਿਚ ਵੱਖਵਾਦ, ਆਤੰਕਵਾਦ, ਨਸਲਵਾਦ, ਖੇਤਰਵਾਦ ਅਤੇ ਹੰਕਾਰ ਵਾਲਾ ਵਾਤਾਵਰਣ ਵੀ ਨਾਲੋ ਨਾਲ ਪੈਦਾ ਹੋ ਰਿਹਾ ਹੈ। ਅਜੋਕੀ ਉਦਯੋਗਿਕ ਕ੍ਰਾਂਤੀ ਤੋਂ ਉਪਜਿਆ ਬਸਤੀਵਾਦੀ ਰੁਝਾਨ, ਅਜੋਕੀਆਂ ਸਮਾਜਿਕ ਪ੍ਰਸਥਿਤੀਆਂ ਜਿਵੇਂ ਸਮਾਜਵਾਦ, ਨਾਜ਼ੀਵਾਦ ਅਤੇ ਵਿਸ਼ਵੀਕਰਨ ਆਦਿ ਦੇ ਸਿਧਾਂਤਾਂ ਪਿੱਛੇ ਕੰਮ ਕਰਦੀਆਂ ਸ਼ਕਤੀਆਂ ਵੱਲੋਂ ਵਿਸ਼ਵ ਪੱਧਰ ਤੇ ਆਪਣੇ ਪ੍ਰਭਾਵ ਨੂੰ ਵਧਾਉਣ ਅਧੀਨ ਮਨੁੱਖੀ ਨਾਂਹ-ਪੱਖੀ ਰੁਝਾਨਾਂ ਦਾ ਸਿਲਸਲਾ ਵੀ ਨਿਰੰਤਰ ਜਾਰੀ ਹੈ। ਇਸਦਾ ਮੁੱਖ ਕਾਰਣ ਗੁਰਬਾਣੀ ਦੀ ਧਾਰਨਾ ਅਨੁਸਾਰ ਵਿਸ਼ਵੀ ਮਨੁੱਖੀ ਸਮਾਜ ਦੇ ਦਰਸਾਏ ਹਾਂ-ਪੱਖੀ ਕਾਰਜਾਂ ਅਤੇ ਮੁੱਲਾਂ (ਕੀਮਤਾਂ) ਨਾਲੋਂ ਆਪਣੇ ਜੀਵਨ ਨੂੰ ਤੋੜਨਾ ਹੈ ਜੋ ਮਨੁੱਖੀ ਜੀਵਨ ਨੂੰ ਸੰਤੁਲਨ ਵਿਚ ਰੱਖਦਿਆਂ ਉਸਦੇ ਸਮੂਹਿਕ ਵਿਕਾਸ ਵੱਲ ਰੁਚਿਤ ਹੈ। ਇਹੋ ਕਾਰਣ ਹੋ ਸਕਦਾ ਹੈ ਕਿ ਅਜੋਕਾ ਮਾਨਵੀ ਸਮਾਜ ਵਿਸ਼ਵ ਪੱਧਰ ਤੇ ਸਮਾਜਿਕ ਅਤੇ ਸਭਿਆਚਾਰਕ ਦ੍ਰਿਸ਼ਟੀ ਤੋਂ ਦਿਨ-ਬ-ਦਿਨ ਰਸਾਤਲ ਵੱਲ ਵਧਦਾ ਜਾ ਰਿਹਾ ਹੈ।

ਵਿਸ਼ਵੀਕਰਨ ਦੇ ਅਜੋਕੇ ਦੌਰ ਵਿਚ ਪਦਾਰਥਵਾਦੀ ਰੁਚੀ ਨੇ ਸਮਾਜਿਕ ਪੱਧਰ ਤੇ ਆਪਸੀ ਸੁਰ-ਸਾਂਝ, ਪਰਿਵਾਰਕ ਰਿਸ਼ਤੇ-ਨਾਤੇ ਅਤੇ ਦੁੱਖ-ਸੁੱਖ ਵਿਚ ਭਾਈਵਾਲ ਦੀ ਚਾਹਤ, ਆਪਸੀ ਸਤਿਕਾਰ ਅਤੇ ਪਰਉਪਕਾਰ ਦੀ ਭਾਵਨਾ, ਮਾਨਵੀ ਜੀਵਨ ਵਿਚੋਂ ਲਗਭਗ ਖਾਰਜ਼ ਕਰ ਦਿੱਤੀ ਹੈ। ਸਮਾਜ ਦੇ ਹਰ ਖੇਤਰ ਵਿਚ ਇਕ ਦੂਜੇ ਨੂੰ ਪਛਾੜਨ ਦੀ ਦੌੜ ਅਤੇ ਸੂਚਨਾ ਤਕਨਾਲੋਜੀ ਦੇ ਗਿਆਨ ਦੇ ਵਧੇਰੇ ਪ੍ਰਾਪਤੀ ਦੇ ਦਬਾਅ ਹੋਣ ਕਾਰਨ ਵਿਸ਼ਵ ਪੱਧਰ ਤੇ ਮਨੁੱਖ ਦਾ ਤਿੜਕਿਆ ਜੀਵਨ ਉਸਦੇ ਚੌਗਿਰਦੇ ਵਿਚ ਪਸਰਿਆ ਹੋਇਆ ਹੈ। ਸਮਾਜ ਦਾ ਹਰ ਵਰਗ ਇਸ ਸੂਚਨਾ ਤਕਨਾਲੋਜੀ ਦੇ ਗਿਆਨ ਦੀ ਲਹਿਰ ਅਤੇ ਸਮਾਜਿਕ ਉਲਝਣਾ ਦੇ ਨਿੱਤ ਨਵੀਆਂ

ਪ੍ਰਸਥਿਤੀਆਂ ਅਧੀਨ ਵਧ ਰਹੇ ਦਬਾਅ ਦੀ ਮਾਰ ਅਧੀਨ ਆਪਣਾ ਸੰਤੁਲਿਤ ਜੀਵਨ ਗੁਆ ਰਿਹਾ ਹੈ। ਇਨ੍ਹਾਂ ਪ੍ਰਸਥਿਤੀਆਂ ਕਾਰਣ ਹੀ ਨਵੀਆਂ ਬਿਮਾਰੀਆਂ ਜਿਵੇਂ ਏਡਜ਼, ਡੇਂਗੂ, ਸਵਾਈਨ-ਫਲੂ ਆਦਿ ਵਿਕਸਤ ਹੋ ਰਹੀਆਂ ਹਨ। ਅਜੋਕੇ ਸਮੇਂ ਵਿਚ ਵਿਸ਼ਵ ਪੱਧਰ ਤੇ ਮਨੁੱਖੀ ਸਮਾਜ ਵਿਚ ਆਰਥਿਕ, ਧਾਰਮਿਕ, ਰਾਜਨੀਤਿਕ ਅਤੇ ਸਭਿਆਚਾਰਕ ਖੇਤਰ ਵਿਚ ਜੋ ਘਟਨਾਵਾਂ ਵਾਪਰ ਰਹੀਆਂ ਹਨ ਉਨ੍ਹਾਂ ਨੇ ਵਰਤਮਾਨ ਪਦਾਰਥਵਾਦੀ ਰੁਚੀ ਦੀ ਸਰਮਾਏਦਾਰੀ ਵਿਵਸਥਾ ਨੂੰ ਅਤਿ ਗੰਭੀਰ ਸੰਕਟ ਵਿਚ ਪਾ ਦਿੱਤਾ ਹੈ। ਪਦਾਰਥਵਾਦੀ ਮਾਡਲ, ਪੱਛਮੀ ਸਭਿਅਤਾ ਅਤੇ ਸਮਾਜਿਕ-ਆਰਥਿਕਤਾ ਦੇ ਮਾਇਆਵਾਦੀ ਭਰਮ ਜਾਲ ਵਿਚ ਫਸੇ ਵਿਸ਼ਵੀ ਮਨੁੱਖ ਨੂੰ ਸਮਝਣ ਲੱਗ ਪਿਆ ਹੈ। ਇਹ ਵਿਵਸਥਾ ਹੁਣ ਬਹੁਤਾ ਸਮਾਂ ਸਥਾਪਿਤ ਰਹਿਣ ਦੀ ਸੰਭਾਵਨਾ ਨਹੀਂ ਰੱਖਦੀ ਕਿਉਂਕਿ ਅਜੋਕਾ ਅਖੌਤੀ ਸਮਾਜਵਾਦੀ ਵਿਸ਼ਵੀਕਰਨ ਨੈਤਿਕਤਾ ਪੱਖੋਂ ਬਿਲਕੁਲ ਕੋਰਾ ਹੈ। ਵਾਸਤਵ ਵਿਚ ਇਸਦਾ ਅਧਾਰ ਲੋਭ ਅਤੇ ਸੁਆਰਥ ਹੀ ਹੈ। ਇਸ ਤਰ੍ਹਾਂ ਇਹ ਵਿਵਸਥਾ ਵਿਸ਼ਵੀ ਸਮਾਜ ਨੂੰ ਵਿਕਸਤ ਕਰਨ ਦੇ ਸਮਰਥ ਨਹੀਂ ਹੈ। ਅਜੋਕੇ ਵਿਸ਼ਵੀ ਮਨੁੱਖ ਦੀਆਂ ਸਮਾਜਿਕ ਪ੍ਰਸਥਿਤੀਆਂ ਜਿਵੇਂ ਆਰਥਿਕਤਾ ਜਾਂ ਆਰਥਿਕ ਸਿਧਾਂਤ, ਉਦਯੋਗ, ਉਪਭੋਗਤਾਵਾਂ, ਮੰਡੀਕਰਨ, ਆਰਥਿਕ ਮੰਦਹਾਲੀ, ਆਰਥਿਕ ਸ਼ੋਸ਼ਣ, ਨਿੱਜੀਕਰਨ, ਗ਼ਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ, ਅਜਮਾਏ ਜਾਂ ਚੁੱਕੇ ਆਰਥਿਕ ਮਾਡਲਾਂ ਦੀ ਸਫ਼ਲਤਾ ਜਾਂ ਅਸਫ਼ਲਤਾ ਸਮੁੱਚੇ ਵਿਸ਼ਵ ਦੀ ਸਮਾਜਿਕ-ਆਰਥਿਕਤਾ ਨਾਲ ਸੰਬੰਧ ਰੱਖਦੀਆਂ ਹਨ।

ਗੁਰੂ ਨਾਨਕ ਵਿਚਾਰਧਾਰਾ ਦਾ ਆਪਣਾ ਇਕ ਨਿਵੇਕਲਾ ਵਿਸ਼ਵ ਪੱਧਰ ਦਾ ਸਮਾਜਿਕ-ਆਰਥਿਕ ਮਾਡਲ ਹੈ ਜੋ ਸਮੁੱਚੇ ਵਿਸ਼ਵੀ ਅਰਥਚਾਰੇ ਨਾਲ ਸੰਬੰਧ ਰੱਖਦਾ ਹੋਇਆ ਮੁੱਖ ਤੌਰ ਤੇ ਮਾਨਵੀ ਕਿਰਤ ਦੇ ਵਿਕਾਸ ਅਤੇ ਲਾਭ ਨੂੰ ਸਮੁੱਚੇ ਵਿਸ਼ਵ ਦੀ ਭਲਾਈ ਹਿੱਤ ਵਰਤਣ (ਵੰਡ ਛਕਣ) ਦੇ ਉਦੇਸ਼ ਸਦਕਾ ਸਮੁੱਚੀ ਮਾਨਵਤਾ ਨੂੰ ਹਰ ਪੱਧਰ ਤੇ ਆਰਥਿਕ ਸੁਰੱਖਿਆ ਮੁਹੱਈਆ ਕਰਵਾਉਣ ਵੱਲ ਅਗਰਸਰ ਹੈ। ਇਸ ਵਿਚਾਰਧਾਰਾ ਦੇ ਪਿਛੋਕੜ ਵਿਚ ਹੋਰ ਵੀ ਕਈ ਅਜਿਹੇ ਪਹਿਲੂ ਹਨ ਜਿਨ੍ਹਾਂ ਦੇ ਅਧਾਰ ਤੇ ਗੁਰਬਾਣੀ ਵਿਸ਼ਵ ਦੀਆਂ ਸਮੱਸਿਆਵਾਂ ਦੇ

ਹੱਲ ਸੁਲਝਾਉਣ ਦੇ ਸਮਰੱਥ ਹੈ। ਅਜੋਕੇ ਵਿਸ਼ਵੀਕਰਨ ਦਾ ਪਿਛੋਕੜ ਰਾਜ-ਸ਼ਕਤੀ ਦੇ ਹਿੱਤਾਂ ਦੀ ਵਧੇਰੇ ਵਕਾਲਤ ਕਰਨ ਵਾਲਾ ਹੈ ਪਰੰਤੂ ਗੁਰਬਾਣੀ ਦਾ ਹੁਕਮ ਵਿਸ਼ਵ ਪੱਧਰ ਦੇ ਸਮਾਜਿਕ ਮਨੁੱਖ ਪ੍ਰਤਿ ਦੈਵੀ ਹੁਕਮ ਹੈ ਜਿਸਦਾ ਅਧਾਰ ਧੁਰ ਕੀ ਬਾਣੀ ਹੈ ਅਤੇ ਇਸਦਾ ਹੁਕਮ ਸਮੁੱਚੀ ਮਾਨਵਤਾ ਪ੍ਰਤਿ ਪਰਉਪਕਾਰ ਕਰਨ ਵੱਲ ਰੁਚਿਤ ਹੈ।

ਵਿਸ਼ਵੀਕਰਨ ਦਾ ਸਿਧਾਂਤ ਅਮਲੀ ਤੌਰ ਤੇ ਵਿਵਹਾਰਿਕਤਾ ਉੱਤੇ ਕੇਂਦਰਤ ਨਹੀਂ ਜਦੋਂ ਕਿ ਗੁਰਬਾਣੀ ਦੀ ਧਾਰਨਾ ਸਿਧਾਂਤ ਨਾਲੋਂ ਸਿਧਾਂਤ ਦੀ ਵਿਵਹਾਰਿਕਤਾ ਉੱਤੇ ਕੇਂਦਰਤ ਬਲ ਦਿੰਦੀ ਹੈ ਕਿਉਂਕਿ ਗੁਰਬਾਣੀ ਪੂਰੀ ਤਰ੍ਹਾਂ ਸਮਾਜ ਦੀਆਂ ਵਿਵਹਾਰਿਕ ਪ੍ਰਸਥਿਤੀਆਂ ਨਾਲ ਪ੍ਰਤੀਬੱਧ ਹੈ। ਇਸ ਲਈ ਗੁਰਬਾਣੀ ਹਰ ਸਮਾਜਿਕ ਸਰੋਕਾਰ ਨੂੰ ਵਿਵਹਾਰਿਕ ਪੱਧਰ ਤੇ ਇੱਕ ਸਿਧਾਂਤਕ ਮਾਡਲ ਪ੍ਰਦਾਨ ਕਰਦੀ ਹੈ। ਇਹ ਸਿਧਾਂਤਕ ਮਾਡਲ ਅਜਿਹੀ ਪਰੰਪਰਾ ਨਾਲ ਜੁੜੇ ਹੋਏ ਨਹੀਂ ਜਿਹੜੀ ਪਰੰਪਰਾ ਨਿਰਾਰਥਕ ਸਾਬਤ ਹੋ ਚੁੱਕੀ ਹੋਵੇ। ਗੁਰਬਾਣੀ ਦਾ ਇਹ ਵਿਵਹਾਰਿਕ ਪੱਖ ਸਮਾਜ ਦੇ ਸਮੁੱਚੇ ਨਿਰਮਾਣ ਲਈ ਸਹਾਇਕ ਪ੍ਰਸਥਿਤੀਆਂ ਪੈਦਾ ਕਰਦਾ ਹੈ ਅਤੇ ਇਹ ਪ੍ਰਸਥਿਤੀਆਂ ਇਕ ਕਰਮਸ਼ੀਲ ਅਤੇ ਸਾਰਥਿਕ ਸਮਾਜ ਦੀ ਉਸਾਰੀ ਵੱਲ ਅਗਰਸਰ ਹਨ। ਗੁਰੂ ਨਾਨਕ ਬਾਣੀ ਦਾ ਇਹ ਸਿਧਾਂਤ ਸਮੁੱਚੇ ਵਿਸ਼ਵੀ ਮਨੁੱਖ ਦੀ ਅਗਵਾਈ ਕਰਦਾ ਹੈ ਕਿ ਕਿਸੇ ਵੀ ਆਦਰਸ਼ ਦੀ ਪ੍ਰਾਪਤੀ ਦੇ ਆਧਾਰਮੂਲਕ ਸਿਧਾਂਤ ਨੂੰ ਵਿਵਹਾਰ ਵਿਚ ਲਿਆ ਕੇ ਹੀ ਵਿਸ਼ਵ ਪੱਧਰ ਤੇ ਇੱਕ ਨਰੋਏ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ। ਇਸ ਤਰ੍ਹਾਂ ਗੁਰੂ ਨਾਨਕ ਬਾਣੀ ਆਪਣੇ ਸਿਧਾਂਤਕ ਪਹਿਲੂ ਵਿਚ ਕਾਰਜਸ਼ੀਲਤਾ ਦੇ ਪ੍ਰਸੰਗ ਵਿਚ ਹਾਂ-ਪੱਖੀ ਪ੍ਰਸਥਿਤੀਆਂ ਨੂੰ ਉਸਾਰਦੀ ਹੋਈ ਇੱਕ ਅਜਿਹੇ ਸਮਾਜ ਦਾ ਮਾਡਲ ਪੇਸ਼ ਕਰਦੀ ਹੈ ਜਿਸ ਵਿਚ ਮਨੁੱਖੀ ਵਿਕਾਸ ਅਰੋਗ ਸਮਾਜ ਦਾ ਹਿੱਸਾ ਬਣ ਸਕੇ ਅਤੇ 'ਸਭੇ ਸਾਝੀਵਾਲ ਸਦਾਇਨਿ' ਦਾ ਉਦੇਸ਼ ਉਸਾਰਦੀ ਹੋਈ ਇੱਕ ਵਿਸ਼ਵੀ ਪੱਧਰ ਦੀ ਸਾਂਝੀ ਸਾਂਸਕ੍ਰਿਤੀ ਦੇ ਭਾਈਵਾਲ ਬਣ ਸਕਣ ਦੀ ਪ੍ਰੇਰਨਾ ਦਿੰਦੀ ਹੈ।

ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਨਾ ਕੇਵਲ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਪੱਧਰ ਤੇ ਮਨੁੱਖ ਇੱਕ ਦੂਜੇ ਦੇ ਨਜ਼ਦੀਕ ਆ ਗਿਆ ਹੈ ਸਗੋਂ ਉਹ ਇੱਕ ਦੂਜੇ ਦੇ ਸਭਿਆਚਾਰ, ਵਿਰਸੇ ਰੀਤੀ-ਰਿਵਾਜਾਂ ਅਤੇ ਇਤਿਹਾਸਕ ਸਥਾਨਾਂ ਨੂੰ ਵੇਖਣ ਤੇ ਜਾਣਨ ਅਤੇ ਵਿਸ਼ਵ ਭਰਮਣ ਲਈ ਸਭਿਆਚਾਰਕ ਤੌਰ ਤੇ ਆਪਸੀ ਤਾਲਮੇਲ ਕਰਦਿਆਂ ਆਪਸੀ ਸਾਂਝ ਨੂੰ ਵਧਾ ਰਿਹਾ ਹੈ। ਭਾਵੇਂ ਸਭਿਆਚਾਰ ਇਤਿਹਾਸ ਦਾ ਉਨਾ ਹੀ ਪੁਰਾਣਾ ਵਿਸ਼ਾ ਹੈ ਜਿੰਨਾ ਕਿ ਮਨੁੱਖ ਪਰੰਤੂ ਵਿਸ਼ਵੀਕਰਨ ਤੋਂ ਪਹਿਲਾਂ ਸਭਿਆਚਾਰ ਅਲੱਗ ਅਲੱਗ ਸਮਾਜਿਕ ਪੱਧਰਾਂ ਤੇ ਮੌਜੂਦ ਸੀ। ਵਿਸ਼ਵੀਕਰਨ ਦੀ ਪ੍ਰਕਿਰਿਆ ਨਾਲ ਵੱਖੋ-ਵੱਖਰੇ ਸਭਿਆਚਾਰਕ ਵਿਰਸਿਆਂ ਦਾ ਆਪਸੀ ਤਾਲਮੇਲ ਹੋਣ ਨਾਲ ਵਿਸ਼ਵੀ ਪੱਧਰ ਤੇ ਮਨੁੱਖੀ ਸਾਂਝ ਵਧ ਗਈ ਹੈ। ਸਭਿਆਚਾਰ ਨਵ-ਜਾਗ੍ਰਤੀ ਅਤੇ ਕ੍ਰਾਂਤੀ ਸੰਕਲਪੀ ਸ਼ਬਦ ਹਨ ਕਿਉਂਕਿ ਸਭਿਆਚਾਰ ਮਨੁੱਖ ਦੀ ਜੀਵਨ-ਸ਼ੈਲੀ ਦਾ ਉਹ ਬੁਨਿਆਦੀ ਲੱਛਣ ਹੈ ਜੋ ਉਸ ਨੂੰ ਸਮੁੱਚੇ ਪ੍ਰਾਣੀ ਜਗਤ ਨਾਲੋਂ ਸਹਿਜੇ ਹੀ ਨਿਖੇੜ ਦਿੰਦਾ ਹੈ। ਇਹ ਮਾਨਵ ਸਿਰਜਤ ਸੰਸਾਰ ਸਭਿਆਚਾਰ ਦਾ ਸੰਸਾਰ ਹੈ। ਜਿੱਥੇ ਵਸਤੂ ਜਗਤ ਦੀ ਵਾਸਤਵਿਕਤਾ ਯਥਾਰਥ ਬਣ ਕੇ ਪੇਸ਼ ਹੁੰਦੀ ਹੈ। ਸਭਿਆਚਾਰਕ ਜੀਵ ਹੋਣ ਦੇ ਨਾਤੇ ਹੀ ਮਨੁੱਖ ਆਪਣੀ ਜ਼ਿੰਦਗੀ ਦੇ ਮੂਲ ਸਰੋਕਾਰਾਂ ਨੂੰ ਅਰਥਾਂ, ਮੁੱਲਾਂ ਅਤੇ ਆਦਰਸ਼ਾਂ ਦੇ ਰੂਪ ਵਿਚ ਅਭਿਵਿਅਕਤ ਕਰਦਾ ਹੋਇਆ ਉਸਦੇ ਅਨੁਕੂਲ ਹੀ ਆਪਣੀ ਜੀਵਨ-ਸ਼ੈਲੀ ਦਾ ਨਿਰਮਾਣ ਕਰਦਾ ਹੈ।

ਕੁਦਰਤ ਮਨੁੱਖੀ ਸਭਿਆਚਾਰ ਵਿਚ ਅਨੇਕਤਾ, ਬਹੁਰੂਪਤਾ, ਵਿਭਿੰਨਤਾ ਅਤੇ ਵੰਨਸੁਵੰਨਤਾ ਵਰਗੀਆਂ ਪ੍ਰਸਥਿਤੀਆਂ ਪੈਦਾ ਕਰਦੀ ਹੈ ਪਰੰਤੂ ਮਨੁੱਖ ਆਪਣੀ ਹਉਮੈ ਕਾਰਣ ਉਸਦੀ ਇਸ ਖ਼ੂਬਸੂਰਤੀ ਨੂੰ ਨਿਵੇਕਲਾ ਤੇ ਮਿਆਰੀ ਰੂਪ ਦੇਣ ਦੀ ਕੋਸ਼ਿਸ਼ ਕਰਦਾ ਹੈ। ਇਹ ਗੱਲ ਕੁਦਰਤੀ ਵਿਕਾਸ ਪ੍ਰਕਿਰਿਆ ਵਿਚ ਰੁਕਾਵਟ ਬਣਦੀ ਹੈ ਪਰੰਤੂ ਜੇਕਰ ਗੁਰੂ ਨਾਨਕ ਵਿਚਾਰਧਾਰਾ ਨੂੰ ਅਧਾਰ ਬਣਾ ਕੇ ਚੱਲਣ ਵਾਲੇ ਸਭਿਆਚਾਰਕ ਸੰਗਠਨ ਨੂੰ ਵਿਚਾਰੀਏ ਤਾਂ ਉਹਨਾਂ ਦੀ ਬਾਣੀ ਦਾ ਇਹ ਸੰਦੇਸ਼ ਜਾਣ ਲੈਣਾ ਚਾਹੀਦਾ ਹੈ ਕਿ ਇਹ ਸੰਗਠਨ ਇੱਕ ਅਜਿਹੀ ਵਿਵਸਥਾ ਹੈ ਜੋ

ਸਮੁੱਚੇ ਮਨੁੱਖੀ ਭਾਈਚਾਰੇ ਦਾ ਅਨਿੱਖੜਵਾਂ ਅੰਗ ਹੈ ਜੋ ਆਪਣੀ ਅੰਦਰਲੀ ਤੇ ਬਾਹਰਲੀ ਵੰਨਸੁਵੰਨਤਾ ਨਾਲ ਨਿਰੰਤਰ ਸੰਵਾਦ ਰਾਹੀਂ ਵਿਕਾਸ ਪ੍ਰਕਿਰਿਆ ਵਿਚ ਬੱਝਿਆ ਰਹਿੰਦਾ ਹੈ।

ਵਿਸ਼ਵੀਕਰਨ ਦੇ ਦੌਰ ਵਿਚ ਜਿੱਥੇ ਅਮੀਰ ਅਤੇ ਮੱਧਵਰਗ ਦੇ ਹਿੱਤ ਆਪਸ ਵਿਚ ਜੁੜ ਗਏ ਹਨ ਉੱਥੇ ਵਿਸ਼ਵ ਦੀ ਇਕ ਵੱਡੀ ਵਸੋਂ ਆਪਣੀ ਕਮਜ਼ੋਰ ਆਰਥਿਕ ਸਥਿਤੀ ਅਤੇ ਗ਼ਰੀਬੀ ਨਾਲ ਜੂਝਦੀ ਹੋਈ ਅਪਣਾ ਜੀਵਨ ਬਸਰ ਕਰ ਰਹੀ ਹੈ। ਇਸ ਦੌਰ ਵਿਚ ਇਹ ਤਿੰਨੇ ਮਨੁੱਖੀ ਵਰਗ (ਅਮੀਰ ਵਰਗ, ਮੱਧ ਵਰਗ ਤੇ ਨਿਮਨ ਵਰਗ) ਭਾਵੇਂ ਇੱਕ ਦੂਜੇ ਉੱਤੇ ਨਿਰਭਰ ਹਨ ਪਰੰਤੂ ਇਹ ਵਿਸ਼ਵੀ ਪਿੰਡ (Global Village) ਉਦੋਂ ਤੱਕ ਰਹਿਣ ਲਈ ਇਕ ਚੰਗੀ ਥਾਂ ਨਹੀਂ ਬਣਾ ਸਕਦਾ ਜਦੋਂ ਤੱਕ ਵਿਸ਼ਵ ਦਾ ਹਰ ਮਨੁੱਖ ਸੁਰੱਖਿਅਤ, ਖੁਸ਼ਹਾਲ ਅਤੇ ਸੁੱਖਮਈ ਜੀਵਨ ਨਹੀਂ ਜਿਉਂ ਸਕਦਾ। ਇਨ੍ਹਾਂ ਉਪਰੋਕਤ ਤਿੰਨੇ ਸ਼੍ਰੇਣੀਆਂ ਵਿਚ ਇਕ ਸੰਤੁਲਨ ਕਾਇਮ ਰੱਖਣ ਲਈ ਗੁਰਮਤਿ ਵਿਚਾਰਧਾਰਾ ਦਾ ਮਾਡਲ ਕਾਰਜਸ਼ੀਲ ਹੈ। ਗੁਰੂ ਨਾਨਕ ਦੀ ਵਿਚਾਰਧਾਰਾ ਇਸ ਸੰਦਰਭ ਵਿਚ ਜਿੱਥੇ ਨਵੇਂ ਵਿਸ਼ਵੀ ਸਭਿਆਚਾਰ ਦੀ ਵਿਵਸਥਾ ਦਾ ਆਦਰਸ਼ ਮਿੱਥਦੀ ਹੈ ਉੱਥੇ ਉਹਨਾਂ ਅਨੁਸਾਰ ਮਨੁੱਖੀ ਚੇਤਨਾ ਦੇ ਨਵੇਂ ਕੇਂਦਰ ਬਿੰਦੂ ਬਣਾਉਣ ਦੀ ਲੋੜ ਹੈ। ਗੁਰੂ ਨਾਨਕ ਦੇਵ ਜੀ ਜਿਸ ਸਮੇਂ ਸੰਸਾਰ ਵਿਚ ਵਿਚਰੇ ਉਸ ਸਮੇਂ ਵਿਸ਼ਵ ਪੱਧਰ ਤੇ ਤਾਂ ਕੀ ਸਗੋਂ ਭਾਰਤੀ ਸਭਿਆਚਾਰ ਦੇ ਪੱਧਰ ਤੇ ਵੀ ਕਿਸੇ ਸਮੁੱਚੇ ਸਰਬਸਾਂਝੇ ਸਭਿਆਚਾਰ ਦੇ ਸੰਕਲਪ ਦੀ ਹੋਂਦ ਵੀ ਮੌਜੂਦ ਨਹੀਂ ਸੀ। ਗੁਰੂ ਨਾਨਕ ਵਿਚਾਰਧਾਰਾ ਨੇ ਆਪਣੇ ਸਮੇਂ ਦੇ ਸਮੁੱਚੇ ਸਭਿਆਚਾਰਾਂ ਦੀ ਏਕਤਾ ਉੱਤੇ ਬਲ ਦਿੱਤਾ। ਉਹਨਾਂ ਦੀ ਇਸ ਏਕਤਾ ਦਾ ਅਧਾਰ ਉਹਨਾਂ ਦੁਆਰਾ ਵਰਤੀ ਹੋਈ ਸ਼ਬਦਾਵਲੀ ਤੇ ਬਿੰਬ ਇਕ ਸਾਂਝਾ ਸਭਿਆਚਾਰ ਪ੍ਰਸਤੁਤ ਕਰਨ ਦੀ ਅਹਿਮੀਅਤ ਰੱਖਦੇ ਹਨ।

ਗੁਰੂ ਨਾਨਕ ਬਾਣੀ ਦੀ ਸੋਚ ਇਕ ਸਰਬ ਸਾਂਝੇ ਸਭਿਆਚਾਰ ਦੀ ਸੋਚ ਦੇ ਅਨੁਸਾਰੀ ਹੈ। ਇਸ ਪ੍ਰਸੰਗ ਨੂੰ ਡਾ. ਸੁਖਵਿੰਦਰ ਕੌਰ ਬਾਜਵਾ ਨੇ ਅਪਣੇ ਵਿਚਾਰਾਂ ਰਾਹੀਂ ਪੇਸ਼ ਕੀਤਾ ਹੈ:

> ਇਹ ਆਤਮ-ਬਾਣੀ ਲੋਕ-ਪ੍ਰਿਯ ਹੈ ਜੋ ਸਭਿਆਚਾਰਕ ਪ੍ਰਸੰਗਾਂ ਵਿਚ ਢੁਕਵੇਂ ਕਥਨ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ। ਇਹ ਆਤਮਿਕ ਬਾਣੀ

ਕੇਂਦਰ ਨਿਰਪੇਖ ਹੈ। ਇਹ ਮਾਨਵ ਜਾਤੀ ਦੇ ਅਨੇਕ ਰੂਪਾਂ ਵਿਚ ਵਿਤਕਰਾ ਨਹੀਂ ਕਰਦੀ। ਸਗੋਂ ਇਕ ਸਾਂਝੇ ਸਭਿਆਚਾਰ ਵਲ ਰੁਚਿਤ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਸਭਿਆਚਾਰਕ ਧਰਾਤਲ ਤੇ ਕੋਈ ਪੱਖਪਾਤ ਨਹੀਂ, ਕੋਈ ਵਿਤਕਰਾ ਨਹੀਂ।[29]

ਗੁਰੂ ਨਾਨਕ ਦੇਵ ਜੀ ਨੇ ਸਮਾਜਿਕ ਸਭਿਆਚਾਰ ਦੀ ਸੰਗਤ ਤੇ ਪੰਗਤ ਦੇ ਸੰਕਲਪ ਨੂੰ ਪ੍ਰਸਤੁਤ ਕਰ ਕੇ, ਲੋਕ-ਰਾਜੀ ਕੀਮਤਾਂ ਦੇ ਅੰਤਰਗਤ ਸਰਬ-ਸਾਂਝੀਵਾਲਤਾ ਦੇ ਵਿਚਾਰ ਨੂੰ ਸਮਾਜਿਕ ਅਤੇ ਸਭਿਆਚਾਰਕ ਪੱਧਰ 'ਤੇ ਅਮਲੀ ਰੂਪ ਦਿੱਤਾ। ਸਰਬ ਸਾਂਝੇ ਸਭਿਆਚਾਰ ਦੀ ਸਥਾਪਨਾ ਦਾ ਵਿਚਾਰ ਉਹਨਾਂ ਦੇ ਹੇਠ ਲਿਖੇ ਵਿਚਾਰਾਂ ਤੋਂ ਭਲੀ ਭਾਂਤ ਸਪੱਸ਼ਟ ਹੋ ਜਾਂਦਾ ਹੈ:

ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥[30]

ਗੁਰੂ ਨਾਨਕ ਦੀ ਵਿਆਪਕ ਦ੍ਰਿਸ਼ਟੀ ਬ੍ਰਹਿਮੰਡ ਦੇ ਕਿਨਾਰਿਆਂ ਨੂੰ ਛੂੰਹਣ ਵਾਲੀ ਹੈ। ਉਹਨਾਂ ਨੇ ਕਿਸੇ ਕਿਸਮ ਦੀਆਂ ਹੱਦ-ਬੰਦੀਆਂ ਨੂੰ ਸਵੀਕਾਰ ਨਹੀਂ ਕੀਤਾ। ਉਹਨਾਂ ਅਨੁਸਾਰ ਸਾਰਾ ਬ੍ਰਹਿਮੰਡ ਮਨੁੱਖ ਦਾ ਹੈ। ਉਹਨਾਂ ਦਾ ਇਹ ਨੁਕਤਾ ਕੌਮਾਂਤਰੀਵਾਦ ਦੀਆਂ ਹੱਦਾਂ ਨੂੰ ਤੋੜਨ ਵਾਲਾ ਹੈ। ਕੌਮਾਂਤਰੀਵਾਦ ਕੌਮ-ਪ੍ਰਸਤੀ ਦਾ ਵਿਰੋਧ ਨਹੀਂ ਹੁੰਦਾ। ਸਗੋਂ ਸਮੁੱਚੀਆਂ ਕੌਮਾਂ ਦੇ ਸਾਂਝੇ ਸਭਿਆਚਾਰ ਦੀ ਵੱਡਮੁੱਲੀ ਵਿਰਾਸਤ ਹੁੰਦਾ ਹੈ। ਗੁਰੂ ਨਾਨਕ ਨੇ ਇੱਕ ਨਵੀਂ ਸੋਚ ਤਹਿਤ ਪਰਸਪਰ ਵੈਰ ਵਿਰੋਧ ਨੂੰ ਮਿਟਾਉਣ ਲਈ ਅੰਤਰ-ਸਭਿਆਚਾਰ ਅਤੇ ਅੰਤਰ-ਧਰਮ ਸੰਵਾਦ ਦਾ ਇੱਕ ਢੁਕਵਾਂ ਮਾਡਲ ਪੇਸ਼ ਕੀਤਾ ਹੈ। ਉਹਨਾਂ ਦੀ ਵਿਚਾਰਧਾਰਾ ਇਸ ਨਵੀਂ ਸੋਚ ਤਹਿਤ ਰਾਜਨੀਤਿਕ ਪ੍ਰਬੰਧਾਂ, ਸਮਾਜਿਕ ਸੰਸਥਾਵਾਂ, ਧਾਰਮਿਕ ਕਰਮ-ਕਾਂਡਾਂ ਅਤੇ ਸਭਿਆਚਾਰਕ ਪਰੰਪਰਾਵਾਂ ਨੂੰ ਵਿਸ਼ਵ ਪੱਧਰ ਤੇ ਮਾਨਵ ਹਿੱਤਕਾਰੀ ਬਣਾਉਣ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਗੁਰੂ ਨਾਨਕ ਦੀ ਅਧਿਆਤਮਕ ਸੋਚ ਨੂੰ ਦੋ ਪੱਧਰਾਂ ਤੇ ਵੇਖਿਆ ਜਾ ਸਕਦਾ ਹੈ ਇੱਕ ਲੌਕਿਕ ਤੇ ਦੂਜੀ ਪਾਰਲੌਕਿਕ। ਲੌਕਿਕ ਸੋਚ ਬੁਨਿਆਦੀ ਤੌਰ ਤੇ ਸਮਾਜ ਦੇ ਵਿਭਿੰਨ ਪੱਖਾਂ

ਤੋਂ ਇਲਾਵਾ ਸਭਿਆਚਾਰਕ ਪੱਖ ਨੂੰ ਵਿਸ਼ਵ ਵਿਆਪੀ ਦ੍ਰਿਸ਼ਟੀ ਤੋਂ ਵੇਖਦੀ ਹੈ। ਯਥਾਰਥ ਦਾ ਇਹ ਭਾਗ ਨਿਤ ਜੀਵਨ ਦਾ ਕਾਰ-ਵਿਹਾਰਕ ਵਿਸਤਾਰ ਹੈ ਜਿਸ ਨੂੰ ਅਸੀਂ ਤਕਨੀਕੀ ਸ਼ਬਦਾਵਲੀ ਵਿਚ ਲੌਕਿਕਤਾ ਦਾ ਨਾਮ ਦਿੰਦੇ ਹਾਂ। ਗੁਰੂ ਨਾਨਕ ਬਾਣੀ ਦਾ ਇਹ ਪ੍ਰਵਚਨ ਭਿੰਨ ਭਿੰਨ ਧਰਮਾਂ, ਫ਼ਿਰਕਿਆਂ, ਵਰਗਾਂ ਅਤੇ ਜਾਤ ਬਰਾਦਰੀਆਂ ਨੂੰ ਪਰਸਪਰ ਵੈਰ ਵਿਰੋਧ ਅਤੇ ਟਕਰਾਉ ਦਾ ਰਾਹ ਛੱਡ ਕੇ ਸਦਭਾਵਨਾ ਅਤੇ ਸਹਿਨਸ਼ੀਲਤਾ ਦਾ ਸੰਦੇਸ਼ ਦਿੰਦਾ ਹੈ ਅਤੇ ਇਹ ਪ੍ਰਵਚਨ ਵਿਭਿੰਨ ਸਭਿਆਚਾਰਕ ਪਰੰਪਰਾਵਾਂ ਦੀ ਸਾਂਤਮਈ ਹੋਂਦ ਨੂੰ ਵੀ ਸਵੀਕਾਰਦਾ ਹੈ।

### (ਖ) ਆਧੁਨਿਕ ਮਨੁੱਖ ਦਾ ਮਾਨਸਿਕ ਅਤੇ ਅਸਤਿਤਵੀ ਵਿਗਠਨ

ਮਨੁੱਖ ਦਾ ਮਾਨਸਿਕ ਅਤੇ ਅਸਤਿਤਵੀ ਵਿਗਠਨ ਸਮਾਜ ਦੇ ਸਮਾਜਿਕ ਆਰਥਿਕ, ਰਾਜਨੀਤਿਕ, ਸਭਿਆਚਾਰਕ ਅਤੇ ਧਾਰਮਿਕ ਪੱਖਾਂ ਦੇ ਬਹੁ-ਪਾਸਾਰੀ ਅਤੇ ਬਹੁ-ਪਰਤੀ ਧਾਰਨਾਵਾਂ ਅਤੇ ਪ੍ਰਸਥਿਤੀਆਂ ਨਾਲ ਜੁੜਿਆ ਹੁੰਦਾ ਹੈ। ਅਜੋਕੇ ਵਿਸ਼ਵੀਕਰਨ ਦੇ ਦੌਰ ਵਿਚ ਸਭ ਤੋਂ ਵੱਧ ਤਬਦੀਲੀ ਮੀਡੀਏ ਦੇ ਖੇਤਰ ਵਿਚ ਵਾਪਰ ਰਹੀ ਹੈ। ਅਤਿ-ਆਧੁਨਿਕ ਇਲੈਕਟਰੋਨਿਕ ਤਰੀਕਿਆਂ ਨਾਲ ਜਾਣਕਾਰੀ ਉਪਲਬਧ ਹੋ ਰਹੀ ਹੈ। ਟੈਲੀਵੀਯਨ, ਸੈਟੇਲਾਈਟ, ਕੰਪਿਊਟਰ, ਇੰਟਰਨੈੱਟ, ਮੋਬਾਈਲ ਫ਼ੋਨ ਰਾਹੀਂ ਸਾਨੂੰ ਵਿਸ਼ਵ ਪੱਧਰ ਦੀ ਜਾਣਕਾਰੀ ਹਾਸਲ ਹੋ ਰਹੀ ਹੈ, ਜਿਸ ਨਾਲ ਮਨੁੱਖੀ ਮਾਨਸਿਕਤਾ ਵਿਚ ਬਹੁਤ ਵੱਡੀ ਤਬਦੀਲੀ ਆਈ ਹੈ। ਇਸ ਵਰਤਾਰੇ ਨਾਲ ਉਸਦਾ ਅਸਤਿਤਵੀ ਵਿਗਠਨ ਹੋਣਾ ਵੀ ਕੁਦਰਤੀ ਹੈ।

ਪੂੰਜੀਵਾਦੀ ਵਿਵਸਥਾ ਤੇ ਅਧਾਰਿਤ ਅਜੋਕਾ ਮਨੁੱਖ ਵਿਸ਼ਵੀਕਰਨ ਉਪਭੋਗੀ ਸਭਿਆਚਾਰ ਤੋਂ ਪ੍ਰਭਾਵਿਤ ਹੋ ਰਿਹਾ ਹੈ। ਉਹ ਜੀਵਨ ਦੀਆਂ ਸਾਰੀਆਂ ਸਦਾਚਾਰਕ ਤੇ ਨੈਤਿਕ ਕਦਰਾਂ-ਕੀਮਤਾਂ ਨੂੰ ਭੁਲਾ ਕੇ ਕੇਵਲ ਪਦਾਰਥਕ ਦੌਲਤ ਵੱਲ ਟੇਕ ਲਗਾ ਰਿਹਾ ਹੈ ਜਿਸ ਕਾਰਣ ਉਸਦਾ ਅਸਤਿਤਵੀ ਵਿਗਠਨ ਹੋ ਰਿਹਾ ਹੈ। ਅਜੋਕਾ ਮਨੁੱਖ ਇਨ੍ਹਾਂ ਪ੍ਰਸਥਿਤੀਆਂ ਵਿਚ ਜ਼ਿੰਦਗੀ ਦੇ ਇੱਕ ਜ਼ਰੂਰੀ ਪਹਿਲੂ ਜਿਹੜਾ ਮਨੁੱਖ ਦੇ ਧਾਰਮਿਕ ਅਤੇ ਅਧਿਆਤਮਕ ਸਰੋਕਾਰਾਂ ਨਾਲ

ਅੰਤਰ-ਸੰਬੰਧਿਤ ਹੈ ਤੋਂ ਦਿਨ-ਬ-ਦਿਨ ਟੁੱਟ ਰਿਹਾ ਹੈ। ਮਨੁੱਖ ਅਤੇ ਮਸ਼ੀਨ ਵਿਚ ਕੋਈ ਫ਼ਰਕ ਨਹੀਂ ਰਹਿ ਗਿਆ। ਜਦੋਂ ਮਨੁੱਖੀ ਸਭਿਆਚਾਰ ਵਿਚ ਤਬਦੀਲੀ ਦੀ ਰਫ਼ਤਾਰ ਬਾਹਰੋਂ ਨਿਸਚਤ ਵਿਧੀਆਂ ਰਾਹੀਂ ਹੋਵੇ ਤਾਂ ਮਨੁੱਖੀ ਮਾਨਸਿਕਤਾ ਅਤੇ ਉਸਦੇ ਅਸਤਿਤਵੀ ਗਠਨ ਵਿਚ ਸੰਤੁਲਨ ਬਰਕਰਾਰ ਨਹੀਂ ਰਹਿੰਦਾ। ਇਸ ਤਰ੍ਹਾਂ ਮਨੁੱਖੀ ਜੀਵਨ ਦੀ ਸਮੁੱਚੀ ਮਾਨਸਿਕਤਾ ਦਾ ਜਿੱਥੇ ਇੱਕ ਪਾਸੇ ਵਿਕਾਸ ਹੋ ਰਿਹਾ ਹੈ ਦੂਜੇ ਪਾਸੇ ਉਸਦੇ ਅਸਤਿਤਵ ਦਾ ਲਗਾਤਾਰ ਵਿਗਠਨ ਹੋ ਰਿਹਾ ਹੈ। ਅਜੋਕਾ ਮਨੁੱਖ ਆਪਣੇ ਸਮੇਂ ਦੀ ਬੱਚਤ ਦੇ ਨਾਲ-ਨਾਲ ਆਪਣੇ ਸੁੱਖ ਆਰਾਮ, ਇੱਕ ਦੂਜੇ ਦੇ ਨਜ਼ਦੀਕ ਆਉਣ ਅਤੇ ਉਸ ਨੂੰ ਸਮਝਣ ਲਈ ਯਤਨ ਕਰ ਰਿਹਾ ਹੈ। ਇਨ੍ਹਾਂ ਪ੍ਰਸਥਿਤੀਆਂ ਵਿਚ ਉਹ ਆਪਣੇ ਉੱਤੇ ਲੱਗੀਆਂ ਪਰੰਪਰਿਕ ਰਵਾਇਤਾਂ ਜਿਵੇਂ ਧਾਰਮਿਕ, ਸਭਿਆਚਾਰਕ, ਸਮਾਜਿਕ ਆਦਿ ਪਾਬੰਦੀਆਂ ਨੂੰ ਉਲੰਘਣ ਤੋਂ ਵੀ ਗੁਰੇਜ਼ ਨਹੀਂ ਕਰ ਰਿਹਾ। ਉਦਾਹਰਣ ਵਜੋਂ ਸੂਚਨਾ ਤਕਨਾਲੋਜੀ ਵਿਚ ਆਈ ਤਬਦੀਲੀ ਨੇ ਮਨੁੱਖ ਨੂੰ ਉਸੇ ਅਨੁਸਾਰ ਸੋਚਣ ਅਤੇ ਕੰਮ ਕਰਨ ਲਈ ਮਜ਼ਬੂਰ ਕਰ ਦਿੱਤਾ ਹੈ। ਅਜੋਕਾ ਮਨੁੱਖ ਧਰਮ ਨੂੰ ਵੀ ਸੂਚਨਾ ਤਕਨਾਲੋਜੀ ਦੇ ਸੰਦਰਭ ਵਿਚ ਪ੍ਰਚਾਰ ਅਤੇ ਪ੍ਰਸਾਰ ਲਈ ਉਸਦੇ ਸਮੁੱਚੇ ਵਿਕਾਸ ਨੂੰ ਵਰਤਣ ਤੋਂ ਵੀ ਝਿਜਕ ਨਹੀਂ ਰਿਹਾ। ਅਵਾਜ਼ਾਈ ਦੇ ਨਵੇਂ ਸਾਧਨ, ਨਵੀਆਂ ਸੜਕਾਂ, ਹਵਾਈ ਯਾਤਰਾ ਆਦਿ ਦੀਆਂ ਨਵੀਆਂ ਤਕਨੀਕਾਂ ਦੇ ਵਿਕਾਸ ਨਾਲ ਮਨੁੱਖੀ ਮਾਨਸਿਕ ਸੋਚ ਦਾ ਪੱਧਰ ਵੀ ਵਿਕਸਤ ਹੋਇਆ ਹੈ। ਇਨ੍ਹਾਂ ਬਦਲਦੀਆਂ ਪ੍ਰਸਥਿਤੀਆਂ ਦੇ ਵਰਤਾਰਿਆਂ ਵਿਚ ਮਨੁੱਖ ਕਿਸ ਹੱਦ ਤੱਕ ਸੁਆਰਥੀ ਹੋ ਰਿਹਾ ਹੈ। ਅਜੋਕਾ ਮਨੁੱਖ ਇਨ੍ਹਾਂ ਸੁਆਰਥਾਂ ਕਾਰਣ ਪਰਿਵਾਰਕ ਤੇ ਸਮਾਜਿਕ ਰਿਸ਼ਤਿਆਂ ਤੋਂ ਵੀ ਟੁੱਟ ਰਿਹਾ ਹੈ। ਜਿਸਦਾ ਪ੍ਰਭਾਵ ਸਪੱਸ਼ਟ ਤੌਰ ਤੇ ਉਸਦੀ ਮਾਨਸਿਕਤਾ ਅਤੇ ਅਸਤਿਤਵੀ ਗਠਨ ਉੱਤੇ ਉਲਟ ਰੂਪ ਵਿਚ ਪੈ ਰਿਹਾ ਹੈ ਭਾਵ ਉਸਦਾ ਵਿਗਠਨ ਹੋ ਰਿਹਾ ਹੈ।

ਸਮੁੱਚੇ ਵਾਤਾਵਰਣ ਵਿਚ ਅਜੋਕੇ ਮਨੁੱਖ ਦੇ ਸਥਾਨਕ ਸਭਿਆਚਾਰ ਤੇ ਸਮਾਜਿਕ ਵਰਤਾਰਿਆਂ ਲਈ ਖਤਰਾ ਖੜ੍ਹਾ ਹੋ ਗਿਆ ਹੈ। ਉਸ ਨੂੰ ਆਪਣੇ ਮੂਲ ਬੁਨਿਆਦੀ ਅਧਾਰ ਬਚਾਉਣ ਲਈ ਵੱਖਰੀ ਤਰ੍ਹਾਂ ਦੀਆਂ ਅਜੀਬ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਵਿਸ਼ਵੀਕਰਨ ਦੇ ਇਸ ਬਦਲਦੇ ਪਰਿਪੇਖ ਵਿਚ ਜਿੱਥੇ ਮਨੁੱਖ ਕੁਝ ਅਪਣਾ ਕੇ ਤੇ ਕੁਝ ਆਪਣਾ ਗੁਆ ਕੇ ਇੱਕ ਮਿਸ਼ਰਤ ਸਭਿਆਚਾਰ ਸਿਰਜਣ ਦੇ ਰਾਹ ਪੈ ਰਿਹਾ ਹੈ, ਉੱਥੇ ਉਹ ਮਾਨਸਿਕ ਪੱਧਰ ਤੇ ਆਪਣਾ ਅਸਤਿਤਵੀ ਵਿਗਠਨ ਵੀ ਕਰ ਰਿਹਾ ਹੈ। ਵਿਗਿਆਨ ਅਤੇ ਸੂਚਨਾ ਤਕਨਾਲੋਜੀ ਦੇ ਗਿਆਨ ਨੇ ਮਨੁੱਖ ਨੂੰ ਜੋ ਕੁਝ ਵੀ ਪ੍ਰਦਾਨ ਕੀਤਾ ਹੈ ਕੀ ਉਹ ਨਿਰੰਤਰ ਇਕ ਵਹਾਅ ਦੀ ਸਥਿਤੀ ਵਿਚ ਰਹੇਗਾ ਜਾਂ ਕਿਸੇ ਖ਼ਾਸ ਪੜਾਅ ਤੇ ਜਾਕੇ ਸਥਿਰ ਹੋ ਜਾਵੇਗਾ? ਇਹ ਸੁਆਲ ਮਨੁੱਖ ਲਈ ਇੱਕ ਜਟਿਲ-ਦਵੰਧਤਾ ਦਾ ਵਿਸ਼ਾ ਬਣਿਆ ਹੋਇਆ ਹੈ ਅਤੇ ਇਹੀ ਜਟਿਲ ਦਵੰਧ ਮਨੁੱਖੀ ਮਾਨਸਿਕਤਾ ਅਤੇ ਉਸਦੇ ਅਸਤਿਤਵੀ ਵਿਗਠਨ ਦਾ ਕਾਰਣ ਬਣ ਰਿਹਾ ਹੈ।

ਉਪਰੋਕਤ ਵਿਸਥਾਰਿਤ ਚਰਚਾ ਦਾ ਸਾਰ-ਗ੍ਰਭਿਤ ਸਿੱਟਾ ਇਹ ਨਿਕਲਦਾ ਹੈ ਕਿ ਓਪਰੀ ਨਜ਼ਰੇ ਤਾਂ ਮਨੁੱਖ ਵਿਸ਼ਵ ਪੱਧਰ ਤੇ ਵਿਕਾਸ ਕਰਦਾ ਨਜ਼ਰ ਆ ਰਿਹਾ ਹੈ। ਸੂਚਨਾ ਤਕਨਾਲੋਜੀ ਦੇ ਜ਼ਰੀਏ ਉਹ ਘਰ ਬੈਠਿਆਂ ਹੀ ਵਿਸ਼ਵ ਪੱਧਰ ਦਾ ਗਿਆਨ ਹਾਸਲ ਕਰਕੇ ਆਪਣੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰ ਰਿਹਾ ਹੈ। ਇਨ੍ਹਾਂ ਰੁਚੀਆਂ ਤਹਿਤ ਉਹ ਪਦਾਰਥਕ ਦੌਲਤ ਇਕੱਠੀ ਕਰਨ ਵੱਲ ਦੌੜ ਲਗਾ ਰਿਹਾ ਹੈ। ਅੱਜ ਅਸੀਂ ਵੇਖ ਰਹੇ ਹਾਂ ਕਿ ਸਾਡੇ ਆਲੇ-ਦੁਆਲੇ ਤੇ ਹਰ ਪਾਸੇ ਹਫੜਾ-ਦਫੜੀ ਮੱਚੀ ਹੋਈ ਹੈ। ਅਜਿਹੇ ਵਾਤਾਵਰਣ ਵਿਚ ਮਨੁੱਖ ਘਬਰਾਹਟ ਤੇ ਘੁੱਟਣ ਮਹਿਸੂਸ ਕਰ ਰਿਹਾ ਹੈ। ਉਪਰੋਂ ਜੋ ਮਰਜ਼ੀ ਪਦਾਰਥਕ ਦੌਲਤ ਦਾ ਵਿਖਾਵਾ ਹੋਵੇ ਪਰੰਤੂ ਮਾਨਸਿਕ ਤੌਰ ਤੇ ਉਹ ਅੰਦਰੋਂ ਆਪਣੇ ਆਪ ਨਾਲੋਂ ਵੀ ਟੁੱਟ ਚੁੱਕਾ ਹੈ। ਅਜੋਕਾ ਵਿਸ਼ਵੀ ਮਨੁੱਖ ਤਣਾਅ ਪੂਰਵਕ ਸਥਿਤੀ ਵਿਚ ਵਿਚਰ ਰਿਹਾ ਹੈ। ਉਹ ਬੇਵੱਸ, ਲਾਚਾਰ ਅਤੇ ਦੁੱਖੀ ਵੀ ਹੈ ਪਦਾਰਥਕ ਦੌਲਤ ਦੀ ਖਿੱਚ ਤਹਿਤ ਸੁਆਰਥ ਅਤੇ ਹਉਮੈ ਵਿਚ ਅੰਨ੍ਹਾ ਹੋਇਆ ਅਜੋਕਾ ਮਨੁੱਖ ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਨਫ਼ਰਤ ਅਤੇ ਈਰਖਾ ਦੀ ਕਟਾਰ ਲੈ ਕੇ ਇਨਸਾਨੀਅਤ ਦਾ ਘਾਣ ਕਰਨ ਤੇ ਤੁਲਿਆ ਹੋਇਆ ਹੈ। ਇਨਸਾਨੀਅਤ ਇਸ ਕਦਰ ਸਿਰ ਸੁੱਟੀ ਬੈਠੀ ਹੈ ਕਿ ਉਸ ਨੂੰ ਆਪਣੀ ਸ਼ਕਤੀ ਅਤੇ ਸਮਰੱਥਾ ਤੇ ਵੀ ਵਿਸ਼ਵਾਸ ਨਹੀਂ ਰਿਹਾ।

ਅਜੋਕਾ ਮਨੁੱਖ ਕੁਦਰਤ ਅਤੇ ਇਨਸਾਨੀਅਤ ਨਾਲ ਦੁਸ਼ਮਣਾਂ ਵਾਂਗ ਵਰਤਾਉ ਕਰ ਰਿਹਾ ਹੈ। ਉਹ ਇਕ ਪਰਿਵਾਰ ਤੇ ਸਮਾਜ ਵਿਚ ਰਹਿੰਦਾ ਹੋਇਆ ਇਕ ਦੂਜੇ ਨੂੰ ਆਪਣੀ ਹਰ ਸਮੱਸਿਆ ਲਈ ਦੋਸ਼ੀ ਠਹਿਰਾ ਰਿਹਾ ਹੈ। ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਕੀ ਉਪਰੋਕਤ ਸਮੱਸਿਆਵਾਂ ਦਾ ਕੋਈ ਸਾਰਥਿਕ ਹੱਲ ਹੋ ਸਕਦਾ ਹੈ? ਇਸਦਾ ਉਤਰ ਹਾਂ-ਪੱਖੀ ਹੋ ਸਕਦਾ ਹੈ। ਉਂਝ ਤਾਂ ਵਿਸ਼ਵ ਦੇ ਸਾਰੇ ਪ੍ਰਮੁੱਖ ਧਰਮ ਮਨੁੱਖ ਨੂੰ ਕਦਰਾਂ-ਕੀਮਤਾਂ, ਸਦਾਚਾਰਕ ਤੇ ਨੈਤਿਕ ਗੁਣਾਂ ਦੀ ਸਿੱਖਿਆ ਦਿੰਦੇ ਹਨ। ਮਨੁੱਖੀ ਸ਼ਖ਼ਸੀਅਤ ਨੂੰ ਸੱਚ, ਸੰਤੋਖ, ਦਇਆ, ਪ੍ਰੇਮ, ਧੀਰਜ, ਸਹਿਨਸ਼ੀਲਤਾ, ਸੰਜਮ ਅਤੇ ਭਰਾਤਰੀਭਾਵ ਵਰਗੇ ਦੈਵੀ ਗੁਣਾਂ ਨਾਲ ਸੰਚਾਰਿਤ ਕਰਦੇ ਹਨ। ਪਰੰਤੂ ਸਾਡੇ ਸ਼ੋਧ-ਪ੍ਰਬੰਧ ਦਾ ਵਿਸ਼ਾ ਗੁਰੂ ਨਾਨਕ ਬਾਣੀ ਨਾਲ ਹੈ ਜਿਹੜੀ ਕਿ ਉਪਰੋਕਤ ਸਮੱਸਿਆਵਾਂ ਨੂੰ ਹੱਲ ਕਰਨ ਲਈ ਪੂਰਨ ਤੌਰ ਤੇ ਸਾਰਥਿਕ ਹੈ।

ਮਨੁੱਖ ਜਿਨ੍ਹਾਂ ਉਪਰੋਕਤ ਦੈਵੀ ਗੁਣਾਂ ਤੋਂ ਵਾਂਝਾ ਹੋ ਗਿਆ ਹੈ ਭਾਵ ਮਨੁੱਖ ਜੀਵਨ ਦੇ ਇਕ ਅਹਿਮ ਤੇ ਜ਼ਰੂਰੀ ਪਹਿਲੂ ਜੋ ਉਸਦਾ ਧਾਰਮਿਕ ਪੱਖ ਹੈ ਅਤੇ ਉਸਦੀ ਰੂਹ ਦੀ ਖ਼ੁਰਾਕ ਵੀ ਹੈ, ਉਸ ਨੂੰ ਪਦਾਰਥਕ ਰੁਚੀਆਂ ਤਹਿਤ ਗੁਆ ਬੈਠਾ ਹੈ। ਗੁਰੂ ਨਾਨਕ ਬਾਣੀ ਮਨੁੱਖ ਦੀ ਇਸ ਮਾਰਗ ਤੇ ਪਥ-ਪ੍ਰਦਰਸ਼ਕ ਬਣਦੀ ਹੈ ਅਤੇ ਮਨੁੱਖ ਨੂੰ ਅਗਿਅਨਤਾ, ਹਉਮੈ, ਧਰਮਾਂ, ਜਾਤਾਂ, ਅਮੀਰ-ਗ਼ਰੀਬ ਅਤੇ ਊਚ-ਨੀਚ ਦੀ ਭਾਵਨਾ, ਨਸਲਾਂ ਅਤੇ ਇਲਾਕਿਆਂ ਦੀ ਵੰਡ ਵਿਚੋਂ ਕੱਢ ਕੇ ਇੱਕ ਅਜਿਹਾ ਸਮਾਜਿਕ ਪ੍ਰਬੰਧ ਸਿਰਜਦੀ ਹੈ ਜਿਹੜਾ ਮਨੁੱਖੀ ਜ਼ਿੰਦਗੀ ਦਾ ਸਾਰਥਿਕ ਅਤੇ ਅਤਿ-ਜ਼ਰੂਰੀ ਪੱਖ ਹੈ। ਇਹ ਭਾਵਨਾ ਹੀ ਮਨੁੱਖ ਦੇ ਮਾਨਸਿਕ ਅਤੇ ਅਸਤਿਤਵ ਨੂੰ ਸਾਵਾਂ-ਪੱਧਰਾ ਕਰ ਸਕਦੀ ਹੈ।

ਗੁਰੂ ਨਾਨਕ ਬਾਣੀ ਦਾ ਰੂਹਾਨੀ ਮੁਕਤੀ-ਸਿਧਾਂਤ ਇਕ ਅਜਿਹਾ ਵਿਸ਼ਵੀ ਸਭਿਆਚਾਰਕ ਮਾਡਲ ਪ੍ਰਸਤੁਤ ਕਰਦਾ ਹੈ ਜੋ ਆਪਣੇ ਬਹੁ-ਪਰਤੀ ਅਤੇ ਬਹੁ-ਪਾਸਾਰੀ ਚੌਗਿਰਦੇ, ਜਿਸ ਵਿਚ ਮਨੁੱਖ ਦਾ ਆਪਣਾ ਭਵਿੱਖ ਵੀ ਸ਼ਾਮਲ ਹੈ, ਨਾਲ ਸੰਗਠਿਤ ਰੂਪ ਵਿਚ ਪੂਰੀ ਤਰ੍ਹਾਂ ਜੁੜਿਆ ਹੋਇਆ ਹੈ। ਗੁਰੂ ਨਾਨਕ ਬਾਣੀ ਦਾ ਮਾਡਲ ਮਨੁੱਖ ਦੀ ਰੂਹਾਨੀ ਅਜ਼ਾਦੀ ਨੂੰ ਉਸਦੇ ਸਮਾਜਿਕ,

ਆਰਥਿਕ, ਰਾਜਨੀਤਿਕ, ਸਭਿਆਚਾਰਕ, ਧਾਰਮਿਕ, ਸਦਾਚਾਰਕ ਤੇ ਨੈਤਿਕ ਪਰਿਪੇਖ ਦੀ ਗਤੀਸ਼ੀਲਤਾ ਵਿਚ ਹੀ ਦੇਖਦਾ ਹੈ। ਗੁਰੂ ਨਾਨਕ ਬਾਣੀ ਦਾ ਇਹ ਸਿਧਾਂਤਕ ਮਾਡਲ ਹੀ ਵਿਭਿੰਨ ਸਭਿਆਚਾਰਕ ਇਕਾਈਆਂ ਵਿਚਕਾਰ ਆਦਾਨ-ਪ੍ਰਦਾਨ ਅਤੇ ਸੰਵਾਦ ਨੂੰ ਉਤਸ਼ਾਹਿਤ ਕਰਦਾ ਹੋਇਆ ਇਨ੍ਹਾਂ ਦੇ ਇੱਕ ਸੰਗਠਨ ਵਿਚ ਬੱਝ ਕੇ ਮਨੁੱਖਤਾ ਦੇ ਭਲੇ ਲਈ ਸਾਂਝੇ ਤੌਰ ਤੇ ਯਤਨਸ਼ੀਲ ਹੋਣ ਨੂੰ ਹੀ ਸਹੀ ਮਾਰਗ ਮੰਨਦਾ ਹੈ। ਇਸ ਸੰਦਰਭ ਵਿਚ ਡਾ. ਸੁਖਵਿੰਦਰ ਕੌਰ ਬਾਜਵਾ ਦੇ ਵਿਚਾਰ ਇਸ ਸਥਿਤੀ ਨੂੰ ਇਸ ਤਰ੍ਹਾਂ ਸਪੱਸ਼ਟ ਕਰਦੇ ਹਨ:

> ਗੁਰੂ ਨਾਨਕ ਦੇਵ ਜੀ ਦੀ ਫਿਲਾਸਫ਼ੀ ਕੇਵਲ ਮੱਧਕਾਲੀ ਪੰਜਾਬੀ ਗੁਰਮਤਿ ਸਾਹਿਤਕ ਸਭਿਆਚਾਰਕ ਪ੍ਰਵਚਨ ਨੂੰ ਹੀ ਪੇਸ਼ ਨਹੀਂ ਕਰਦੀ ਸਗੋਂ ਇਹ ਸਮੁੱਚੀ ਭਾਰਤੀ ਸਿਰਜਣਾਤਮਕ ਪ੍ਰਕਿਰਿਆ ਨੂੰ ਪ੍ਰਤਿਬਿੰਬਤ ਕਰਕੇ ਉਸ ਨੂੰ ਗਤੀਸ਼ੀਲ ਵੀ ਕਰਦੀ ਹੈ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਆਪਣੇ ਦੌਰ ਦੀਆਂ ਧਾਰਮਿਕ, ਰਾਜਨੈਤਿਕ, ਸਭਿਆਚਾਰਕ ਅਤੇ ਮਨੁੱਖੀ ਦਮਨ ਦੇ ਮੂਲ ਸਰੋਕਾਰਾਂ ਨੂੰ ਦ੍ਰਿਸ਼ਟੀਗੋਚਰ ਕਰਦੀ ਹੋਈ ਆਪਣੀ ਬਹੁ-ਪਰਤੀ, ਬਹੁ-ਸੁਰੀ, ਸੰਵਾਦੀ ਪ੍ਰਕਿਰਤੀ ਰਾਹੀਂ ਮਨੁੱਖੀ ਹੋਂਦ ਅਤੇ ਉਸ ਨਾਲ ਜੁੜੇ ਮਸਲਿਆਂ ਅਤੇ ਸੰਦਰਭਾਂ ਦੇ ਸਮਸਿਆਕਾਰੀ ਪ੍ਰਸੰਗਾਂ ਨੂੰ ਵੀ ਰੂਪ-ਵਿਧੀ ਪ੍ਰਦਾਨ ਕਰਦੀ ਹੈ।[31]

ਗੁਰੂ ਨਾਨਕ ਬਾਣੀ ਵਿਚ ਗੁਰਮਤਿ ਵਿਚਾਰਧਾਰਾ ਨਾਲ ਸੰਬੰਧਿਤ ਲਗਭਗ ਮਨੁੱਖੀ ਜੀਵਨ ਦੇ ਸਾਰੇ ਧਰਾਤਲਾਂ ਦੀ ਮੁੱਢਲੀ ਪਰਿਭਾਸ਼ਾ ਨਿਸ਼ਚਤ ਕਰ ਦਿੱਤੀ ਹੈ। ਇਹ ਵਿਚਾਰਧਾਰਾ ਅਜੋਕੇ ਮਨੁੱਖ ਨੂੰ ਦੀਨੀ ਅਤੇ ਦੁਨਿਆਵੀ ਦੋਹਾਂ ਦਿਸ਼ਾਵਾਂ ਵਿਚ ਸੇਧ ਪ੍ਰਦਾਨ ਕਰਦੀ ਹੈ। ਦੀਨੀ ਅਤੇ ਦੁਨਿਆਵੀ ਦੋਵੇਂ ਪੱਖ ਇਕ ਦੂਜੇ ਨਾਲ ਸੰਬੰਧਿਤ ਹੀ ਨਹੀਂ ਸਗੋਂ ਇਕ ਸੰਯੁਕਤ ਸਮੁੱਚ ਦੇ ਰੂਪ ਵਿਚ ਇਕ ਦੂਜੇ ਨਾਲ ਅਭੇਦ ਵੀ ਹਨ। ਗੁਰੂ ਨਾਨਕ ਬਾਣੀ ਵਿਚ ਮਨੁੱਖੀ ਜੀਵਨ ਦੇ ਇਕ ਬਹੁਤ ਹੀ ਮਹੱਤਵਪੂਰਨ ਪੱਖ ਭਾਵ ਆਰਥਿਕਤਾ ਬਾਰੇ ਬਹੁਤ ਹੀ ਸੂਖ਼ਮ ਵਿਚਾਰ ਪੇਸ਼ ਕੀਤੇ ਗਏ

ਹਨ ਜੋ ਅਜੋਕੇ ਵਿਸ਼ਵੀ ਮਨੁੱਖ ਦੀ ਪੂਰਨ ਅਗਵਾਈ ਕਰਦੇ ਹਨ। ਇਸ ਪ੍ਰਸੰਗ ਨੂੰ ਭਾਵੇਂ ਮੱਧਕਾਲੀ ਪੰਜਾਬੀ ਸਮਾਜ ਵਿਚ ਇਕ ਉੱਚ-ਅਮੀਰ ਵਰਗ ਨਾਲ ਜੋੜਿਆ ਗਿਆ ਹੈ ਜੋ ਅਜੋਕੇ ਵਿਸ਼ਵ ਦੇ ਇਕ ਖ਼ਾਸ ਉੱਚ ਵਰਗ ਵਾਂਗ ਅਥਾਹ ਦੌਲਤ ਦੇ ਮਾਲਕ ਸਨ ਅਤੇ ਅਮੀਰੀ ਠਾਠ-ਬਾਠ ਵਾਲਾ ਜੀਵਨ ਬਸਰ ਕਰਦੇ ਸਨ ਪਰੰਤੂ ਗੁਰੂ ਨਾਨਕ ਵਿਚਾਰਧਾਰਾ ਅਨੁਸਾਰ ਸੀਮਤ ਕੁਦਰਤੀ ਵਸੀਲਿਆਂ ਦੇ ਸਿਰ ਤੇ ਅਸੀਮ ਖਪਤ ਦਾ ਵਾਧਾ ਮਨੁੱਖ ਦੀ ਸਰਬਨਾਸ਼ਮਾਨਤਾ ਵੱਲ ਰੁਚਿਤ ਹੁੰਦਾ ਹੈ। ਮਨੁੱਖੀ ਖ਼ੁਸ਼ਹਾਲੀ ਤੇ ਤਰੱਕੀ ਦਾ ਇਹ ਕੋਈ ਵਧੀਆ ਰਸਤਾ ਨਹੀਂ ਹੈ। ਉਹ ਕੋਈ ਹੋਰ ਰਸਤਾ ਹੈ ਜਿਸ ਨੂੰ ਗੁਰੂ ਨਾਨਕ ਦੇਵ ਜੀ ਦੀ ਬਾਣੀ ਢੂੰਢਣ ਦੀ ਜ਼ਰੂਰਤ ਤੇ ਬਲ ਦਿੰਦੀ ਹੈ:

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ।।
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ।।
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ।।੧।।
ਹਰਿ ਬਿਨੁ ਜੀਉ ਜਲਿ ਬਲਿ ਜਾਉ।।
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ।।੧।। ਰਹਾਉ।।
ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ।।
ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ।।
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ।।੨।।
ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ।।
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ।।
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ।।੩।।
ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ।।
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ।।

ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ।।੪।।[32]

ਗੁਰੂ ਨਾਨਕ ਦੇਵ ਜੀ ਦੇ ਉਪਰੋਕਤ ਬਾਣੀ-ਸ਼ਬਦ ਦੇ ਪ੍ਰਵਚਨ ਤੋਂ ਇਹ ਗਿਆਨ ਹੋ ਜਾਂਦਾ ਹੈ ਕਿ ਉਹਨਾਂ ਦੇ ਤੱਤਕਾਲੀਨ ਅਮੀਰ-ਵਰਗ ਵਿਚ ਅਜੋਕੇ ਵਿਸ਼ਵੀ ਅਮੀਰ ਵਰਗ ਵਾਂਗ ਦੌਲਤ ਨੂੰ ਇਕੱਠਿਆਂ ਕਰਨ ਦੀ ਰੁਚੀ ਵਿਦਮਾਨ ਸੀ। ਅਜੋਕੇ ਡੇਰੇਦਾਰ ਬਾਬਿਆਂ ਵਾਂਗ ਸਿਧਾਂ/ਨਾਥਾਂ/ਜੋਗੀਆਂ ਵਿਚ ਮਾਇਆ ਇਕੱਤਰ ਕਰਨ ਦੀ ਪ੍ਰਬਲ ਤ੍ਰਿਸ਼ਨਾ ਸੀ। ਅਜੋਕੇ ਲੋਕਤੰਤਰੀ ਪ੍ਰਬੰਧ ਦੇ ਅੰਤਰਗਤ ਰਾਜਨੀਤਿਕਾਂ ਵਾਂਗ ਰਾਜੇ-ਸੁਲਤਾਨਾ ਵਿਚ ਸੱਤਾ ਦੇ ਬਲਬੂਤੇ ਅਸੀਮ ਤਾਕਤ ਹਾਸਲ ਕਰਨ ਦੀ ਰੁਚੀ ਵੀ ਮਾਇਆਗ੍ਰਸਤ ਜੀਵਨ ਵੱਲ ਪ੍ਰੇਰਿਤ ਸੀ। ਗੁਰੂ ਨਾਨਕ ਬਾਣੀ-ਸ਼ਬਦ ਦੇ ਉਪਰੋਕਤ ਪ੍ਰਵਚਨ ਨੂੰ ਰੂਪਮਾਨ ਕਰਨ ਵਾਲੇ ਪ੍ਰਗਟਾਅ-ਢੰਗ ਰਾਹੀਂ ਇਸ ਵਰਤਾਰੇ ਦੇ ਕੇਂਦਰੀਕ੍ਰਿਤ ਸੱਚ ਨੂੰ ਅਲੋਚਨਾ ਦੇ ਖੇਤਰ ਵਿਚ ਲਿਆ ਕੇ ਉਹ ਮਨੁੱਖੀ ਆਦਰਸ਼ਾਂ ਦਾ ਉਸ ਤੋਂ ਨਿਵੇਕਲਾ ਅਤੇ ਵਡੇਰਾ ਘੇਰਾ ਅਖਤਿਆਰ ਕਰ ਲੈਂਦੇ ਹਨ। ਗੁਰੂ ਸਾਹਿਬ ਅਮੀਰ-ਵਰਗ ਵਿਚ ਕੇਂਦਰੀਕ੍ਰਿਤ ਆਰਥਿਕ ਪੱਖ ਦੀ ਸੱਚਾਈ ਨੂੰ ਲੌਕਿਕ ਸੰਦਰਭਾਂ ਰਾਹੀਂ ਪੇਸ਼ ਕਰਕੇ ਅਲੌਕਿਕ ਸੰਦਰਭਾਂ ਵਿਚ ਬਿਆਨ ਕਰ ਦਿੰਦੇ ਹਨ।

ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਬਾਣੀ ਵਿਚ ਮਨੁੱਖੀ ਮਾਨਸਿਕਤਾ ਦੇ ਇਕ ਮਹੱਤਵਪੂਰਨ ਆਰਥਿਕ ਪਰਿਪੇਖ ਦੇ ਮੁੱਦਿਆਂ ਅਤੇ ਵਿਰੋਧਾਂ ਸੰਬੰਧੀ ਚੇਤਨਾ, ਵਿਸ਼ਵੀ ਮਨੁੱਖ ਦੇ ਭਲੇ ਨੂੰ ਧਿਆਨ ਵਿਚ ਵਿਚ ਰੱਖ ਕੇ ਨਿੱਜੀ ਆਰਥਿਕ-ਖੁਸ਼ਹਾਲੀ ਲਈ ਕੀਤੇ ਗਏ ਸੰਕੇਤ ਸਪੱਸ਼ਟ ਤੌਰ ਤੇ ਮਾਨਵਵਾਦੀ ਅਤੇ ਮਾਨਵੀ ਸਿਧਾਂਤਾਂ ਦੇ ਧਰਾਤਲ ਤੇ ਖੜ੍ਹੇ ਹੋਣ ਕਾਰਣ, ਸਮੂਹ ਵਿਸ਼ਵੀ ਸਮਾਜ ਦੇ ਹਿੱਤਾਂ ਵਿਚ ਭੁਗਤਦੇ ਹਨ। ਗੁਰੂ ਨਾਨਕ ਬਾਣੀ ਧਰਮ, ਨੈਤਿਕ ਮੁੱਲਾਂ ਜਿਵੇਂ ਨਿਮਰਤਾ, ਨਿਰਵੈਰਤਾ, ਸਾਂਝੀਵਾਲਤਾ, ਦਇਆ, ਸਬਰ, ਸੰਤੋਖ ਸੰਜਮਤਾ, ਮਿੱਠਾ ਬੋਲਣਾ, ਊਚ-ਨੀਚ ਤੋਂ ਦੂਰ ਤੇ ਸਮਦ੍ਰਿਸ਼ਟਤਾ ਵਰਗੇ ਸਮੁੱਚੇ ਗੁਣਾਂ ਦੇ ਸੁਮੇਲ ਦਾ ਜੋੜ ਹੈ ਜਿਨ੍ਹਾਂ ਨੂੰ ਅਪਣਾ ਕੇ ਅਜੋਕਾ ਮਨੁੱਖ ਸਰਬ-ਪੱਖੀ ਆਤਮਿਕ ਗੁਣਾਂ ਸਮੇਤ ਵਿਕਾਸ ਕਰ ਸਕਦਾ ਹੈ ਅਤੇ ਉਹ ਮਾਨਸਿਕ ਅਤੇ ਅਸਤਿਤਵੀ ਵਿਗਠਨ ਤੋਂ ਛੁਟਕਾਰਾ ਪਾ ਸਕਦਾ ਹੈ।

# ਹਵਾਲੇ ਅਤੇ ਟਿੱਪਣੀਆਂ


1. *ਗੁਰੂ ਗ੍ਰੰਥ ਸਾਹਿਬ*, ਪੰਨਾ 611
2. ਉਹੀ, ਪੰਨਾ 96
3. ਉਹੀ, ਪੰਨਾ 1
4. ਉਹੀ, ਪੰਨਾ 8
5. ਉਹੀ, ਪੰਨਾ 222
6. ਉਹੀ, ਪੰਨਾ 25
7. ਉਹੀ, ਪੰਨਾ 940
8. ਉਹੀ, ਪੰਨਾ 876
9. ਉਹੀ, ਪੰਨਾ 25
10. ਉਹੀ, ਪੰਨਾ 154
11. ਉਹੀ, ਪੰਨਾ 4
12. ਰਾਏ ਜਸਬੀਰ ਸਿੰਘ (ਸੰਪਾਦਕ), *ਗੁਰੂ ਨਾਨਕ ਬਾਣੀ ਤੇ ਵਿਚਾਰਧਾਰਾ*, ਪੰਨਾ 57
13. ਉਹੀ, ਪੰਨਾ 58
14. ਉਹੀ, ਪੰਨਾ 1035
15. ਉਹੀ, ਪੰਨਾ 1037
16. ਉਹੀ, ਪੰਨਾ 1036
17. ਗੁਰਸ਼ਰਨਜੀਤ ਸਿੰਘ, *ਗੁਰੂ ਨਾਨਕ ਬਾਣੀ ਦਾ ਸਮਾਜ-ਸ਼ਾਸਤਰੀ ਪਰਿਪੇਖ*, ਪੰਨਾ 25
18. *ਗੁਰੂ ਗ੍ਰੰਥ ਸਾਹਿਬ*, ਪੰਨਾ 464

19. ਉਹੀ, ਪੰਨਾ 581

20. ਉਹੀ, ਪੰਨਾ 1

21. ਉਹੀ, ਪੰਨਾ 151

22. ਉਹੀ, ਪੰਨਾ 596

23. ਉਹੀ, ਪੰਨਾ 88

24. ਉਹੀ, ਪੰਨਾ 162

25. ਉਹੀ, ਪੰਨਾ 1245

26. ਉਹੀ, ਪੰਨਾ 4

27. ਉਹੀ, ਪੰਨਾ 62

28. ਉਹੀ, ਪੰਨਾ 151

29. ਡਾ. ਸੁਖਵਿੰਦਰ ਕੌਰ ਬਾਜਵਾ, ***ਉੱਤਰ ਆਧੁਨਿਕਤਾਵਾਦ ਅਤੇ ਗੁਰਬਾਣੀ***, ਪੰਨਾ 136

30. ***ਗੁਰੂ ਗ੍ਰੰਥ ਸਾਹਿਬ***, ਪੰਨਾ 663

31. ਡਾ. ਸੁਖਵਿੰਦਰ ਕੌਰ ਬਾਜਵਾ, ***ਉੱਤਰ ਆਧੁਨਿਕਤਾਵਾਦ ਅਤੇ ਗੁਰਬਾਣੀ***, ਪੰਨਾ 115-116

32. ***ਗੁਰੂ ਗ੍ਰੰਥ ਸਾਹਿਬ***, ਪੰਨਾ 14

ਅਧਿਆਇ ਤੀਜਾ

# ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਵਿਚ ਆਸਾ ਦੀ ਵਾਰ ਦੇ ਮੂਲ ਸਰੋਕਾਰਾਂ ਦੀ ਸਾਰਥਿਕਤਾ

ਅਧਿਆਇ ਤੀਜਾ

# ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਵਿਚ ਆਸਾ ਦੀ ਵਾਰ ਦੇ ਮੂਲ ਸਰੋਕਾਰਾਂ ਦੀ ਸਾਰਥਿਕਤਾ

ਗੁਰਬਾਣੀ ਵਗਦੇ ਹੋਏ ਦਰਿਆ ਦੇ ਨਿਰਮਲ ਪਾਣੀਆਂ ਦਾ ਅਜਿਹਾ ਅਨੰਤ ਪ੍ਰਵਾਹ ਹੈ ਜਿਸ ਪ੍ਰਵਾਹ ਦੀ ਦਿਸ਼ਾ ਨੂੰ ਜੇਕਰ ਮਨੁੱਖ ਆਪਣੀ ਵਾਸਤਵਿਕ ਜ਼ਿੰਦਗੀ ਵਿਚ ਸਦਾ ਲਈ ਦਿਸ਼ਾ ਨਿਰਦੇਸ਼ਕ ਬਣਾ ਲਵੇ ਤਾਂ ਉਹ ਰੂਹਾਨੀਅਤ ਦੇ ਅਗੰਮੀ ਅਨੰਦ ਨੂੰ ਮਾਣਦਾ ਹੋਇਆ ਮਨੁੱਖਤਾ ਦੀ ਸੇਵਾ ਵਿਚ ਆਪਣਾ ਜੀਵਨ ਲੇਖੇ ਲਗਾ ਜਾਂਦਾ ਹੈ। 'ਆਸਾ ਦੀ ਵਾਰ' ਗੁਰੂ ਨਾਨਕ ਦੇਵ ਜੀ ਦੀ ਇੱਕ ਅਜਿਹੀ ਉਤਕ੍ਰਿਸ਼ਟ ਰਚਨਾ ਹੈ ਜਿਸਨੂੰ ਗੁਰੂ ਸਾਹਿਬ ਨੇ ਉਚਾਰ ਕੇ ਮਨੁੱਖੀ ਜੀਵਨ ਦੇ ਧੁੰਧਲੇਪਣ ਨੂੰ ਦੂਰ ਕਰਨ ਵਿਚ ਆਪਣਾ ਯੋਗਦਾਨ ਹੀ ਨਹੀਂ ਪਾਇਆ ਸਗੋਂ ਇਹ ਬਾਣੀ ਅਨੰਤਕਾਲ ਤੱਕ ਸਮੁੱਚੀ ਮਾਨਵਤਾ ਨੂੰ ਉਸਦੇ ਸਚਿਆਰ ਜੀਵਨ ਦੀ ਘਾੜ੍ਹਤ ਲਈ ਸਹੀ ਮਾਰਗ-ਦਰਸ਼ਨ ਕਰਨ ਵੱਲ ਪ੍ਰੇਰਿਤ ਕਰਦੀ ਰਹੇਗੀ। ਡਾ. ਸੁਖਵਿੰਦਰ ਕੌਰ ਬਾਜਵਾ ਦੇ ਸ਼ਬਦਾਂ ਵਿਚ:

> ਆਸਾ ਦੀ ਵਾਰ ਦਾ ਭਾਵ ਇਕ ਉਮੀਦ (ਆਸ) ਦੀ ਗਾਥਾ ਤੋਂ ਹੈ ਜੋ ਕਿ ਸਿੱਖ ਧਰਮ ਦੀ ਇਕ ਮੂਲ ਧਾਰਮਿਕ ਬਾਣੀ ਹੈ।[1]

'ਆਸਾ ਦੀ ਵਾਰ' ਵਿਚਲੀ ਗੁਰੂ ਨਾਨਕ ਵਿਚਾਰਧਾਰਾ ਤੋਂ ਇਹ ਜਾਣਿਆ ਜਾ ਸਕਦਾ ਹੈ ਕਿ ਕੋਈ ਵੀ ਸਮਾਜ, ਰਾਜਸੀ ਸੱਤਾ ਜਾਂ ਧਰਮ ਅਤੇ ਧਾਰਮਿਕ ਸੰਸਥਾਵਾਂ ਆਮ ਮਨੁੱਖਾਂ ਰਾਹੀਂ ਨਹੀਂ ਚਲਾਈਆਂ ਜਾ ਸਕਦੀਆਂ ਸਗੋਂ ਵਿਸ਼ੇਸ਼ ਸਚਿਆਰ ਸ਼ਖ਼ਸ਼ੀਅਤਾਂ ਹੀ ਅਜਿਹੇ ਮਹਾਨ ਕਾਰਜ ਕਰ ਸਕਦੀਆਂ ਹਨ। ਕੇਵਲ ਅਜਿਹੇ ਆਗੂਆਂ ਦੀ ਹੀ ਨਹੀਂ ਸਗੋਂ ਵਿਸ਼ਵ ਸਮਾਜ ਦੇ ਹਰ ਵਿਅਕਤੀ ਦੀ ਸ਼ਖ਼ਸ਼ੀਅਤ ਸਿਰਜਣਾ 'ਆਸਾ ਦੀ ਵਾਰ' ਵਿਚਲੇ ਉੱਚ ਪੱਧਰੇ ਸਰੋਕਾਰਾਂ ਦੇ ਸਾਂਚੇ

ਵਿਚ ਢਲੀ ਹੋਣੀ ਲਾਜ਼ਮੀ ਹੈ। ਇਸ ਭਾਵਨਾ ਨੂੰ ਡਾ. ਸੁਖਵਿੰਦਰ ਕੌਰ ਬਾਜਵਾ ਨੇ ਇਸ ਤਰ੍ਹਾਂ ਪ੍ਰਗਟਾਇਆ ਹੈ:

> ਆਸਾ ਦੀ ਵਾਰ ਵਿੱਚ ਗੁਰੂ ਨਾਨਕ ਦੇਵ ਜੀ ਨੇ ਤਤਕਾਲੀਨ ਸਮਾਜਿਕ ਤਰੁਟੀਆਂ, ਜਿਹਨਾਂ ਦਾ ਉਸ ਵੇਲੇ ਦੇ ਰਾਜਨੀਤਿਕ ਤੇ ਸਮਾਜਿਕ ਪ੍ਰਬੰਧ ਵਿਚ ਜ਼ਿਕਰ ਕਰਨਾ ਅਤਿ ਕਠਿਨ ਤੇ ਜੋਖ਼ਮ ਭਰਿਆ ਸੀ, ਨੂੰ ਸਮਾਜ ਸਾਹਮਣੇ ਜ਼ੋਰਦਾਰ ਭਾਵਨਾ ਨਾਲ ਪੇਸ਼ ਕੀਤਾ।[2]

ਸਮੁੱਚੀ ਵਿਸ਼ਵ ਬੌਧਿਕਤਾ ਲਈ ਗੁਰੂ ਨਾਨਕ ਦਾ ਇਕ ਵਿਸ਼ੇਸ਼ ਪੈਗ਼ਾਮ ਇਹ ਹੈ ਕਿ ਇਨਸਾਨ ਜਿੰਨਾ ਮਰਜ਼ੀ ਵੱਡਾ ਵਿਦਵਾਨ ਕਿਉਂ ਨਾ ਬਣ ਜਾਵੇ ਪਰੰਤੂ ਜੇਕਰ ਉਸਦੇ ਪੱਲੇ ਮਨੁੱਖਤਾ ਨੂੰ ਦੇਣ ਲਈ ਸੱਚ ਨਹੀਂ ਹੈ ਤਾਂ ਉਸਦਾ ਗਿਆਨ ਅਤੇ ਇਸ ਸੰਬੰਧੀ ਕੀਤੇ ਯਤਨ ਵਿਅਰਥ ਹੀ ਸਮਝੇ ਜਾਣਗੇ। ਇਸੇ ਲਈ ਗੁਰੂ ਨਾਨਕ 'ਆਸਾ ਦੀ ਵਾਰ' ਵਿਚ ਸੱਚ ਵਿਹੂਣੇ ਗਿਆਨ ਉਪਦੇਸ਼ਕ ਉੱਤੇ ਵਾਰ ਵਾਰ ਵਿਅੰਗ ਕਰਦੇ ਹਨ। ਗੁਰੂ ਨਾਨਕ ਸੱਚ ਅਤੇ ਝੂਠ ਦਾ ਮਾਨਵੀ ਰਿਸ਼ਤਿਆਂ ਅਤੇ ਉਹਨਾਂ ਦੇ ਸੁਭਾਅ ਉੱਤੇ ਪੈਣ ਵਾਲੇ ਪ੍ਰਭਾਵ ਦਾ ਨਿਤਾਰਾ ਕਰਦੇ ਹੋਏ ਮਨੁੱਖ ਦੀ ਇਸ ਪੱਖ ਤੋਂ ਅਗਵਾਈ ਕਰਦੇ ਹਨ ਕਿ ਉਹ ਝੂਠ ਉੱਤੇ ਸੱਚ ਦੀ ਜਿੱਤ ਕਿਵੇਂ ਪ੍ਰਾਪਤ ਕਰ ਸਕਦਾ ਹੈ? ਸੰਸਾਰੀ ਅਮੀਰੀ ਜਾਂ ਰੁਤਬੇ ਦੀ ਪ੍ਰਾਪਤੀ ਸੱਚ ਨਹੀਂ ਹੈ ਸਗੋਂ ਗੁਰੂ ਨਾਨਕ ਸੱਚ ਉਸਨੂੰ ਮੰਨਦੇ ਹਨ ਜੋ ਪਰਮਾਤਮਾ ਦੇ ਸਹਿਜ ਨਾਮ ਸਿਮਰਨ ਵਜੋਂ ਸੰਸਾਰ ਵਿਚ ਸਹਿਜਤਾ ਵਾਲਾ ਜੀਵਨ ਜਿਉਂਦਾ ਹੈ। ਉਹਨਾਂ ਦੀ ਵਿਚਾਰਧਾਰਾ ਅਜਿਹੀ ਜੀਵਨ-ਜਾਚ ਨੂੰ ਸੁਹਜਮਈ ਗਤੀ ਤੇ ਸੇਧ ਪ੍ਰਦਾਨ ਕਰਦੀ ਹੈ ਤੇ ਮਨੁੱਖੀ ਸ਼ਖ਼ਸੀਅਤ ਨੂੰ ਸਚਿਆਰਤਾ ਦੇ ਮਾਰਗ ਤੇ ਤੋਰਦੀ ਹੋਈ ਸਮੁੱਚੀ ਮਾਨਵਤਾ ਨੂੰ ਦੁਨਿਆਵੀ ਉਲਝਣਾਂ ਵਿਚੋਂ ਕੱਢ ਕੇ ਸਦਾਚਾਰਕਤਾ ਦੇ ਸੁਮਾਰਗ ਤੇ ਚੱਲਣ ਦੀ ਪ੍ਰੇਰਨਾ ਦਿੰਦੀ ਹੈ।

'ਆਸਾ ਦੀ ਵਾਰ' ਵਿਚਲੀ ਗੁਰੂ ਨਾਨਕ ਵਿਚਾਰਧਾਰਾ ਅਜਿਹੇ ਸਰੇਸ਼ਟ ਵਿਚਾਰਾਂ ਨਾਲ ਓਤਪੋਤ ਹੈ ਜੋ ਆਪਣੇ ਆਪ ਨਾਲੋਂ ਟੁੱਟੇ ਹੋਏ ਮਨੁੱਖ ਨੂੰ ਉਸਦੇ ਆਪੇ ਨਾਲ ਜੋੜਦੀ ਹੋਈ ਉਸਨੂੰ

ਆਪੇ ਦੀ ਪਛਾਣ ਕਰਵਾ ਕੇ ਸਵੈ ਗਿਆਨ, ਮਨੁੱਖ ਦੀ ਸਮਾਜਿਕ ਹੋਂਦ, ਮਨੁੱਖ ਅਤੇ ਮਨੁੱਖੀ ਅਧਿਕਾਰ ਅਤੇ ਮਨੁੱਖ ਦੇ ਸਮੁੱਚੇ ਮਾਨਵੀ ਧਰਮ ਬਾਰੇ ਹਰ ਪੱਖ ਤੋਂ ਸੋਝੀ ਕਰਵਾਉਂਦੀ ਹੈ। ਇਸ ਹਥਲੇ ਅਧਿਆਇ ਵਿਚ ਅਸੀਂ ਇਨ੍ਹਾਂ ਉਪਰੋਕਤ ਸਰੋਕਾਰਾਂ ਨੂੰ ਜਿਹੜੇ ਸਮੁੱਚੀ ਮਾਨਵਤਾ ਨਾਲ ਸੰਬੰਧਿਤ ਹਨ 'ਆਸਾ ਦੀ ਵਾਰ' ਵਿਚਲੀ ਵਿਚਾਰਧਾਰਾ ਦੇ ਸੰਦਰਭ ਵਿਚ ਵਿਚਾਰਨ ਦੀ ਕੋਸ਼ਿਸ਼ ਕਰਾਂਗੇ।

## (ੳ) ਮਨੁੱਖ ਦੀ ਸਮਾਜਿਕ ਹੋਂਦ ਦਾ ਮਹੱਤਵ

ਆਮ ਕਿਹਾ ਜਾਂਦਾ ਹੈ ਕਿ ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਵਾਸਤਵ ਵਿਚ ਮਨੁੱਖਾਂ ਦਾ ਸਮੂਹ ਹੀ ਸਮਾਜ ਹੈ। ਹਰ ਮਨੁੱਖ ਕਿਸੇ ਸਮਾਜਿਕ ਭਾਈਚਾਰੇ ਵਿਚ ਰਹਿ ਕੇ ਆਪਣਾ ਜੀਵਨ ਸਫ਼ਲਤਾ ਪੂਰਵਕ ਬਤੀਤ ਕਰ ਸਕਦਾ ਹੈ। ਮਨੁੱਖ ਦਾ ਜਨਮ ਅਤੇ ਵਿਕਾਸ ਸਮਾਜਿਕ ਪ੍ਰਕਿਰਿਆ ਤੇ ਹੀ ਨਿਰਭਰ ਕਰਦਾ ਹੈ। ਮਨੁੱਖ ਇਕੱਲਾ ਰਹਿ ਕੇ ਆਪਣੇ ਜੀਵਨ ਦਾ ਨਿਰਬਾਹ ਨਹੀਂ ਕਰ ਸਕਦਾ। ਉਸਨੂੰ ਸਮਾਜ ਨਾਲ ਮਿਲ ਕੇ ਹੀ ਆਪਣਾ ਜੀਵਨ ਬਿਤਾਉਣਾ ਪੈਂਦਾ ਹੈ।

ਇਸ ਤਰ੍ਹਾਂ ਮਨੁੱਖ ਅਤੇ ਸਮਾਜ ਦਾ ਰਿਸ਼ਤਾ ਅਟੁੱਟ ਹੈ। ਸਮਾਜਿਕ ਚੌਗਿਰਦਾ ਮਨੁੱਖ ਨੂੰ ਸਮਾਜਿਕ, ਧਾਰਮਿਕ, ਰਾਜਨੀਤਿਕ, ਆਰਥਿਕ ਅਤੇ ਸਭਿਆਚਾਰਕ ਪੱਖੋਂ ਪ੍ਰਭਾਵਿਤ ਕਰਦਾ ਹੈ। 'ਆਸਾ ਦੀ ਵਾਰ' ਅਜਿਹੀ ਸਮਾਜਿਕ ਸਿਖਿਆ ਨਾਲ ਓਤਪੋਤ ਰਚਨਾ ਹੈ ਜਿਸ ਤੋਂ ਸਮਾਜ ਨੂੰ ਸਹੀ ਸੇਧ ਮਿਲ ਸਕਦੀ ਹੈ। ਗੁਰੂ ਨਾਨਕ ਨੇ ਤੱਤਕਾਲੀਨ ਸਮਾਜਿਕ ਸਥਿਤੀ ਨੂੰ ਬੜੀ ਗੰਭੀਰਤਾ ਤੇ ਪੜਚੋਲਵੀਂ ਦ੍ਰਿਸ਼ਟੀ ਨਾਲ ਵੇਖਿਆ। ਜੇ. ਐਸ. ਗਰੇਵਾਲ ਅਨੁਸਾਰ:

> ਗੁਰੂ ਜੀ ਦੀ ਸਮਾਜਿਕ ਘੋਖ ਬੜੀ ਵਿਸਤਰਿਤ ਅਤੇ ਵਿਆਪਕ ਸੀ।[3]

ਅਸਲ ਵਿਚ ਗੁਰੂ ਨਾਨਕ ਦੇਵ ਜੀ ਦੇ ਸਮੇਂ ਸੰਨਿਆਸੀਆਂ, ਜੋਗੀਆਂ, ਬ੍ਰਹਮਚਾਰੀਆਂ, ਤਿਆਗੀਆਂ, ਸਾਧੂਆਂ ਆਦਿ ਦਾ ਬਹੁਤ ਬੋਲਬਾਲਾ ਸੀ। ਇਹ ਲੋਕ ਭਾਂਜਵਾਦ ਰੁਚੀਆਂ ਤਹਿਤ ਇਕ ਪਾਸੇ ਤਾਂ ਸਮਾਜ ਤੋਂ ਟੁੱਟ ਚੁੱਕੇ ਸਨ ਅਤੇ ਦੂਜੇ ਪਾਸੇ ਸਮਾਜ ਤੋਂ ਮੰਗ ਕੇ ਗੁਜ਼ਾਰਾ ਕਰਦੇ

ਸਨ। ਭਾਈ ਗੁਰਦਾਸ ਅਨੁਸਾਰ ਗੁਰੂ ਨਾਨਕ ਨੇ ਸਮਾਜ ਤੋਂ ਭੱਜੇ ਹੋਏ ਲੋਕਾਂ ਨੂੰ ਸਿੱਧੇ ਸ਼ਬਦਾਂ ਵਿਚ ਲਾਅਨਤ ਪਾਈ:

ਨਾਨਕ ਆਖੇ ਭੰਗਰਿਨਾਥ ਤੇਰੀ ਮਾਉ ਕੁਚਜੀ ਆਹੀ।
ਭਾਂਡਾ ਧੋਇ ਨ ਜਾਤਿਓਨਿ ਭਾਇ ਕੁਚਜੇ ਫੁਲੁ ਸੜਾਈ।
ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ ਉਨਹੂ ਕੇ ਘਰਿ ਮੰਗਣਿ ਜਾਈ।
ਬਿਨੁ ਦਿਤੇ ਕਛੁ ਹਥਿ ਨਾ ਆਈ।[4]

ਗੁਰੂ ਨਾਨਕ ਦੇ ਦ੍ਰਿਸ਼ਟੀਕੋਣ ਅਨੁਸਾਰ ਸਮਾਜ ਧਰਮ ਦਾ ਇਕ ਹਿੱਸਾ ਹੈ। ਇਹਨਾਂ ਉਪਰੋਕਤ ਅਖਾਉਤੀ ਧਾਰਮਿਕ ਆਗੂਆਂ ਨੂੰ ਗੁਰੂ ਨਾਨਕ ਨੇ ਇਹੀ ਸਿਖਿਆ ਦਿੱਤੀ ਕਿ ਉਹਨਾਂ ਨੂੰ ਸਮਾਜਿਕ ਸਮੱਸਿਆਵਾਂ ਤੋਂ ਮੂੰਹ ਨਹੀਂ ਮੋੜਨਾ ਚਾਹੀਦਾ। 'ਆਸਾ ਦੀ ਵਾਰ' ਵਿਚ ਸਮਕਾਲੀਨ ਸਮਾਜ ਦੀ ਗਿਰਾਵਟ ਦਾ ਬਹੁ-ਪਰਿਪੇਖੀ ਵਰਨਣ ਹੋਇਆ ਮਿਲਦਾ ਹੈ। ਜਿਸ ਸਮਾਜ ਵਿਚ ਪਾਪ, ਕੂੜ ਜਾਂ ਝੂਠ, ਰਿਸ਼ਵਤਖ਼ੋਰੀ ਆਦਿ ਦੀ ਪ੍ਰਧਾਨਤਾ ਹੋਵੇ। ਆਮ ਜਨਤਾ ਨੂੰ ਕੋਈ ਵੀ ਸਹੀ ਰਾਹ ਵਿਖਾਉਣ ਵਾਲਾ ਨਾ ਹੋਵੇ ਇਨ੍ਹਾਂ ਸਮਾਜਿਕ ਕੁਰੀਤੀਆਂ (ਐਬਾਂ) ਦੇ ਕਾਰਨ ਤੱਤਕਾਲੀਨ ਸਮਾਜਿਕ ਦਸ਼ਾ ਨੂੰ ਸਮਝਣ ਵਿਚ ਦੇਰ ਨਹੀਂ ਲੱਗਦੀ। ਗੁਰੂ ਨਾਨਕ ਦੇਵ ਜੀ ਦੇ ਵੇਲੇ ਪੰਜਾਬ ਦੀ ਧਰਤੀ ਤੇ ਲੋਧੀਆਂ/ਮੁਗਲਾਂ ਦਾ ਰਾਜ ਸੀ। ਇਹਨਾਂ ਦੀਆਂ ਦਮਨਕਾਰੀ ਨੀਤੀਆਂ ਕਾਰਨ ਆਮ ਜਨਤਾ ਅਤਿਅੰਤ ਦੁਖਾਂਤਮਈ ਜੀਵਨ ਭੋਗ ਰਹੀ ਸੀ। ਗੁਰੂ ਨਾਨਕ ਨੇ ਸਮਾਜਿਕ ਆਗੂਆਂ ਜਿਵੇਂ ਵਜ਼ੀਰ/ਦੀਵਾਨ, ਚੌਧਰੀ/ਨੰਬਰਦਾਰ ਅਤੇ ਨਾਇਬ ਆਦਿ ਨੂੰ ਤੱਤਕਾਲੀਨ ਸਮਾਜਿਕ ਸਥਿਤੀ ਦੇ ਸੰਦਰਭ ਵਿਚ ਹਰ ਪੱਖ ਤੋਂ ਪੜਚੋਲਵੀਂ ਨਜ਼ਰ ਨਾਲ ਘੋਖਿਆ, ਪਰਖਿਆ ਅਤੇ ਸੂਖ਼ਮ ਅਧਿਐਨ ਰਾਹੀਂ ਜੀਵਨ ਦੀ ਵਿਆਪਕ ਦ੍ਰਿਸ਼ਟੀ ਨੂੰ ਲੋਕਾਈ ਅੱਗੇ ਦ੍ਰਿਸ਼ਟੀਗੋਚਰ ਕਰਕੇ ਉਹਨਾਂ ਦੇ ਵਾਸਤਵਿਕ ਕਿਰਦਾਰ ਨੂੰ ਨਿਮਨ ਲਿਖਤ ਸ਼ਬਦਾਂ ਰਾਹੀਂ ਇਸ ਤਰ੍ਹਾਂ ਪੇਸ਼ ਕੀਤਾ ਹੈ:

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥

ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥

ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰ॥[5]

'ਆਸਾ ਦੀ ਵਾਰ' ਵਿਚ ਗੁਰੂ ਸਾਹਿਬ ਨੇ ਵਿਸ਼ਵ ਪੱਧਰ ਤੇ ਇਕ ਆਦਰਸ਼ ਸਮਾਜ ਦੀ ਸੱਤਾ, ਆਦਰਸ਼ ਆਗੂਆਂ ਦੀ ਲੋੜ ਅਤੇ ਉਹਨਾਂ ਦੁਆਰਾ ਸਮੁੱਚੀ ਮਾਨਵਤਾ ਲਈ ਕੀਤੇ ਜਾਣ ਵਾਲੇ ਕੰਮਾਂ ਦੀ ਰਹਿਨੁਮਾਈ ਹਿਤ ਇਕ ਆਦਰਸ਼ਕ ਮਾਡਲ ਪੇਸ਼ ਕਰਕੇ ਸਮਾਜ ਵਿਚ ਬਰਾਬਰਤਾ, ਵਿਸ਼ਵ ਪੱਧਰ ਤੇ ਭੇਦ ਭਾਵ ਮੁਕਤ ਖੁਸ਼ਹਾਲ ਭਾਈਚਾਰਾ, ਉੱਚਾ ਆਰਥਿਕ ਪੱਧਰ ਅਤੇ ਆਦਰਸ਼ਕ ਸਮਾਜ ਸੰਬੰਧੀ ਸਮੁੱਚੀ ਮਨੁੱਖਤਾ ਨੂੰ ਇਕ ਸੇਧ ਦਿੱਤੀ ਗਈ ਹੈ:

ਸੇਵ ਕੀਤੀ ਸੰਤੋਖੀਂਈ ਜਿਨ੍ਹੀ ਸਚੋ ਸਚੁ ਧਿਆਇਆ॥

ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥

ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ॥

ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ॥

ਵਡਿਆਈ ਵਡਾ ਪਾਇਆ॥[6]

ਇਥੇ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਸੰਤੋਖੀ ਵਿਅਕਤੀ ਜਾਂ ਸਹਿਜ ਵਿਚ ਵਿਚਰਦੇ ਹੋਏ ਵਿਅਕਤੀਆਂ ਤੋਂ ਬਣੇ ਹੋਏ ਸਮਾਜ ਤੋਂ ਭਾਵ ਅਜਿਹੇ ਵਿਸ਼ਵੀ ਸਮਾਜ ਤੋਂ ਹੈ ਜਿਸ ਵਿਚ ਸੰਤੁਸ਼ਟ ਵਿਅਕਤੀ ਮਾਨਵਤਾ ਦੇ ਭਲੇ ਹਿਤ ਕੰਮ ਕਰਨ ਵਿਚ ਮਾਣ ਸਮਝਦੇ ਹਨ ਅਤੇ ਉਹ ਕਦੇ ਵੀ ਮੰਦੇ ਕੰਮਾਂ ਵੱਲ ਖਿੱਚੇ ਨਹੀਂ ਜਾਂਦੇ। ਉਹਨਾਂ ਦਾ ਆਪਣੇ ਖਾਣ-ਪੀਣ, ਸੌਣ ਤੇ ਹੋਰ ਦੈਨਿਕ ਤੇ ਦੁਨਿਆਵੀ ਕਿਰਿਆਵਾਂ ਉੱਪਰ ਪੂਰਾ ਕਾਬੂ ਹੁੰਦਾ ਹੈ ਅਜਿਹੇ ਸਦ-ਵਿਵਹਾਰ ਤੋਂ ਹੀ ਆਦਰਸ਼ਕ ਮਾਡਲ ਸਮਾਜ ਦੀ ਸਿਰਜਣਾ ਹੁੰਦੀ ਹੈ।

ਇਕ ਨਰੋਏ ਸਮਾਜ ਦੀ ਬਣਤਰ ਵਿਚ ਇਸਤਰੀ ਦੀ ਬਹੁਤ ਵੱਡੀ ਭੂਮਿਕਾ ਹੁੰਦੀ ਹੈ। ਭਾਰਤ ਅਤੇ ਦੁਨੀਆਂ ਦੇ ਬਹੁਤ ਸਾਰੇ ਭਾਈਚਾਰਿਆਂ ਵਿਚ ਮੱਧਕਾਲ ਤੋਂ ਹੀ ਇਸਤਰੀ ਜਾਤੀ ਨੂੰ

ਨਕਾਰਿਆ ਜਾਂਦਾ ਰਿਹਾ ਹੈ। ਮਰਦ ਪ੍ਰਧਾਨ ਸਮਾਜ ਵਿਚ ਉਸਨੂੰ ਹਰ ਪੱਖ ਤੋਂ ਨੀਵਾਂ ਸਮਝਿਆ ਜਾਂਦਾ ਹੈ। ਭਾਰਤ ਵਿਚ ਹਿੰਦੂ ਅਤੇ ਮੁਸਲਮਾਨ ਦੋਵੇਂ ਹੀ ਇਸਤਰੀ ਜਾਤੀ ਨਾਲ ਮੰਦਾ ਵਿਵਹਾਰ ਕਰਦੇ ਸਨ। 'ਆਸਾ ਦੀ ਵਾਰ' ਵਿਚ ਇਸਤਰੀ ਦੇ ਸ਼ੋਸ਼ਣ ਉੱਪਰ ਅਧਾਰਿਤ ਸਮਾਜਿਕ ਵਿਵਸਥਾ ਨੂੰ ਪ੍ਰਵਾਨ ਨਹੀਂ ਕੀਤਾ ਗਿਆ ਸਗੋਂ ਇਸਦੇ ਉਲਟ ਪਰਿਵਾਰਕ ਜੀਵਨ ਤੇ ਸਮਾਜਿਕ ਜੀਵਨ ਦੀ ਬਣਤਰ ਵਿਚ ਗੁਰੂ ਨਾਨਕ ਨੇ ਵਿਸ਼ਵੀ ਮਨੁੱਖ ਅੱਗੇ ਇਸਤਰੀ ਪੱਖ ਦੀ ਵਡਿਆਈ ਕਰਕੇ ਸਮਾਜ ਦੀਆਂ ਨਜ਼ਰਾਂ ਵਿਚ ਉਸਨੂੰ ਉੱਚਾ ਰੁਤਬਾ ਦੇ ਕੇ ਸਨਮਾਨਿਆ ਹੈ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ।।
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ।।
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ।।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।
ਭੰਡਹੁ ਹੀ ਭੰਡੁ ਉਪਜੈ ਭੰਡੈ ਬਾਝੁ ਨ ਕੋਇ।।
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ।।[7]

'ਆਸਾ ਦੀ ਵਾਰ' ਵਿਚ ਸਮਾਜ ਦੇ ਅਧਿਕਾਰੀਆਂ ਦੁਆਰਾ ਮਨੁੱਖੀ ਸ਼ੋਸ਼ਣ ਦਾ ਵੀ ਸਿਧਾਂਤੀਕਰਨ ਕੀਤਾ ਗਿਆ ਹੈ। ਤੱਤਕਾਲੀਨ ਸਮਾਜ ਵਿਚ ਗੁਰੂ ਨਾਨਕ ਨੇ ਸਮਾਜ ਦੀ ਸ਼ਾਸ਼ਕਾਂ ਦੁਆਰਾ ਹੁੰਦੀ ਲੁੱਟ ਨੂੰ ਵੇਖਿਆ। ਗਿਆਨ ਵਿਹੂਣੀ ਪਰਜਾ ਇਕ ਪਾਸੇ ਰੋਟੀ ਲਈ ਤਰਸ ਰਹੀ ਸੀ ਤੇ ਦੂਜੇ ਪਾਸੇ ਸਮਾਜ ਦਾ ਅਮੀਰ ਵਰਗ ਪਰਜਾ ਦਾ ਸ਼ੋਸ਼ਣ ਕਰਕੇ ਯੋਗ ਅਯੋਗ ਵਸੀਲਿਆਂ ਰਾਹੀਂ ਧਨ ਇਕੱਠਾ ਕਰ ਰਿਹਾ ਸੀ। ਲੋਭ, ਲਾਲਚ, ਪਾਪ, ਧੋਖੇਬਾਜ਼ੀ, ਛਲ-ਕਪਟ ਆਦਿ ਕੁਰੀਤੀਆਂ ਹਰ ਪਾਸੇ ਪ੍ਰਧਾਨ ਹੋ ਚੁੱਕੀਆਂ ਸਨ। ਮੁਸਲਿਮ ਸਾਸ਼ਕ ਵਰਗ ਨੇ ਹਿੰਦੂ ਪਰਜਾ ਤੇ ਟੈਕਸ ਦਾ ਬੋਝ ਪਾਇਆ ਹੋਇਆ ਸੀ। ਉਹਨਾਂ ਤੋਂ ਜਜ਼ੀਆ, ਗਊਆਂ ਤੇ ਬ੍ਰਾਹਮਣਾਂ ਉੱਪਰ ਕਰਾਂ ਤੋਂ ਉਪਰੰਤ ਤੀਰਥ ਅਸਥਾਨਾਂ ਉੱਤੇ ਜਾਣ ਲਈ ਵੀ ਟੈਕਸ ਵਸੂਲਿਆ ਜਾਂਦਾ ਸੀ। ਅਜਿਹੇ ਲੋਕਾਂ ਦੀ ਆਰਥਿਕ ਅਵਸਥਾ ਦਿਨ-ਬ-ਦਿਨ ਤਰਸਯੋਗ ਹੁੰਦੀ ਜਾ ਰਹੀ ਸੀ। ਉਹਨਾਂ ਨੂੰ

ਆਪਣੀ ਰੋਜ਼ੀ-ਰੋਟੀ ਲਈ ਅਮੀਰ ਵਰਗ ਦੀਆਂ ਖ਼ੁਸ਼ਾਮਦਾਂ ਕਰਨੀਆਂ ਪੈਂਦੀਆਂ ਸਨ। ਦੂਜੇ ਪਾਸੇ ਬ੍ਰਾਹਮਣਵਾਦ ਦੇ ਕਰਮ-ਕਾਂਡਾਂ ਦੇ ਜਾਲ ਨੇ ਲੋਕਾਂ ਨੂੰ ਫਜ਼ੂਲ ਦੇ ਵਹਿਮਾਂ ਭਰਮਾਂ ਵਿਚ ਜਕੜਿਆ ਹੋਇਆ ਸੀ। ਅਜਿਹੀ ਅਵਸਥਾ ਵਿਚ ਇਕ ਉੱਨਤ ਤੇ ਖ਼ੁਸ਼ਹਾਲ ਸਮਾਜ ਦੀ ਸਥਾਪਨਾ ਹੋਣੀ ਅਸੰਭਵ ਸੀ। ਗੁਰੂ ਨਾਨਕ ਨੇ 'ਆਸਾ ਦੀ ਵਾਰ' ਵਿਚ ਅਜਿਹੇ ਚਿਹਨਕ ਪ੍ਰਬੰਧ ਰਾਹੀਂ ਆਮ ਲੋਕਾਈ ਨੂੰ ਸਰਬ ਸਾਂਝੇ ਉੱਨਤ ਸਮਾਜ ਦੀ ਸਥਾਪਨਾ ਵੱਲ ਚੇਤੰਨ ਕੀਤਾ ਹੈ:

(ੳ) ਵਾਇਨਿ ਚੇਲੇ ਨਚਨਿ ਗੁਰ।। ਪੈਰ ਹਲਾਇਨਿ ਫੇਰਨਿ੍ ਸਿਰ।।
ਉਡਿ ਉਡਿ ਰਾਵਾ ਝਾਟੈ ਪਾਇ।। ਵੇਖੈ ਲੋਕੁ ਹਸੈ ਘਰਿ ਜਾਇ।।
ਰੋਟੀਆ ਕਾਰਣਿ ਪੂਰਹਿ ਤਾਲ।। ਆਪੁ ਪਛਾੜਹਿ ਧਰਤੀ ਨਾਲਿ।।[8]

(ਅ) ਕੂੜੀ ਰਾਸਿ ਕੂੜਾ ਵਾਪਾਰੁ।। ਕੂੜੁ ਬੋਲਿ ਕਰਹਿ ਆਹਾਰੁ।।
ਸਰਮ ਧਰਮ ਕਾ ਡੇਰਾ ਦੂਰਿ।। ਨਾਨਕ ਕੂੜੁ ਰਹਿਆ ਭਰਪੂਰਿ।।
ਮਥੈ ਟਿਕਾ ਤੇੜਿ ਧੋਤੀ ਕਖਾਈ।। ਹਥਿ ਛੁਰੀ ਜਗਤ ਕਾਸਾਈ।।[9]

ਇੱਕ ਉੱਨਤ ਸਮਾਜ ਦੀ ਨੀਂਹ (ਬੁਨਿਆਦ) ਉਸ ਵਿੱਚ ਵਸਦੇ ਇਨਸਾਨਾ ਦੇ ਸਦਾਚਾਰਕ ਜਾਂ ਨੈਤਿਕ ਜੀਵਨ ਉੱਪਰ ਅਧਾਰਿਤ ਹੁੰਦੀ ਹੈ। ਅਨੈਤਿਕ ਲੋਕਾਂ ਦਾ ਸਮਾਜ ਕਦੇ ਵੀ ਉੱਨਤੀ ਨਹੀਂ ਕਰ ਸਕਦਾ। ਗੁਰੂ ਨਾਨਕ ਨੇ 'ਆਸਾ ਦੀ ਵਾਰ' ਵਿਚ 'ਕੂੜੁ' ਰੂਪੀ ਚਿਹਨ ਨੂੰ ਵਰਤ ਕੇ ਸਮਾਜ ਵਿਚ ਫੈਲੀ ਦੂਈ-ਦਵੈਤ ਦੀ ਦੁਰਦਸ਼ਾ ਨੂੰ ਵੇਖਿਆ ਅਤੇ ਇਕ ਅਜਿਹੇ ਆਦਰਸ਼ ਤੇ ਸੱਚੇ ਇਨਸਾਨ ਦੀ ਘਾੜ੍ਹਤ ਵੱਲ ਇਸ਼ਾਰਾ ਕੀਤਾ ਜਿਹੜਾ ਸਮੁੱਚੇ ਮਾਨਵਵਾਦੀ ਸਮਾਜ ਦੀ ਸਿਰਜਣਾ ਲਈ ਮਾਡਲ ਬਣ ਕੇ ਵਿਸ਼ਵ ਸਮਾਜ ਲਈ ਚਾਨਣ ਮੁਨਾਰਾ ਬਣ ਸਕਦਾ ਹੈ:

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ।।
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ।।

ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਣਹਾਰ॥

ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ॥[10]

ਉਪਰੋਕਤ ਸਮੁੱਚੇ ਵਿਚਾਰ ਦੇ ਸਾਰ-ਅੰਸ਼ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ 'ਆਸਾ ਦੀ ਵਾਰ' ਵਿਚ ਸਮਾਜਿਕ ਫ਼ਰੇਬੀਆਂ ਤੇ ਦੰਭੀਆਂ ਦੀ ਭਰਪੂਰ ਅਲੋਚਨਾ ਕੀਤੀ ਹੈ। ਮਨੁੱਖਤਾ ਦੇ ਵੈਰੀ ਹਾਕਮ ਨਮਾਜ਼ਾ ਪੜ੍ਹਦੇ ਸਨ ਤੇ ਲੋਕਾਂ ਨੂੰ ਠੱਗਣ ਵਾਲੇ ਧਨਾਢ ਬ੍ਰਾਹਮਣ ਜਨੇਊ ਪਹਿਨਦੇ ਸਨ। ਧਰਮ ਦੇ ਪਖੰਡੀ ਠੇਕੇਦਾਰ ਵੀ ਆਮ ਲੋਕਾਂ ਦੇ ਘਰਾਂ ਤੋਂ ਮਨਭਾਉਂਦੇ ਭੋਜਨ ਖਾਂਦੇ ਸਨ। ਧਨ-ਦੌਲਤਾਂ, ਗੱਲਾਂ-ਬਾਤਾਂ, ਖਾਣਾ-ਪੀਣਾ ਸਭ ਫ਼ਰੇਬ ਭਰਿਆ ਸੀ। ਨੇਕੀ ਕਿਤੇ ਵੀ ਦਿਸਦੀ ਨਹੀਂ ਸੀ। ਲੋਕ ਵਿਖਾਵੇ ਲਈ ਧਾਰਮਿਕ ਬਾਣਾ ਪਾਉਂਦੇ ਸਨ ਪਰੰਤੂ ਕਰਮ ਬੇਈਮਾਨੀ ਵਾਲੇ ਕਰਦੇ ਸਨ। 'ਆਸਾ ਦੀ ਵਾਰ' ਵਿਚ ਗੁਰੂ ਨਾਨਕ ਨੇ ਇਨ੍ਹਾਂ ਸਾਰੇ ਮਨੁੱਖੀ ਔਗੁਣਾਂ ਨੂੰ ਤਿਆਗਣ ਲਈ ਜ਼ੋਰਦਾਰ ਉਪਰਾਲਾ ਕੀਤਾ ਹੈ। ਉਹਨਾਂ ਨੇ ਵਿਅਕਤੀਗਤ ਨੈਤਿਕਤਾ, ਰਾਜਨੀਤਿਕ ਨੈਤਿਕਤਾ ਅਤੇ ਧਾਰਮਿਕ ਨੈਤਿਕਤਾ ਨੂੰ ਸਮਾਜਿਕ ਨੈਤਿਕਤਾ ਦੇ ਸਰੋਕਾਰਾਂ ਨਾਲ ਜੋੜਿਆ ਹੈ ਜਿਸ ਰਾਹੀਂ ਉਸਾਰੂ ਤੇ ਉੱਨਤ ਨਜ਼ਰੀਏ ਵਾਲੇ ਸਮਾਜ ਦੀ ਸਿਰਜਣਾ ਹੋ ਸਕਦੀ ਹੈ। ਇਨਸਾਨ ਦਾ ਹਰ ਕਰਮ ਚਾਹੇ ਉਹ ਸਮਾਜਿਕ, ਆਰਥਿਕ, ਰਾਜਨੀਤਿਕ ਜਾਂ ਧਾਰਮਿਕ ਖੇਤਰ ਦਾ ਹੋਵੇ ਸਮੁੱਚੀ ਮਾਨਵਤਾ ਦੇ ਭਲੇ ਵਿਚ ਪਰੁੱਚਿਆ ਹੋਣਾ ਚਾਹੀਦਾ ਹੈ। ਅਜਿਹੀ ਵਿਚਾਰਧਾਰਾ ਅਪਨਾਉਣ ਨਾਲ ਵਿਸ਼ਵ-ਪੱਧਰ ਤੇ ਆਦਰਸ਼ ਮਾਨਵਵਾਦੀ ਸਮਾਜ ਦੇ ਢਾਂਚੇ ਦੀ ਘਾੜ੍ਹਤ ਘੜ੍ਹੀ ਜਾ ਸਕਦੀ ਹੈ। 'ਆਸਾ ਦੀ ਵਾਰ' ਵਿਚਲੀ ਗੁਰੂ ਨਾਨਕ ਦੀ ਵਿਚਾਰਧਾਰਾ ਮਾਨਵ ਵਿਰੋਧੀ ਰੁਚੀਆਂ ਨੂੰ ਲੋਕਾਈ ਅੱਗੇ ਪੇਸ਼ ਕਰਕੇ ਉਸਦੇ ਉਲਟ ਸਮੁੱਚੀ ਮਾਨਵ ਹਿਤੈਸ਼ੀ ਰੁਚੀਆਂ ਨੂੰ ਅਪਨਾਉਣ ਲਈ ਪਿੜ ਤਿਆਰ ਕਰਕੇ ਹਰ ਤਰ੍ਹਾਂ ਦੇ ਵਿਤਕਰਿਆਂ ਤੋਂ ਮੁਕਤ, ਉੱਚੇ ਨੈਤਿਕ ਸਦਗੁਣਾਂ ਨਾਲ ਭਰਪੂਰ ਮਾਨਵੀ ਸਮਾਜ ਦੀ ਸਥਾਪਤੀ ਲਈ ਇਕ ਯੋਜਨਾਤਮਕ ਪ੍ਰਬੰਧ ਬਾਰੇ ਵਿਆਪਕ ਸੁਝਾਉ ਦਿੰਦੀ ਹੈ ਜਿਹੜਾ ਕਿ ਇਕ ਵਿਸ਼ਵੀ ਸੁਖਾਂਤਕ ਸਮਾਜ ਦੀ ਸਿਰਜਣਾਤਮਕ ਬਣਤਰ ਵਲ ਅਗਰਸਰ ਹੈ।

### (ਅ) ਮਨੁੱਖ ਅਤੇ ਮਨੁੱਖੀ ਅਧਿਕਾਰ

ਮਨੁੱਖ ਅਤੇ ਮਨੁੱਖੀ ਅਧਿਕਾਰਾਂ ਬਾਰੇ ਚਰਚਾ ਅਕਾਦਮਿਕ ਖੇਤਰ ਵਿਚ ਆਧੁਨਿਕਤਾ ਅਤੇ ਵਿਸ਼ਵੀਕਰਨ ਦੇ ਸੰਕਲਪ ਨਾਲ ਆਰੰਭ ਹੁੰਦੀ ਹੈ। ਮਨੁੱਖ ਅਤੇ ਮਨੁੱਖੀ ਅਧਿਕਾਰ ਅਤੇ ਅਜੋਕੇ ਵਿਸ਼ਵੀਕਰਨ ਦੇ ਸੰਕਲਪ ਵਿਚ ਬਹੁਤ ਗਹਿਰਾ ਸੰਬੰਧ ਹੈ। ਇਸ ਆਪਸੀ ਸੰਬੰਧ ਨੂੰ ਸਪੱਸ਼ਟ ਕਰਨ ਲਈ ਸਾਨੂੰ ਗੁਰੂ ਨਾਨਕ ਬਾਣੀ ਦੇ ਪ੍ਰਮੁੱਖ ਵਿਸ਼ੇ ਵੱਲ ਝਾਤ ਮਾਰਨੀ ਪਵੇਗੀ। ਗੁਰੂ ਨਾਨਕ ਬਾਣੀ ਦਾ ਮੁੱਖ ਵਿਸ਼ਾ ਮਨੁੱਖ ਦੁਆਲੇ ਹੀ ਘੁੰਮਦਾ ਹੈ। ਮਨੁੱਖ ਕੀ ਹੈ? ਮਨੁੱਖੀ ਜੀਵਨ ਦਾ ਮਨੋਰਥ ਕੀ ਹੈ ਅਤੇ ਇਸ ਮਨੋਰਥ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ? ਗੁਰੂ ਨਾਨਕ ਬਾਣੀ ਦੇ ਇਹ ਕੁਝ ਬੁਨਿਆਦੀ ਨੁਕਤੇ ਹਨ ਜਿਨ੍ਹਾਂ ਦੇ ਉੱਤਰ ਵਿਚ ਇਕ ਆਦਰਸ਼ ਮਾਨਵ ਦੀ ਰੂਪ ਰੇਖਾ ਉੱਘੜਦੀ ਹੈ। ਇਸ ਨੁਕਤੇ ਨੂੰ ਵਿਚਾਰਨ ਤੋਂ ਪਹਿਲਾਂ ਇਹ ਜਾਣਨਾ ਹੋਵੇਗਾ ਕਿ ਮਨੁੱਖ ਦੇ ਉਹ ਕਿਹੜੇ ਅਧਿਕਾਰ ਹਨ ਜਿਹੜੇ ਮਨੁੱਖ ਨੂੰ ਮਨੁੱਖ ਹੋਣ ਦੇ ਨਾਤੇ ਮਿਲਣੇ ਚਾਹੀਦੇ ਹਨ। ਮਨੁੱਖ ਦੀ ਪਰਿਭਾਸ਼ਾ ਅਤੇ ਮਨੁੱਖ ਕੀ ਹੈ? ਦੇ ਸੰਬੰਧ ਵਿਚ ਇਕ ਪੱਛਮੀ ਚਿੰਤਕ Immanuel Kant ਨੇ ਦੱਸਿਆ ਹੈ ਕਿ ਮਨੁੱਖਤਾ ਤਾਰਕਿਕ ਸ਼ਕਤੀ ਦੇ ਵਿਕਾਸ ਅਤੇ ਨੈਤਿਕਤਾ ਦੇ ਬੋਧ ਤੋਂ ਪੈਦਾ ਹੁੰਦੀ ਹੈ ਅਤੇ ਨਾਲ ਹੀ ਨੈਤਿਕਤਾ ਮਨੁੱਖਤਾ ਦੇ ਲਈ ਸਰਬ ਵਿਆਪੀ (universal) ਹੈ। ਇਹੀ ਅੰਤਰ ਮਨੁੱਖ ਨੂੰ ਦੂਸਰੇ ਜੀਵਾਂ ਤੋਂ ਅਲੱਗ ਕਰਦਾ ਹੈ।[11] ਇਸ ਅਧਾਰ ਤੇ ਮਨੁੱਖਤਾ ਨੂੰ ਤਿੰਨ ਪ੍ਰਮੁੱਖ ਤੱਤਾਂ ਦੁਆਰਾ ਪਰਿਭਾਸ਼ਤ ਕੀਤਾ ਜਾ ਸਕਦਾ ਹੈ - ਮਨੁੱਖੀ ਚੇਤਨਾ ਦਾ ਵਿਕਾਸ, ਮਨੁੱਖੀ ਤਾਰਕਿਕਤਾ ਦਾ ਵਿਕਾਸ ਅਤੇ ਸਰਬ ਵਿਆਪਕ ਨੈਤਿਕਤਾ ਦਾ ਵਿਕਾਸ। ਇਨ੍ਹਾਂ ਤੱਤਾਂ ਤੋਂ ਹੀ ਮਾਨਵੀ ਅਧਿਕਾਰਾਂ ਦੀ ਸੋਝੀ ਆਉਂਦੀ ਹੈ। ਮਨੁੱਖੀ ਅਧਿਕਾਰਾਂ ਦੀ ਵੰਡ ਹੀ ਮਨੁੱਖ ਦੇ ਸਮਾਜਿਕ ਰੁਤਬੇ ਦੀ ਪਹਿਚਾਣ ਕਰਵਾਉਂਦੀ ਹੈ।

ਗੁਰੂ ਨਾਨਕ ਵੇਲੇ ਮੱਧਕਾਲੀਨ ਦਾਰਸ਼ਨਿਕਾਂ ਅਤੇ ਰਾਜਨੀਤੀਵਾਨਾ ਨੂੰ ਆਪਣੀ ਪਰਜਾ ਪ੍ਰਤਿ ਉਹਨਾਂ ਦੇ ਅਧਿਕਾਰਾਂ ਦੀ ਕੋਈ ਸਮੱਸਿਆ ਨਹੀਂ ਸੀ ਸਗੋਂ ਪਰਜਾ ਨੂੰ ਇਹ ਸਬਕ

ਸਿਖਾਇਆ ਜਾਂਦਾ ਸੀ ਕਿ ਉਸ ਲਈ ਆਪਣੇ ਰਾਜੇ ਦੇ ਹੁਕਮ ਨੂੰ ਮੰਨਣਾ ਹੀ ਉਹਨਾਂ ਦਾ ਕਰਤੱਵ ਹੈ ਭਾਵ ਇਸਲਾਮ ਦਾ ਹੁਕਮ ਜਾਂ ਕਾਜ਼ੀ ਦਾ ਹੁਕਮ, ਬਾਦਸ਼ਾਹੀ ਹੁਕਮ ਦਾ ਧਾਰਨੀ ਸੀ ਜੋ ਹਿੰਦੂ ਜਨਤਾ ਲਈ ਦਮਨਕਾਰੀ ਸੁਭਾਅ ਵਿਚੋਂ ਪੈਦਾ ਹੁੰਦਾ ਸੀ ਅਤੇ ਮਨੁੱਖੀ ਅਧਿਕਾਰਾਂ ਪ੍ਰਤਿ ਦਮਨ ਦਾ ਪ੍ਰਤੀਕ ਸੀ।

ਗੁਰੂ ਨਾਨਕ ਬਾਣੀ ਤੋਂ ਸਪੱਸ਼ਟ ਹੁੰਦਾ ਹੈ ਕਿ ਮਨੁੱਖੀ ਸਤਿਕਾਰ ਅਤੇ ਮਨੁੱਖੀ ਸੁਰੱਖਿਆ ਦਾ ਅਧਾਰ ਕੁਝ ਜ਼ਰੂਰੀ ਅਧਿਕਾਰ ਹੁੰਦੇ ਹਨ ਜਿਨ੍ਹਾਂ ਦੀ ਗ਼ੈਰ ਮੌਜੂਦਗੀ ਵਿਚ ਮਨੁੱਖੀ ਜੀਵਨ ਖ਼ਤਰੇ ਵਿਚ ਪਿਆ ਰਹਿੰਦਾ ਹੈ। ਭਾਵੇਂ ਮਨੁੱਖੀ ਅਧਿਕਾਰਾਂ ਦੀ ਗੱਲ ਵਿਸ਼ਵ ਪੱਧਰ ਤੇ 1948 ਈ. ਵਿਚ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਦੇ ਐਲਾਨ ਉਪਰੰਤ ਸ਼ੁਰੂ ਹੋਈ ਪਰੰਤੂ ਗੁਰੂ ਨਾਨਕ ਨੇ ਪੰਦਰਵੀਂ ਅਤੇ ਸੋਲਵੀਂ ਸਦੀ ਵਿਚ ਵਿਚਰ ਕੇ ਮਨੁੱਖੀ ਅਧਿਕਾਰਾਂ ਲਈ ਜ਼ੋਰਦਾਰ ਅਵਾਜ਼ ਬੁਲੰਦ ਕੀਤੀ। ਗੁਰੂ ਨਾਨਕ ਬਾਣੀ ਦੀ ਵਿਸ਼ੇਸ਼ਤਾ ਇਹ ਹੈ ਕਿ ਉਹਨਾਂ ਨੇ ਦੁਨਿਆਵੀ ਮੁੱਦਿਆਂ ਨੂੰ ਅਧਿਆਤਮਕ ਸਰੋਕਾਰਾਂ ਨਾਲ ਜੋੜ ਕੇ ਮਨੁੱਖ ਨੂੰ ਮਨੁੱਖਤਾ ਪ੍ਰਤਿ ਸੋਝੀ ਕਰਵਾਈ ਹੈ। ਗੁਰੂ ਨਾਨਕ ਬਾਣੀ ਦਾ ਮੂਲ ਸੁਭਾਅ ਵਿਸ਼ਵ-ਦ੍ਰਿਸ਼ਟੀ ਦਾ ਧਾਰਨੀ ਹੁੰਦਾ ਹੋਇਆ ਅਧਿਆਤਮਵਾਦੀ ਹੈ। ਉਹਨਾਂ ਦੀ ਵਿਚਾਰਧਾਰਾ ਅਨੁਸਾਰ ਭੌਤਿਕ ਜਗਤ ਪਰਮ ਯਥਾਰਥ ਨਹੀਂ ਕੇਵਲ ਨਾਮਰੂਪਾਤਮਕਤਾ ਹੈ, ਜੋ ਨਾਸ਼ਮਾਨ ਹੈ। ਪਰਮ-ਯਥਾਰਥ ਦਾ ਮੁੱਖ ਲੱਛਣ ਸਦੀਵਤਾ ਹੈ। ਅਰਥਾਤ ਜੋ ਪਰਿਵਰਤਨ ਵਿਚ ਨਹੀਂ ਉਹ ਹੀ ਅੰਤਿਮ ਅਰਥਾਂ ਵਿਚ ਯਥਾਰਥ ਹੋ ਸਕਦਾ ਹੈ। ਦਿਸਦੇ ਜਗਤ ਦੀ ਕੋਈ ਵੀ ਵਸਤੂ ਸਦੀਵੀ ਨਹੀਂ ਹੈ। ਗੁਰੂ ਨਾਨਕ ਨੇ ਮਨੁੱਖੀ ਮੁਕਤੀ ਦਾ ਆਦਰਸ਼ 'ਜੀਵਨ ਮੁਕਤੀ' ਮਿੱਥ ਕੇ ਅਤੇ ਜਗਤ ਦੀ ਵਿਵਹਾਰਕ ਮਹੱਤਤਾ ਦਰਸਾ ਕੇ ਮਨੁੱਖ ਨੂੰ ਮਨੁੱਖੀ ਸਮੱਸਿਆਵਾਂ ਬਾਰੇ ਜਾਣੂ ਕਰਵਾਇਆ ਅਤੇ ਸਮਾਜ ਦੇ ਅਧਿਕਾਰਹੀਣ, ਪੀੜਿਤ, ਸ਼ੋਸ਼ਿਤ ਤੇ ਅਪਮਾਨਿਤ ਮਨੁੱਖਾਂ ਦੇ ਹੱਕ ਵਿਚ ਜ਼ਬਰਦਸਤ ਅਵਾਜ਼ ਉਠਾਈ। ਉਹਨਾਂ ਨੇ ਮਾਨਵਵਾਦੀ ਵਿਚਾਰਧਾਰਾ ਨੂੰ ਅਪਣਾਉਂਦੇ ਹੋਏ ਸਮਾਜਿਕ ਨਿਆਂ, ਧਾਰਮਿਕ ਨਿਆਂ, ਮਨੁੱਖੀ ਸੁਤੰਤਰਤਾ ਦੇ ਅਧਿਕਾਰਾਂ ਅਤੇ ਮਨੁੱਖੀ ਬਰਾਬਰਤਾ ਪ੍ਰਤਿ ਲੋਕਾਈ ਨੂੰ ਹਰ ਪੱਖ ਤੋਂ ਜਾਗਰੂਕ

ਕੀਤਾ। ਤੱਤਕਾਲੀਨ ਰਾਜਨੀਤਿਕਤਾ ਦੇ ਸੰਬੰਧ ਵਿਚ ਗੁਰੂ ਨਾਨਕ ਦੇ ਪ੍ਰਤਿਕਰਮ, ਰਾਜਨੀਤਿਕ ਅਧਿਕਾਰੀਆਂ ਪ੍ਰਤਿ ਉਹਨਾਂ ਦੇ ਵਿਵਹਾਰ, ਇਕ ਆਦਰਸ਼ ਸ਼ਾਸਕ ਅਤੇ ਇਕ ਆਦਰਸ਼ ਮਨੁੱਖ ਦੇ ਸੰਕਲਪ ਬਾਰੇ ਉਹਨਾਂ ਦੇ ਵਿਚਾਰਾਂ ਨੂੰ ਜੇ. ਐਸ. ਗਰੇਵਾਲ ਨੇ ਇਸ ਤਰ੍ਹਾਂ ਸੰਖੇਪਿਤ ਕੀਤਾ ਹੈ:

> ਰਾਜ ਨੂੰ ਅਜਿਹੀਆਂ ਪ੍ਰਸਥਿਤੀਆਂ ਉਤਪੰਨ ਕਰਨੀਆਂ ਚਾਹੀਦੀਆਂ ਹਨ ਜਿਹੜੀਆਂ ਮਨੁੱਖ ਦੇ ਵਿਅਕਤਿਤਵ ਨੂੰ ਵਿਕਾਸ ਵੱਲ ਲਿਜਾਣ ਲਈ ਸਹਾਇਕ ਹੋਣ। ਕਿਸੇ ਵੀ ਸੰਵਿਧਾਨਕ ਸੱਤਾਧਾਰੀ ਦਾ ਪਹਿਲਾ ਫ਼ਰਜ ਮਨੁੱਖੀ ਜੀਵਨ ਨੂੰ ਬੇਹਤਰ ਬਣਾਉਣਾ ਹੈ। ਰਾਜ ਸੱਤਾ ਮਨੁੱਖਤਾ ਲਈ ਹੈ ਨਾ ਕਿ ਇਸ ਤੋਂ ਉਲਟ। ਇਕ ਆਦਰਸ਼ ਸ਼ਾਸ਼ਕ ਵਿਚ ਦੈਵੀ ਸਿਆਣਪ ਦੇ ਗੁਣ ਹੋਣੇ ਚਾਹੀਦੇ ਹਨ ਅਤੇ ਉਸ ਨੂੰ ਹਮੇਸ਼ਾ ਹੀ ਮਨੁੱਖ ਦੀਆਂ ਲੋੜਾਂ ਦੀ ਪੂਰਤੀ ਕਰਨੀ ਚਾਹੀਦੀ ਹੈ। ਜੇਕਰ ਉਹ (ਸ਼ਾਸ਼ਕ) ਆਪਣੇ ਫ਼ਰਜਾਂ ਨੂੰ ਪੂਰਾ ਕਰਨ ਵਿਚ ਅਸਫ਼ਲ ਰਹਿੰਦਾ ਹੈ ਤਾਂ ਉਹ ਰੱਬੀ ਮਿਹਰ ਦੇ ਗੁਣਾਂ ਜਾਂ ਵਿਸ਼ਵਾਸ ਨੂੰ ਗੁਆ ਲੈਂਦਾ ਹੈ ਅਤੇ ਉਸ ਨੂੰ ਰਾਜ ਸੱਤਾ ਤੋਂ ਹਟਾ ਦੇਣਾ ਹੀ ਧਾਰਮਿਕ, ਨੈਤਿਕ ਅਤੇ ਸਦਾਚਾਰਕ ਕਰਤੱਵ ਸਮਝਣਾ ਚਾਹੀਦਾ ਹੈ।[12]

ਉਪਰੋਕਤ ਵਿਚਾਰ ਇਕ ਅਜਿਹੇ ਦੂਰ-ਦ੍ਰਿਸ਼ਟੀ ਤੇ ਵਿਸ਼ਾਲਤਾ ਵਾਲੇ ਵਿਚਾਰਾਂ ਉੱਤੇ ਅਧਾਰਿਤ ਹਨ ਜਿਹੜੇ ਸਰਬ-ਵਿਆਪਕ ਭਾਈਵਾਲਤਾ ਦੀ ਵਕਾਲਤ ਕਰਦੇ ਹਨ ਕਿਉਂਕਿ ਉਹਨਾਂ ਦਾ ਵਿਸ਼ਵਾਸ ਹੈ ਕਿ ਮਨੁੱਖ ਦੇ ਸੁਭਾਅ ਵਿਚ ਕੁਝ ਸਾਂਝੇ ਗੁਣ ਜਾਂ ਮਨੁੱਖਤਾ ਕੁਝ ਸਾਂਝੀਆਂ ਆਦਤਾਂ ਦੀ ਧਾਰਨੀ ਹੈ ਜਿਨ੍ਹਾਂ ਨੂੰ ਪਛਾਣਿਆ ਜਾ ਸਕਦਾ ਹੈ। ਅਜਿਹੀ ਵਿਸ਼ਵ-ਵਿਆਪੀ ਧਾਰਨਾ ਜਿਸ ਬਾਰੇ ਅਕਸਰ ਗੱਲ ਕੀਤੀ ਜਾਂਦੀ ਹੈ ਉਹ ਕੁਦਰਤੀ ਨਿਯਮ ਪਰੰਪਰਾ ਦੀ ਹੈ। Ken Booth ਦੇ ਵਿਚਾਰ ਅਨੁਸਾਰ:

> ਇਸਦਾ ਭਾਵ ਇਹ ਹੈ ਕਿ ਇੱਥੇ ਇਕ ਅਜਿਹਾ ਕੁਦਰਤੀ ਨਿਯਮ ਹੈ ਜਿਹੜਾ ਰਾਜਨੀਤਿਕਤਾ ਦੇ ਨਿਯਮਾਂ ਤੋਂ ਉਲਟ ਸੁਤੰਤਰਤਾ ਪੂਰਵਕ ਹੋਂਦ ਰੱਖਦਾ ਹੈ ਜਿਹੜਾ ਸਾਰੀ ਮਨੁੱਖਤਾ ਤੇ ਲਾਗੂ ਹੁੰਦਾ ਹੈ ਅਤੇ ਅਜਿਹੇ ਗੁਣਾਂ ਨੂੰ ਕੁਦਰਤ ਜਾਂ ਧਾਰਮਿਕਤਾ ਤੋਂ ਗ੍ਰਹਿਣ ਕੀਤਾ ਜਾ ਸਕਦਾ ਹੈ।[13]

ਇਹ ਅਧਿਕਾਰ ਉਹ ਬੁਨਿਆਦੀ ਅਧਿਕਾਰ ਹਨ ਜੋ ਮਨੁੱਖ ਦੇ ਸਰਬ-ਪੱਖੀ ਵਿਕਾਸ ਲਈ ਅਤਿ ਜ਼ਰੂਰੀ ਹਨ। ਪਰਮਾਤਮਾ ਨੇ ਮਨੁੱਖ ਨੂੰ ਬੋਲਣ, ਸੋਚਣ ਤੇ ਕੰਮ ਕਰਨ ਆਦਿ ਦੀਆਂ ਨਿਹਿਤ ਸ਼ਕਤੀਆਂ ਪ੍ਰਦਾਨ ਕੀਤੀਆਂ ਹਨ। ਮਨੁੱਖ ਆਪਣੇ ਵਿਅਕਤਿਤਵ ਦੇ ਵਿਕਾਸ ਲਈ ਦੂਜੇ ਵਿਅਕਤੀਆਂ ਤੇ ਸਮਾਜ ਅੱਗੇ ਕੁਝ ਮੰਗਾਂ ਰੱਖਦਾ ਹੈ ਜਿਨ੍ਹਾਂ ਨਾਲ ਉਹ ਆਪਣਾ ਸਰਵੋਤਮ ਜੀਵਨ ਬਸਰ ਕਰ ਸਕੇ। ਮਨੁੱਖੀ ਅਧਿਕਾਰਾਂ ਨੂੰ ਕਈ ਵਿਦਵਾਨ ਕੁਦਰਤੀ ਅਧਿਕਾਰ ਵੀ ਕਹਿੰਦੇ ਹਨ, ਅਜਿਹੇ ਅਧਿਕਾਰ ਕਿਸੇ ਕਾਨੂੰਨ ਰਾਹੀਂ ਸਥਾਪਿਤ ਨਹੀਂ ਹੁੰਦੇ ਅਤੇ ਨਾ ਹੀ ਉਨ੍ਹਾਂ ਨੂੰ ਕਿਸੇ ਕਾਨੂੰਨ ਰਾਹੀਂ ਸੋਧਿਆ ਜਾ ਸਕਦਾ ਹੈ। ਸਤਾਰਵੀਂ ਸਦੀ ਦੇ ਮਹਾਨ ਦਾਰਸ਼ਨਿਕ ਲਾਕ ਦੇ ਅਨੁਸਾਰ:

> ਜੀਵਨ, ਸੰਪਤੀ ਅਤੇ ਸੁਤੰਤਰਤਾ ਦੇ ਅਧਿਕਾਰ ਕੁਦਰਤੀ ਅਧਿਕਾਰ ਹਨ ਅਤੇ ਕੋਈ ਵੀ ਸਮਾਜ ਜਾਂ ਰਾਜ ਇਹਨਾਂ ਨੂੰ ਖ਼ਤਮ ਨਹੀਂ ਕਰ ਸਕਦਾ।[14]

ਮਨੁੱਖਤਾ ਪ੍ਰਤਿ ਇਨ੍ਹਾਂ ਕੁਦਰਤੀ ਨਿਯਮਾਂ ਜਾਂ ਅਧਿਕਾਰਾਂ ਬਾਰੇ ਇਕ ਹੋਰ ਵਿਦਵਾਨ ਫਰਾਂਸੀਕੋ ਮੀਰੋ ਕਸਾਦਾ ਆਪਣੇ ਵਿਚਾਰ ਇਸ ਤਰ੍ਹਾਂ ਪੇਸ਼ ਕਰਦਾ ਹੈ:

> ਸਾਰੇ ਮਨੁੱਖੀ ਜੀਵ ਸਵੈ-ਮਾਣ ਅਤੇ ਅਧਿਕਾਰਾਂ ਦੀ ਬਰਾਬਰਤਾ ਦੇ ਤੌਰ ਤੇ ਸੁਤੰਤਰ ਪੈਦਾ ਹੋਏ ਹਨ। ਉਹਨਾਂ ਵਿਚ ਤਾਰਕਿਕਤਾ ਅਤੇ ਚੰਗੇ ਮੰਦੇ

> ਦੀ ਪਰਖ ਕਰਨ ਦੀ ਸਮਰੱਥਾ ਹੁੰਦੀ ਹੈ ਅਤੇ ਉਹਨਾਂ ਅੰਦਰ ਇਕ ਦੂਜੇ ਪ੍ਰਤਿ ਭਾਈਚਾਰਕ ਸਾਂਝ ਦੀ ਭਾਵਨਾ ਕੰਮ ਕਰ ਰਹੀ ਹੁੰਦੀ ਹੈ।[15]

ਇਸੇ ਤਰ੍ਹਾਂ ਇਕ ਹੋਰ ਵਿਦਵਾਨ A.J. M. Milne ਆਪਣੀ ਪੁਸਤਕ Human Rights and Human Diversity ਦੀ ਭੂਮਿਕਾ ਵਿਚ ਮਨੁੱਖ ਦੇ ਕੁਦਰਤੀ ਅਧਿਕਾਰਾਂ ਬਾਰੇ UN Declaration Article 2 ਦਾ ਹਵਾਲਾ ਦਿੰਦੇ ਹਨ:

> ਜੇਕਰ ਮਨੁੱਖਤਾ ਦੇ ਵਿਸ਼ੇਸ਼ਣ ਨੂੰ ਗੰਭੀਰਤਾ ਨਾਲ ਵਿਚਾਰੀਏ ਤਾਂ ਮਨੁੱਖੀ ਅਧਿਕਾਰਾਂ ਦਾ ਵਿਚਾਰ ਅਜਿਹਾ ਵਿਚਾਰ ਹੋਣਾ ਚਾਹੀਦਾ ਹੈ ਜਿਨ੍ਹਾਂ ਨੂੰ ਭਾਵੇਂ ਮਾਨਤਾ ਦਿੱਤੀ ਹੋਵੇ ਜਾਂ ਨਾ। ਉਹ ਹਰ ਵੇਲੇ, ਹਰ ਥਾਂ ਤੇ ਸਮੁੱਚੀ ਮਨੁੱਖਤਾ ਨਾਲ ਸੰਬੰਧਿਤ ਹੁੰਦੇ ਹਨ। ਮਨੁੱਖੀ ਕੌਮੀਅਤਾ, ਧਰਮ, ਲਿੰਗ, ਸਮਾਜਿਕ ਰੁਤਬਾ, ਧਨ, ਜਾਇਦਾਦ ਜਾਂ ਕੋਈ ਹੋਰ ਭਿੰਨਤਾ ਰੱਖਦੇ ਹੋਏ ਸਦਾਚਾਰਕ, ਸਭਿਆਚਾਰਕ ਜਾਂ ਸਮਾਜਿਕ ਲੱਛਣਾਂ ਦੇ ਬਾਵਜੂਦ ਇਹ ਅਧਿਕਾਰ ਸਮੁੱਚੀ ਮਾਨਵਤਾ ਦੇ ਭਲੇ ਲਈ ਹੁੰਦੇ ਹਨ।[16]

ਮਨੁੱਖ ਅਤੇ ਮਨੁੱਖੀ ਅਧਿਕਾਰਾਂ ਬਾਰੇ ਉਪਰੋਕਤ ਚਰਚਾ ਤੋਂ ਭਾਵ ਇਹ ਹੈ ਕਿ ਭਾਵੇਂ ਮਨੁੱਖੀ ਅਧਿਕਾਰਾਂ ਬਾਰੇ ਵਿਸ਼ਵ ਪੱਧਰ ਤੇ ਗੱਲਬਾਤ ਵੀਹਵੀਂ ਸਦੀ ਵਿਚ ਸ਼ੁਰੂ ਹੋਈ ਹੈ ਪਰੰਤੂ ਮੱਧ-ਕਾਲ ਵਿਚ ਰਜਵਾੜਾਸ਼ਾਹੀ ਅਤੇ ਜਾਗੀਰਦਾਰੀ ਸਿਸਟਮ ਅਧੀਨ ਆਮ ਮਨੁੱਖਾਂ ਨੂੰ ਉਹਨਾਂ ਦੇ ਅਧਿਕਾਰਾਂ ਤੋਂ ਵਾਂਝਾ ਰੱਖਿਆ ਜਾਂਦਾ ਸੀ ਪਰੰਤੂ ਗੁਰੂ ਨਾਨਕ ਨੇ ਮੱਧ-ਕਾਲ ਵਿਚ ਮਨੁੱਖ ਅਤੇ ਮਨੁੱਖੀ ਅਧਿਕਾਰਾਂ ਦੀ ਆਪਣੀ ਰਚਨਾ ਰਾਹੀਂ ਜ਼ੋਰਦਾਰ ਵਕਾਲਤ ਕੀਤੀ ਜਿਹੜੀ ਅਜੋਕੇ ਵਿਸ਼ਵ ਵਿਆਪੀ ਪੱਧਰ ਤੇ ਅੱਜ ਵੀ ਪੂਰਨ ਸਾਰਥਿਕਤਾ ਰੱਖਦੀ ਹੈ।

ਗੁਰੂ ਨਾਨਕ ਨੇ 'ਆਸਾ ਦੀ ਵਾਰ' ਵਿਚ ਸਭ ਤੋਂ ਪਹਿਲੀ ਗੱਲ ਹੀ ਮਨੁੱਖ ਬਾਰੇ ਕੀਤੀ ਹੈ। ਗੁਰਬਾਣੀ ਅਨੁਸਾਰ ਸਾਡੇ ਸਮਾਜ ਵਿਚ ਦੋ ਤਰ੍ਹਾਂ ਦੇ ਮਨੁੱਖ ਹਨ – ਗੁਰਮੁੱਖ ਜਾਂ ਸਚਿਆਰ

ਅਤੇ ਦੂਜੇ ਮਨਮੁੱਖ ਜਾਂ ਕੂੜਿਆਰ। ਇਕ ਚੰਗਾ ਮਨੁੱਖ ਦੈਵੀ ਗੁਣਾਂ ਦਾ ਧਾਰਨੀ ਹੁੰਦਾ ਹੈ। ਗੁਰੂ ਨਾਨਕ ਨੇ ਮਾਣਸ ਤੇ ਦੇਵਤੇ ਵਿਚਲੇ ਅੰਤਰ ਨੂੰ ਰਚਨਾ ਦੇ ਸ਼ੁਰੂ ਵਿਚ ਹੀ ਸਪੱਸ਼ਟ ਕਰ ਦਿੱਤਾ ਹੈ:

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥

ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥[17]

ਗੁਰੂ ਨਾਨਕ ਨੇ ਦੇਵਤੇ ਸ਼ਬਦ ਉਸ ਮਨੁੱਖ ਲਈ ਵਰਤਿਆ ਹੈ ਜਿਸ ਵਿਚ ਮਨੁੱਖਤਾ ਦੇ ਚੰਗੇਰੇ ਗੁਣ ਸਮਾਏ ਹੋਏ ਹੁੰਦੇ ਹਨ ਅਤੇ ਦੂਜੇ ਪਾਸੇ ਮਨੁੱਖ ਸਮਾਜ ਵਿਚ ਵਿਚਰਦਾ ਹੋਇਆ ਮਨਮੁੱਖਤਾ ਵੱਲ ਵੀ ਜਾ ਸਕਦਾ ਹੈ। ਗੁਰੂ ਨਾਨਕ ਨੇ ਅਜਿਹੇ ਮਨਮੁੱਖਾਂ ਨੂੰ ਫਿਰ ਤੋਂ ਮੁੱਖ ਧਾਰਾ ਜਾਂ ਸਚਿਆਰਤਾ ਵੱਲ ਮੋੜਨ ਲਈ ਗੁਰੂ ਦੀ ਲੋੜ ਜਾਂ ਇਕ ਧਾਰਮਿਕ ਆਗੂ ਦੀ ਲੋੜ ਤੇ ਜ਼ੋਰ ਦਿੱਤਾ ਹੈ ਕਿਉਂਕਿ ਸਚਿਆਰ ਮਨੁੱਖ ਹੀ ਵਿਸ਼ਵ ਪੱਧਰ ਤੇ ਸਮਾਜ ਦੀ ਯੋਗ ਅਗਵਾਈ ਕਰ ਸਕਦਾ ਹੈ:

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥

ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥[18]

ਗੁਰੂ ਨਾਨਕ ਵਿਚਾਰਧਾਰਾ ਅਨੁਸਾਰ ਉਹੀ ਮਨੁੱਖ ਵਿਸ਼ਵ ਭਾਈਚਾਰੇ ਬਾਰੇ ਸੋਚ ਸਕਦਾ ਹੈ ਜੋ ਪਹਿਲਾਂ ਆਪ ਸਚਿਆਰਾ ਮਨੁੱਖ ਬਣ ਜਾਵੇ। ਮਨਮੁੱਖ ਜਾਂ ਕੂੜਿਆਰ ਮਨੁੱਖ ਕਿਸੇ ਹਾਲਤ ਵਿਚ ਅਧਿਆਤਮਿਕ ਚਿੰਤਨ ਨਹੀਂ ਕਰ ਸਕਦਾ। ਗੁਰੂ ਨਾਨਕ ਦੇਵ ਜੀ ਨੇ ਆਪਣੇ ਭਾਵਾਂ ਨੂੰ ਸਦਾਚਾਰਕਤਾ ਦੇ ਸਾਂਚੇ ਵਿਚ ਢਾਲ ਕੇ ਘੜ੍ਹਿਆ ਹੈ ਅਤੇ ਇਨ੍ਹਾਂ ਸਦਗੁਣਾਂ ਜਾਂ ਨੈਤਿਕ ਗੁਣਾਂ ਦੀ ਉਸਾਰੀ ਲਈ ਆਪਣੀ ਬਾਣੀ-ਰਚਨਾ ਵਿਚ ਕਾਵਿ-ਮਈ ਸ਼ਬਦ ਚਿਤਰ ਖਿੱਚੇ ਹਨ। ਜੇਕਰ ਮਨੁੱਖ ਆਪਣੇ ਬੌਧਿਕ ਗਿਆਨ ਅਧੀਨ ਸਾਰੀਆਂ ਜਿਸਮਾਨੀ ਤੇ ਮਾਨਸਿਕ ਸ਼ਕਤੀਆਂ ਦਾ ਸੰਚਾਰ ਕਰੇ ਤਦ ਮਨੁੱਖ ਦਾ ਰੁਤਬਾ ਦੇਵਤਿਆਂ ਸਮਾਨ ਹੋ ਜਾਂਦਾ ਹੈ। ਇਸ ਤੋਂ ਉਲਟ ਜੇਕਰ ਮਨੁੱਖ ਆਪਣੀ ਬੁੱਧੀ ਨੂੰ ਮਨ ਅਧੀਨ ਕਰ ਲਵੇ ਤਾਂ ਉਸ ਮਨੁੱਖ ਵਿਚ ਹੈਵਾਨੀਅਤ ਦੇ ਅੰਸ਼ ਪ੍ਰਵੇਸ਼ ਕਰ ਜਾਂਦੇ ਹਨ। ਅਜਿਹੇ ਮਨੁੱਖ ਨੂੰ ਗੁਰੂ ਨਾਨਕ 'ਕੂੜਿਆਰੁ' ਦਾ ਰੁਤਬਾ ਦਿੰਦੇ ਹਨ।

'ਕੂੜਿਆਰ' ਮਨੁੱਖੀ ਸਮਾਜ ਦੇ ਕਿਸੇ ਕੰਮ ਨਹੀਂ ਆਉਂਦਾ ਅਤੇ ਨਾ ਹੀ ਸਮਾਜ ਵਿਚ ਉਸ ਨੂੰ ਕੋਈ ਸਨਮਾਨ ਮਿਲਦਾ ਹੈ। ਗੁਰੂ ਨਾਨਕ ਨੇ ਆਪਣੀ ਬਾਣੀ-ਰਚਨਾ ਵਿਚ ਅਜਿਹੇ ਮਨੁੱਖ ਬਾਰੇ ਇਸ ਤਰ੍ਹਾਂ ਸ਼ਬਦ-ਚਿੱਤਰ ਖਿੱਚੇ ਹਨ:

ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥
ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥
ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ॥
ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥
ਲਿਖਿ ਨਾਵੈ ਧਰਮੁ ਬਹਾਲਿਆ॥[19]

'ਆਸਾ ਦੀ ਵਾਰ' ਵਿਚ ਮਨੁੱਖ ਅਤੇ ਮਨੁੱਖਤਾ ਦੀ ਪਛਾਣ ਕਰਕੇ ਇਕ ਸਰਬ ਸਾਂਝੀਵਾਲਤਾ ਦਾ ਸਰੂਪ ਨਿਰਧਾਰਤ ਕੀਤਾ ਹੈ। ਇਸ ਵਿਚ ਪਰਗਟਾਏ ਵਿਚਾਰ ਕਿਸੇ ਇਕ ਇਲਾਕੇ, ਕਿਸੇ ਇਕ ਮਨੁੱਖ ਜਾਂ ਕਿਸੇ ਵਿਸ਼ੇਸ਼ ਸਮੇਂ ਲਈ ਨਹੀਂ ਸਗੋਂ ਸਮੁੱਚੀ ਮਨੁੱਖਤਾ ਲਈ ਸਾਂਝੇ ਹਨ। ਗੁਰੂ ਨਾਨਕ ਨੇ ਨਿਮਨ-ਲਿਖਤ ਸਲੋਕ ਵਿਚ 'ਵਿਸਮਾਦੁ' ਸ਼ਬਦ ਰਾਹੀਂ ਇਕ ਅਜਿਹਾ ਦ੍ਰਿਸ਼ ਖਿੱਚਿਆ ਹੈ ਅਤੇ ਇਹ ਦਰਸਾਇਆ ਹੈ ਕਿ ਸਾਰਾ ਬ੍ਰਹਿਮੰਡ ਇਕ ਰੱਬੀ ਨਿਯਮ ਤਹਿਤ ਚੱਲ ਰਿਹਾ ਹੈ। ਇਸਦੇ ਪ੍ਰੋਖ ਵਿਚ ਇਹ ਗੱਲ ਵੀ ਸਪੱਸ਼ਟ ਹੈ ਕਿ ਉਹ ਰੱਬੀ ਨਿਯਮ ਸਾਰੀ ਮਨੁੱਖਤਾ ਲਈ ਬਰਾਬਰ ਕੰਮ ਕਰ ਰਿਹਾ ਹੈ। ਇਸ ਵਿਚਲੇ ਚਿੰਤਨ ਦੀ ਵਿਸ਼ੇਸ਼ਤਾ ਇਕਾਰਥੀ ਸੱਚ ਦੀ ਹੋਂਦ ਵਿਧੀ ਦੀ ਥਾਂ ਸੱਚ ਦੀ ਬਹੁ-ਕੇਂਦਰੀ ਹੋਂਦ ਵਿਧੀ ਨੂੰ ਵਿਅਕਤ ਕਰਨਾ ਹੈ। ਇਸ ਦੇ ਗਹਿਰ ਗੰਭੀਰ, ਚੇਤੰਨ ਤੇ ਚਿੰਤਨਸ਼ੀਲ ਪ੍ਰੋਖ ਵਿਚ ਸਾਰੀ ਮਨੁੱਖਤਾ ਵਿਸ਼ਵ ਪੱਧਰ ਤੇ ਕੁਦਰਤ ਦੀ ਗੋਦ ਵਿਚ ਬੈਠੀ ਬਰਾਬਰਤਾ ਦੇ ਅਧਿਕਾਰਾਂ ਦਾ ਅਨੰਦ ਮਾਣ ਰਹੀ ਪ੍ਰਤੀਤ ਹੁੰਦੀ ਹੈ:

ਵਿਸਮਾਦੁ ਨਾਦ ਵਿਸਮਾਦੁ ਵੇਦ॥ ਵਿਸਮਾਦੁ ਜੀਅ ਵਿਸਮਾਦੁ ਭੇਦ॥
ਵਿਸਮਾਦੁ ਰੂਪ ਵਿਸਮਾਦੁ ਰੰਗ॥ ਵਿਸਮਾਦੁ ਨਾਗੇ ਫਿਰਹਿ ਜੰਤ॥

ਵਿਸਮਾਦੁ ਪਉਣੁ ਵਿਸਮਾਦੁ ਪਾਣੀ।। ਵਿਸਮਾਦੁ ਅਗਨੀ ਖੇਡਹਿ ਵਿਡਾਣੀ।।

ਵਿਸਮਾਦੁ ਧਰਤੀ ਵਿਸਮਾਦੁ ਖਾਣੀ।। ਵਿਸਮਾਦੁ ਸਾਦਿ ਲਗਹਿ ਪਰਾਣੀ।।

ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ।। ਵਿਸਮਾਦੁ ਭੁਖ ਵਿਸਮਾਦੁ ਭੋਗੁ।।

ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ।। ਵਿਸਮਾਦੁ ਉਝੜ ਵਿਸਮਾਦੁ ਰਾਹ।।

ਵਿਸਮਾਦੁ ਨੇੜੈ ਵਿਸਮਾਦੁ ਦੂਰਿ।। ਵਿਸਮਾਦੁ ਦੇਖੈ ਹਾਜਰਾ ਹਜੂਰਿ।।

ਵੇਖਿ ਵਿਡਾਣੁ ਰਹਿਆ ਵਿਸਮਾਦੁ ।। ਨਾਨਕ ਬੁਝਣੁ ਪੂਰੈ ਭਾਗਿ।।[20]

'ਆਸਾ ਦੀ ਵਾਰ' ਵਿਚ ਗੁਰੂ ਨਾਨਕ ਨੇ ਤੱਤਕਾਲੀਨ ਨਿਆਂ-ਪ੍ਰਣਾਲੀ ਦੀਆਂ ਤਰੁੱਟੀਆਂ ਜਿਨ੍ਹਾਂ ਦਾ ਉਸ ਵੇਲੇ ਦੇ ਰਾਜਨੀਤਿਕ ਤੇ ਸਮਾਜਿਕ ਪ੍ਰਬੰਧ ਵਿਚ ਜ਼ਿਕਰ ਕਰਨਾ ਅਤਿ ਜੋਖ਼ਮ ਭਰਿਆ ਸੀ, ਨੂੰ ਸਮਾਜ ਸਾਹਮਣੇ ਜ਼ੋਰਦਾਰ ਭਾਵਨਾ ਨਾਲ ਪੇਸ਼ ਕੀਤਾ। ਗੁਰੂ ਨਾਨਕ ਨੇ ਧਰਮ ਨੂੰ ਨਿੱਜੀ ਮਾਮਲਾ ਦੱਸਦੇ ਹੋਇਆਂ ਧਾਰਮਿਕ ਅਜ਼ਾਦੀ ਦੇ ਅਧਿਕਾਰਾਂ ਪ੍ਰਤਿ ਰਾਜ ਨੂੰ ਕਿਸੇ ਦੇ ਧਾਰਮਿਕ ਕੰਮਾਂ ਵਿਚ ਦਖ਼ਲ ਅੰਦਾਜ਼ੀ ਕਰਨ ਤੋਂ ਵਰਜਿਆ ਅਤੇ ਰਾਜ ਵੱਲੋਂ ਜ਼ਬਰੀ ਠੋਸੇ ਜਾਂਦੇ ਧਰਮ ਦੀ ਪੁਰਜ਼ੋਰ ਨਿੰਦਿਆ ਕੀਤੀ। ਰਾਜ ਵੱਲੋਂ ਹੁੰਦੇ ਕਿਸੇ ਵੀ ਪ੍ਰਕਾਰ ਦੇ ਧਰਮ ਅਧਾਰਿਤ ਵਿਤਕਰੇ ਨੂੰ ਅਣ-ਉੱਚਿਤ ਦੱਸਿਆ ਹੈ:

ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ।।[21]

ਇਤਿਹਾਸ ਤੋਂ ਪਤਾ ਚਲਦਾ ਹੈ ਕਿ ਗੁਰੂ ਨਾਨਕ ਵੇਲੇ ਭਾਰਤ ਦੀ ਆਰਥਿਕ ਅਵਸਥਾ ਬਹੁਤ ਵਿਗੜ ਚੁੱਕੀ ਸੀ। ਅਲਾਉਦੀਨ ਖਿਲਜੀ ਵੇਲੇ ਹੀ ਹਿੰਦੂ ਜਨਤਾ ਦੀ ਕਮਰ ਟੁੱਟ ਚੁੱਕੀ ਸੀ। ਹਿੰਦੂਆਂ ਹੱਥੋਂ ਵਪਾਰ ਵੀ ਖਤਮ ਹੋ ਚੁੱਕਾ ਸੀ। ਜਾਗੀਰਦਾਰੀ ਨਿਜ਼ਾਮ ਅਧੀਨ ਹਿੰਦੂ, ਮੁਸਲਿਮ ਜਨਤਾ ਦੀ ਆਰਥਿਕ ਹਾਲਤ ਨਿੱਘਰ ਚੁੱਕੀ ਸੀ।[22] ਗੁਰੂ ਨਾਨਕ ਨੇ ਇਕ ਸਵਸਥ ਤੇ ਨਰੋਏ ਸਮਾਜ ਦੀ ਬਣਤਰ ਵਿਚ ਮਨੁੱਖ ਦੀ ਆਰਥਿਕ ਬੇਹਤਰੀ ਅਤੇ ਰੋਜ਼ੀ-ਰੋਟੀ ਲਈ ਆਰਥਿਕ ਅਧਿਕਾਰ ਤੇ ਬਹੁਤ ਜ਼ੋਰ ਦਿੱਤਾ। ਸਮਾਜ ਵਿਚ ਮਨੁੱਖ ਦੀ ਆਰਥਿਕ ਅਵਸਥਾ ਨੂੰ ਚੰਗੇਰਾ ਬਣਾਉਣ ਲਈ ਗੁਰੂ ਨਾਨਕ ਨੇ ਹੱਕ ਹਲਾਲ ਦੀ ਕਮਾਈ ਕਰਨ ਤੇ ਜ਼ੋਰ ਦਿੱਤਾ। ਭਾਵੇਂ

ਇਸ ਨਿਮਨ-ਲਿਖਤ ਬਾਣੀ-ਖੰਡ ਵਿਚ ਧਾਰਮਿਕ ਰੰਗਣ ਵੀ ਹੈ ਪਰੰਤੂ ਇਸ ਤੋਂ ਇਹ ਭਾਵ ਵੀ ਨਿਕਲਦਾ ਹੈ ਕਿ ਗੁਰੂ ਨਾਨਕ ਮਨੁੱਖ ਨੂੰ ਲੁੱਟ-ਮਾਰ ਤੇ ਨਜ਼ਾਇਜ਼ ਕਮਾਈ ਵੱਲੋਂ ਵਰਜ ਕੇ ਨੇਕ ਕਮਾਈ ਕਰਨ ਤੇ ਬਲ ਦਿੰਦੇ ਹਨ। ਉਹਨਾਂ ਦੇ ਦ੍ਰਿਸ਼ਟੀਕੋਣ ਅਨੁਸਾਰ ਸਮੁੱਚੀ ਮਾਨਵਤਾ ਲਈ ਆਰਥਿਕ ਅਧਿਕਾਰਾਂ ਦੀ ਸਮਾਨਤਾ ਬਹੁਤ ਜ਼ਰੂਰੀ ਹੈ। ਅਜੋਕੇ ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਵਿਚ ਗਲੋਬਲ ਪਿੰਡ ਦੀ ਸਥਾਪਨਾ ਲਈ ਇਹੋ ਜਿਹੇ ਆਰਥਿਕ ਸਰੋਕਾਰਾਂ ਦਾ ਹੋਣਾ ਅਤਿਅੰਤ ਲਾਜ਼ਮੀ ਹੈ:

(ੳ) ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥[23]

(ਅ) ਕੂੜਾ ਲਾਲਚੁ ਛਡੀਐ ਹੋਇ ਇਕ ਮਨਿ ਅਲਖੁ ਧਿਆਈਐ॥
ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ॥
ਜੇ ਹੋਵੈ ਪੂਰਬਿ ਲਿਖਿਆ ਤਾ ਧੂੜ ਤਿਨ੍ਹਾ ਦੀ ਪਾਈਐ॥
ਮਤਿ ਥੋੜੀ ਸੇਵ ਗਵਾਈਐ॥[24]

ਗੁਰੂ ਨਾਨਕ ਦੇਵ ਜੀ ਦੇ ਵਿਵਹਾਰਕ ਤੇ ਅਮਲੀ ਜੀਵਨ ਨੂੰ ਵੇਖਿਆ ਜਾਵੇ ਤਾਂ ਉਹਨਾਂ ਦੀ ਕਹਿਣੀ ਤੇ ਕਰਨੀ ਵਿਚ ਕੋਈ ਅੰਤਰ ਨਹੀਂ ਹੈ ਭਾਵ ਉਹਨਾਂ ਦੇ ਮਨ, ਬਚਨ, ਕਰਮ ਵਿਚ ਇਕ-ਸਮਾਨਤਾ ਸੀ। ਕਰਤਾਰਪੁਰ ਰਹਿੰਦੇ ਹੋਇਆਂ ਉਹਨਾਂ ਨੇ ਆਪਣੇ ਹੱਥੀਂ ਖੇਤੀ ਦਾ ਕੰਮ ਕੀਤਾ ਭਾਵ ਹੱਥੀਂ ਕਿਰਤ ਕੀਤੀ, ਲੰਗਰ ਦੀ ਪ੍ਰਥਾ ਚਲਾਈ ਅਤੇ ਸਵੇਰ ਸ਼ਾਮ ਗੁਰਬਾਣੀ ਦੇ ਕੀਰਤਨ ਦਾ ਪ੍ਰਵਾਹ ਚਲਾ ਕੇ ਨਾਮ ਦੀ ਮਹੱਤਤਾ ਨੂੰ ਦ੍ਰਿੜ ਕਰਵਾਇਆ।

ਗੁਰੂ ਨਾਨਕ ਦਾ ਕਿਰਤ ਕਰਨਾ, ਵੰਡ ਛਕਣਾ ਤੇ ਨਾਮ ਜਪਣਾ ਦਾ ਸਿਧਾਂਤ ਅਜੋਕੇ ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਵਿਚ ਇਕ ਬਹੁਤ ਹੀ ਮਹੱਤਵਪੂਰਨ ਮਾਡਲ ਵਜੋਂ ਵੇਖਿਆ ਜਾ ਸਕਦਾ ਹੈ। ਇਸ ਮਾਡਲ ਦੇ ਪ੍ਰੋਖ ਵਿਚ ਮਨੁੱਖੀ ਆਰਥਿਕ ਬਰਾਬਰਤਾ, ਮਨੁੱਖੀ ਸਮਾਨਤਾ ਤੇ ਮਨੁੱਖੀ ਸਾਂਝੀਵਾਲਤਾ ਦੇ ਅਧਿਕਾਰ ਕੰਮ ਕਰਦੇ ਵਿਖਾਈ ਦਿੰਦੇ ਹਨ। ਅਜਿਹੇ ਮਾਡਲ ਨੂੰ ਅਪਣਾ ਕੇ ਗਲੋਬਲ ਪਿੰਡ ਦੀ ਸਾਰਥਿਕਤਾ ਨੂੰ ਸਹੀ ਤੇ ਯੋਗ ਠਹਿਰਾਇਆ ਜਾ ਸਕਦਾ ਹੈ।

ਉਪਰੋਕਤ ਸਾਰੀ ਵਿਚਾਰਧਾਰਾ ਦੇ ਪਰਿਪੇਖ ਵਿਚ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਦਾ ਸੰਦੇਸ਼ ਜਨ-ਸਾਧਾਰਨ ਲਈ ਸਾਹਸ ਤੇ ਬਲ ਪ੍ਰਦਾਨ ਕਰਦਾ ਹੈ ਅਤੇ ਉਹਨਾਂ ਦੀ ਬਾਣੀ-ਰਚਨਾ ਸਮੁੱਚੀ ਮਾਨਵਤਾ ਪ੍ਰਤਿ ਹੱਕ ਸੱਚ ਤੇ ਇਨਸਾਫ਼ ਦੀ ਹਾਮੀ ਭਰਦੀ ਹੋਈ ਮਨੁੱਖ ਨੂੰ ਆਰਥਿਕ, ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਅਧਿਕਾਰਾਂ ਪ੍ਰਤਿ ਹਰ ਪੱਖ ਤੋਂ ਸੁਚੇਤ ਕਰਦੀ ਹੈ। ਆਰਥਿਕ ਸੁੱਖ ਤੇ ਕਿਰਤ ਦਾ ਪੂਰਾ ਫਲ ਮਿਲੇ, ਕਾਨੂੰਨੀ ਨਿਆਂ ਹਾਸਲ ਹੋਵੇ, ਸਮਾਜਿਕ ਬਰਾਬਰੀ ਅਤੇ ਧਾਰਮਿਕ ਅਜ਼ਾਦੀ ਹੋਵੇ ਅਤੇ ਸੱਤਾਧਾਰੀ ਜਾਂ ਮਾਇਆਧਾਰੀ ਹਉਮੈ ਗ੍ਰਸਤ ਲੋਕ ਕੋਈ ਰੁਕਾਵਟ ਖੜ੍ਹੀ ਨਾ ਕਰਨ। ਗੁਰੂ ਨਾਨਕ ਨੇ ਇਨ੍ਹਾਂ ਅਤਿ-ਜ਼ਰੂਰੀ ਮਨੁੱਖੀ ਅਧਿਕਾਰਾਂ ਪ੍ਰਤੀ ਅਵਾਜ਼ ਉਠਾ ਕੇ ਇਕ ਵਿਸ਼ਵ ਭਾਈਚਾਰੇ ਦੀ ਸਥਾਪਨਾ ਵੱਲ ਸਾਰਥਿਕ ਉਲਾਂਘਾਂ ਪੁੱਟੀਆਂ ਹਨ। ਉਹਨਾਂ ਦੇ ਚਿੰਤਨ ਵਿਚ ਮਨੁੱਖ ਦੀ ਬਰਾਬਰੀ ਪਹਿਲੇ ਨੰਬਰ ਤੇ ਹੈ। ਉਹਨਾਂ ਨੇ ਆਪਣੀ ਬਾਣੀ-ਰਚਨਾ ਵਿਚ ਜ਼ਾਤ-ਪਾਤ, ਰੰਗ-ਨਸਲ, ਧਰਮ, ਦੇਸ਼, ਕੌਮ ਅਤੇ ਲਿੰਗ ਭੇਦ ਆਦਿ ਸਭ ਪ੍ਰਕਾਰ ਦੇ ਵਖਰੇਵਿਆਂ ਨੂੰ ਤਿਆਗ ਕੇ ਸਮੁੱਚੀ ਮਾਨਵਤਾ ਨੂੰ ਇਕ ਪੱਧਰ ਤੇ ਲਿਆ ਖੜ੍ਹਾ ਕੀਤਾ ਹੈ।

ਵਾਸਤਵ ਵਿਚ 'ਆਸਾ ਦੀ ਵਾਰ' ਵਿਚਲਾ ਗੁਰੂ ਨਾਨਕ ਦਾ ਇਹ ਪਰਮਾਰਥੀ ਚਿੰਤਨ ਬਹੁ-ਸੁਰੇ ਪ੍ਰਵਚਨਾਂ ਦੀ ਹੋਂਦ ਦਾ ਧਾਰਨੀ ਹੈ ਅਤੇ ਤੱਤਕਾਲੀਨ ਪ੍ਰਸੰਗਿਕਤਾ ਨੂੰ ਉਜਾਗਰ ਕਰਨ ਦੇ ਨਾਲ-ਨਾਲ ਇਹ ਭਵਿੱਖਮੁਖੀ ਵੀ ਹੈ ਜਿਸ ਨੂੰ ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਵਿਚ ਪੂਰਨ ਤੌਰ ਤੇ ਅਨੁਕੂਲ ਸਮਝਿਆ ਜਾ ਸਕਦਾ ਹੈ।

### (ੲ) ਮਨੁੱਖ ਅਤੇ ਰਾਜਨੀਤਿਕ ਤਾਕਤ

ਗੁਰੂ ਨਾਨਕ ਵੇਲੇ ਭਾਰਤ ਦੀ ਰਾਜਨੀਤਿਕ ਦਸ਼ਾ ਕਿਹੋ ਜਿਹੀ ਸੀ ਇਸ ਨੂੰ ਜਾਣਨ ਲਈ ਸਾਨੂੰ ਤੱਤਕਾਲੀਨ ਸੋਮਿਆਂ ਤੋਂ ਜਾਣੂ ਹੋਣਾ ਪਵੇਗਾ। ਗੁਰੂ ਨਾਨਕ ਉਹਨਾਂ ਸਮਿਆਂ ਵਿਚ ਵਿਚਰੇ ਜਦੋਂ ਲੋਧੀ ਰਾਜ ਦਾ ਅੰਤ ਅਤੇ ਮੁਗਲ ਰਾਜ ਦਾ ਆਰੰਭ ਹੋ ਚੁੱਕਾ ਸੀ। ਇਸ ਸਮੇਂ ਦੇ ਇਤਿਹਾਸ ਵਿਚ ਪੰਜਾਬ ਅਤੇ ਇਸਦੇ ਨਾਲ ਲਗਦੇ ਇਲਾਕਿਆਂ ਵਿਚ ਗੁਰੂ ਨਾਨਕ ਤੋਂ

ਇਲਾਵਾ ਕੋਈ ਵੀ ਧਾਰਮਿਕ ਆਗੂ ਜਾਂ ਧਾਰਮਿਕ ਮਹਾਂਪੁਰਸ਼ ਨਜ਼ਰ ਨਹੀਂ ਆਉਂਦਾ ਜਿਸਨੇ ਸਮਾਜ ਦੀ ਰਾਜਨੀਤਿਕ ਖੇਤਰ ਵਿਚ ਯੋਗ ਅਗਵਾਈ ਕੀਤੀ ਹੋਵੇ। ਇਸ ਸਮੇਂ ਦੀ ਰਾਜਨੀਤਿਕ ਅਵਸਥਾ ਬਾਰੇ ਡਾ. ਗੁਰਸ਼ਰਨ ਜੀਤ ਸਿੰਘ ਨੇ ਇਸ ਤਰ੍ਹਾਂ ਹਵਾਲਾ ਦਿੱਤਾ ਹੈ:

> ਪ੍ਰਾਂਤਾਂ ਦਾ ਪ੍ਰਬੰਧ ਜਾਗੀਰਦਾਰੀ ਵਿਵਸਥਾ ਰਾਹੀਂ ਹੁੰਦਾ ਸੀ। ਸਥਾਨਕ ਜਾਗੀਰਦਾਰ ਲੋਧੀ ਸੁਲਤਾਨਾਂ ਦੇ ਨੁਮਾਇੰਦੇ ਸਨ ਲੋਧੀ ਕਮਜ਼ੋਰ ਸ਼ਾਸਕ ਸਨ ਅਤੇ ਉਨ੍ਹਾਂ ਦਾ ਦੇਸ਼ ਉੱਪਰ ਤਸੱਲੀਬਖਸ਼ ਨਿਯੰਤਰਣ ਨਹੀਂ ਸੀ। ਸਾਮੰਤਾਂ ਵਿਚਕਾਰ ਨਿਰੰਤਰ ਜੰਗਾਂ ਨੇ ਜਿਨ੍ਹਾਂ ਵਿਚ ਪਿੰਡ ਅਤੇ ਪੂਰੇ ਪਰਗਨਿਆਂ ਨੂੰ ਲੁੱਟਣਾ ਅਤੇ ਗੜਬੜ ਸ਼ਾਮਲ ਹੁੰਦੀ ਸੀ ਅਤੇ ਜ਼ੁਲਮ ਦੇ ਤਿਖੇਰੇ ਹੋਣ ਨੇ ਕਿਸਾਨਾਂ ਦੀ ਹਾਲਤ ਲਖਾਇਕ ਹੱਦ ਤੱਕ ਭੈੜੀ ਬਣਾ ਦਿੱਤੀ।[25]

ਭਾਰਤੀ ਜਨਤਾ ਨੇ ਬਾਹਰਲੇ ਧਾੜਵੀਆਂ ਅਤੇ ਲੁਟੇਰੇ ਹਾਕਮਾਂ ਦੀ ਸਦੀਆਂ ਦੀ ਗੁਲਾਮੀ ਤੋਂ ਬੇਬਸ ਹੋ ਕੇ ਚੁੱਪ ਧਾਰਨ ਕਰ ਲਈ ਸੀ। ਦਬੀ ਕੁਚਲੀ ਹੋਈ ਜਨਤਾ ਨੇ ਹਾਲਾਤ ਨਾਲ ਸਮਝੌਤਾ ਕਰ ਲਿਆ ਸੀ। ਬ੍ਰਾਹਮਣਵਾਦ ਤੇ ਜੋਗੀਆਂ ਦੇ ਯੋਗ ਮੱਤ ਦੇ ਪ੍ਰਭਾਵ ਅਧੀਨ ਲੋਕਾਂ ਵਿਚ ਨਿਰਾਸ਼ਾਵਾਦੀ ਪ੍ਰਵਿਰਤੀ ਘਰ ਕਰ ਚੁੱਕੀ ਸੀ। ਭਾਰਤੀ ਲੋਕ ਆਪਣੀ ਨਿੱਜ ਮੁਕਤੀ ਲਈ ਤਾਂ ਚਿੰਤਤ ਸਨ ਪਰੰਤੂ ਉਹ ਸਮੂਹਿਕ ਜਾਂ ਸਮਾਜਿਕ ਮੁਕਤੀ ਲਈ ਕੋਈ ਸੋਝੀ ਨਹੀਂ ਰੱਖਦੇ ਸਨ। ਗੁਰੂ ਨਾਨਕ ਵੇਲੇ ਦੇ ਸਮਾਜ ਦੀ ਦਸ਼ਾ ਬਾਰੇ ਡਾ. ਮਲਕੀਤ ਸਿੰਘ ਬਾਜਵਾ ਨੇ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟਾਏ ਹਨ:

> ਗੁਰੂ ਨਾਨਕ ਬਾਣੀ ਵਿਚ ਤੱਤਕਾਲੀਨ ਸਮਾਜ ਦੀ ਰਾਜਨੀਤਿਕ ਦਸ਼ਾ ਬਾਰੇ ਸੰਕੇਤ ਮਿਲਦੇ ਹਨ। ਇਹ ਸੰਕੇਤ ਤੱਤਕਾਲੀਨ ਰਾਜਿਆਂ, ਰਾਜ-ਅਧਿਕਾਰੀਆਂ, ਵਿਦੇਸ਼ੀ ਹਮਲਿਆਂ (ਬਾਬਰ ਬਾਣੀ) ਅਤੇ ਹੋਰ ਰਾਜਸੀ ਮੁੱਦਿਆਂ ਨਾਲ ਸੰਬੰਧਿਤ ਹਨ।[26]

ਗੁਰੂ ਨਾਨਕ ਦੇਵ ਜੀ ਤੱਤਕਾਲੀ ਸਮੇਂ ਦੀ ਰਾਜਨੀਤਿਕ ਵਿਵਸਥਾ ਪ੍ਰਤਿ ਪੂਰਨ ਤੌਰ ਤੇ ਸੁਚੇਤ ਸਨ ਜਿਹੜੀਆਂ ਟਿੱਪਣੀਆਂ ਉਹਨਾਂ ਨੇ ਆਪਣੀ ਬਾਣੀ-ਰਚਨਾ ਵਿਚ ਰਾਜਿਆਂ, ਰਾਜ-ਪ੍ਰਣਾਲੀ, ਨਿਆਂ-ਪ੍ਰਣਾਲੀ ਅਤੇ ਲੋਕ ਅਧਿਕਾਰਾਂ ਬਾਰੇ ਕੀਤੀਆਂ ਹਨ, ਉਹ ਟਿੱਪਣੀਆਂ ਸਾਨੂੰ ਤੱਤਕਾਲੀ ਸਮਾਜ ਦੀ ਰਾਜਨੀਤਿਕ ਦਸ਼ਾ ਬਾਰੇ ਗਿਆਨ ਕਰਵਾਉਂਦੀਆਂ ਹਨ:

1. ਰਾਜੇ ਸੀਹ ਮੁਕਦਮ ਕੁਤੇ।।
ਜਾਇ ਜਗਾਇਨਿ੍ ਬੈਠੇ ਸੁਤੇ।।
ਚਾਕਰ ਨਹਦਾ ਪਾਇਨਿ੍ ਘਾਉ।।
ਰਤੁ ਪਿਤੁ ਕੁਤਿਹੋ ਚਟਿ ਜਾਹੁ।।[27]

2. ਕਾਜੀ ਹੋਇ ਕੈ ਬਹੈ ਨਿਆਇ ...।।
ਵਡੀ ਲੈ ਕੈ ਹਕੁ ਗਵਾਏ।।[28]

3. ਰਾਜਾ ਨਿਆਉ ਕਰੇ ਹਥਿ ਹੋਇ
ਕਹੈ ਖੁਦਾਇ ਨ ਮਾਨੈ ਕੋਇ।।[29]

ਗੁਰੂ ਨਾਨਕ ਦੇਵ ਜੀ ਦੇ ਤੱਤਕਾਲੀਨ ਰਾਜਨੀਤਿਕ ਸਮੇਂ ਨੂੰ ਇਤਿਹਾਸ ਦਾ ਬਹੁਤ ਮਾੜਾ ਸਮਾਂ ਕਿਹਾ ਜਾ ਸਕਦਾ ਹੈ। ਇਸ ਸਮੇਂ ਹਰ ਪਾਸੇ ਬਦਅਮਨੀ ਫੈਲੀ ਹੋਈ ਸੀ। ਬੇਈਮਾਨੀ ਤੇ ਕੁੰਨਬਾ ਪਰਵਰੀ (ਭਾਈ-ਭਤੀਜਾਵਾਦ) ਦਾ ਪ੍ਰਮੁੱਖ ਬੋਲ-ਬਾਲਾ ਸੀ। ਹਿੰਦੂ ਤੇ ਮੁਸਲਮਾਨਾਂ ਵਿਚ ਜਿੰਨੇ ਵੀ ਵੱਖ-ਵੱਖ ਫ਼ਿਰਕੇ, ਜਾਤਾਂ ਜਾਂ ਨਸਲਾਂ ਸਨ ਉਹਨਾਂ ਵਿਚ ਇਕ ਦੂਜੇ ਪ੍ਰਤੀ ਨਫ਼ਰਤ ਫੈਲੀ ਹੋਈ ਸੀ। ਅਜਿਹੀ ਸਥਿਤੀ ਬਾਰੇ ਬੈਨਰਜੀ (1971) ਫ਼ਰਿਸਤੇ ਦੇ ਹਵਾਲੇ ਨਾਲ ਕਹਿੰਦਾ ਹੈ:

> ਗੌਰਨਮਿੰਟ ਅਨੁਸ਼ਾਸ਼ਨਹੀਣ ਹੋ ਚੁੱਕੀ ਸੀ। ਹਰ ਥਾਂ ਤੇ ਅੰਦਰੂਨੀ ਲੜਾਈ ਹੋ ਰਹੀ ਸੀ ਤੇ ਇਸ ਤਰ੍ਹਾਂ ਦੇ ਹਾਲਾਤ ਬਣ ਗਏ ਸੀ ਜਿਹਨਾਂ ਬਾਬਤ ਕਿ ਪਹਿਲਾਂ ਕਦੇ ਸੁਣਿਆ ਵੀ ਨਹੀਂ ਸੀ ਗਿਆ। ਇਕੋ ਹੀ ਰਾਜਧਾਨੀ ਵਿਚ

> ਦੋ ਰਾਜਿਆਂ ਵਿਚਕਾਰ ਖਾਨਾ ਜੰਗੀ ਹੋ ਰਹੀ ਸੀ। ਇਹ ਖਾਨਾ ਜੰਗੀ ਇਸ ਤਰ੍ਹਾਂ ਪ੍ਰਤੀਤ ਹੁੰਦੀ ਸੀ ਜਿਸ ਤਰ੍ਹਾਂ ਕਿ ਦੋ ਸ਼ਹਿਰਾਂ ਵਿਚ ਜੰਗ ਹੋ ਗਈ ਹੋਵੇ। ਹਰ ਰੋਜ਼ ਹਜ਼ਾਰਾਂ ਲੋਕ ਮਰ ਜਾਂਦੇ ਸੀ ਤੇ ਮਰਨ ਵਾਲਿਆਂ ਦੀ ਥਾਂ ਦੇਸ਼ ਦੇ ਦੂਸਰੇ ਇਲਾਕਿਆਂ ਤੋਂ ਇਮਦਾਦ ਲਿਆ ਕੇ ਪੂਰਤੀ ਕੀਤੀ ਜਾਂਦੀ ਸੀ। ਕਈ ਗਰਵਨਰ ਇਨ੍ਹਾਂ ਖਾਨਾ ਜੰਗੀਆਂ ਵਿਚ ਕੋਈ ਵੀ ਭਾਗ ਨਹੀਂ ਸੀ ਲੈਂਦੇ ਉਹ ਸੋਚਦੇ ਸੀ ਕਿ ਸਮਾਂ ਆਉਣ ਤੇ ਉਹ ਅਜ਼ਾਦ ਹੋ ਜਾਣਗੇ ਤੇ ਸਥਿਤੀ ਦਾ ਲਾਭ ਉਠਾਉਣਗੇ।[30]

ਇਸ ਸਮੇਂ ਰਾਜਿਆਂ ਵਿਚ ਮਾਨਵਤਾਵਾਦ ਦੀ ਘਾਟ ਸੀ। ਉਹਨਾਂ ਨੂੰ ਆਮ ਲੋਕਾਂ ਦੀਆਂ ਤਕਲੀਫ਼ਾਂ ਬਾਬਤ ਕੋਈ ਜਾਣਕਾਰੀ ਨਹੀਂ ਸੀ। ਧਰਮ ਇਕ ਪ੍ਰਕਾਰ ਦਾ ਪਖੰਡ ਤੇ ਵਿਖਾਵਾ ਬਣ ਕੇ ਰਹਿ ਗਿਆ ਸੀ। ਜਿਸ ਕਾਰਨ ਵੱਖ-ਵੱਖ ਸੰਪ੍ਰਦਾਵਾਂ ਤੇ ਧਰਮਾਂ ਦੇ ਲੋਕ ਇਕ ਦੂਜੇ ਤੋਂ ਦੂਰ ਹੁੰਦੇ ਗਏ। ਗੁਰੂ ਨਾਨਕ ਨੇ ਇਸ ਪ੍ਰਕਾਰ ਦੀ ਸਥਿਤੀ ਦਾ ਗੰਭੀਰ ਵਿਸ਼ਲੇਸ਼ਣ ਕੀਤਾ ਤੇ ਕਿਹਾ:

> ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
> ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥[31]

ਗੁਰੂ ਨਾਨਕ ਦੇ ਉਪੋਕਤ ਪ੍ਰਵਚਨ ਤੋਂ ਤੱਤਕਾਲੀਨ ਸਮੇਂ ਦੀ ਰਾਜਨੀਤਿਕ ਸਥਿਤੀ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਕਿਸੇ ਵੀ ਦੇਸ਼ ਦੀ ਰਾਜਨੀਤਿਕ ਸਥਿਤੀ ਤੇ ਹੀ ਉਥੋਂ ਦੀ ਸਮਾਜਿਕ ਅਵਸਥਾ ਨਿਰਭਰ ਕਰਦੀ ਹੈ। ਗੁਰੂ ਨਾਨਕ ਵੇਲੇ ਦੀ ਰਾਜਨੀਤਿਕ ਸਥਿਤੀ ਮਜ਼ਬੂਤ ਨਹੀਂ ਸੀ। ਇਸ ਲਈ ਸਮਾਜਿਕ ਦਸ਼ਾ ਵੀ ਅਜਿਹੀ ਹੋਣੀ ਸੁਭਾਵਿਕ ਸੀ। ਉਹਨਾਂ ਨੇ ਆਪਣੀ ਬਾਣੀ-ਰਚਨਾ ਵਿਚ ਥਾਂ-ਥਾਂ ਤੇ ਰਾਜਨੀਤਿਕਾਂ ਦੀਆਂ ਘਟੀਆ ਨੈਤਿਕ ਕੀਮਤਾਂ ਦਾ ਪਾਜ਼ ਉਘਾੜਿਆ ਹੈ, ਅਮੀਰਾਂ ਦੁਆਰਾ ਗ਼ਰੀਬਾਂ ਨੂੰ ਲੁੱਟਣ ਦੇ ਖਿਲਾਫ਼ ਜਬਰਦਸਤ ਅਵਾਜ਼ ਉਠਾਈ ਅਤੇ ਰਿਸ਼ਵਤਖੋਰੀ, ਬੇਈਮਾਨੀ ਕੁਰੀਤੀਆਂ ਤੇ ਇਸਤਰੀ ਦੀ ਦੁਰਦਸ਼ਾ ਦਾ ਪੁਰਜ਼ੋਰ ਖੰਡਨ ਕੀਤਾ। ਵਾਸਤਵ ਵਿਚ ਗੁਰੂ ਨਾਨਕ ਨੇ ਰਾਜਨੀਤਿਕ ਕੁਰੀਤੀਆਂ ਨੂੰ ਸਿੱਧੇ ਸ਼ਬਦਾਂ ਵਿਚ

ਸੰਬੋਧਨ ਕੀਤਾ। ਉਦਾਹਰਣ ਦੇ ਤੌਰ ਤੇ ਉਹਨਾਂ ਨੇ ਦੂਜਿਆਂ ਦੇ ਹੱਕਾਂ ਲਈ ਅਵਾਜ਼ ਬੁਲੰਦ ਕੀਤੀ ਕਿਉਂਕਿ ਉਹ ਆਪਣੇ ਲੋਕਾਂ ਦੀ ਰਾਜਨੀਤਿਕ ਅਯੋਗਤਾ ਬਾਰੇ ਭਲੀ ਭਾਂਤ ਜਾਣੂ ਸਨ। ਜੇ. ਐਸ. ਗਰੇਵਾਲ ਆਪਣੇ ਵਿਚਾਰ ਇਸ ਤਰ੍ਹਾਂ ਅਭਿਵਿਅਕਤ ਕਰਦੇ ਹਨ:

> ਇਹ ਵੀ ਕਿਹਾ ਜਾਂਦਾ ਹੈ ਕਿ ਮੱਧ-ਕਾਲ ਦੇ ਉਹ ਪਹਿਲੇ ਭਾਰਤੀ ਸੰਤ ਸਨ, ਜਿਹਨਾਂ ਨੇ ਲੜਾਈ ਦੀ ਪੁਰ-ਜ਼ੋਰ ਨਿੰਦਿਆ ਕੀਤੀ ਤੇ ਲੁੱਟ-ਖਸੁੱਟ ਦਾ ਸਿੱਧੇ ਤੌਰ ਤੇ ਖੰਡਨ ਕੀਤਾ।[32]

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਪਹਿਲੇ ਸੁਧਾਰਕ ਸਨ, ਜਿਹਨਾਂ ਨੇ ਲੜਾਈ ਦੀ ਨਿਖੇਧੀ ਕੀਤੀ ਅਤੇ ਘਰੇਲੂ ਜੀਵਨ ਤੇ ਇਸਤਰੀ-ਜਾਤੀ ਉੱਤੇ ਪੈਂਦੇ ਇਸਦੇ ਬੁਰੇ ਪ੍ਰਭਾਵ ਦੀ ਪ੍ਰਤੱਖ ਤਸਵੀਰ ਪੇਸ਼ ਕੀਤੀ। ਇਕ ਹੋਰ ਵਿਦਵਾਨ ਮੁਤਾਬਿਕ ਗੁਰੂ ਨਾਨਕ ਰਾਜਨੀਤਿਕ ਹਾਲਾਤਾਂ ਬਾਰੇ ਖੁੱਲ੍ਹ ਕੇ ਬੋਲੇ। ਮੁਗਲਾਂ ਦੁਆਰਾ ਇਸਤਰੀ ਜਾਤੀ ਦੀ ਦੁਰਦਸ਼ਾ ਬਾਰੇ ਉਹਨਾਂ ਨੇ ਆਪਣੀਆਂ ਭਾਵਨਾਵਾਂ ਵਿਅਕਤ ਕੀਤੀਆਂ। ਆਪਣੇ ਸਮੇਂ ਦੇ ਜ਼ਾਲਮ ਸ਼ਾਸ਼ਕਾਂ ਨੂੰ ਖੁੱਲ੍ਹ ਕੇ ਭੰਡਿਆ ਅਤੇ ਲੋਧੀ ਬਾਦਸ਼ਾਹਾਂ ਦੀ ਨਿਰਭੈ ਹੋਕੇ ਅਲੋਚਨਾ ਕੀਤੀ।[33] ਜੇ. ਐਸ. ਗਰੇਵਾਲ ਨੇ ਗੰਡਾ ਸਿੰਘ ਦਾ ਹਵਾਲਾ ਦਿੰਦੇ ਹੋਏ ਕਿਹਾ ਹੈ:

> ਗੁਰੂ ਨਾਨਕ ਨੂੰ ਲੋਧੀ ਬਾਦਸ਼ਾਹ ਦੇ ਰਾਜ-ਕਾਲ ਵਿਚ ਲੋਕਾਂ ਦੇ ਜੀਵਨ ਅਤੇ ਹਾਕਮ ਸ਼੍ਰੇਣੀ ਦੇ ਆਪਣੀ ਪਰਜਾ ਪ੍ਰਤੀ ਵਿਵਹਾਰ ਦਾ ਪੂਰਾ-ਪੂਰਾ ਗਿਆਨ ਸੀ।[34]

ਮਨੁੱਖ ਅਤੇ ਰਾਜਨੀਤਿਕ ਤਾਕਤ ਬਾਰੇ ਵਿਚਾਰ ਕਰਦੇ ਹੋਇਆਂ ਇਹ ਗੱਲ ਸਪੱਸ਼ਟ ਕਰਨੀ ਬਣਦੀ ਹੈ ਕਿ ਰਾਜਨੀਤਿਕ ਤਾਕਤ ਹਮੇਸ਼ਾਂ ਹੀ ਮਨੁੱਖ ਨੂੰ ਅਚੇਤ ਰੂਪ ਵਿਚ ਗੁਲਾਮ ਰੱਖਣ ਦੀਆਂ ਵਿਧੀਆਂ ਘੜ੍ਹਦੀ ਆਈ ਹੈ। ਗੁਰੂ ਨਾਨਕ ਦੀ ਵਿਚਾਰਧਾਰਾ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਮੱਧ-ਕਾਲ ਵਿਚ ਰਾਜਨੀਤਿਕ ਵਰਗ ਵੱਲੋਂ ਅਜਿਹਾ ਰਾਜਸੀ ਪ੍ਰਬੰਧ ਉਸਾਰਿਆ ਜਾਂਦਾ ਰਿਹਾ ਹੈ ਜਿਸ ਨਾਲ ਪੂਰੀ ਤਰ੍ਹਾਂ ਸਮੁੱਚੀ ਮਨੁੱਖੀ ਮਾਨਸਿਕਤਾ ਰਾਜਨੀਤਿਕਤਾ ਨਾਲ

ਨਹੀਂ ਜੁੜ ਸਕੀ। ਗੁਰੂ ਨਾਨਕ ਫਿਲਾਸਫ਼ੀ ਸਥਾਨਕ ਪੱਧਰ ਤੇ ਹੀ ਨਹੀਂ ਸਗੋਂ ਸਮੁੱਚੀ ਮਾਨਵਤਾ ਨੂੰ ਇਕ ਅਜ਼ਾਦ ਅਤੇ ਲੋਕਤੰਤਰੀ ਢਾਂਚੇ ਵਿਚ ਪਰੋਣਾ ਚਾਹੁੰਦੀ ਸੀ। ਗੁਰੂ ਨਾਨਕ ਨੇ ਆਪਣੇ ਸਮੇਂ ਦੀ ਰਾਜਨੀਤਿਕ ਦਸ਼ਾ ਨੂੰ ਇੰਨੀ ਬਾਰੀਕੀ ਅਤੇ ਸੂਝ ਬੂਝ ਨਾਲ ਆਪਣੀ ਬਾਣੀ-ਰਚਨਾ ਵਿਚ ਬਿਆਨ ਕੀਤਾ ਹੈ। ਉਸਦੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ। ਉਹਨਾਂ ਨੇ ਆਪਣੀ ਰਚਨਾ ਵਿਚ ਲੋਟੂ ਤੇ ਲੁਟੀਂਦੇ ਵਰਗਾਂ ਵਿਚਲੀ ਖਾਈ ਨੂੰ ਮਨੁੱਖ ਅਤੇ ਰਾਜਨੀਤਿਕ ਤਾਕਤ ਦੇ ਆਦਰਸ਼ਵਾਦੀ ਕਿਰਦਾਰ ਵੱਲ ਇਸ਼ਾਰਾ ਕਰਕੇ ਭਰਨ ਦੀ ਕੋਸ਼ਿਸ਼ ਕੀਤੀ ਹੈ। ਉਹਨਾਂ ਨੇ ਜਿੱਥੇ ਜ਼ੁਲਮ, ਜ਼ਬਰ ਤੇ ਅਨਿਆਂ ਦਾ ਬਿਆਨ ਕੀਤਾ ਹੈ ਉੱਥੇ ਉਹਨਾਂ ਨੇ ਆਪਣੀ ਬਾਣੀ-ਰਚਨਾ ਵਿਚ ਕਿਸੇ ਵੀ ਰਾਜਨੀਤਿਕ ਹਾਕਮ ਜਾਂ ਬਾਦਸ਼ਾਹ ਦੀ ਅਲੋਚਨਾ ਉਸ ਦਾ ਨਾਂ ਲੈ ਕੇ ਨਹੀਂ ਕੀਤੀ। ਸਗੋਂ ਸੰਕੇਤ ਵਜੋਂ ਹੀ ਪਾਤਸ਼ਾਹ, ਸੁਲਤਾਨ, ਤਾਕਤ, ਹਾਕਮ, ਵਜ਼ੀਰ, ਦੀਵਾਨ, ਨਾਇਬ, ਲਸ਼ਕਰ, ਖ਼ਾਨ, ਸਿਕਦਾਰ, ਕਾਜ਼ੀ, ਚੌਧਰੀ ਮੁਕੱਦਮ ਅਤੇ ਰਯਤਿ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ।[35] ਉਹਨਾਂ ਦੀ ਇਸ ਵਿਚਾਰਧਾਰਾ ਦੇ ਪ੍ਰੇਖ ਵਿਚ ਮਨੁੱਖ ਅਤੇ ਰਾਜਨੀਤਿਕ ਤਾਕਤ ਨੂੰ ਇਕ ਸਾਂਵੇ ਪੱਧਰ ਤੇ ਖੜ੍ਹਾ ਕਰਨ ਦੀ ਧਾਰਨਾ ਸਪੱਸ਼ਟ ਵਿਖਾਈ ਦਿੰਦੀ ਹੈ। ਗੁਰੂ ਨਾਨਕ ਦੀ ਬਾਣੀ-ਰਚਨਾ ਰਾਜਨੀਤਿਕ ਤਾਕਤ ਨੂੰ ਧਰਮ ਨਿਰਪੇਖਤਾ ਦੇ ਮਾਰਗ ਤੇ ਤੋਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਅਜਿਹੀ ਵਿਚਾਰਧਾਰਾ ਹੀ ਮਨੁੱਖ ਨੂੰ ਅਜੋਕੇ ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਵਿਚ ਕਾਮਯਾਬ ਕਰ ਸਕਦੀ ਹੈ। ਮਨੁੱਖ ਅਤੇ ਰਾਜਨੀਤਿਕ ਤਾਕਤ ਵਿਸ਼ਵ ਪੱਧਰ ਤੇ ਧਰਮ-ਨਿਰਪੇਖਤਾ ਦੀ ਦ੍ਰਿਸ਼ਟੀ ਤੋਂ ਇਕ ਸਮਾਨ ਹੋਵੇ ਤਾਂ ਵਿਸ਼ਵੀ ਪਿੰਡ (Global Village) ਦਾ ਸੰਕਲਪ ਸਾਕਾਰ ਹੋ ਸਕਦਾ ਹੈ। ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਸਭ ਲੋਕਾਂ ਦੇ ਸਭ ਧਰਮਾਂ ਪ੍ਰਤਿ ਪਿਆਰ ਤੇ ਸਤਿਕਾਰ ਦੀ ਭਾਵਨਾ ਰੱਖਦੀ ਹੈ ਜਿਸ ਵਿਚਾਰਧਾਰਾ ਨੂੰ 'ਆਸਾ ਦੀ ਵਾਰ' ਵਿਚਲੇ ਸਰੋਕਾਰਾਂ ਦੇ ਅਧਾਰ ਤੇ ਵਿਚਾਰਨਾ ਹੈ।

ਉਂਝ ਤਾਂ ਗੁਰੂ ਗ੍ਰੰਥ ਸਾਹਿਬ ਮਨੁੱਖੀ ਭਾਈਚਾਰੇ ਦੀ ਏਕਤਾ ਦਾ ਗ੍ਰੰਥ ਹੈ ਜਿਸਦਾ ਪ੍ਰਤੱਖ ਸਬੂਤ ਇਸਦੀ ਸਮੁੱਚੀ ਬਣਤਰ ਹੈ ਜਿਸ ਵਿਚ ਲੱਗਭਗ ਪੰਜ ਸਦੀਆਂ (ਬਾਰ੍ਹਵੀਂ ਤੋਂ ਸਤਾਰਵੀਂ

ਸਦੀ ਤੱਕ) ਦੇ ਭਾਰਤ ਦੇ ਵੱਖੋ-ਵੱਖਰੇ ਪ੍ਰਾਂਤਾਂ ਦੇ, ਵੱਖੋ-ਵੱਖਰੀਆਂ ਜਾਤਾਂ ਤੇ ਬੋਲੀਆਂ ਦੇ ਭਗਤਾਂ ਦੀ ਬਾਣੀ ਦਰਜ ਹੈ। ਅਜਿਹੀ ਮਿਸਾਲ ਦੁਨੀਆਂ ਦੇ ਹੋਰ ਕਿਸੇ ਵੀ ਧਾਰਮਿਕ ਗ੍ਰੰਥ ਵਿਚ ਨਹੀਂ ਮਿਲਦੀ। ਇਸ ਸਮੁੱਚੇ ਗ੍ਰੰਥ ਦੀ ਨੀਂਹ ਗੁਰੂ ਨਾਨਕ ਦੀ ਵਿਚਾਰਧਾਰਾ ਤੇ ਸਥਿਰ ਹੈ। ਇਹ ਵਿਚਾਰਧਾਰਾ ਮਨੁੱਖ, ਰੱਬ, ਕੁਦਰਤ, ਸਮਾਜ ਅਤੇ ਸੰਸਾਰ ਦੇ ਆਪਸੀ ਸੰਬੰਧਾਂ ਅਤੇ ਸਰੋਕਾਰਾਂ ਨੂੰ ਬਿਆਨ ਕਰਦੀ ਹੋਈ ਸਮੁੱਚੇ ਵਿਸ਼ਵ ਅਤੇ ਭਾਈਚਾਰੇ ਨੂੰ ਇਕ ਲੜੀ ਵਿਚ ਪਰੋਂਦੀ ਹੈ।

'ਆਸਾ ਦੀ ਵਾਰ' ਵਿਚ ਸੰਸਾਰ (ਵਿਸ਼ਵ) ਪਰਮਾਤਮਾ ਦੀ ਹੋਂਦ ਦਾ ਚਮਤਕਾਰ ਹੈ। ਸਮੁੱਚਾ ਵਿਸ਼ਵ ਅਕਾਲ ਪੁਰਖ ਦਾ ਆਪਣਾ ਸਰੂਪ ਹੈ। ਇਹ ਜਗਤ ਪਰਮਾਤਮਾ ਦਾ ਨਿਵਾਸ ਸਥਾਨ ਵੀ ਹੈ। ਗੁਰੂ ਨਾਨਕ ਦੇਵ ਜੀ ਦਾ ਇਹ ਵਿਚਾਰ ਸਮੁੱਚੀ ਮਾਨਵਤਾ ਅਤੇ ਰਾਜਨੀਤਿਕ ਤਾਕਤ ਨੂੰ ਇਕ ਸਿਰਜਣਾਤਮਕ ਪੈਟਰਨ ਤੇ ਲਿਆ ਖੜ੍ਹਾ ਕਰਦਾ ਹੈ:

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥
ਇਕਨ੍ਹਾ ਹੁਕਮਿ ਸਮਾਇ ਲਏ ਇਕਨ੍ਹਾ ਹੁਕਮੇ ਕਰੇ ਵਿਣਾਸੁ॥[36]

'ਆਸਾ ਦੀ ਵਾਰ' ਦੀ ਸਿਖਿਆ ਮਨੁੱਖ ਨੂੰ ਸਰਬ ਸਾਂਝੀਵਾਲਤਾ ਦਾ ਸਬਕ ਪੜ੍ਹਾਉਣ ਲਈ ਉਸਦਾ ਰਿਸ਼ਤਾ ਕੁਦਰਤ ਨਾਲ ਪੱਕਾ (ਪੀਡਾ) ਕਰਦੀ ਹੈ। ਸਮੁੱਚੇ ਵਿਸ਼ਵ ਦੀ ਮਾਨਵਤਾ ਦੇ ਜੁੜਨ ਲਈ ਕੁਦਰਤ ਇਕ ਬਹੁਤ ਵੱਡਾ ਵਸੀਲਾ ਹੈ ਜਿਹੜੀ ਸਮੁੱਚੀ ਮਾਨਵਤਾ ਨੂੰ ਆਪਣੀ ਗੋਦ ਵਿਚ ਲੈਂਦੀ ਹੋਈ ਮਨੁੱਖ ਨੂੰ ਕਲਿਆਣਕਾਰੀ ਰਾਜਨੀਤਿਕ ਹਿਤਾਂ ਦੇ ਅਰਥ ਪ੍ਰਬੰਧਾਂ ਵੱਲ ਅਗਰਸਰ ਕਰਦੀ ਹੈ:

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ॥
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ॥
ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ॥
ਕੁਦਰਤਿ ਖਾਣਾ ਪੀਣਾ ਪੈਨ੍ਹਣੁ ਕੁਦਰਤਿ ਸਰਬ ਪਿਆਰੁ॥

ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ॥

ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ॥

ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ॥

ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥

ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ॥[37]

## (ਸ) ਮਨੁੱਖ ਅਤੇ ਮਾਨਵੀ ਧਰਮ

ਦੁਨੀਆਂ ਦੇ ਹਰ ਧਰਮ ਦਾ ਧਾਰਮਿਕ ਗ੍ਰੰਥ ਉਸ ਮਜ਼ਹਬ ਦੇ ਫਲਸਫ਼ੇ ਅਤੇ ਅਸੂਲਾਂ ਦਾ ਦਰਪਣ ਹੁੰਦਾ ਹੈ। ਕਿਸੇ ਵੀ ਧਰਮ ਦੇ ਅਸੂਲਾਂ ਦੀ ਬੁਨਿਆਦ ਕਿਸੇ ਦੂਜੇ ਧਰਮ ਦੇ ਗ੍ਰੰਥ ਤੇ ਅਧਾਰਿਤ ਨਹੀਂ ਹੁੰਦੀ ਪਰੰਤੂ ਗੁਰੂ ਗ੍ਰੰਥ ਸਾਹਿਬ ਇਕ ਅਜਿਹਾ ਧਾਰਮਿਕ ਗ੍ਰੰਥ ਹੈ ਜੋ ਵਾਸਤਵ ਵਿਚ ਸਮੁੱਚੇ ਵਿਸ਼ਵ ਦੀ ਮਾਨਵਤਾ ਦੇ ਧਰਮਾਂ ਦੀ ਸਾਂਝੀ ਰੂਹਾਨੀਅਤ ਅਤੇ ਜੀਵਨ ਦੀ ਦਿਸ਼ਾ ਮਾਰਗ ਦਾ ਮੈਨੀਫੈਸਟੋ ਹੈ।

ਗੁਰੂ ਗ੍ਰੰਥ ਸਾਹਿਬ ਦੀ ਨੀਂਹ ਗੁਰੂ ਨਾਨਕ ਦੇਵ ਜੀ ਦੀ ਰਚਨਾ ਤੇ ਅਧਾਰਿਤ ਹੈ। ਦੁਨੀਆਂ ਦੇ ਬਹੁਤੇ ਧਰਮ ਗ੍ਰੰਥਾਂ ਵਿਚ ਇਹੀ ਸਿੱਖਿਆ ਦਿੱਤੀ ਹੋਈ ਹੈ ਕਿ ਜਿਹੜਾ ਮਨੁੱਖ ਉਸ ਧਰਮ ਦੇ ਪੈਗੰਬਰ ਨੂੰ ਆਪਣਾ ਰੱਬ ਜਾਂ ਰੱਬ ਦਾ ਖਲੀਫ਼ਾ ਮੰਨ ਲਵੇਗਾ, ਉਹ ਮੁਕਤੀ ਹਾਸਲ ਕਰਕੇ ਜ਼ੰਨਤ ਵਿਚ ਵਾਸਾ ਕਰੇਗਾ ਭਾਵ ਕੋਈ ਵੀ ਧਰਮ ਗ੍ਰੰਥ ਉਦੋਂ ਤੱਕ ਮਨੁੱਖਤਾ ਪ੍ਰਤਿ ਸਹਾਇਕ ਸਿੱਧ ਨਹੀਂ ਹੁੰਦਾ ਜਦੋਂ ਤੱਕ ਉਸ ਧਰਮ ਦੇ ਬਾਨੀ ਦੀ ਵਫ਼ਾਦਾਰੀ ਸਵੀਕਾਰ ਨਹੀਂ ਕੀਤੀ ਜਾਂਦੀ ਭਾਵੇਂ ਬਹੁਤੇ ਧਰਮ-ਗ੍ਰੰਥ ਇਹ ਸਿੱਖਿਆ ਦਿੰਦੇ ਹਨ ਕਿ ਮਹਾਨ ਪੁਰਸ਼ਾਂ ਨੂੰ ਪਰਮਾਤਮਾ ਇਸ ਦੁਨੀਆਂ ਵਿਚ ਮਨੁੱਖਤਾ ਪ੍ਰਤਿ ਹੱਕ, ਸੱਚ, ਨਿਆਂ, ਧਾਰਮਿਕ ਪ੍ਰਚਾਰ ਅਤੇ ਪ੍ਰਸਾਰ ਵਾਸਤੇ ਭੇਜਦਾ ਹੈ। ਉਦਾਹਰਣ ਵਜੋਂ ਭਗਵਤ ਗੀਤਾ ਵਿਚ ਵਿਚਾਰ ਆਉਂਦਾ ਹੈ:

ਯਦਾ ਯਦਾ ਹਿ ਧਰਮਸਯ ਗਲਾਨਿਭ੍ਰਵਤਿ ਭਾਰਤ।

ਅੱਭਯੁਥਾਨਮ ਧਰਮਸਯ, ਤਦਾਤਮਾਨੰ ਸ੍ਰਿਜਾਮਯਹੰ॥[38]

ਭਾਵ ਜਦੋਂ ਲੋਕ ਅਧਰਮੀ ਹੋ ਜਾਂਦੇ ਹਨ ਤਾਂ ਮੈਂ ਅਧਰਮ ਨੂੰ ਖਤਮ ਕਰਨ ਲਈ ਖ਼ੁਦ ਨੂੰ ਜ਼ਾਹਰ ਕਰਦਾ ਹਾਂ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਗਿਆਨ ਜਿਹੜਾ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਦਾ ਅਧਾਰ ਹੈ ਸਾਨੂੰ ਉਪਰੋਕਤ ਸਰੋਕਾਰ ਤੋਂ ਅਜ਼ਾਦੀ ਦਿਵਾਉਂਦਾ ਹੈ। ਗੁਰੂ ਸਾਹਿਬ ਨੇ ਮਨੁੱਖੀ ਸਮਾਨਤਾ ਦਾ ਅਧਾਰ ਧਰਮ ਨੂੰ ਨਹੀਂ ਸਗੋਂ ਮਨੁੱਖ ਵਿਚਲੀ ਜੋਤ ਨੂੰ ਦੱਸਿਆ ਹੈ। ਇਸਲਾਮ ਅਤੇ ਈਸਾਈ ਧਰਮ ਸਾਰੇ ਮਨੁੱਖਤਾ ਦੀ ਸਮਾਨਤਾ ਨੂੰ ਵੀ ਪ੍ਰਵਾਨਦੇ ਹਨ ਕਿਉਂ ਜੋ ਸਾਰੇ ਮਨੁੱਖ ਆਦਮ ਦੇ ਪੁੱਤਰ, ਪੁੱਤਰੀਆਂ ਹਨ ਪਰੰਤੂ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਪਰਮਾਤਮਾ ਦਾ ਰੂਪ ਦੱਸਦਿਆਂ ਕਿਹਾ ਹੈ ਕਿ ਸਾਰੇ ਮਨੁੱਖਾਂ ਵਿਚ ਉਸ ਪਰਮਾਤਮਾ ਦਾ ਹੀ ਪ੍ਰਕਾਸ਼ ਹੈ:

ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ॥
ਤੂੰ ਸਚਾ ਸਾਹਿਬੁ ਸਿਫਤਿ ਸੁਆਲ੍ਹਿਉ ਜਿਨਿ ਕੀਤੀ ਸੋ ਪਾਰਿ ਪਇਆ॥[39]

ਉਪਰੋਕਤ ਬਾਣੀ-ਖੰਡ ਤੋਂ ਭਾਵ ਸਮੁੱਚੇ ਵਿਸ਼ਵ ਦੀ ਮਾਨਵਤਾ ਵਿਚ ਕੋਈ ਵਖਰੇਵਾਂ ਨਹੀਂ ਅਤੇ ਇਹ ਭਾਵ ਰੰਗ ਤੇ ਨਸਲ ਦੇ ਸਾਰੇ ਵਿਤਕਰਿਆਂ ਨੂੰ ਨਕਾਰਦੇ ਹਨ। ਜੇਕਰ ਇਸ ਭਾਵ ਨੂੰ ਗੰਭੀਰਤਾ ਨਾਲ ਵਿਚਾਰਿਆ ਜਾਵੇ ਤਾਂ ਸਮੁੱਚੇ ਵਿਸ਼ਵੀ ਮਨੁੱਖ ਦਾ ਧਰਮ ਮਨੁੱਖਤਾ ਨਾਲ ਜੁੜ ਜਾਂਦਾ ਹੈ ਅਤੇ ਉਹ ਇਕ ਪੱਧਰ ਤੇ ਖੜ੍ਹੇ ਦਿਖਾਈ ਦਿੰਦੇ ਹਨ। ਵਿਵਹਾਰਕ ਤੌਰ ਤੇ ਅਜੋਕੀਆਂ ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਵਿਚ ਜੇਕਰ ਇਨ੍ਹਾਂ ਵਿਚਾਰਾਂ ਨੂੰ ਅਮਲ ਵਿਚ ਲਿਆਂਦਾ ਜਾਵੇ ਤਾਂ ਇਕ ਵਿਸ਼ਵ-ਵਿਆਪੀ ਧਰਮ ਅਧਾਰਿਤ ਮਨੁੱਖੀ ਸਮਾਜ ਦੀ ਬਣਤਰ ਦਾ ਨਿਰਮਾਣ ਹੋ ਸਕਦਾ ਹੈ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਬਰਾਬਰੀ ਨੂੰ ਕਾਇਮ ਕਰਨ ਲਈ ਬਹੁਤ ਹੀ ਅਹਿਮ ਮੁੱਦਾ ਉਠਾ ਕੇ ਇਕ ਅਮੁਲਾ ਵਿਚਾਰ ਦ੍ਰਿੜ ਕਰਵਾਇਆ ਹੈ। ਗੁਰੂ

ਸਾਹਿਬ ਨੇ ਆਪਣੇ ਆਪ ਨੂੰ ਵੀ ਰੱਬ ਦਾ ਪੁੱਤਰ ਜਾਂ ਪੈਗੰਬਰ ਨਹੀਂ ਆਖਿਆ ਸਗੋਂ ਉਪਰੋਕਤ ਵਿਚਾਰ ਦੇ ਸੰਦਰਭ ਵਿਚ ਆਪਣੇ ਆਪ ਨੂੰ ਰੱਬ ਅੱਗੇ ਨਿਮਾਣਾ ਕਿਹਾ ਹੈ:

ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ॥

ਤਿਨ੍ ਮੰਗਾ ਜਿ ਤੁਝੈ ਧਿਆਇਦੇ॥[40]

ਗੁਰੂ ਨਾਨਕ ਦੇਵ ਜੀ ਦੀ ਧਰਮ-ਦ੍ਰਿਸ਼ਟੀ ਤੋਂ ਜਾਣੂ ਹੋਣ ਤੋਂ ਬਾਅਦ ਹੁਣ ਅਸੀਂ ਧਰਮ ਦੀ ਪ੍ਰਕ੍ਰਿਤੀ ਬਾਰੇ ਵਿਚਾਰ ਕਰਨੀ ਜ਼ਰੂਰੀ ਸਮਝਦੇ ਹਾਂ। ਧਰਮ ਕੀ ਹੈ? ਇਸਦਾ ਮਨੁੱਖੀ ਜੀਵਨ ਵਿਚ ਕੀ ਸਥਾਨ ਤੇ ਮਹੱਤਵ ਹੈ? ਇਹ ਕੁਝ ਮੂਲ ਪ੍ਰਸ਼ਨ ਹਨ ਜਿਨ੍ਹਾਂ ਦਾ ਸੰਤੋਖਜਨਕ ਨਿਰਣਾ ਕਰਨ ਤੋਂ ਬਿਨਾਂ ਅਸੀਂ ਆਪਣੇ ਵਿਸ਼ੇ ਦਾ ਸਾਰਥਿਕ ਨਿਰੂਪਣ ਨਹੀਂ ਕਰ ਸਕਦੇ। ਵਿਸ਼ਵੀਕਰਨ ਦੇ ਪਰਿਪੇਖ ਵਿਚ ਜਦੋਂ ਕਿ ਵਿਗਿਆਨ ਅਤੇ ਤਕਨਾਲੋਜੀ ਦੇ ਵਿਕਾਸ ਤੋਂ ਪ੍ਰਭਾਵਿਤ ਉਤਰ ਆਧੁਨਿਕਤਾਵਾਦੀ ਸੋਚ ਨੇ ਧਰਮ ਦੀ ਸਾਰਥਿਕਤਾ ਅਤੇ ਉਪਯੋਗਤਾ ਬਾਰੇ ਕਈ ਮਹੱਤਵਪੂਰਨ ਸ਼ੰਕੇ ਜਾਂ ਨੁਕਤੇ ਪੈਦਾ ਕੀਤੇ ਹਨ ਤਾਂ ਇਨ੍ਹਾਂ ਸੁਆਲਾਂ ਦਾ ਮਹੱਤਵ ਹੋਰ ਵੀ ਵਧ ਜਾਂਦਾ ਹੈ।

ਵਿਸ਼ਵ-ਚਿੰਤਨ ਵਿਚ ਧਰਮ ਦੀ ਉਪਯੋਗਤਾ ਅਤੇ ਸਾਰਥਿਕਤਾ ਬਾਰੇ ਮਤਭੇਦ ਪਾਇਆ ਜਾਂਦਾ ਹੈ। ਇਕ ਵਰਗ ਇਸ ਪੱਖ ਨੂੰ ਜੀਵਨ ਦੀ ਉੱਚਤਮ ਪ੍ਰਾਪਤੀ ਦਾ ਸ੍ਰੋਤ ਮੰਨਦਾ ਹੈ ਤੇ ਦੂਜਾ ਵਰਗ ਇਸ ਪੱਖ ਦਾ ਨਿਰੋਲ ਖੰਡਨ ਕਰਦਾ ਹੈ। ਇਕ ਪਾਸੇ ਧਰਮ ਨੂੰ ਭਾਵਨਾਤਮਕ ਅਧਾਰ ਸਮਝਿਆ ਜਾਂਦਾ ਹੈ ਦੂਜੇ ਪਾਸੇ ਅਮਾਨਵੀ ਕੱਟੜਤਾ ਤੇ ਫ਼ਿਰਕੂ ਸੰਕੀਰਣਤਾ ਦੀ ਜੜ੍ਹ ਮੰਨਿਆ ਜਾਂਦਾ ਹੈ। ਵਾਸਤਵ ਵਿਚ ਧਰਮ ਦੇ ਨਿੰਦਕ ਅਤੇ ਪ੍ਰਸੰਸਕ ਦੋਵੇਂ ਹੀ ਭਾਵੁਕ ਦ੍ਰਿਸ਼ਟੀ ਤੋਂ ਕੰਮ ਲੈਂਦੇ ਵਿਖਾਈ ਦਿੰਦੇ ਹਨ। ਅਸਲ ਵਿਚ ਵੇਖਣ ਦੀ ਲੋੜ ਇਹ ਹੈ ਕਿ ਧਰਮ ਕੀ ਹੈ? ਧਰਮ ਦਾ ਮੂਲ ਕੀ ਹੈ? ਇਹ ਭਾਵਨਾ ਮਨੁੱਖ ਵਿਚ ਕਦੋਂ ਤੇ ਕਿਵੇਂ ਉਤਪੰਨ ਹੁੰਦੀ ਹੈ? ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਗੁਰੂ ਨਾਨਕ ਬਾਣੀ ਵਿਚੋਂ ਸਹਿਜੇ ਹੀ ਲੱਭਿਆ ਜਾ ਸਕਦਾ ਹੈ:

(ੳ) ਧੌਲੁ ਧਰਮੁ ਦਇਆ ਕਾ ਪੂਤੁ॥

ਸੰਤੋਖ ਥਾਪਿ ਰਖਿਆ ਜਿਨਿ ਸੂਤਿ॥[41]

(ਅ) ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥[42]

ਭਾਵ ਮਨੁੱਖ ਵਿਚ ਪਹਿਲਾਂ ਦਇਆ ਪੈਦਾ ਹੁੰਦੀ ਹੈ। ਦਇਆ ਭਾਵਨਾ ਦੀ ਪ੍ਰਕ੍ਰਿਤੀ ਵਾਲਾ ਮਨੁੱਖ ਦੂਜੇ ਲੋੜਵੰਦ ਮਨੁੱਖਾਂ ਦੀ ਮਦਦ ਕਰਦਾ ਹੈ। ਕਿਸੇ ਦੂਜੇ ਪ੍ਰਤਿ ਹਿੰਸਾ ਜਾਂ ਕਰੋਧ ਦੀ ਵਰਤੋਂ ਨਾ ਕਰਨੀ ਦਇਆ ਹੈ। ਦਇਆ ਦੀ ਭਾਵਨਾ ਨਾਲ ਭਰਪੂਰ ਮਨੁੱਖ ਨੂੰ ਹਿੰਸਾ, ਪਾਪ ਵਿਖਾਈ ਦਿੰਦਾ ਹੈ ਜਿਸ ਨਾਲ ਸੰਸਾਰ ਵਿਚ ਇਕਸੁਰਤਾ ਪੈਦਾ ਹੁੰਦੀ ਹੈ। ਇਸ ਲਈ ਦਇਆ ਉੱਤੇ ਅਧਾਰਿਤ ਧਰਮ ਹੀ ਆਦਰਸ਼ ਸਮਾਜ ਦੇ ਨਿਰਮਾਣ ਤੇ ਸ਼ਾਂਤੀ ਬਣਾਉਣ ਲਈ ਉਪਯੋਗੀ ਹੋ ਸਕਦਾ ਹੈ। ਸੰਤੁਲਿਤ ਵਿਸ਼ਵੀ ਸਮਾਜ ਲਈ ਮਨੁੱਖ ਵਿਚ ਸੰਤੋਖ ਹੋਣਾ ਬਹੁਤ ਜ਼ਰੂਰੀ ਹੈ। ਇਸ ਨੂੰ ਗ੍ਰਹਿਣ ਕਰਨ ਨਾਲ ਮਨੁੱਖ ਦਾ ਮਾਨਸਿਕ ਪੱਧਰ ਉੱਪਰ ਉੱਠ ਕੇ ਸਰਬ-ਕਲਿਆਣ ਲਈ ਆਦਰਸ਼ ਬਣ ਜਾਂਦਾ ਹੈ। ਸੰਤੋਖ, ਦਇਆ ਤੇ ਧਰਮ ਦੇ ਸੁਮੇਲ ਨਾਲ ਸੁਵਿਵਸਥਤ ਤੇ ਸੰਗਠਿਤ ਸਮਾਜ ਦੀ ਸਿਰਜਣਾ ਹੋ ਸਕਦੀ ਹੈ। ਅਜਿਹੇ ਕਰਮ ਮਨੁੱਖ ਵਿਚ ਧਾਰਮਿਕ ਭਾਵਨਾ ਪੈਦਾ ਕਰਦੇ ਹਨ। ਕਹਿਣ ਦਾ ਭਾਵ ਹੈ ਕਿ ਧਰਮ ਦਾ ਮੂਲ ਦਇਆ ਹੈ ਇਸ ਤਰ੍ਹਾਂ ਮਨੁੱਖੀ ਜੀਵਨ ਨੂੰ ਸਾਵਾਂ ਪੱਧਰਾ ਚਲਾਉਣ ਲਈ ਧਰਮ ਦੀ ਬਹੁਤ ਅਹਿਮੀਅਤ ਹੈ।

ਦੂਜੇ ਪੱਖ ਨਾਲ ਜੁੜੇ ਲੋਕ ਜਿਹੜੇ ਧਰਮ ਨੂੰ ਅਮਾਨਵੀ ਕੱਟੜਤਾ ਤੇ ਫ਼ਿਰਕੂ ਸੰਕੀਰਣਤਾ ਨਾਲ ਜੋੜਦੇ ਹਨ, ਉਹ ਲੋਕ ਰੱਬ ਦੀ ਹੋਂਦ ਨੂੰ ਨਹੀਂ ਸਵੀਕਾਰਦੇ ਅਤੇ ਧਰਮ ਨੂੰ ਵੀ ਉੱਕਾ ਹੀ ਮਾਨਤਾ ਨਹੀਂ ਦਿੰਦੇ ਪਰੰਤੂ ਅਜੋਕੀ ਉੱਤਰ-ਆਧੁਨਿਕਤਾਵਾਦੀ ਸੋਚ ਨੇ ਇਸ ਭਾਵਨਾ ਨੂੰ ਤਿਆਗ ਦਿੱਤਾ ਹੈ ਅਤੇ ਧਰਮ ਦੀ ਸਾਰਥਿਕਤਾ ਫਿਰ ਤੋਂ ਉਭਰਨੀ ਸ਼ੁਰੂ ਹੋ ਗਈ ਹੈ। ਸੋ ਇਸ ਤਰ੍ਹਾਂ ਅਸੀਂ ਮਨੁੱਖ ਅਤੇ ਮਾਨਵੀ ਧਰਮ ਨੂੰ ਵੱਖ-ਵੱਖ ਨਹੀਂ ਕਰ ਸਕਦੇ। ਉਪਰੋਕਤ ਚਰਚਾ ਦੇ ਸੰਦਰਭ ਵਿਚ ਅਸੀਂ 'ਆਸਾ ਦੀ ਵਾਰ' ਵਿਚ ਪ੍ਰਗਟਾਏ ਮਨੁੱਖ ਅਤੇ ਮਾਨਵੀ ਧਰਮ ਬਾਰੇ ਵਿਚਾਰਾਂ ਦੀ ਸਾਰਥਿਕਤਾ ਤੇ ਅਹਿਮੀਅਤ ਨੂੰ ਅਜੋਕੇ ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਦੇ ਪਰਿਪੇਖ ਵਿਚ ਵਿਚਾਰਨ ਦੀ ਕੋਸ਼ਿਸ਼ ਕਰਾਂਗੇ।

'ਆਸਾ ਦੀ ਵਾਰ' ਵਿਚ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਮਨੁੱਖ ਅਤੇ ਮਾਨਵੀ ਧਰਮ ਦਾ ਇਕ ਅਜਿਹਾ ਖ਼ਾਕਾ ਪੇਸ਼ ਕਰਦੀ ਹੈ ਜਿਸ ਨਾਲ ਮਨੁੱਖ ਦੀ ਆਤਮਿਕ ਸ਼ੁੱਧਤਾ ਅਤੇ ਵਿਸ਼ਵੀ ਆਦਰਸ਼ਕ ਸਮਾਜ ਦੇ ਮਾਡਲ ਦੀ ਸਿਰਜਣਾ ਹੁੰਦੀ ਹੈ। ਡਾ. ਕਾਲਾ ਸਿੰਘ ਬੇਦੀ ਦੇ ਨਿਮਨ-ਲਿਖਤ ਵਿਚਾਰ ਸਾਡੀ ਇਸ ਧਾਰਨਾ ਦੀ ਪੁਸ਼ਟੀ ਕਰਦੇ ਪ੍ਰਤੀਤ ਹੁੰਦੇ ਹਨ:

> ਗੁਰੂ ਸਾਹਿਬ ਨੇ ਧਰਮ ਦਾ ਮਨੋਰਥ ਇਸ ਰਚਨਾ ਵਿਚ ਬੜੇ ਸੁੰਦਰ ਢੰਗ ਨਾਲ ਇਹ ਦੱਸਿਆ ਹੈ ਕਿ ਸੱਚਾ ਧਰਮ ਆਦਰਸ਼ਕ ਮਨੁੱਖ ਅਤੇ ਆਦਰਸ਼ਕ ਸਮਾਜ ਪੈਦਾ ਕਰਦਾ ਹੈ। ਉਹ ਕੋਈ ਧਰਮ ਹੀ ਨਹੀਂ ਜਿਸ ਵਿਚ ਵਹਿਮ ਭਰਮ, ਮਕਰ, ਫ਼ਰੇਬ, ਧੋਖੇਬਾਜ਼ੀ, ਪਖੰਡ, ਜ਼ੁਲਮ, ਦੁਰਾਚਾਰ, ਅਨਿਆਂ ਅਤੇ ਕੁਕਰਮ ਦਾਖ਼ਲ ਹੋ ਜਾਣ। ਐਸੇ ਧਰਮ ਦਾ ਕੋਈ ਲਾਭ ਨਹੀਂ ਜਿਸ ਨੂੰ ਘਟੀਆ ਜੀਵਨ ਦਾ ਮਾਧਿਅਮ ਬਣਾ ਲਿਆ ਜਾਏ। ਇਹ ਕੋਈ ਧਰਮ ਨਹੀਂ ਜਿਸਦੇ ਪਰਦੇ ਹੇਠ ਮਨੁੱਖਤਾ ਦਾ ਗਲਾ ਘੁੱਟ ਦਿੱਤਾ ਜਾਏ।[43]

'ਆਸਾ ਦੀ ਵਾਰ' ਵਿਚ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਅਤੇ ਮਾਨਵੀ ਧਰਮ ਸੰਬੰਧੀ ਅਤਿਅੰਤ ਭਾਵਨਾ ਭਰਪੂਰ ਭਾਵ ਵਿਅਕਤ ਕੀਤੇ ਹਨ। ਜਿਨ੍ਹਾਂ ਨੂੰ ਅਸੀਂ ਤਿੰਨ ਪ੍ਰਮੁੱਖ ਮਾਨਵੀ ਮੁੱਦਿਆਂ ਵਜੋਂ ਵਿਚਾਰ ਸਕਦੇ ਹਾਂ:

(ੳ) ਮਨੁੱਖ ਪ੍ਰਤਿ ਧਾਰਮਿਕ ਅਤੇ ਅਧਿਆਤਮਿਕ ਚਿੰਤਨ ਸੰਬੰਧੀ

(ਅ) ਮਨੁੱਖ ਦੇ ਦਾਰਸ਼ਨਿਕ ਅਤੇ ਸਦਾਚਾਰਕ ਚਿੰਤਨ ਸੰਬੰਧੀ

(ੲ) ਮਨੁੱਖ ਦਾ ਆਦਰਸ਼ ਸਮਾਜ ਪ੍ਰਤਿ ਚਿੰਤਨ

ਮਨੁੱਖੀ ਧਰਮ ਦੇ ਅਸਲ ਅਰਥ ਹਨ; ਸੱਚ ਦੀ ਪਹਿਚਾਣ, ਆਪੇ ਦੀ ਪਹਿਚਾਣ, ਆਪਣੇ ਕਰਤੱਵਾਂ ਪ੍ਰਤਿ ਸੋਝੀ, ਪਰਸਪਰ ਹਮਦਰਦੀ ਅਤੇ ਇਕ ਲੜੀ ਵਿਚ ਪਰੋਇਆ ਹੋਇਆ ਸਮੂਹ ਸਮਾਜ ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ 'ਆਸਾ ਦੀ ਵਾਰ' ਵਿਚ ਇਸ ਤਰ੍ਹਾਂ ਦਰਸਾਇਆ ਹੈ:

ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ॥
ਜਿਸੁ ਤੂੰ ਦੇਹਿ ਤਿਸੁ ਮਿਲੈ ਸਚੁ ਤਾ ਤਿਨ੍ਹੀ ਸਚੁ ਕਮਾਇਆ॥
ਸਤਿਗੁਰ ਮਿਲਿਐ ਸਚੁ ਪਾਇਆ ਜਿਨ੍ ਕੈ ਹਿਰਦੈ ਸਚੁ ਵਸਾਇਆ॥
ਮੂਰਖ ਸਚੁ ਨ ਜਾਣਨ੍ਹੀ ਮਨਮੁਖੀ ਜਨਮੁ ਗਵਾਇਆ॥
ਵਿਚਿ ਦੁਨੀਆ ਕਾਹੇ ਆਇਆ॥[44]

ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ 'ਸੱਚ' ਜੋ ਵਿਸ਼ਵ ਧਰਮ ਦਾ ਮੂਲ ਹੈ, ਨੂੰ ਗ੍ਰਹਿਣ ਕਰਨ ਲਈ ਮਾਰਗ ਨਿਰਦੇਸ਼ਨ ਕੀਤਾ। ਉਹਨਾਂ ਦਾ ਇਹ ਧਰਮ, ਸਾਂਝੀਵਾਲਤਾ, ਮਾਨਵਤਾ ਭਰਪੂਰ ਤੇ ਇਕ ਸਰਬ-ਸ਼ਕਤੀਮਾਨ ਰੱਬ ਨੂੰ ਮੰਨਣ ਵਾਲਾ ਹੈ। ਸੱਚ ਬੋਲਣਾ, ਸੰਤੋਖ ਕਰਨਾ ਤੇ ਸੱਚ ਦੀ ਕਿਰਤ ਕਰਨਾ ਹੀ ਮਾਨਵੀ ਧਰਮ ਦਾ ਅਸਲ ਮਨੋਰਥ ਹੈ। ਇਸ ਤੋਂ ਉਲਟ ਮੂਰਖ ਜਾਂ ਮਨਮੁੱਖ ਦਾ ਮਾਨਵੀ ਧਰਮ ਵਿਚ ਕੋਈ ਸਥਾਨ ਨਹੀਂ ਹੈ। ਅਜਿਹੇ ਮਨੁੱਖ ਸਮਾਜ ਤੇ ਬੋਝ ਹਨ ਜਿਹਨਾਂ ਪ੍ਰਤਿ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਤਮਿਕ ਵਿਚਾਰ ਮਨੁੱਖ ਨੂੰ ਸੱਚੇ ਮਾਰਗ ਤੇ ਚੱਲਣ ਲਈ ਪ੍ਰੇਰਨਾ ਦਿੰਦੇ ਹਨ। ਗੁਰੂ ਸਾਹਿਬ ਅਨੁਸਾਰ ਉਹੀ ਮਨੁੱਖ ਸੱਚ ਦਾ ਧਾਰਨੀ ਹੋ ਸਕਦਾ ਹੈ ਜਿਹੜਾ ਧਾਰਮਿਕ ਤੌਰ ਤੇ ਸੱਚੇ ਪਰਮਾਤਮਾ ਦੇ ਨਾਮ ਜਾਂ ਸੱਚ ਨੂੰ ਹਿਰਦੇ ਵਿਚ ਧਾਰਨ ਕਰਦਾ ਹੈ। ਸੱਚ ਦੇ ਧਾਰਨੀ ਮਨੁੱਖ ਦੇ ਮਨ ਵਿਚੋਂ ਵਿਕਾਰਾਂ ਦੀ ਮੈਲ ਆਪਣੇ ਆਪ ਦੂਰ ਹੋ ਜਾਂਦੀ ਹੈ। ਉਸ ਨੂੰ ਦਇਆ ਤੇ ਪਾਪ-ਪੁੰਨ ਦੀ ਪੂਰਨ ਸੋਝੀ ਹੁੰਦੀ ਹੈ। ਉਹਨਾਂ ਅਨੁਸਾਰ ਸੰਸਾਰ ਵਿਚ ਹਉਮੈ ਦਾ ਬੋਲਬਾਲਾ ਹੈ। ਹਉਮੈ ਨੂੰ ਸਮਝਣ ਲਈ ਸੱਚ ਦਾ ਹੋਣਾ ਜ਼ਰੂਰੀ ਹੈ। ਇਸ ਲਈ ਮਨੁੱਖ ਮਾਨਵੀ ਪੱਧਰ ਤੇ ਸੱਚ ਨੂੰ ਪਹਿਚਾਣ ਕੇ, ਸੰਤੋਖ ਤੇ ਸੰਜਮੀ ਗੁਣਾਂ ਨੂੰ ਅਪਣਾ ਕੇ ਆਪਣਾ ਜੀਵਨ ਸਾਰਥਿਕ ਬਣਾ ਸਕਦਾ ਹੈ। ਗੁਰੂ ਨਾਨਕ ਬਾਣੀ ਦਾ ਇਹ ਨਿਯਮ ਸਮੁੱਚੀ ਮਾਨਵਤਾ ਤੇ ਲਾਗੂ ਹੁੰਦਾ ਹੈ।

'ਆਸਾ ਦੀ ਵਾਰ' ਵਿਚ ਗੁਰੂ ਨਾਨਕ ਦੇਵ ਜੀ ਦੇ ਦਾਰਸ਼ਨਿਕ ਚਿੰਤਨ ਵਿਚ ਪਰਮਾਤਮਾ ਨੂੰ ਕੇਂਦਰੀ ਸਥਾਨ ਪ੍ਰਾਪਤ ਹੈ। ਸ਼ਰੋਮਣੀ ਅਤੇ ਸਰਬ-ਸੰਪੂਰਣ ਰੱਬੀ ਸ਼ਕਤੀ ਦਾ ਵਿਚਾਰ ਸਮੁੱਚੇ

ਵਿਸ਼ਵਾਸ ਪ੍ਰਬੰਧ ਉੱਤੇ ਹਾਵੀ ਹੈ। 'ਆਸਾ ਦੀ ਵਾਰ' ਵਿਚ ਗੁਰੂ ਸਾਹਿਬ ਸਰਬ-ਸੰਪੂਰਣ ਸ਼ਰੋਮਣੀ ਹਸਤੀ ਦੇ ਲੱਛਣਾਂ ਬਾਰੇ ਇਕ ਵਿਸ਼ੇਸ਼ ਵਿਸ਼ਵ-ਸਿਧਾਂਤੀ ਦ੍ਰਿਸ਼ਟੀਕੋਣ ਦਾ ਸਮਰੱਥਨ ਕਰਦੇ ਹਨ:

ਸਚੇ ਤੇਰੇ ਖੰਡ ਸਚੇ ਬ੍ਰਹਮੰਡ॥ ਸਚੇ ਤੇਰੇ ਲੋਅ ਸਚੇ ਆਕਾਰ॥
ਸਚੇ ਤੇਰੇ ਕਰਣੇ ਸਰਬ ਬੀਚਾਰ॥ ਸਚਾ ਤੇਰਾ ਅਮਰੁ ਸਚਾ ਦੀਬਾਣੁ॥
ਸਚੀ ਤੇਰੀ ਸਿਫਤਿ ਸਚੀ ਸਾਲਾਹ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥[45]

ਗੁਰੂ ਨਾਨਕ ਦੇਵ ਜੀ ਦਾ ਦਾਰਸ਼ਨਿਕ ਸਿਧਾਂਤ ਸੱਚ ਦੇ ਸੰਕਲਪ ਉਤੇ ਅਧਾਰਿਤ ਹੈ। ਜੋ ਸਮੁੱਚੀ ਮਾਨਵਤਾ ਦੇ ਹਿੱਤ ਲਈ ਸੱਚ ਦੇ ਗਿਆਨ ਸਿਧਾਂਤ ਨੂੰ ਨਿਰਧਾਰਤ ਕਰਦਾ ਹੈ। ਗੁਰੂ ਨਾਨਕ ਦਾ ਬ੍ਰਹਿਮੰਡ ਸੱਚਾ ਹੈ, ਇਸਦੇ ਖੰਡ ਸੱਚੇ ਹਨ। ਇਹ ਅਨੇਕ ਰੂਪੀ ਰਚਨਾ ਰੱਬੀ ਹੁਕਮ ਦੀ ਰਜ਼ਾ ਵਿਚ ਅਰਥਾਤ ਪ੍ਰਕਿਰਤੀ ਦੇ ਨਿਯਮਾਂ ਅਨੁਸਾਰ ਕਰਮਸ਼ੀਲ ਹੁੰਦੀ ਹੋਈ ਵਿਸ਼ਵ ਪੱਧਰ ਤੇ ਮਾਨਵੀ ਧਰਮ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ ਅਤੇ ਮਾਨਵੀ ਧਰਮ ਲਈ ਸੱਚ ਨੂੰ ਸਮਝਣ, ਸ੍ਰਿਸ਼ਟੀ ਦੇ ਨਿਯਮਾਂ ਨੂੰ ਸਮਝਣ, ਕੁਦਰਤ ਦੇ ਭੇਦਾਂ ਦੀ ਸੋਝੀ ਦਾ ਮਾਨਵੀ ਸੋਚਣੀ ਤੇ ਇਸ ਦਾ ਅਸਰ, ਮਾਨਵੀ ਹਉਮੈ ਨੂੰ ਘਟਾਉਂਦਾ ਹੈ।

ਗੁਰੂ ਨਾਨਕ ਦੇਵ ਜੀ ਦੀ ਦਾਰਸ਼ਨਿਕ ਵਿਚਾਰਧਾਰਾ ਅਨੁਸਾਰ ਬ੍ਰਹਿਮੰਡ ਦੀ ਸਿਰਜਣਾ ਕੇਵਲ ਪਰਮਾਤਮਾ ਹੀ ਕਰਦਾ ਹੈ। ਉਹ ਸੁਤੰਤਰ ਤੌਰ ਤੇ ਬਗ਼ੈਰ ਕਿਸੇ ਦੂਜੀ ਸ਼ਕਤੀ ਤੋਂ ਜਗਤ ਦਾ ਪਾਸਾਰਾ ਕਰਦਾ ਹੈ। ਸ੍ਰਿਸ਼ਟੀ ਉੱਤੇ ਵਿਚਰਨ ਵਾਲੇ ਸਭ ਤਰ੍ਹਾਂ ਦੇ ਜੀਵ-ਜੰਤੂ (ਮਨੁੱਖ ਸਮੇਤ) ਸਭ ਉਸਦੇ ਹੀ ਪੈਦਾ ਕੀਤੇ ਹੋਏ ਹਨ। ਇਸ ਤਰ੍ਹਾਂ ਸਮੁੱਚੀ ਮਾਨਵਤਾ ਵਿਸ਼ਵ ਪੱਧਰ ਤੇ ਇਕ ਮਾਨਵੀ ਭਾਈਚਾਰੇ ਨੂੰ ਪ੍ਰਗਟਾਉਂਦੀ ਹੈ:

ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ॥
ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ॥
ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ॥
ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ॥

ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ॥[46]

ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਇਹ ਦਰਸਾਉਂਦੀ ਹੈ ਕਿ ਮਾਨਵੀ ਧਰਮ ਦਾ ਸਦਾਚਾਰਕ ਜਾਂ ਨੈਤਿਕ ਪ੍ਰਬੰਧ ਨਾਲ ਬੱਝਵਾਂ ਤੇ ਅਟੁੱਟ ਰਿਸ਼ਤਾ ਹੈ। ਸਦਾਚਾਰਕ ਜਾਂ ਨੈਤਿਕ ਗੁਣਾਂ ਤੋਂ ਬਗ਼ੈਰ ਧਰਮ ਦੀ ਕੋਈ ਅਹਿਮੀਅਤ ਨਹੀਂ ਰਹਿ ਜਾਂਦੀ। ਮਨੁੱਖ ਸਦਾਚਾਰਕ ਨਿਯਮਾਂ ਨੂੰ ਧਾਰਨ ਕਰਕੇ ਹੀ ਵਿਆਪਕ ਪੱਧਰ ਤੇ ਆਦਰਸ਼ਕ ਮਨੁੱਖੀ ਸਮਾਜ ਜਾਂ ਸਮਾਜਾਂ ਦੀ ਸਹਿ-ਹੋਂਦ ਦੀ ਕਲਪਨਾ ਕਰ ਸਕਦਾ ਹੈ। ਉਹਨਾਂ ਦੀ ਇਹ ਵਿਚਾਰਧਾਰਾ ਸਮੁੱਚੀ ਮਾਨਵਤਾ ਨੂੰ ਸਦਾਚਾਰਕ ਤੌਰ ਤੇ ਉਚੇਰਾ ਚੁੱਕ ਕੇ ਇਕ ਸੰਪੂਰਣ ਸ਼ਖ਼ਸੀਅਤ ਵਾਲਾ ਸਵਸਥ ਤੇ ਨਰੋਆ ਸਮਾਜ ਉਸਾਰਨ ਉੱਤੇ ਵਿਸ਼ੇਸ਼ ਬਲ ਦਿੰਦੀ ਹੈ। ਮਨੁੱਖ ਸਮਾਜ ਵਿਚ ਰਹਿ ਕੇ ਦੁਨਿਆਵੀ ਸੁੱਖਾਂ ਦੀ ਪ੍ਰਾਪਤੀ ਲਈ ਅਨੇਕਾਂ ਅਡੰਬਰ ਰਚਦਾ ਹੈ। ਅਜਿਹਾ ਪ੍ਰਾਪਤ ਕਰਨ ਲਈ ਉਹ ਸਿੱਧੇ ਜਾਂ ਅਸਿੱਧੇ ਢੰਗ ਨਾਲ ਧਨ ਕਮਾਉਂਦਾ ਹੈ ਪਰੰਤੂ ਉਸਦੀਆਂ ਮਾਨ-ਮਰਿਯਾਦਾਵਾਂ ਸਭ ਇਥੇ ਹੀ ਰਹਿ ਜਾਂਦੀਆਂ ਹਨ। ਗੁਰੂ ਨਾਨਕ ਦੇਵ ਜੀ ਦਾ ਸਮੁੱਚੀ ਮਾਨਵਤਾ ਨੂੰ ਸੁਚੇਤ ਪੱਧਰ ਤੇ ਇਕ ਵਿਸ਼ੇਸ਼ ਪੈਗ਼ਾਮ ਹੈ ਕਿ ਰੱਬੀ ਦਰਗਾਹ ਵਿਚ ਸ਼ੁਭ ਕਰਮ ਕਰਨ ਵਾਲਿਆਂ ਨੂੰ ਸਤਿਕਾਰ ਅਤੇ ਅਸ਼ੁਭ ਜਾਂ ਮੰਦੇ ਕਰਮ ਕਰਨ ਵਾਲਿਆਂ ਨੂੰ ਸਜਾ ਅਵੱਸ਼ ਮਿਲਣੀ ਹੈ:

ਆਪੀਨੈ੍ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥
ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥
ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥
ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ॥
ਮਨਿ ਅੰਧੈ ਜਨਮੁ ਗਵਾਇਆ॥[47]

ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਅਨੁਸਾਰ ਮਨੁੱਖ ਨੂੰ ਅਜਿਹਾ ਕੋਈ ਕਰਮ ਨਹੀਂ ਕਰਨਾ ਚਾਹੀਦਾ ਜਿਸ ਦੇ ਸਿੱਟੇ ਵਜੋਂ ਉਸ ਨੂੰ ਪਹਿਲਾਂ ਸਮਾਜ ਅਤੇ ਫਿਰ ਰੱਬੀ ਦਰਗਾਹ ਵਿਚ ਸ਼ਰਮਿੰਦਾ ਹੋਣਾ ਪਵੇ:

ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ॥

ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ।।[48]

ਗੁਰੂ ਨਾਨਕ ਦੇਵ ਜੀ ਦੀ ਬਾਣੀ-ਰਚਨਾ ਵਿਚਲਾ ਉਪਰੋਕਤ ਸਦਾਚਾਰਕ ਸੰਦੇਸ਼ ਸਮੁੱਚੀ ਮਾਨਵਤਾ ਨੂੰ ਸੰਬੋਧਿਤ ਹੈ। ਉਹਨਾਂ ਨੇ ਹਮੇਸ਼ਾਂ ਸਦਾਚਾਰ ਭਾਵ ਨੈਤਿਕ ਕਦਰਾਂ-ਕੀਮਤਾਂ ਨੂੰ ਲੋਕ ਮਾਨਸਿਕਤਾ ਵਿਚ ਦ੍ਰਿੜ ਕਰਵਾ ਕੇ ਇਕ ਸਰਬ-ਵਿਆਪੀ ਸਦਾਚਾਰਕ ਫਲਸਫ਼ੇ ਦਾ ਸਿਧਾਂਤ ਪੇਸ਼ ਕੀਤਾ ਹੈ। ਇਹ ਫਲਸਫ਼ਾ ਇਕ ਵਿਸ਼ਵ-ਵਿਆਪੀ ਬਰਾਦਰੀ ਦਾ ਅਨੁਭਵ ਕਰਵਾਉਂਦਾ ਹੈ। ਗੁਰੂ ਨਾਨਕ ਦੇਵ ਜੀ ਦੇ ਸਦਾਚਾਰਕ ਦ੍ਰਿਸ਼ਟੀ ਦੇ ਸਿਧਾਂਤ ਦੀ ਸਰਬ-ਵਿਆਪੀ ਸਾਰਥਿਕਤਾ ਇਹ ਹੈ ਕਿ ਇਸ ਨਾਲ ਸਮੁੱਚੀ ਮਾਨਵਤਾ ਦੇ ਸਦਾਚਾਰਕ ਜਾਂ ਨੈਤਿਕ ਮੁੱਲਾਂ ਦੇ ਨਿਆਂਸ਼ੀਲ ਪ੍ਰਬੰਧ ਨੂੰ ਇਕ ਯੋਗ ਅਧਾਰ ਮਿਲਦਾ ਹੈ।

ਇਕ ਆਦਰਸ਼ ਸਮਾਜ ਦੀ ਨੀਂਹ ਸਮਾਜ ਦੀ ਸਮੁੱਚੀ ਧਾਰਮਿਕ ਅਤੇ ਸਦਾਚਾਰਕ ਅਧਾਰ ਤੇ ਉਸਰੀ ਹੁੰਦੀ ਹੈ ਅਜਿਹੇ ਸਮਾਜ ਵਿਚ ਮਨੁੱਖ ਦਾ ਮਨੁੱਖ ਪ੍ਰਤਿ ਵਿਵਹਾਰ ਸਾਵਾਂ ਪੱਧਰਾ ਹੁੰਦਾ ਹੈ। ਅਜਿਹੇ ਸਮਾਜ ਵਿਚ ਜ਼ਾਤ-ਪਾਤ, ਊਚ-ਨੀਚ, ਰੰਗ-ਨਸਲ, ਅਮੀਰੀ-ਗ਼ਰੀਬੀ ਆਦਿ ਦਾ ਕੋਈ ਭੇਦ-ਭਾਵ ਨਹੀਂ ਹੁੰਦਾ ਅਤੇ ਮਾਨਵੀ ਅਧਿਕਾਰਾਂ ਦੀ ਨਿਆਂਸ਼ੀਲਤਾ ਦਾ ਪ੍ਰਬੰਧ ਵੀ ਸੱਚੀਆਂ-ਸੁੱਚੀਆਂ ਸਦਾਚਾਰਕ ਕਦਰਾਂ-ਕੀਮਤਾਂ ਉਤੇ ਅਧਾਰਿਤ ਹੁੰਦਾ ਹੈ। ਸਮੁੱਚਾ ਸਮਾਜ ਇਕ ਭਾਈਚਾਰਕ ਸੂਤਰ ਵਿਚ ਬੰਨ੍ਹਿਆ ਹੁੰਦਾ ਹੈ। 'ਆਸਾ ਦੀ ਵਾਰ' ਵਿਚ ਗੁਰੂ ਨਾਨਕ ਦੇਵ ਜੀ ਨੇ ਜੋ ਵਿਚਾਰ ਵਿਅਕਤ ਕੀਤੇ ਹਨ। ਉਸ ਵਿਚ ਉਪਰੋਕਤ ਦੱਸੇ ਸਾਰੇ ਵਿਵਹਾਰਕ ਸਿਧਾਂਤ ਇਕ ਬਰਾਬਰੀ ਵਾਲਾ ਵਿਸ਼ਵ-ਭਾਈਚਾਰਾ ਸਥਾਪਿਤ ਕਰਦੇ ਨਜ਼ਰ ਆਉਂਦੇ ਹਨ। ਅਜਿਹੇ ਸਮਾਜ ਦੀ ਸਥਾਪਨਾ ਪ੍ਰਤਿ ਉਹਨਾਂ ਦਾ ਵਿਚਾਰ ਮਨੁੱਖਾਂ ਦਰਮਿਆਨ ਆਪਸੀ ਸੂਝ-ਬੂਝ ਪੈਦਾ ਕਰਨਾ ਹੈ।

'ਆਸਾ ਦੀ ਵਾਰ' ਵਿਚ ਗੁਰੂ ਨਾਨਕ ਦੇਵ ਜੀ ਨੇ ਤੱਤਕਾਲੀਨ ਸਮਾਜਿਕ ਕੁਰੀਤੀਆਂ, ਸ਼ਾਸਕੀ-ਵਰਗ ਦੀਆਂ ਦਮਨਕਾਰੀ ਨੀਤੀਆਂ ਅਤੇ ਮਨੁੱਖੀ ਨਾ-ਬਰਾਬਰੀ ਜਾਂ ਊਚ-ਨੀਚ ਆਦਿ ਨੂੰ ਦ੍ਰਿਸ਼ਟੀਗੋਚਰ ਹੀ ਨਹੀਂ ਕੀਤਾ ਸਗੋਂ ਇਹਨਾਂ ਬੇਤਰਤੀਬੀਆਂ ਦੀ ਡਟ ਕੇ ਵਿਰੋਧਤਾ

ਕੀਤੀ ਹੈ। ਇਸ ਵਿਰੋਧਤਾ ਦੇ ਪਿਛੋਕੜ ਵਿਚ ਸਾਨੂੰ ਗੁਰੂ ਨਾਨਕ ਦੇਵ ਜੀ ਦੀ ਇੱਕ ਆਦਰਸ਼ ਸਮਾਜ ਦੇ ਨਿਰਮਾਣ ਪ੍ਰਤਿ ਸਾਰਥਿਕ ਸਦ-ਭਾਵਨਾ ਉਜਾਗਰ ਹੁੰਦੀ ਨਜ਼ਰ ਆਉਂਦੀ ਹੈ।

ਗੁਰੂ ਸਾਹਿਬ ਦੇ ਤੱਤਕਾਲੀਨ ਸਮਾਜ ਵਿਚ ਜ਼ਾਤ-ਪਾਤ ਦੇ ਵਿਚਾਰ ਬਹੁਤ ਹੀ ਵਿਰੋਧਾਤਮਕ ਅਤੇ ਮਨੁੱਖ ਪ੍ਰਤਿ ਉਲਟ-ਭਾਵੀ ਜਾਂ ਕੱਟੜ-ਭਾਵੀ ਹੱਦ ਤੱਕ ਪਾਏ ਜਾਂਦੇ ਹਨ। ਉੱਚੀ ਜ਼ਾਤ ਦਾ ਅਭਿਮਾਨ ਕੀਤਾ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਨੇ ਅਜਿਹੇ ਅਭਿਮਾਨੀ ਮਨੁੱਖਾਂ ਨੂੰ ਸੁਚੇਤ ਕਰਕੇ ਇਹ ਫਲਸਫ਼ਾ ਪੇਸ਼ ਕੀਤਾ ਕਿ ਰੱਬੀ ਦਰਗਾਹ ਵਿਚ ਮਨੁੱਖ ਦੀ ਜ਼ਾਤ ਨੂੰ ਨਹੀਂ ਸਗੋਂ ਉਸਦੇ ਅਮਲਾਂ ਨੂੰ ਵਿਚਾਰਿਆ ਜਾਣਾ ਹੈ:

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ॥
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ॥[49]

ਗੁਰੂ ਨਾਨਕ ਦੇਵ ਜੀ ਦਾ ਉਪਰੋਕਤ ਵਿਚਾਰ ਕਿਸੇ ਇਕ ਖ਼ਾਸ ਜਾਤੀ ਪ੍ਰਤਿ ਨਹੀਂ ਸਗੋਂ ਸਮੁੱਚੀ ਮਾਨਵਤਾ ਇਸਦੇ ਕਲੇਵਰ ਵਿਚ ਆਉਂਦੀ ਹੈ। ਗੁਰੂ ਸਾਹਿਬ ਦੇ ਤੱਤਕਾਲੀਨ ਸਮਾਜ ਵਿਚ ਇਸਤਰੀ ਜਾਤੀ ਨੂੰ ਨਿੰਦਿਆ ਜਾਂਦਾ ਸੀ। ਇਸਤਰੀ ਆਰਥਿਕ, ਸਮਾਜਿਕ ਅਤੇ ਧਾਰਮਿਕ ਪੱਖ ਤੋਂ ਮਨੁੱਖ ਦੀ ਗੁਲਾਮ ਸੀ। ਉਹਨਾਂ ਨੇ ਇਸਤਰੀ ਜਾਤੀ ਦੀ ਦੁਰਦਸ਼ਾ ਪ੍ਰਤਿ ਜ਼ੋਰਦਾਰ ਤੇ ਸਾਕਾਰਾਤਮਕ ਅਵਾਜ਼ ਬੁਲੰਦ ਕੀਤੀ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥[50]

ਗੁਰੂ ਨਾਨਕ ਦੇਵ ਜੀ ਇਸਤਰੀ ਜਾਤੀ ਨੂੰ ਸਮੁੱਚੀ ਸ਼ਖ਼ਸੀਅਤ ਅਤੇ ਸਮਾਜਿਕ ਵਾਤਾਵਰਣ ਦੇ ਪਰਸਪਰ ਸੰਬੰਧਾਂ ਦੇ ਅੰਤਰਗਤ ਸਵੀਕਾਰ ਕਰਦੇ ਹਨ। ਇਸ ਸਾਂਵੇਪਨ ਨਾਲ ਹੀ ਇਕ ਆਦਰਸ਼ ਸਮਾਜ ਦੇ ਨਿਰਮਾਣ ਦੀ ਕਲਪਨਾ ਕੀਤੀ ਜਾ ਸਕਦੀ ਹੈ। ਅਜਿਹੀ ਸੋਚ

ਵਿਅਕਤੀ ਵਿਚ ਇਕ ਵਿਸ਼ਵ-ਵਿਆਪੀ ਦ੍ਰਿਸ਼ਟੀ ਵਾਲਾ ਪਰਿਪੇਖ ਪੈਦਾ ਕਰਦੀ ਹੈ। 'ਆਸਾ ਦੀ ਵਾਰ' ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਦਰਸਾਏ ਸਿਧਾਂਤ ਮਨੁੱਖ ਨੂੰ ਸਦਾਚਾਰਕ ਅਤੇ ਦੈਵੀ ਗੁਣਾਂ ਦਾ ਧਾਰਨੀ ਬਣਾਉਂਦੇ ਹਨ। ਅਜਿਹੇ ਗੁਣਾਂ ਦੇ ਧਾਰਨੀ ਮਨੁੱਖਾਂ ਦਾ ਸਮੂਹ ਹੀ ਇਕ ਆਦਰਸ਼ਕ ਸਮਾਜ ਦੀ ਸਿਰਜਣਾ ਕਰ ਸਕਦਾ ਹੈ। 'ਆਸਾ ਦੀ ਵਾਰ' ਵਿਚਲੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਵਿਚਾਰਨ ਉਪਰੰਤ ਇਹ ਸਿੱਟਾ ਨਿਕਲਦਾ ਹੈ ਕਿ ਇਸ ਬਾਣੀ-ਰਚਨਾ ਵਿਚ ਸੰਕਲਿਤ ਦਰਸ਼ਨ ਨੂੰ ਇਕ ਇਕਾਈ ਵਜੋਂ ਗ੍ਰਹਿਣ ਕਰਦਿਆਂ ਬਹੁਤ ਸਾਰੇ ਸ਼ਬਦ ਤੇ ਬਾਣੀ-ਤੁਕਾਂ ਅਜਿਹੀਆਂ ਮਿਲਦੀਆਂ ਹਨ ਜਿਨ੍ਹਾਂ ਵਿਚ ਗੁਰੂ ਸਾਹਿਬ ਨੇ ਸਪੱਸ਼ਟ ਰੂਪ ਵਿਚ ਸਮੁੱਚੀ ਮਨੁੱਖਤਾ ਦੇ ਮਾਨਸਿਕ, ਬੌਧਿਕ ਤੇ ਆਤਮਿਕ ਵਿਕਾਸ ਉੱਪਰ ਬਲ ਦਿੰਦਿਆਂ, ਨੈਤਿਕ ਤੇ ਸਦਾਚਾਰਕ ਕਦਰਾਂ-ਕੀਮਤਾਂ ਨੂੰ ਅਪਨਾਉਣ ਲਈ ਪ੍ਰੇਰਿਤ ਕੀਤਾ ਹੈ। ਅਜਿਹੀਆਂ ਇਖ਼ਲਾਕੀ ਕਦਰਾਂ-ਕੀਮਤਾਂ ਤੇ ਅਧਾਰਿਤ ਹੀ ਸਮੁੱਚੀ ਮਾਨਵਤਾ ਦੀ ਸਹਿ-ਹੋਂਦ ਵਾਲਾ ਇਕ ਸਵਸਥ ਅਤੇ ਆਦਰਸ਼ਕ ਸਮਾਜ ਉਸਾਰਿਆ ਜਾ ਸਕਦਾ ਹੈ।

# ਹਵਾਲੇ ਅਤੇ ਟਿੱਪਣੀਆਂ

1. ਡਾ. ਸੁਖਵਿੰਦਰ ਕੌਰ ਬਾਜਵਾ, ***ਉੱਤਰ-ਆਧੁਨਿਕਤਾਵਾਦ ਅਤੇ ਗੁਰਬਾਣੀ***, ਪੰਨਾ 42
2. ਉਹੀ, ਪੰਨਾ 44
3. J.S. Grewal, ***Guru Nanak in History***, page 172
4. ਡਾ. ਗੁਰਸ਼ਰਨ ਕੌਰ ਜੱਗੀ, ***ਵਾਰਾਂ ਭਾਈ ਗੁਰਦਾਸ,*** ਵਾਰ ੧, ਪਉੜੀ 40, ਪੰਨਾ 74
5. ***ਗੁਰੂ ਗ੍ਰੰਥ ਸਾਹਿਬ***, ਪੰਨਾ 468-469
6. ਉਹੀ, ਪੰਨਾ 466-467
7. ਉਹੀ, ਪੰਨਾ 473
8. ਉਹੀ, ਪੰਨਾ 465
9. ਉਹੀ, ਪੰਨਾ 471
10. ਉਹੀ, ਪੰਨਾ 468
11. Immanuel Kant, ***What is Enlightenment***, page 54
12. "The state should create conditions which may help the individual to further his personality. The good of the human being is the first duty of any constituted authority. The state is there for the indivudual and not vice-versa. An Ideal ruler must, therefore, be an embodiment of divine wisdom and he should always cater to the needs of the people. If he fails to fulfil his duties, he loses the mandate of God and his removal from power."

    J.S. Grewal, ***Guru Nanak in History***, page 146

13. "This posits that there is a natural law which exists independently of the positive laws of polities, to which all humans are subject, and which derives from nature-or God."
Tim Dunney and Nicholas J. Wheeler (Edited), ***Human Rights in Global Politics***, page 51

14. R.N. Duggal, ***Indian Political System***, page 150

15. "All human beings are born free and equal in dignity and rights. They are endowed with reason and conscince and should act towards one another in a spirit of brotherhood.
Ioanna Kucuradi Volume 3 (Edited), ***The Idea and the Documents of Human Rights***, page 21

16. "If the adjective human is taken seriously, the idea of human rights must be the idea that there are certain rights which, whether or not they are recognised, belong to all human beings at all times and in all places. These are the rights which they have solely in virtue of being human, irrespective of nationality, religion, sex, social status, occupation, wealth, prorperty or any other differentiating ethnic, cultural or social characteristic. Article 2 of the UN Declaration appears to support this suggestion."
Prof. A.J.M. Milne, ***Human Rights and Human Diversity*** (***An Essay in the Philosophy of Human Rights***, page 1

17. **ਗੁਰੂ ਗ੍ਰੰਥ ਸਾਹਿਬ**, ਪੰਨਾ 462

18. ਉਹੀ, ਪੰਨਾ 463

19. ਉਹੀ, ਪੰਨਾ 463

20. ਉਹੀ, ਪੰਨਾ 463-464

21. ਉਹੀ, ਪੰਨਾ 471

22. ਡਾ. ਕਾਲਾ ਸਿੰਘ ਬੇਦੀ, ***ਗੁਰੂ ਨਾਨਕ - ਕਾਵਿ ਚਿਤਰਣ***, ਪੰਨਾ 80

23. ***ਗੁਰੂ ਗ੍ਰੰਥ ਸਾਹਿਬ***, ਪੰਨਾ 141

24. ਉਹੀ, ਪੰਨਾ 468

25. ਗੁਰਸ਼ਰਨ ਜੀਤ ਸਿੰਘ, ***ਗੁਰੂ ਨਾਨਕ ਬਾਣੀ ਦਾ ਸਮਾਜ-ਸ਼ਾਸਤਰੀ ਪਰਿਪੇਖ***, ਪੰਨਾ 86

26. ਮਲਕੀਤ ਸਿੰਘ ਬਾਜਵਾ, ***ਮੱਧਕਾਲੀ ਪੰਜਾਬੀ ਕਾਵਿ***, ਪੰਨਾ 32

27. ***ਗੁਰੂ ਗ੍ਰੰਥ ਸਾਹਿਬ***, ਪੰਨਾ 1288

28. ਉਹੀ, ਪੰਨਾ 951

29. ਉਹੀ, ਪੰਨਾ 350

30. ਟੀ. ਐਸ. ਸੋਢੀ, ***ਗੁਰੂ ਨਾਨਕ ਦਾ ਵਿਦਿਅਕ ਫਲਸਫ਼ਾ***, ਪੰਨਾ 17

31. ***ਗੁਰੂ ਗ੍ਰੰਥ ਸਾਹਿਬ***, ਪੰਨਾ145

32. "It is also said that he was the first medieval Indian Saint to condemn war and to denounce exploitation."
J.S. Grewal, ***Guru Nanak in History***, page 145

33. "According to another scholar, Guru Nanak was 'Vocal on things political' ; he was moved by the suffering of women at the hands of the Mughals; he upbraided the tyrannical rulers of the times; and he fearlessly criticized the Lodis.
Ibid, page 145-146

34. "It has been remarked recently that Guru Nanak had a 'first hand knowledge' of the condition of the people under the Lodis and of the behaviour of the ruling class towards the subject people."
Ibid, page 147

35. ਇਨ੍ਹਾਂ ਸ਼ਬਦਾਂ ਦੇ ਹਵਾਲੇ ਲਈ ਗੁਰੂ ਗ੍ਰੰਥ ਸਾਹਿਬ ਦੀ ਸੰਬੰਧਿਤ ਬਾਣੀ ਸਿਰੀ ਰਾਗ (ਅਸ਼ਟਪਦੀਆਂ), ਰਾਗ ਆਸਾ, ਜਪੁਜੀ, ਰਾਗ ਵਡਹੰਸ, ਛੰਤ ਤੇ ਅਲਾਹੁਣੀਆਂ, ਵਾਰ ਮਾਝ, ਰਾਗ ਪ੍ਰਭਾਤੀ, ਵਾਰ ਮਲ੍ਹਾਰ, ਰਾਗ ਬਿਲਾਵਲ, ਰਾਗ ਸੂਹੀ ਅਤੇ ਰਾਗ ਬਸੰਤ ਆਦਿ ਨੂੰ ਵੇਖਿਆ ਜਾ ਸਕਦਾ ਹੈ।

36. ***ਗੁਰੂ ਗ੍ਰੰਥ ਸਾਹਿਬ***, ਪੰਨਾ 463

37. ਉਹੀ, ਪੰਨਾ 464

38. A.C. Bhaktivedanta Swami Prabhupada ***Bhagavad-Gita, As it is***, page 201

39. ***ਗੁਰੂ ਗ੍ਰੰਥ ਸਾਹਿਬ***, ਪੰਨਾ 469

40. ਉਹੀ, ਪੰਨਾ 468

41. ਉਹੀ, ਪੰਨਾ 3

42. ਉਹੀ, ਪੰਨਾ 468

43. ਕਾਲਾ ਸਿੰਘ ਬੇਦੀ, ***ਵਾਰਕਾਰ ਗੁਰੂ ਨਾਨਕ***, ਪੰਨਾ 30

44. ***ਗੁਰੂ ਗ੍ਰੰਥ ਸਾਹਿਬ***, ਪੰਨਾ 467

45. ਉਹੀ, ਪੰਨਾ 463

46. ਉਹੀ, ਪੰਨਾ 467

47. ਉਹੀ, ਪੰਨਾ 464

48. ਉਹੀ, ਪੰਨਾ 469

49. ਉਹੀ, ਪੰਨਾ 469

50. ਉਹੀ, ਪੰਨਾ 473

ਅਧਿਆਇ ਚੌਥਾ

# ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਵਿਚ ਜਪੁਜੀ ਵਿਚਲੇ ਮੂਲ ਸਰੋਕਾਰਾਂ ਦੀ ਸਾਰਥਿਕਤਾ

ਅਧਿਆਇ ਚੌਥਾ

# ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਵਿਚ ਜਪੁਜੀ ਵਿਚਲੇ ਮੂਲ ਸਰੋਕਾਰਾਂ ਦੀ ਸਾਰਥਿਕਤਾ

ਅਸੀਂ ਪਿੱਛੇ ਵਿਚਾਰ ਕਰ ਆਏ ਹਾਂ ਕਿ ਵਿਸ਼ਵੀਕਰਨ ਬਾਰੇ ਵਿਦਵਾਨ ਇੱਕ ਮੱਤ ਨਹੀਂ ਹਨ। ਵਿਸ਼ਵੀਕਰਨ ਦੇ ਸਮਰੱਥਕ ਵਿਸ਼ਵ-ਵਪਾਰਕ ਮੰਡੀ ਵਿਚ ਹੀ ਵਿਕਾਸਸ਼ੀਲ ਦੇਸ਼ਾਂ ਦੀ ਉੱਨਤੀ ਦਾ ਰਾਹ ਵੇਖਦੇ ਹਨ ਪਰੰਤੂ ਇਹ ਹਕੀਕਤ ਨਹੀਂ ਜਾਪਦੀ। ਅਸਲ ਵਿਚ ਪੂੰਜੀਵਾਦੀ ਤਾਕਤਾਂ ਨੇ ਆਪਣੇ ਸਾਮਰਾਜੀ ਮਨਸੂਬਿਆਂ ਨੂੰ ਨਵ-ਬਸਤੀਵਾਦੀ ਰੁਚੀ ਤਹਿਤ ਵਿਸ਼ਵੀਕਰਨ ਦੇ ਪ੍ਰਸੰਗ ਵਜੋਂ ਪੇਸ਼ ਕਰਨਾ ਸ਼ੁਰੂ ਕਰ ਦਿੱਤਾ ਹੈ। ਜੇਮਜ ਪੈਟਰਾਸ ਵੀ ਇਸ ਗੱਲ ਦੀ ਹਾਮੀ ਭਰਦੇ ਹਨ। ਉਹਨਾਂ ਦੇ ਸ਼ਬਦਾਂ ਵਿਚ ਵਿਸ਼ਵੀਕਰਨ ਪੂੰਜੀਵਾਦੀ ਸਾਮਰਾਜਵਾਦ ਦਾ ਹੀ ਨਵਾਂ ਨਾਂ ਹੈ।[1]

ਅਜੋਕਾ ਸੰਸਾਰ ਵਿਸ਼ਵੀਕਰਨ ਦੀ ਕਿਰਿਆ-ਪ੍ਰਕਿਰਿਆ ਵਿਚੋਂ ਲੰਘ ਰਿਹਾ ਹੈ। ਸੂਚਨਾ ਅਤੇ ਸੰਚਾਰ ਦੇ ਸਾਧਨਾਂ ਨੇ ਦੇਸ਼ ਵਿਦੇਸ਼ ਦੀਆਂ ਦੂਰੀਆਂ ਮਿਟਾ ਦਿੱਤੀਆਂ ਹਨ। ਪੂੰਜੀ ਦੇ ਫੈਲਾਉ ਅਤੇ ਖੁੱਲ੍ਹੀਆਂ ਵਪਾਰਕ ਮੰਡੀਆਂ ਨੇ ਸਾਰੇ ਮਾਨਵੀ ਰਿਸ਼ਤੇ ਬਦਲਾਅ ਦਿੱਤੇ ਹਨ। ਆਰਥਿਕ ਅਧਾਰਾਂ ਵਿਚਲੇ ਪਰਿਵਰਤਨ ਨੇ ਮਨੁੱਖਤਾ ਅੱਗੇ ਨਵੀਆਂ ਚੁਣੌਤੀਆਂ ਪੈਦਾ ਕਰ ਦਿੱਤੀਆਂ ਹਨ। ਵਿਕਸਤ ਅਤੇ ਪੂੰਜੀਵਾਦੀ ਦੇਸ਼ਾਂ ਨੇ ਦੂਜੇ ਅਵਿਕਸਤ ਦੇਸ਼ਾਂ ਦੀ ਸੱਤਾ ਨੂੰ ਕੁਚਲੇ ਬਿਨਾਂ ਹੀ ਪੂੰਜੀਵਾਦਤਾ ਰਾਹੀਂ ਉਨ੍ਹਾਂ 'ਤੇ ਆਪਣੀ ਪ੍ਰਭੁਸੱਤਾ ਕਾਇਮ ਕਰ ਲਈ ਹੈ। ਸਭਿਆਚਾਰਕ ਮੁੱਲ ਬਦਲ ਰਹੇ ਹਨ। ਜ਼ਿੰਦਗੀ ਹਰ ਪੱਖੋਂ ਬਦਲ ਰਹੀ ਹੈ। ਵਿਭਿੰਨ ਸਾਂਸਕ੍ਰਿਤੀਆਂ ਜਾਂ ਸਭਿਆਚਾਰ ਇੱਕ ਦੂਜੇ ਵਿਚ ਮਿਸ਼ਰਤ ਹੋ ਕੇ ਇੱਕ ਵੱਖਰਾ ਚਰਿੱਤਰ ਉਸਾਰ ਰਹੇ ਹਨ। ਇਸ ਸਾਰੇ ਪਸਾਰੇ ਵਿਚ ਪਦਾਰਥ ਦਾ ਵਿਕਾਸ ਹੋ ਰਿਹਾ ਹੈ ਅਤੇ ਮਾਨਵੀ ਕਦਰਾਂ-ਕੀਮਤਾਂ ਦਾ ਪਤਨ ਹੋ ਰਿਹਾ ਹੈ।

ਅਸਲ ਵਿਚ ਸਮਾਜ ਸ਼ੁਰੂ ਤੋਂ ਹੀ ਦੋ ਪ੍ਰਮੁੱਖ ਵਰਗਾਂ ਵਿਚ ਵੰਡਿਆ ਹੋਇਆ ਹੈ। ਇੱਕ ਸ਼ੋਸ਼ਕ ਵਰਗ ਤੇ ਦੂਸਰਾ ਸ਼ੋਸ਼ਿਤ ਵਰਗ। ਸਾਮਰਾਜੀ ਤਾਕਤਾਂ (ਸ਼ੋਸ਼ਕ) ਆਪਣੇ ਇਸ ਘਟੀਆ

ਮਨਸੂਬੇ ਨੂੰ ਛੁਪਾਉਣ ਲਈ ਵਿਸ਼ਵੀਕਰਨ ਦਾ ਪ੍ਰਚਾਰ ਕਰ ਰਹੀਆਂ ਹਨ। ਸਮੁੱਚੇ ਵਿਸ਼ਵ ਨੂੰ ਇੱਕ ਵਪਾਰਕ ਮੰਡੀ ਵਿਚ ਤਬਦੀਲ ਕਰਕੇ ਵਿਕਾਸਸ਼ੀਲ ਦੇਸ਼ਾਂ ਦੇ ਕੱਚੇ ਮਾਲ ਅਤੇ ਕੁਦਰਤੀ ਸਰੋਤਾਂ ਨੂੰ ਸੰਨ੍ਹ ਲਾ ਰਹੀਆਂ ਹਨ ਅਤੇ ਇਨ੍ਹਾਂ ਦੇਸ਼ਾਂ ਦੇ ਵਸਨੀਕਾਂ ਨੂੰ ਲੁੱਟ ਕੇ ਉਹਨਾਂ ਦੇ ਜੀਵਨ ਨੂੰ ਹੋਰ ਦੁੱਖਦਾਇਕ ਬਣਾਉਂਦੀਆਂ ਪ੍ਰਤੀਤ ਹੋ ਰਹੀਆਂ ਹਨ।

ਗੁਰੂ ਨਾਨਕ ਦੇਵ ਜੀ ਨੇ ਹਮੇਸ਼ਾਂ ਹੀ ਅਨਿਆਂ, ਕਾਣੀ-ਵੰਡ ਅਤੇ ਲੁੱਟ-ਖਸੁੱਟ ਵਿਰੁੱਧ ਸ਼ਾਂਤਮਈ ਪਰੰਤੂ ਕਾਰਜਸ਼ੀਲ ਅਵਾਜ਼ ਉਠਾਈ ਹੈ। ਸਾਮਰਾਜੀ ਤਾਕਤਾਂ ਦਾ ਡਟਵੀਂ ਅਵਾਜ਼ ਵਿਚ ਵਿਰੋਧ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੇ ਸਖ਼ਸੀ ਹਕੂਮਤ ਦੇ ਹੁੰਦਿਆਂ ਵੀ ਸਾਮਰਾਜੀ ਤਾਕਤਾਂ ਨੂੰ ਭੰਡਿਆ ਹੈ। ਬਾਬਰ ਦੇ ਹਮਲੇ ਨੂੰ ਪਾਪ ਦੀ ਜੰਞ ਕਿਹਾ ਹੈ :

ਪਾਪ ਕੀ ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨੁ ਵੇ ਲਾਲੋ॥[2]

ਗੁਰੂ ਨਾਨਕ ਦੇਵ ਜੀ ਨੇ ਲੁੱਟ-ਖਸੁੱਟ ਤੇ ਪਾਪ ਦੀ ਕਮਾਈ ਤੇ ਪਲਣ ਵਾਲੇ ਮਲਿਕ ਭਾਗੋ ਦੀ ਕਮਾਈ ਨੂੰ ਝੂਠ ਦੀ ਕਮਾਈ ਕਹਿ ਕੇ ਲਾਲੋ ਵਰਗੇ ਕਿਰਤੀਆਂ ਨੂੰ ਉੱਤਮ ਦਰਜਾ ਦਿੱਤਾ ਹੈ। ਵਿਸ਼ਵੀਕਰਨ ਦੇ ਪ੍ਰਸੰਗ ਵਿਚ ਇਸ ਘਟਨਾ ਨੂੰ ਪੂੰਜੀਵਾਦੀ ਦੇਸ਼ਾਂ ਦੁਆਰਾ ਅਵਿਕਸਤ ਦੇਸ਼ਾਂ ਦੀ ਮਾਨਵੀ ਤੇ ਕੁਦਰਤੀ ਸਰੋਤਾਂ ਦੀ ਲੁੱਟ ਨਾਲ ਤੁਲਨਾਇਆ ਜਾ ਸਕਦਾ ਹੈ। ਸਮਾਂ ਬਦਲਣ ਨਾਲ ਬੁਰਜੂਆ ਸਮਾਜ ਨੇ ਸ਼ੋਸ਼ਣ ਦੇ ਢੰਗ ਵੀ ਬਦਲ ਲਏ ਹਨ। ਅਜੋਕੀਆਂ ਬਹੁ-ਕੌਮੀ ਕੰਪਨੀਆਂ ਬਾਬਰ ਦੀ ਸੈਨਾ ਨਾਲੋਂ ਘੱਟ ਨਹੀਂ ਹਨ।

ਅਜੋਕੇ ਵਿਸ਼ਵੀਕਰਨ ਦੇ ਦੌਰ ਵਿਚ ਸਮਾਜਿਕ, ਸਭਿਆਚਾਰਕ, ਧਾਰਮਿਕ, ਆਰਥਿਕ ਅਤੇ ਰਾਜਨੀਤਿਕ ਪ੍ਰਸਥਿਤੀਆਂ ਬਦਲ ਰਹੀਆਂ ਹਨ ਤੇ ਇਹਨਾਂ ਬਦਲਦੀਆਂ ਪ੍ਰਸਥਿਤੀਆਂ ਵਿਚ ਮਨੁੱਖ ਕਈ ਤਰ੍ਹਾਂ ਦੀਆਂ ਮਾਨਸਿਕ ਸਮੱਸਿਆਵਾਂ ਅਤੇ ਆਰਥਿਕ ਸਮੱਸਿਆਵਾਂ ਦਾ ਸ਼ਿਕਾਰ ਹੋ ਰਿਹਾ ਹੈ। ਇਨ੍ਹਾਂ ਪ੍ਰਸਥਿਤੀਆਂ ਦੇ ਸੰਦਰਭ ਵਿਚ ਜਪੁਜੀ ਬਾਣੀ ਵਿਚਲੇ ਮੂਲ ਸਰੋਕਾਰਾਂ

ਦੀ ਸਾਰਥਿਕਤਾ ਨੂੰ ਵਿਚਾਰਨ ਲਈ ਅਸੀਂ ਆਪਣੇ ਅਧਿਆਇ ਦਾ ਸੀਮਾ-ਖੇਤਰ ਨਿਮਨ ਲਿਖਤ ਅਨੁਸਾਰ ਨਿਰਧਾਰਤ ਕੀਤਾ ਹੈ :

(ੳ) ਤੱਤਕਾਲੀਨ ਧਾਰਮਿਕ ਪ੍ਰਸਥਿਤੀਆਂ ਅਤੇ ਅਜੋਕਾ ਸੰਦਰਭ।

(ਅ) ਸਚਿਆਰਾ ਮਨੁੱਖ ਦੀ ਵਿਸ਼ਵੀ ਪ੍ਰਸੰਗ ਵਿਚ ਮਹੱਤਤਾ।

(ੲ) ਅਧਿਆਤਮਕ ਅਤੇ ਆਤਮਿਕ ਪੜਾਅ ਅਤੇ ਅਜੋਕੀਆਂ ਪ੍ਰਸਥਿਤੀਆਂ ਵਿਚ ਗੁਰੂ ਨਾਨਕ ਵਿਚਾਰਧਾਰਾ ਦੀ ਸਾਰਥਿਕਤਾ।

## (ੳ) ਤੱਤਕਾਲੀਨ ਧਾਰਮਿਕ ਪ੍ਰਸਥਿਤੀਆਂ ਅਤੇ ਅਜੋਕਾ ਸੰਦਰਭ

ਗੁਰੂ ਨਾਨਕ ਦੇਵ ਜੀ ਵੇਲੇ ਭਾਰਤ ਇੱਕ ਅਤਿ ਨਾਜ਼ੁਕ ਦੌਰ ਵਿਚੋਂ ਲੰਘ ਰਿਹਾ ਸੀ। ਅਜੋਕੇ ਪੂੰਜੀਵਾਦੀ ਦੇਸ਼ਾਂ ਦੀ ਨਵ-ਬਸਤੀਵਾਦੀ ਰੁਚੀ ਵਾਂਗ ਇਸਲਾਮ ਰਾਜ ਦੇ ਸਿਧਾਂਤਾਂ ਅਤੇ ਜਾਗੀਰਦਾਰੀ ਨੇ ਆਮ ਜਨ-ਸਮੂਹ ਦੇ ਵਿਚਕਾਰ ਧਾਰਮਿਕ, ਸਮਾਜਿਕ, ਸਭਿਆਚਾਰਕ ਅਤੇ ਰਾਜਨੀਤਿਕ ਪੱਧਰ ਤੇ ਦੁਫੇੜ ਕਾਇਮ ਕਰ ਦਿੱਤੀ ਸੀ। ਸ਼ਾਸ਼ਕ ਵਰਗ ਆਪਣੇ ਫ਼ਰਜਾਂ ਨੂੰ ਪਛਾਨਣ ਦੀ ਥਾਂ ਤੇ ਹੁਕਮ ਰਾਹੀਂ ਸਮਾਜਿਕ ਪੱਧਰ ਤੇ ਨਿਆਂ-ਸ਼ੀਲਤਾ ਕਾਇਮ ਕਰਕੇ ਨਿਜ਼ਾਮ ਨੂੰ ਚਲਾ ਰਿਹਾ ਸੀ। ਭਾਰਤ ਵਿਚ ਵਸਦੇ ਹਿੰਦੂ ਅਤੇ ਮੁਸਲਮਾਨਾਂ ਵਿਚ ਆਪਸੀ ਭੇਦ-ਭਾਵ ਦੇ ਨਾਲ-ਨਾਲ ਵੱਡੇ ਪੱਧਰ ਤੇ ਕੱਟੜਤਾ ਅਤੇ ਭ੍ਰਿਸ਼ਟਾਚਾਰ ਆ ਚੁੱਕਿਆ ਸੀ।

ਇੱਕ ਉੱਘੇ ਇਤਿਹਾਸਕਾਰ, ਡਾ. ਹਰੀ ਰਾਮ ਗੁਪਤਾ ਨੇ ਵੀ ਅਜਿਹੀ ਸਥਿਤੀ ਦੀ ਪੁਸ਼ਟੀ ਕੀਤੀ ਹੈ। ਉਹਨਾਂ ਦੇ ਕਥਨ ਅਨੁਸਾਰ :

> ਗੁਰੂ ਨਾਨਕ ਦੇ ਆਗਮਨ ਸਮੇਂ ਤੱਤਕਾਲੀਨ ਦੋਵੇਂ ਪਰਚੱਲਤ ਧਰਮ ਹਿੰਦੂ ਅਤੇ ਇਸਲਾਮ, ਭਰਿਸ਼ਟ ਤੇ ਪਤਿਤ ਹੋ ਚੁੱਕੇ ਸਨ। ਉਹ ਆਪਣੀ ਉੱਚਤਮ ਸੁੱਚਮ ਤੇ ਸੋਭਾ ਗੁਆ ਚੁੱਕੇ ਸਨ। ਵੇਦ ਆਮ ਆਦਮੀ ਦੀ ਸਮਝ ਤੋਂ ਪਰ੍ਹੇ ਹੋ ਚੁੱਕੇ ਸਨ ਅਤੇ ਉਹਨਾਂ ਦੀ

> ਥਾਂ ਤਾਂਤਰਿਕ ਸਾਹਿਤ ਨੇ ਲੈ ਲਈ ਸੀ, ਉੱਚੀਆਂ ਜ਼ਾਤਾਂ ਮੂੰਹ-ਜ਼ੋਰ ਹੋ ਗਈਆਂ ਸਨ ਅਤੇ ਗੋਤਾਂ ਵਿਚ ਵੰਡੀਆਂ ਜਾ ਚੁੱਕੀਆਂ ਸਨ। .... ਇਸਲਾਮ ਦੀ ਅਵਸਥਾ ਵੀ ਲੱਗਭੱਗ ਇਸੇ ਤਰ੍ਹਾਂ ਦੀ ਸੀ।[3]

ਉਪਰੋਕਤ ਵਿਚਾਰਾਂ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸਨਾਤਨੀ ਧਰਮ, ਜੋਗੀ, ਨਾਥ, ਸਿੱਧ ਅਤੇ ਮੁਸਲਮਾਨ ਵੀ ਆਮ ਜਨਤਾ ਨੂੰ ਜੰਤਰਾਂ-ਤੰਤਰਾਂ ਅਤੇ ਮੰਤਰਾਂ ਰਾਹੀਂ ਭਰਮ-ਭੁਲੇਖਿਆਂ ਵਿਚ ਪਾ ਕੇ ਆਪਣਾ ਉੱਲੂ ਸਿੱਧਾ ਕਰ ਰਹੇ ਸਨ। ਪੂਰੇ ਸਮਾਜਿਕ ਪੱਧਰ ਤੇ ਇੱਕ ਸਰਬ ਸਾਂਝੇ ਸੰਚਾਰ ਪ੍ਰਬੰਧ ਅਤੇ ਮਾਨਵੀ ਵਿਵਹਾਰ ਦੀ ਨਿਆਂਸ਼ੀਲਤਾ ਸਮੂਹਿਕ ਪੱਧਰ 'ਤੇ ਸਿਰਜਣ ਵਾਲਾ ਸੰਚਾਰਾਤਮਕ ਵਿਧਾਨ ਗਾਇਬ ਹੋ ਚੁੱਕਾ ਸੀ। ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦੀ ਬੁਨਿਆਦੀ ਟੈਕਸਟ ਜਪੁਜੀ ਵਿਚ ਪੇਸ਼ ਅਧਿਆਤਮਕ ਪੈਰੋਲੋਜੀ ਨੇ ਗੁਰਮਤਿ ਵਿਚਾਰਧਾਰਾ ਦੇ ਨਾਲ-ਨਾਲ ਤਤਕਾਲੀ ਸਮਾਜ ਵਿਚ ਵੀ ਸਰਬ-ਸਾਂਝੀ ਨਿਆਂਸ਼ੀਲਤਾ ਕਾਇਮ ਕਰਨ ਵਾਲੇ ਕਾਰਜਸ਼ੀਲ ਤਰਕ-ਵਿਧਾਨ ਦਾ ਬੁਨਿਆਦੀ ਅਧਾਰ ਪ੍ਰਬੰਧ ਕਾਇਮ ਕੀਤਾ। ਇਸ ਪ੍ਰਬੰਧ ਨੂੰ ਜੇਕਰ ਗਹਿਰਾਈ ਨਾਲ ਘੋਖਿਆ ਜਾਵੇ ਤਾਂ ਇਹ ਅਜੋਕੇ ਵਿਸ਼ਵੀ ਪ੍ਰਸੰਗ ਵਿਚ ਵੀ ਅਗਵਾਈ ਕਰਨ ਯੋਗ ਹੈ। ਜਪੁਜੀ ਵਿਚ ਮਨੁੱਖ ਨੂੰ ਸਚਿਆਰ ਭਾਵ ਸਮਾਜਿਕ ਪੱਧਰ ਦੇ ਹਰ ਪੈਟਰਨ ਤੇ ਨਿਆਂਸ਼ੀਲ, ਹੱਥੀਂ ਮਿਹਨਤ ਕਰਨ ਵਾਲਾ, ਸਵਾਰਥੀ ਹਿੱਤਾਂ ਤੋਂ ਰਹਿਤ, ਸਰਬ-ਸਾਂਝੀ ਭਾਈਵਾਲਤਾ ਬਣਾਉਣ ਦੀ ਪ੍ਰੇਰਨਾ ਦਿੱਤੀ ਅਤੇ ਦੁਨੀਆਂ ਦੀ ਹਰ ਚੀਜ਼ ਨੂੰ ਨਾਸ਼ਮਾਨ ਦੱਸਦਿਆਂ ਇਸ ਅਟੱਲ ਸੱਚਾਈ ਤੋਂ ਵਿਸ਼ਵ ਨੂੰ ਜਾਣੂ ਕਰਵਾਇਆ ਕਿ ਦੁਨੀਆਂ ਦੇ ਸੁਲਤਾਨ ਅਤੇ ਬਾਦਸ਼ਾਹ ਜਾਂ ਪਾਤਸ਼ਾਹ ਦੀ ਸ਼ਕਤੀ ਅਤੇ ਸੱਤਾ ਸਦੀਵੀ ਨਹੀਂ। ਸਗੋਂ ਵਿਸ਼ਵ ਪੱਧਰ ਤੇ ਲੋਕਾਈ ਨੂੰ ਜਾਣੂ ਕਰਵਾਇਆ ਕਿ ਕੇਵਲ ਪਰਮਾਤਮਾ ਹੀ ਸਦੀਵੀ ਅਤੇ ਸੱਚਾ ਪਾਤਸ਼ਾਹ ਹੈ। ਜਿਸਦੇ ਹੁਕਮ ਨਾਲ ਸੰਸਾਰ ਉਤਪਤੀ ਹੋਈ ਅਤੇ ਉਸਦਾ ਹੀ ਹੁਕਮ ਹਰ ਪਾਸੇ

ਵਰਤ ਰਿਹਾ ਹੈ। ਇਸ ਸੱਚਾਈ ਅੱਗੇ ਸਾਇੰਸਦਾਨ ਵੀ ਸਿਰ ਝੁਕਾ ਰਹੇ ਹਨ ਅਤੇ ਇਸ ਨੂੰ ਸਵੀਕਾਰ ਕਰਦੇ ਹਨ।

ਵਿਸ਼ਵੀਕਰਨ ਦੇ ਪ੍ਰਸੰਗ ਵਿਚ ਧਰਮ ਦੀ ਸਾਰਥਿਕਤਾ ਬਾਰੇ ਵਿਸ਼ਵ ਚਿੰਤਨ ਵਿਚ ਡੂੰਘਾ ਮਤ-ਭੇਦ ਪਾਇਆ ਜਾਂਦਾ ਹੈ। ਧਰਮ ਦੀ ਸਾਰਥਿਕਤਾ ਦੇ ਹਾਂ-ਪੱਖੀ ਚਿੰਤਕ ਇਸ ਨੂੰ ਜੀਵਨ ਦੀ ਉੱਚਤਮ ਪ੍ਰਾਪਤੀ ਦਾ ਸਰੋਤ ਮੰਨਦੇ ਹਨ ਤੇ ਇਸਤੋਂ ਉਲਟਪੱਖੀ ਇਸ ਨੂੰ ਨਿਰੋਲ ਭਰਮ ਮੰਨ ਕੇ ਇਸ ਦਾ ਖੰਡਨ ਕਰਦੇ ਹਨ। ਇੱਕ ਪਾਸੇ ਇਸ ਨੂੰ ਨੈਤਿਕਤਾ ਅਤੇ ਸਦਾਚਾਰਕਤਾ ਦਾ ਭਾਵਨਾਤਮਕ ਅਧਾਰ ਸਮਝਿਆ ਜਾਂਦਾ ਹੈ। ਦੂਜੇ ਪਾਸੇ ਅਮਾਨਵੀ ਕੱਟੜਤਾ ਅਤੇ ਫ਼ਿਰਕੂ ਸੰਕੀਰਣਤਾ ਦੀ ਜੜ੍ਹ ਕਿਹਾ ਜਾਂਦਾ ਹੈ। ਜੇਕਰ ਧਰਮ ਨੂੰ ਸਮਾਜਿਕ ਸ਼ਾਂਤੀ ਅਤੇ ਵਿਵਸਥਾ ਨੂੰ ਕਾਇਮ ਰੱਖਣ ਵਾਲਾ ਥੰਮ੍ਹ ਮੰਨਿਆ ਜਾਂਦਾ ਹੈ ਤਾਂ ਪ੍ਰਗਤੀਵਾਦੀ ਮੁੱਲਾਂ ਦਾ ਵਿਰੋਧੀ ਕਹਿ ਕੇ ਨਿੰਦਿਆ ਵੀ ਜਾਂਦਾ ਹੈ। ਵਾਸਤਵ ਵਿਚ ਧਰਮ ਦੇ ਪ੍ਰਸੰਸਕ ਅਤੇ ਨਿੰਦਕ ਦੋਵੇਂ ਹੀ ਵਧੇਰੇ ਭਾਵੁਕ ਬਿਰਤੀ ਤੋਂ ਕੰਮ ਕਰਦੇ ਵਿਖਾਈ ਦਿੰਦੇ ਹਨ। ਅਸਲ ਵਿਚ ਧਰਮ ਦੀ ਵਾਸਤਵਿਕ ਪ੍ਰਕਿਰਤੀ ਨੂੰ ਸਹੀ ਤੌਰ ਤੇ ਸਮਝਣ ਤੋਂ ਬਿਨ੍ਹਾਂ, ਨਿੰਦਿਆ ਜਾਂ ਪ੍ਰਸੰਸਾ ਕੋਈ ਸਾਰਥਿਕਤਾ ਨਹੀਂ ਰੱਖਦੀ।

ਵਿਸ਼ਵੀਕਰਨ ਦੇ ਪਰਿਪੇਖ ਵਿਚ ਸੰਸਾਰ ਦੇ ਧਰਮਾਂ ਨੂੰ ਲੋਕ-ਮੁੱਖੀ ਧਰਮ ਕਿਹਾ ਜਾ ਰਿਹਾ ਹੈ। ਪੀਟਰ ਬੀਅਰ (Peter Beyer) ਦੁਆਰਾ ਦਿੱਤੀ ਸੰਸਾਰ ਦੇ ਧਰਮਾਂ ਬਾਰੇ ਪਰਿਭਾਸ਼ਾ ਨੂੰ ਇੱਥੇ ਵਿਚਾਰਨਾ ਲਾਹੇਵੰਦ ਹੋਵੇਗਾ। ਉਹਨਾਂ ਦੇ ਕਥਨ ਅਨੁਸਾਰ :

> ਧਰਮ ... ਸਰਬਲੌਕਿਕ ਮੁੱਖੀ ਹੈ। ਇਸਲਾਮ ਧਰਮ, ਬੁੱਧ ਧਰਮ ਅਤੇ ਕ੍ਰਿਸਚਨ ਧਰਮ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਉਹ (ਧਰਮ) ਲੋਕਾਂ ਲਈ ਖੁੱਲ੍ਹੇ ਹਨ। ਭਾਵੇਂ ਉਹ ਇਨ੍ਹਾਂ ਧਰਮਾਂ ਵਿਚ ਪੈਦਾ ਨਾ ਹੀ ਹੋਇਆ ਹੋਵੇ। ਪਰ ਉਹ ਇਨ੍ਹਾਂ ਨੂੰ ਅਪਣਾ ਸਕਦਾ ਹੈ। ਵਿਸ਼ਵੀਕਰਨ ਦੇ ਪ੍ਰਸੰਗ ਵਿਚ ਸਾਰੇ ਧਰਮ ਲਗਭਗ ਇਸ ਗੱਲ ਦੇ ਦਬਾਅ ਹੇਠ ਹਨ ਕਿ ਉਹ ਆਪਣੇ ਆਪ ਨੂੰ

> ਵਿਸ਼ਵ-ਵਿਆਪਕਤਾ ਵਿਚ ਵੇਖਣ। ਭਾਵੇਂ ਇਤਿਹਾਸਕ ਤੌਰ ਤੇ ਉਹ ਵਿਸ਼ਵ-ਵਿਆਪੀ ਹੋਣ ਜਾਂ ਨਾ ਹੋਣ। ਧਰਮਾਂ ਦਾ ਇਹ ਵਿਸ਼ਵ-ਵਿਆਪੀ ਚੇਹਰਾ ਲੋਕਾਂ ਲਈ ਰਾਜ, ਆਰਥਿਕ ਅਤੇ ਸਭਿਆਚਾਰ ਦੇ ਪੱਧਰ ਤੇ ਜੇਕਰ ਉਹ ਵਿਸ਼ਵੀ ਆਦਰਸ਼ਾਂ ਤੇ ਚੱਲਣ ਤੋਂ ਵਾਂਝੇ ਰਹਿਣ ਉਹਨਾਂ ਦੀ ਅਲੋਚਨਾ ਕਰਨ ਦਾ ਇੱਕ ਸੋਮਾ ਹੋਵੇ।[4]

ਪੀਟਰ ਬੀਅਰ ਦੇ ਉਪਰੋਕਤ ਵਿਚਾਰ ਵਿਸ਼ਵੀਕਰਨ ਦੇ ਸੰਦਰਭ ਵਿਚ ਸਕਾਰੇ ਜਾ ਸਕਦੇ ਹਨ ਪਰੰਤੂ ਅਮਲੀ ਤੌਰ ਤੇ ਵੇਖਣ ਵਿਚ ਆਉਂਦਾ ਹੈ ਕਿ ਜਦੋਂ ਕੋਈ ਮਨੁੱਖ ਇੱਕ ਧਰਮ ਤੋਂ ਦੂਜੇ ਧਰਮ ਵਿਚ ਪਰਿਵਰਤਿਤ ਹੁੰਦਾ ਹੈ ਤਾਂ ਪਹਿਲੇ ਧਰਮ ਵਾਲੇ ਮੂਲਵਾਦੀ ਸ਼ੋਰ ਮਚਾਉਣਾ ਸ਼ੁਰੂ ਕਰ ਦਿੰਦੇ ਹਨ ਅਤੇ ਕਈ ਵਾਰੀ ਗੱਲ ਖ਼ੂਨ ਖ਼ਰਾਬੇ ਤੱਕ ਪਹੁੰਚ ਜਾਂਦੀ ਹੈ ਜੇ ਜ਼ਰਾ ਡੂੰਘਾਈ ਨਾਲ ਵੇਖਿਆ ਜਾਵੇ ਤਾਂ ਵਿਸ਼ਵ ਦੇ ਬਹੁਤ ਸਾਰੇ ਧਰਮਾਂ ਦੇ ਗੁਣ ਸਾਂਝੇ ਹਨ ਕਿਉਂ ਕਿ ਸਾਰੇ ਧਰਮਾਂ ਦਾ ਉਦੇਸ਼ ਤਾਂ ਸੁੱਚਾ ਤੇ ਸੁਚੱਜਾ ਜੀਵਨ ਜਿਉਂ ਕੇ ਉਸ ਪਰਮ ਆਤਮਾ ਜਾਂ ਪਰਮਪੂਰਨ ਸ਼ਕਤੀ ਨੂੰ ਪ੍ਰਾਪਤ ਕਰਨਾ ਹੀ ਹੈ :

> ਮਨੁੱਖੀ ਆਤਮਾ ਨੂੰ ਵਿਕਾਸ ਵੱਲ ਲਿਜਾਣ ਦਾ ਹਰ ਕਲਿਆਣਕਾਰੀ ਕਰਮ ਧਰਮ ਹੈ। ... ਧਰਮ, ਮਨੁੱਖ ਦਾ ਸਮਾਜ ਪ੍ਰਤਿ ਤੇ ਆਪਣੇ ਸਿਰਜਨਹਾਰ ਪ੍ਰਤਿ, ਕਰਤੱਬ ਦਰਸਾਉਂਦਾ ਹੈ।[5]

ਗੁਰੂ ਨਾਨਕ ਦੇਵ ਜੀ ਵੀ ਉਸ ਇੱਕੋ ਧਰਮ ਵੱਲ ਇਸ਼ਾਰਾ ਕਰਦੇ ਹੋਏ ਕਹਿੰਦੇ ਹਨ :

> ਏਕੋ ਧਰਮੁ ਦ੍ਰਿੜੈ ਸਚੁ ਕੋਈ॥
> ਗੁਰਮਤਿ ਪੂਰਾ ਜੁਗਿ ਜੁਗਿ ਸੋਈ॥[6]

ਗੁਰੂ ਨਾਨਕ ਵਿਚਾਰਧਾਰਾ ਜਾਂ ਗੁਰਮਤਿ ਵਿਚ ਤਾਂ ਸਮਾਜ ਵਿਚ ਹਰ ਤਰ੍ਹਾਂ ਦੇ ਭਿੰਨ-ਭੇਦ ਨੂੰ ਅਪ੍ਰਵਾਨ ਕਰਦਿਆਂ ਸਮੁੱਚੀ ਮਾਨਵ ਜਾਤੀ ਨੂੰ ਇੱਕ ਹੀ ਮੰਨਿਆ ਗਿਆ ਹੈ। ਗੁਰੂ ਨਾਨਕ ਅਨੁਸਾਰ ਜ਼ਾਤ, ਧਰਮ, ਖੇਤਰ, ਲਿੰਗ, ਨਸਲ, ਰੰਗ ਆਦਿ ਕਾਰਕ ਮਨੁੱਖ ਨੂੰ ਵੱਖਰਾ ਨਹੀਂ ਕਰ ਸਕਦੇ। ਉਹਨਾਂ ਦੀ ਵਿਚਾਰਧਾਰਾ ਅਨੁਸਾਰ, ਸਮੁੱਚੀ ਮਨੁੱਖਤਾ ਦੀ ਏਕਤਾ ਦਾ ਅਧਾਰ ਮਨੁੱਖ ਵਿਚਲੀ ਪਰਮਾਤਮਾ ਦੀ ਜੋਤ ਹੈ।[7] ਇਸ ਲਈ ਸਾਰੇ ਮਨੁੱਖ ਭਾਈ-ਭਾਈ ਹਨ ਜਿਸਦਾ ਭਾਵ ਹੈ ਇੱਕ ਸਮਾਜਿਕ ਭਾਈਚਾਰਾ। ਕੁਦਰਤ ਆਪਣੇ ਸੁਭਾਅ ਅਨੁਸਾਰ ਹਰੇਕ ਮਨੁੱਖ ਨਾਲ ਇੱਕੋ ਜਿਹਾ ਸਮਾਨ ਵਿਵਹਾਰ ਕਰਦੀ ਹੈ। ਮਨੁੱਖ ਦੀਆਂ ਬੁਨਿਆਦੀ ਲੋੜਾਂ ਵਿਚ ਕੋਈ ਅੰਤਰ ਨਹੀਂ। ਗੁਰੂ ਨਾਨਕ ਦੇਵ ਜੀ ਨੇ ਤਾਂ ਬ੍ਰਹਿਮੰਡ ਜਾਂ ਵਿਸ਼ਵ ਦੀ ਹੋਂਦ ਦੀਆਂ ਸਾਂਝੀਆਂ ਕੜੀਆਂ ਦੱਸਦਿਆਂ ਫਰਮਾਇਆ ਹੈ :

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ।।
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ।।[8]

ਇਹ ਬਾਣੀ-ਤੁਕਾਂ ਬ੍ਰਹਿਮੰਡੀ ਪੱਧਰ ਉੱਪਰ ਸਮੁੱਚੀ ਮਾਨਵਤਾ ਦਾ ਸੰਬੰਧ ਨਿਰਧਾਰਤ ਕਰਨ ਦੇ ਨਾਲ-ਨਾਲ ਇਹ ਵੀ ਸੁਝਾਉਂਦੀਆਂ ਪ੍ਰਤੀਤ ਹੁੰਦੀਆਂ ਹਨ ਕਿ ਸਮੁੱਚੀ ਮਨੁੱਖਤਾ ਇੱਕ ਸਾਂਝੇ ਵਾਤਾਵਰਣ ਵਿਚ ਰਹਿ ਰਹੀ ਹੈ।

'ਜਪੁਜੀ' ਗੁਰੂ ਨਾਨਕ ਦੀ ਇੱਕ ਅਜਿਹੀ ਵਿਲੱਖਣ ਬਾਣੀ ਹੈ ਜਿਸ ਰਾਹੀਂ ਉਹਨਾਂ ਨੇ ਸਮੁੱਚੇ ਸੰਸਾਰ ਨੂੰ ਬ੍ਰਹਿਮੰਡ ਦੀ ਅਸਲੀਅਤ ਬਾਰੇ ਜਾਣੂ ਕਰਵਾਇਆ ਅਤੇ ਸਮੁੱਚੀ ਮਾਨਵਤਾ ਨੂੰ ਇੱਕ ਸੂਤਰ ਵਿਚ ਪਰੋਣ ਦਾ ਸਫ਼ਲ ਉਪਰਾਲਾ ਕੀਤਾ ਹੈ। ਸਵਾਮੀ ਵਿਵੇਕਾ ਨੰਦ ਵਰਗੇ ਆਗੂ ਵੀ ਗੁਰੂ ਨਾਨਕ ਦੀ ਇਸ ਬਾਣੀ ਬਾਰੇ ਆਪਣੇ ਅਮੁੱਲ ਵਿਚਾਰ ਅਭਿਵਿਅਕਤ ਕਰਨ ਤੋਂ ਨਹੀਂ ਰਹਿ ਸਕੇ। ਉਹਨਾਂ ਦੇ ਸ਼ਬਦਾਂ ਵਿਚ :

> ਗੁਰੂ ਨਾਨਕ ਨੇ ਆਪਣੀ ਬਾਣੀ ਵਿਚ ਆਪਣੇ ਵਿਲੱਖਣ ਵਿਸ਼ਵ ਪਿਆਰ ਦਾ ਉਪਦੇਸ਼ ਦਿੱਤਾ। ਇੱਥੇ ਹੀ ਉਹਨਾਂ ਦਾ

> ਵਿਸ਼ਾਲ ਦਿਲ ਚੌਪਟ ਖੁਲ੍ਹਿਆ ਅਤੇ ਉਹਨਾਂ ਨੇ ਆਪਣੀਆਂ ਬਾਹਾਂ ਕੇਵਲ ਹਿੰਦੂ ਤੇ ਮੁਸਲਮਾਨ ਨੂੰ ਹੀ ਨਹੀਂ ਸਗੋਂ ਸਾਰੀ ਦੁਨੀਆਂ ਨੂੰ ਆਪਣੇ ਕਲਾਵੇ ਵਿਚ ਲੈਣ ਲਈ ਫੈਲਾਅ ਦਿੱਤੀਆਂ।[੧]

ਜਪੁਜੀ ਬਾਣੀ ਵਿਸ਼ਵ ਚਿੰਤਨ ਦੀ ਦੁਨਿਆਵੀ ਅਤੇ ਅਧਿਆਤਮਕ ਮਾਰਗ ਦੀ ਪ੍ਰਤੀਨਿਧਤਾ ਕਰਨ ਵਾਲੀ ਅਜਿਹੀ ਅਮਰ ਬਾਣੀ ਹੈ ਜਿਸਦੇ ਗਿਆਨ-ਸੰਸਾਰ ਵਿਚੋਂ ਵਿਸ਼ਵ ਦੇ ਹਰ ਸੰਕਲਪ ਦੀ ਸੋਝੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਬਾਣੀ ਦੇ ਗਿਆਨ ਝਰੋਖੇ ਵਿਚ ਵਿਸ਼ਵ ਪੱਧਰ ਤੇ ਜੋ ਮਾਡਲ ਉਸਾਰੇ ਗਏ ਹਨ। ਉਨ੍ਹਾਂ ਮਾਡਲਾਂ ਦੀ ਪਿੱਠ-ਭੂਮੀ ਉੱਪਰ ਹੀ ਵਿਸ਼ਵੀਕਰਨ ਦੇ ਚਿੰਤਨ ਤੇ ਉਸਦੇ ਧਾਰਮਿਕ, ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਸਭਿਆਚਾਰਕ ਪ੍ਰਸਥਿਤੀਆਂ ਅਤੇ ਸਰੋਕਾਰਾਂ ਨੂੰ ਸਮਝਿਆ ਜਾ ਸਕਦਾ ਹੈ। ਵਿਸ਼ਵੀਕਰਨ ਦੇ ਅਜੋਕੇ ਪੂੰਜੀਵਾਦੀ ਸਭਿਆਚਾਰ ਨੇ ਜਿਹੜੀਆਂ ਪ੍ਰਸਥਿਤੀਆਂ ਪੈਦਾ ਕਰ ਦਿੱਤੀਆਂ ਹਨ। ਭਾਵ ਅਧਿਕ ਵਿਕਸਤ ਪੂੰਜੀਵਾਦੀ ਦੇਸ਼ ਆਪਣੀ ਪੂੰਜੀ ਨੂੰ ਵਿਕਾਸ ਕਰ ਰਹੇ ਦੇਸ਼ਾਂ ਦੀਆਂ ਮੰਡੀਆਂ ਵਿਚ ਲਗਾ ਕੇ ਅਧਿਕ ਮੁਨਾਫ਼ਾ ਕਮਾਉਣ ਦੀ ਰੁਚੀ ਤਹਿਤ ਅਮੀਰ ਤੇ ਗ਼ਰੀਬ ਦਾ ਪਾੜਾ ਹੋਰ ਵਧਾ ਰਹੇ ਹਨ ਅਤੇ ਬਹੁਤੇ ਗ਼ਰੀਬ ਮਨੁੱਖਾਂ ਦੀ ਹਾਲਤ ਦੁੱਖਾਂ ਭਰੀ ਹੋ ਰਹੀ ਜਾਪਦੀ ਹੈ। ਗੁਰੂ ਨਾਨਕ ਨੇ ਜੋ ਗੁੱਝੇ ਰਹੱਸ ਉਜਾਗਰ ਕੀਤੇ ਹਨ, ਵਿਸ਼ਵੀਕਰਨ ਦੇ ਪ੍ਰਸੰਗ ਵਿਚ ਉਨ੍ਹਾਂ ਰਹੱਸਾਂ ਦੇ ਸਾਰੇ ਸੰਕੇਤ 'ਜਪੁਜੀ' ਵਿਚੋਂ ਪਛਾਣੇ ਜਾ ਸਕਦੇ ਹਨ। ਇਹ ਉਹ ਬਾਣੀ ਹੈ ਜਿਸਦੀ ਹਰ ਪਉੜੀ ਇੱਕ ਤੋਂ ਬਾਅਦ ਦੂਜਾ ਸੰਕਲਪ ਉਸਾਰਦੀ ਹੈ ਜਿਥੇ ਇਹ ਸੰਕਲਪ ਦੈਵੀ ਰਹੱਸਾਂ ਦੀਆਂ ਪਰਤਾਂ ਖੋਲ੍ਹਦੇ ਹਨ ਉੱਥੇ ਮਨੁੱਖੀ ਹੋਂਦ ਨੂੰ ਇੱਕ ਮਾਡਲ ਦੀ ਸਿਰਜਣਾ ਲਈ ਵੀ ਪ੍ਰੇਰਦੇ ਹਨ। ਇਸ ਵਿਚਾਰ ਦੀ ਪੁਸ਼ਟੀ ਜਪੁਜੀ ਦੀਆਂ ਉਨ੍ਹਾਂ ਪਉੜੀਆਂ ਵਿਚੋਂ ਹੁੰਦੀ ਹੈ, ਜਿਨ੍ਹਾਂ ਦੀ ਸੰਰਚਨਾ ਵਿਚ ਮਨੁੱਖੀ ਹੋਂਦ ਨੂੰ ਸੰਬੋਧਿਤ ਕੀਤਾ ਗਿਆ ਹੈ। ਮੂਲ ਉਦੇਸ਼ ਇੱਕ ਸਰਬ-ਸਾਂਝੀ, ਸਰਬ-ਸ਼ਕਤੀਮਾਨ, ਰੱਬੀ ਹੋਂਦ ਨੂੰ ਸਾਕਾਰ ਕਰਦਿਆਂ ਮਨੁੱਖ ਨੂੰ ਸਚਿਆਰਾ ਬਣਾਉਣ ਵੱਲ ਅਗਰਸਰ ਹੈ।

ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨਿਰੰਤਰ ਵਿਸ਼ਵ ਗਿਆਨ ਨਾਲ ਜੁੜੀ ਹੋਈ ਹੈ ਅਤੇ ਵਿਸ਼ਵੀ ਸਭਿਆਚਾਰ ਤੇ ਵਿਸ਼ਵੀ ਸਮਾਜਿਕ ਪ੍ਰਸਥਿਤੀਆਂ ਤੋਂ ਟੁੱਟਦੀ ਨਹੀਂ। ਇਹ ਵਿਚਾਰਧਾਰਾ ਵਿਸ਼ਵ ਗਿਆਨ ਦੀਆਂ ਅਨੰਤ ਸੀਮਾਵਾਂ ਅਤੇ ਸੰਭਾਵਨਾਵਾਂ ਨੂੰ ਸਮਾਜਿਕ ਅਤੇ ਸਭਿਆਚਾਰਕ ਪਰਿਪੇਖ ਵਿਚ ਸੁਚੇਤ ਪੱਧਰ ਤੇ ਮਨੁੱਖ ਨੂੰ ਜਤ, ਸਤ, ਤਪ, ਗਿਆਨ, ਧੀਰਜ, ਸੰਤੋਖ ਅਤੇ ਪ੍ਰਭੂ ਪਿਆਰ ਦੇ ਗੁਣਾਂ ਦਾ ਉਲੇਖ ਕਰਦਿਆਂ ਵਿਸ਼ਵੀ ਪੱਧਰ ਤੇ ਇੱਕ ਸਚਿਆਰੇ ਮਨੁੱਖ ਦਾ ਮਾਡਲ ਪ੍ਰਸਤੁਤ ਕਰਦੀ ਹੈ। ਜਪੁਜੀ ਵਿਚ ਗੁਰੂ ਨਾਨਕ ਦੇਵ ਜੀ ਨੇ ਸਾਰੀਆਂ ਹੀ ਪਉੜੀਆਂ ਵਿਚ ਜੋ ਗਿਆਨ ਮਾਡਲ ਉਸਾਰੇ ਹਨ ਉਨ੍ਹਾਂ ਗਿਆਨ-ਮਾਡਲਾਂ ਨੂੰ ਵਿਸ਼ਵ-ਪੱਧਰ ਦੇ ਗਿਆਨ-ਮਾਡਲਾਂ ਵਜੋਂ ਵੀ ਵੇਖਿਆ ਜਾ ਸਕਦਾ ਹੈ।

ਇਸ ਪ੍ਰਸੰਗ ਵਿਚ ਅਸੀਂ ਜਪੁਜੀ ਵਿਚਲੀ ਵਿਚਾਰਧਾਰਾ ਨੂੰ ਵਿਚਾਰ ਕੇ ਸਪੱਸ਼ਟ ਕਰਨ ਦੀ ਕੋਸ਼ਿਸ਼ ਕਰਨੀ ਹੈ। ਜਪੁਜੀ, ਯਥਾਰਥ ਤੱਤਕਾਲੀਨ ਸਮਾਜਿਕ ਬੇਤਰਤੀਬੀਆਂ ਅਤੇ ਇਸਲਾਮਕ ਸਾਮਰਾਜ ਦੇ ਬਸਤੀਵਾਦ ਦ੍ਰਿਸ਼ਾਂ ਨੂੰ ਪ੍ਰਤੀਕਾਤਮਕ ਪੱਧਰ ਦੀ ਭਾਵਾਰਥੀ ਭਾਸ਼ਾ ਰਾਹੀਂ ਸਿਰਜੇ ਗਏ ਪ੍ਰਵਚਨ ਨੂੰ ਪੇਸ਼ ਕਰਦਾ ਹੈ। ਅਜੋਕੇ ਸਮੇਂ ਵਿਚ ਜੇਕਰ ਧਾਰਮਿਕ ਅਵਸਥਾ ਦੀ ਗੱਲ ਕਰੀਏ ਤਾਂ ਪਰਨਾਲਾ ਉੱਥੇ ਦਾ ਉੱਥੇ ਵਾਲੀ ਗੱਲ ਹੀ ਜਾਪਦੀ ਹੈ। ਅੱਜ ਭਾਵੇਂ ਸਿੱਧੇ ਤੌਰ ਤੇ ਕਾਨੂੰਨ ਕਿਸੇ ਧਰਮ ਤੇ ਕੋਈ ਪਾਬੰਦੀ ਨਹੀਂ ਲਗਾਉਂਦਾ ਪਰ ਅਮਲੀ ਤੌਰ ਤੇ ਘੱਟ ਗਿਣਤੀਆਂ ਤੇ ਧਰਮ-ਸੰਕਟ ਬਣਿਆ ਹੀ ਰਹਿੰਦਾ ਹੈ। ਇਸ ਪ੍ਰਸੰਗ ਵਿਚ ਅਸੀਂ ਬਾਬਰੀ ਮਸਜਿਦ, ਗੁਜਰਾਤ ਦੇ ਦੰਗੇ, ਜੰਮੂ-ਕਸ਼ਮੀਰ ਵਿਚਲੀ ਹਾਲਤ, ਅਫ਼ਗਾਨਿਸਤਾਨ ਆਦਿ ਦੀਆਂ ਉਦਾਹਰਣਾਂ ਦੇ ਸਕਦੇ ਹਾਂ। ਮੌਜੂਦਾ ਧਰਮਾਂ ਵਿਚ ਰੂੜ੍ਹੀਵਾਦੀ ਸੋਚ ਹੀ ਕੰਮ ਕਰ ਰਹੀ ਹੈ। ਕਰਮ-ਕਾਂਡਾਂ ਦੀ ਪ੍ਰਧਾਨਤਾ ਹੈ। ਵਿਸ਼ਵੀ ਪੱਧਰ ਤੇ ਵਿਗਿਆਨਕ ਸੂਝ ਦੇ ਜਿਸ ਪੜਾਅ ਤੇ ਅੱਜ ਦਾ ਮਨੁੱਖ ਖੜ੍ਹਾ ਹੈ ਉੱਥੇ ਅੰਧ-ਵਿਸ਼ਵਾਸੀ ਧਾਰਮਿਕ ਕਰਮ-ਕਾਂਡਾਂ ਨੂੰ ਕੋਈ ਬਹੁਤੀ ਮਾਨਤਾ ਨਹੀਂ ਮਿਲਣੀ ਚਾਹੀਦੀ।

ਅਜੋਕੇ ਬਹੁਤੇ ਧਾਰਮਿਕ ਆਗੂ ਦੂਜੇ ਧਰਮਾਂ ਦੀ ਨਿਖੇਧੀ ਕਰਨ ਨੂੰ ਹੀ ਧਰਮ ਪ੍ਰਚਾਰ ਸਮਝ ਰਹੇ ਹਨ। ਸਿੱਟੇ ਵਜੋਂ ਧਾਰਮਿਕ ਕਸ਼ਮਕਸ ਅਤੇ ਫ਼ਿਰਕੂ-ਤਣਾਅ ਦਾ ਮਾਹੌਲ ਬਣਿਆ ਹੀ ਰਹਿੰਦਾ ਹੈ। 'ਸਭੇ ਸਾਝੀਵਾਲ ਸਦਾਇਨਿ' ਦੇ ਉਪਦੇਸ਼ ਨੂੰ ਭੁਲਾ ਕੇ ਆਪਸੀ ਵੈਰ-ਵਿਰੋਧ ਵਧਾ ਰਹੇ ਹਨ। ਡੇਰਾਵਾਦ ਵਧ ਰਿਹਾ ਹੈ। ਕਈ ਅਖੌਤੀ ਧਾਰਮਿਕ ਸੰਪ੍ਰਦਾਵਾਂ ਵਧ ਰਹੀਆਂ ਹਨ ਅਤੇ ਅਜਿਹੇ ਗੁਰੂ ਹੋਂਦ ਵਿਚ ਆ ਰਹੇ ਹਨ ਜਿਹੜੇ ਆਪ ਰੂਹਾਨੀਅਤ ਤੋਂ ਕੋਰੇ ਹਨ। ਉਹ ਪ੍ਰਾਚੀਨ ਧਾਰਮਿਕ ਗ੍ਰੰਥਾਂ ਦੀਆਂ ਸਿੱਖਿਆਵਾਂ ਨੂੰ ਵੀ ਤੋੜ-ਮਰੋੜ ਕੇ ਪੇਸ਼ ਕਰ ਰਹੇ ਹਨ।

ਇਸ ਸਭ ਕਾਸੇ ਦੇ ਪਿੱਛੇ ਸੱਚਮੁੱਚ ਹੀ ਕਿਸੇ ਬੁਰਜੂਆ ਤਾਕਤ ਦਾ ਹੱਥ ਹੈ ਜਾਂ ਨਹੀਂ ਇਹ ਵੀ ਸੋਚਣ ਤੇ ਵਿਚਾਰਨ ਵਾਲੀ ਗੱਲ ਹੈ। ਵਿਸ਼ਵੀ ਕਰਨ ਦੇ ਪ੍ਰਸੰਗ ਤੋਂ ਵੇਖਿਆਂ ਸਭ ਕੁੱਝ ਸੁਭਾਵਿਕ ਨਹੀਂ ਜਾਪਦਾ। ਬੁਰਜੂਆ ਸ਼ਕਤੀਆਂ ਅਹਿਮ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਹਟਾਉਣ ਲਈ ਸਭ ਕੁੱਝ ਕਰ ਰਹੀਆਂ ਹਨ। ਇਸ ਅਧੋਗਤੀ ਵਿਚ ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਦੀ ਸਾਰਥਿਕਤਾ ਹੀ ਡੂੰਘਾਈ ਨਾਲ ਲਾਗੂ ਹੁੰਦੀ ਹੈ। ਉਹਨਾਂ ਦੀ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦੀ ਜੀਵਨ-ਸ਼ੈਲੀ ਅੱਜ ਵੀ ਕਾਰਗਰ ਸਿੱਧ ਹੁੰਦੀ ਹੈ।

ਅਜੋਕੇ ਵਿਸ਼ਵੀ ਪ੍ਰਸੰਗ ਵਿਚ ਕੰਮ ਸਭਿਆਚਾਰ (work culture) ਦੀ ਅਹਿਮ ਭੂਮਿਕਾ ਹੈ। ਇਸ ਸੰਕਲਪ ਨੂੰ ਅਸੀਂ ਜਪੁਜੀ ਵਿਚਲੇ ਕਰਮ-ਸਿਧਾਂਤ ਨਾਲ ਜੋੜ ਕੇ ਵੇਖ ਸਕਦੇ ਹਾਂ। ਕਰਮ-ਸਿਧਾਂਤ ਦੇ ਨਾਲ ਰੱਬੀ ਨਦਰਿ ਜਾਂ ਬਖ਼ਸ਼ਿਸ਼ ਦਾ ਸੰਕਲਪ ਵਿਸ਼ੇਸ਼ ਮਹੱਤਤਾ ਵਾਲੇ ਸਿਧਾਂਤ ਹਨ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਇਨ੍ਹਾਂ ਦੋਹਾਂ ਸੰਕਲਪਾਂ ਦੀ ਸਮਾਨਾਂਤਰਤਾ ਇਹ ਦ੍ਰਿੜ ਕਰਵਾਉਂਦੀ ਹੈ ਕਿ ਮਨੁੱਖ ਨੂੰ ਆਪਣੇ ਆਚਰਣ ਦੀ ਉਸਾਰੀ ਇਨ੍ਹਾਂ ਦੋਹਾਂ ਦੇ ਸਹਿਯੋਗ ਨਾਲ ਕਰਨੀ ਚਾਹੀਦੀ ਹੈ ਨਹੀਂ ਤਾਂ ਉਹ ਆਪਣੇ ਜੀਵਨ ਮਨੋਰਥ ਵਿਚ ਸਫ਼ਲ ਨਹੀਂ ਹੋ ਸਕਦੇ ਕਿਉਂਕਿ ਚੰਗੇ ਜਾਂ ਬੁਰੇ ਕਰਮ ਕੇਵਲ ਕਹਿਣ-ਮਾਤਰ ਹੀ ਨਹੀਂ ਸਗੋਂ ਮਨੁੱਖ ਨੂੰ ਇਨ੍ਹਾਂ ਦਾ ਖ਼ਮਿਆਜਾ ਵੀ ਭੁਗਤਣਾ ਪੈਂਦਾ ਹੈ:

ਪੁੰਨੀ ਪਾਪੀ ਆਖਣੁ ਨਾਹਿ॥

ਕਰਿ ਕਰਿ ਕਰਣਾ ਲਿਖਿ ਲੈ ਜਾਹੁ॥
ਆਪੇ ਬੀਜਿ ਆਪੇ ਹੀ ਖਾਹੁ॥
ਨਾਨਕ ਹੁਕਮੀ ਆਵਹੁ ਜਾਹੁ॥[10]

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਕਰਮ, ਪ੍ਰੰਪਰਾਗਤ ਭਾਰਤੀ ਅਧਿਆਤਮਕ ਬਿਰਤਾਂਤਾਂ ਨਾਲੋਂ ਨਵੇਂ ਅਰਥਾਂ ਵਿਚ ਆਉਂਦਾ ਹੈ। ਇਸ ਵੱਖਰੇਪਨ ਨੂੰ ਅਸੀਂ ਅਜੋਕੇ ਵਿਸ਼ਵੀ ਪ੍ਰਸੰਗ ਵਿਚ ਵਧੇਰੇ ਕਾਰਜਸ਼ੀਲ ਹੁੰਦਿਆ ਵੇਖਦੇ ਹਾਂ। ਗੁਰੂ ਨਾਨਕ ਦੇਵ ਜੀ ਦਾ ਇਹ ਕਰਮ-ਸਿਧਾਂਤ ਇੱਕ ਪਰਿਵਰਤਨਸ਼ੀਲ ਵਰਤਾਰਾ ਹੈ ਅਤੇ ਇਹ ਵਰਤਾਰਾ ਬੁਰੇ ਨੂੰ ਭਲੇ ਦੇ ਰੂਪਾਂਤਰਣ ਦੀ ਪ੍ਰਕਿਰਿਆ ਵਿਚ ਵੇਖਦਾ ਹੈ। ਭਾਵ ਜੇਕਰ ਬੁਰਾ ਮਨੁੱਖ ਗੁਰੂ ਨਾਨਕ ਵਿਚਾਰਧਾਰਾ ਅਨੁਸਾਰ ਚੰਗੇ ਕਰਮ ਕਰਨ ਲੱਗ ਜਾਵੇ ਉਹ ਭਲਾ ਜਾਂ ਉੱਦਮੀ ਇਨਸਾਨ ਬਣ ਕੇ ਆਪਣੇ ਜੀਵਨ ਦਾ ਸੁਧਾਰ ਕਰ ਲੈਂਦਾ ਹੈ। ਗੁਰਮਤਿ ਵਿਚ ਉੱਦਮ ਦੀ ਬਹੁਤ ਮਹਾਨਤਾ ਹੈ ਜੋ ਮਨੁੱਖ ਧਰਮ ਕਿਰਤ ਨਾਲ ਨਿਰਬਾਹ ਨਹੀਂ ਕਰਦੇ ਅਤੇ ਆਲਸੀ ਹੋ ਕੇ ਜੀਵਨ ਬਿਤਾਉਂਦੇ ਹਨ ਉਹ ਅਜੋਕੇ ਦੌਰ ਵਿਚ ਪ੍ਰਵਾਨ ਨਹੀਂ ਹਨ :

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥[11]

ਮਨੁੱਖ ਦੇ ਜੀਵਨ ਦਾ ਇੱਕ ਮਹੱਤਵਪੂਰਨ ਪੱਖ ਉਸਦੀ ਆਰਥਿਕਤਾ ਦਾ ਹੈ। ਆਮ ਵੇਖਣ ਵਿਚ ਆਉਂਦਾ ਹੈ ਜਦੋਂ ਮਨੁੱਖ ਆਰਥਿਕ ਪੱਖੋਂ ਮਜ਼ਬੂਤ ਹੋ ਜਾਂਦਾ ਹੈ ਤਾਂ ਉਸ ਵਿਚ ਹਉਮੈ ਵੀ ਆ ਜਾਂਦੀ ਹੈ। ਹਉਮੈ ਨੂੰ ਜੇਕਰ ਸੰਜਮ ਵਿਚ ਰਹਿ ਕੇ ਨਾ ਵਰਤਿਆ ਜਾਵੇ ਤਾਂ ਉਹ ਮਨੁੱਖ ਲਈ ਮਾਰੂ ਸਿੱਧ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ :

ਹਉਮੈ ਦੀਰਘ ਰੋਗੁ ਹੈ
ਦਾਰੂ ਭੀ ਇਸੁ ਮਾਹਿ॥[12]

ਵਿਸ਼ਵੀਕਰਨ ਦੇ ਅਜੋਕੇ ਦੌਰ ਵਿਚ ਪੂੰਜੀਵਾਦੀ ਦੇਸ਼ਾਂ ਵਿਚੋਂ ਅਸੀਂ ਅਮਰੀਕਾ ਦੀ ਉਦਾਹਰਣ ਲੈ ਸਕਦੇ ਹਾਂ। ਅਮਰੀਕਾ ਵੱਲੋਂ ਆਪਣੀ ਪੂੰਜੀ ਦੀ ਧੌਂਸ ਜਮਾਉਣ ਲਈ ਇਰਾਕ ਤੇ ਹਮਲਾ ਕਰਨ ਦੀ ਪ੍ਰਕਿਰਿਆ ਨੂੰ ਅਸੀਂ ਉਸਦੀ ਹਉਮੈ ਦੀ ਪ੍ਰਕਿਰਿਆ ਵਜੋਂ ਵੇਖ ਸਕਦੇ ਹਾਂ। ਗੁਰੂ ਨਾਨਕ ਦੇਵ ਜੀ ਨੇ ਹਉਮੈ ਦੇ ਨਾਲ ਪਾਰਲੌਕਿਕ ਹੁਕਮ ਨੂੰ ਜੋੜਿਆ ਹੈ। ਉਹਨਾਂ ਨੇ ਤਾਂ ਸੰਸਾਰ ਨੂੰ ਵੀ ਪਰਮਾਤਮਾ ਦੇ ਹੁਕਮ ਦੀ ਖੇਡ ਦੱਸਿਆ ਹੈ। ਵਿਸ਼ਵੀ-ਦੌਰ ਵਿਚ ਜੇਕਰ ਅਮੀਰ ਜਾਂ ਪੂੰਜੀਪਤੀ ਮਨੁੱਖ ਗੁਰੂ ਨਾਨਕ ਦੀ ਦੈਵੀ ਹੁਕਮ ਸੰਬੰਧੀ ਧਾਰਨਾ ਨੂੰ ਸਮਝ ਜਾਵੇ ਅਤੇ ਉਹ ਇਸ ਹੁਕਮ ਅਨੁਸਾਰ ਆਪਣੀ ਹਉਮੈ ਦੀ ਵਰਤੋਂ ਵਿਸ਼ਵੀ ਭਾਈਚਾਰੇ ਦੀ ਭਲਿਆਈ ਲਈ ਕਰੇ ਤਾਂ ਵਿਸ਼ਵ ਪੱਧਰ ਤੇ ਇੱਕ ਭਰਾਤਰੀ ਭਾਵ ਵਾਲਾ ਸਮਾਜ ਪੈਦਾ ਹੋ ਸਕਦਾ ਹੈ। ਜਦੋਂ ਤੱਕ ਮਨੁੱਖ ਇਸ ਹੁਕਮ ਨੂੰ ਨਹੀਂ ਬੁੱਝਦਾ ਉਦੋਂ ਤੱਕ ਉਹ ਦੁੱਖੀ ਰਹਿੰਦਾ ਹੈ। ਵਿਸ਼ਵੀ ਪ੍ਰਸੰਗ ਵਿਚ ਧਰਮ ਦੇ ਇਸ ਸਿਧਾਂਤ ਨੂੰ ਪਛਾਨਣਾ ਅਤਿ ਸਹਾਈ ਸਿੱਧ ਹੋ ਸਕਦਾ ਹੈ। ਹੁਕਮ ਵਿਚ ਆਉਣਾ ਹੀ ਸਾਰਥਿਕ ਜੀਵ (ਮਨੁੱਖਤਾ) ਵਿਚ ਰੂਪਾਂਤਰਣ ਹੋਣਾ ਹੈ :

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥[13]

ਗੁਰੂ ਨਾਨਕ ਦੇਵ ਜੀ ਦੀ ਇਸ ਵਿਚਾਰਧਾਰਾ ਨੂੰ ਜੇਕਰ ਵਿਸ਼ਵ ਦ੍ਰਿਸ਼ਟੀਕੋਣ ਤੋਂ ਵੇਖਿਆ ਜਾਵੇ ਜਾਂ ਇਸ ਬਾਰੇ ਵਿਸ਼ਵੀ ਮਨੁੱਖ ਨੂੰ ਜਾਣੂ ਕਰਵਾਇਆ ਜਾਵੇ ਤਾਂ ਮਨੁੱਖੀ ਸੁਰੱਖਿਆ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਜਿਸਨੂੰ ਅਜੋਕੇ ਵਿਸ਼ਵੀਕਰਨ ਦੇ ਪ੍ਰਸੰਗ ਵਿਚ ਨਾਂਹ-ਪੱਖੀ ਸੋਚ ਵਜੋਂ ਵੇਖਿਆ ਜਾ ਰਿਹਾ ਹੈ ਇਨ੍ਹਾਂ ਦੀ ਰੱਖਿਆ ਸਹਿਜ ਰੂਪ ਵਿਚ ਹੋ ਸਕਦੀ ਹੈ। ਉਹਨਾਂ ਨੇ ਜਿਸ ਰੱਬੀ ਹੁਕਮ ਦੀ ਪਾਲਣਾ ਦਾ ਉਪਦੇਸ਼ ਦਿੱਤਾ ਹੈ ਉਹ ਜ਼ਾਲਮਾਂ ਨੂੰ ਨਾਸ਼ ਕਰਨ ਦੀ ਸ਼ਕਤੀ ਰੱਖਦਾ ਹੈ ਅਤੇ ਉਹੀ ਹੁਕਮ ਮਨੁੱਖ ਨੂੰ ਵਡਿਆਈ ਬਖਸ਼ਣ ਵਾਲਾ ਵੀ ਹੋ ਸਕਦਾ ਹੈ। ਗੁਰੂ

ਨਾਨਕ ਦੇਵ ਜੀ ਦੀ ਇਸ ਧਾਰਨਾ ਨੂੰ ਵਿਸ਼ਵੀ ਚੇਤਨਾ ਦੇ ਪ੍ਰਸੰਗ ਵਿਚ ਵਿਚਾਰਿਆ ਜਾ ਸਕਦਾ ਹੈ। ਕਿਸੇ ਵੀ ਕਾਰਜ ਵਿਚ ਅਜਿਹੇ ਭਾਵ ਛੁਪੇ ਹੁੰਦੇ ਹਨ ਜੋ ਪਰਗਟ ਰੂਪ ਦੇ ਉਲਟ ਹੁੰਦੇ ਹਨ। ਵਿਸ਼ਵੀਕਰਨ ਦੇ ਵਿਰੋਧ ਵਿਚ ਵੀ ਅਜਿਹੇ ਭਾਵ ਅਭਿਵਿਅਕਤ ਕੀਤੇ ਜਾ ਰਹੇ ਹਨ ਜਿਨ੍ਹਾਂ ਦਾ ਉਲੇਖ ਅਸੀਂ ਪਿੱਛੇ ਕਰ ਆਏ ਹਾਂ। ਦੁਨਿਆਵੀ ਪੂੰਜੀਪਤੀ ਜਾਂ ਸਾਮਰਾਜੀ ਪੂੰਜੀਪਤੀਆਂ ਦਾ ਬਾਹਰੋਂ ਲੁਭਾਵਣਾ ਪਰੰਤੂ ਅੰਦਰੋਂ ਹਉਮੈ ਗ੍ਰਸਿਆ, ਬਹੁ-ਕੌਮੀ ਕੰਪਨੀਆਂ ਦੇ ਰੂਪ ਵਿਚ ਛੁਪਿਆ ਹੁਕਮ (ਪਸਾਰਾ) ਵਕਤੀ ਪ੍ਰਭਾਵ ਤਾਂ ਪਾ ਸਕਦਾ ਹੈ ਪਰੰਤੂ ਇਹ ਹਉਮੈ ਗ੍ਰਸਿਆ ਹੁਕਮ (ਪਸਾਰਾ) ਵਿਸ਼ਵੀਕਰਨ ਦੇ ਰੂਪ ਵਿਚ ਕੋਈ ਸਦੀਵੀ ਪ੍ਰਭਾਵ ਪਾ ਸਕੇਗਾ ਕਿ ਨਹੀਂ ਇਸ ਗੱਲ ਦਾ ਦਾਅਵਾ ਨਹੀਂ ਕੀਤਾ ਜਾ ਸਕਦਾ। ਗੁਰੂ ਨਾਨਕ ਬਾਣੀ ਦੇ ਪ੍ਰਸੰਗ ਵਿਚ ਇਸ ਹੁਕਮ ਨੂੰ ਤਰਕ ਦੇ ਅਧਾਰ ਤੇ ਪਛਾਣਿਆ ਜਾ ਸਕਦਾ ਹੈ ਅਤੇ ਗਿਆਨ ਦੀ ਰੋਸ਼ਨੀ ਵਿਚ ਇਸਦੇ ਨਾਂਹ-ਪੱਖੀ ਨਤੀਜਿਆਂ ਤੋਂ ਵੀ ਬਚਿਆ ਜਾ ਸਕਦਾ ਹੈ। ਇਸ ਵਿਚਾਰਧਾਰਾ ਦੇ ਹਾਂ-ਪੱਖੀ ਪੱਖ ਨੂੰ ਅਸੀਂ ਗੁਰੂ ਨਾਨਕ ਦੀ ਉਸ ਵਿਚਾਰਧਾਰਾ ਰਾਹੀਂ ਸਮਝ ਸਕਦੇ ਹਾਂ ਜਿਸ ਤਹਿਤ ਉਹ ਸਮੁੱਚੀ ਮਾਨਵਤਾ ਨੂੰ ਇਹ ਸੁਨੇਹਾ ਦੇ ਰਹੇ ਹਨ ਕਿ ਰੱਬੀ ਹੁਕਮ ਤੋਂ ਮਨੁੱਖ ਹੀ ਨਹੀਂ ਸਗੋਂ ਸਾਰੀ ਸ੍ਰਿਸ਼ਟੀ ਪੈਦਾ ਹੁੰਦੀ ਹੈ। ਇਸ ਸਮੁੱਚਤਾ ਵਿਚੋਂ ਜੋ ਵੀ ਸਿਰਜਣਾ ਹੁੰਦੀ ਹੈ ਉਸਦਾ ਕੇਂਦਰ ਬਿੰਦੂ 'ਹੁਕਮ' ਹੈ। ਕੁਦਰਤ ਅਨੰਤ ਜੀਵਨ ਦਾ ਵਿਕਾਸ ਹੈ। ਪਰਮਾਤਮਾ ਦੇ ਹੁਕਮ-ਮਾਰਗ ਦਾ ਵਿਕਾਸ ਹੀ ਸ੍ਰਿਸ਼ਟੀ ਦੀ ਉਤਪਤੀ ਹੈ। ਵਿਸ਼ਵੀ-ਪ੍ਰਸੰਗ ਵਿਚ ਦੁਨੀਆਂ ਦੇ ਬਹੁਤ ਸਾਰੇ ਧਰਮ, ਜਗਤ ਦੀ ਸਿਰਜਣਾ ਬਾਰੇ ਆਪੋ-ਆਪਣੇ ਵਿਚਾਰ ਪੇਸ਼ ਕਰਦੇ ਹਨ। ਅਜੋਕੇ ਵਿਗਿਆਨੀ ਵੀ ਸ੍ਰਿਸ਼ਟੀ ਰਚਨਾ ਬਾਰੇ ਕੋਈ ਵੀ ਠੋਸ ਤੇ ਨਿੱਘਰ ਸਿਧਾਂਤ ਦੇਣ ਤੋਂ ਅਸਮਰੱਥ ਹਨ। ਗੁਰੂ ਨਾਨਕ ਦੇਵ ਜੀ ਵੱਖ-ਵੱਖ ਧਰਮਾਂ ਅਤੇ ਵਿਗਿਆਨੀਆਂ ਦੇ ਸ੍ਰਿਸ਼ਟੀ ਰਚਨਾ ਦੇ ਸਿਧਾਂਤਾਂ ਤੋਂ ਉਲਟ ਸ੍ਰਿਸ਼ਟੀ ਦੀ ਉਤਪਤੀ ਬਾਰੇ ਵਿਲੱਖਣ ਅਤੇ ਨਿਵੇਕਲੀ ਧਾਰਨਾ ਰੱਬੀ ਹੁਕਮ ਦੇ ਪ੍ਰਸੰਗ ਵਿਚ ਪੇਸ਼ ਕਰਦੇ ਹਨ :

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ।।
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ।।

ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ॥

ਵਖਤੁ ਨਾ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ॥

ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥

ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥[14]

ਜਪੁਜੀ ਵਿਚ ਗੁਰੂ ਨਾਨਕ ਦੇਵ ਜੀ ਨੇ ਹੁਕਮ ਨੂੰ ਅਜਿਹੀ ਕਸਵੱਟੀ ਦੱਸਿਆ ਹੈ ਜਿਸ ਦੇ ਅਧਾਰ ਤੇ ਜੀਵ ਦੇ ਉੱਤਮ ਜਾਂ ਨੀਚ ਹੋਣ ਦਾ ਨਿਰਣਾ ਲਿਆ ਜਾਂਦਾ ਹੈ। ਇਸ ਤਰ੍ਹਾਂ ਇਹ ਕਾਰਜ, ਕਰਮ ਅਤੇ ਕਰਮ ਫਲ ਨੂੰ ਨਿਰਧਾਰਤ ਕਰਨ ਵਾਲਾ ਨਿਯਮ ਹੈ। ਰੱਬੀ ਹੁਕਮ ਨਾਲ ਹੀ ਵਿਭਿੰਨ ਅਕਾਰ ਅਤੇ ਅਨੇਕ ਜੀਵ-ਜੰਤੂ ਪੈਦਾ ਹੋਏ ਹਨ। ਇਸਦੇ ਅੰਤਰਗਤ ਹੀ ਮਨੁੱਖ ਬਖ਼ਸ਼ਿਸ਼ ਪ੍ਰਾਪਤ ਕਰਦਾ ਹੈ ਅਤੇ ਕਈ ਜੀਵ ਜਨਮ-ਮਰਨ ਦੇ ਚੱਕਰ ਵਿਚ ਪਏ ਰਹਿੰਦੇ ਹਨ।

ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨਿਰੰਤਰ ਵਿਸ਼ਵ ਗਿਆਨ ਨਾਲ ਜੁੜੀ ਹੋਈ ਹੈ ਅਤੇ ਵਿਸ਼ਵੀਕਰਨ ਦੀਆਂ ਸਭਿਆਚਾਰਕ, ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਪ੍ਰਸਥਿਤੀਆਂ ਤੋਂ ਟੁੱਟਦੀ ਨਹੀਂ। 'ਜਪੁਜੀ' ਵਿਚਲੀ ਵਿਚਾਰਧਾਰਾ ਵਿਸ਼ਵ ਗਿਆਨ ਦੀਆਂ ਅਨੰਤ ਸੀਮਾਵਾਂ ਅਤੇ ਸੰਭਾਵਨਾਵਾਂ ਨੂੰ ਸਮਾਜਿਕ, ਰਾਜਨੀਤਿਕ, ਸਭਿਆਚਾਰਕ ਅਤੇ ਧਾਰਮਿਕ ਪਰਿਪੇਖ ਵਿਚ ਅਧਿਐਨ ਵਸਤੂ ਬਣਾਉਂਦੀ ਹੈ :

ਅਸੰਖ ਜਪ ਅਸੰਖ ਭਾਉ॥

ਅਸੰਖ ਪੂਜਾ ਅਸੰਖ ਤਪ ਤਾਉ॥

ਅਸੰਖ ਗਰੰਥ ਮੁਖਿ ਵੇਦ ਪਾਠ॥

ਅਸੰਖ ਜੋਗ ਮਨਿ ਰਹਹਿ ਉਦਾਸ॥

ਅਸੰਖ ਭਗਤ ਗੁਣ ਗਿਆਨ ਵੀਚਾਰ॥

ਅਸੰਖ ਸਤੀ ਅਸੰਖ ਦਾਤਾਰ॥

ਅਸੰਖ ਸੂਰ ਮੁਹ ਭਖ ਸਾਰ॥

ਅਸੰਖ ਮੋਨਿ ਲਿਵ ਲਾਇ ਤਾਰ।।[15]

ਉਪਰੋਕਤ ਬਾਣੀ-ਤੁਕਾਂ ਵਿਚ ਅਸੰਖ ਸ਼ਬਦ ਦੀ ਬਹੁਤ ਵਰਤੋਂ ਕੀਤੀ ਗਈ ਹੈ। ਇਹ ਸ਼ਬਦ ਪਰਮਾਤਮਾ ਦੇ ਅਨੰਤ ਪਸਾਰੇ ਦਾ ਲਖਾਇਕ ਹੈ, ਬਹੁ-ਰਾਗੀ ਅਤੇ ਬਹੁ-ਸੁਰੀ ਵਿਆਖਿਆ ਅਤੇ ਹੋਂਦ ਦਾ ਸੂਚਕ ਵੀ ਹੈ। 'ਅਸੰਖ' ਸ਼ਬਦ ਦੀ ਏਕਤਾ ਵਿਚ ਅਨੇਕਤਾ ਦਾ ਪਸਾਰਾ ਹੁੰਦਾ ਹੈ। ਵਿਸ਼ਵੀਕਰਨ ਸੋਚ ਵੀ ਇਸੇ ਵਿਚਾਰ ਦੀ ਧਾਰਨੀ ਹੈ ਭਾਵ ਅਨੇਕਤਾ ਨੂੰ ਏਕਤਾ ਵਿਚ ਜਾਂ ਬਹੁ-ਸਭਿਆਚਾਰ ਨੂੰ ਇੱਕ ਵਿਸ਼ਵੀ ਸਭਿਆਚਾਰ ਸਿਰਜਣ ਵੱਲ ਰੁਚਿਤ ਹੈ। ਗੁਰੂ ਨਾਨਕ ਦੇਵ ਜੀ ਦੀ ਇਸ ਪਰਮਾਰਥੀ ਸੋਚ ਵਿਚੋਂ ਪੂਜਾ, ਪ੍ਰੇਮ, ਤਪ, ਜੋਗ, ਅਭਿਆਸ ਤੇ ਰੱਬੀ ਗੁਣ ਵਿਚਾਰ ਦੀ ਅਨੇਕ ਪੱਖੀ ਚੇਤਨਾ ਜਨਮ ਲੈਂਦੀ ਹੈ। ਇਹ ਚੇਤਨਾ ਵਿਕੇਂਦਰਤ ਤੋਂ ਕੇਂਦਰਤ ਵੱਲ ਰੁਚਿਤ ਹੈ। ਵਿਸ਼ਵੀ ਵਿਚਾਰਧਾਰਾ ਦੀ ਵੀ ਇਹ ਮੁੱਖ ਵਿਸ਼ੇਸ਼ਤਾ ਹੈ ਕਿ ਉਸਦਾ ਸਫ਼ਰ ਵੀ ਵਿਕੇਂਦਰ ਤੋਂ ਕੇਂਦਰ ਵੱਲ ਹੈ ਭਾਵ ਦੇਸ਼ਾਂ ਵਿਚ ਖਿੱਲਰੇ ਹੋਏ ਸਭਿਆਚਾਰਾਂ ਤੇ ਸਮਾਜ ਨੂੰ ਇੱਕ ਧਰਾਤਲ ਤੇ ਜੋੜਨਾ ਹੈ।

ਗੁਰੂ ਨਾਨਕ ਦੇਵ ਜੀ ਨੇ ਕੁਦਰਤ ਅਤੇ ਪਰਮਾਤਮਾ ਦੀ ਅਨੇਕਤਾ ਅਤੇ ਵੰਨ-ਸੁਵੰਨਤਾ ਨੂੰ ਜਪੁਜੀ ਵਿਚ ਚਿਤਰਿਆ ਹੈ। ਇਹ ਕੁਦਰਤ ਪਰਮਾਤਮਾ ਦੇ ਹੁਕਮ ਦਾ ਵਿਵਹਾਰਕ ਅਤੇ ਸਾਕਾਰ ਦ੍ਰਿਸ਼ ਹੈ। ਪਰਮਾਤਮਾ ਆਪਣੇ ਅਨੰਤ ਗੁਣਾਂ ਨੂੰ ਵਿਕਸਤ ਕਰਕੇ ਇਸ ਨੂੰ ਚਲਾ ਰਿਹਾ ਹੈ। ਇਹ ਵੰਨ-ਸੁਵੰਨਤਾ ਵਿਸ਼ਵ ਪੱਧਰ ਤੇ ਵਿਸ਼ਵੀ ਗਿਆਨ ਅਤੇ ਵਿਸ਼ਵੀ ਅਨੇਕਤਾ ਨਾਲ ਵੀ ਮੇਲ ਖਾਂਦੀ ਹੈ :

ਅੰਤੁ ਨ ਸਿਫਤੀ ਕਹਣਿ ਨ ਅੰਤੁ।।
ਅੰਤੁ ਨਾ ਕਰਣੈ ਦੇਣਿ ਨ ਅੰਤੁ।।
ਅੰਤੁ ਨ ਵੇਖਣਿ ਸੁਣਣਿ ਨ ਅੰਤੁ।।
ਅੰਤੁ ਨ ਜਾਪੈ ਕਿਆ ਮਨਿ ਮੰਤੁ।।
ਅੰਤੁ ਨ ਜਾਪੈ ਕੀਤਾ ਆਕਾਰੁ।।

ਅੰਤੁ ਨ ਜਾਪੈ ਪਾਰਾਵਾਰੁ॥

ਅੰਤ ਕਾਰਣਿ ਕੇਤੇ ਬਿਲਲਾਹਿ॥

ਤਾ ਕੇ ਅੰਤ ਨ ਪਾਏ ਜਾਹਿ॥

ਏਹੁ ਅੰਤੁ ਨ ਜਾਣੈ ਕੋਇ॥

ਬਹੁਤਾ ਕਹੀਐ ਬਹੁਤਾ ਹੋਇ॥[16]

ਵਿਸ਼ਵੀਕਰਨ ਦੇ ਪ੍ਰਸੰਗ ਵਿਚ ਅਸੀਂ ਪਿੱਛੇ ਵਿਚਾਰ ਕਰ ਆਏ ਹਾਂ ਕਿ ਭਾਵੇਂ ਵਿਸ਼ਵੀਕਰਨ ਦੇ ਸਮਰਥਕ ਇਸਦੇ ਪੱਖ ਵਿਚ ਬਹੁਤ ਸਾਰੀਆਂ ਦਲੀਲਾਂ ਦਿੰਦੇ ਹਨ ਪਰੰਤੂ ਹਕੀਕਤ ਇਹ ਹੈ ਕਿ ਭੌਤਿਕਵਾਦ ਦੇ ਇਸ ਯੁੱਗ ਵਿਚ ਸਾਮਰਾਜੀ ਤਾਕਤਾਂ ਨੇ ਆਪਣੇ ਨਿੱਜੀ ਸੁਆਰਥਾਂ ਤੋਂ ਪ੍ਰੇਰਿਤ ਹੋ ਕੇ ਇੱਕ ਪਾਸੇ ਸਮੁੱਚੀ ਮਾਨਵਤਾ ਦੇ ਕਲਿਆਣ ਦੀ ਗੱਲ ਕੀਤੀ ਹੈ ਤੇ ਦੂਜੇ ਪਾਸੇ ਪਰਮਾਣੂ ਬੰਬ ਜਿਹੇ ਵਿਨਾਸ਼ਕਾਰੀ ਦੈਂਤਾਂ ਦੇ ਮੂੰਹ ਵਿਚ ਲਿਆ ਖੜਾ ਕੀਤਾ ਹੈ। ਵਿਸ਼ਵ ਕਲਿਆਣ ਦੀਆਂ ਡੀਂਘਾਂ ਮਾਰਨ ਵਾਲੇ ਮੁਲਕ ਇਸ ਦੌੜ ਵਿਚ ਸਭ ਤੋਂ ਅੱਗੇ ਹਨ ਪਰੰਤੂ ਜਪੁਜੀ ਵਿਚਲੀ ਵਿਚਾਰਧਾਰਾ ਮਨੁੱਖ ਨੂੰ ਅਜਿਹੇ ਵਿਨਾਸ਼ਕਾਰੀ ਸਹਿਮ ਤੋਂ ਮੁਕਤ ਕਰਵਾਉਣ ਵੱਲ ਰੁਚਿਤ ਹੈ। ਪਰਮਾਤਮਾ ਦਾ ਨਿਰਭਉ ਹੁਕਮ ਸਮੁੱਚੀ ਕਾਇਨਾਤ ਵਿਚ ਵਰਤ ਰਿਹਾ ਹੈ। ਉਸਦੇ ਹੁਕਮ ਨੂੰ ਬੁੱਝਣਾ ਤੇ ਪਦਾਰਥਵਾਦਤਾ ਨੂੰ ਸੰਜਮਤਾ ਵਿਚ ਵਰਤਣਾ ਹੀ ਮਨੁੱਖੀ ਕਲਿਆਣ ਦਾ ਸਾਧਨ ਹੈ :

ਨਿਰਭਉ ਜਪੈ ਸਗਲ ਭਉ ਮਿਟੈ॥[17]

ਗੁਰਬਾਣੀ ਭਾਵੇਂ ਮੈਨੇਜਮੈਂਟ (Business commerce) ਵਿਵਹਾਰ ਦਾ ਅਧਿਐਨ ਨਹੀਂ ਪਰੰਤੂ ਇਹ ਜੀਵਨ ਦੇ ਸਾਰੇ ਪੱਖਾਂ ਦੀ ਪੂਰਨ ਰੂਪ ਵਿਚ ਗਾਈਡ ਹੈ। ਵਿਸ਼ਵੀਕਰਨ ਵਿਚ ਪੂੰਜੀਵਾਦਤਾ (ਮਾਇਆ) ਦਾ ਹੀ ਪ੍ਰਮੁੱਖ ਬੋਲ-ਬਾਲਾ ਹੈ। ਅਸਲ ਵਿਚ ਵਿਸ਼ਵੀਕਰਨ ਦਾ ਅਧਾਰ ਹੀ ਪੂੰਜੀ ਹੈ। ਗੁਰਬਾਣੀ ਮਨੁੱਖ ਨੂੰ ਇਸ ਪੂੰਜੀ ਪ੍ਰਬੰਧ ਜਾਂ ਆਰਥਿਕ ਪ੍ਰਬੰਧ ਬਾਰੇ ਵਿਵਹਾਰਕ ਸੇਧ ਪ੍ਰਦਾਨ ਕਰਦੀ ਹੈ :

ਚਾਰਿ ਪਦਾਰਥ ਜੇ ਕੋ ਮਾਗੈ॥

ਸਾਧ ਜਨਾ ਕੀ ਸੇਵਾ ਲਾਗੈ॥[18]

ਚਾਰ ਪਦਾਰਥਾਂ (ਧਰਮ, ਅਰਥ, ਕਾਮ, ਮੋਖ) ਵਿਚੋਂ ਗੁਰਬਾਣੀ ਵਿਚ ਅਰਥ (ਮਾਇਆ) ਨੂੰ ਮਹੱਤਤਾ ਦਿੱਤੀ ਹੈ। ਭਾਵੇਂ ਮਾਇਆ ਦੇ ਬਹੁ-ਰੂਪ ਹਨ ਪਰੰਤੂ ਵਿਸ਼ਵੀਕਰਨ ਦੇ ਪ੍ਰਸੰਗ ਵਿਚ ਅਸੀਂ ਮਾਇਆ ਦਾ ਅਰਥ ਪੂੰਜੀ ਹੀ ਲਵਾਂਗੇ। ਗੁਰਬਾਣੀ ਮਨੁੱਖ ਨੂੰ ਸੇਧ ਦਿੰਦੀ ਹੈ ਕਿ ਉਹ ਆਰਥਿਕ ਪੱਖੋਂ ਪੂਰੀ ਤਰ੍ਹਾਂ ਮਜ਼ਬੂਤ ਹੋਵੇ। ਸਫ਼ਲ ਜੀਵਨ ਦੇ ਇਹ ਚਾਰ ਮੂਲ ਸਿਧਾਂਤ ਹਨ। ਕਰਤੱਵ ਪਾਲਣਾ ਧਰਮ ਦਾ ਮੂਲ ਪਹਿਲੂ ਹੈ। ਕਰਮ ਤੋਂ ਭਾਵ ਆਪਣੀਆਂ ਇੱਛਾਵਾਂ ਦੀ ਪੂਰਤੀ ਤੋਂ ਹੈ। ਚੌਥਾ ਸਿਧਾਂਤ ਮੁਕਤੀ ਦਾ ਹੈ ਇਸ ਤੋਂ ਭਾਵ ਬੁਰਾਈਆਂ ਦੇ ਬੰਧਨਾਂ ਜਾਂ ਚੌਰਾਸੀ ਦੇ ਗੇੜ ਤੋਂ ਮੁਕਤ ਹੋਣਾ ਹੈ। ਗੁਰਬਾਣੀ ਦੇ ਇਹ ਚਾਰੇ ਸਿਧਾਂਤ, ਨਿੱਜ ਜੀਵਨ ਜਾਂ ਨਿੱਜ ਸੁਆਰਥ ਲਈ ਨਹੀਂ ਹਨ। ਸਗੋਂ ਸਾਰੇ ਵਿਸ਼ਵ ਦੇ ਪੂਰਨ ਸਮਾਜ ਦੀ ਸੰਤੁਸ਼ਟੀ ਅਤੇ ਕਲਿਆਣ ਵੱਲ ਪ੍ਰੇਰਿਤ ਹਨ।

ਆਰਥਿਕ (ਮਾਇਆ) ਪੱਖੋਂ ਮਜ਼ਬੂਤ ਹੋਣ ਲਈ ਮਨੁੱਖ ਕੋਈ ਨੌਕਰੀ ਵਿਉਪਾਰ ਜਾਂ ਆਪਣੀ ਮਰਜ਼ੀ ਦਾ ਕੋਈ ਕਿੱਤਾ ਲੱਭਦਾ ਹੈ। ਸਵੈ-ਰੁਜ਼ਗਾਰ ਲਈ ਖੇਤੀਬਾੜੀ ਜਾਂ ਉਦਯੋਗ ਚੰਗੇ ਸਾਧਨ ਹਨ। ਇਨ੍ਹਾਂ ਸਾਰੇ ਮਸਲਿਆਂ ਵਿਚ ਰੋਜ਼ਾਨਾ ਜੀਵਨ ਦਾ ਵਿਵਹਾਰ ਅਧਿਆਤਮਕਤਾ ਤੇ ਵੀ ਲਾਗੂ ਹੁੰਦਾ ਹੈ। ਅਧਿਆਤਮਕਤਾ ਤੋਂ ਭਾਵ ਇੱਥੇ ਵਿਸ਼ਵੀ-ਮਨੁੱਖ ਦਾ ਸਦਾਚਾਰਕ ਅਤੇ ਨੈਤਿਕ ਜੀਵਨ ਤੋਂ ਹੈ। ਉਦਾਹਰਣ ਲਈ ਇੱਕ ਕਿਸਾਨ ਨੂੰ ਇਹ ਦੱਸਣਾ ਕਿ ਚੰਗੀ ਫ਼ਸਲ ਲੈਣ ਲਈ ਚੰਗੇ ਬੀਜ ਨੂੰ ਠੀਕ ਰੁੱਤ ਵਿਚ ਬੀਜਣਾ, ਸਮੇਂ ਸਿਰ ਪਾਣੀ ਤੇ ਗੋਡੀ ਕਰਨਾ ਆਦਿ ਇਹ ਢੰਗ ਅਧਿਆਤਮਕ ਜੀਵਨ ਤੇ ਵੀ ਲਾਗੂ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ :

ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ॥

ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ॥

ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ।।[19]

ਜਪੁਜੀ ਦੇ ਸ਼ੁਰੂ ਵਿਚ ਗੁਰੂ ਨਾਨਕ ਦੇਵ ਜੀ ਜਿੱਥੇ ਤੱਤਕਾਲੀਨ ਧਾਰਮਿਕ ਪਰੰਪਰਾਵਾਂ ਨੂੰ ਨਕਾਰਦੇ ਹਨ ਉੱਥੇ ਸਮੁੱਚੀ ਮਾਨਵਤਾ ਨੂੰ ਇੱਕ ਸਦੀਵੀ ਸੰਦੇਸ਼ ਦਿੰਦੇ ਹਨ ਕਿ ਮਾਇਆ ਨਾਲ ਮਨੁੱਖ ਦੀ ਕਦੇ ਵੀ ਤ੍ਰਿਪਤੀ ਨਹੀਂ ਹੁੰਦੀ। ਪੂੰਜੀਵਾਦੀ ਮਨੁੱਖ ਦੀ ਲਾਲਸਾ ਹਮੇਸ਼ਾ ਵਧਦੀ ਹੀ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ :

ਭੁਖਿਆ ਭੁਖ ਨ ਉਤਰੀ

ਜੇ ਬੰਨਾ ਪੁਰੀਆ ਭਾਰ।।[20]

ਇਸ ਪਰਮਾਰਥ ਦੇ ਪ੍ਰੋਖ ਵਿਚ ਇਹ ਸੱਚਾਈ ਛਿਪੀ ਹੋਈ ਹੈ ਕਿ ਮਾਇਆ ਇਕੱਤਰ ਕਰਨ ਨਾਲ ਮਨੁੱਖ ਨੂੰ ਸਦੀਵੀ ਸੁੱਖ ਪ੍ਰਾਪਤ ਨਹੀਂ ਹੋ ਸਕਦਾ ਅਤੇ ਨਾ ਹੀ ਇੱਕ ਨਰੋਏ ਵਿਸ਼ਵੀ-ਸਮਾਜ ਦੀ ਸਥਾਪਨਾ ਹੋ ਸਕਦੀ ਹੈ। ਜੇਕਰ ਅਜਿਹਾ ਵਿਸ਼ਵੀ ਸਮਾਜ ਸਿਰਜਣਾ ਹੈ ਤਾਂ ਮਨੁੱਖ ਨੂੰ ਸਮੁੱਚੀ ਮਾਨਵਤਾ ਦੇ ਹਿੱਤਾਂ ਨੂੰ ਸਾਹਮਣੇ ਰੱਖਣਾ ਪਵੇਗਾ।

ਗੁਰੂ ਨਾਨਕ ਦੇਵ ਜੀ ਨੇ ਮਾਇਆ ਨੂੰ ਜਿੱਥੇ ਕਿਤੇ ਧਨ-ਦੌਲਤ ਜਾਂ ਪਦਾਰਥ ਦੇ ਭਾਵ ਵਿਚ ਲਿਆ ਹੈ ਉੱਥੇ ਇਕ ਚਿਤਾਵਨੀ ਜ਼ਰੂਰ ਦਿੱਤੀ ਹੈ ਕਿ ਇਹ ਪਾਪਾਂ ਬਿਨਾਂ ਇਕੱਠੀ ਨਹੀਂ ਹੁੰਦੀ ਅਤੇ ਮਰਨ ਤੋਂ ਬਾਅਦ ਇਹ ਮਨੁੱਖ ਦੇ ਨਾਲ ਨਹੀਂ ਜਾਂਦੀ।[21] ਗੁਰੂ ਨਾਨਕ ਦੇਵ ਜੀ ਦੀ ਇਸ ਵਿਚਾਰਧਾਰਾ ਨੂੰ ਵਿਸ਼ਵੀ ਸਮਾਜਿਕ, ਆਰਥਿਕ ਅਤੇ ਧਾਰਮਿਕ ਮਹੱਤਤਾ ਵਾਲੀ ਵਿਚਾਰਧਾਰਾ ਕਿਹਾ ਜਾ ਸਕਦਾ ਹੈ। ਪੂੰਜੀਵਾਦੀ ਤਾਕਤਾਂ ਨੂੰ ਇਹ ਨਸੀਹਤ ਹੈ ਕਿ ਉਹ ਕਿਰਤੀਆਂ ਦਾ ਸ਼ੋਸ਼ਣ ਨਾ ਕਰਨ ਤਾਂ ਕਿ ਅਜਿਹਾ ਕਰਨ ਨਾਲ ਵਿਸ਼ਵੀ ਸਮਾਜ ਵਿਚ ਕੋਈ ਵਿਗਾੜ ਨਾ ਪੈਦਾ ਹੋ ਜਾਵੇ।

ਮਾਇਆ ਇਕੱਤਰ ਕਰਨ ਦੀ ਰੁਚੀ ਭਵਿੱਖ ਨੂੰ ਸੁਰੱਖਿਅਤ ਰੱਖਣ 'ਚੋਂ ਪੈਦਾ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਇਹ ਰੁਚੀ ਮਨੁੱਖ ਦੀ ਅਗਿਆਨਤਾ ਕਾਰਨ ਹੀ ਵਧਦੀ ਫੁੱਲਦੀ ਹੈ। ਇਹ ਮਨੁੱਖੀ ਚਿੰਤਾ ਉਸਦੇ ਇਸ ਭਰਮ ਵਿਚੋਂ ਉਪਜਦੀ ਹੈ ਕਿ ਉਸਨੇ ਇੱਥੇ ਲੰਮੀ ਉਮਰ

ਭੋਗਣੀ ਹੈ ਜਦੋਂ ਕਿ ਉਸਦੀ ਮੌਤ ਕਿਸੇ ਸਮੇਂ ਵੀ ਸੰਭਵ ਹੋ ਸਕਦੀ ਹੈ ਪਰੰਤੂ ਉਸਦੀ ਇਹ ਚਿੰਤਾ ਵਿਅਰਥ ਹੈ। ਅਗਿਆਨੀ ਮਨੁੱਖ ਇਸ ਅਸਲੀਅਤ ਨੂੰ ਵਿਸਾਰ ਕੇ ਭ੍ਰਿਸ਼ਟਾਚਾਰਕ ਵਸੀਲਿਆਂ ਰਾਹੀਂ ਧਨ-ਦੌਲਤ ਨੂੰ ਇਕੱਠਾ ਕਰਨ ਵਿਚ ਜ਼ਿੰਦਗੀ ਗੁਜ਼ਾਰ ਦਿੰਦਾ ਹੈ। ਉਹ ਮਾਨਵੀ ਰਿਸ਼ਤਿਆਂ ਦੀ ਕਸਵੱਟੀ ਮਾਇਆ ਜਾਂ ਧਨ-ਦੌਲਤ ਨੂੰ ਹੀ ਮਿੱਥ ਲੈਂਦਾ ਹੈ। ਵਿਸ਼ਵੀਕਰਨ ਦੇ ਪ੍ਰਸੰਗ ਵਿਚ ਇਹ ਵਿਚਾਰਧਾਰਾ ਲਾਗੂ ਹੁੰਦੀ ਹੈ ਕਿਉਂਕਿ ਭਾਵੇਂ ਉਹ ਪੂੰਜੀਪਤੀ ਦੇਸ਼ ਹੋਵੇ ਜਾਂ ਕੋਈ ਬਹੁ-ਕੌਮੀ ਕੰਪਨੀ ਹੋਵੇ ਜਾਂ ਕੋਈ ਨਿੱਜਵਾਦੀ ਹੋਵੇ। ਇਨ੍ਹਾਂ ਹਾਲਤਾਂ ਵਿਚ ਮਾਇਆ ਇਕੱਤਰ ਕਰਨ ਦੀ ਰੁਚੀ ਪਿੱਛੇ ਮਨੁੱਖੀ ਸੋਚ ਹੀ ਕੰਮ ਕਰਦੀ ਹੈ। 'ਜਪੁਜੀ' ਵਿਚ ਗੁਰੂ ਨਾਨਕ ਦੇਵ ਜੀ ਨੇ ਵਿਸ਼ਵ ਪੱਧਰ ਤੇ ਹੋ ਰਹੇ ਅਜਿਹੇ ਕੰਮਾਂ ਦੀ ਨਿਖੇਧੀ ਕੀਤੀ ਹੈ ਅਤੇ ਅਜਿਹੇ ਮਨੁੱਖਾਂ ਨੂੰ ਮੂਰਖ, ਮਹਾਂਮੂਰਖ, ਚੋਰ, ਹਰਾਮਖ਼ੋਰ, ਪਾਪੀ, ਕੂੜਿਆਰ ਤੇ ਮਲੇਛ ਆਦਿ ਸ਼ਬਦਾਂ ਨਾਲ ਸੰਬੋਧਨ ਕੀਤਾ ਹੈ :

ਅਸੰਖ ਮੂਰਖ ਅੰਧ ਘੋਰ॥<br>
ਅਸੰਖ ਚੋਰ ਹਰਾਮਖੋਰ॥<br>
ਅਸੰਖ ਅਮਰ ਕਰਿ ਜਾਹਿ ਜੋਰ॥<br>
ਅਸੰਖ ਗਲਵਢ ਹਤਿਆ ਕਮਾਹਿ॥<br>
ਅਸੰਖ ਪਾਪੀ ਪਾਪੁ ਕਰਿ ਜਾਹਿ॥<br>
ਅਸੰਖ ਕੂੜਿਆਰ ਕੂੜੇ ਫਿਰਾਹਿ॥<br>
ਅਸੰਖ ਮਲੇਛ ਮਲੁ ਭਖਿ ਖਾਹਿ॥[22]

ਸਮਾਜ ਦਾ ਚੰਗਾ ਜਾਂ ਮੰਦਾ ਪੱਖ ਸਮਾਜਿਕ ਵਾਤਾਵਰਣ ਨੂੰ ਪ੍ਰਭਾਵਿਤ ਕਰਦਾ ਹੈ। ਵਿਸ਼ਵ ਪੱਧਰ ਤੇ ਵਾਪਰ ਰਹੀਆਂ ਉਪਰੋਕਤ ਭਾਂਤ ਦੀਆਂ ਰੁਚੀਆਂ ਸਮਾਜ ਨੂੰ ਗਿਰਾਵਟ ਵਾਲੇ ਪਾਸੇ ਲੈ ਜਾਂਦੀਆਂ ਹਨ। ਗੁਰੂ ਨਾਨਕ ਦੇਵ ਜੀ ਦੁਆਰਾ ਵਰਤੇ ਇਨ੍ਹਾਂ ਚਿਹਨਾਂ ਦੇ ਪ੍ਰੋਖ ਵਿਚ

ਵਿਸ਼ਵ ਮਾਨਵ ਸ਼ਕਤੀ ਦਾ ਸੰਦੇਸ਼ ਲੁਕਿਆ ਹੋਇਆ ਹੈ। ਅਜਿਹਾ ਸੰਦੇਸ਼ ਇਨ੍ਹਾਂ ਬੁਰਾਈਆਂ ਦੇ ਤਿਆਗ ਵੱਲ ਅਤੇ ਇੱਕ ਨਿਰੋਏ ਵਿਸ਼ਵ ਸਮਾਜ ਦੀ ਸਥਾਪਤੀ ਵੱਲ ਕਾਰਜਸ਼ੀਲ ਹੈ।

### (ਅ) ਸਚਿਆਰਾ ਮਨੁੱਖ ਦੀ ਵਿਸ਼ਵੀ-ਪ੍ਰਸੰਗ ਵਿਚ ਮਹੱਤਤਾ

ਗੁਰੂ ਨਾਨਕ ਦੇਵ ਜੀ ਨੇ 'ਜਪੁਜੀ' ਵਿਚ ਉਨ੍ਹਾਂ ਭਰਾਂਤੀਆਂ ਨੂੰ ਨਕਾਰਿਆ ਹੈ ਜੋ ਮਨੁੱਖ ਨੂੰ ਗਲਤ ਜੀਵਨ ਮਾਰਗ ਦੱਸਦੀਆਂ ਹਨ ਅਜਿਹੇ ਮਾਰਗ ਤੇ ਚੱਲਦਿਆਂ ਮਨੁੱਖ ਕਦੇ ਵੀ ਸਮਾਜ ਦੀ ਖ਼ੁਸਹਾਲੀ ਤੇ ਉੱਨਤੀ ਬਾਰੇ ਨਹੀਂ ਸੋਚ ਸਕਦਾ। ਇਹ ਗਲਤ ਭਰਾਂਤੀਆਂ ਮਨੁੱਖ ਨੂੰ ਕਰਮ-ਕਾਂਡਾਂ 'ਚ ਉਲਝਾਈ ਰੱਖਦੀਆਂ ਹਨ ਤੇ ਮਨੁੱਖ ਆਪਣੇ ਨਿੱਜ ਤੋਂ ਉੱਪਰ ਉੱਠ ਕੇ ਸੋਚਣ ਤੋਂ ਅਸਮਰੱਥ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਇਨ੍ਹਾਂ ਭਰਾਂਤੀਆਂ ਵਿਚੋਂ ਕੱਢ ਕੇ 'ਸਚਿਆਰਾ' ਮਨੁੱਖ ਦੀ ਇੱਕ ਨਵੀਂ ਦਿਸ਼ਾ ਵੱਲ ਸੇਧਿਤ ਕੀਤਾ ਹੈ। ਗੁਰੂ ਨਾਨਕ ਦੁਆਰਾ ਪੇਸ਼ ਬਿਰਤਾਂਤ ਅਧਿਆਤਮਕ ਸੱਚ, ਰੱਬ ਦੇ ਹੁਕਮ ਰਾਹੀਂ ਸੰਸਾਰਕ ਕਾਰਜਾਂ ਵਿਚ ਨਿਆਂਸ਼ੀਲਤਾ ਦਾ ਸੰਚਾਲਨ ਕਰਕੇ ਵਿਆਪਕ ਪੱਧਰ ਤੇ ਸਮੁੱਚੀ ਮਾਨਵਤਾ ਦੀ ਅਗਵਾਈ ਕਰਦਾ ਹੈ। ਇਸ ਪ੍ਰਵਿਰਤੀ ਨੂੰ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਵਿਚ ਇੱਕ ਸੁਆਲ ਜੁਆਬ ਦੇ ਰੂਪ ਵਿਚ ਇਉਂ ਪੇਸ਼ ਕੀਤਾ ਹੈ :

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।।
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।।[23]

ਵਿਸ਼ਵੀ ਪ੍ਰਸੰਗ ਵਿਚ ਇਹ ਇੱਕ ਸਮਾਨਾਂਤਰ ਅਵਚੇਤਨ ਹੈ ਜੋ 'ਜਪੁਜੀ' ਵਿਚ ਅੰਕਿਤ ਹੋਇਆ ਹੈ। ਸਚਿਆਰਾ ਮਨੁੱਖ ਕੀ ਹੈ ਅਤੇ ਇਹ ਸਮਾਜਿਕ ਪੱਧਰ ਤੇ ਕੀ ਭੂਮਿਕਾ ਅਦਾ ਕਰ ਸਕਦਾ ਹੈ। ਇਹ ਇਕ ਨੁਕਤਾ ਹੈ ਜਿਸਨੂੰ ਵਿਸ਼ਵ ਪੱਧਰ ਤੇ ਵਿਚਾਰ ਕੇ ਇੱਕ ਵਿਸ਼ਵੀ ਸਮਾਜ ਅਤੇ ਵਿਸ਼ਵੀ ਭਾਈਚਾਰਾ ਪੈਦਾ ਕੀਤਾ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਅਨੁਸਾਰ 'ਸਚਿਆਰਾ' ਮਨੁੱਖ ਸੱਚ ਦੇ ਮਾਰਗ ਤੇ ਚੱਲਣ ਵਾਲਾ, ਹੱਕ ਤੇ ਨਿਆਂ ਦੇ ਪੱਧਰ ਤੇ

ਖੜ੍ਹਨ ਵਾਲਾ, ਨੈਤਿਕ ਤੇ ਸਦਾਚਾਰਕ ਕਦਰਾਂ-ਕੀਮਤਾਂ ਦਾ ਧਾਰਨੀ, ਗੁਰਮੁਖ ਤੇ ਪੂਰਨ ਮਨੁੱਖ ਹੈ। ਗੁਰਮਤਿ ਅਨੁਸਾਰ ਇਹ ਇੱਕ ਅਜਿਹਾ ਮਨੁੱਖ ਹੈ ਜੋ ਨਿੱਜੀ ਸੁਆਰਥਾਂ ਤੋਂ ਰਹਿਤ ਅਤੇ ਸਮੁੱਚੀ ਮਾਨਵਤਾ ਦਾ ਹਿਤੈਸ਼ੀ ਹੈ। ਗੁਰੂ ਨਾਨਕ ਦੀ ਇਸ ਵਿਚਾਰਧਾਰਾ ਨੂੰ ਅਪਣਾ ਕੇ ਵਿਸ਼ਵ ਪੱਧਰ ਤੇ ਮਾਨਵੀ ਅਧਿਕਾਰਾਂ ਦੀ ਪਾਲਣਾ ਕਰਨ ਵਾਲਾ ਇੱਕ ਬੇਹਤਰ ਵਿਸ਼ਵ ਸਮਾਜ ਦਾ ਨਿਰਮਾਣ ਕੀਤਾ ਜਾ ਸਕਦਾ ਹੈ। ਇਹ ਵਿਚਾਰਧਾਰਾ ਵਿਸ਼ਵ ਦ੍ਰਿਸ਼ਟੀ ਦਾ ਇੱਕ ਸੁਚੇਤ ਪਛਾਣ ਚਿੰਨ੍ਹ ਬਣਦੀ ਹੈ। ਗੁਰੂ ਨਾਨਕ ਦੇਵ ਜੀ ਦਾ 'ਹੁਕਮ ਰਜਾਈ ਚਲਣਾ' ਪਾਰਲੌਕਿਕ ਹੈ ਪਰੰਤੂ ਇਸਦਾ ਸੰਬੋਧਨ ਬਿੰਦੂ ਸਮੁੱਚੀ ਮਾਨਵਤਾ ਵੱਲ ਕੇਂਦਰਿਤ ਹੈ।

ਮਨੁੱਖੀ ਜੀਵਨ ਦਾ ਲਕਸ਼ ਕੀ ਹੈ? ਇਸ ਬਾਰੇ ਸੰਸਾਰ ਦੇ ਧਰਮ ਆਪੋ-ਆਪਣੇ ਸਿਧਾਂਤ ਪੇਸ਼ ਕਰਦੇ ਹਨ ਜਿਨ੍ਹਾਂ ਤੋਂ ਇੱਕ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਸਾਰੇ ਹੀ ਧਰਮ ਮਨੁੱਖੀ ਜੀਵਨ ਨੂੰ ਸੰਵਾਰਨ ਦੀ ਗੱਲ ਕਰਦੇ ਹਨ ਤੇ ਮਨੁੱਖ ਦਾ ਪੂਰਨਤਾ (ਮੁਕਤੀ) ਤੱਕ ਅੱਪੜਨ ਦਾ ਨਿਸ਼ਾਨਾ ਮਿੱਥਦੇ ਹਨ। ਬ੍ਰਿਹਿਦਾਰਣਕ ਉਪਨਿਸ਼ਦ ਵਿਚ ਵਿਚਾਰ ਆਇਆ ਹੈ :

ਸਾਨੂੰ ਅਸੱਤ ਤੋਂ ਸੱਤ ਵੱਲ ਲੈ ਚੱਲੋ
ਅੰਧਕਾਰ ਤੋਂ ਪ੍ਰਕਾਸ਼ ਵੱਲ ਲੈ ਚੱਲੋ
ਮੌਤ ਤੋਂ ਅਮਰਤਾ ਵੱਲ ਲੈ ਚੱਲੋ।[24]

ਗੁਰੂ ਨਾਨਕ ਦੇਵ ਜੀ ਦਾ ਸੰਕਲਪਿਤ 'ਸਚਿਆਰਾ' ਮਨੁੱਖ, ਨਿੱਜਵਾਦੀ ਮਾਨਵੀ ਜੀਵਨ ਦੇ ਸੋਧਣ ਤੋਂ ਅੱਗੇ ਸਮੁੱਚੀ ਮਾਨਵਤਾ ਦੀ ਜੀਵਨ ਸਾਧਨਾ ਜਾਂ ਜੀਵਨ ਮੁਕਤੀ ਵੱਲ ਪ੍ਰੇਰਿਤ ਹੈ। ਇਹ ਇੱਕ ਅਜਿਹਾ ਪ੍ਰਤੀਕ ਪ੍ਰਬੰਧ ਹੈ ਜਿਹੜਾ ਮਨੁੱਖ ਦੇ ਸਮਾਜਿਕ, ਸਭਿਆਚਾਰਕ, ਆਰਥਿਕ, ਰਾਜਨੀਤਿਕ ਅਤੇ ਧਾਰਮਿਕ ਸਾਰੇ ਹੀ ਧਰਾਤਲਾਂ ਤੇ ਲਾਗੂ ਹੁੰਦਾ ਹੈ। ਧਰਮ ਸ਼ਾਸਤਰ ਦਾ ਇਕ ਅਤਿ ਜ਼ਰੂਰੀ ਅਤੇ ਸਰਗਰਮ ਅੰਗ 'ਸਚਿਆਰਾ' ਮਨੁੱਖ ਦਾ ਸਦਾਚਾਰਕ ਪ੍ਰਤੀਕ ਪ੍ਰਬੰਧ ਹੈ। ਵਿਸ਼ਵੀ ਸਮਾਜ ਵਿਚ ਮਨੁੱਖੀ ਜੀਵਨ-ਜਾਚ ਸਿੱਖਣ ਲਈ ਸਚਿਆਰਾ ਮਨੁੱਖ ਦਾ ਮਾਡਲ ਸਭ ਤੋਂ ਪ੍ਰਮੁੱਖ ਸਾਰਥਿਕ ਮਾਡਲ ਹੋ ਸਕਦਾ ਹੈ। ਜੋ ਵਿਅਕਤੀਵਾਦ, ਪੂੰਜੀਵਾਦ ਅਤੇ ਹੋਰ

ਵਿਤਕਰਿਆਂ ਨੂੰ ਛੱਡ ਕੇ ਇਕ ਆਦਰਸ਼ ਮਾਨਵ ਦੇ ਸੰਕਲਪ ਨਾਲ ਬੇਹਤਰ ਸਮਾਜ ਦੀ ਸਿਰਜਣਾ ਵੱਲ ਕਾਰਜਸ਼ੀਲ ਹੈ।

'ਸਚਿਆਰਾ' ਮਨੁੱਖ ਜਦੋਂ ਹੁਕਮ ਨੂੰ ਪਛਾਣ ਲੈਂਦਾ ਹੈ ਤਾਂ ਇਹ ਹੁਕਮ ਮੁਕਤੀ ਅਤੇ ਨਿਰਵਾਣ ਦਾ ਰਾਹ ਖੋਲ੍ਹਦਾ ਹੈ। ਇਹ ਹੁਕਮ ਦੁਨਿਆਵੀ ਦਮਨਕਾਰੀ ਸਿਆਸੀ ਹੁਕਮ ਨੂੰ ਬੇਅਰਥ ਅਤੇ ਨਿਰਪੇਖ ਸਾਬਤ ਕਰ ਦਿੰਦਾ ਹੈ। ਇਸ ਪਾਰਲੌਕਿਕ ਹੁਕਮ ਨੂੰ ਪਛਾਨਣ ਨਾਲ ਮਨੁੱਖ ਅੰਦਰੋਂ ਹਉਮੈ ਦਾ ਖਾਤਮਾ ਹੋ ਜਾਂਦਾ ਹੈ। ਹਉਮੈ ਰਹਿਤ ਮਨੁੱਖ, ਨਿੱਜ ਸੁਆਰਥ ਤੋਂ ਉਪਰ ਉੱਠ ਕੇ ਮਾਨਵੀ ਹਿੱਤਾਂ ਜਾਂ ਸਮਾਜਿਕ ਹਿੱਤਾਂ ਦੀ ਗੱਲ ਸੋਚਣ ਲੱਗ ਜਾਂਦਾ ਹੈ। ਇਹ ਸੋਚ ਸਮੁੱਚੇ ਮਨੁੱਖ ਦੀ ਭਾਈਚਾਰਕ ਸਾਂਝ ਵੱਲ ਪ੍ਰੇਰਿਤ ਹੁੰਦੀ ਹੈ। ਅਜੋਕੇ ਪ੍ਰਸੰਗ ਵਿਚ ਅਜਿਹੀ ਸੋਚ ਦੇ ਧਾਰਨੀ ਮਨੁੱਖਾਂ ਨਾਲ ਹੀ ਵਿਸ਼ਵੀ ਸਮਾਜ ਦੀ ਨੀਂਹ ਰੱਖੀ ਜਾ ਸਕਦੀ ਹੈ ਕਿਉਂਕਿ ਸਮਾਜਿਕ ਜੀਵਨ ਵਿਚ ਸੰਤੁਲਨ ਕਾਇਮ ਰੱਖਣ ਲਈ ਜਿੱਥੇ ਅਜਿਹੇ 'ਸਚਿਆਰੇ' ਨਿਆਂਸ਼ੀਲ ਮਨੁੱਖ ਦੀ ਲੋੜ ਹੈ। ਉੱਥੇ ਅਜਿਹੇ ਸਚਿਆਰੇ ਮਨੁੱਖ ਸਮਾਜਿਕ ਜੀਵਨ ਵਿਚ ਨੈਤਿਕ ਤੇ ਸਦਾਚਾਰਕ ਕਦਰਾਂ-ਕੀਮਤਾਂ ਦੀ ਉਸਾਰੀ ਰਾਹੀਂ ਸੰਤੁਲਨ ਵੀ ਰੱਖ ਸਕਦੇ ਹਨ। ਇਸ ਮੰਤਵ ਦੀ ਪੂਰਤੀ ਲਈ ਜਪੁਜੀ ਵਿਚਲੀ ਵਿਚਾਰਧਾਰਾ ਅਜਿਹੇ ਆਦਰਸ਼ ਮਨੁੱਖ ਦੀ ਸਿਰਜਣਾ ਕਰਨ ਦਾ ਉਪਰਾਲਾ ਕਰਦੀ ਹੈ ਜੋ ਆਪਣੇ ਹਕੀਕੀ ਗੌਰਵ ਨੂੰ ਪਛਾਣਦਾ ਹੋਇਆ ਵਿਸ਼ਵ ਨਾਲ ਇੱਕਸੁਰ ਹੋ ਕੇ ਜਿਊਣ ਲਈ ਯਤਨਸ਼ੀਲ ਹੁੰਦਾ ਹੈ।

ਅਜੋਕੇ ਵਿਸ਼ਵੀਕਰਨ ਦੇ ਇਸ ਵਾਤਾਵਰਣਕ ਦੌਰ ਵਿਚ ਸਦਾਚਾਰਕ ਪ੍ਰਤੀਕ ਪ੍ਰਬੰਧ (ਸਚਿਆਰਾ ਮਨੁੱਖ) ਸਾਡੇ ਲਈ ਵਿਸ਼ੇਸ਼ ਜੀਵਨ ਮਨੋਰਥ ਨਿਸ਼ਚਤ ਕਰਦਾ ਹੈ। ਗੁਰੂ ਨਾਨਕ ਦੀ ਇਹ ਵਿਚਾਰਧਾਰਾ ਇੱਕ ਸਦਾਚਾਰਕ ਪ੍ਰਸੰਗ ਸਿਰਜਣ ਅਤੇ ਅਨੈਤਿਕ ਕਾਰਜਾਂ (ਕਾਮ, ਕਰੋਧ, ਮੋਹ, ਲੋਭ, ਹੰਕਾਰ) ਨੂੰ ਤਿਆਗਣ ਦੀ ਗੱਲ ਕਰਦੀ ਹੈ। ਅਜਿਹਾ ਪ੍ਰਸੰਗ ਸਪੱਸ਼ਟ ਰੂਪ ਵਿਚ ਗਲੋਬਲ ਭਾਈਚਾਰੇ ਦੇ ਇੱਕ ਆਦਰਸ਼ ਸਮਾਜ ਦੀ ਸਥਾਪਤੀ ਵੱਲ ਇਸ਼ਾਰਾ ਕਰਦਾ ਪ੍ਰਤੀਤ

ਹੁੰਦਾ ਹੈ। ਇਸ ਸਦਾਚਾਰਕਤਾ ਨੂੰ ਨੈਤਿਕਤਾ ਦੀ ਵਿਉਂਤ ਦੇ ਵਿਰੋਧ ਵਿਚ ਨਹੀਂ ਸਗੋਂ ਨਵੇਂ ਯਥਾਰਥ ਨੂੰ ਵਿਉਂਤਣ ਵੱਲ ਹਾਂ-ਪੱਖੀ ਸਾਰਥਿਕ ਚਿੰਤਨ ਦਾ ਉਲੇਖ ਕਰਦਾ ਹੈ।

ਇਸ ਤਰ੍ਹਾਂ ਜਪੁਜੀ ਦੀ ਕੁੱਲ ਸੁਹਜਾਤਮਕ ਕਾਰਜਸ਼ੀਲਤਾ ਕੇਵਲ ਇਸਦੀ ਸੰਰਚਨਾ ਜਾਂ ਸਾਹਿਤਕਤਾ ਨਹੀਂ ਸਗੋਂ ਇਸ ਵਿਚਲੀ ਸੋਚ, ਵਿਸ਼ਵੀ ਸੋਚ ਦੇ ਬਹੁ-ਪੱਖੀ ਸੰਵਾਦੀ ਤੇ ਵੰਨ-ਸੁਵੰਨੇ ਸੁਭਾਅ ਵਾਲੇ ਵਿਚਾਰਾਂ ਦਾ ਸੁਮੇਲ ਹੈ। ਇਹ ਇੱਕ ਵਿਸ਼ਾਲ ਚਿੰਤਨ ਹੈ ਜੋ ਕਿਵ ਸਚਿਆਰਾ ਹੋਈਐ? ਪ੍ਰਸ਼ਨ ਦੇ ਨੁਕਤੇ ਦੁਆਲੇ ਕੇਂਦਰਿਤ ਹੈ।

## (ੲ) ਅਧਿਆਤਮਕ ਅਤੇ ਆਤਮਿਕ ਪੜਾਅ ਅਤੇ ਅਜੋਕੀਆਂ ਪ੍ਰਸਥਿਤੀਆਂ ਵਿਚ ਗੁਰੂ ਨਾਨਕ ਵਿਚਾਰਧਾਰਾ ਦੀ ਸਾਰਥਿਕਤਾ

ਗੁਰੂ ਨਾਨਕ ਦੇਵ ਜੀ ਦੀ ਸਖ਼ਸੀਅਤ ਅਤੇ ਉਹਨਾਂ ਦੀ ਬਾਣੀ-ਰਚਨਾ ਪੰਜਾਬੀ ਅਧਿਆਤਮਕ ਅਤੇ ਸਾਹਿਤਕ ਜਗਤ ਵਿਚ ਵਿਸ਼ਵੀ ਧਰਾਤਲ ਵਾਲਾ ਉਤਕ੍ਰਿਸ਼ਟ ਸਥਾਨ ਰੱਖਦੀ ਹੈ। ਭਾਈ ਕਾਨ੍ਹ ਸਿੰਘ ਨਾਭਾ[25] ਅਨੁਸਾਰ ਅਧਿਆਤਮਕ ਦਾ ਅਰਥ - ਆਤਮਾ, ਮਨ, ਸੁਭਾਉ, ਦੇਹ, ਸਰੀਰ ਅਤੇ ਆਤਮ ਵਿਦਿਆ ਹੈ। ਆਤਮਾ ਦਾ ਵਿਸ਼ਾ ਸਮੁੱਚੀ ਮਾਨਵਤਾ ਨੂੰ ਸਮਝਣ ਦਾ ਵਿਸ਼ਾ ਹੈ ਇਹ ਧਰਮ-ਨਿਰਪੇਖਤਾ ਤੇ ਅਧਾਰਿਤ ਹੈ। ਧਰਮ-ਨਿਰਪੇਖਤਾ ਵਿਸ਼ਵਵਾਦ ਦੀ ਉਚਾਈ ਤਕ ਪਹੁੰਚਣ ਲਈ ਇੱਕ ਜ਼ਰੂਰੀ ਤੇ ਪਹਿਲਾ ਕਦਮ ਹੈ। ਜਦੋਂ ਤੱਕ ਇਨਸਾਨ ਧਰਮ-ਨਿਰਪੇਖ ਨਹੀਂ ਬਣਦਾ ਉਦੋਂ ਤੱਕ ਉਹ ਵਿਸ਼ਵ ਦ੍ਰਿਸ਼ਟੀਕੋਣ ਦੀ ਧਾਰਨਾ ਦਾ ਲਖਾਇਕ ਨਹੀਂ ਬਣ ਸਕਦਾ। ਵਿਸ਼ਵੀ ਸੋਚ ਦੇ ਧਾਰਨੀ ਬਣਨਾ ਬਹੁਤ ਹੀ ਕਠਿਨ ਕਾਰਜ ਹੈ। ਅਜਿਹਾ ਦ੍ਰਿਸ਼ਟੀਕੋਣ ਅਪਨਾਉਣ ਲਈ ਮਨੁੱਖ ਨੂੰ ਉੱਚ ਸਖ਼ਸੀਅਤ, ਵਿਸ਼ਾਲ ਹਿਰਦਾ, ਨਿਪੁੰਨ ਵਿਅਕਤੀਵਾਦੀ ਸੂਝ, ਕੋਮਲ ਸੰਵੇਦਨਸ਼ੀਲਤਾ, ਬਹੁ-ਭਾਸ਼ਕ ਗਿਆਨ, ਮਿੱਠਾ ਤੇ ਮਿਲਾਪੜਾ ਸੁਭਾਅ, ਦੂਜਿਆਂ ਦੀ ਖਾਤਰ ਹੱਸ ਕੇ ਦੁੱਖ ਸਹਿਣ ਦੀ ਭਾਵਨਾ, ਸਮੁੱਚੀ ਮਾਨਵਤਾ ਲਈ ਆਪਣੇ ਮਨ ਵਿਚ ਅਪਣੱਤ ਪਾਲਣਾ ਆਦਿ ਗੁਣਾਂ ਨੂੰ ਗ੍ਰਹਿਣ ਕਰਨਾ ਪੈਂਦਾ ਹੈ। ਅਜਿਹਾ

ਦ੍ਰਿਸ਼ਟੀਕੋਣ ਬਣਾਉਣ ਲਈ ਪਹਿਲੀ ਤੇ ਜ਼ਰੂਰੀ ਗੱਲ ਸਮਝਣ ਵਾਲੀ ਇਹ ਹੈ ਕਿ ਇਸ ਕਾਇਨਾਤ ਨੂੰ ਅਤੇ ਸਮੁੱਚੇ ਜੀਵਾਂ ਨੂੰ ਪੈਦਾ ਕਰਨ ਵਾਲਾ ਇੱਕ ਪਰਮਾਤਮਾ ਹੀ ਹੈ, ਉਸਨੇ ਇਹ ਸਾਰੀ ਸ੍ਰਿਸ਼ਟੀ ਦੀ ਰਚਨਾ ਲਈ ਇੱਕੋ ਤਰੀਕਾ ਵਰਤਿਆ ਹੈ ਅਤੇ ਉਹ ਸਾਰੇ ਜੀਵਾਂ ਵਿਚ (ਆਪ ਸਮਾਇਆ ਹੋਇਆ ਹੈ) ਇਸ ਲਈ ਸਾਰੇ ਮਨੁੱਖ ਭ਼ਾਈ-ਭਾਈ ਹਨ। ਭਗਤ ਕਬੀਰ ਜੀ ਦਾ ਕਥਨ ਹੈ :

ਅਵਲਿ ਅਲਹੁ ਨੂਰ ਉਪਾਇਆ॥
ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ॥
ਕਉਨ ਭਲੇ ਕੋ ਮੰਦੇ॥[26]

ਗੁਰੂ ਨਾਨਕ ਵਿਸ਼ਵ-ਦ੍ਰਿਸ਼ਟੀਕੋਣ ਰੱਖਣ ਵਾਲੇ ਪਹਿਲੇ ਮਹਾਨ ਪੈਗੰਬਰ ਗੁਰੂ ਹਨ ਜਿਹਨਾਂ ਨੇ ਆਪਣੇ ਆਪ ਨੂੰ ਸੰਪ੍ਰਦਾਇਕਤਾ ਦੀ ਸੀਮਾ ਤੋਂ ਬਾਹਰ ਰੱਖਿਆ। ਭਾਵੇਂ ਗੁਰੂ ਨਾਨਕ ਵੇਲੇ ਵਿਸ਼ਵ-ਦ੍ਰਿਸ਼ਟੀਕੋਣ ਰੱਖਣਾ ਤੇ ਉਸ ਨੂੰ ਨਿਭਾਉਣਾ ਅਤਿ ਜੋਖ਼ਮ ਭਰਿਆ ਕਾਰਜ ਸੀ। ਵਿਸ਼ਵ ਦੇ ਲੋਕਾਂ ਦਾ ਦੁੱਖ-ਵੰਡਾਉਣ ਲਈ ਜਾਂ ਉਹਨਾਂ ਦੀ ਮਾਨਸਿਕਤਾ ਨੂੰ ਸਮਝਣ ਲਈ ਦੂਰ-ਦੁਰਾਡੇ ਦੇ ਦੂਜੇ ਮੁਲਕਾਂ ਵਿਚ ਨਿੱਜੀ ਤੌਰ ਤੇ ਜਾਣਾ ਤੱਤਕਾਲੀਨ ਸਮੇਂ ਅਨੁਸਾਰ ਅਤਿ ਕਠਿਨ ਸੀ ਪਰੰਤੂ ਫਿਰ ਵੀ ਉਹ ਹਜ਼ਾਰਾਂ ਮੀਲ ਪੈਦਲ ਯਾਤਰਾ ਕਰਕੇ ਆਪਣੇ ਵਿਸ਼ਵ-ਦ੍ਰਿਸ਼ਟੀਕੋਣ ਨੂੰ ਲੋਕਾਂ ਸਾਹਮਣੇ ਰੱਖਣ ਵਿਚ ਕਾਮਯਾਬ ਹੋਏ। ਅਜਿਹਾ ਕਰਨ ਵਿਚ ਉਹਨਾਂ ਸਾਹਮਣੇ ਤੱਤਕਾਲੀਨ ਸਮੇਂ ਦੀਆਂ ਸਮਾਜਿਕ, ਰਾਜਨੀਤਿਕ, ਆਰਥਿਕ, ਧਾਰਮਿਕ ਅਤੇ ਸਭਿਆਚਾਰਕ ਸਮੱਸਿਆਵਾਂ ਸਨ ਇਹ ਸਮੱਸਿਆਵਾਂ ਉਹਨਾਂ ਦੇ ਧਰਮ-ਸ਼ਾਸਤਰ ਦਾ ਇੱਕ ਜ਼ਰੂਰੀ ਪਹਿਲੂ ਵੀ ਸਨ। ਇਸ ਮਕਸਦ ਲਈ ਉਹਨਾਂ ਨੇ ਆਪਣੀਆਂ ਯਾਤਰਾਵਾਂ ਦੌਰਾਨ ਹਮੇਸ਼ਾਂ ਹੀ ਆਪਣਾ ਰਾਬਤਾ ਆਮ ਲੋਕਾਂ ਨਾਲ ਰੱਖਿਆ। ਉਹ ਇਹਨਾਂ ਲੋਕਾਂ ਨਾਲ ਵਿਚਾਰ-ਵਟਾਂਦਰਾ ਕਰਕੇ ਅਤੇ ਉਹਨਾਂ ਦੀਆਂ ਸਮੱਸਿਆਵਾਂ ਨੂੰ ਸਮਝ ਕੇ ਆਪਣੀ ਬਾਣੀ-ਰਚਨਾ ਰਾਹੀਂ ਉਨ੍ਹਾਂ ਦਾ

ਸਮਾਧਾਨ ਕਰਦੇ ਸਨ। ਇਹਨਾਂ ਯਾਤਰਾਵਾਂ ਨੂੰ ਉਹਨਾਂ ਦਾ ਜਨ-ਸੰਪਰਕ ਪ੍ਰੋਗਰਾਮ ਕਿਹਾ ਜਾ ਸਕਦਾ ਹੈ। ਉਸ ਸਮੇਂ ਦੇ ਮੁਕਾਬਲੇ ਅਜੋਕੇ ਸਮੇਂ ਵਿਚ ਵਿਸ਼ਵ ਦ੍ਰਿਸ਼ਟੀਕੋਣ ਅਪਨਾਉਣਾ ਇੰਨਾ ਔਖਾ ਨਹੀਂ ਕਿਉਂਕਿ ਅਜੋਕੇ ਸੰਚਾਰ ਸਾਧਨਾਂ ਨੇ ਸਮੁੱਚੇ ਸੰਸਾਰ ਦੇ ਲੋਕਾਂ ਨੂੰ ਬਹੁਤ ਨੇੜੇ ਲਿਆਂਦਾ ਹੈ। ਇੱਕ ਦੇਸ਼ ਵਿਚ ਵਾਪਰਨ ਵਾਲੀ ਘਟਨਾ ਦਾ ਗਿਆਨ ਮਿੰਟਾਂ ਸਕਿੰਟਾਂ ਵਿਚ ਸਾਰੇ ਸੰਸਾਰ ਦੇ ਲੋਕਾਂ ਤੱਕ ਪਹੁੰਚ ਜਾਂਦਾ ਹੈ।

ਇਸ ਅਧਿਆਇ ਵਿਚ ਉਪਰੋਕਤ ਦੇ ਸੰਦਰਭ ਵਿਚ ਅਸੀਂ 'ਜਪੁਜੀ' ਦੇ ਅਧਾਰ ਤੇ ਗੁਰੂ ਨਾਨਕ ਦੇ ਅਧਿਆਤਮਕ ਮਾਰਗ ਅਤੇ ਮਨੁੱਖੀ ਆਤਮਾ ਦੇ ਆਤਮਿਕ ਵਿਕਾਸ ਦੇ ਪੜਾਵਾਂ ਬਾਰੇ ਜ਼ਿਕਰ ਕਰਾਂਗੇ। ਜਪੁਜੀ ਸਾਹਿਬ ਦੀ ਵਿਲੱਖਣਤਾ ਇਹ ਹੈ ਕਿ ਇਸ ਵਿਚ ਉਸ ਮਨੁੱਖ ਦੀ ਗੱਲ ਕੀਤੀ ਹੈ ਜਿਹੜਾ ਅਧਿਆਤਮਕ ਜੀਵਨ ਵਿਚ ਉਸ ਸਰਬ ਸ਼ਕਤੀਮਾਨ ਪ੍ਰਭੂ ਤੋਂ ਟੁੱਟਿਆ ਹੋਇਆ ਹੈ। ਵਾਸਤਵ ਵਿਚ ਇਹ ਸਮੱਸਿਆ ਕੋਈ ਇਕੱਲੇ ਇਕਹਿਰੇ ਮਨੁੱਖ ਦੀ ਸਮੱਸਿਆ ਨਹੀਂ ਸਗੋਂ ਇਹ ਵਿਸ਼ਵੀ ਮਨੁੱਖ ਦੀ ਸਮੱਸਿਆ ਹੈ। ਅਧਿਆਤਮਕ ਖੇਤਰ ਦਾ ਪਾਂਧੀ ਆਪਣਾ ਪੂਰਨ ਉਦੇਸ਼ ਪਾਰਬ੍ਰਹਮ ਨਾਲ ਇਕਮਿਕਤਾ ਕਾਇਮ ਕਰਨ ਵਿਚ ਹੀ ਸਮਝਦਾ ਹੈ। ਪਾਰਬ੍ਰਹਮ ਨਾਲ ਏਕਤਾ ਦਾ ਅਰਥ ਹੈ ਉਸ ਦੁਆਰਾ ਪੈਦਾ ਕੀਤੇ ਸਾਰੇ ਜੀਵਾਂ ਨਾਲ ਏਕਤਾ ਕਾਇਮ ਕਰਨੀ। ਅਧਿਆਤਮਕਤਾ ਇੱਕ ਅਜਿਹੀ ਪ੍ਰਾਪਤੀ ਹੈ ਜਿਥੇ ਉੱਚੇ-ਨੀਵੇਂ, ਛੋਟੇ-ਵੱਡੇ, ਅਮੀਰ-ਗ਼ਰੀਬ, ਇਸਤਰੀ-ਪੁਰਸ਼ ਤੇ ਸਾਰੇ ਜੀਵ-ਜੰਤੂਆਂ ਦਾ ਪਰਸਪਰ ਭੇਦ ਹੀ ਖ਼ਤਮ ਹੋ ਜਾਂਦਾ ਹੈ। ਗੁਰਬਾਣੀ ਅਨੁਸਾਰ 'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ'[27] ਦਾ ਅਮਰ ਸੰਦੇਸ਼ ਸਮੁੱਚੀ ਮਾਨਵਤਾ ਨੂੰ ਆਪਣੇ ਕਲਾਵੇ ਵਿਚ ਲੈ ਲੈਂਦਾ ਹੈ। ਇਹ ਦਿਸ਼ਾ ਅਜਿਹੇ ਗੁਰਮਤਿ ਦੇ ਧਾਰਨੀ ਅਧਿਆਤਮਵਾਦੀ ਦੀ ਹੈ ਜਿਹੜਾ ਧਰਮ ਰੂਪੀ ਮੰਦਰ ਵਿਚ ਪ੍ਰਵੇਸ਼ ਕਰਕੇ ਉਸਦੇ ਤਿੰਨ ਮੁੱਖ ਦਰਵਾਜਿਆਂ ਰਾਹੀਂ ਵੇਖਦਾ ਹੈ। ਪਹਿਲਾ ਦਰਵਾਜ਼ਾ ਪਰਾਭੌਤਿਕ ਗਿਆਨ (Mataphysical knowledge) ਦਾ ਹੈ। ਰੱਬੀ ਅਸਲੀਅਤ ਅਤੇ ਬ੍ਰਹਿਮੰਡ ਦਾ ਗਿਆਨ ਪ੍ਰਾਪਤ ਕਰਕੇ ਜਿੱਥੇ ਮਨੁੱਖ ਨੂੰ ਆਪਣੇ ਜੀਵਨ ਮਨੋਰਥ ਦਾ ਪਤਾ ਲਗਦਾ ਹੈ ਉੱਥੇ ਉਹ

ਵਿਸ਼ਵ-ਦ੍ਰਿਸ਼ਟੀਕੋਣ ਦਾ ਧਾਰਨੀ ਵੀ ਬਣ ਜਾਂਦਾ ਹੈ। ਦੂਜਾ ਦਰਵਾਜ਼ਾ - ਸਦਾਚਾਰ ਤੇ ਅਮਲ ਦਾ ਦਰਵਾਜ਼ਾ ਹੈ। ਉਹ ਸਦਾਚਾਰਕ ਤੇ ਚੰਗੇ ਅਮਲਾਂ ਨੂੰ ਅਪਣਾ ਕੇ ਸਮੁੱਚੀ ਮਾਨਵਤਾ ਨੂੰ ਉਸ ਅਧਿਆਤਮਕ ਮਾਰਗ ਤੇ ਚੱਲਣ ਦੀ ਕਾਮਨਾ ਕਰਦਾ ਹੈ। ਤੀਜਾ ਦਰਵਾਜ਼ਾ - ਮਨੁੱਖਤਾ ਨਾਲ ਪਿਆਰ ਦਾ ਹੈ। ਇਸ ਤਰ੍ਹਾਂ ਗੁਰੂ ਨਾਨਕ ਦੇ ਅਧਿਆਤਮਕ ਮਾਰਗ ਤੇ ਚੱਲਦਿਆਂ, ਤਿੰਨਾਂ ਧਰਾਤਲਾਂ ਤੇ - ਪਰਾਭੌਤਿਕ ਗਿਆਨ, ਸਦਾਚਾਰ ਅਤੇ ਪ੍ਰੇਮ-ਪਿਆਰ, ਅਧਿਆਤਮੀ ਮਨੁੱਖ ਸਮੁੱਚੀ ਮਾਨਵਤਾ ਨੂੰ ਪ੍ਰਭਾਵਿਤ ਕਰਦਾ ਹੈ। ਗੁਰੂ ਨਾਨਕ ਦੇ ਮਤ ਅਨੁਸਾਰ :

ਸਚਹੁ ਓਰੈ ਸਭੁ ਕੋ
ਉਪਰਿ ਸਚੁ ਆਚਾਰੁ।।[28]

ਗੁਰੂ ਨਾਨਕ ਦੀ ਵਿਚਾਰਧਾਰਾ ਅਨੁਸਾਰ ਅਧਿਆਤਮਵਾਦੀ ਮਨੁੱਖ ਸਚਿਆਰਾ ਮਨੁੱਖ ਦੇ ਗੁਣ ਗ੍ਰਹਿਣ ਕਰ ਲੈਂਦਾ ਹੈ। ਉਹ ਆਤਮਿਕ ਤੌਰ ਤੇ ਰੱਬੀ ਜੋਤ ਨਾਲ ਇੱਕਸੁਰ ਹੋ ਜਾਂਦਾ ਹੈ। ਗੁਰੂ ਨਾਨਕ ਅਨੁਸਾਰ ਆਤਮਾ ਨੂੰ ਨਿਰੰਕਾਰ ਨੇ ਆਪਣੀ ਜੋਤ ਵਿਚੋਂ ਹੀ ਪੈਦਾ ਕੀਤਾ ਹੈ। ਇਸ ਤਰ੍ਹਾਂ ਜੀਵ-ਆਤਮਾ ਵਿਚ ਜੋਤ ਦਾ ਬੀਜ ਰੱਖਿਆ ਹੈ। ਇਸ ਵਿਚਾਰ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਅਕਾਲ ਪੁਰਖ ਦਾ ਵਾਸਾ ਸਭ ਜੀਵਾਂ ਵਿਚ ਹੈ, ਜੀਵਾਂ ਵਿਚ ਚੇਤਨਤਾ ਦੀ ਰੋਸ਼ਨੀ ਉਸ ਪਰਮਾਤਮਾ ਦੀ ਹੀ ਦੇਣ ਹੈ :

ਸਭ ਮਹਿ ਜੀਉ ਜੀਉ ਹੈ ਸੋਈ
ਘਟਿ ਘਟਿ ਰਹਿਆ ਸਮਾਈ।।[29]

ਜਪੁਜੀ ਵਿਚਾਰਧਾਰਾ ਅਨੁਸਾਰ ਅਜਿਹੇ ਮਨੁੱਖ ਦੀ ਪਦਵੀ ਤੇ ਪਹੁੰਚਣ ਲਈ ਮਨੁੱਖੀ ਆਤਮਾ ਪੰਜ ਪੜਾਵਾਂ ਵਿਚੋਂ ਲੰਘ ਕੇ ਇਸ ਮੰਜ਼ਿਲ ਤੇ ਪਹੁੰਚਦੀ ਹੈ। ਇਹ ਮੰਜ਼ਿਲ ਆਤਮਾ ਅਤੇ ਪਰਮਾਤਮਾ ਦੇ ਮਿਲਾਪ ਦੀ ਕਿਰਿਆ ਸਰੂਪਾਤਮਿਕ ਨਹੀਂ ਸਗੋਂ ਗੁਣਾਂਤਮਕ ਹੈ। ਅਜਿਹੀ ਗੁਣਾਂਤਮਕ ਸਥਿਤੀ ਤੇ ਪਹੁੰਚਣ ਲਈ ਜਪੁਜੀ ਵਿਚ ਪੰਜ ਖੰਡਾਂ ਦੀ ਗੱਲ ਕੀਤੀ ਗਈ ਹੈ। ਜਪੁਜੀ ਦੇ ਆਰੰਭ ਵਿਚ ਮਨੁੱਖੀ ਜੀਵਨ ਦਾ ਮਨੋਰਥ ਸਚਿਆਰਾ ਹੋਣਾ ਦੱਸਿਆ ਹੈ ਅਤੇ

ਇਸਦਾ ਅੰਤ ਸੱਚ-ਖੰਡ ਤੇ ਹੁੰਦਾ ਹੈ। ਇੱਥੇ ਜੀਵ ਆਤਮਾ ਦੇ ਅਧਿਆਤਮਕ ਵਿਕਾਸ ਨੂੰ ਪੰਜ-ਖੰਡਾਂ ਵਿਚ ਦਰਸਾਇਆ ਗਿਆ ਹੈ।

ਪਹਿਲਾ ਪੜਾਅ ਫਰਜ਼ ਦਾ ਕਰਤੱਵ ਹੈ ਜਿਸ ਨੂੰ ਧਰਮ-ਖੰਡ ਕਿਹਾ ਜਾਂਦਾ ਹੈ। ਇਹ ਸੰਸਾਰ ਇੱਕ ਧਰਮਸ਼ਾਲਾ ਵਾਂਗ ਹੈ, ਜਿੱਥੇ ਮਨੁੱਖ ਅਸਥਾਈ ਤੌਰ ਤੇ ਆਪਣੀ ਜ਼ਿੰਦਗੀ ਦਾ ਰੈਣ-ਬਸੇਰਾ ਕਰਨ ਆਇਆ ਹੈ। ਇਹ ਧਰਤ ਰੂਪੀ ਧਰਮਸ਼ਾਲ ਅਧਿਆਤਮਕ ਮਾਰਗ ਦੇ ਪਾਂਧੀ ਨੂੰ ਉਸਦੀ ਮੰਜ਼ਿਲ ਤੇ ਪਹੁੰਚਾਉਣ ਵਿਚ ਸਹਾਈ ਹੁੰਦੀ ਹੈ। ਗੁਰੂ ਨਾਨਕ ਦੀ ਇਹ ਵਿਚਾਰਧਾਰਾ ਭਾਰਤੀ ਦਰਸ਼ਨ ਦੇ ਪ੍ਰਸੰਗ ਵਿਚ ਵਿਲੱਖਣ ਸਥਾਨ ਰੱਖਦੀ ਹੈ ਕਿਉਂਕਿ ਇਹ ਵਿਚਾਰਧਾਰਾ ਨਿੱਜਵਾਦੀ ਨਹੀਂ ਸਗੋਂ ਸਮੁੱਚਵਾਦੀ ਹੈ ਜਿਸਨੂੰ ਅਸੀਂ ਵਿਸ਼ਵ-ਦ੍ਰਿਸ਼ਟੀ ਤੋਂ ਬਹੁਤ ਮਹੱਤਵਪੂਰਣ ਦਰਜਾ ਦੇ ਸਕਦੇ ਹਾਂ। ਇਸ ਤੋਂ ਅਗਲੀ ਮੰਜ਼ਿਲ ਕਰਮ-ਖੰਡ ਦੀ ਹੈ। ਗੁਰੂ ਨਾਨਕ ਨੇ ਇਸ ਮੰਜ਼ਿਲ ਲਈ 'ਕਰਮੀ ਕਰਮੀ ਹੋਇ ਵੀਚਾਰੁ' ਦਾ ਰੂਪਕ ਵਰਤ ਕੇ ਮਨੁੱਖ ਦੇ ਨੈਤਿਕਤਾ ਪ੍ਰਤਿ ਫਰਜਾਂ ਨੂੰ ਦਰਸਾਇਆ ਹੈ। ਗੁਰੂ ਨਾਨਕ ਵਿਚਾਰਧਾਰਾ ਦਾ ਤੱਤ-ਸਾਰ ਇਹ ਹੈ ਕਿ ਜਗਤ ਵਿਚ ਜੀਵ ਨੇ ਸ਼ੁਭ ਕਰਮ ਕਰਕੇ ਪਰਮਾਤਮਾ ਦੀ ਬਖਸ਼ਿਸ਼ ਪ੍ਰਾਪਤ ਕਰਨੀ ਹੈ। ਇਹੀ ਮਨੁੱਖੀ ਧਰਮ ਹੈ ਜਿਸ ਨੂੰ ਵਿਸ਼ਵ-ਵਿਆਪੀ ਮਨੁੱਖ ਧਾਰ ਕੇ ਵਿਸ਼ਵ ਭਲਾਈ ਦੇ ਪ੍ਰਸੰਗ ਵਿਚ ਗੱਲ ਕਰ ਸਕਦਾ ਹੈ।

ਅਧਿਆਤਮਕ ਵਿਕਾਸ ਦਾ ਦੂਜਾ ਪੜਾਅ ਗਿਆਨ ਮੰਡਲ (ਗਿਆਨ-ਖੰਡ ਦਾ ਹੈ। ਇਸ ਧਰਾਤਲ ਤੇ ਪਹੁੰਚ ਕੇ ਮਨੁੱਖ ਨੂੰ ਰੱਬੀ ਸਿਰਜਣਾ ਦੀ ਡੂੰਘਾਈ ਅਤੇ ਉਸਦੀ ਵਿਭਿੰਨਤਾ ਦੇ ਵਿਸਤਾਰ ਬਾਰੇ ਗਿਆਨ ਹੁੰਦਾ ਹੈ। ਇੱਥੇ ਗੁਰੂ ਨਾਨਕ ਵਿਚਾਰਧਾਰਾ ਕੇਵਲ ਇਸੇ ਵਿਸ਼ਵ ਤੇ ਨਹੀਂ ਟਿਕਦੀ ਸਗੋਂ ਅਜਿਹੇ ਅਣਗਿਣਤ ਸੌਰ ਮੰਡਲਾਂ ਵੱਲ ਅਗਰਸਰ ਹੁੰਦੀ ਹੈ। ਰੱਬੀ ਸਿਰਜਣਾ ਅਤੇ ਉਤਪਾਦਨ ਦੀ ਗਿਣਤੀ ਕਰਨਾ ਅਸੰਭਵ ਹੈ। ਹੋਰ ਅਣਗਿਣਤ ਧਰਤੀਆਂ, ਤਾਰਿਆਂ ਤੋਂ ਇਲਾਵਾ ਵਿਭਿੰਨ ਪ੍ਰਕਾਰ ਦੇ ਪਾਣੀ, ਹਵਾ, ਅੱਗ ਅਤੇ ਵਜੂਦ ਹਨ ਜਿਨ੍ਹਾਂ ਦੀ ਵਿਭਿੰਨ ਮਾਤਰਾ ਅਤੇ ਗੁਣ ਹਨ ਜੋ ਉਸ ਸਿਰਜਣਹਾਰ ਪਰਮਾਤਮਾ ਦੇ ਰਚੇ ਹੋਏ ਹਨ। ਇਸ ਵਿਸ਼ਵ ਦੇ ਸ਼ਿਲਪਕਾਰ

ਅਤੇ ਵਿਗਿਆਨਕ ਗਿਆਨ ਤੋਂ ਇਲਾਵਾ ਵਿਭਿੰਨ ਸਭਿਆਚਾਰਾਂ, ਦਰਸ਼ਨ-ਸ਼ਾਸਤਰਾਂ, ਧਰਮਾਂ ਅਤੇ ਰਹੱਸਵਾਦੀ ਪ੍ਰੰਪਰਾਵਾਂ ਬਾਰੇ ਉੱਚ ਗਿਆਨ ਅਤੇ ਪਰਾ-ਵਿਦਿਆ ਵੱਲ ਵੀ ਇਸ਼ਾਰਾ ਕੀਤਾ ਗਿਆ ਹੈ। ਗੁਰੂ ਨਾਨਕ ਵਿਚਾਰਧਾਰਾ ਅਨੁਸਾਰ ਇਹ ਸਾਰਾ ਉੱਚ-ਗਿਆਨ ਸਹਿਜ ਅਨੁਭਵ ਨਾਲ ਹੀ ਪ੍ਰਾਪਤ ਹੁੰਦਾ ਹੈ। ਇਹ ਗਿਆਨ ਰੱਬੀ ਸਿਰਜਣਾ ਦੇ ਸੱਚ ਪ੍ਰਤਿ ਨਵੀਂ ਪਹੁੰਚ ਅਤੇ ਹੈਰਾਨਗੀ ਭਰੀ ਦੂਰ-ਦ੍ਰਿਸ਼ਟੀ ਨੂੰ ਵਿਸ਼ਵੀ ਮਾਨਵ ਅੱਗੇ ਉਜਾਗਰ ਕਰਦਾ ਹੈ। ਮਨੁੱਖ ਵਿਚ ਇਹ ਸੋਚ ਉਦੋਂ ਆਉਂਦੀ ਹੈ ਜਦੋਂ ਮਨੁੱਖ ਆਪਣੀ ਤੰਗ-ਦਿਲੀ ਅਤੇ ਖ਼ੁਦ-ਗਰਜ਼ੀ ਨੂੰ ਤਿਆਗ ਕੇ ਸਮੁੱਚੀ ਮਾਨਵਤਾ ਦੇ ਪੱਧਰ ਤੇ ਸੋਚਦਾ ਹੈ। ਇਸ ਉਪਰੰਤ ਮਨੁੱਖ ਨਿਰਪੱਖ ਅਤੇ ਅਧਿਆਤਮਕ ਗਿਆਨ ਦੀ ਪਰਪਸਰ ਨਿਰਭਰਤਾ ਦੇ ਨਾਲ-ਨਾਲ ਦੋਹਾਂ ਦੀ ਏਕਤਾ ਸਥਾਪਿਤ ਕਰਨ ਦੀ ਜ਼ਰੂਰਤ ਅਤੇ ਵਿਵਹਾਰਕ ਪੱਧਰ 'ਤੇ ਅਮਲ ਕਰਨਾ ਸ਼ੁਰੂ ਕਰ ਦਿੰਦਾ ਹੈ। ਅਜਿਹੀ ਦ੍ਰਿਸ਼ਟੀ ਨੂੰ ਅਪਣਾ ਕੇ ਹੀ ਮਨੁੱਖ ਗੁਰੂ ਨਾਨਕ ਦੀ ਵਿਚਾਰਧਾਰਾ ਅਨੁਸਾਰ ਵਿਸ਼ਵੀ ਸਿਰਜਣਾ ਦੀ ਖੁਸ਼ੀ ਅਤੇ ਵਿਸਮਾਦ ਨਾਲ ਭਰ ਜਾਂਦਾ ਹੈ ਅਤੇ ਉਹ ਅਨੁਭਵ ਕਰਦਾ ਹੈ :

ਧਰਮ ਖੰਡ ਕਾ ਏਹੋ ਧਰਮੁ॥
ਗਿਆਨ ਖੰਡ ਕਾ ਆਖਹੁ ਕਰਮੁ॥
ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥
ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ॥
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥
ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ॥[30]

ਆਤਮਿਕ ਉੱਨਤੀ ਦਾ ਤੀਜਾ ਪੜਾਅ ਘਾਲਣਾ ਦਾ ਮੰਡਲ (ਸਰਮ-ਖੰਡ) ਹੈ। ਵਾਸਤਵ ਵਿਚ ਦੂਜੇ ਪੜਾਅ ਦੇ ਅਨੁਭਵ ਤੋਂ ਬਾਅਦ ਜਗਿਆਸੂ ਮਨੁੱਖ ਦੀ ਸ਼ਖ਼ਸੀਅਤ ਵਿਚ ਤਬਦੀਲੀ ਆ ਜਾਂਦੀ ਹੈ। ਜਗਿਆਸੂ ਇਸ ਅਨੁਭਵ ਤੋਂ ਆਪਣੇ ਅੰਦਰ ਪੈਦਾ ਹੋਏ ਸਬਰ-ਸੰਤੋਖ ਤੇ ਲਗਨ

ਰਾਹੀਂ ਆਪਣੀ ਮਾਨਸਿਕ-ਸ਼ਕਤੀ ਅਤੇ ਭਾਵਾਤਮਕ ਵਿਕਾਸ ਨੂੰ ਵਿਸ਼ਵ-ਵਿਆਪੀ ਨਵੀਂ ਦਿਸ਼ਾ ਵੱਲ ਲੈ ਕੇ ਜਾਂਦਾ ਹੈ। ਉਹ ਆਪਣੇ ਵਿਚਾਰਾਂ ਅਤੇ ਭਾਵਨਾਵਾਂ ਨੂੰ ਅਧਿਆਤਮਕ ਉੱਚਤਾ ਰਾਹੀਂ ਨਵੇਂ ਸਿਰਿਉਂ ਘੜਦਾ ਹੈ ਜਿਸ ਸਦਕਾ ਉਸਦੀ ਸੂਝ-ਬੂਝ, ਸਹਿਜ-ਅਨੁਭਵੀ ਗਿਆਨ ਅਤੇ ਸਮਝ ਨਿਖ਼ਰਦੀ ਅਤੇ ਪਰਪੱਕ ਹੁੰਦੀ ਹੈ :

ਸਰਮ ਖੰਡ ਕੀ ਬਾਣੀ ਰੂਪੁ॥
ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ॥
ਤਾ ਕੀਆ ਗਲਾ ਕਥੀਆ ਨਾ ਜਾਹਿ॥
ਜੇ ਕੋ ਕਹੈ ਪਿਛੈ ਪਛੁਤਾਇ॥[31]

ਉਪਰੋਕਤ ਤਿੰਨਾਂ ਪੜਾਵਾਂ ਰਾਹੀਂ ਮਨੁੱਖ ਇੱਕ ਅਲੌਕਿਕ ਜੀਵਨ-ਜਾਚ ਤੇ ਆਤਮਿਕ ਰੂਪ ਦਾ ਧਾਰਨੀ ਹੋ ਜਾਂਦਾ ਹੈ। ਆਤਮਿਕ ਵਿਕਾਸ ਦੀ ਚੌਥੀ ਮੰਜ਼ਿਲ ਜਿਸਨੂੰ ਸ਼ਿਸ਼ਟਾਚਾਰ ਦਾ ਮੰਡਲ (ਕਰਮ ਖੰਡ) ਕਿਹਾ ਜਾਂਦਾ ਹੈ, ਵਿਚ ਪ੍ਰਵੇਸ਼ ਕਰਦਾ ਹੈ। ਮਨੁੱਖ ਦੀਆਂ ਅਧਿਆਤਮਕ ਕੋਸ਼ਿਸ਼ਾਂ ਪਰਮਾਤਮਾ ਦੀ ਬਖਸ਼ਿਸ਼ ਨਾਲ ਫ਼ਲਦਾਇਕ ਹੁੰਦੀਆਂ ਹਨ। ਮਨੁੱਖ ਦੀ ਲਾਲਸਾ ਹਮੇਸ਼ਾਂ ਹੀ ਪਦਾਰਥਵਾਦੀ ਰਹਿੰਦੀ ਹੈ ਜਿਹੜੀ ਮਨੁੱਖ ਨੂੰ ਢਾਹੂ ਰੁਚੀਆਂ ਵੱਲ ਲੈ ਜਾਂਦੀ ਹੈ ਪਰੰਤੂ ਗੁਰੂ ਨਾਨਕ ਵਿਚਾਰਧਾਰਾ ਵਿਚਲਾ ਮਨੁੱਖ ਕਰਮ-ਖੰਡ ਦੀ ਮੰਜ਼ਿਲ ਤੇ ਪਹੁੰਚ ਕੇ ਪਦਾਰਥਾਂ ਦੀ ਮੰਗ ਤੇ ਵੀ ਸਹਿਜ ਅਤੇ ਸ਼ਰਧਾਵਾਨ ਰਹਿੰਦਾ ਹੈ। ਅਜਿਹੀ ਸੋਚ ਦਾ ਧਾਰਨੀ ਮਨੁੱਖ ਵਿਸ਼ਵ ਪ੍ਰਸੰਗ ਵਿਚ ਬਹੁਤ ਹੀ ਵਧੀਆ ਕਾਰਜਸ਼ੀਲ ਭੂਮਿਕਾ ਨਿਭਾਅ ਸਕਦਾ ਹੈ। ਗੁਰੂ ਨਾਨਕ ਦਾ ਕਥਨ ਹੈ :

ਨਾ ਓਹਿ ਮਰਹਿ ਨ ਠਾਗੇ ਜਾਹਿ॥
ਜਿਨ ਕੈ ਰਾਮੁ ਵਸੈ ਮਨ ਮਾਹਿ॥
ਤਿਥੈ ਭਗਤ ਵਸਹਿ ਕੇ ਲੋਅ॥
ਕਰਹਿ ਅਨੰਦੁ ਸਚਾ ਮਨਿ ਸੋਇ॥[32]

ਚੰਗੇ ਕੰਮ ਕਰਨ ਵਾਲਾ ਮਨੁੱਖ ਸਮਾਜ ਵਿਚ ਵੀ ਸਤਿਕਾਰਿਆ ਜਾਂਦਾ ਹੈ। ਗੁਰੂ ਨਾਨਕ ਦਾ ਕਿਰਤ ਕਰਨ ਦਾ ਸਿਧਾਂਤਕ ਮਾਡਲ ਵੀ ਇਸ ਪ੍ਰਸੰਗ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਕਰਮ ਤੋਂ ਹੀ ਮਨੁੱਖ ਪਛਾਣਿਆ ਜਾਂਦਾ ਹੈ। ਸੱਚੇ ਕਰਮ ਕਰਦਿਆਂ ਤੇ ਸੱਚ ਦੇ ਮਾਰਗ ਚੱਲਦਿਆਂ ਮਨੁੱਖ ਨੂੰ ਸਮਾਜਿਕ ਅਦਬ-ਸਤਿਕਾਰ ਪ੍ਰਾਪਤ ਹੁੰਦਾ ਹੈ। ਗੁਰੂ ਨਾਨਕ ਦਾ ਕਥਨ ਹੈ :

ਸਚੈ ਮਾਰਗਿ ਚਲਦਿਆ
ਉਸਤਤਿ ਕਰੇ ਜਹਾਨੁ ॥[33]

ਮਨੁੱਖੀ ਆਤਮਿਕ ਵਿਕਾਸ ਦਾ ਆਖਰੀ ਪੜਾਅ ਸੱਚ-ਖੰਡ ਹੈ। ਸੱਚ ਦੇ ਇਸ ਮੰਡਲ ਦਾ ਵਿਸਤਾਰ ਸਮੁੱਚੀ ਮਾਨਵਤਾ ਨੂੰ ਆਪਣੇ ਕਲਾਵੇ ਵਿਚ ਲੈਂਦਾ ਪ੍ਰਤੀਤ ਹੁੰਦਾ ਹੈ। ਸੱਚ-ਖੰਡ ਕੋਈ ਦੁਨਿਆਵੀ ਜਾਂ ਬ੍ਰਹਿਮੰਡੀ ਭੂ-ਖੇਤਰ ਨਹੀਂ ਸਗੋਂ ਇਹ ਇਕ ਉਚੇਰੀ ਮਾਨਸਿਕ ਅਵਸਥਾ ਹੈ ਜਿਸ ਵਿਚ ਜਗਿਆਸੂ ਮਨੁੱਖ ਸਚਿਆਰਤਾ ਦੀ ਪਦਵੀ ਗ੍ਰਹਿਣ ਕਰਕੇ ਗੁਣਾਂਤਮਕ ਪੱਖੋਂ ਪਰਮਾਤਮਾ ਨਾਲ ਇੱਕਸੁਰ ਹੋ ਜਾਂਦਾ ਹੈ। ਇਹ ਉਹ ਪਰਾਪਤੀ ਹੈ ਜਿਸ ਵਿਚ ਕਰਮ ਜਾਂ ਕਿਰਤ ਦਾ ਫਲ ਪ੍ਰਾਪਤ ਕਰਕੇ ਸੱਚ ਨਾਲ ਇੱਕਸੁਰਤਾ ਪ੍ਰਾਪਤ ਕਰਦਾ ਹੈ। ਗੁਰੂ ਨਾਨਕ ਦਾ ਮਿਸ਼ਨ ਵੀ ਮਨੁੱਖ ਅਤੇ ਸਮਾਜ ਦਾ ਸੱਚ ਦੇ ਪੱਧਰ ਤੇ ਰੱਬੀ-ਕਰਨ ਦਾ ਹੀ ਮਿਸ਼ਨ ਹੈ। ਗੁਰੂ ਨਾਨਕ ਦੀ ਸਮੁੱਚੀ ਵਿਚਾਰਧਾਰਾ ਮਾਨਵਤਾ ਨੂੰ ਇੱਕ ਜਥੇਬੰਦੀ ਵਜੋਂ ਕਰਮਸ਼ੀਲ ਵੇਖਣ ਦੀ ਇੱਛੁਕ ਹੈ। ਗੁਰੂ ਨਾਨਕ ਵਿਸ਼ਵ ਪੱਧਰ ਤੇ ਅਧਰਮ (ਕੂੜ) ਦਾ ਖ਼ਾਤਮਾ ਕਰਕੇ ਇਸ ਧਰਤੀ ਤੇ ਸੱਚ ਦੀ ਸਥਾਪਨਾ ਕਰਨਾ ਚਾਹੁੰਦੇ ਹਨ ਭਾਵ ਮਨੁੱਖਤਾ ਵਿਚ ਪਈਆਂ ਵੰਡੀਆਂ ਨੂੰ ਭਾਵੇਂ ਉਹ ਪੂੰਜੀ, ਊਚ-ਨੀਚ, ਜ਼ਾਤ-ਪਾਤ ਜਾਂ ਅਮੀਰ-ਗ਼ਰੀਬ ਦੇ ਧਰਾਤਲ ਤੇ ਹੋਣ ਉਨ੍ਹਾਂ ਨੂੰ ਖ਼ਤਮ ਕਰਕੇ ਇੱਕ ਵਿਸ਼ਵ ਭਾਈਚਾਰੇ ਵਾਲੇ ਖੁਸ਼ਹਾਲ ਸਮਾਜ ਨੂੰ ਤਰਜੀਹ ਦਿੰਦੇ ਹਨ। ਜਪੁਜੀ ਵਿਚ ਇਨ੍ਹਾਂ ਖੰਡਾਂ ਦੀ ਉੱਚਤਮ ਆਤਮਿਕ ਉਨਤੀ ਵਾਲਾ ਮਨੁੱਖ ਦਾ ਮਾਡਲ ਉਸਾਰ ਕੇ ਗੁਰੂ ਨਾਨਕ ਦਾ ਨਿਸ਼ਾਨਾ, ਸਮਾਜਿਕ, ਆਰਥਿਕ, ਧਾਰਮਿਕ, ਸਭਿਆਚਾਰਕ ਅਤੇ ਰਾਜਨੀਤਿਕ ਆਦਿ ਹਰ ਖੇਤਰ ਦੀਆਂ

ਬੇਤਰਤੀਬੀਆਂ, ਬੁਰਾਈਆਂ ਤੇ ਕੁਰੀਤੀਆਂ ਨੂੰ ਖ਼ਤਮ ਕਰਕੇ ਰੂਹਾਨੀ ਅਤੇ ਇਖ਼ਲਾਕੀ ਕਦਰਾਂ-ਕੀਮਤਾਂ ਨਾਲ ਲੈਸ ਇੱਕ ਚੰਗੇ ਵਿਸ਼ਵ ਸਮਾਜ ਦੀ ਸਿਰਜਣਾ ਕਰਨਾ ਹੈ।

ਗੁਰੂ ਨਾਨਕ ਦੀ ਸਮੁੱਚੀ ਵਿਚਾਰਧਾਰਾ ਦੇ ਕਰਮ ਖੇਤਰ ਦਾ ਅਧਾਰ ਅਧਿਆਤਮਕਤਾ ਹੈ ਪਰੰਤੂ ਉਹਨਾਂ ਦੀ ਇਸ ਅਧਿਆਤਮਕਤਾ ਦਾ ਪ੍ਰਸੰਗ ਭਾਰਤੀ ਅਧਿਆਤਮਕ ਦਰਸ਼ਨ ਦੇ ਪ੍ਰਸੰਗ ਨਾਲੋਂ ਕੁੱਝ ਵੱਖਰਾ ਹੈ। ਅਧਿਆਤਮਕਤਾ ਨੂੰ ਉਹਨਾਂ ਨੇ ਮਨੁੱਖੀ ਹੱਕਾਂ ਦੀ ਪ੍ਰਾਪਤੀ ਲਈ ਇੱਕ ਕੜੀ ਵਜੋਂ ਵਰਤਿਆ ਹੈ। ਉਹਨਾਂ ਦੀ ਵਿਚਾਰਧਾਰਾ ਦੇ ਸਰੋਕਾਰ ਪਰੰਪਰਾਗਤ ਧਾਰਮਿਕ ਸਰੋਕਾਰਾਂ ਤੋਂ ਵੱਖਰੇ ਹਨ। ਕਹਿਣ ਤੋਂ ਭਾਵ ਇਹ ਹੈ ਕਿ ਉਹਨਾਂ ਨੇ ਪਹਿਲ ਮਾਨਵੀ ਸਰੋਕਾਰਾਂ ਨੂੰ ਹੀ ਦਿੱਤੀ ਹੈ ਅਤੇ ਅਧਿਆਤਮਕਤਾ ਨੂੰ ਇੱਕ ਮਾਧਿਅਮ ਵਜੋਂ ਵਰਤਿਆ ਹੈ। ਮਾਨਵੀ ਸਰੋਕਾਰਾਂ ਨੂੰ ਸਿੱਧ ਕਰਨ ਲਈ ਅਧਿਆਤਮਕਤਾ ਦੀ ਵਰਤੋਂ ਕਰਨਾ ਅਸਲੋਂ ਗੁਰੂ ਨਾਨਕ ਬਾਣੀ ਦਾ ਇਕ ਵਿਲੱਖਣ ਪੈਂਤੜਾ ਸੀ।

ਜਪੁਜੀ ਵਿਚ ਗੁਰੂ ਨਾਨਕ ਦੀ ਮੂਲ ਧਾਰਨਾ ਇੱਕ ਈਸ਼ਵਰਵਾਦ ਬਾਰੇ ਹੈ । ਇਹ ਧਾਰਨਾ ਭਾਰਤੀ ਦਰਸ਼ਨ ਅਤੇ ਵਿਸ਼ਵ ਦੇ ਹੋਰ ਬਹੁਤ ਸਾਰੇ ਧਾਰਮਿਕ ਦਰਸ਼ਨ ਤੋਂ ਨਿਵੇਕਲੀ ਧਾਰਨਾ ਹੈ। ਭਾਰਤੀ ਦਰਸ਼ਨ ਜਾਂ ਹਿੰਦੂ-ਮਤ ਨੇ ਪੂਰੀ ਤਰ੍ਹਾਂ ਇੱਕ ਰੱਬ ਨੂੰ ਨਹੀਂ ਮੰਨਿਆ। ਭਾਰਤੀ ਵੇਦਾਂ ਵਿਚ ਵੀ ਬਹੁ-ਦੇਵੀ ਦੇਵਤਿਆਂ ਦੀ ਪੂਜਾ ਦਾ ਵਿਚਾਰ ਪ੍ਰਧਾਨ ਹੈ। ਭਾਰਤੀ ਦਰਸ਼ਨ ਵਿਚ ਦੇਵੀ ਦੇਵਤਿਆਂ ਜਾਂ ਰੱਬੀ ਪੂਜਾ ਲਈ ਮੰਦਰਾਂ ਵਿਚ ਮੂਰਤੀਆਂ ਦੀ ਸਥਾਪਨਾ ਕੀਤੀ ਜਾਂਦੀ ਹੈ ਪਰੰਤੂ ਗੁਰੂ ਨਾਨਕ ਨੇ ਇਸ ਮਤ ਨੂੰ ਆਪਣੀ ਵਿਚਾਰਧਾਰਾ ਦੇ ਪੱਧਰ ਤੇ ਨਕਾਰਿਆ ਹੈ ਅਤੇ ਇਸ ਪਰੰਪਰਾ ਤੋਂ ਵਿਭਿੰਨ ਬਿਰਤਾਂਤ ਸਿਰਜਿਆ ਹੈ :

ਥਾਪਿਆ ਨ ਜਾਇ ਕੀਤਾ ਨ ਹੋਇ॥
ਆਪੇ ਆਪਿ ਨਿਰੰਜਨੁ ਸੋਇ॥
ਜਿਨਿ ਸੇਵਿਆ ਤਿਨਿ ਪਾਇਆ ਮਾਨੁ॥
ਨਾਨਕ ਗਾਵੀਐ ਗੁਣੀ ਨਿਧਾਨੁ॥[34]

ਅਜੋਕੇ ਵਿਸ਼ਵੀਕਰਨ ਦੇ ਦੌਰ ਵਿਚ ਮਨੁੱਖ ਕੋਲ ਅਜਿਹੇ ਧਾਰਮਿਕ ਕਰਮ-ਕਾਂਡਾਂ ਲਈ ਸਮੇਂ ਦੀ ਬਹੁਤ ਘਾਟ ਹੈ। ਗੁਰੂ ਨਾਨਕ ਦਾ ਇਹ ਬਿਰਤਾਂਤ ਜਿਹੜਾ ਕਿ ਰੱਬੀ ਨਾਮ ਸਿਮਰਨ ਵੱਲ ਪ੍ਰੇਰਿਤ ਹੈ। ਇਸ ਫਲਸਫ਼ੇ ਅੰਤਰਗਤ ਅਜੋਕਾ ਵਿਸ਼ਵੀ ਮਨੁੱਖ ਆਪਣੇ ਕੰਮਕਾਰ ਵਿਚ ਰੁੱਝਾ ਹੋਣ ਦੇ ਬਾਵਜੂਦ ਇਸ ਸਹਿਜ ਅਵਸਥਾ ਵਿਚੋਂ ਗੁਜ਼ਰ ਸਕਦਾ ਹੈ।

ਤੱਤਕਾਲੀਨ ਰਾਜਨੀਤਿਕ ਪ੍ਰਸਥਿਤੀਆਂ ਵਿਚ ਰਜਵਾੜਾਸ਼ਾਹੀ, ਭੂਪਵਾਦੀ ਜਾਂ ਬਾਦਸ਼ਾਹੀ ਹੁਕਮ ਨੂੰ ਰੱਬੀ ਹੁਕਮ ਮੰਨਿਆ ਜਾਂਦਾ ਸੀ ਜਾਂ ਅਜਿਹੀ ਧਾਰਨਾ ਤਹਿਤ ਅਜਿਹੇ ਹੁਕਮ ਨੂੰ ਪਰਜਾ ਤੇ ਠੋਸਿਆ ਜਾਂਦਾ ਸੀ। ਗੁਰੂ ਨਾਨਕ ਨੇ ਇਸ ਤਾਨਾਸ਼ਾਹੀ ਹੁਕਮ ਦੇ ਵਿਰੋਧ ਵਿਚ ਅਤੇ ਸਮੁੱਚੀ ਮਾਨਵਤਾ ਦੇ ਹੱਕ ਵਿਚ ਬਹੁਤ ਹੀ ਤਰਕ ਅਧਾਰਿਤ ਨਿਯਮ ਲੁਕਾਈ ਅੱਗੇ ਰੱਖਿਆ। ਇਹ ਨਿਯਮ ਇੱਕ ਅਜਿਹੀ ਸੰਸਥਾ ਜਿਸ ਵਿਚ ਲੋਕ ਨੁਮਾਇੰਦਗੀ ਹੋਵੇ ਭਾਵ ਉਹਨਾਂ ਨੇ ਇਸ ਨੂੰ ਪੰਚ ਪਰਧਾਨ ਸੰਸਥਾ ਦੇ ਸੰਕਲਪ ਰਾਹੀਂ ਪੇਸ਼ ਕੀਤਾ :

ਪੰਚ ਪਰਵਾਣ ਪੰਚ ਪਰਧਾਨੁ ॥
ਪੰਚੇ ਪਾਵਹਿ ਦਰਗਹਿ ਮਾਨੁ ॥
ਪੰਚੇ ਸੋਹਹਿ ਦਰਿ ਰਾਜਾਨੁ ॥
ਪੰਚਾ ਕਾ ਗੁਰੁ ਏਕੁ ਧਿਆਨੁ ॥[35]

ਭਾਰਤੀ ਸਮਾਜ ਵਿਚ ਧਰਤੀ ਤੇ ਧੌਲ (ਬਲਦ) ਬਾਰੇ ਇੱਕ ਮਿੱਥ ਆਮ ਪ੍ਰਚੱਲਿਤ ਹੈ ਕਿ ਧਰਤੀ ਇੱਕ ਧੌਲ ਦੇ ਸਿੰਗਾਂ ਉੱਪਰ ਖੜ੍ਹੀ ਹੈ ਪਰੰਤੂ ਗੁਰੂ ਨਾਨਕ ਨੇ ਇਸ ਦੇ ਉਲਟ ਇੱਕ ਵਿਗਿਆਨਕ ਦ੍ਰਿਸ਼ਟੀ ਵਾਲਾ ਤਰਕਮਈ ਅਤੇ ਕੁਦਰਤੀ ਨਿਯਮ ਵਿਸ਼ਵ ਅੱਗੇ ਪੇਸ਼ ਕੀਤਾ :

ਧੌਲੁ ਧਰਮੁ ਦਇਆ ਕਾ ਪੂਤੁ ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥
ਜੇ ਕੋ ਬੁਝੈ ਹੋਵੈ ਸਚਿਆਰੁ ॥
ਧਵਲੈ ਉਪਰਿ ਕੇਤਾ ਭਾਰੁ ॥

ਧਰਤੀ ਹੋਰੁ ਪਰੈ ਹੋਰੁ ਹੋਰੁ॥

ਤਿਸ ਤੇ ਭਾਰੁ ਤਲੈ ਕਵਣੁ ਜੋਰੁ॥[36]

ਗੁਰੂ ਨਾਨਕ ਨੇ ਪ੍ਰਚੱਲਿਤ ਮਿੱਥ ਤੋਂ ਉਲਟ ਸੱਚ ਅਧਾਰਿਤ ਕੁਦਰਤੀ ਨਿਯਮ (ਗੁਰੂਤਾ ਸ਼ਕਤੀ) ਲੋਕਾਈ ਅੱਗੇ ਰੱਖਿਆ। ਇਹ ਧਰਮ ਰੂਪੀ ਧੌਲ ਰੱਬੀ ਨਦਰਿ (ਦਇਆ) ਸੰਤੋਖ ਦੇ ਸਹਾਰੇ (ਆਕਰਸ਼ਣ ਸ਼ਕਤੀ) ਖੜ੍ਹਾ ਹੈ। ਧਰਤੀ ਇੱਕ ਕੁਦਰਤੀ ਬ੍ਰਹਿਮੰਡੀ ਨਿਯਮ ਦੇ ਅਧਾਰ ਤੇ ਖੜ੍ਹੀ ਹੈ। ਇਸ ਨਿਯਮ ਨੂੰ ਅਜੋਕਾ ਵਿਗਿਆਨ ਵੀ ਮੰਨਣ ਤੋਂ ਇਨਕਾਰੀ ਨਹੀਂ। ਇਹ ਨਿਯਮ ਅਜੋਕੇ ਦੌਰ ਵਿਚ ਵੀ ਅਟੱਲ ਸੱਚਾਈ ਵਾਂਗ ਖੜ੍ਹਾ ਨਜ਼ਰ ਆਉਂਦਾ ਹੈ। ਗੁਰੂ ਨਾਨਕ ਦੀ ਇਹ ਵਿਚਾਰਧਾਰਾ ਨਿਰੰਤਰ ਵਿਸ਼ਵ ਗਿਆਨ ਨਾਲ ਜੁੜੀ ਹੋਈ ਪ੍ਰਤੀਤ ਹੁੰਦੀ ਹੈ।

ਅਜੋਕੇ ਵਿਸ਼ਵੀਕਰਨ ਦੇ ਦੌਰ ਵਿਚ ਮਨੁੱਖ ਪਦਾਰਥਵਾਦੀ ਤੇ ਉਪਭੋਗਤਾਵਾਦੀ ਰੁਚੀਆਂ ਤਹਿਤ ਗੁਜ਼ਰ ਰਿਹਾ ਹੈ। ਇਹ ਰੁਚੀਆਂ ਮਨੁੱਖ ਨੂੰ ਪੂੰਜੀ (ਮਾਇਆ) ਦੀ ਲਾਲਸਾ ਪ੍ਰਤਿ ਉਕਸਾਉਂਦੀਆਂ ਹਨ ਕਿਉਂਕਿ ਪੂੰਜੀਪਤੀ ਹਮੇਸ਼ਾਂ ਹੀ ਨੀਵੇਂ ਵਰਗ ਦਾ ਸ਼ੋਸ਼ਣ ਕਰਕੇ ਪਾਪਾਂ ਦਾ ਭਾਗੀਦਾਰ ਬਣਦਾ ਹੈ। ਗੁਰੂ ਨਾਨਕ ਇਸ ਵਿਚਾਰ ਪ੍ਰਤਿ ਵਿਸ਼ਵੀ ਮਨੁੱਖ ਨੂੰ ਤਰਕਮਈ ਲਹਿਜੇ ਵਿਚ ਸਾਵਧਾਨ ਕਰਦੇ ਹਨ :

ਭਰੀਐ ਮਤਿ ਪਾਪਾ ਕੈ ਸੰਗਿ॥

ਓਹੁ ਧੋਪੈ ਨਾਵੈ ਕੈ ਰੰਗਿ॥[37]

ਗੁਰੂ ਨਾਨਕ ਦੇਵ ਜੀ ਦੀ ਉਪਰੋਕਤ ਵਿਚਾਰਧਾਰਾ ਵਿਸ਼ਵ-ਗਿਆਨ ਦੀਆਂ ਅਨੰਤ ਸੀਮਾਵਾਂ ਅਤੇ ਸੰਭਾਵਨਾਵਾਂ ਨੂੰ ਸਮਾਜਿਕ ਅਤੇ ਸਭਿਆਚਾਰ ਦੇ ਹਾਂ-ਪੱਖੀ ਪਰਿਪੇਖ ਵਿਚ ਅਧਿਐਨ ਵਸਤੂ ਬਣਾਉਂਦੀ ਹੈ।

ਗੁਰੂ ਨਾਨਕ ਦੇਵ ਜੀ ਤੱਤਕਾਲੀਨ ਲੋਕ ਗਿਆਨ ਤੋਂ ਅਗਾਂਹ ਸ੍ਰਿਸ਼ਟੀ ਦੇ ਵਿਆਪਕ ਹੋਂਦ ਵਿਧੀ ਵਿਚ ਵਿਸ਼ਵਾਸ ਪ੍ਰਗਟਾਉਂਦਿਆਂ ਪਾਰਲੌਕਿਕ ਸੱਚ ਦੇ ਬਹੁਕੇਂਦਰੀ ਦਾਇਰਿਆਂ ਨੂੰ

ਕੁਦਰਤੀ ਨਿਯਮ ਦੀ ਤਰਤੀਬ ਵਿਚ ਬੰਨ੍ਹਿਆ ਹੋਇਆ ਵੇਖਦੇ ਹਨ ਅਤੇ ਲੌਕਿਕ ਗਿਆਨ ਦੀਆਂ ਸੀਮਾਵਾਂ ਨੂੰ ਵਿਸਤਾਰਦੇ ਹਨ :

ਪਾਤਾਲ ਪਾਤਾਲ ਲਖ ਆਗਾਸਾ ਆਗਾਸ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ॥
ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥
ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥[38]

ਗੁਰੂ ਨਾਨਕ ਵਿਚਾਰਧਾਰਾ ਅਨੁਸਾਰ ਉਸ ਦਾ ਪਸਾਰਾ ਨਿਰਾ ਕਾਲ (time) ਹੀ ਨਹੀਂ ਸਗੋਂ ਦੇਸ਼ (space) ਦੇ ਪੱਖੋਂ ਵੀ ਬੇਅੰਤ ਹੈ। ਉਹ ਸਮੁੱਚੀ ਮਾਨਵਤਾ ਨੂੰ ਪ੍ਰੋਖ ਰੂਪ ਵਿਚ ਸੰਬੋਧਨ ਕਰਦੇ ਹੋਏ ਕਹਿੰਦੇ ਹਨ ਕਿ ਇਸ ਗਿਣਤੀ ਮਿਣਤੀ ਵਿਚ ਨਾ ਪੈਂਦੇ ਹੋਇਆ, ਉਸ ਰਚਨਹਾਰ ਦੀ ਵਡਿਆਈ ਵਿਚ ਹੀ ਆਪਣਾ ਵਿਸ਼ਵਾਸ ਕਾਇਮ ਰੱਖਣਾ ਚਾਹੀਦਾ ਹੈ। ਉਹਨਾਂ ਦੀ ਇਹ ਵਿਚਾਰਧਾਰਾ ਅਜੋਕੇ ਵਿਸ਼ਵ-ਪ੍ਰਸੰਗ ਵਿਚ ਪੂਰੀ ਲਾਹੇਵੰਦ ਸਿੱਧ ਹੁੰਦੀ ਹੈ।

ਗੁਰੂ ਨਾਨਕ ਨੇ ਜਪੁਜੀ ਵਿਚ ਸ਼ੁਰੂ ਤੋਂ ਲੈ ਕੇ ਪਉੜੀ ਦਰ ਪਉੜੀ ਮਨੁੱਖ ਨੂੰ ਸਚਿਆਰ ਦੀ ਪਦਵੀ ਤੱਕ ਪਹੁੰਚਾਉਣ ਲਈ ਮਾਨਵ ਹਿਤੈਸ਼ੀ ਸਦਾਚਾਰਕ ਨਿਯਮਾਂ ਦੀ ਪਾਲਣਾ ਕਰਵਾਉਂਦਿਆਂ, ਇੱਕ ਅਜਿਹੇ ਵਿਸ਼ਵ-ਦ੍ਰਿਸ਼ਟੀਕੋਣ (ਸਚਿਆਰ) ਵਾਲੇ ਮਨੁੱਖ ਦੀ ਹੋਂਦ ਨੂੰ ਸਥਾਪਿਤ ਕੀਤਾ ਹੈ ਜਿਹੜਾ ਕਿ ਵਿਸ਼ਵ ਪੱਧਰ ਤੇ ਮਹੱਤਵਪੂਰਨ ਸਫ਼ਲ ਭੂਮਿਕਾ ਨਿਭਾਅ ਸਕਦਾ ਹੈ। ਇਸ ਸਾਰੇ ਵਰਤਾਰੇ ਨੂੰ ਉਹ ਸੁਨਿਆਰ ਦੀ ਭੱਠੀ ਅਤੇ ਟਕਸਾਲ ਦੇ ਪ੍ਰਤੀਕ ਰਾਹੀਂ ਪੇਸ਼ ਕਰਦੇ ਹਨ :

ਜਤੁ ਪਾਹਾਰਾ ਧੀਰਜੁ ਸੁਨਿਆਰੁ॥
ਅਹਰਣਿ ਮਤਿ ਵੇਦੁ ਹਥੀਆਰੁ॥
ਭਉ ਖਲਾ ਅਗਨਿ ਤਪ ਤਾਉ॥

ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥

ਘੜੀਐ ਸਬਦੁ ਸਚੀ ਟਕਸਾਲ॥[39]

ਅਜਿਹੀ ਉਚ ਆਤਮਿਕ ਅਵਸਥਾ, ਸਬਰ ਸ਼ੁਕਰ ਦਾ ਧਾਰਨੀ, ਜਤ ਸਤ ਕਾਇਮ ਰੱਖਦਿਆਂ ਸਮੁੱਚੀ ਮਾਨਵਤਾ ਦੀ ਸੇਵਾ ਕਰਦਿਆਂ ਵਿਸ਼ਵ ਪੱਧਰ ਤੇ ਵਿਸ਼ਾਲ ਸੋਝੀ ਰੱਖਦੇ ਹੋਏ ਮਨੁੱਖ ਦੀ ਬਣਤਰ ਬਾਰੇ ਜੋ ਵਿਚਾਰ ਗੁਰੂ ਨਾਨਕ ਨੇ ਪੇਸ਼ ਕੀਤੇ ਹਨ, ਅਜਿਹੀ ਵਿਸ਼ਵ ਵਿਆਪੀ ਦ੍ਰਿਸ਼ਟੀ ਵਾਲਾ ਮਨੁੱਖ ਸੱਚਮੁੱਚ ਹੀ ਵਿਸ਼ਵੀਕਰਨ ਦੇ ਦੌਰ ਵਿਚ ਸਹਾਈ ਹੋ ਸਕਦਾ ਹੈ।

ਗੁਰੂ ਨਾਨਕ ਦਾ ਵਿਸ਼ਵ ਦ੍ਰਿਸ਼ਟੀਕੋਣ ਜਪੁਜੀ ਦੇ ਅੰਤ ਵਿਚ ਦਿੱਤੇ ਸਲੋਕ ਤੋਂ ਪੂਰਨ ਭਾਂਤ ਸਪੱਸ਼ਟ ਹੋ ਜਾਂਦਾ ਹੈ। ਉਹ ਵਿਸ਼ਵੀ ਯਥਾਰਥ ਨੂੰ ਉਤਪਾਦਨ ਦੀ ਪ੍ਰਕਿਰਿਆ ਰਾਹੀਂ ਸਮਾਜਿਕ ਤਰਤੀਬ ਦੇ ਅਧਾਰ ਨੂੰ ਵਿਸ਼ਵੀ ਚਿਹਨਾਂ ਰਾਹੀਂ ਪੇਸ਼ ਕਰਦੇ ਹਨ :

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥

ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥

ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥

ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥[40]

ਸਮੁੱਚੇ ਵਿਸ਼ਵ ਦੇ ਜੀਵਾਂ ਦਾ ਅਧਾਰ ਹਵਾ, ਪਾਣੀ ਅਤੇ ਧਰਤੀ ਹੈ। ਜਿਨ੍ਹਾਂ ਨੂੰ ਗੁਰੂ ਅਤੇ ਮਾਤਾ-ਪਿਤਾ ਦੇ ਰੂਪ ਵਿਚ ਚਿਤਵਿਆ ਗਿਆ ਹੈ। ਮਨੁੱਖ ਦੇ ਵਿਕਾਸ ਦਾ ਅਧਾਰ ਇੱਥੋਂ ਹੀ ਸ਼ੁਰੂ ਹੁੰਦਾ ਹੈ। ਇਸ ਨੂੰ ਅਸੀਂ ਬਹੁ-ਪਾਸਾਰੀ ਪਛਾਣ ਦੇ ਰੂਪ ਵਿਚ ਰੂਪਾਂਤਰਣ ਹੋਇਆ ਵੇਖਦੇ ਹਾਂ। ਇਹ ਰੂਪਾਂਤਰਣ ਦੇਸ਼ (space) ਕਾਲ (time) ਅਤੇ ਖੇਡ (ਦਿਵਸ-ਰਾਤ) ਦੇ ਚਿਹਨਾਂ ਰਾਹੀਂ ਦ੍ਰਿਸ਼ਟੀਗੋਚਰ ਹੁੰਦਾ ਹੈ। ਸਮੁੱਚੇ ਜਗਤ ਦੀ ਇਹ ਖੇਡ ਵਿਸ਼ਵੀ ਮਨੁੱਖ ਨੂੰ ਆਪਣੇ ਅਧਿਕਾਰ ਖੇਤਰ ਵਿਚ ਲੈਂਦੀ ਹੈ। ਇਸ ਖੇਡ ਦੀ ਕਰਮ-ਸ਼ੀਲਤਾ ਮਨੁੱਖੀ ਭਾਵਨਾ ਤੇ ਨਿਰਭਰ ਕਰਦੀ ਹੈ।

ਇਸ ਖੇਡ-ਖੇਤਰ ਵਿਚ ਸਮਾਜਿਕ ਭਾਵਨਾ ਦੇ ਪੱਧਰ ਤੇ ਕੀਤੇ ਕਰਮ ਹੀ ਸਲਾਹੇ ਜਾਂਦੇ ਹਨ। ਇਹ ਵਿਚਾਰਧਾਰਾ ਮਨੁੱਖ ਦਾ ਰਿਸ਼ਤਾ ਕੁਦਰਤ ਨਾਲ ਪੱਕਾ ਕਰਦੀ ਹੈ। ਗੁਰੂ ਨਾਨਕ ਮਨੁੱਖ ਦਾ ਅਸਲੀ ਪਿਤਾ, ਪਾਣੀ ਨੂੰ ਥਾਪਦੇ ਹਨ ਜੋ ਜੀਵਨ ਦਾ ਅਧਾਰ ਹੈ ਤੇ ਧਰਤੀ ਜੋ ਪਦਾਰਥਾਂ ਦਾ ਭੰਡਾਰ ਹੈ ਉਸ ਨੂੰ ਮਾਤਾ ਦੇ ਸਰੂਪ ਵਿਚ ਚਿਤਵਦੇ ਹਨ ਤਾਂ ਉਸ ਸਮੇਂ ਸਮੁੱਚਾ ਸੰਕੇਤਕ ਪ੍ਰਬੰਧ ਮਨੁੱਖ ਨੂੰ ਇਕ ਸਰਬਸਾਂਝੀਵਾਲਤਾ ਦੇ ਧਰਾਤਲ ਤੇ ਵਿਚਰਦਾ ਵਿਖਾਈ ਦਿੰਦਾ ਹੈ। ਇਹ ਸਰਬਵਿਆਪਕ ਵਰਤਾਰਾ ਵਿਸ਼ਵ-ਦ੍ਰਿਸ਼ਟੀਕੋਣ ਅਪਣਾਉਂਦਾ ਜਾਪਦਾ ਹੈ। ਇਸ ਵਿਚਾਰਧਾਰਾ ਦੇ ਅਨੁਕੂਲ ਕਰਮ ਕਰਦਾ ਮਨੁੱਖ ਆਪਣੇ ਜੀਵਨ ਲਕਸ਼ ਨੂੰ ਪ੍ਰਾਪਤ ਕਰ ਲੈਂਦਾ ਹੈ। ਇਸ ਵਿਚਾਰਧਧਾਰਾ ਦੇ ਵਿਪਰੀਤ ਜਦੋਂ ਕੋਈ ਮਨੁੱਖ ਆਪਣੇ ਸੀਮਤ ਸੋਮਿਆਂ ਤੋਂ ਬਾਹਰ ਜਾਵੇਗਾ ਤਾਂ ਉਸ ਨੂੰ ਅਨੇਕਾਂ ਸੰਕਟਾਂ ਦਾ ਸਾਹਮਣਾ ਕਰਨਾ ਪਵੇਗਾ।

ਉਪਰੋਕਤ ਸਮੁੱਚੇ ਵਿਸ਼ਲੇਸ਼ਣ ਦੇ ਅਧਾਰ ਤੇ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਨਾਨਕ ਨੇ 'ਜਪੁਜੀ' ਵਿਚ ਕੂੜਿਆਰ ਤੋਂ ਮਨੁੱਖ ਨੂੰ ਨਿਖੇੜ ਕੇ ਸਚਿਆਰ ਦੀ ਪਦਵੀ ਵਾਲੇ ਮਨੁੱਖ ਤੇ ਬਲ ਦਿੱਤਾ ਹੈ। ਜੀਵਨ ਦੇ ਦੁੱਖ ਅਤੇ ਸੰਤਾਪ ਕੂੜ ਦੀ ਨੇੜਤਾ ਕਾਰਣ ਹੁੰਦੇ ਹਨ ਅਤੇ ਇਨ੍ਹਾਂ ਤੋਂ ਛੁਟਕਾਰਾ ਸੱਚ ਗ੍ਰਹਿਣ ਕਰਨ ਨਾਲ ਹੁੰਦਾ ਹੈ। ਗੁਰੂ ਨਾਨਕ ਨੇ ਇਸ ਮੁੱਦੇ ਨੂੰ ਵਿਸ਼ਵ ਸਮਾਜ ਦੇ ਮੁੱਦੇ ਦੇ ਰੂਪ ਵਿਚ ਪੇਸ਼ ਕੀਤਾ ਹੈ ਕਿ ਜੇਕਰ ਮਾਨਵਤਾ ਵਿਚ ਕਾਨੂੰਨ ਅਤੇ ਨੈਤਿਕਤਾ ਦੇ ਅਧਾਰ ਤੇ ਬਰਾਬਰੀ ਨੂੰ ਬਰਕਰਾਰ ਰੱਖਣਾ ਹੈ ਤਾਂ ਅਜਿਹਾ ਹੋਣਾ ਅਧਿਆਤਮਕ ਸਦਾਚਾਰਕਤਾ ਤੋਂ ਬਿਨਾਂ ਸੰਭਵ ਨਹੀਂ ਜਾਪਦਾ। ਉਹਨਾਂ ਨੇ ਜ਼ਾਤ-ਪਾਤ, ਊਚ-ਨੀਚ, ਨਸਲ, ਇਲਾਕੇ ਅਤੇ ਲਿੰਗ ਆਦਿ ਦੇ ਹਰ ਤਰ੍ਹਾਂ ਦੇ ਵਖਰੇਂਵਿਆ ਨੂੰ ਅਸਵੀਕਾਰ ਕੀਤਾ ਹੈ। ਜਪੁਜੀ ਵਿਚ ਮਾਨਵਵਾਦੀ ਅਤੇ ਪਿਆਰ ਵਾਲਾ ਰਵੱਈਆ ਬੜਾ ਸਪੱਸ਼ਟ ਹੈ। ਉਹਨਾਂ ਦੁਆਰਾ ਵਰਤੇ ਚਿਹਨਾਂ ਦੇ ਪ੍ਰੋਖ ਵਿਚ ਜ਼ੁਲਮ ਅਤੇ ਅਨਿਆਂ ਦਾ ਵਿਰੋਧ ਸਪੱਸ਼ਟ ਨਜ਼ਰ ਆਉਂਦਾ ਹੈ ਅਤੇ ਸਮੁੱਚੀ ਮਾਨਵਤਾ ਦੇ ਹਾਂ-ਪੱਖੀ ਅਧਿਕਾਰਾਂ ਦੀ ਸੁਰੱਖਿਆ ਦੀ ਭਾਵਨਾ ਦ੍ਰਿਸ਼ਟੀਗੋਚਰ ਹੁੰਦੀ ਹੈ। ਉਹਨਾਂ ਦੁਆਰਾ ਦਰਸਾਈ ਧਾਰਮਿਕ ਬਿਰਤੀ ਵਿਚ ਨਿੱਜ ਮੁਕਤੀ ਦੀ ਥਾਂ ਸਮੂਹਿਕ ਮੁਕਤੀ ਦੀ ਕਾਮਨਾ ਹੈ।

'ਜਪੁਜੀ' ਵਿਚਲੀ ਵਿਚਾਰਧਾਰਾ ਵਿਸ਼ਵ ਪੱਧਰ ਤੇ ਸਮਾਜ ਅਤੇ ਵਿਅਕਤੀ ਦੀਆਂ ਅਨੈਤਿਕ ਕਦਰਾਂ-ਕੀਮਤਾਂ ਨੂੰ ਬਦਲਣ ਉੱਤੇ ਜ਼ੋਰ ਦਿੰਦੀ ਹੈ। ਇਸ ਦ੍ਰਿਸ਼ਟੀਕੋਣ ਨੂੰ ਉਹਨਾਂ ਦੁਆਰਾ ਸਭਿਆਚਾਰਕ ਇਨਕਲਾਬ ਲਿਆਉਣ ਦੇ ਵਰਤਾਰੇ ਵਜੋਂ ਵੇਖ ਸਕਦੇ ਹਾਂ। ਗੁਰੂ ਨਾਨਕ ਨੇ ਧਰਮ ਦਾ ਵਿਸ਼ਵ ਪੱਧਰ ਤੇ ਸਮਾਜਿਕ ਮਹੱਤਵ ਦਰਸਾ ਕੇ ਇਕ ਨਵਾਂ ਮੀਲ ਪੱਥਰ ਸਥਾਪਿਤ ਕੀਤਾ ਹੈ।

# ਹਵਾਲੇ ਅਤੇ ਟਿੱਪਣੀਆਂ

1. ਉਧ੍ਰਿਤ, ਡਾ. ਸੁਖਦੇਵ ਸਿੰਘ, ***ਕਾਵਿ ਸਰੋਕਾਰ***, ਪੰਨਾ 93
2. ***ਗੁਰੂ ਗ੍ਰੰਥ ਸਾਹਿਬ***, ਪੰਨਾ 722
3. "At the time of Guru Nanak's advent, both the prevailing religions- Hindusim and Islam - had become corrupt and degraded. They had lost their pristine purity and glory. The Vedas were unintelligible to the people and had been replaced by Tantric literature. Castes had grown rigid and had spilt into numerous sub-castes ... similar was the state of affairs in Islam...."

   Dr. H.R. Gupta, ***A Life - Sketch of Guru Nanak***, p. 8-9
4. "Religion .. has a universalist facel Religions like Islam, Buddhism and Christianity have always stressed that they are open to all people: individuals can convert to all these religions, not just be born into them. In the context of globalization, all religions are increasingly under pressure to see themselves as universal in principle, whether historically they have or not. They thus become ways of seeing humanity as a single community, a whole that should ultimately be harmonious and not divided in conflict. This ecumenical face of religions makes them resources for criticizing state, economy, and culture for failing to live up to global ideas."

   Peter Beyer, ***Globalization***, p. 306-307
5. ***ਗੁਰੂ ਗ੍ਰੰਥ ਸੰਕੇਤ ਕੋਸ਼***, ਪੰਨਾ 208-209
6. ***ਗੁਰੂ ਗ੍ਰੰਥ ਸਾਹਿਬ***, ਪੰਨਾ 1188

7. ਸਭ ਮਹਿ ਜੋਤਿ ਜੋਤਿ ਹੈ ਸੋਇ॥

ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥

ਗੁਰ ਸਾਖੀ ਜੋਤਿ ਪਰਗਟੁ ਹੋਇ॥

*ਗੁਰੂ ਗ੍ਰੰਥ ਸਾਹਿਬ*, ਪੰਨਾ 663

8. *ਗੁਰੂ ਗ੍ਰੰਥ ਸਾਹਿਬ*, ਪੰਨਾ 8

9. "Here it was that the gentle Nanak preached his marvellous love for the world. Here it was that his broad heart was opened and his arms out-stretched to embrace the whole world, not only of Hindus, but of Muhamadans too."

ਉਧ੍ਰਿਤ, ਡਾ. ਹਰਨਾਮ ਸਿੰਘ ਸ਼ਾਨ, *ਗੁਰੂ ਨਾਨਕ ਦਾ ਸ਼ਾਹਕਾਰ ਜਪੁਜੀ*, ਪੰਨਾ 35

10. *ਗੁਰੂ ਗ੍ਰੰਥ ਸਾਹਿਬ*, ਪੰਨਾ 4

11. ਉਹੀ, ਪੰਨਾ 1245

12. ਉਹੀ, ਪੰਨਾ 466

13. ਉਹੀ, ਪੰਨਾ 1

14. ਉਹੀ, ਪੰਨਾ 4

15. ਉਹੀ, ਪੰਨਾ 3-4

16. ਉਹੀ, ਪੰਨਾ 5

17. ਉਹੀ, ਪੰਨਾ 293

18. ਉਹੀ, ਪੰਨਾ 266

19. ਉਹੀ, ਪੰਨਾ 468

20. ਉਹੀ, ਪੰਨਾ 1

21. ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ।।

***ਗੁਰੂ ਗ੍ਰੰਥ ਸਾਹਿਬ***, ਪੰਨਾ 417

22. ਉਹੀ, ਪੰਨਾ 4

23. ਉਹੀ, ਪੰਨਾ 1

24. ਸਮਸ਼ੇਰ ਸਿੰਘ, ***ਸਿੱਖ ਧਰਮ ਵਿਚ ਆਦਰਸ਼ ਮਨੁੱਖ ਦਾ ਸੰਕਲਪ***, ਪੰਨਾ 44

25. ਭਾਈ ਕਾਨ੍ਹ ਸਿੰਘ ਨਾਭਾ, ***ਮਹਾਨ ਕੋਸ਼***, ਪੰਨਾ 56

26. ***ਗੁਰੂ ਗ੍ਰੰਥ ਸਾਹਿਬ***, ਪੰਨਾ 1349

27. ਉਹੀ, ਪੰਨਾ 97

28. ਉਹੀ, ਪੰਨਾ 62

29. ਉਹੀ, ਪੰਨਾ 1273

30. ਉਹੀ, ਪੰਨਾ 7

31. ਉਹੀ, ਪੰਨਾ 8

32. ਉਹੀ, ਪੰਨਾ 8

33. ਉਹੀ, ਪੰਨਾ 136

34. ਉਹੀ, ਪੰਨਾ 2

35. ਉਹੀ, ਪੰਨਾ 3

36. ਉਹੀ, ਪੰਨਾ 3

37. ਉਹੀ, ਪੰਨਾ 4

38. ਉਹੀ, ਪੰਨਾ 5

39. ਉਹੀ, ਪੰਨਾ 8

40. ਉਹੀ, ਪੰਨਾ 8

## ਅਧਿਆਇ ਪੰਜਵਾਂ

# ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਵਿਚ ਸਿਧ ਗੋਸਟਿ ਵਿਚਲੇ ਮੂਲ ਸਰੋਕਾਰਾਂ ਦੀ ਸਾਰਥਿਕਤਾ

ਅਧਿਆਇ ਪੰਜਵਾਂ

# ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਵਿਚ ਸਿਧ ਗੋਸਟਿ ਵਿਚਲੇ ਮੂਲ ਸਰੋਕਾਰਾਂ ਦੀ ਸਾਰਥਿਕਤਾ

ਗੁਰੂ ਨਾਨਕ ਦੇਵ ਜੀ ਦੇ ਤੱਤਕਾਲੀਨ ਪੰਜਾਬੀ ਸਮਾਜ ਵਿਚ ਸਿਧਾਂ ਤੇ ਨਾਥ ਜੋਗੀਆਂ ਦਾ ਬਹੁਤ ਬੋਲ-ਬਾਲਾ ਸੀ। ਉਹਨਾਂ ਦੇ ਸਮੇਂ ਪੰਜਾਬ ਦੀ ਸਮਾਜਿਕ ਤੇ ਧਾਰਮਿਕ ਪਰੰਪਰਾ ਅਤੇ ਲੋਕ ਜਨ-ਜੀਵਨ ਵਿਚ ਸਿਧਾਂ, ਨਾਥਾਂ, ਜੋਗੀਆਂ ਦੀ ਮਾਨਤਾ ਨੂੰ ਵਿਸ਼ੇਸ਼ ਅਹਿਮੀਅਤ ਦਿੱਤੀ ਜਾਂਦੀ ਸੀ। ਇਹ ਨਾਥ-ਜੋਗੀ ਸਮਾਜ ਦੀ ਅਗਵਾਈ ਕਰਨ ਦੀ ਥਾਂ ਸਮਾਜ ਤੋਂ ਬਿਲਕੁਲ ਟੁੱਟ ਕੇ ਬੈਠ ਗਏ ਸਨ ਪਰੰਤੂ ਗੁਰੂ ਸਾਹਿਬ ਦਾ ਫਲਸਫ਼ਾ ਅਜਿਹਾ ਫਲਸਫ਼ਾ ਹੈ ਜਿਹੜਾ ਗ੍ਰਹਿਸਥੀ ਜੀਵਨ ਨੂੰ ਸਰਬ-ਸਰੇਸ਼ਟ ਧਰਮ ਮੰਨਦਾ ਹੈ[1] ਅਤੇ ਸਮਾਜੀ ਭਾਂਜਵਾਦ ਤੋਂ ਬਿਲਕੁਲ ਉਲਟ ਹੈ। ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦੀ ਪ੍ਰੋੜ੍ਹਤਾ ਕਰਦਿਆਂ ਹੋਇਆਂ ਭਾਈ ਗੁਰਦਾਸ ਜੀ ਨੇ ਵੀ ਉਸ ਵੇਲੇ ਦੀ ਅਵਸਥਾ ਨੂੰ ਇਉਂ ਦਰਸਾਇਆ ਹੈ:

ਸਿਧ ਛਪਿ ਬੈਠੇ ਪਰਬਤੀ ਕਉਣ ਜਗਤਿ ਕਉ ਪਾਰਿ ਉਤਾਰਾ।[2]

ਸਿਧ ਗੋਸਟਿ ਗੁਰੂ ਨਾਨਕ ਦੇਵ ਜੀ ਦੀ ਅਤਿ ਮਹੱਤਵਪੂਰਣ ਬਾਣੀ-ਰਚਨਾ ਹੈ। ਇਸ ਬਾਣੀ-ਰਚਨਾ ਵਿਚ ਗੁਰੂ ਜੀ ਨੇ ਆਪਣੇ ਤੱਤਕਾਲੀ ਨਾਥ-ਜੋਗੀਆਂ ਨਾਲ ਸਮੇਂ-ਸਮੇਂ ਹੋਏ ਵਿਚਾਰ ਵਟਾਂਦਰਿਆਂ ਜਾਂ ਵਿਵਾਦ-ਸੰਵਾਦ ਨੂੰ ਅੰਕਿਤ ਕੀਤਾ ਹੈ। ਨਾਥ-ਜੋਗੀਆਂ ਤੋਂ ਇਲਾਵਾ ਦੋ ਹੋਰ ਧਿਰਾਂ ਬ੍ਰਾਹਮਣਾਂ ਤੇ ਕਾਜ਼ੀਆਂ ਦੀਆਂ ਸਨ ਜਿਹੜੀਆਂ ਸਮਾਜ ਵਿਰੋਧੀ ਗਤੀ-ਵਿਧੀਆਂ ਵਿਚ ਪੂਰੀ ਤਰ੍ਹਾਂ ਗਲਤਾਨ ਹੋ ਚੁੱਕੀਆਂ ਸਨ। ਗੁਰੂ ਸਾਹਿਬ ਨੇ ਵੇਖਿਆ ਕਿ ਇਹ ਸਾਰੀਆਂ ਧਿਰਾਂ ਤੱਤਕਾਲੀ ਸਮਾਜ ਦੀਆਂ ਲੋੜਾਂ, ਸਮਾਜਿਕ ਯੋਗ ਅਗਵਾਈ ਅਤੇ ਹੋਰ ਸਮਾਜਿਕ ਤਕਾਜ਼ਿਆਂ

ਦੀ ਕਸਵੱਟੀ ਉਪਰ ਪੂਰੀਆਂ ਨਹੀਂ ਸਨ ਉਤਰ ਰਹੀਆਂ ਜਿਨ੍ਹਾਂ ਪ੍ਰਤਿ ਗੁਰੂ ਨਾਨਕ ਦੇਵ ਜੀ ਨੇ ਇਉਂ ਉਲੇਖ ਕੀਤਾ ਹੈ:

ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਹਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥
ਤੀਨੇ ਓਜਾੜੇ ਕਾ ਬੰਧੁ॥[3]

ਗੁਰੂ ਨਾਨਕ ਦੇਵ ਜੀ ਦਾ ਉਦੇਸ਼ ਕੇਵਲ ਤੱਤਕਾਲੀਨ, ਸਮਾਜਿਕ, ਧਾਰਮਿਕ ਤੇ ਰਾਜਨੀਤਿਕ ਦਸ਼ਾ ਦੀ ਅਧੋਗਤੀ ਦਾ ਚਿਤਰਣ ਪੇਸ਼ ਕਰਨਾ ਹੀ ਨਹੀਂ ਸੀ ਸਗੋਂ ਉਹ ਸਮਾਜ ਦੇ ਘਿਨਾਉਣੇ ਪੱਖ ਨੂੰ ਬਦਲਣਾ ਚਾਹੁੰਦੇ ਸਨ। ਉਹ ਆਪਣੀ ਬਾਣੀ-ਰਚਨਾ ਰਾਹੀਂ ਸਮਾਜ ਸਾਹਮਣੇ ਆਦਰਸ਼ਕ ਕਦਰਾਂ-ਕੀਮਤਾਂ ਦਾ ਸਿਧਾਂਤ ਪੇਸ਼ ਕਰਕੇ ਮਨੁੱਖ ਨੂੰ ਉੱਤਮ ਪੁਰਖ (ਗੁਰਮੁਖ ਜਾਂ ਆਦਰਸ਼ਕ ਮਨੁੱਖ) ਬਣਾਉਣ ਲਈ ਕਾਰਜਸ਼ੀਲ ਦ੍ਰਿਸ਼ਟੀਕੋਣ ਪੇਸ਼ ਕਰਦੇ ਹਨ। ਅਜਿਹੀ ਵਿਚਾਰਧਾਰਾ ਉਹਨਾਂ ਨੂੰ ਵਿਸ਼ਵ-ਦ੍ਰਿਸ਼ਟੀ ਦੇ ਪੈਗੰਬਰ ਸਿੱਧ ਕਰਦੀ ਹੈ। ਗੁਰੂ ਸਾਹਿਬ ਦੀ ਸਮੁੱਚੀ ਬਾਣੀ-ਰਚਨਾ ਵਿਚ ਵਿਸ਼ਵ-ਦ੍ਰਿਸ਼ਟੀ ਦੀ ਇਸ ਧਾਰਨਾ ਦਾ ਸਾਰਥਿਕ ਵੇਗ-ਪ੍ਰਵਾਹ ਮਹਿਸੂਸ ਕੀਤਾ ਜਾ ਸਕਦਾ ਹੈ। ਸਿਧ ਗੋਸਟਿ ਬਾਣੀ-ਰਚਨਾ ਵਿਚ ਵੀ ਉਹਨਾਂ ਨੇ ਉਸ ਸਮੇਂ ਦੇ ਸਿਧਾਂ/ਨਾਥਾਂ/ਜੋਗੀਆਂ ਦੁਆਰਾ ਪ੍ਰਚੱਲਿਤ ਜੋਗ-ਮਤ ਦੇ ਸੰਕਲਪਾਂ ਬਾਰੇ ਨਿਆਂ-ਭਰਪੂਰ ਪ੍ਰਵਚਨ ਸਿਰਜਿਆ ਹੈ। ਇਸ ਪ੍ਰਵਚਨ ਦੀ ਸਾਰਥਿਕਤਾ ਨੂੰ ਅਸੀਂ ਹਥਲੇ ਅਧਿਆਇ ਵਿਚ ਅਜੋਕੀਆਂ ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਦੇ ਸੰਦਰਭ ਵਿਚ ਨਿਮਨ-ਲਿਖਤ ਸਰੋਕਾਰਾਂ ਦੇ ਅਧਾਰ ਤੇ ਵਿਚਾਰਨ ਦੀ ਕੋਸ਼ਿਸ਼ ਕਰਾਂਗੇ:

(ੳ) ਤੱਤਕਾਲੀਨ ਨਾਥ ਜੋਗੀ, ਜੋਗ-ਮਤ ਅਤੇ ਗੁਰੂ ਨਾਨਕ ਚਿੰਤਨ।

(ਅ) ਵਿਸ਼ਵੀ ਪ੍ਰਸਥਿਤੀਆਂ ਵਿਚ ਗੁਰੂ ਨਾਨਕ ਵਿਚਾਰਧਾਰਾ ਦੀ ਸਾਰਥਿਕਤਾ।

(ੳ) **ਤੱਤਕਾਲੀਨ ਨਾਥ ਜੋਗੀ, ਜੋਗ-ਮਤ ਅਤੇ ਗੁਰੂ ਨਾਨਕ ਚਿੰਤਨ**

ਸਿਧ/ਨਾਥ/ਜੋਗੀ ਸਮਾਜ ਨੂੰ ਤਿਆਗ ਕੇ ਸੰਤ-ਭਾਵੀ ਜੀਵਨ ਜਿਊਣ ਦੀ ਥਾਂ ਨਿੱਜਵਾਦੀ ਅਸਮਾਜਿਕ ਜੀਵਨ ਬਤੀਤ ਕਰਦੇ ਹੋਏ ਕੇਵਲ ਸਵੈ-ਮੁਕਤੀ ਦੀ ਗੱਲ ਕਰਦੇ ਸਨ ਅਤੇ ਸਮਾਜਿਕ ਜਾਂ ਸਮੂਹਿਕ ਹਿੱਤਾਂ ਲਈ ਕੋਈ ਵੀ ਕਾਰਜਸ਼ੀਲ ਭੂਮਿਕਾ ਨਹੀਂ ਨਿਭਾਉਂਦੇ ਸਨ। ਗੁਰੂ ਨਾਨਕ ਦੇਵ ਜੀ ਦੇ ਸਮੇਂ ਇਹਨਾਂ ਸਿਧਾਂ/ਨਾਥਾਂ/ਜੋਗੀਆਂ ਦੀਆਂ ਕਈ ਸੰਪ੍ਰਦਾਵਾਂ ਜਾਂ ਪੰਥ ਸਨ ਜਿਨ੍ਹਾਂ ਵਿਚੋਂ ਆਈ-ਪੰਥ ਤੇ ਗੋਰਖ-ਪੰਥੀਆਂ ਦੀ ਵਿਚਾਰਧਾਰਾ ਤੋਂ ਪੰਜਾਬ ਦੇ ਲੋਕ ਬਹੁਤ ਪ੍ਰਭਾਵਿਤ ਸਨ। ਪੰਜਾਬ ਵਿਚ ਇਹਨਾਂ ਦੇ ਬਹੁਤ ਸਾਰੀਆਂ ਥਾਵਾਂ ਤੇ ਡੇਰੇ ਜਾਂ ਟਿੱਲੇ ਸਨ ਜਿਵੇਂ:

> ਜਿਲ੍ਹਾ ਜਿਹਲਮ ਵਿਚ ਗੋਰਖ ਹਟੜੀ,; ਮਖਦ, ਕਟਾਸ, ਜਖਬੜ, ਕਿੜਾਣਾ, ਕੋਹਾਟ, ਬਾਵਾਨਾ, ਬੋਹਰ, ਅਚਲ (ਬਟਾਲਾ), ਕਾਹਨੂੰਵਾਨ, ਭੇਰਾ ਆਦਿ ਥਾਵਾਂ ਤੇ ਡੇਰੇ ਸਥਾਪਿਤ ਹੋ ਚੁੱਕੇ ਸਨ।[4]

ਸਿਧ ਗੋਸਟਿ ਬਾਣੀ-ਰਚਨਾ ਦੀ ਅਜੋਕੀਆਂ ਵਿਸ਼ਵੀ-ਪ੍ਰਸਥਿਤੀਆਂ ਵਿਚ ਸਾਰਥਿਕਤਾ ਦੀ ਗੱਲ ਵਿਚਾਰਨ ਤੋਂ ਪਹਿਲਾਂ ਜੋਗ-ਮਤ ਬਾਰੇ ਸੰਖੇਪ ਜਾਣਕਾਰੀ ਹਾਸਲ ਕਰ ਲੈਣੀ ਮੁਨਾਸਿਬ ਹੋਵੇਗੀ। 'ਯੋਗ' ਸ਼ਬਦ ਦੇ ਅਨੇਕਾਂ ਹੀ ਅਰਥ ਹਨ ਪਰੰਤੂ ਭਾਰਤੀ ਦਰਸ਼ਨ ਸ਼ਾਸਤਰ ਵਿਚ ਯੋਗ ਦਾ ਅਰਥ ਉਹ ਵਿਸ਼ੇਸ਼ ਪ੍ਰਣਾਲੀ ਹੈ ਜਿਸ ਨਾਲ ਆਤਮਾ ਤੇ ਪਰਮਾਤਮਾ ਦਾ ਪਰਸਪਰ ਸੰਬੰਧ ਜੁੜਦਾ ਹੈ ਪਰੰਤੂ ਦਰਸ਼ਨ ਦੇ ਖੇਤਰ ਵਿਚ ਆ ਕੇ ਇਸਦੇ 'ਜੁੜਨ' ਦਾ ਵਿਸ਼ੇਸ਼ੀਕਰਨ ਹੋ ਜਾਂਦਾ ਹੈ। ਬਹੁਤ ਸਾਰੇ ਵਿਦਵਾਨਾਂ ਨੇ 'ਯੋਗ' ਸੰਬੰਧੀ ਅਲੱਗ-ਅਲੱਗ ਪਰਿਭਾਸ਼ਾਵਾਂ ਦਿੱਤੀਆਂ ਹਨ। ਐਨਸਾਈਕਲੋਪੀਡੀਆ ਬ੍ਰੀਟੇਨਿਕਾ ਅਨੁਸਾਰ:

> ਯੋਗ ਗਿਆਨ ਇੰਦਰੀਆਂ ਨੂੰ ਬਾਹਰਲੀ ਦੁਨੀਆਂ ਵੱਲੋਂ ਹਟਾ ਕੇ ਅੰਦਰਲੀ ਦੁਨੀਆਂ ਵੱਲ ਲਗਾਉਣ ਦਾ ਨਾਂ ਹੈ।[5]

ਪੰਡਿਤ ਬਲਦੇਵ ਉਪਾਧਿਆਏ ਯੋਗ ਦੀ ਵਿਸ਼ੇਸ਼ਤਾ ਦੱਸਦੇ ਹੋਏ ਲਿਖਦੇ ਹਨ:

> ਇਹ ਇੱਕ ਐਸੀ ਵਿਦਿਆ ਹੈ, ਜਿਸ ਵਿਚ ਵਾਦ-ਵਿਵਾਦ ਨੂੰ ਕੋਈ ਸਥਾਨ ਪ੍ਰਾਪਤ ਨਹੀਂ। ਇਹ ਸਰਬ-ਸੰਮਤੀ ਨਾਲ ਪ੍ਰਵਾਨਿਤ ਸਿਧਾਂਤ ਹੈ ਕਿ ਯੋਗ ਹੀ ਮੋਕਸ਼ ਪ੍ਰਾਪਤ ਕਰਨ ਦਾ ਸਰਵ-ਉੱਤਮ ਉਪਾਅ ਹੈ। ਪ੍ਰਾਚੀਨ ਰਿਸ਼ੀਆਂ ਦੀ ਗਿਅਨ ਪ੍ਰਤਿਭਾ ਦਾ ਕਾਰਣ ਯੋਗ ਹੀ ਸੀ।[6]

ਆਮ ਤੌਰ ਤੇ ਯੋਗ ਨੂੰ ਦੋ ਮੁੱਖ ਕਿਸਮਾਂ ਵਿਚ ਵੰਡਿਆ ਗਿਆ ਹੈ। ਪਹਿਲਾ ਰਾਜ-ਯੋਗ ਤੇ ਦੂਜਾ ਹੱਠ-ਯੋਗ ਹੈ। ਪਤੰਜਲ ਦਾ ਰਾਜ-ਯੋਗ ਹੈ ਅਤੇ ਗੋਰਖ ਨਾਥ ਦਾ ਯੋਗ ਕਠਿਨ ਤਪੱਸਿਆ ਤੇ ਸਾਧਨਾ ਤੇ ਜ਼ੋਰ ਦੇਣ ਵਾਲਾ ਹੈ। ਇਸ ਲਈ ਇਸ ਨੂੰ ਹੱਠ-ਯੋਗ ਕਹਿੰਦੇ ਹਨ। ਰਾਜ-ਯੋਗ ਦੇ ਮੋਢੀ ਪਤੰਜਲ ਨੇ ਚਿਤ-ਬ੍ਰਿਤੀ ਨੂੰ ਰੋਕਣ ਦਾ ਨਾਮ ਯੋਗ ਆਖਿਆ ਹੈ। ਇਸ ਰਾਜ-ਯੋਗ ਦੇ ਅੱਠ ਅੰਗ ਹਨ:

1. ਯਮ : ਪੰਜ ਗੱਲਾਂ ਨਾ ਕਰਨਾ - ਹਿੰਸਾ, ਝੂਠ, ਚੋਰੀ, ਵਿਭਚਾਰ ਤੇ ਗ੍ਰਹਿਣ ਲਾਲਸਾ।
2. ਨਿਯਮ: ਪੰਜ ਗੱਲਾਂ ਕਰਨੀਆਂ ਹਨ- ਸੱਚ, ਸੰਤੋਖ, ਤਪ ਅਧਿਐਨ ਤੇ ਈਸ਼ਵਰ ਸਮਰਪਣ।
3. ਆਸਣ : ਸਵਾਸ ਸਾਧਣ ਦਾ ਅਭਿਆਸ (ਇਹ ਆਸਣ 84 ਕਿਸਮਾਂ ਦੇ ਹਨ)
4. ਪ੍ਰਾਣਾਯਾਮ : ਸਵਾਸ ਸਾਧਣ ਦਾ ਅਭਿਆਸ, ਵਿਧੀ ਨਾਲ ਸਵਾਸ ਚੜ੍ਹਾਉਣਾ, ਠਹਿਰਾਉਣਾ ਤੇ ਲਾਹੁਣਾ ਇਸ ਨੂੰ ਪੂਰਕ, ਕੁੰਭਕ ਅਤੇ ਰੇਚਕ ਆਖਿਆ ਜਾਂਦਾ ਹੈ।
5. ਪ੍ਰਭਯਾਹਾਰ :ਇੰਦਰੀਆਂ ਨੂੰ ਵਿਕਾਰਾਂ ਤੋਂ ਰੋਕ ਕੇ ਅੰਤਰਮੁਖੀ ਕਰਨਾ ਹੈ।
6. ਧਾਰਣਾ : ਕਿਸੇ ਥਾਂ ਚਿਤ ਨੂੰ ਇਕਾਗਰ ਕਰਕੇ ਟਿਕਾਉਣਾ ਹੈ।
7. ਧਿਆਨ: ਇਕਾਗਰਤਾ ਪੱਕ ਜਾਣ ਨੂੰ ਧਿਆਨ ਕਹਿੰਦੇ ਹਨ।
8. ਸਮਾਧੀ : ਧਿਆਤਾ, ਧਿਆਨ, ਧਯੇਯ ਦਾ ਇੱਕ ਮਿੱਕ ਹੋ ਜਾਣਾ।[7]

ਉਪਰੋਕਤ ਵਿਚਾਰ ਦੇ ਸੰਦਰਭ ਵਿਚ ਇਹ ਸਪੱਸ਼ਟ ਕਰਨਾ ਲਾਜ਼ਮੀ ਬਣਦਾ ਹੈ ਕਿ ਸਨਾਤਨੀ ਭਾਰਤੀ ਧਾਰਮਿਕ ਅਤੇ ਦਾਰਸ਼ਨਿਕ ਪਰੰਪਰਾ ਵਿਚ ਮੁਕਤੀ ਪ੍ਰਾਪਤ ਕਰਨ ਲਈ

ਤਪੱਸਿਆ, ਸੰਨਿਆਸ, ਮੱਠਵਾਦ ਅਤੇ ਭਿਕਸ਼ੂਪੁਣਾ ਆਦਿ ਸਾਧਨਾਂ ਉੱਤੇ ਵਿਸ਼ੇਸ਼ ਬਲ ਦਿੱਤਾ ਜਾਂਦਾ ਸੀ ਪਰੰਤੂ ਗੁਰਮਤਿ ਪਰੰਪਰਾ ਵਿਚ ਉਹਨਾਂ ਦੇ ਇਸ ਵਿਵਹਾਰ ਨੂੰ ਜਿਹੜੇ ਜੀਵਨ ਤੋਂ ਬੇਮੁੱਖ ਹੁੰਦੇ ਸਨ, ਨੂੰ ਪੂਰੀ ਤਰ੍ਹਾਂ ਅਸਵੀਕਾਰ ਕੀਤਾ ਗਿਆ ਹੈ:

ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ॥
ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥[8]

ਸਿਧ ਗੋਸਟਿ ਬਾਣੀ ਤੋਂ ਭਾਵ ਸਿੱਧਾਂ ਨਾਲ ਹੋਈ ਗੋਸਟਿ ਤੋਂ ਹੈ। ਗੋਸਟਿ ਲਿਖਣ ਦੀ ਪਰੰਪਰਾ ਬਹੁਤ ਪੁਰਾਤਨ ਹੈ। ਵਧੇਰੇ ਕਰਕੇ ਗੋਸਟਾਂ ਨੂੰ ਸੰਵਾਦ ਰੂਪ ਵਿਚ ਪ੍ਰਸ਼ਨੋਤਰੀ ਸ਼ੈਲੀ ਰਾਹੀਂ ਪ੍ਰਸਤੁਤ ਕੀਤਾ ਜਾਂਦਾ ਸੀ। ਗੋਸਟਾਂ ਵਿਚ ਲਿਖੇ ਪ੍ਰਸ਼ਨ ਅਤੇ ਉਹਨਾਂ ਦੇ ਸੁਝਾਏ ਉੱਤਰ ਆਮ ਲੋਕਾਂ ਨੂੰ ਸੌਖੇ ਸਮਝ ਆ ਜਾਂਦੇ ਸਨ ਅਤੇ ਸੰਵਾਦਕ ਸ਼ੈਲੀ ਵਿਚ ਹੋਣ ਕਰਕੇ ਯਾਦ ਵੀ ਛੇਤੀ ਹੋ ਜਾਂਦੇ ਸਨ। ਸਿਧ ਗੋਸਟਿ ਬਾਣੀ-ਰਚਨਾ ਸਿੱਧਾਂ/ਨਾਥਾਂ/ਜੋਗੀਆਂ ਅਤੇ ਗੁਰੂ ਨਾਨਕ ਦੇਵ ਜੀ ਵਿਚਕਾਰ ਹੋਈ ਵਿਚਾਰ-ਚਰਚਾ ਤੇ ਅਧਾਰਿਤ ਹੈ। ਇਸ ਰਚਨਾ ਦੇ ਕੁੱਲ 73 ਛੰਦ ਹਨ। ਇਹ ਬਾਣੀ ਗੁਰੂ ਸਾਹਿਬ ਨੇ ਆਪਣੇ ਜੀਵਨ ਦੇ ਅੰਤਲੇ ਸਾਲਾਂ ਵਿਚ ਰਚੀ ਹੋਈ ਜਾਪਦੀ ਹੈ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਇਸ ਬਾਣੀ ਨੂੰ ਕਿਸੇ ਵਿਸ਼ੇਸ਼ ਗੋਸਟਿ ਨਾਲ ਨਹੀਂ ਜੋੜਿਆ ਜਾ ਸਕਦਾ। ਸਗੋਂ ਇਸ ਬਾਣੀ-ਰਚਨਾ ਵਿਚ ਗੁਰੂ ਨਾਨਕ ਦੇਵ ਜੀ ਨੇ ਸਿਧਾਂ/ਨਾਥਾਂ/ਜੋਗੀਆਂ ਨਾਲ ਸਮੇਂ-ਸਮੇਂ ਤੇ ਹੋਈ ਬਹਿਸ ਅਤੇ ਵਿਚਾਰ-ਵਟਾਂਦਰਿਆਂ ਨੂੰ ਕਲਮਬੱਧ ਕੀਤਾ ਹੈ। ਗੁਰੂ ਸਾਹਿਬ ਨੇ ਇਸ ਬਾਣੀ ਵਿਚ ਕਰਮ-ਕਾਂਡਾਂ ਦੇ ਅਰਥ-ਸੰਕੇਤਾਂ ਨੂੰ ਧਾਰਨ ਕਰਨ ਵਾਲਿਆਂ ਦੇ ਅਮਲੀ ਜੀਵਨ ਵਿਚਲੇ ਅੰਤਰ ਦੀ ਨਿਖੇਧੀ ਕੀਤੀ ਹੈ।

ਸਿਧ ਗੋਸਟਿ ਬਾਣੀ-ਰਚਨਾ ਵਿਚ ਗੁਰੂ ਨਾਨਕ ਦੇਵ ਜੀ ਜੋਗ-ਮਤ ਦੀ ਕਠਿਨ ਸਾਧਨਾ ਦਾ ਖੰਡਨ ਕਰਦੇ ਹੋਏ, ਸਹਿਜ ਵਿਚ ਰਹਿ ਕੇ, ਰੱਬੀ ਨਾਮ ਨੂੰ ਗ੍ਰਹਿਣ ਕਰਕੇ, ਆਤਮਿਕ ਮੰਡਲਾਂ ਦੀਆਂ ਬੁਲੰਦੀਆਂ ਨੂੰ ਛੂਹਣ ਦਾ ਉਪਦੇਸ਼ ਦਿੰਦੇ ਹਨ। ਗੁਰੂ ਨਾਨਕ ਫਲਸਫ਼ਾ ਜੰਗਲਾਂ ਵਿਚ

ਫਿਰਨ ਤੇ ਤੀਰਥ ਇਸ਼ਨਾਨ ਕਰਨ ਤੋਂ ਇਨਕਾਰੀ ਹੋ ਕੇ ਦੁਨਿਆਵੀ ਮੋਹ ਤੋਂ ਸੁਚੇਤ ਰਹਿੰਦਾ ਹੈ। ਪਰਾਏ ਘਰ ਵਿਚ ਮਨ ਨੂੰ ਡੋਲਨ ਨਹੀਂ ਦਿੰਦਾ ਅਤੇ ਦੁਨਿਆਵੀ ਧੰਦਿਆਂ ਵਿਚ ਅਡੋਲ ਰਹਿ ਕੇ ਰੱਬੀ ਨਾਮ ਦਾ ਸਾਧਕ ਬਣਦਾ ਹੈ। ਸੋ ਇਸ ਤਰ੍ਹਾਂ ਗੁਰੂ ਨਾਨਕ ਵਿਚਾਰਧਾਰਾ ਅਤੇ ਜੋਗ-ਮੱਤ ਵਿਚ ਬੁਨਿਆਦੀ ਅੰਤਰ ਇਹ ਹੈ ਕਿ ਜੋਗ-ਮੱਤ, ਸਰੀਰਕ ਇੰਦਰੀਆਂ ਦਾ ਦਮਨ ਕਰਕੇ ਮਾਨਸਿਕ ਸ਼ਕਤੀ ਨੂੰ ਇਕਾਗਰ ਕਰਨ ਦਾ ਮਾਰਗ ਹੈ। ਇਸ ਤੋਂ ਵਿਪਰੀਤ ਗੁਰਮਤਿ ਫਿਲਾਸਫ਼ੀ ਮਨੁੱਖੀ ਹਿਰਦੇ ਵਿਚੋਂ ਵਿਕਾਰਾਂ ਦਾ ਨਾਸ ਕਰਕੇ ਸੁਰਤਿ ਨੂੰ ਸਰਬ-ਵਿਆਪਕ ਰੱਬੀ-ਹੋਂਦ ਦੇ ਪ੍ਰੇਮ ਵਿਚ ਰੰਗਣ ਦਾ ਸੰਦੇਸ਼ ਦਿੰਦੀ ਹੈ।

ਸਿਧ ਗੋਸਟਿ ਬਾਣੀ ਦਾ ਅਧਿਐਨ ਕਰਨ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਸਿੱਧ/ਨਾਥ/ਜੋਗੀ ਗੁਰੂ ਨਾਨਕ ਦੇਵ ਜੀ ਦੇ ਸਨਮੁੱਖ ਆਪਣੇ ਮੱਤ ਦੀ ਵਡਿਆਈ ਕਰਦੇ ਹੋਏ ਆਪਣੇ ਆਪ ਨੂੰ ਉਤਮ ਪੁਰਖ ਦਰਸਾਉਂਦੇ ਹਨ ਪਰੰਤੂ ਗੁਰੂ ਨਾਨਕ ਸਿਧਾਂ ਦਾ ਵਿਅਕਤੀਗਤ ਪੱਧਰ ਤੇ ਵਿਰੋਧ ਨਾ ਕਰਕੇ ਉਹਨਾਂ ਨੂੰ ਬਹੁਤ ਹੀ ਅਰਥ-ਭਰਪੂਰ ਤੇ ਪਿਆਰ ਭਿੰਨੀ ਸ਼ਬਦਾਵਲੀ ਰਾਹੀਂ ਆਪਣੇ ਮੱਤ ਤੋਂ ਜਾਣੂ ਕਰਵਾਉਂਦੇ ਹਨ। ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਸਿਧ ਉਹਨਾਂ ਅੱਗੇ ਸਿਰ ਝੁਕਾ ਦਿੰਦੇ ਹਨ। ਸਿਧ, ਗੁਰੂ ਨਾਨਕ ਨੂੰ ਸਵਾਲ ਕਰਦੇ ਹਨ- ਤੁਸੀਂ ਕੌਣ ਹੋ? ਤੁਹਾਡਾ ਨਾਮ ਕੀ ਹੈ? ਤੁਹਾਡਾ ਧਾਰਮਿਕ ਮੱਤ ਅਤੇ ਉਸਦਾ ਮਹੱਤਵ ਕੀ ਹੈ? ਕਿੱਥੇ ਰਹਿੰਦੇ ਹੋ ਤੇ ਕਿੱਥੋਂ ਆਏ ਹੋ? ਤੁਹਾਡਾ ਧਾਰਮਿਕ ਮਾਰਗ ਕੀ ਹੈ?

ਕਵਨ ਤੁਮੇ ਕਿਆ ਨਾਉ ਤੁਮਾਰਾ ਕਉਨੁ ਮਾਰਗੁ ਕਉਨੁ ਸੁਆਓ॥
ਸਾਚੁ ਕਹਉ ਅਰਦਾਸਿ ਹਮਾਰੀ ਹਉ ਸੰਤ ਜਨਾ ਬਲਿ ਜਾਓ॥
ਕਹ ਬੈਸਹੁ ਕਹ ਰਹੀਐ ਬਾਲੇ ਕਹ ਆਵਹੁ ਕਹ ਜਾਹੋ॥
ਨਾਨਕੁ ਬੋਲੈ ਸੁਣਿ ਬੈਰਾਗੀ ਕਿਆ ਤੁਮਾਰਾ ਰਾਹੋ॥[੭]

ਜੋਗੀਆਂ ਦੇ ਇਹਨਾਂ ਪ੍ਰਸ਼ਨਾ ਦੀ ਪ੍ਰਤਿਧੁਨੀ ਵਿਚੋਂ ਉਹਨਾਂ ਦੀ ਹਉਮੈ ਦੀ ਪ੍ਰਤੱਖ ਝਲਕ ਪੈਂਦੀ ਹੈ ਪਰੰਤੂ ਗੁਰੂ ਸਾਹਿਬ ਉਹਨਾਂ ਦੇ ਪ੍ਰਸ਼ਨਾਂ ਦਾ ਬਹੁਤ ਹੀ ਠਰੰਮੇ ਅਤੇ ਸਹਿਜਮਈ ਲਹਿਜ਼ੇ ਨਾਲ ਕਾਰਜਸ਼ੀਲ ਸ਼ਬਦਾਵਲੀ ਰਾਹੀਂ ਉੱਤਰ ਦਿੰਦੇ ਹਨ:

ਘਟਿ ਘਟਿ ਬੈਸਿ ਨਿਰੰਤਰਿ ਰਹੀਐ ਚਾਲਹਿ ਸਤਿਗੁਰ ਭਾਏ॥

ਸਹਜੇ ਆਏ ਹੁਕਮਿ ਸਿਧਾਏ ਨਾਨਕ ਸਦਾ ਰਜਾਏ॥[10]

ਗੁਰੂ ਨਾਨਕ ਦੇਵ ਜੀ ਦਾ ਤਰਕ-ਯੁਕਤ ਅਤੇ ਨਿਆਂ-ਸੰਗਤ ਉੱਤਰ ਇਹ ਹੈ ਕਿ ਸੱਚੇ ਗੁਰੂ ਦੇ ਨਾਮ ਵਿਚ ਲੀਨ ਹੋ ਕੇ ਉਸਦੇ ਭਾਣੇ ਵਿਚ ਰਹੀਦਾ ਹੈ। ਇਸ ਪ੍ਰਵਚਨ ਰਾਹੀਂ ਗੁਰੂ ਸਾਹਿਬ ਨੇ ਗੁਰਮਤਿ ਮਾਰਗ ਨੂੰ ਸਿਧਾਂ ਅੱਗੇ ਸਪੱਸ਼ਟ ਕਰਕੇ ਜ਼ਿੰਦਗੀ ਦੇ ਮਿਆਰਾਂ ਨੂੰ ਸਮਝਣ ਤੇ ਸਹਿਜਤਾ ਵਿਚ ਵਿਚਰਨ ਦਾ ਸੰਦੇਸ਼ ਦਿੱਤਾ ਹੈ। ਸਿਧ/ਨਾਥ/ਜੋਗੀ ਮੂਲ ਸਭਿਆਚਾਰ ਜਾਂ ਸਮਾਜ ਨੂੰ ਤਿਆਗ ਕੇ ਜ਼ਿੰਦਗੀ ਦੇ ਭਾਵਪੂਰਤ ਮਾਪਦੰਡਾਂ ਤੋਂ ਲਾਂਭੇ ਜਾ ਕੇ ਭਟਕਣਾ ਦੇ ਰਾਹ ਤੇ ਪੈ ਗਏ ਸਨ। ਗੁਰੂ ਸਾਹਿਬ ਦੇ ਵਿਚਾਰਾਂ ਤੋਂ ਉਹ ਹੋਰ ਵੀ ਪ੍ਰਭਾਵਿਤ ਹੋ ਜਾਂਦੇ ਹਨ ਅਤੇ ਗੰਭੀਰਮਈ ਪ੍ਰਸ਼ਨ ਕਰਦੇ ਹਨ:

ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ॥[11]

ਗੁਰੂ ਨਾਨਕ ਦੇਵ ਜੀ ਪ੍ਰਸ਼ਨ ਵਿਚਲੇ ਸਵੈ-ਵਿਰੋਧੀ ਚਿੰਤਨ ਨੂੰ ਭਾਂਪ ਲੈਂਦੇ ਹਨ ਅਤੇ ਬਹੁਤ ਹੀ ਤਰਕਮਈ ਤੇ ਨਿਮਰ ਭਾਵ ਵਾਲੀ ਸ਼ਬਦਾਵਲੀ ਰਾਹੀਂ ਉੱਤਰ ਦਿੰਦੇ ਹਨ ਕਿ ਹੇ ਮੇਰੇ ਮਿੱਤਰ ਤੂੰ ਤਾਂ ਸਭ ਕੁਝ ਆਪ ਹੀ ਜਾਣਦਾ ਹੈਂ। ਮੈਂ ਤੈਨੂੰ ਕੀ ਉੱਤਰ ਦੇ ਸਕਦਾ ਹਾਂ ਅਤੇ ਇਹ ਕਹਿ ਕੇ ਗੁਰੂ ਸਾਹਿਬ ਪ੍ਰਵਚਨ ਕਰਦੇ ਹਨ:

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥

ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥[12]

ਉਪਰੋਕਤ ਦ੍ਰਿਸ਼ਟਾਂਤ ਦੁਆਰਾ ਗੁਰੂ ਸਾਹਿਬ ਜੋਗੀਆਂ ਨੂੰ ਤਿਆਗ ਦਾ ਮਾਰਗ ਛੱਡ ਕੇ ਕਾਰਜਸ਼ੀਲ ਜੀਵਨ ਜਿਊਣ ਦੀ ਸੇਧ ਪ੍ਰਦਾਨ ਕਰਦੇ ਹਨ ਕਿ ਜਿਸ ਤਰ੍ਹਾਂ ਇਕ ਕੰਵਲ ਫੁੱਲ ਅਤੇ ਮੁਰਗਾਬੀ ਪਾਣੀ ਵਿਚ ਨਿਵਾਸ ਕਰਨ ਦੇ ਬਾਵਜੂਦ ਪਾਣੀ ਤੋਂ ਨਿਰਲੇਪ ਅਤੇ ਅਭਿੱਜ ਰਹਿੰਦੇ ਹਨ ਇਸੇ ਤਰ੍ਹਾਂ ਸਤਿਗੁਰ ਦੇ ਸ਼ਬਦ ਵਿਚ ਸੁਰਤਿ ਨੂੰ ਜੋੜ ਕੇ ਦੁਨਿਆਵੀ ਕਾਰ-ਵਿਹਾਰ ਕਰਦਿਆਂ ਸੰਸਾਰ ਰੂਪੀ ਭਵ-ਸਾਗਰ ਤੋਂ ਪਾਰ ਜਾਇਆ ਜਾ ਸਕਦਾ ਹੈ।

ਜੋਗੀ ਆਪਣੇ 'ਯੋਗ' ਦਾ ਗਿਆਨ ਮਾਰਗ ਦੱਸਦੇ ਹਨ। ਲੁਹਾਰੀਆ ਜੋਗੀ, ਜੋਗ ਮੱਤ ਨੂੰ ਉੱਤਮ ਦਰਜਾ ਦਿੰਦਾ ਹੋਇਆ ਜੋਗੀਆਂ ਦੇ ਕਰਤੱਵ ਦੱਸਦਾ ਹੈ:

ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ॥
ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ॥
ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ॥
ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ॥[13]

ਜੋਗੀ ਲੋਕ ਆਬਾਦੀ ਅਤੇ ਅਵਾਜ਼ਾਈ ਵਾਲੇ ਰਾਹਾਂ ਤੋਂ ਹਟ ਕੇ, ਦੂਰ ਜੰਗਲਾਂ ਵਿਚ ਵਾਸਾ ਕਰਦੇ ਹਨ ਅਤੇ ਕੰਦ-ਮੂਲ ਖਾ ਕੇ ਗੁਜ਼ਾਰਾ ਕਰਦੇ ਹਨ। ਗਿਆਨ-ਚਰਚਾ ਕਰਦੇ ਹਨ, ਤੀਰਥਾਂ ਤੇ ਇਸ਼ਨਾਨ ਕਰਦੇ ਹਨ ਅਤੇ ਸੁਖ ਰੂਪੀ ਫਲ ਪ੍ਰਾਪਤ ਕਰਦੇ ਹਨ। ਉਹਨਾਂ ਅਨੁਸਾਰ ਇਸ ਤਰ੍ਹਾਂ ਕਰਨ ਨਾਲ ਪਾਪਾਂ ਦੀ ਮੈਲ ਨਹੀਂ ਲੱਗਦੀ, ਪਰੰਤੂ ਗੁਰੂ ਨਾਨਕ ਦੇਵ ਜੀ ਇਸ ਪ੍ਰਤਿ ਆਪਣਾ ਉੱਤਰ ਬਹੁਤ ਹੀ ਸਹਿਜਮਈ ਰੂਪ ਅਤੇ ਕਲਾਤਮਕ ਢੰਗ ਨਾਲ ਦਿੰਦੇ ਹਨ। ਉਹਨਾਂ ਦੇ ਇਸ ਉੱਤਰ ਦੇ ਪ੍ਰੋਖ ਵਿਚ ਸਮਾਜਿਕ ਗਿਆਨ ਅਤੇ ਮਾਨਵੀ ਇਖ਼ਲਾਕ ਵੀ ਸਮਾਇਆ ਹੋਇਆ ਹੈ:

ਹਾਟੀ ਬਾਟੀ ਨੀਦ ਨ ਆਵ ਪਰ ਘਰਿ ਚਿਤੁ ਨ ਡੋਲਾਈ॥
ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ॥[14]

ਸੰਸਾਰਕ ਜੀਵਨ ਦੇ ਪ੍ਰਵਾਹ ਵਿਚ ਕੰਮ-ਕਾਜ ਕਰਦਿਆਂ ਆਤਮਿਕ-ਜੀਵਨ ਤੋਂ ਮੁੱਖ ਨਾ ਮੋੜੋ। ਆਪਣੇ ਸਰੂਪ ਵਿਚ ਟਿਕ ਕੇ ਪਰਾਏ ਧਨ ਅਤੇ ਪਰ-ਇਸਤਰੀ ਵਲ ਚਿੱਤ ਨਾ ਡੁਲਾਉ। ਨਾਮ ਤੋਂ ਬਿਨਾਂ ਮਨ ਸਥਿਰ ਜਾਂ ਟਿਕਾਉ ਦੀ ਅਵਸਥਾ ਵਿਚ ਨਹੀਂ ਆ ਸਕਦਾ ਅਤੇ ਨਾ ਹੀ ਮਨ ਦੀ ਤ੍ਰਿਸ਼ਨਾ ਦੂਰ ਹੁੰਦੀ ਹੈ।

ਗੁਰੂ ਨਾਨਕ ਦੇਵ ਜੀ ਨੇ ਜੋਗੀਆਂ ਨੂੰ ਸੱਚੇ ਗਿਆਨ ਤੋਂ ਜਾਣੂ ਕਰਵਾਇਆ ਹੈ ਕਿ ਸਮਾਜਿਕ ਜੀਵਨ ਤੇ ਸਭਿਆਚਾਰ ਤੋਂ ਟੁੱਟ ਕੇ ਸੁੱਖ ਰੂਪੀ ਫਲ ਦੀ ਆਸ ਨਹੀਂ ਰੱਖੀ ਜਾ ਸਕਦੀ।

ਗੁਰੂ ਨਾਨਕ ਚਿੰਤਨ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਸਮਾਜ ਵਿਚ ਰਹਿੰਦੇ ਹੋਏ, ਸਹਿਜ ਰੂਪ ਵਿਚ ਨਾਮ ਸ਼ਬਦ ਦਾ ਆਸਰਾ ਲੈ ਕੇ ਹੀ ਲਗਾਤਾਰ ਵਿਕਾਸ ਦੇ ਮਾਰਗ ਤੇ ਤੁਰਿਆ ਜਾ ਸਕਦਾ ਹੈ। ਵਾਸਤਵ ਵਿਚ ਗੁਰੂ ਸਾਹਿਬ ਦਾ ਚਿੰਤਨ ਤੇ ਮਿਸ਼ਨ ਸਮਾਜ ਤੋਂ ਟੱਟੇ ਹੋਏ ਇਹਨਾਂ ਜੋਗੀਆਂ ਵਿਚ ਫਿਰ ਤੋਂ ਆਤਮ-ਵਿਸ਼ਵਾਸ ਤੇ ਨੈਤਿਕ ਸੰਤੁਲਨ ਪੈਦਾ ਕਰਨਾ ਸੀ। ਗੁਰੂ ਨਾਨਕ ਦੇਵ ਜੀ ਨੇ ਤੱਤਕਾਲੀ ਧਾਰਮਿਕ, ਸਮਾਜਿਕ, ਸਥਾਪਿਤ ਕਦਰਾਂ-ਕੀਮਤਾਂ ਵਿਚੋਂ ਬਹੁਤ ਸਾਰੀਆਂ ਨੂੰ ਰੱਦ ਕੀਤਾ। ਜੋਗੀਆਂ ਦੁਆਰਾ ਪੁੱਛੇ ਪ੍ਰਸ਼ਨਾਂ ਪ੍ਰਤਿ ਗੁਰੂ ਨਾਨਕ ਦੇਵ ਜੀ ਦੁਆਰਾ ਦਿੱਤੇ ਹੋਏ ਉੱਤਰਾਂ ਦੇ ਪ੍ਰੇਖ ਵਿਚ ਸਰਬ-ਕਾਲੀ ਸੱਚਾਈ ਦ੍ਰਿਸ਼ਟੀਗੋਚਰ ਹੁੰਦੀ ਹੈ:

ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰ ਵਾਸੋ।।
ਗਿਆਨ ਕੀ ਮੁਦ੍ਰਾ ਕਵਨ ਕਥੀਅਲੇ ਘਟਿ ਘਟਿ ਕਵਨ ਨਿਵਾਸੋ।।[15]

ਸੰਸਾਰ ਦੇ ਆਦਿ ਬਾਰੇ ਤੁਸੀਂ ਆਪਣਾ ਵਿਚਾਰ ਦੱਸੋ ਕਹੋ? ਉਸ ਵੇਲੇ ਬ੍ਰਹਮ ਦਾ ਵਾਸਾ ਕਿੱਥੇ ਸੀ? ਗਿਆਨ ਦੀ ਪ੍ਰਾਪਤੀ ਕਿਹੜੀ ਮੁਦਰਾ ਜਾਂ ਸੰਜਮ ਨਾਲ ਕਹਿੰਦੇ ਹੋ? ਘਟਿ-ਘਟਿ ਵਿਚ ਕੌਣ ਵਿਆਪਕ ਹੈ? ਜੋਗੀਆਂ ਵੱਲੋਂ ਕੀਤੇ ਗਏ ਇਨ੍ਹਾਂ ਪ੍ਰਸ਼ਨਾ ਦਾ ਗੁਰੂ ਨਾਨਕ ਦੇਵ ਜੀ ਨੇ ਬਹੁਤ ਹੀ ਭਾਵਪੂਰਤ ਸ਼ਬਦਾਵਲੀ ਰਾਹੀਂ ਉੱਤਰ ਦਿੱਤਾ ਹੈ:

ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰ ਵਾਸੁ ਲੀਆ।।
ਅਕਲਪਤ ਮੁਦ੍ਰਾ ਗੁਰ ਗਿਆਨੁ ਬੀਚਾਰੀਅਲੇ ਘਟਿ ਘਟਿ ਸਾਚਾ ਸਰਬ ਜੀਆ।।[16]

ਗੁਰੂ ਨਾਨਕ ਚਿੰਤਨ ਇਕ ਕੇਂਦਰੀ ਸੱਚ ਨੂੰ ਸਥਾਪਿਤ ਕਰਨ ਦੇ ਨਾਲ-ਨਾਲ ਜੋਗੀਆਂ ਦੇ ਅਵਚੇਤਨ ਨੂੰ ਚੇਤੰਨ ਕਰਨ ਵੱਲ ਵੀ ਅਗਰਸਰ ਹੈ। ਉਪਰੋਕਤ ਪ੍ਰਸ਼ਨਾਂ ਦੇ ਪਰਿਪੇਖ ਵਿਚ ਗੁਰੂ ਸਾਹਿਬ ਦੇ ਉੱਤਰ ਇਕ ਨਿਸ਼ਚਤ ਗਿਆਨ ਪ੍ਰਬੰਧ ਦੇ ਸੱਚ ਦਾ ਅਹਿਸਾਸ ਕਰਵਾ ਕੇ ਜੋਗੀਆਂ ਨੂੰ ਉਸ ਸੱਚੇ ਰੱਬੀ ਹੁਕਮ ਨੂੰ ਪਛਾਨਣ ਲਈ ਪ੍ਰੇਰਦੇ ਹਨ। ਜਗਤ ਦਾ ਆਰੰਭ ਕਿਸ ਤਰ੍ਹਾਂ ਹੋਇਆ। ਇਸਦਾ ਉੱਤਰ ਅਸਚਰਜਮਈ ਹੈ। ਰੱਬ ਉਸ ਵੇਲੇ ਵੀ ਹਰ ਥਾਂ ਵਿਆਪਕ ਸੀ। ਗੁਰੂ ਸਾਹਿਬ ਦੇ ਵਿਚਾਰ ਵਿਚ ਸੰਜਮ ਇਹੋ ਹੈ - ਮਨ ਨੂੰ ਕਲਪਨਾ ਰਹਿਤ ਕਰਨ ਨਾਲ ਮਨ

ਇਕਾਗਰ ਹੁੰਦਾ ਹੈ ਅਤੇ ਇਸ ਇਕਾਗਰਤਾ ਨਾਲ ਪੂਰਨ ਗਿਆਨ ਦੀ ਸੋਝੀ ਹੁੰਦੀ ਹੈ। ਪਰਮਾਤਮਾ ਘਟਿ-ਘਟਿ ਭਾਵ ਸਭ ਜੀਵਾਂ ਦੇ ਅੰਤਹਕਰਨ ਵਿਚ ਵਿਆਪਕ ਹੈ।

ਜੋਗੀਆਂ ਦੇ ਪ੍ਰਸ਼ਨਾ ਦੀ ਲੜੀ ਨਿਰੰਤਰ ਜਾਰੀ ਰਹਿੰਦੀ ਹੈ ਅਤੇ ਉਹ ਜੀਵ ਬਾਰੇ, ਗੁਰੂ ਨਾਨਕ ਦੇਵ ਜੀ ਦੇ ਵਿਚਾਰ ਜਾਣਨ ਲਈ ਪ੍ਰਸ਼ਨ ਕਰਦੇ ਹਨ:

ਕਹਾ ਤੇ ਆਵੈ ਕਹਾ ਇਹੁ ਜਾਵੈ ਕਹਾ ਇਹੁ ਰਹੈ ਸਮਾਈ।।
ਏਸੁ ਸਬਦ ਕਉ ਜੋ ਅਰਥਾਵੈ ਤਿਸੁ ਗੁਰ ਤਿਲੁ ਨ ਤਮਾਈ।।
ਕਿਉ ਤਤੈ ਅਵਿਗਤੈ ਪਾਵੈ ਗੁਰਮੁਖਿ ਲਗੈ ਪਿਆਰੋ।।
ਆਪੇ ਸੁਰਤਾ ਆਪੇ ਕਰਤਾ ਕਹੁ ਨਾਨਕ ਬੀਚਾਰੋ।।[17]

ਜੀਵ ਕਿੱਥੋਂ ਆਉਂਦਾ ਹੈ ਤੇ ਕਿੱਧਰ ਨੂੰ ਜਾਂਦਾ ਹੈ? ਜੀਵ ਅਣਦਿਸਦੇ ਰੱਬ ਨੂੰ ਜੋ ਜੀਵ ਦਾ ਅਸਲਾ ਹੈ ਕਿਸ ਤਰ੍ਹਾਂ ਪਾ ਸਕਦਾ ਹੈ? ਗੁਰੂ ਦੇ ਰਾਹੀਂ ਜੀਵ ਦਾ ਰੱਬ ਨਾਲ ਪਿਆਰ ਕਿਵੇਂ ਪੈ ਸਕਦਾ ਹੈ? ਇਸ ਦੇ ਸੰਦਰਭ ਵਿਚ ਗੁਰੂ ਨਾਨਕ ਦੇਵ ਜੀ ਦਾ ਤਰਕਮਈ, ਪ੍ਰਭਾਵਸ਼ਾਲੀ ਅਤੇ ਸੰਖੇਪ ਉੱਤਰ ਇਉਂ ਹੈ:

ਹੁਕਮੇ ਆਵੈ ਹੁਕਮੇ ਜਾਵੈ ਹੁਕਮੇ ਰਹੈ ਸਮਾਈ।।
ਪੂਰੇ ਗੁਰ ਤੇ ਸਾਚੁ ਕਮਾਵੈ ਗਤਿ ਮਿਤਿ ਸਬਦੇ ਪਾਈ।।[18]

ਜੀਵ ਹੁਕਮ ਵਿਚ ਹੀ ਪੈਦਾ ਹੁੰਦਾ ਹੈ, ਪ੍ਰਫੁਲਿਤ ਹੁੰਦਾ ਹੈ ਤੇ ਰੱਬੀ ਹੁਕਮ ਅਨੁਸਾਰ ਹੀ ਚਲਾ ਜਾਂਦਾ ਹੈ। ਉਸ ਨਿਰੰਕਾਰ ਪ੍ਰਭੂ ਦੀ ਗਤਿ ਮਿਤਿ ਦਾ ਸ਼ਬਦ ਦੁਆਰਾ ਹੀ ਪਤਾ ਲਗਦਾ ਹੈ। ਜੋ ਮਨੁੱਖ ਪੂਰਨ ਗੁਰੂ ਰਾਹੀਂ ਕਮਾਈ ਕਰਦਾ ਹੈ। ਉਸਦੇ ਪ੍ਰਵਾਨ ਰਾਹ ਤੇ ਤੁਰਦਾ ਹੈ, ਉਸ ਨੂੰ ਸ਼ਬਦ ਦੁਆਰਾ ਹੀ ਨਿਰੰਕਾਰ ਪ੍ਰਭੂ ਦੀ ਗਤੀ ਤੇ ਮਿਣਤੀ ਅਤੇ ਉਸ ਦੀ ਬੇਅੰਤਤਾ ਦਾ ਅੰਦਾਜ਼ਾ ਸਹਿਜੇ ਹੀ ਹੋ ਜਾਂਦਾ ਹੈ।

ਸਿਧ ਗੋਸਟਿ ਬਾਣੀ-ਰਚਨਾ ਵਿਚ ਪਾਰਬ੍ਰਹਮ ਪ੍ਰਭੂ ਦੇ ਲੱਛਣਾਂ ਦਾ ਉਲੇਖ ਅਤੇ ਅਧਿਆਤਮਕ ਸੰਕਲਪਾਂ ਦੀ ਵਿਆਖਿਆ ਇਹ ਸਭ ਕੁਝ ਸਮੁੱਚੀ ਮਾਨਵਤਾ ਦੀ ਭਲਾਈ ਲਈ

ਸਾਰਥਿਕ ਹਿੱਤ ਵਜੋਂ ਪ੍ਰੇਰਿਤ ਹੋਏ ਹਨ। ਮਨੁੱਖ ਹੁਕਮ ਅਨੁਸਾਰ ਜਗਤ ਵਿਚ ਆਉਂਦਾ ਹੈ ਤੇ ਹੁਕਮ ਦਾ ਬੱਧਾ ਇਥੋਂ ਤੁਰ ਜਾਂਦਾ ਹੈ ਪਰੰਤੂ ਹੁਕਮ ਨੂੰ ਬੁੱਝਣਾ, ਹੁਕਮ ਦੀ ਪਾਲਣਾ ਤੇ ਹੁਕਮ ਦੇ ਸੋਮੇ ਨੂੰ ਸਮਝਣਾ ਮਨੁੱਖੀ ਕਰਤੱਵ ਹੈ। ਇਹ ਭਾਵਨਾ ਵਿਸ਼ਵ-ਪੱਧਰ ਤੇ ਸਮੁੱਚੀ ਮਨੁੱਖਤਾ ਲਈ ਸਦੀਵੀ ਤੌਰ ਤੇ ਮਾਨਵੀ ਹਿੱਤਾਂ ਦੀ ਪੂਰਤੀ ਕਰਦੀ ਹੈ। ਗੁਰੂ ਨਾਨਕ ਅਨੁਸਾਰ ਗੁਰੂ ਹੀ ਅੰਤਿਮ, ਸਹਿਜ, ਅਨੰਦਮਈ ਅਤੇ ਸੰਤੁਲਿਤ ਅਵਸਥਾ ਦਾ ਰਾਹ ਦਰਸਾਉਂਦਾ ਹੈ ਜਿਸ ਦੀ ਪ੍ਰਾਪਤੀ ਉਪਰੰਤ ਭਟਕਣ ਖ਼ਤਮ ਹੋ ਜਾਂਦੀ ਹੈ। ਅਜਿਹੀ ਅਵਸਥਾ ਦਾ ਧਾਰਨੀ ਮਨੁੱਖ ਵਿਸ਼ਵ ਪੱਧਰ ਤੇ ਸਮੁੱਚੀ ਮਨੁੱਖਤਾ ਦੇ ਕੁਦਰਤੀ ਹੱਕਾਂ ਲਈ ਚੇਤੰਨ ਹੋ ਜਾਂਦਾ ਹੈ।

ਗੁਰੂ ਨਾਨਕ ਚਿੰਤਨ ਵਿਚ ਰੱਬੀ ਹਕੁਮ ਦਾ ਸਿਧਾਂਤ ਬਹੁਤ ਉੱਘਾ ਸਿਧਾਂਤ ਹੈ। ਸ੍ਰਿਸ਼ਟੀ ਵਿਚ ਜੋ ਕੁਝ ਵਾਪਰ ਰਿਹਾ ਹੈ ਉਹ ਰੱਬੀ ਹੁਕਮ ਅਧੀਨ ਹੀ ਵਾਪਰ ਰਿਹਾ ਹੈ। ਹੁਕਮ ਦੇ ਅਧੀਨ ਹੀ ਜ਼ਿੰਦਗੀ ਦੇ ਦੋ ਰਾਹ ਹਨ। ਇਕ ਮਾਇਆ ਜਾਂ ਮਨਮੁੱਖ ਦਾ ਅਤੇ ਦੂਜਾ ਗੁਰਮੁਖ ਜਾਂ ਹੁਕਮ ਅਨੁਸਾਰੀ ਦਾ। ਗੁਰੂ ਨਾਨਕ ਦੇਵ ਜੀ ਇਸ ਵਿਸ਼ਵ-ਵਿਆਪੀ ਰੱਬੀ ਹੁਕਮ ਦੇ ਵਰਤਾਰੇ ਰਾਹੀਂ ਸਮੁੱਚੀ ਮਾਨਵਤਾ ਨੂੰ ਧਰਮ, ਜ਼ਾਤ-ਪਾਤ ਅਤੇ ਊਚ-ਨੀਚ ਦੀਆਂ ਸੀਮਤ ਦੀਵਾਰਾਂ ਤੋਂ ਉੱਪਰ ਉੱਠ ਕੇ ਇਨਸਾਨੀਅਤ ਦੀ ਭਾਵਨਾ ਪੈਦਾ ਕਰਨ ਦੀ ਲੋਚਾ ਰੱਖਦੇ ਹਨ।

ਸਿਧ ਗੋਸਟਿ ਬਾਣੀ ਦੀ 24ਵੀਂ ਪਉੜੀ ਤੋਂ ਲੈ ਕੇ 42ਵੀਂ ਪਉੜੀ ਤੱਕ ਗੁਰੂ ਨਾਨਕ ਦੇਵ ਜੀ ਨੇ ਆਪਣੇ ਪ੍ਰਵਚਨਾ ਨੂੰ ਗੁਰਮਤਿ ਦੇ ਸੰਦਰਭ ਵਿਚ ਵਿਸ਼ਵੀ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ। ਸਮਾਜੀ ਮਨੁੱਖਤਾ ਨੂੰ ਦੋ ਧਰਾਤਲਾਂ ਤੇ ਖੜ੍ਹਿਆਂ ਵੇਖਿਆ ਜਾ ਸਕਦਾ ਹੈ। ਇਕ ਮਾਇਆਵਾਦੀ ਜਾਂ ਪੂੰਜੀਪਤੀ ਜੋ ਮਾਇਆ ਇਕੱਤਰ ਕਰਨ ਲਈ ਦੂਜਿਆਂ ਦੇ ਕੁਦਰਤੀ ਮਾਨਵੀ ਹੱਕਾਂ ਨੂੰ ਲਿਤਾੜਦੇ ਰਹਿੰਦੇ ਹਨ। ਦੂਜੇ ਮਾਨਵਵਾਦੀ ਦ੍ਰਿਸ਼ਟੀ ਵਾਲੇ ਹਨ ਜੋ ਆਪਣੇ ਤੋਂ ਬਿਨਾਂ ਦੂਜਿਆਂ ਪ੍ਰਤੀ ਸੁਹਿਰਦਤਾ ਵਾਲਾ ਵਿਵਹਾਰ ਅਪਣਾਉਂਦੇ ਹਨ। ਗੁਰੂ ਨਾਨਕ ਦੇਵ ਜੀ ਨੇ ਅਜਿਹੇ ਮਨੁੱਖਾਂ ਨੂੰ ਗੁਰਮੁਖ ਕਹਿ ਕੇ ਵਡਿਆਇਆ ਹੈ। ਉਹਨਾਂ ਦੀ ਵਿਸ਼ਵ ਵਿਆਪੀ ਵਿਸ਼ਾਲ ਦ੍ਰਿਸ਼ਟੀ ਦਾ ਇਹ ਪੱਖ ਸਾਨੂੰ ਮਜ਼ਹਬੀ ਕੱਟੜਤਾ ਅਤੇ ਨਸਲੀ ਵਿਤਕਰਿਆਂ ਦੇ ਮਾਹੌਲ ਤੋਂ

ਉੱਪਰ ਉੱਠ ਕੇ ਆਦਰਸ਼ਕ ਜੀਵਨ-ਜਾਚ ਸਿਖਾਉਂਦਾ ਹੈ। ਸਿਧ ਗੋਸਟਿ ਬਾਣੀ ਵਿਚ ਜੋਗੀਆਂ ਦੀ ਤਰ੍ਹਾਂ ਗੁਰਮੁਖ ਧਰਾਤਲ ਦੇ ਪੈਂਤੜੇ ਵਾਲਾ ਮਨੁੱਖ ਆਪਣੇ ਆਪ ਤੱਕ ਹੀ ਸੀਮਤ ਨਹੀਂ ਰਹਿੰਦਾ ਸਗੋਂ ਉਹ ਮਾਨਵੀ ਹੱਕਾਂ ਪ੍ਰਤਿ ਅਜਿਹੀ ਉੱਚੀ ਚੇਤਨਾ ਨੂੰ ਹੋਰਨਾਂ ਵਿਚ ਜਗਾਉਣਾ ਚਾਹੁੰਦਾ ਹੈ। ਅਜਿਹੇ ਆਦਰਸ਼ਕ ਮਨੁੱਖ ਬਾਰੇ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ-ਰਚਨਾ ਵਿਚ ਇਸ ਤਰ੍ਹਾਂ ਪ੍ਰਵਚਨ ਕੀਤਾ ਹੈ:

ਗੁਰਮੁਖਿ ਅਸਟ ਸਿਧੀ ਸਭਿ ਬੁਧੀ।।
ਗੁਰਮੁਖਿ ਭਵਜਲੁ ਤਰੀਐ ਸਚ ਸੁਧੀ।।
ਗੁਰਮੁਖਿ ਸਰ ਅਪਸਰ ਬਿਧਿ ਜਾਣੈ।।
ਗੁਰਮੁਖਿ ਪਰਵਿਰਤਿ ਨਰਵਿਰਤਿ ਪਛਾਣੈ।।
ਗੁਰਮੁਖਿ ਤਾਰੇ ਪਾਰਿ ਉਤਾਰੇ।।
ਨਾਨਕ ਗੁਰਮੁਖਿ ਸਬਦਿ ਨਿਸਤਾਰੇ।।[19]

ਗੁਰੂ ਨਾਨਕ ਦੇਵ ਜੀ ਦੀ ਉਪਰੋਕਤ ਪ੍ਰਵਚਨ-ਵਿਧੀ ਵਿਸ਼ਵ-ਦ੍ਰਿਸ਼ਟੀ ਦੀ ਸਿਰਜਣਾਤਮਕ ਵਿਉਂਤ ਅਤੇ ਸਦੀਵੀ ਮਾਨਵੀ ਸਰੋਕਾਰਾਂ ਨੂੰ ਅਭਿਵਿਅਕਤ ਕਰਨ ਵਾਲੀ ਕਾਰਜਸ਼ੀਲ ਵਿਧੀ ਹੈ। ਸਿਧ ਗੋਸਟਿ ਬਾਣੀ ਵਿਚ ਇਹ ਦ੍ਰਿਸ਼ਟੀ ਨਿਰੰਤਰ ਉਪ-ਸਥਿਤ ਰਹਿੰਦੀ ਹੈ। ਅਜਿਹੀ ਵਿਸ਼ਵ-ਦ੍ਰਿਸ਼ਟੀ ਨੇ ਸਮੁੱਚੀ ਮਾਨਵੀ ਸਾਂਸਕ੍ਰਿਤੀ ਨੂੰ ਸਾਂਸਕ੍ਰਿਤਕ ਚੇਤਨਤਾ ਪ੍ਰਦਾਨ ਕੀਤੀ। ਇਸ ਚੇਤਨਤਾ ਅਧੀਨ ਹੀ ਮਨੁੱਖ ਅਤੇ ਉਸਦਾ ਆਚਾਰ-ਵਿਵਹਾਰ, ਰਹਿਣੀ-ਬਹਿਣੀ ਆਦਿ ਸਭ ਕੁਝ ਸਮਾਏ ਹੋਏ ਹੁੰਦੇ ਹਨ। ਇਸ ਰਹਿਣੀ-ਬਹਿਣੀ ਤਹਿਤ ਵਿਸ਼ਵੀ ਪੱਧਰ ਤੇ ਮਨੁੱਖ ਆਪਣੀ ਉਪਜੀਵਕਾ ਨੂੰ ਸੁਰੱਖਿਅਤ ਰੱਖਣ ਲਈ ਇਕ ਵਿਆਪਕ ਭਾਈਚਾਰਕ ਮਿੱਥ ਦਾ ਨਿਰਮਾਣ ਕਰਦਾ ਹੈ। ਇਹ ਜੀਵਨ-ਸ਼ੈਲੀ ਜਨਮ, ਮਰਨ ਤੇ ਵਿਆਹ ਤੱਕ ਦੇ ਸਾਰੇ ਕਾਰਜ ਖੇਤਰ ਨੂੰ ਕਈ ਵਿਧੀਆਂ ਅਤੇ ਜੁਗਤਾਂ ਨਾਲ ਨਜਿੱਠਣ ਦੀ ਵਿਵਧਤਾ ਨੂੰ ਉਜਾਗਰ ਕਰਦੀ ਹੈ।

ਉਪਰੋਕਤ ਤੋਂ ਉਲਟ ਮਾਨਵੀ ਸਮਾਜ ਦਾ ਦੂਜਾ ਧਰਾਤਲ ਮਨਮੁੱਖ ਦਾ ਹੈ ਭਾਵ ਅਜਿਹੇ ਮਨੁੱਖ ਜਿਹਨਾਂ ਦੇ ਮਨ ਵਿਚ ਹਉਮੈ, ਖ਼ੁਦਗਰਜ਼ੀ ਅਤੇ ਮਾਇਆ ਦਾ ਨਿਜ਼ਾਮ ਵਸਦਾ ਹੈ। ਮਾਇਆ ਦਾ ਨਿਜ਼ਾਮ ਹਰ ਮਨੁੱਖ ਵਿਚ ਖ਼ੁਦਗਰਜ਼ੀ ਪੈਦਾ ਕਰਦਾ ਹੈ। ਮਾਇਆ ਦੇ ਇਸ ਪ੍ਰਪੰਚ ਤੋਂ ਹੀ ਦੁੱਖ ਉਪਜਦੇ ਹਨ। ਭਾਵ ਸਾਰੇ ਦੁੱਖਾਂ ਦਾ ਮੂਲ ਕਾਰਣ ਖ਼ੁਦਗਰਜ਼ੀ ਹੀ ਹੈ ਜੇਕਰ ਮਨਾ ਵਿਚੋਂ ਖ਼ੁਦਗਰਜ਼ੀ ਨਿਕਲ ਜਾਵੇ ਤਾਂ ਮਾਇਆ ਦਾ ਨਿਜ਼ਾਮ ਚੱਲ ਨਹੀਂ ਸਕਦਾ। ਸਮਾਜਿਕ ਮਨੁੱਖੀ ਜ਼ਿੰਦਗੀ ਵਿਚੋਂ ਜੇਕਰ ਮਾਇਆ ਦਾ ਪ੍ਰਪੰਚ ਦੂਰ ਹੋ ਜਾਵੇ ਤਾਂ ਮਨੁੱਖੀ ਜ਼ਿੰਦਗੀ ਵਿਚੋਂ ਦੁੱਖਾਂ ਦਾ ਸੋਮਾਂ ਵੀ ਸੁੱਕ ਸਕਦਾ ਹੈ। ਸਭ ਸੁੱਖਾਂ ਦਾ ਸੋਮਾ ਗੁਰਮੁੱਖ ਅਨੁਸਾਰੀ ਜਾਂ ਰੱਬ ਅਨੁਸਾਰੀ ਪ੍ਰਬੰਧ ਹੈ। ਦੁੱਖਾਂ ਦਾ ਮੂਲ ਤੇ ਬੁਨਿਆਦੀ ਕਾਰਣ ਮਾਇਆ ਦੀ ਗੁਲਾਮੀ ਹੈ। ਮਾਇਆ ਦੀ ਗੁਲਾਮੀ ਖਤਮ ਹੋਣ ਨਾਲ ਸਮੁੱਚਾ ਮਨੁੱਖ ਅਜ਼ਾਦ ਹੋ ਜਾਵੇਗਾ। ਸਭ ਨੂੰ ਹਰ ਤਰ੍ਹਾਂ ਦੇ ਸੁੱਖ ਪ੍ਰਾਪਤ ਹੋਣਗੇ। ਗੁਰੂ ਨਾਨਕ ਦੇਵ ਜੀ ਦੀ ਵਿਸ਼ਵ-ਦ੍ਰਿਸ਼ਟੀ ਅਨੁਸਾਰ ਸਮਾਜਿਕ ਮਨੁੱਖਤਾ ਦਾ ਅਰਥ ਹੀ ਇਹ ਹੈ:

ਮਨਮੁਖਿ ਭੂਲੈ ਜਮ ਕੀ ਕਾਣਿ॥
ਪਰ ਘਰੁ ਜੋਹੈ ਹਾਣੇ ਹਾਣਿ॥
ਮਨਮੁਖਿ ਭਰਮਿ ਭਵੈ ਬੇਬਾਣਿ॥
ਵੇਮਾਰਗਿ ਮੂਸੇ ਮੰਤ੍ਰਿ ਮਸਾਣਿ॥
ਸਬਦੁ ਨ ਚੀਨੈ ਲਵੈ ਕੁਬਾਣਿ॥
ਨਾਨਕ ਸਾਚਿ ਰਤੇ ਸੁਖੁ ਜਾਣਿ॥[20]

ਜਦੋਂ ਮਨੁੱਖ ਗੁਰੂ ਦੇ ਦੱਸੇ ਰਸਤੇ ਤੋਂ ਉਲਟ ਆਪਣੀ ਮਨ-ਮਾਨੀ ਕਰਦਾ ਹੈ। ਉਹ ਜ਼ਿੰਦਗੀ ਦੇ ਸਹੀ ਰਸਤੇ ਤੋਂ ਭਟਕ ਜਾਂਦਾ ਹੈ। ਪਰਾਏ ਘਰ ਦੀ ਦੌਲਤ ਨੂੰ ਤੱਕਣਾ ਉਸਦਾ ਸੁਭਾਅ ਬਣ ਜਾਂਦਾ ਹੈ। ਬੇਗਾਨੇ ਘਰ ਤੱਕਣ ਤੋਂ ਭਾਵ ਲਾਲਚ ਹੈ। ਜ਼ਿੰਦਗੀ ਤੋਂ ਭਟਕਿਆ ਮਨੁੱਖ ਭੁਲੇਖੇ ਵਿਚ ਪੈ ਕੇ ਸੰਤਾਪ ਭੋਗਦਾ ਰਹਿੰਦਾ ਹੈ।

ਗੁਰੂ ਨਾਨਕ ਦੇਵ ਜੀ ਦੀ ਉਪਰੋਕਤ ਵਿਚਾਰਧਾਰਾ ਸਮੁੱਚੀ ਮਾਨਵਤਾ ਲਈ ਪਥ-ਮਾਰਗ ਨਿਰਦੇਸ਼ਨ ਨਿਰਧਾਰਤ ਕਰਦੀ ਹੈ। ਹਉਮੈ, ਖ਼ੁਦਗਰਜ਼ੀ ਅਤੇ ਮਾਇਆਵਾਦੀ ਨਿਜ਼ਾਮ ਵਿਚੋਂ ਨਿਕਲਣ ਦਾ ਇਕੋ-ਇਕ ਰਾਹ ਸ਼ਬਦ ਤੇ ਨਾਮ ਵਿਚ ਲੀਨ ਹੋਣਾ ਹੈ। ਮਨੁੱਖੀ ਆਤਮਿਕ ਚੇਤਨਤਾ ਨੂੰ ਜਗਾਉਣ ਤੋਂ ਬਗ਼ੈਰ ਸਮਾਜਿਕ ਪ੍ਰਬੰਧ ਪਲਟੇ ਨਹੀਂ ਜਾ ਸਕਦੇ। ਗੁਰੂ ਸਾਹਿਬ ਅਨੁਸਾਰ ਉਹ ਮਨੁੱਖ ਚੇਤੰਨ ਅਤੇ ਵਡਭਾਗੇ ਹਨ, ਜਿਹਨਾਂ ਆਪਣੇ ਹਿਰਦੇ ਵਿਚ ਸੱਚ ਧਾਰਿਆ ਹੋਇਆ ਹੈ ਕਿਉਂਕਿ ਇਹ ਸੱਚ ਵਿਸ਼ਵੀ ਪੱਧਰ ਤੇ ਸਮੁੱਚੀ ਮਾਨਵਤਾ ਦੀ ਖੁਸ਼ਹਾਲੀ ਲਈ ਅਨਿਵਾਰੀ ਹੈ ਜੋ ਲੋਕ ਧਾਰਾਈ ਪੈਂਤੜੇ ਤੋਂ ਨਿਆਂਸ਼ੀਲਤਾ ਵਾਲਾ ਪ੍ਰਬੰਧ ਸਿਰਜਦਾ ਹੈ। ਜਿਹਨਾਂ ਪੱਲੇ ਸੱਚ ਹੈ, ਸਭ ਨੇਕੀ ਅਤੇ ਚੰਗਿਆਈ ਉਹਨਾਂ ਦੇ ਆਸਰੇ ਤੇ ਖੜ੍ਹੀ ਹੈ। ਅਜਿਹੀ ਸੋਚ ਦੇ ਧਾਰਨੀ ਮਨੁੱਖ ਵਿਸ਼ਵ ਪੱਧਰ ਤੇ ਮਨੁੱਖੀ ਅਜ਼ਾਦੀ ਦਾ ਮਾਡਲ ਬਣ ਸਕਦੇ ਹਨ। ਜਿਹਨਾਂ ਪ੍ਰਤਿ ਗੁਰੂ ਸਾਹਿਬ ਆਪਣੀ ਬਾਣੀ-ਰਚਨਾ ਵਿਚ ਇਸ਼ਾਰਾ ਕਰਦੇ ਹਨ:

ਗੁਰਮੁਖਿ ਰਤਨੁ ਲਹੈ ਲਿਵ ਲਾਇ॥
ਗੁਰਮੁਖਿ ਪਰਖੈ ਰਤਨੁ ਸੁਭਾਇ॥
ਗੁਰਮੁਖ ਸਾਚੀ ਕਾਰ ਕਮਾਇ॥
ਗੁਰਮੁਖਿ ਸਾਚੇ ਮਨੁ ਪਤੀਆਇ॥
ਗੁਰਮੁਖਿ ਅਲਖੁ ਲਖਾਏ ਤਿਸੁ ਭਾਵੈ॥
ਨਾਨਕ ਗੁਰਮੁਖਿ ਚੋਟ ਨ ਖਾਵੈ॥[21]

ਗੁਰਮੁਖ ਸੱਚੀ ਕਮਾਈ ਕਰਦਾ ਹੈ। ਸਦੀਵੀ ਰਹਿਣ ਵਾਲੇ ਸੱਚ ਦੇ ਮੁਤਾਬਿਕ ਚੱਲਦਾ ਹੈ। ਗੁਰਮੁਖ ਅਤੇ ਮਨਮੁੱਖ ਵਿਚਲਾ ਅੰਤਰ ਇੰਨਾ ਹੈ ਕਿ ਕਦੇ ਵੀ ਇਹਨਾਂ ਦਾ ਆਪਸ ਵਿਚ ਮੇਲ ਨਹੀਂ ਹੋ ਸਕਦਾ। ਗੁਰਮੁਖ ਸਰਵ-ਵਿਆਪੀ ਵਿਧਾਨਕ ਵਰਤਾਰੇ ਨੂੰ ਪਛਾਣ ਲੈਂਦਾ ਹੈ ਅਤੇ ਆਪਣੀ ਸਖ਼ਸ਼ੀਅਤ ਦੇ ਤਾਤਵਿਕ ਅਧਾਰ ਨੂੰ ਪਛਾਣ ਕੇ ਲਘੂ ਹੋਂਦ ਦੀ ਸੌੜੀ/ਤੰਗ ਵਲਗਣ

ਵਿਚੋਂ ਨਿਕਲਕੇ ਵਿਰਾਟ ਵਿਸ਼ਵ-ਵਿਆਪੀ ਚੇਤਨਾ ਧਾਰਨ ਕਰ ਲੈਂਦਾ ਹੈ। ਸਿਧ ਗੋਸਟਿ ਦਾ ਗੁਰਮੁਖ ਮਨੁੱਖ ਵਿਸ਼ਵ-ਚੇਤਨਾ ਵਾਲਾ ਮਨੁੱਖ ਬਣ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਦਾ ਇਹ ਵਿਚਾਰ ਵਰਤਮਾਨ ਪ੍ਰਸਥਿਤੀਆਂ ਵਿਚ ਵੀ ਸਮੁੱਚੀ ਮਾਨਵਤਾ ਲਈ ਕਾਰਗਰ ਸਿੱਧ ਹੁੰਦਾ ਹੈ ਕਿ ਇਹ ਧਰਤੀ ਇਸ ਲਈ ਸਾਜੀ ਗਈ ਹੈ ਕਿ ਮਨੁੱਖ ਦੇ ਅੰਦਰ ਜਿਸ ਜੋਤ ਦਾ ਅੰਸ਼ ਰੱਖਿਆ ਗਿਆ ਹੈ। ਉਹ ਉਸ ਨੂੰ ਵਧਾ ਕੇ ਪਰਮ-ਜੋਤੀ ਨਾਲ ਇਕਮਿਕ ਹੋ ਜਾਵੇ:

ਗੁਰਮੁਖਿ ਧਰਤੀ ਸਾਚੈ ਸਾਜੀ।।
ਤਿਸ ਮਹਿ ਓਪਤਿ ਖਪਤਿ ਸੁ ਬਾਜੀ।।
ਗੁਰ ਕੈ ਸਬਦਿ ਰਪੈ ਰੰਗੁ ਲਾਇ।।
ਸਾਚਿ ਰਤਉ ਪਤਿ ਸਿਉ ਘਰਿ ਜਾਇ।।
ਸਾਚ ਸਬਦ ਬਿਨੁ ਪਤਿ ਨਹੀ ਪਾਵੈ।।
ਨਾਨਕ ਬਿਨੁ ਨਾਵੈ ਕਿਉ ਸਾਚਿ ਸਮਾਵੈ।।[22]

ਸੱਚੇ ਪਰਮਾਤਮਾ ਨੇ ਧਰਤੀ ਨੂੰ ਇਸ ਲਈ ਰਚਿਆ ਹੈ ਕਿ ਆਤਮਾ ਉੱਨਤ ਹੋ ਕੇ ਉਸ ਪਰਮਾਤਮਾ ਦੇ ਗੁਣਾਂ ਦੀ ਧਾਰਨੀ ਬਣੇ ਭਾਵ ਗੁਰਮੁਖ ਬਣੇ। ਇਸ ਧਰਤੀ ਉੱਤੇ ਉਤਪਤੀ ਅਤੇ ਵਿਨਾਸ਼ ਸਭ ਉਸਦੇ ਹੁਕਮ ਅਨੁਸਾਰ ਚੱਲਦਾ ਹੈ ਅਤੇ ਇਹ ਉਸਦੀ ਵਿਸਮਾਦੀ ਖੇਡ ਹੈ। ਗੁਰੂ ਸਾਹਿਬ ਦਾ ਵਿਚਾਰ ਹੈ ਕਿ ਨਾਮ ਤੋਂ ਬਿਨ੍ਹਾਂ ਸੱਚ ਵਿਚ ਕਿਸ ਤਰ੍ਹਾਂ ਸਮਾਇਆ ਜਾ ਸਕਦਾ ਹੈ। ਗੁਰਮੁਖ ਇਕ ਆਦਰਸ਼ਕ ਮਨੁੱਖ ਹੈ ਜਿਸਦੇ ਲੱਛਣ ਸਿਧ ਗੋਸਟਿ ਬਾਣੀ-ਰਚਨਾ ਵਿਚ ਦਿੱਤੇ ਗਏ ਹਨ।

ਸਿਧ ਗੋਸਟਿ ਬਾਣੀ-ਰਚਨਾ ਵਿਚ ਸਿਧ/ਨਾਥ/ਜੋਗੀ, ਗੁਰੂ ਨਾਨਕ ਦੇਵ ਜੀ ਨੂੰ ਲਗਾਤਾਰ ਪ੍ਰਸ਼ਨ ਕਰਦੇ ਰਹਿੰਦੇ ਹਨ ਜਿਹਨਾਂ ਦੇ ਉੱਤਰਾਂ ਪ੍ਰਤਿ ਗੁਰੂ ਨਾਨਕ ਦੀ ਸੋਚ ਵਿਚ

ਵਿਵੇਕ ਨੇ ਵਿਸਤਾਰਿਤ ਥਾਂ ਲੈ ਲਈ ਹੈ। ਇਨ੍ਹਾਂ ਉੱਤਰਾਂ ਵਿਚ ਬੌਧਿਕ ਅਤੇ ਵਿਗਿਆਨਕ ਅਮਲਦਾਰੀ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ:

ਕਵਣ ਮੂਲੁ ਕਵਣ ਮਤਿ ਵੇਲਾ॥
ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥
ਕਵਣ ਕਥਾ ਲੇ ਰਹਹੁ ਨਿਰਾਲੇ॥
ਬੋਲੈ ਨਾਨਕੁ ਸੁਣਹੁ ਤੁਮ ਬਾਲੇ॥
ਏਸੁ ਕਥਾ ਕਾ ਦੇਇ ਬੀਚਾਰੁ॥
ਭਵਜਲੁ ਸਬਦਿ ਲੰਘਾਵਣਹਾਰੁ॥[23]

ਜੀਵਨ ਦਾ ਆਰੰਪ ਕਿੱਥੋਂ ਹੁੰਦਾ ਹੈ? ਹੁਣ ਕਿਹੜੇ ਧਰਮ ਦਾ ਵੇਲਾ ਹੈ? ਉਹ ਕਿਹੜਾ ਗੁਰੂ ਹੈ ਜਿਸਦੇ ਤੁਸੀਂ ਚੇਲੇ ਹੋ? ਤੁਸੀਂ ਕਿਸ ਦਾ ਜ਼ਿਕਰ ਅੰਦਰ ਵਸਾ ਕੇ ਜਗਤ ਤੋਂ ਅਲੇਪ ਰਹਿੰਦੇ ਹੋ? ਸ਼ਬਦ, ਸੰਸਾਰ ਤੋਂ ਕਿਵੇਂ ਪਾਰ ਲੰਘਾਉਂਦਾ ਹੈ? ਇਹ ਗੱਲ ਸਾਨੂੰ ਸਮਝਾ ਦਿਉ।

ਉਪਰੋਕਤ ਪ੍ਰਸ਼ਨਾਂ ਦਾ ਉਤਰ ਜਿਸ ਤਰਕਮਈ ਵਿਚਾਰਧਾਰਾ ਅਨੁਸਾਰ ਗੁਰੂ ਨਾਨਕ ਦੇਵ ਜੀ ਸਿਧਾਂ/ਨਾਥਾਂ/ਜੋਗੀਆਂ ਨੂੰ ਦਿੰਦੇ ਹਨ ਉਹ ਵਿਚਾਰ ਸਦੀਵੀ ਅਤੇ ਬੌਧਿਕਤਾ ਭਰਪੂਰ ਹਨ। ਗੁਰੂ ਸਾਹਿਬ ਆਪਣੇ ਅਧਿਆਤਮਕ ਅਨੁਭਵ ਅਨੁਸਾਰ ਉੱਤਰ ਦਿੰਦੇ ਹਨ:

ਪਵਨ ਆਰੰਭੁ ਸਤਿਗੁਰ ਮਤਿ ਵੇਲਾ॥
ਸਬਦੁ ਗੁਰੂ ਸੁਰਤਿ ਧੁਨਿ ਚੇਲਾ॥
ਅਕਥ ਕਥਾ ਲੇ ਰਹਉ ਨਿਰਾਲਾ॥
ਨਾਨਕ ਜੁਗਿ ਜੁਗਿ ਗੁਰ ਗੋਪਾਲਾ॥
ਏਕੁ ਸਬਦੁ ਜਿਤੁ ਕਥਾ ਵੀਚਾਰੀ॥
ਗੁਰਮੁਖਿ ਹਉਮੈ ਅਗਨਿ ਨਿਵਾਰੀ॥[24]

ਜੀਵਨ ਦਾ ਆਰੰਭ ਸਵਾਸਾਂ ਤੋਂ ਹੁੰਦਾ ਹੈ ਸੱਚੇ ਗੁਰੂ ਦੀ ਮਤਿ ਦੇ ਧਰਮ ਦਾ ਵੇਲਾ ਹੈ। ਸ਼ਬਦ ਗੁਰੂ ਹੈ ਸ਼ਬਦ ਦੀ ਧੁਨੀ ਵਿਚ ਸੁਰਤਿ ਟਿਕਾਈ ਮੈਂ ਉਸਦਾ ਚੇਲਾ ਹਾਂ। ਪਰਮਾਤਮਾ ਦਾ ਸ਼ਬਦ ਮਨ ਵਿਚ ਵਸਾ ਕੇ ਮੈਂ ਸੰਸਾਰ ਤੋਂ ਨਿਰਲੇਪ ਰਹਿੰਦਾ ਹਾਂ। ਜੁਗੋ-ਜੁਗ ਪਰਮਾਤਮਾ ਹੀ ਗੁਰੂ ਹੈ ਜਿਸਨੇ ਨਾਮ ਦੀ ਕਥਾ ਦਾ ਵਿਚਾਰ ਕੀਤਾ ਹੈ। ਗੁਰੂ ਦੇ ਸ਼ਬਦ ਨੇ ਹਉਮੈ ਦੀ ਅੱਗ ਬੁਝਾ ਦਿੱਤੀ ਹੈ ਭਾਵ ਸ਼ਬਦ ਦੇ ਸਹਾਰੇ ਹਉਮੈ ਦੀ ਅੱਗ ਨੂੰ ਬੁਝਾ ਕੇ ਸੰਸਾਰ ਰੂਪੀ ਭਵਸਾਗਰ ਨੂੰ ਪਾਰ ਕਰ ਲਈਦਾ ਹੈ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਜਿਸ ਵਿਸ਼ਵ-ਦ੍ਰਿਸ਼ਟੀ ਨਾਲ ਬੌਧਿਕਤਾ ਭਰਪੂਰ ਆਪਣੇ ਸਮਾਜਿਕ ਤੇ ਅਧਿਆਤਮਕ ਅਨੁਭਵ ਅਧਾਰਿਤ ਸ਼ਬਦਾਂ ਰਾਹੀਂ ਉਨ੍ਹਾਂ ਦੇ ਪ੍ਰਸ਼ਨਾਂ ਦਾ ਉੱਤਰ ਦਿੰਦੇ ਹਨ ਹਨ ਉਹ ਇੰਨੇ ਸਹਿਜ ਤੇ ਤਰਕਮਈ ਹਨ ਜਿਨ੍ਹਾਂ ਨੂੰ ਸੁਣ ਕੇ ਸਿਧ/ਨਾਥ/ਜੋਗੀ ਗੁਰੂ ਸਾਹਿਬ ਅੱਗੇ ਨੱਤ-ਮਸਤਕ ਹੁੰਦੇ ਹੋਏ ਆਪਣੇ ਸ਼ੰਕਿਆਂ ਦੀ ਨਵਿਰਤੀ ਲਈ ਹੋਰ ਉਤਸੁਕਤਾ ਨਾਲ ਗੁਰੂ ਸਾਹਿਬ ਨੂੰ ਭੌਤਿਕਤਾ ਤੇ ਪਰਾ-ਭੌਤਿਕਤਾ ਸੰਬੰਧੀ ਲਗਾਤਾਰ ਪ੍ਰਸ਼ਨ ਕਰਦੇ ਚਲੇ ਜਾਂਦੇ ਹਨ ਅਤੇ ਗੁਰੂ ਸਾਹਿਬ ਉਹਨਾਂ ਦੇ ਸ਼ੰਕਿਆਂ ਦੀ ਨਵਿਰਤੀ ਲਈ ਬਹੁਤ ਹੀ ਭਾਵਪੂਰਤ ਸ਼ੈਲੀ ਵਿਚ ਸਹਿਜਮਈ ਉੱਤਰ ਦਿੰਦੇ ਰਹਿੰਦੇ ਹਨ। ਸਿਧ/ਨਾਥ/ਜੋਗੀ ਪ੍ਰਸ਼ਨ ਕਰਦੇ ਹਨ:

ਮੈਣ ਕੇ ਦੰਤ ਕਿਉ ਖਾਈਐ ਸਾਰੁ॥
ਜਿਤੁ ਗਰਬੁ ਜਾਇ ਸੁ ਕਵਣੁ ਆਹਾਰੁ॥
ਹਿਵੈ ਕਾ ਘਰੁ ਮੰਦਰੁ ਅਗਨਿ ਪਿਰਾਹਨੁ॥
ਕਵਨ ਗੁਫਾ ਜਿਤੁ ਰਹੈ ਅਵਾਹਨੁ॥
ਇਤ ਉਤ ਕਿਸ ਕਉ ਜਾਣਿ ਸਮਾਵੈ॥
ਕਵਨ ਧਿਆਨੁ ਮਨੁ ਮਨਹਿ ਸਮਾਵੈ॥[25]

ਮੋਮ ਦੇ ਦੰਦਾਂ ਤੋਂ ਭਾਵ ਇਕ ਕਮਜ਼ੋਰ ਮਨ ਦੁਆਰਾ ਮੋਹ ਮਾਇਆ ਦੀ ਬਲਵਾਨ ਆਕਰਸ਼ਿਤ ਖਿੱਚ ਤੋਂ ਕਿਵੇਂ ਬਚਿਆ ਜਾਵੇ? ਉਹ ਕਿਹੜਾ ਭੋਜਨ ਹੈ ਭਾਵ ਕਿਹੜਾ ਢੰਗ ਹੈ?

ਜਿਸ ਦੁਆਰਾ ਮਨੁੱਖ ਦਾ ਅਭਿਮਾਨ ਨਸ਼ਟ ਹੋ ਜਾਵੇ। ਜਿਸ ਤਰ੍ਹਾਂ ਅਗਨੀ ਦੇ ਪ੍ਰਭਾਵ ਨਾਲ ਬਰਫ਼ ਦਾ ਪਾਣੀ ਬਣ ਜਾਂਦਾ ਹੈ। ਇਸੇ ਤਰ੍ਹਾਂ ਮਨ ਵੀ ਖ਼ਾਹਿਸ਼ਾਂ ਦੀ ਅਗਨੀ ਦੇ ਤੇਜ਼ ਪ੍ਰਭਾਵ ਤੋਂ ਬਚ ਨਹੀਂ ਸਕਦਾ। ਸਿਧ/ਨਾਥ/ਜੋਗੀ ਪ੍ਰਸ਼ਨ ਕਰਦੇ ਹਨ ਕਿ ਉਹ ਕਿਹੜਾ ਧਿਆਨ-ਬਿੰਦੂ ਹੈ ਜਿਸ ਉੱਪਰ ਕੇਂਦਰਿਤ ਹੋ ਕੇ ਆਪਣੇ ਮਨ ਨੂੰ ਖ਼ਾਹਿਸ਼ਾਂ ਦੀ ਅਗਨੀ ਤੋਂ ਅਡੋਲ ਰੱਖਿਆ ਜਾ ਸਕੇ?

ਸਿਧਾਂ/ਨਾਥਾਂ/ਜੋਗੀਆ ਦੁਆਰਾ ਪੁੱਛੇ ਹੋਏ ਉਪਰੋਕਤ ਪ੍ਰਸ਼ਨਾ ਦੀ ਪਿੱਠ-ਭੂਮੀ ਪਿੱਛੇ ਅਜਿਹੇ ਭਾਵ ਲੁਪਤ ਹਨ ਜਿਹੜੇ ਸਮੁੱਚੀ ਮਾਨਵ ਜਾਤੀ ਨਾਲ ਸੰਬੰਧਿਤ ਹਨ। ਅਸੀਂ ਵੇਖਦੇ ਹਾਂ ਕਿ ਅਜੋਕੇ ਸਾਇੰਸ ਅਤੇ ਤਕਨਾਲੋਜੀ ਦੇ ਯੁਗ ਵਿਚ ਮਨੁੱਖ ਪਦਾਰਥਵਾਦੀ ਹੋ ਕੇ ਅਸੀਮ ਖ਼ਾਹਿਸਾਂ ਜਿਹੜੀਆਂ ਪੂਰੀਆਂ ਨਹੀਂ ਹੋ ਸਕਦੀਆਂ ਉਨ੍ਹਾਂ ਤੋਂ ਦੁੱਖੀ ਹੋ ਰਿਹਾ ਹੈ। ਅਜੋਕੇ ਮੱਧ ਵਰਗੀ ਮਨੁੱਖ ਕੋਲ ਆਮਦਨ ਦੇ ਵਸੀਲੇ ਘਟ ਹਨ ਤੇ ਉਹ ਪਦਾਰਥਵਾਦੀ ਰੁਚੀਆਂ ਤਹਿਤ ਕਰਜ਼ੇ ਦੀ ਮਾਰ ਹੇਠ ਆ ਰਿਹਾ ਹੈ ਜਿਸ ਕਰਕੇ ਦੁਬਿਧਾ ਵਾਲਾ ਜੀਵਨ ਜਿਉਂ ਰਿਹਾ ਹੈ। ਅਜਿਹੀਆਂ ਪ੍ਰਸਥਿਤੀਆਂ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਸਿਧਾਂ/ਨਾਥਾਂ/ਜੋਗੀਆ ਦੇ ਪ੍ਰਸ਼ਨਾਂ ਦੇ ਦਿੱਤੇ ਉੱਤਰ ਅਜੋਕੇ ਵਿਸ਼ਵੀ ਮਨੁੱਖ ਨੂੰ ਖ਼ਾਹਿਸ਼ਾਂ ਜਾਂ ਤ੍ਰਿਸ਼ਨਾਵਾਂ ਦੀ ਅਗਨੀ ਤੋਂ ਬਚਾ ਸਕਦੇ ਹਨ:

ਹਉ ਹਉ ਮੈ ਮੈ ਵਿਚਹੁ ਖੋਵੈ॥ ਦੂਜਾ ਮੇਟੈ ਏਕੋ ਹੋਵੈ॥
ਜਗੁ ਕਰੜਾ ਮਨਮੁਖੁ ਗਾਵਾਰੁ॥ ਸਬਦੁ ਕਮਾਈਐ ਖਾਈਐ ਸਾਰੁ॥
ਅੰਤਰਿ ਬਾਹਰਿ ਏਕੋ ਜਾਣੈ॥ ਨਾਨਕ ਅਗਨਿ ਮਰੈ ਸਤਿਗੁਰ ਕੈ ਭਾਣੈ॥[26]

ਗੁਰਮੁਖ ਵਿਅਕਤੀ ਸ਼ਬਦ ਦੇ ਮਾਧਿਅਮ ਦੁਆਰਾ ਆਪਣੀ ਹਉਮੈ ਨੂੰ ਮਾਰ ਲੈਂਦਾ ਹੈ। ਇਥੇ ਸ਼ਬਦ ਬਹੁਤ ਹੀ ਵਿਸ਼ਾਲ ਅਰਥਾਂ ਦਾ ਧਾਰਨੀ ਅਤੇ ਕਾਰਜਸ਼ੀਲ ਮਾਧਿਅਮ ਹੈ, ਜਿਸ ਨੂੰ ਗ੍ਰਹਿਣ ਕਰਕੇ ਮਨੁੱਖ ਧਾਰਮਿਕ ਬਿਰਤੀ ਵਾਲਾ ਬਣ ਜਾਂਦਾ ਹੈ ਭਾਵ ਉਹ ਸੰਜਮ ਵਿਚ ਰਹਿਣ ਦੀ ਜਾਚ ਸਿੱਖ ਲੈਂਦਾ ਹੈ। ਗੁਰੂ ਨਾਨਕ ਦੇਵ ਜੀ ਸਮਝਾਉਂਦੇ ਹਨ ਕਿ ਜਗਤ ਅਤੇ ਇਸਦੀਆਂ ਤ੍ਰਿਸ਼ਨਾਵਾਂ ਬੜੀਆਂ ਕਠੋਰ ਹਨ। ਮਨਮੁੱਖ ਮਨੁੱਖ ਅਗਿਆਨਤਾ ਕਾਰਣ ਤ੍ਰਿਸ਼ਨਾਵਾਂ ਤੇ ਕਾਬੂ

ਨਹੀਂ ਪਾ ਸਕਦਾ ਪਰੰਤੂ ਜੇਕਰ ਸ਼ਬਦ ਦੀ ਸਾਧਨਾ ਕਰ ਲਈ ਜਾਵੇ ਤਾਂ ਇਸ ਕਠੋਰ ਵਜੂਦ ਵਾਲੇ ਵਿਸ਼ਵ ਨੂੰ ਜਿੱਤਿਆ ਜਾ ਸਕਦਾ ਹੈ। ਗੁਰੂ ਸਾਹਿਬ ਦਾ ਇਹ ਫਲਸਫ਼ਾ ਕੇਵਲ ਸਿਧਾਂ/ਨਾਥਾਂ/ਜੋਗੀਆਂ ਲਈ ਹੀ ਨਹੀਂ ਸਗੋਂ ਇਹ ਸਮੁੱਚੀ ਮਾਨਵਤਾ ਲਈ ਸਾਰਥਿਕ ਤੇ ਮਹੱਤਵਪੂਰਨ ਸੰਦੇਸ਼ ਹੈ ਜਿਸਨੂੰ ਗ੍ਰਹਿਣ ਕਰਕੇ ਮਨੁੱਖ ਕਠਿਨ ਤੋਂ ਕਠਿਨ ਪ੍ਰਸਥਿਤੀਆਂ ਨੂੰ ਸਹਿਜ ਸੁਭਾਅ ਹੀ ਪਾਰ ਕਰ ਲੈਂਦਾ ਹੈ।

ਸਿਧਾਂ/ਨਾਥਾਂ/ਜੋਗੀਆਂ ਦੀ ਸ਼ਬਦਾਵਲੀ ਵਿਚ ਇਕ ਹੋਰ ਖਿਆਲ ਜੋ ਸਿਧ ਗੋਸਟਿ ਬਾਣੀ-ਰਚਨਾ ਵਿਚ ਚਰਚਾ ਦਾ ਵਿਸ਼ਾ ਬਣਿਆ, ਉਹ 'ਸੁੰਨ' ਸ਼ਬਦ ਹੈ। ਗੁਰੂ ਨਾਨਕ ਦੇਵ ਜੀ 51 ਵੀਂ ਪਉੜੀ ਵਿਚ ਸਿਧਾਂ/ਨਾਥਾਂ/ਜੋਗੀਆਂ ਨੂੰ ਕਹਿੰਦੇ ਹਨ ਕਿ ਸੁੰਨ ਦਾ ਵਾਸਾ ਹਰ ਥਾਂ ਹੈ। ਜੋ ਮਨੁੱਖ ਤੁਰੀਯਾ ਅਵਸਥਾ ਦੇ ਸੁੰਨ ਨੂੰ ਜਾਣਦਾ ਹੈ, ਉਹ ਪਾਪ-ਪੁੰਨ ਤੋਂ ਅਲੇਪ ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦੇ ਚਿੰਤਨ ਭਰਪੂਰ ਉਤਰਾਂ ਤੋਂ ਪ੍ਰਭਾਵਿਤ ਹੋ ਕੇ ਸਿਧ/ਨਾਥ/ਜੋਗੀ ਉਤਸੁਕਤਾ ਭਰਪੂਰ ਵਹਿਣ ਵਿਚ ਵਹਿ ਜਾਂਦੇ ਹਨ। ਉਹ ਨਿਰੰਤਰ ਗਿਆਨ ਦੇ ਵਿਕਾਸ ਦੀ ਚਰਚਾ ਕਰਦੇ ਹਨ ਅਤੇ ਗੁਰੂ ਸਾਹਿਬ ਤੋਂ ਪੁੱਛਦੇ ਹਨ:

> ਸੁੰਨੋ ਸੁੰਨੁ ਕਹੈ ਸਭੁ ਕੋਈ॥
> ਅਨਹਤ ਸੁੰਨੁ ਕਹਾ ਤੇ ਹੋਈ॥
> ਅਨਹਤ ਸੁੰਨਿ ਰਤੇ ਸੇ ਕੈਸੇ॥[27]

ਸਿਧ/ਨਾਥ/ਜੋਗੀ ਪੁੱਛਦੇ ਹਨ ਕਿ ਹਰ ਕੋਈ ਇਸ ਪਰਮਾਤਮਾ ਨੂੰ ਨਿਰਗੁਣ 'ਸੁੰਨ' ਕਹਿੰਦਾ ਹੈ ਪਰ ਪਰਮਾਤਮਾ ਦੀ ਇਕ-ਰਸ ਪ੍ਰਾਪਤੀ ਕਿਵੇਂ ਹੋਵੇ? ਉਸ ਅਨਹਦ ਨਾਦ ਨਾਲ ਕਿਵੇਂ ਜੁੜਿਆ ਜਾ ਸਕਦਾ ਹੈ। ਜਿਹੜੇ ਵਿਅਕਤੀ ਉਸ ਨਾਲ ਇਕ-ਰਸ ਹੋ ਜਾਂਦੇ ਹਨ। ਉਹ ਕਿਹੋ ਜਿਹੇ ਹੁੰਦੇ ਹਨ? ਸਿਧਾਂ/ਨਾਥਾਂ/ਜੋਗੀਆਂ ਦੇ ਪ੍ਰਸ਼ਨਾਂ ਦਾ ਉੱਤਰ ਗੁਰੂ ਸਾਹਿਬ ਇਸ ਤਰ੍ਹਾਂ ਦਿੰਦੇ ਹਨ:

> ਜਿਸ ਤੇ ਉਪਜੇ ਤਿਸ ਹੀ ਜੈਸੇ॥

ਓਇ ਜਨਮਿ ਨ ਮਰਹਿ ਨ ਆਵਹਿ ਜਾਹਿ॥

ਨਾਨਕ ਗੁਰਮੁਖਿ ਮਨੁ ਸਮਝਾਹਿ॥[28]

ਉਕਤ ਬਾਣੀ-ਖੰਡ ਤੋਂ ਭਾਵ ਇਹ ਹੈ ਕਿ ਜੋ ਗੁਰੂ ਦੇ ਸ਼ਬਦ ਦੁਆਰਾ ਮਨ ਨੂੰ ਸਮਝਾ ਕੇ ਅਗਿਆਨਤਾ ਨੂੰ ਦੂਰ ਕਰ ਲੈਂਦੇ ਹਨ ਅਜਿਹੇ ਮਨੁੱਖ ਆਵਾਗਵਨ ਦੇ ਚੱਕਰ ਵਿਚ ਨਹੀਂ ਭਟਕਦੇ। ਇਸ ਤਰ੍ਹਾਂ ਸਿਧਾਂ/ਨਾਥਾਂ/ਜੋਗੀਆਂ ਦੇ ਪ੍ਰਸ਼ਨਾਂ ਦੀ ਲੜੀ ਨਿਰੰਤਰ ਜਾਰੀ ਰਹਿੰਦੀ ਹੈ ਅਤੇ ਗੁਰੂ ਨਾਨਕ ਦੇਵ ਜੀ ਆਪਣੇ ਅਧਿਆਤਮਕ ਅਨੁਭਵ ਰਾਹੀਂ ਉਹਨਾਂ ਨੂੰ ਸ਼ਬਦ ਗੁਰੂ ਦਾ ਸਹਿਜ-ਮਾਰਗ ਦਰਸਾਉਂਦੇ ਹਨ:

ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ॥

ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ॥

ਨਾਮੈ ਹੀ ਤੇ ਸਭੁ ਪਰਗਟੁ ਹੋਵੈ ਨਾਮੇ ਸੋਝੀ ਪਾਈ॥

ਬਿਨੁ ਨਾਵੈ ਭੇਖ ਕਰਹਿ ਬਹੁਤੇਰੇ ਸਚੈ ਆਪਿ ਖੁਆਈ॥

ਸਤਿਗੁਰ ਤੇ ਨਾਮੁ ਪਾਈਐ ਅਉਧੂ ਜੋਗ ਜੁਗਤਿ ਤਾ ਹੋਈ॥

ਕਰਿ ਬੀਚਾਰੁ ਮਨਿ ਦੇਖਹੁ ਨਾਨਕ ਬਿਨੁ ਨਾਵੈ ਮੁਕਤਿ ਨ ਹੋਈ॥[29]

ਸਾਰੀ ਵਿਚਾਰ ਚਰਚਾ ਦਾ ਤੱਤ ਸਾਰ 'ਸ਼ਬਦ' ਤੇ 'ਨਾਮ' ਦੀ ਮਹਿਮਾ ਵਿਚ ਦੱਸਦੇ ਹਨ। ਨਾਮ ਤੋਂ ਬਿਨ੍ਹਾਂ ਜੋਗ ਨਹੀਂ ਹੋ ਸਕਦਾ। ਨਾਮ ਤੋਂ ਹੀ ਅਸਲ ਸੁੱਖ, ਪੂਰਨ ਗਿਆਨ ਅਤੇ ਮੁਕਤੀ ਮਿਲਦੀ ਹੈ। ਇਹ ਨਾਮ ਗੁਰੂ ਤੋਂ ਪ੍ਰਾਪਤ ਹੁੰਦਾ ਹੈ। ਨਾਮ ਦੁਆਰਾ ਹੀ ਅਸਲ ਜੋਗ-ਜੁਗਤੀ ਦਾ ਗਿਆਨ ਹੁੰਦਾ ਹੈ। ਰੱਬ ਨੂੰ ਮਿਲਣ ਦੀ ਜੁਗਤੀ ਨਾਮ ਤੋਂ ਹੀ ਪ੍ਰਾਪਤ ਹੁੰਦੀ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਮਨ ਵਿਚ ਵਿਚਾਰ ਕਰ ਕੇ ਵੇਖੋ, ਨਾਮ ਤੋਂ ਬਿਨ੍ਹਾਂ ਹਉਮੈ ਦੂਰ ਨਹੀਂ ਹੁੰਦੀ ਅਤੇ ਮਾਇਆ ਦਾ ਬੰਧਨ ਟੁੱਟਦਾ ਨਹੀਂ। ਨਾਮ ਤੋਂ ਬਗ਼ੈਰ ਸਭ ਮਾਰਗ ਕੁਰਾਹੇ ਪਾਉਂਦੇ ਹਨ। ਅੰਤ ਵਿਚ ਪ੍ਰਸ਼ਨ-ਉੱਤਰ ਦੇ ਰੂਪ ਵਿਚ ਵਿਸ਼ੇ ਦੀ ਚਰਚਾ ਖ਼ਤਮ ਹੁੰਦੀ ਹੈ ਅਤੇ ਗੁਰੂ ਨਾਨਕ ਦੇਵ ਜੀ ਸਿੱਧੇ ਰੱਬ ਨੂੰ ਮੁਖ਼ਾਤਿਬ ਹੁੰਦੇ ਹਨ:

ਤੇਰੀ ਗਤਿ ਮਿਤਿ ਤੂਹੈ ਜਾਣਹਿ ਕਿਆ ਕੋ ਆਖਿ ਵਖਾਣੈ॥

ਤੂ ਆਪੇ ਗੁਪਤਾ ਆਪੇ ਪਰਗਟੁ ਆਪੇ ਸਭਿ ਰੰਗ ਮਾਣੈ॥

ਸਾਧਿਕ ਸਿਧ ਗੁਰੂ ਬਹੁ ਚੇਲੇ ਖੋਜਤ ਫਿਰਹਿ ਫੁਰਮਾਣੈ॥

ਮਾਗਹਿ ਨਾਮੁ ਪਾਇ ਇਹ ਭਿਖਿਆ ਤੇਰੇ ਦਰਸਨ ਕਉ ਕੁਰਬਾਣੈ॥

ਅਬਿਨਾਸੀ ਪ੍ਰਭਿ ਖੇਲੁ ਰਚਾਇਆ ਗੁਰਮੁਖਿ ਸੋਝੀ ਹੋਈ॥

ਨਾਨਕ ਸਭਿ ਜੁਗ ਆਪੇ ਵਰਤੈ ਦੂਜਾ ਅਵਰੁ ਨ ਕੋਈ॥[30]

ਉਪਰੋਕਤ ਬਾਣੀ-ਤੁਕਾਂ ਦਾ ਸਾਰ ਸਦੀਵੀ ਅਤੇ ਦੇਸ਼ ਕਾਲ ਦੀਆਂ ਹੱਦਾਂ ਤੋਂ ਪਾਰ ਵਿਸ਼ਵ-ਵਿਆਪੀ ਦ੍ਰਿਸ਼ਟੀਕੋਣ ਦਾ ਧਾਰਨੀ ਹੈ। ਗੁਰੂ ਸਾਹਿਬ ਪ੍ਰਮਾਤਮਾ ਨੂੰ ਮੁਖ਼ਾਤਿਬ ਹੋ ਕੇ ਕਹਿੰਦੇ ਹਨ ਕਿ ਹੇ ਪਰਮਾਤਮਾ ਤੂੰ ਕਿਹੋ ਜਿਹਾ ਤੇ ਕਿੱਡਾ ਵੱਡਾ ਹੈਂ? ਇਹ ਤੂੰ ਆਪ ਹੀ ਜਾਣਦਾ ਹੈਂ। ਤੂੰ ਆਪ ਹੀ ਪਰਗਟ ਹੈਂ ਤੇ ਆਪ ਹੀ ਗੁਪਤ ਹੈਂ। ਅਸੀਂ ਤੇਰੇ ਕੋਲੋਂ ਨਾਮ ਦੀ ਭਿੱਖਿਆ ਮੰਗਦੇ ਹਾਂ ਇਸ ਜਗਤ ਦੀ ਖੇਡ ਸਦੀਵੀ ਰਹਿਣ ਵਾਲੇ ਰੱਬ ਨੇ ਹੀ ਰਚੀ ਹੈ। ਇਹ ਸੋਝੀ ਗੁਰੂ ਦੇ ਰਾਹੀਂ ਹੀ ਪ੍ਰਾਪਤ ਹੁੰਦੀ ਹੈ।

ਸਿਧ ਗੋਸਟਿ ਬਾਣੀ-ਰਚਨਾ ਵਿਚ ਗੁਰੂ ਨਾਨਕ ਦੇਵ ਜੀ ਦਾ ਸਿਧਾਂ/ਨਾਥਾਂ/ਜੋਗੀਆਂ ਨਾਲ ਹੋਇਆ ਵਿਚਾਰ-ਵਟਾਂਦਰਾ ਅੰਕਿਤ ਹੈ। ਗੁਰੂ ਸਾਹਿਬ ਉਹਨਾਂ ਦੀ ਹਰ ਮਾਨਤਾ ਦੇ ਸਨਮੁੱਖ ਆਪਣੀ ਵਿਸ਼ਵ-ਦ੍ਰਿਸ਼ਟੀ ਨੂੰ ਪੇਸ਼ ਕਰਦੇ ਹਨ। ਸਿਧਾਂ/ਨਾਥਾਂ/ਜੋਗੀਆਂ ਦੁਆਰਾ ਬਹੁਤ ਹੀ ਬੁਨਿਆਦੀ ਤੇ ਦਾਰਸ਼ਨਿਕ ਸੰਕਲਪਾਂ ਵਾਲੇ ਪ੍ਰਸ਼ਨ ਉਠਾਏ ਗਏ ਹਨ ਅਤੇ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਗੁਰੂ ਸਾਹਿਬ ਨੇ ਵਿਸ਼ਵ-ਵਿਆਪੀ ਦਾਰਸ਼ਨਿਕ ਵਿਚਾਰਧਾਰਾ ਰਾਹੀਂ ਦਿੱਤੇ ਹਨ। ਉਹਨਾਂ ਦੇ ਪ੍ਰਸ਼ਨਾਂ ਪ੍ਰਤਿ ਗੁਰੂ ਨਾਨਕ ਦੇਵ ਜੀ ਦੁਆਰਾ ਦਿੱਤੇ ਉੱਤਰਾਂ ਵਿਚ ਗੁਰੂ ਸਾਹਿਬ ਦੀ ਚੇਤਨਤਾ ਦਾ ਬਿਰਤਾਂਤ ਹੈ। ਇਹ ਚੇਤਨਤਾ ਬਿਰਤਾਂਤ ਸਿਧਾਂ/ਨਾਥਾਂ/ਜੋਗੀਆਂ ਦੇ ਸਮਾਜ ਪ੍ਰਤਿ ਭਾਂਜਵਾਦੀ ਵਿਚਾਰਾਂ ਤੇ ਉਹਨਾਂ ਦੀ ਸਮਾਜਿਕ ਦ੍ਰਿਸ਼ਟੀ ਤੇ ਸੋਚ ਪ੍ਰਕਿਰਿਆ ਨੂੰ ਪੂਰਨ ਤੌਰ ਤੇ ਬਦਲਣ ਵਿਚ ਸਹਾਈ ਹੁੰਦਾ ਹੈ। ਗੁਰੂ ਸਾਹਿਬ ਦੀ ਇਸ ਚੇਤਨਤਾ ਬਿਰਤਾਂਤ ਦਾ ਅਕਸ ਸਦੀਵੀ ਅਕਸ ਬਣ

ਗਿਆ ਹੈ ਜਿਹੜਾ ਅਜੋਕੀਆਂ ਵਿਸ਼ਵੀ ਪ੍ਰਸਥਿਤੀਆਂ ਵਿਚ ਵੀ ਇਕ ਵਿਸ਼ਵੀ ਸਮਾਜ ਦੀ ਸਥਾਪਨਾ ਵੱਲ ਅਗਰਸਰ ਹੈ।

### (ਅ) ਵਿਸ਼ਵੀ ਪ੍ਰਸਥਿਤੀਆਂ ਵਿਚ ਗੁਰੂ ਨਾਨਕ ਵਿਚਾਰਧਾਰਾ ਦੀ ਸਾਰਥਿਕਤਾ

ਪੰਜਾਬੀ ਸਾਹਿਤ ਜਗਤ ਦੇ ਖੇਤਰ ਵਿਚ ਇੰਨੀ ਵਿਸ਼ਾਲ, ਗੰਭੀਰ ਅਤੇ ਦਾਰਸ਼ਨਿਕ ਵਿਸ਼ੇ ਨਾਲ ਪਰਿਪੂਰਨ ਕੋਈ ਹੋਰ ਰਚਨਾ ਸਿਧ ਗੋਸਟਿ ਦੇ ਬਰਾਬਰ ਨਹੀਂ ਹੈ। ਗੁਰੂ ਨਾਨਕ ਦੇਵ ਜੀ ਦੀ ਸਮੁੱਚੀ ਬਾਣੀ-ਰਚਨਾ ਵਿਚ ਵੀ ਇਸਦਾ ਸਥਾਨ ਅਦੁੱਤੀ ਹੈ। ਇਸ ਰਚਨਾ ਵਿਚ ਜੋਗ-ਮਾਰਗ ਦੀ ਸਿਧਾਂਤਕ ਸ਼ਬਦਾਵਲੀ ਦਾ ਭਰਪੂਰ ਪ੍ਰਯੋਗ ਹੋਇਆ ਮਿਲਦਾ ਹੈ। ਸਿਧ ਗੋਸਟਿ ਬਾਣੀ-ਰਚਨਾ ਵਿਚ ਗੁਰੂ ਸਾਹਿਬ ਨੇ ਵਾਰਤਾਲਾਪ ਜਾਂ ਸੰਵਾਦ ਨੂੰ ਮਾਧਿਅਮ ਬਣਾਉਂਦਿਆਂ ਹੋਇਆਂ ਆਪਣੇ ਅਧਿਆਤਮਕ ਵਿਚਾਰ-ਜਗਤ ਦੇ ਦਰਸ਼ਨ ਕਰਵਾਏ ਹਨ। ਸਿਧ ਗੋਸਟਿ ਬਾਣੀ ਗੁਰੂ ਸਾਹਿਬ ਦੁਆਰਾ ਰਚਿਤ ਇਕ ਉਤਕ੍ਰਿਸ਼ਟ ਦਾਰਸ਼ਨਿਕ ਰਚਨਾ ਹੈ। ਦਰਸ਼ਨ ਹਮੇਸ਼ਾਂ ਕਿਸੇ ਪਰਾਭੌਤਿਕ ਜਾਂ ਅਣਦਿਸਦੇ ਦੀ ਖੋਜ ਕਰਦਾ ਹੈ, ਜਿਸਦਾ ਸੰਬੰਧ ਜੀਵਨ ਨਾਲ ਹੁੰਦਾ ਹੈ। ਇਸ ਬਾਣੀ-ਰਚਨਾ ਦਾ ਦਾਰਸ਼ਨਿਕ ਪ੍ਰਬੰਧ ਸਮੁੱਚੀ ਮਾਨਵ ਜਾਤੀ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ ਅਤੇ ਇਸ ਵਿਚ ਜੀਵਨ ਸੰਬੰਧੀ ਅਜਿਹੇ ਸੂਖ਼ਮ, ਬੁਨਿਆਦੀ ਅਤੇ ਦਾਰਸ਼ਨਿਕ ਮਸਲਿਆਂ ਨੂੰ ਵਿਚਾਰਿਆ ਗਿਆ ਹੈ ਜੋ ਅਜੋਕੀਆਂ ਵਿਸ਼ਵੀ-ਪ੍ਰਸਥਿਤੀਆਂ ਵਿਚ ਸਮੁੱਚੀ ਮਾਨਵਤਾ ਦੀ ਅਗਵਾਈ ਕਰਦੇ ਪ੍ਰਤੀਤ ਹੁੰਦੇ ਹਨ।

ਸਿਧ ਗੋਸਟਿ ਬਾਣੀ-ਰਚਨਾ ਦਾ ਮੁਹਾਵਰਾ ਦਾਰਸ਼ਨਿਕ ਹੁੰਦਾ ਹੋਇਆ ਵੀ ਸਾਹਿਤਕ ਅਤੇ ਲੋਕ-ਮੁੱਖੀ ਹੈ। ਇਸ ਰਚਨਾ ਦੀ ਸਮੁੱਚੀ ਸ਼ੈਲੀ ਵਾਦ-ਵਿਵਾਦ ਵਾਲੀ ਨਹੀਂ ਸਗੋਂ ਪ੍ਰਸ਼ਨੋਤਰੀ ਹੈ ਜਿਸ ਵਿਚ ਸੰਵਾਦੀ ਮਾਧਿਅਮ ਦੁਆਰਾ ਦਿੱਤੇ ਗਏ ਸਿੱਧੇ ਬਿਆਨ ਰਾਹੀਂ ਗੁਰੂ ਨਾਨਕ ਦੇਵ ਜੀ ਨੇ ਆਪਣੇ ਵਿਚਾਰ ਅਭਿਵਿਅਕਤ ਕੀਤੇ ਹਨ। ਇਹ ਵਿਚਾਰ ਵਿਸ਼ਵ ਦ੍ਰਿਸ਼ਟੀ ਦੇ ਅਨੁਕੂਲ ਅਤੇ ਜਨ-ਸਾਧਾਰਨ ਦੀ ਸਮਝ ਪ੍ਰਤਿ ਵੀ ਕਾਰਜਸ਼ੀਲ ਅਤੇ ਸਾਰਥਿਕ ਭੂਮਿਕਾ ਨਿਭਾਉਂਦੇ ਹਨ।

ਸਿਧਾਂ/ਨਾਥਾਂ/ਜੋਗੀਆਂ ਦੀ ਸਾਧਨਾਂ ਦਾ ਢੰਗ ਸਮੂਹਿਕ ਅਜ਼ਾਦੀ ਜਾਂ ਸਮੂਹਿਕ ਮੁਕਤੀ ਦਾ ਪਲੇਟਫ਼ਾਰਮ ਨਹੀਂ ਸੀ। ਉਹਨਾਂ ਦੀ ਸਾਧਨਾ ਰਾਹੀਂ ਮਾਇਆ ਅਨੁਸਾਰੀ, ਮਨੋਰਥ, ਖ਼ੁਦਗਰਜ਼ੀ, ਲਾਲਚ ਅਤੇ ਹਉਮੈ ਆਦਿ ਮਨ ਵਿਚੋਂ ਦੂਰ ਨਹੀਂ ਹੋ ਸਕਦੇ ਸਨ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਨੂੰ ਦੂਰ ਕਰਨ ਦਾ ਢੰਗ 'ਨਾਮ' ਦੱਸਿਆ ਹੈ:

ਨਾਮੇ ਰਾਤੇ ਹਉਮੈ ਜਾਇ॥
ਨਾਮਿ ਰਤੇ ਸਚਿ ਰਹੇ ਸਮਾਇ॥
ਨਾਮਿ ਰਤੇ ਜੋਗ ਜੁਗਤਿ ਬੀਚਾਰੁ॥
ਨਾਮਿ ਰਤੇ ਪਾਵਹਿ ਮੋਖ ਦੁਆਰੁ॥
ਨਾਮਿ ਰਤੇ ਤ੍ਰਿਭਵਣ ਸੋਝੀ ਹੋਇ॥
ਨਾਨਕ ਨਾਮਿ ਰਤੇ ਸਦਾ ਸੁਖੁ ਹੋਇ॥[31]

ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਨਾਮ ਕੀ ਹੈ ਅਤੇ ਨਾਮ ਕਿਸਦਾ ਲੈਣਾ ਹੈ? ਨਾਮ ਤੋਂ ਭਾਵ ਵੱਖ-ਵੱਖ ਮਜ਼ਹਬਾਂ ਦੇ ਰੱਬ ਦੇ ਰੱਖੇ ਹੋਏ ਨਾਮ - ਰੱਬ, ਪ੍ਰਭੂ, ਪ੍ਰਮਾਤਮਾ, ਵਾਹਿਗੁਰੂ, ਅੱਲ੍ਹਾ, ਖ਼ੁਦਾ ਜਾਂ ਗੌਡ (God) ਨਹੀਂ ਹੈ। ਨਾਮ ਦਾ ਮਤਲਬ ਰੱਬ ਸੰਬੰਧੀ ਗਿਆਨ ਹੈ। ਨਾਮ ਸਿਰਫ਼ ਦਿਮਾਗ਼ੀ ਪੱਧਰ ਤੇ ਹੀ ਨਹੀਂ ਸਗੋਂ ਇਹ ਦਿਲ ਤੇ ਦਿਮਾਗ਼ ਦੋਹਾਂ ਦੀ ਪੂਰਨ ਸਖ਼ਸ਼ੀਅਤ ਦੇ ਰੋਮ-ਰੋਮ ਵਿਚ ਰਚਿਆ ਹੋਇਆ ਅਹਿਸਾਸ ਹੈ। ਗੁਰਮਤਿ ਵਿਚ ਨਾਮ ਗੁਰਬਾਣੀ ਦੀ ਵਸਤੂ ਅਤੇ ਉਸਦੀ ਸਹੀ ਸਮਝ ਹੈ। ਲੋਕ-ਬੋਲੀ ਵਿਚ ਨਾਮ ਦਾ ਅਰਥ ਮਾਇਕ ਤ੍ਰਿਸ਼ਨਾਵਾਂ ਦੇ ਉਲਟ ਲੋਕ-ਹਿੱਤ ਤੇ ਸਰਬੱਤ ਦੇ ਭਲੇ ਦੀ ਚੇਤਨਤਾ ਦਾ ਸੱਚ ਹੈ। ਗੁਰਬਾਣੀ ਵਿਚ ਮਾਇਆ ਜਾਂ ਪੂੰਜੀ ਅਤੇ ਪੂੰਜੀਪਤੀਆਂ ਦੇ ਨਿਜ਼ਾਮ ਦੇ ਵਿਰੁੱਧ ਰੱਬੀ ਨਾਮ ਰਾਹੀਂ, ਸਮਾਜਿਕ ਇਨਕਲਾਬ ਦੀ ਚੇਤਨਤਾ ਦਿੱਤੀ ਜਾ ਰਹੀ ਹੈ। ਇਸ ਚੇਤਨਤਾ ਨੂੰ ਗ੍ਰਹਿਣ ਕਰਕੇ, ਇਸ ਨੂੰ ਸਮਾਜਿਕ ਪੱਧਰ ਤੇ ਅਮਲ ਵਿਚ ਲਿਆ ਕੇ ਹੀ ਮਾਇਕ ਤ੍ਰਿਸ਼ਨਾਵਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਇਥੇ ਇਹ ਗੱਲ ਵੀ ਵਰਨਣਯੋਗ ਹੈ ਕਿ ਗੁਰੂ ਨਾਨਕ ਬਾਣੀ ਵਿਚ ਮਾਇਕ ਤ੍ਰਿਸ਼ਨਾਵਾਂ ਤੋਂ ਭਾਵ

ਗ੍ਰਹਿਸਤੀ ਜੀਵਨ ਤੋਂ ਭਾਂਜਵਾਦੀ ਦਾ ਸੰਕਲਪ ਨਹੀਂ ਹੈ, ਸਗੋਂ ਕਿਰਤ ਕਰਕੇ, ਸਹਿਜ ਰੂਪ ਵਿਚ, ਮਾਇਕ ਲੋੜਾਂ ਦੀ ਪੂਰਤੀ ਕਰਨਾ ਹੈ ਨਾ ਕਿ ਦੂਜਿਆਂ ਦਾ ਹੱਕ ਮਾਰ ਕੇ ਪੈਸਾ ਕਮਾਉਣਾ। ਗੁਰੂ ਸਾਹਿਬ ਆਪਣੇ ਪ੍ਰਵਚਨ ਰਾਹੀਂ ਇਸ ਗੱਲ ਦੀ ਪੁਸ਼ਟੀ ਕਰਦੇ ਹਨ:

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥[32]

ਸਿਧ ਗੋਸਟਿ ਬਾਣੀ-ਰਚਨਾ ਦਾ ਵਿਸ਼ਾ ਸਿਧ ਸੰਪ੍ਰਦਾਇ ਤੇ ਗੁਰੂ ਨਾਨਕ ਦ੍ਰਿਸ਼ਟੀ ਦੇ ਸੰਵਾਦ ਵਿਚੋਂ ਨਿਕਲਿਆ ਇਕ ਅਜਿਹਾ ਸਿਧਾਂਤ ਹੈ ਜੋ ਇਕ ਆਦਰਸ਼ਕ ਮਨੁੱਖ ਦੀ ਚਰਿੱਤਰ ਉਸਾਰੀ ਦੀ ਘਾੜ੍ਹਤ ਗੁਰਮੁਖ ਦੇ ਰੂਪ ਵਿਚ ਕਰਦਾ ਹੈ। ਸਮੁੱਚੀ ਗੁਰੂ ਨਾਨਕ ਬਾਣੀ ਦੀ ਸੰਰਚਨਾ ਇਸ ਕੇਂਦਰੀ ਥੀਮ ਗੁਰਮੁਖ ਤੇ ਹੀ ਅਧਾਰਿਤ ਹੈ। ਗੁਰੂ ਸਾਹਿਬ ਨੇ ਗੁਰਮੁਖ ਜਾਂ ਆਦਰਸ਼ਕ ਮਨੁੱਖ ਦੇ ਮਾਨਵੀ ਚਰਿੱਤਰ ਦੇ ਸੰਗਠਨ ਵਿਚ ਗਿਆਨ ਤੇ ਨੈਤਿਕਤਾ ਦੇ ਦਵੰਧ ਨੂੰ ਬੁਨਿਆਦੀ ਰਿਸ਼ਤਾ ਬਣਾਇਆ। ਇਸ ਪ੍ਰਕਿਰਿਆ ਨੂੰ ਸਮਝਣ ਲਈ ਜਪੁਜੀ ਸਾਹਿਬ ਬਾਣੀ-ਰਚਨਾ ਦੀ ਅੰਤਲੀ ਪਉੜੀ ਨੂੰ ਵੇਖਿਆ ਜਾ ਸਕਦਾ ਹੈ।[33] ਜਿਸ ਵਿਚ ਗਿਆਨ ਤੇ ਨੈਤਿਕਤਾ ਦਾ ਅਧਾਰ ਸ਼ਬਦ ਨੂੰ ਦੱਸਿਆ ਹੈ। ਸਿਧ ਗੋਸਟਿ ਬਾਣੀ-ਰਚਨਾ ਵਿਚ ਵੀ ਗੁਰਮੁਖ ਚਰਿੱਤਰ ਦੀ ਉਸਾਰੀ ਦਾ ਬੁਨਿਆਦੀ ਅਧਾਰ ਸ਼ਬਦ ਨੂੰ ਹੀ ਬਣਾਇਆ ਗਿਆ ਹੈ। ਰਚਨਾ ਦੇ ਸ਼ੁਰੂ ਵਿਚ ਵੀ ਜਦੋਂ ਚਰਪਟ ਨਾਥ, ਗੁਰੂ ਸਾਹਿਬ ਨੂੰ ਪ੍ਰਸ਼ਨ ਕਰਦਾ ਹੈ ਕਿ ਸੰਸਾਰ ਸਮੁੰਦਰ ਨੂੰ ਪਾਰ ਕਰਨਾ ਕਠਿਨ ਹੈ, ਇਸ ਨੂੰ ਕਿਵੇਂ ਪਾਰ ਕੀਤਾ ਜਾਵੇ? ਤੁਸੀਂ ਇਸ ਸਮੱਸਿਆ ਦਾ ਹੱਲ ਦੱਸੋ? ਇਸ ਪ੍ਰਸ਼ਨ ਦਾ ਉੱਤਰ ਗੁਰੂ ਨਾਨਕ ਦੇਵ ਜੀ ਇਸ ਤਰ੍ਹਾਂ ਦਿੰਦੇ ਹਨ:

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥[34]

ਅਰਥਾਤ ਭਵਸਾਗਰ ਨੂੰ ਤਰਨਾ ਸ਼ਬਦ ਵਿਚ ਸੁਰਤਿ ਲਗਾਉਣਾ ਹੈ। ਸ਼ਬਦ ਦੁਆਰਾ ਐਸੀ ਨਾਮ ਮੂਲਕ ਦ੍ਰਿਸ਼ਟੀ ਮਿਲਦੀ ਹੈ ਜਿਸ ਰਾਹੀਂ ਮਨੁੱਖ ਇਸ ਦੁਨੀਆਂ ਰੂਪੀ ਭਵਸਾਗਰ ਦੀ ਗਹਿਰ-ਗੰਭੀਰ ਹਕੀਕਤ ਨੂੰ ਸਮਝ ਜਾਂਦਾ ਹੈ। ਗੁਰੂ ਨਾਨਕ ਵੈਰਾਗੀ ਤੇ ਸੰਸਾਰੀ ਦੋਹਾਂ ਦਾ ਸੰਬੰਧ

ਸ਼ਬਦ ਰਾਹੀਂ ਜੋੜਦੇ ਹਨ। ਉਹ ਸ਼ਬਦ ਦੁਆਰਾ ਇਕ ਐਸੀ ਮਾਨਸਿਕ ਵਿੱਥ ਦਾ ਪ੍ਰਬੰਧ ਸਿਰਜ ਲੈਂਦੇ ਹਨ ਜਿਸ ਦੇ ਧਰਾਤਲ ਤੇ ਮਨੁੱਖ ਪਦਾਰਥਕ ਸੰਸਾਰ ਵਿਚ ਰਹਿੰਦਾ ਹੋਇਆ ਉਸਦੀ ਸਾਰਥਿਕਤਾ ਨੂੰ ਸਮਝ ਰਿਹਾ ਹੁੰਦਾ ਹੈ। ਕਹਿਣ ਤੋਂ ਭਾਵ ਗੁਰੂ ਨਾਨਕ ਦੇਵ ਜੀ ਨੇ ਸ਼ਬਦ ਦੀ ਮਹੱਤਤਾ ਦੁਆਰਾ ਗੁਰਮੁਖ ਦੀ ਸਿਰਜਨਾ ਕੀਤੀ ਅਤੇ ਇਹ ਗੁਰਮੁਖ ਹੀ ਇਕ ਵਿਕਾਸਸ਼ੀਲ ਅਤੇ ਨਰੋਏ ਵਿਸ਼ਵੀ-ਸਮਾਜ ਦੀ ਸਿਰਜਣਾ ਵੱਲ ਰੁਚਿਤ ਹੁੰਦਾ ਹੈ।

ਸਿਧ/ਨਾਥ/ਜੋਗੀ ਸਮਾਜ ਨੂੰ ਤਿਆਗ ਕੇ ਨਿੱਜਵਾਦੀ ਅਸਮਾਜਿਕ ਜੀਵਨ ਬਤੀਤ ਕਰਦੇ ਸਨ। ਉਹ ਸਵੈ-ਮੁਕਤੀ ਲਈ ਯਤਨ ਕਰਦੇ ਹੋਏ ਸਮਾਜ ਸਵੀਕਾਰਤ ਨੈਤਿਕ ਕਾਰਜਾਂ ਦੀ ਥਾਂ ਤੇ ਨਿੱਜਵਾਦੀ ਕਾਰਜਾਂ ਤੇ ਅਧਾਰਿਤ ਜੀਵਨ ਜਿਉਂਦੇ ਸਨ ਪਰੰਤੂ ਗੁਰੂ ਨਾਨਕ ਦੇਵ ਜੀ ਨੇ ਸਵੈ-ਮੁਕਤੀ ਦੀ ਥਾਂ, ਸਮੂਹਿਕ ਮੁਕਤੀ ਦੀ ਗੱਲ ਕੀਤੀ ਹੈ। ਸਿਧ ਗੋਸਟਿ ਬਾਣੀ-ਰਚਨਾ ਦਾ ਵਿਸ਼ਾ ਵੀ ਮੁਕਤੀ ਦੀ ਪ੍ਰਾਪਤੀ ਅਤੇ ਆਤਮਿਕ ਕਲਿਆਣ ਦੀ ਪ੍ਰਾਪਤੀ ਲਈ ਨਿਰੋਲ ਤੇ ਸਾਰਥਿਕ ਯਤਨ ਹੈ। ਇਸ ਬਾਣੀ-ਰਚਨਾ ਵਿਚ ਅਧਿਆਤਮਕ ਪ੍ਰਸ਼ਨ-ਉੱਤਰ ਪ੍ਰਸਤੁਤ ਹੋਏ ਹਨ। ਸਿਧਾਂ/ਨਾਥਾਂ/ਜੋਗੀਆਂ ਨੇ ਗੁਰੂ ਸਾਹਿਬ ਤੋਂ ਅਧਿਆਤਮਕ ਮਾਰਗ ਅਤੇ ਮੁਕਤੀ ਦੇ ਸੰਕਲਪ ਬਾਰੇ ਕਾਫ਼ੀ ਕੁਝ ਗ੍ਰਹਿਣ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੁਕਤੀ ਤੋਂ ਭਾਵ ਗ੍ਰਹਿਸਤ ਜਾਂ ਸਮਾਜ ਤੋਂ ਮੁਕਤ ਹੋਣਾ ਨਹੀਂ ਸਗੋਂ ਮੁਕਤ ਤਾਂ ਮਨ ਤੋਂ ਹੋਣਾ ਹੈ। ਮੁਕਤੀ ਦਾ ਮਾਰਗ ਗੁਰੂ ਰਾਹੀਂ ਪਤਾ ਲੱਗਦਾ ਹੈ ਜਿਸ ਰਾਹੀਂ ਮਨੁੱਖ ਮਨ ਤੋਂ ਮੁਕਤ ਹੋ ਕੇ ਪਰਮ-ਆਤਮਾ ਵਿਚ ਸਮਾ ਜਾਂਦਾ ਹੈ:

ਗੁਰ ਬਚਨੀ ਅਵਿਗਤਿ ਸਮਾਈਐ
ਤਤੁ ਨਿਰੰਜਨੁ ਸਹਜਿ ਲਹੈ॥[35]

ਸਿਧ ਗੋਸਟਿ ਬਾਣੀ-ਰਚਨਾ ਵਿਚ ਗੁਰੂ ਨਾਨਕ ਦੇਵ ਜੀ ਨੇ ਮੁਕਤੀ ਦਾ ਮਾਰਗ ਗੁਰੂ ਦੁਆਰਾ, ਸ਼ਬਦ ਦੁਆਰਾ ਅਤੇ ਨਾਮ ਦੁਆਰਾ ਦ੍ਰਿਸ਼ਟੀਗੋਚਰ ਕੀਤਾ ਹੈ। ਗੁਰੂ ਸਾਹਿਬ ਨੇ ਸਿਧਾਂ/ਨਾਥਾਂ/ਜੋਗੀਆਂ ਦੇ ਪ੍ਰਸ਼ਨਾ ਦਾ ਉੱਤਰ ਦਿੰਦੇ ਹੋਇਆਂ ਨਾਮ ਦੀ ਉੱਚਤਤਾ ਨੂੰ ਦਰਸਾਇਆ ਹੈ:

ਸਤਿਗੁਰ ਤੇ ਨਾਮੁ ਪਾਈਐ ਅਉਧੂ ਜੋਗ ਜੁਗਤਿ ਤਾ ਹੋਈ।।

ਕਰਿ ਬੀਚਾਰੁ ਮਨਿ ਦੇਖਹੁ ਨਾਨਕ ਬਿਨੁ ਨਾਵੈ ਮੁਕਤਿ ਨ ਹੋਈ।।[36]

ਇਥੇ ਮੁਕਤੀ ਤੋਂ ਭਾਵ ਮਨ ਮੁੱਖੀ ਚੰਚਲ ਮਨ ਤੋਂ ਮੁਕਤ ਹੋਣਾ ਹੈ। ਗੁਰੂ ਸਾਹਿਬ ਦੁਆਰਾ ਦੱਸੇ ਸ਼ਬਦ ਤੇ ਨਾਮ ਦਾ ਨਿਰੰਤਰ ਅਭਿਆਸ ਕਰਕੇ ਮਨੋਬਿਰਤੀਆਂ ਉੱਪਰ ਕਾਬੂ ਪਾਉਣਾ ਹੈ। ਇਸ ਤਰ੍ਹਾਂ ਮਨੁੱਖ ਲਾਲਸਾਵਾਂ ਅਤੇ ਤ੍ਰਿਸ਼ਨਾਵਾਂ ਦੇ ਭਰਮ-ਭੁਲੇਖਿਆਂ ਤੋਂ ਮੁਕਤ ਹੋ ਜਾਂਦਾ ਹੈ, ਜਦੋਂ ਮਨੁੱਖ ਵਿਚੋਂ ਲਾਲਸਾਵਾਂ ਜਾਂ ਤ੍ਰਿਸ਼ਨਾਵਾਂ ਦੀ ਭਟਕਣ ਖਤਮ ਹੋ ਜਾਂਦੀ ਹੈ ਤਾਂ ਕੁਦਰਤੀ ਹੈ ਕਿ ਅਜਿਹਾ ਮਨੁੱਖ ਗੁਰਮੁਖ ਵਿਚਾਰਾਂ ਦਾ ਧਾਰਨੀ ਹੋ ਜਾਵੇਗਾ।

ਭਾਰਤੀ ਦਰਸ਼ਨ ਵਿਚ ਪਰਮਾਰਥਵਾਦੀ ਵਿਚਾਰਧਾਰਾ ਦੀ ਪ੍ਰਮੁੱਖ ਭੂਮਿਕਾ ਰਹੀ ਹੈ। ਇਸ ਧਾਰਾ ਦੀਆਂ ਅੱਗੇ ਕਈ ਵਿਚਾਰ-ਪ੍ਰਣਾਲੀਆਂ ਹਨ ਜੋ ਜੀਵ, ਪ੍ਰਕ੍ਰਿਤੀ ਅਤੇ ਪ੍ਰਭੂ ਦੇ ਵਿਭਿੰਨ ਸਰੋਕਾਰਾਂ ਨਾਲ ਅੰਤਰ-ਸੰਬੰਧਿਤ ਹਨ। ਭਾਰਤੀ ਦਰਸ਼ਨ ਦੀਆਂ ਲਗਭਗ ਇਹ ਸਾਰੀਆਂ ਵਿਚਾਰ-ਪ੍ਰਣਾਲੀਆਂ ਇਸ ਗੱਲ ਤੇ ਸਹਿਮਤ ਹਨ ਕਿ ਜੀਵ ਇਸ ਜਗਤ ਵਿਚ ਆਪਣੇ ਕੀਤੇ ਕਰਮਾਂ ਦਾ ਫਲ ਭੋਗਣ ਆਉਂਦਾ ਹੈ ਅਤੇ ਜੀਵ ਦਾ ਪਰਮ ਲਕਸ਼ ਇਸ ਆਵਾਗਵਨ ਦੇ ਚੱਕਰ ਤੋਂ ਮੁਕਤੀ ਪ੍ਰਾਪਤ ਕਰਨਾ ਹੈ। ਉਪਰੋਕਤ ਵਿਚਾਰ ਦੀ ਸਾਰਥਿਕਤਾ ਨੂੰ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ-ਰਚਨਾ ਵਿਚ ਇਸ ਤਰ੍ਹਾਂ ਦ੍ਰਿਸ਼ਟੀਗੋਚਰ ਕੀਤਾ ਹੈ:

ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ।।

ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ।।[37]

ਗੁਰੂ ਨਾਨਕ ਦੇਵ ਜੀ ਅਨੁਸਾਰ ਆਵਾਗਵਨ ਦਾ ਚੱਕਰ ਗੁਰੂ ਦੇ ਸ਼ਬਦ ਰਾਹੀਂ ਦੂਰ ਹੁੰਦਾ ਹੈ:

ਸੋ ਬੁਝੈ ਜਿਸੁ ਆਪਿ ਬੁਝਾਏ ਗੁਰ ਕੈ ਸਬਦਿ ਸੁ ਮੁਕਤੁ ਭਇਆ।।

ਨਾਨਕ ਤਾਰੇ ਤਾਰਣਹਾਰਾ ਹਉਮੈ ਦੂਜਾ ਪਰਹਰਿਆ।।[38]

ਆਵਾਗਵਨ ਮਾਇਆ ਦਾ ਅੰਗ ਹੈ, ਇਸ ਦਾ ਰੰਗ ਹੈ ਅਤੇ ਇਸਦਾ ਸਿਲਸਲਾ ਹੈ। ਗੁਰੂ ਦਾ ਸ਼ਬਦ ਹਉਮੈ ਨੂੰ ਖਤਮ ਕਰਦਾ ਹੈ। ਸ਼ਬਦ ਵਿਚ ਲੀਨ ਹੋਏ ਮਨੁੱਖ ਦੀ ਪਰਖ ਰੱਬ ਆਪ ਹੀ

ਕਰ ਲੈਂਦਾ ਹੈ ਅਤੇ ਉਸ ਤੇ ਦਇਆ ਕਰਦਾ ਹੈ। ਦੂਜੇ ਭਾਵ ਦੇ ਕਾਰਣ ਮਨਮੁੱਖ ਮਾਇਆ ਵਿਚ ਰੁਝਿਆ ਹੋਣ ਕਰਕੇ ਸਾਰੇ ਰਸਾਂ ਦਾ ਘਰ ਭੁੱਲ ਜਾਂਦਾ ਹੈ ਅਤੇ ਇਹਨਾਂ ਝੂਠਿਆਂ ਨੂੰ ਹਉਮੈ ਦੀ ਪੀੜ ਸਤਾਉਂਦੀ ਹੈ। ਗੁਰੂ ਦੇ ਸ਼ਬਦ ਵਿਚ ਲੀਨ ਹੋ ਕੇ ਗੁਰਮੁਖ ਇਸ ਹਉਮੈ ਨੂੰ ਤਿਆਗ ਕੇ ਅਜ਼ਾਦ ਹੋ ਜਾਂਦਾ ਹੈ। ਜਿਸ ਨੇ ਹਉਮੈ, ਖ਼ੁਦਗਰਜ਼ੀ ਤੇ ਦੂਜੇ ਭਾਵ ਨੂੰ ਤਿਆਗ ਦਿੱਤਾ ਹੈ। ਉਸ ਨੂੰ ਤਾਰਨਹਾਰਾ ਆਪ ਹੀ ਤਾਰ ਲੈਂਦਾ ਹੈ।

ਸਿਧ ਗੋਸਟਿ ਬਾਣੀ-ਰਚਨਾ ਵਿਚ ਮੁਕਤੀ ਦੇ ਉਪਰੋਕਤ ਸਰੋਕਾਰਾਂ ਨੂੰ ਪ੍ਰਵਾਨ ਕੀਤਾ ਗਿਆ ਹੈ ਪਰੰਤੂ ਗੁਰੂ ਸਾਹਿਬ ਦਾ ਸੰਕਲਪ ਬਿਲਕੁਲ ਨਿਵੇਕਲਾ ਤੇ ਵਿਲੱਖਣ ਹੈ ਉਹਨਾਂ ਨੇ ਮੁਕਤੀ ਨੂੰ ਕਿਸੇ ਅਣਡਿੱਠੇ ਭੌਤਿਕ-ਜਗਤ ਦੀ ਵਸਤੂ ਨਹੀਂ ਸਮਝਿਆ ਸਗੋਂ ਜੀਵਨ-ਮੁਕਤੀ ਨੂੰ ਪ੍ਰਵਾਨ ਕੀਤਾ ਹੈ। ਹਉਮੈ ਦਾ ਤਿਆਗ, ਨਾਮ ਜਪਣਾ, ਪਰਉਪਕਾਰ ਕਰਨਾ, ਸੇਵਾ ਕਰਨੀ, ਪਰਮ-ਆਤਮਾ ਨਾਲ ਇਕਸੁਰ ਹੋਣਾ ਹੀ ਜੀਵਨ-ਮੁਕਤੀ ਦੀ ਅਵਸਥਾ ਹੈ। ਜਦੋਂ ਮਨੁੱਖ ਵਿਚ ਇਹ ਭਾਵਨਾਵਾਂ ਉਤਪੰਨ ਹੋ ਜਾਂਦੀਆਂ ਹਨ ਤਾਂ ਉਹ ਹਰ ਤਰ੍ਹਾਂ ਦੀਆਂ ਪ੍ਰਸਥਿਤੀਆਂ ਵਿਚ ਵਿਸ਼ਵ-ਵਿਆਪੀ ਦ੍ਰਿਸ਼ਟੀ ਤਹਿਤ ਸਮੁੱਚੇ ਮਾਨਵੀ ਹਿੱਤਾਂ ਦੀ ਰਾਖੀ ਲਈ ਕਾਰਜਸ਼ੀਲ ਤੇ ਸਾਰਥਿਕ ਦ੍ਰਿਸ਼ਟੀਕੋਣ ਅਪਣਾ ਲੈਂਦਾ ਹੈ।

ਗੁਰਬਾਣੀ ਸਦਾਚਾਰ ਅਰਥਾਤ ਨੈਤਿਕਤਾ ਨੂੰ ਲੋਕਾਈ ਵਿਚ ਦ੍ਰਿੜ ਕਰਵਾਉਂਦੀ ਹੈ। ਗੁਰਮਤਿ ਇਕ ਅਜਿਹਾ ਦਰਪਣ ਹੈ ਜਿਸ ਵਿਚ ਅਸੀਂ ਆਪਣੀਆਂ ਨੈਤਿਕ ਕਿਰਿਆਵਾਂ ਦਾ ਪ੍ਰਤੀਬਿੰਬ ਵੇਖ ਸਕਦੇ ਹਾਂ। ਧਰਮ ਦਾ ਅਧਿਆਤਮਕ ਤੱਤ ਜੋ ਆਤਮਿਕਤਾ ਰਾਹੀਂ ਪ੍ਰਾਪਤ ਹੁੰਦਾ ਹੈ ਜੋ ਸਾਡੇ ਅੰਤਹਕਰਣ ਨੂੰ ਟੁੰਬ ਕੇ ਸਾਨੂੰ ਇਖ਼ਲਾਕੀ ਸ਼ਕਤੀ ਪ੍ਰਦਾਨ ਕਰਦਾ ਹੈ। ਅਜਿਹੀ ਆਤਮਿਕ ਸ਼ਕਤੀ ਸਦਕਾ ਹੀ ਮਨੁੱਖ ਸੱਚ ਨੂੰ, ਸੱਚ ਕਹਿਣ ਦਾ ਸਾਹਸ ਰੱਖ ਸਕਦਾ ਹੈ। ਉਹ ਸਮੇਂ ਤੇ ਸਥਾਨ ਦੀਆਂ ਸੀਮਾਵਾਂ ਤੋਂ ਉਪਰ ਉੱਠ ਜਾਂਦਾ ਹੈ। ਉਹ ਵਿਸ਼ਵੀ ਤੇ ਸਰਬ-ਕਾਲੀ ਸਖ਼ਸ਼ੀਅਤ ਦਾ ਨਮੂਨਾ ਹੁੰਦਾ ਹੈ। ਗੁਰਮਤਿ ਵਿਚਾਰਧਾਰਾ ਜੀਵ ਨੂੰ ਨਾ ਤਾਂ ਨਿਰਾ ਅੰਤਰਮੁਖੀ ਅਤੇ ਨਾ ਹੀ ਕੇਵਲ ਬਾਹਰਮੁਖੀ ਹੋਣ ਦਾ ਸੁਝਾਉ ਦਿੰਦੀ ਹੈ ਸਗੋਂ ਅੰਦਰ ਬਾਹਰ ਨੂੰ ਇਕਸੁਰ ਕਰਨ

ਦਾ ਉਪਦੇਸ਼ ਦਿੰਦੀ ਹੋਈ, ਸੱਚ ਨਾਲ ਜੁੜਨ ਦੀ ਪ੍ਰੇਰਨਾ ਕਰਦੀ ਹੈ। ਸਿਧ ਗੋਸਟਿ ਬਾਣੀ-ਰਚਨਾ ਵਿਚ ਗੁਰੂ ਨਾਨਕ ਦੇਵ ਜੀ ਇਹ ਉਪਦੇਸ਼ ਦਿੰਦੇ ਹੋਏ ਪ੍ਰਵਚਨ ਕਰਦੇ ਹਨ:

ਕਿਆ ਭਵੀਐ ਸਚਿ ਸੂਚਾ ਹੋਇ॥
ਸਾਚ ਸਬਦ ਬਿਨੁ ਮੁਕਤਿ ਨ ਕੋਇ॥[39]

ਗੁਰੂ ਨਾਨਕ ਦੇਵ ਜੀ ਰੱਬ ਨੂੰ ਮੁਖ਼ਾਤਿਬ ਹੋ ਕੇ ਕਹਿੰਦੇ ਹਨ ਕਿ ਰੱਬ ਤੱਕ ਪਹੁੰਚਣ ਲਈ ਬਾਹਰ ਭਟਕਣ ਦੀ ਕੀ ਲੋੜ ਹੈ? ਸੁੱਚਾ ਹੋ ਕੇ ਭਾਵ ਸਦਾਚਾਰਕ ਤੇ ਨੈਤਿਕ ਮੁੱਲਾਂ ਨੂੰ ਗ੍ਰਹਿਣ ਕਰਕੇ ਰੱਬ ਤਕ ਪਹੁੰਚਿਆ ਜਾ ਸਕਦਾ ਹੈ। ਗੁਰਬਾਣੀ ਵਿਚ ਦੱਸੀ ਹੋਈ ਇਹ ਸਚਾਈ ਅੱਟਲ ਹੈ 'ਸਚੁ ਪੁਰਾਣਾ ਨਾ ਥੀਐ ਨਾਮੁ ਨ ਮੈਲਾ ਹੋਇ'[40] ਅਜੋਕੀਆਂ ਵਿਸ਼ਵੀ-ਪ੍ਰਸਥਿਤੀਆਂ ਵਿਚ ਵੀ ਇਹ ਵਿਚਾਰ ਸਾਇੰਟਿਫਿਕ (Scientific) ਚੇਤਨਤਾ ਦਾ ਧਾਰਨੀ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਸਦਾ ਰਹਿਣ ਵਾਲਾ ਸੱਚ, ਰੱਬ ਅਤੇ ਉਸਦੀ ਸਿਫ਼ਤ ਸਲਾਹ ਦਾ ਸ਼ਬਦ ਭਾਵ ਗੁਰਬਾਣੀ ਇਕਰੂਪ ਹੀ ਹਨ। ਗੁਰੂ ਸਾਹਿਬ ਨੇ ਨੈਤਿਕ ਕੀਮਤਾਂ ਦੀ ਉੱਚਤਤਾ ਤੇ ਬਹੁਤ ਜ਼ੋਰ ਦਿੱਤਾ ਹੈ। ਨੈਤਿਕ-ਉੱਚਤਾ ਲਈ ਉੱਤਮ ਸੰਗਤ, ਸੱਚ ਤੇ ਸੰਜਮ ਆਦਿ ਦਾ ਹੋਣਾ ਬਹੁਤ ਲਾਜ਼ਮੀ ਹੈ। ਜੋ ਮਨੁੱਖ ਸੱਚ, ਸੰਤੋਖ ਤੇ ਸੰਜਮ ਆਦਿ ਸਦਗੁਣਾਂ ਦਾ ਉਪਯੋਗ ਕਰਦਾ ਹੈ ਉਸ ਨੂੰ ਰੱਬੀ ਨਾਮ ਸਿਮਰਨ ਵਿਚ ਸਹਾਇਤਾ ਮਿਲਦੀ ਹੈ। ਜਿੱਥੇ ਸਰੀਰ ਉਸਦੇ ਦੰਭ ਦਾ ਆਸਣ ਹੈ ਤੇ ਮਨ ਉਸਦੀ ਲੰਗੋਟੀ ਹੈ ਉੱਥੇ ਸੱਚ, ਸੰਤੋਖ ਤੇ ਸੰਜਮ ਵਰਗੇ ਨੈਤਿਕ ਗੁਣ ਉਸਦੇ ਨਾਲ ਰਹਿੰਦੇ ਹਨ:

ਊਂਧਉ ਖਪਰੁ ਪੰਚ ਭੂ ਟੋਪੀ॥
ਕਾਂਇਆ ਕੜਾਸਣੁ ਮਨੁ ਜਾਗੋਟੀ॥
ਸਤੁ ਸੰਤੋਖੁ ਸੰਜਮੁ ਹੈ ਨਾਲਿ॥
ਨਾਨਕ ਗੁਰਮੁਖਿ ਨਾਮੁ ਸਮਾਲਿ॥[41]

ਜਿਹੜਾ ਮਨੁੱਖ ਉਪਰੋਕਤ ਸਦਾਚਾਰਕ ਤੇ ਨੈਤਿਕ ਗੁਣਾਂ ਨੂੰ ਗ੍ਰਹਿਣ ਕਰ ਲੈਂਦਾ ਹੈ। ਉਹ ਮਨੁੱਖ ਸਮਾਜਿਕ ਕਲਿਆਣ ਤੇ ਵਿਸ਼ਵ-ਚਿੰਤਨ ਦੀ ਸੋਝੀ ਰੱਖਦਾ ਹੈ।

ਸਿਧ ਗੋਸਟਿ ਬਾਣੀ-ਰਚਨਾ ਵਿਚ ਮਨੁੱਖੀ ਜੀਵਨ ਦੇ ਅਧਿਆਤਮਕ ਲਕਸ਼ ਨੂੰ ਪ੍ਰਕਾਸ਼ਮਾਨ ਕੀਤਾ ਗਿਆ ਹੈ। ਮਨੁੱਖੀ ਜੀਵਨ ਦੇ ਹਰ ਪਹਿਲੂ ਨਾਲ ਗੁਰੂ ਸਾਹਿਬ ਦਾ ਗਹਿਰਾ ਸਰੋਕਾਰ ਹੈ। ਉਹ ਜੀਵਨ ਅਤੇ ਜਗਤ ਨੂੰ ਖ਼ੂਬਸੂਰਤ ਬਣਾਉਣਾ ਚਾਹੁੰਦੇ ਹਨ। ਇਸ ਲਈ ਉਹ ਕੇਵਲ ਸਿਧਾਂਤਕ ਗੱਲਾਂ ਤੱਕ ਹੀ ਸੀਮਤ ਨਹੀਂ ਰਹੇ ਸਗੋਂ ਉਹਨਾਂ ਨੇ ਵਿਵਹਾਰਕ ਜੀਵਨ-ਜੁਗਤ ਪ੍ਰਦਾਨ ਕੀਤੀ। ਇਹ ਜੀਵਨ-ਜੁਗਤ ਧਾਰਮਿਕ ਤੇ ਵਿਗਿਆਨਕ ਦ੍ਰਿਸ਼ਟੀ ਦਾ ਸੁਮੇਲ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਕਾਲ ਦੌਰਾਨ ਬਹੁਤ ਸਾਰੇ ਧਰਮਾਂ ਦੇ ਪ੍ਰਮੁੱਖ ਸਥਾਨਾਂ ਤੇ ਪਹੁੰਚ ਕੇ, ਉਹਨਾਂ ਦੇ ਧਾਰਮਿਕ ਆਗੂਆਂ ਨਾਲ ਸੰਵਾਦ ਰਚਾਇਆ। ਉਹਨਾਂ ਦੇ ਵਿਚਾਰਾਂ ਨੂੰ ਜਾਣਿਆ ਅਤੇ ਫਿਰ ਆਪਣੇ ਮੌਲਿਕ ਚਿੰਤਨ ਅਤੇ ਵਿਵਹਾਰਕ ਦ੍ਰਿਸ਼ਟੀਕੋਣ ਰਾਹੀਂ ਜੀਵਨ-ਜੁਗਤੀ ਦਾ ਆਪਣਾ ਨਿਵੇਕਲਾ ਤੇ ਵਿਲੱਖਣ ਪੱਖ ਪੇਸ਼ ਕੀਤਾ। ਸਿਧਾਂ/ਨਾਥਾਂ/ਜੋਗੀਆਂ ਨਾਲ ਸੰਵਾਦ ਰਚਾਉਣ ਦਾ ਕਾਰਣ ਇਹ ਵੀ ਹੈ ਕਿ ਉਹਨਾਂ ਦਾ ਮੱਤ ਤਤਕਾਲੀ ਸਮਾਜ ਨੂੰ ਬਹੁਤ ਗਹਿਰਾਈ ਨਾਲ ਪ੍ਰਭਾਵਿਤ ਕਰ ਰਿਹਾ ਸੀ। ਸਿਧ/ਨਾਥ/ਜੋਗੀ ਗ੍ਰਹਿਸਤ ਜੀਵਨ ਦਾ ਤਿਆਗ ਕਰ ਕੇ ਜੰਗਲੀ ਵਾਸ ਨੂੰ ਵਧੇਰੇ ਪ੍ਰਧਾਨਤਾ ਦਿੰਦੇ ਸਨ ਇਹ ਮੁੱਢਲੇ ਤੌਰ ਤੇ ਬਾਹਰੀ ਰੂਪ ਵਿਚ ਇਸਤਰੀ ਦੇ ਤਿਆਗੀ ਸਨ ਤੇ ਉਸ ਨੂੰ ਨਫ਼ਰਤ ਕਰਦੇ ਹੋਏ ਘੋਰ ਨਰਕ ਦਾ ਦੁਆਰ ਸਮਝਦੇ ਸਨ। ਭਾਈ ਗੁਰਦਾਸ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਇਸ ਆਚਾਰ ਪ੍ਰਤਿ ਸਿਧਾਂ/ਨਾਥਾਂ/ਜੋਗੀਆਂ ਨੂੰ ਸਖ਼ਤ ਤਾੜਨਾ ਕੀਤੀ:

ਨਾਨਕ ਆਖੇ ਭੰਗਰਿਨਾਥ ਤੇਰੀ ਮਾਉ ਕੁਚਜੀ ਆਹੀ।
ਭਾਡਾ ਧੋਇ ਨ ਜਾਤਿਓਨਿ ਭਾਇ ਕੁਚਜੇ ਫੁਲੁ ਸੜਾਈ।
ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ ਉਨਹੂ ਕੇ ਘਰਿ ਮੰਗਣਿ ਜਾਈ।
ਬਿਨੁ ਦਿਤੇ ਕਛੁ ਹਥਿ ਨ ਆਈ।[42]

ਭਾਈ ਗੁਰਦਾਸ ਜੀ ਦੇ ਸ਼ਬਦਾਂ ਅਨੁਸਾਰ ਭੰਗਰਨਾਥ ਦੀ ਮਾਂ ਕੁਚੱਜੀ ਸੀ। ਜਿਸਨੇ ਆਪਣੇ ਪੁੱਤਰ ਨੂੰ ਜੀਵਨ ਦਾ ਆਚਾਰ ਨਹੀਂ ਸਿਖਾਇਆ ਕਿਉਂਕਿ ਜਿਸ ਨਾਰੀ ਤੋਂ ਇਹ ਜੋਗੀ ਸੰਸਾਰ ਵਿਚ ਆਏ। ਉਸੇ ਨਾਰੀ ਤੋਂ ਭੱਜਦੇ ਹੋਏ ਜੰਗਲ ਵਿਚ ਵਾਸਾ ਕਰਦੇ ਹਨ। ਇਸ ਤੋਂ ਇਲਾਵਾ ਇਹ ਜੋਗੀ ਆਲਮੀ ਤੇ ਨਿਕੰਮੇ ਸਨ ਜੋ ਗ੍ਰਹਿਸਤ ਧਰਮ ਨੂੰ ਨਿਭਾਅ ਨਹੀਂ ਸਕੇ। ਇਹਨਾਂ ਨੇ ਆਪਣੇ ਪਰਿਵਾਰ ਦੇ ਪਾਲਣ-ਪੋਸ਼ਣ ਨੂੰ ਪਿੱਠ ਵਿਖਾਈ। ਕਿਰਤ ਨੂੰ ਪਰਧਾਨਤਾ ਦੇਣ ਦੀ ਬਜਾਇ ਗ੍ਰਹਿਸਤੀਆਂ ਕੋਲੋਂ ਮੰਗ ਕੇ ਖਾਣ ਨੂੰ ਪ੍ਰਮੁੱਖਤਾ ਦਿੱਤੀ। ਇਹ ਸਿਧ/ਨਾਥ/ਜੋਗੀ ਗ੍ਰਹਿਸਤ ਨੂੰ ਨਿੰਦਦੇ ਵੀ ਸਨ ਤੇ ਉਹਨਾਂ ਦੇ ਘਰ ਮੰਗਣ ਲਈ ਵੀ ਪਹੁੰਚ ਜਾਂਦੇ ਸਨ।

ਸਿਧ ਗੋਸਟਿ ਬਾਣੀ-ਰਚਨਾ ਵਿਚ ਗੁਰੂ ਨਾਨਕ ਦੇਵ ਜੀ ਸਿਧਾਂ/ਨਾਥਾਂ/ਜੋਗੀਆਂ ਪ੍ਰਤਿ ਕਰੜਾ ਦ੍ਰਿਸ਼ਟੀਕੋਣ ਰੱਖਦੇ ਹਨ ਜੋ ਦ੍ਰਿਸ਼ਟੀਕੋਣ ਉਹ ਜੈਨੀਆਂ, ਬ੍ਰਾਹਮਣਾਂ, ਮੁੱਲਾਂ, ਮੁਲਾਣਿਆਂ ਅਤੇ ਪਖੰਡੀ ਲੋਕਾਂ ਪ੍ਰਤਿ ਵੀ ਰੱਖਦੇ ਪ੍ਰਤੀਤ ਹੁੰਦੇ ਹਨ। ਗੁਰੂ ਸਾਹਿਬ ਨੇ ਇਹਨਾਂ ਸਿਧਾਂ/ਨਾਥਾਂ/ਜੋਗੀਆਂ ਦਾ ਰਿਧੀਆਂ, ਸਿਧੀਆਂ ਪ੍ਰਤਿ ਮੋਹ ਅਤੇ ਸਾਧਵੀ-ਵੇਸ ਭੂਸਾ ਪ੍ਰਤੀ ਝੁਕਾਅ ਆਦਿ ਨੂੰ ਸਖ਼ਤ ਤਾੜਨਾ ਭਰੇ ਸ਼ਬਦਾਂ ਵਿਚ ਬਿਆਨ ਕੀਤਾ ਹੈ ਪਰੰਤੂ ਇਹਨਾਂ ਸਿਧਾਂ/ਨਾਥਾਂ/ਜੋਗੀਆਂ ਦੇ ਜ਼ਾਤ-ਪਾਤ ਸੰਬੰਧੀ ਕਾਰਜਸ਼ੀਲ ਅਤੇ ਕ੍ਰਾਂਤੀਕਾਰੀ ਵਿਚਾਰਾਂ ਨੂੰ ਅਣਡਿੱਠ ਨਹੀਂ ਕੀਤਾ। ਇਹਨਾਂ ਨੂੰ ਗੁਰੂ ਸਾਹਿਬ ਸਮਾਜਿਕ ਹੋ ਜਾਣ ਦੀ ਪ੍ਰੇਰਨਾ ਦਿੰਦੇ ਹੋਏ ਸਮਝਾਉਂਦੇ ਹਨ ਕਿ ਕਿਵੇਂ ਸਮਾਜਿਕ ਕਿਰਿਆਸ਼ੀਲਤਾ ਰਾਹੀਂ, ਇਕ ਅਜਿਹੇ ਨਰੋਏ ਤੇ ਉਸਾਰੂ ਸਮਾਜਿਕ ਮਾਹੌਲ ਦੀ ਸਿਰਜਣਾ ਕੀਤੀ ਜਾ ਸਕਦੀ ਹੈ। ਜਿਸ ਵਿਚ ਦੂਜਿਆਂ ਦੀ ਬਹੁ-ਪੱਖੀ ਸੁਤੰਤਰਤਾ ਦਾ ਧਿਆਨ ਰੱਖਦੇ ਹੋਇਆਂ ਵੀ ਮਨੁੱਖ ਨਿੱਜੀ ਤੌਰ ਤੇ ਇਕ ਅਗਾਂਹਵਧੂ ਵਿਸ਼ਵ-ਵਿਆਪੀ ਦ੍ਰਿਸ਼ਟੀ ਦਾ ਧਾਰਨੀ ਬਣ ਸਕਦਾ ਹੈ।

ਉਪਰੋਕਤ ਅਧਿਐਨ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸਿਧ ਗੋਸਟਿ ਬਾਣੀ-ਰਚਨਾ ਵਿਚ ਗੁਰੂ ਨਾਨਕ ਦੇਵ ਜੀ ਨੇ ਸਿਧਾਂ/ਨਾਥਾਂ/ਜੋਗੀਆਂ ਨਾਲ ਆਪਣਾ ਵਿਚਾਰ-ਵਟਾਂਦਰਾ ਅੰਕਿਤ ਕੀਤਾ ਹੈ। ਉਹਨਾਂ ਵਿਚਾਰਾਂ ਦਾ ਅਕਸ ਸਾਨੂੰ ਸਮਾਜਿਕ ਗਿਆਨ ਅਤੇ ਉਸ ਪ੍ਰਤਿ ਸਾਡੇ

ਫਰਜ਼ ਆਦਿ ਨੂੰ ਦ੍ਰਿੜ ਕਰਵਾਉਂਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਤੀਬਿੰਬ ਇਕ ਅਜਿਹੀ ਧਾਰਨਾ ਨੂੰ ਜਨਮ ਦਿੰਦਾ ਹੈ ਜੋ ਵਿਸ਼ਵ-ਵਿਆਪੀ ਦ੍ਰਿਸ਼ਟੀ ਤੇ ਹਰ ਪ੍ਰਕਾਰ ਦੇ ਮਜ਼ਹਬੀ ਅਤੇ ਨਸਲੀ ਵਿਤਕਰਿਆਂ ਤੋਂ ਉੱਪਰ ਉੱਠ ਕੇ ਸਾਨੂੰ ਸੁਚੱਜੀ ਜੀਵਨ-ਜਾਚ ਸਿਖਾਉਂਦੀ ਹੈ। ਅਜੋਕੀਆਂ ਵਿਸ਼ਵੀ-ਪ੍ਰਸਥਿਤੀਆਂ ਵਿਚ ਇਸ ਗੱਲ ਦੀ ਵਧੇਰੇ ਲੋੜ ਹੈ ਕਿ ਸਾਰਾ ਮਨੁੱਖੀ ਸਮਾਜ ਗੁਰੂ ਨਾਨਕ ਦੇਵ ਜੀ ਦੇ ਦੱਸੇ ਮਾਰਗ ਤੇ ਚੱਲਣ ਦਾ ਦ੍ਰਿੜ ਸੰਕਲਪ ਕਰੇ। ਇਸ ਮਾਰਗ ਤੇ ਚੱਲ ਕੇ ਹੀ ਅਸੀਂ ਪਦਾਰਥਵਾਦੀ ਤੇ ਮਾਇਆਧਾਰੀ ਰੁਚੀਆਂ ਤੋਂ ਮੁਕਤ ਹੋ ਕੇ ਇਕ ਸੰਤੁਲਤ ਆਦਰਸ਼ਕ ਸਮਾਜਿਕ ਜੀਵਨ ਬਸਰ ਕਰਦੇ ਹੋਏ ਸਮਾਜ ਨੂੰ ਨਰੋਈ ਸੇਧ ਪ੍ਰਦਾਨ ਕਰ ਸਕਦੇ ਹਾਂ।

## ਹਵਾਲੇ ਅਤੇ ਟਿੱਪਣੀਆਂ


1. ਸਰਬ ਧਰਮ ਮਹਿ ਸ੍ਰੇਸਟ ਧਰਮੁ

   ਗੁਰੂ ਗ੍ਰੰਥ ਸਾਹਿਬ, ਪੰਨਾ 266

2. ਗੁਰਸ਼ਰਨ ਕੌਰ ਜੱਗੀ, ***ਵਾਰਾਂ ਭਾਈ ਗੁਰਦਾਸ,*** ਪੰਨਾ 71
3. ***ਗੁਰੂ ਗ੍ਰੰਥ ਸਾਹਿਬ***, ਪੰਨਾ 662
4. J.S. Grewal, ***Guru Nanak in History***, page 111
5. ***Encyclopaedia Britannica***, Vol. 23, page 892
6. ਪੰਡਿਤ ਬਲਦੇਵ ਉਪਾਧਿਆਏ, ***ਭਾਰਤੀ ਧਰਮ ਅਤੇ ਦਰਸ਼ਨ***, ਪੰਨਾ 346
7. ਡਾ. ਮਲਕੀਤ ਸਿੰਘ ਬਾਜਵਾ, ***ਮੱਧਕਾਲੀ ਪੰਜਾਬੀ ਕਾਵਿ***, ਪੰਨਾ 81-82
8. ***ਗੁਰੂ ਗ੍ਰੰਥ ਸਾਹਿਬ***, ਪੰਨਾ 730
9. ਉਹੀ, ਪੰਨਾ 938
10. ਉਹੀ, ਪੰਨਾ 938
11. ਉਹੀ, ਪੰਨਾ 938
12. ਉਹੀ, ਪੰਨਾ 938
13. ਉਹੀ, ਪੰਨਾ 938-939
14. ਉਹੀ, ਪੰਨਾ 939
15. ਉਹੀ, ਪੰਨਾ 940
16. ਉਹੀ, ਪੰਨਾ 940
17. ਉਹੀ, ਪੰਨਾ 940

18. ਉਹੀ, ਪੰਨਾ 940

19. ਉਹੀ, ਪੰਨਾ 941

20. ਉਹੀ, ਪੰਨਾ 941

21. ਉਹੀ, ਪੰਨਾ 942

22. ਉਹੀ, ਪੰਨਾ 941

23. ਉਹੀ, ਪੰਨਾ 942

24. ਉਹੀ, ਪੰਨਾ 943

25. ਉਹੀ, ਪੰਨਾ 943

26. ਉਹੀ, ਪੰਨਾ 943

27. ਉਹੀ, ਪੰਨਾ 943

28. ਉਹੀ, ਪੰਨਾ 943

29. ਉਹੀ, ਪੰਨਾ 946

30. ਉਹੀ, ਪੰਨਾ 946

31. ਉਹੀ, ਪੰਨਾ 941

32. ਉਹੀ, ਪੰਨਾ 141

33. ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥

ਘੜੀਐ ਸਬਦੁ ਸਚੀ ਟਕਸਾਲ॥

*ਗੁਰੂ ਗ੍ਰੰਥ ਸਾਹਿਬ*, ਪੰਨਾ 8

34. *ਗੁਰੂ ਗ੍ਰੰਥ ਸਾਹਿਬ*, ਪੰਨਾ 938

35. ਉਹੀ, ਪੰਨਾ 940

36. ਉਹੀ, ਪੰਨਾ 946

37. ਉਹੀ, ਪੰਨਾ 133

38. ਉਹੀ, ਪੰਨਾ 941

39. ਉਹੀ, ਪੰਨਾ 938

40. ਉਹੀ, ਪੰਨਾ 1248

41. ਉਹੀ, ਪੰਨਾ 939

42. ਗੁਰਸ਼ਰਨ ਕੌਰ ਜੱਗੀ, ***ਵਾਰਾਂ ਭਾਈ ਗੁਰਦਾਸ,*** ਵਾਰ ੧ ਪਉੜੀ 40, ਪੰਨਾ 74

ਅਧਿਆਇ ਛੇਵਾਂ

# ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਵਿਚ ਦਖਣੀ ਓਅੰਕਾਰੁ ਵਿਚਲੇ ਮੂਲ ਸਰੋਕਾਰਾਂ ਦੀ ਸਾਰਥਿਕਤਾ

ਅਧਿਆਇ ਛੇਵਾਂ

# ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਵਿਚ ਦਖਣੀ ਓਅੰਕਾਰੁ ਵਿਚਲੇ ਮੂਲ ਸਰੋਕਾਰਾਂ ਦੀ ਸਾਰਥਿਕਤਾ

ਗੁਰੂ ਨਾਨਕ ਦੇਵ ਜੀ ਦੀ ਬਾਣੀ-ਰਚਨਾ ਦਖਣੀ ਓਅੰਕਾਰੁ ਦਾ ਕ੍ਰਾਂਤੀਕਾਰੀ ਪ੍ਰਵਚਨ, ਤੱਤਕਾਲੀ ਭਾਰਤੀ ਸਮਾਜ-ਸਭਿਆਚਾਰ ਤੇ ਇਤਿਹਾਸਕ-ਸਮਾਜਕ ਯਥਾਰਥ ਨਾਲ ਸੰਵਾਦ ਰਚਾਉਂਦਾ ਹੋਇਆ ਮੂਲ ਮਾਨਵੀ ਸਰੋਕਾਰਾਂ ਨੂੰ ਪੁਨਰ-ਪਰਿਭਾਸ਼ਤ ਕਰਨ ਵੱਲ ਰੁਚਿਤ ਹੁੰਦਾ ਹੈ। ਇਹ ਸਮਾਜ ਦੇ ਉਹਨਾਂ ਨੀਵੇਂ-ਨਿਤਾਣੇ ਤੇ ਦਬੇ-ਕੁਚਲੇ ਗ਼ਰੀਬ ਲੋਕਾਂ ਦਾ ਪੱਖ ਪੂਰਦਾ ਹੈ ਜੋ ਤੱਤਕਾਲੀਨ ਧਾਰਮਿਕ ਕਰਮ-ਕਾਂਡਾਂ ਵਿਚ ਉਲਝੇ, ਧਾਰਮਿਕ ਵਿਤਕਰੇ, ਆਰਥਿਕ ਸ਼ੋਸ਼ਣ ਅਤੇ ਪੰਡਤਾਂ ਅਤੇ ਕਾਜ਼ੀਆਂ ਦੁਆਰਾ ਹੁੰਦੇ ਸਮਾਜਿਕ ਅਨਿਆਂ ਦਾ ਸ਼ਿਕਾਰ ਸਨ। ਇਸ ਤੋਂ ਇਲਾਵਾ ਗੁਰੂ ਸਾਹਿਬ ਦੀ ਦਖਣੀ ਓਅੰਕਾਰੁ ਬਾਣੀ-ਰਚਨਾ ਦਾ ਮੂਲ ਸਰੋਕਾਰ ਅਜਿਹੇ ਮਨੁੱਖ ਦੀ ਸਿਰਜਣਾ ਕਰਨ ਵਲ ਪ੍ਰੇਰਿਤ ਹੈ ਜੋ ਨਿਜ-ਕੇਂਦ੍ਰਿਤ ਜਾਂ ਹਉਮੈਧਾਰੀ ਜੀਵਨ-ਜਾਚ ਦੀ ਤੰਗ ਵਲਗਣ ਵਿਚੋਂ ਨਿਕਲ ਕੇ, ਆਪੇ ਤੇ ਬ੍ਰਹਮ ਨਾਲ ਇਕਸੁਰ ਹੋਕੇ ਜਿਉਂ ਸਕੇ ਅਤੇ ਹਰ ਪ੍ਰਕਾਰ ਦੇ ਮਸਨੂਈ ਵਿਤਕਰਿਆਂ ਤੋਂ ਨਿਰਲੇਪ ਰਹਿ ਕੇ ਵਿਚਰ ਸਕੇ।

ਦੂਜੇ ਸ਼ਬਦਾਂ ਵਿਚ ਇਹ ਬਾਣੀ ਨਿਰੋਲ ਵਿਅਕਤੀਗਤ ਮੁਕਤੀ ਦਾ ਸਿਧਾਂਤ ਹੀ ਪੇਸ਼ ਨਹੀਂ ਕਰਦੀ ਸਗੋਂ ਸਮਾਜਿਕ ਯਥਾਰਥ ਦੇ ਸਮੱਸਿਆਗ੍ਰਸਤ ਪਾਸਾਰਾਂ ਨਾਲ ਵੀ ਡੂੰਘਾ ਸਰੋਕਾਰ ਸਿਰਜਦੀ ਹੈ। ਭਾਵੇਂ ਇਸ ਬਾਣੀ ਦੀ ਸਿਰਜਣਾ ਮੱਧਕਾਲ ਵਿਚ ਹੋਈ ਹੈ ਪਰੰਤੂ ਇਸਦੇ ਸਿਧਾਂਤਕ ਵਿਹਾਰ ਵਿਚ ਅਨੇਕਾਂ ਅੰਤਰ-ਦ੍ਰਿਸ਼ਟੀਆਂ ਅਜਿਹੀਆਂ ਹਨ ਜੋ ਅਜੋਕੇ ਸਮਾਜ-ਸਭਿਆਚਾਰ ਵਿਚ ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਵਿਚ ਅਤਿਅੰਤ ਸਾਰਥਿਕ ਤੇ ਪ੍ਰਸੰਗਿਕ ਹਨ। ਜਿਨ੍ਹਾਂ ਨੂੰ ਅਸੀਂ ਹਥਲੇ ਸ਼ੋਧ-ਪ੍ਰਬੰਧ ਦੇ ਇਸ ਅਧਿਆਇ ਵਿਚ ਦਖਣੀ ਓਅੰਕਾਰੁ ਬਾਣੀ-ਰਚਨਾ ਦੀ

ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਵਿਚਲੇ ਮੂਲ ਸਰੋਕਾਰਾਂ ਦੀ ਸਾਰਥਿਕਤਾ ਨੂੰ ਅੰਤਰ-ਦ੍ਰਿਸ਼ਟੀ ਦੇ ਹਵਾਲੇ ਨਾਲ ਸਮਝਣ ਦਾ ਉਪਰਾਲਾ ਕਰਾਂਗੇ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਅਦੁੱਤੀ ਗੌਰਵ ਦੀ ਧਾਰਨੀ ਹੈ। ਗੁਰੂ ਸਾਹਿਬ ਆਪਣੇ ਸਮੇਂ ਦੇ ਪਹਿਲੇ ਅਧਿਆਤਮਕ, ਰਹੱਸਵਾਦੀ, ਭਗਤ ਤੇ ਸੰਤ ਕਵੀ ਸਨ ਜਿਹਨਾਂ ਨੇ ਸਮਕਾਲੀ ਜੀਵਨ ਦੇ ਹਰ ਪੱਖ ਨੂੰ ਜਾਚਿਆ, ਘੋਖਿਆ ਅਤੇ ਬਾਣੀ-ਰਚਨਾ ਰਾਹੀਂ ਇਸ ਦੀਆਂ ਘ੍ਰਿਣਤ ਅਸਲੀਅਤਾਂ ਅਤੇ ਵਿਸੰਗਤੀਆਂ ਦਾ ਚਿੱਤਰ ਖਿੱਚਿਆ। ਗੁਰੂ ਨਾਨਕ ਦੇਵ ਜੀ ਦੀ ਬਾਣੀ ਭਾਰਤੀ ਮਾਨਵਤਾ ਦੇ ਸਮੁੱਚੇ ਇਤਿਹਾਸ ਵਿਚ ਇੱਕ ਧਾਰਮਿਕ ਵਿਚਾਰਧਾਰਾ ਅਤੇ ਅਜਿਹੇ ਸਮਾਜਿਕ ਇਨਕਲਾਬ ਦੀ ਧਾਰਨੀ ਹੈ ਜਿਸ ਨੂੰ ਨਵ-ਜਾਗ੍ਰਿਤੀ ਦਾ ਦੌਰ ਆਖਿਆ ਗਿਆ ਹੈ। ਨਵ-ਜਾਗ੍ਰਿਤੀ ਦੀ ਇਸ ਲਹਿਰ ਨੂੰ ਉਸਾਰਨ ਵਿਚ ਗੁਰੂ ਸਾਹਿਬ ਨੇ ਆਪਣੇ ਬਾਣੀ-ਚਿੰਤਨ ਰਾਹੀਂ ਵਿਸ਼ੇਸ਼ ਯੋਗਦਾਨ ਪਾਇਆ ਜਿਸ ਨਾਲ ਮਾਨਵ-ਸ਼ਕਤੀ ਦੇ ਨਵੇਂ ਸੰਕਲਪ ਉਜਾਗਰ ਹੋਏ।

ਗੁਰੂ ਨਾਨਕ ਦੇਵ ਜੀ ਦੀਆਂ 19 ਰਾਗਾਂ ਵਿਚ ਉਚਾਰੀਆਂ ਉਦੇਸ਼ਮਈ ਮੰਡਨੀ-ਖੰਡਣੀ ਬਾਣੀਆਂ ਵਿਚੋਂ ਦਖਣੀ ਓਅੰਕਾਰੁ ਉਪਦੇਸ਼ਾਤਮਿਕ ਮਹੱਤਵ ਵਾਲੀ ਅਜਿਹੀ ਧਾਰਮਿਕ ਵਿਸੰਗਤੀਆਂ ਵਾਲੀ ਲਾਸਾਨੀ ਬਾਣੀ ਹੈ ਜੋ ਉਹਨਾਂ ਨੇ ਮੱਧ ਪ੍ਰਦੇਸ਼ ਵਿਚ ਮਾਨਧਾਤਾ ਟਾਪੂ ਵਿਚ ਬਣੇ ਓਅੰਕਾਰੁ ਮੰਦਰ ਦੇ ਪ੍ਰੋਹਿਤ-ਪੁਜਾਰੀਆਂ ਦੇ ਧਾਰਮਿਕ, ਸਮਾਜਿਕ ਅਤੇ ਸਿਖਿਆਤਮਕ ਨਿਘਾਰ ਨੂੰ ਵੇਖ ਕੇ ਉਹਨਾਂ ਨੂੰ ਸੁਮੱਤ ਦੇਣ ਲਈ ਰਚੀ ਸੀ। ਗੁਰੂ ਸਾਹਿਬ ਨੇ ਇਸ ਓਅੰਕਾਰੁ ਨਾਮੀ ਬਾਣੀ ਦੀ ਰਚਨਾ ਰਾਗ ਰਾਮਕਲੀ ਦੱਖਣੀ ਵਿਚ ਕੀਤੀ ਹੈ ਜਿਸ ਨੂੰ ਦਖਣੀ ਓਅੰਕਾਰੁ ਕਿਹਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਵੀ ਇਸ ਬਾਣੀ ਨੂੰ ੧ਓ ਸਤਿਗੁਰ ਪ੍ਰਸਾਦ॥ ਰਾਮਕਲੀ ਮਹਲਾ ੧ ਦਖਣੀ ਓਅੰਕਾਰੁ॥ ਕਰਕੇ ਲਿਖਿਆ ਹੈ। ਡਾ. ਕਾਲਾ ਸਿੰਘ ਬੇਦੀ ਅਨੁਸਾਰ:

> ਦੱਖਣ ਵਿਚ ਨਰਬਦਾ ਨਦੀ ਦੇ ਕੰਢੇ 'ਉਅੰਕਾਰੁ' ਨਾਮੀ ਮਹਾਂਦੇਵ ਦਾ ਪਵਿੱਤਰ ਸਥਾਨ ਹੈ, ਉੱਥੇ ਗੁਰੂ ਨਾਨਕ ਸਾਹਿਬ ਨੇ ਇਕ ਪਾਂਧੇ ਲਈ

> ਇਸ ਬਾਣੀ ਦਾ ਉਪਦੇਸ਼ ਦਿੱਤਾ। ਇਹ ਸਥਾਨ ਆਪ ਨੇ ਮੱਧ-ਭਾਰਤ ਦੇ ਜਿਲ੍ਹੇ ਨਿਮਾਰ ਵਿਚ ਸਥਿਤ ਦੱਸਿਆ ਹੈ।[1]

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ:

> ਮਧ ਭਾਰਤ ਦੇ ਜ਼ਿਲ੍ਹੇ ਨੀਮਾੜ ਵਿਚ ਨਰਮਦਾ ਨਦੀ ਦੇ ਮਾਂਧਾਤਾ ਟਾਪੂ (ਦੀਪ) ਵਿਚ ਇਸ ਨਾਉਂ ਦਾ ਇਕ ਵੱਡਾ ਪ੍ਰਸਿੱਧ ਹਿੰਦੂ ਮੰਦਿਰ ਹੈ, ਸਤਿਗੁਰੂ ਨਾਨਕ ਦੇਵ ਜੀ ਨੇ ਇਥੇ 'ਦਖਣੀ ਉਅੰਕਾਰੁ' ਉਚਾਰਣ ਕੀਤੀ ਹੈ।[2]

ਤਵਾਰੀਖ ਗੁਰੂ ਖਾਲਸਾ ਦੇ ਕਰਤਾ ਗਿਆਨੀ ਗਿਆਨ ਸਿੰਘ ਦਾ ਵਿਚਾਰ ਹੈ ਕਿ ਇਹ ਬਾਣੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਬਚਪਨ ਵਿਚ ਪੰਡਿਤ ਬ੍ਰਿਜਨਾਥ ਪ੍ਰਤਿ ਉਚਾਰੀ ਸੀ। ਓਅੰਕਾਰੁ ਵਰਗੀ ਵਿਚਾਰ-ਪ੍ਰਧਾਨ ਰਚਨਾ ਗੁਰੂ ਜੀ ਦੇ ਬਚਪਨ ਦੀ ਰਚਨਾ ਤਾਂ ਨਹੀ ਸਿੱਧ ਕੀਤੀ ਜਾ ਸਕਦੀ, ਇਹ ਗੁਰੂ ਸਾਹਿਬ ਦੀ ਪ੍ਰੋਢ ਅਵਸਥਾ ਵਿਚ ਰਚੀ ਗਈ ਪ੍ਰਤੀਤ ਹੁੰਦੀ ਹੈ। ਇਹ ਰਚਨਾ 54 ਬੰਦਾਂ ਵਿਚ ਸੰਪੂਰਨ ਹੋਈ ਹੈ। ਇਸ ਦੀ ਤੁਲਨਾ 'ਪਟੀ ਰਾਗ ਆਸਾ' ਨਾਲ ਕੀਤੀ ਜਾ ਸਕਦੀ ਹੈ। ਗੁਰੂ ਸਾਹਿਬ ਨੇ ਇਸ ਰਚਨਾ ਦੇ ਅੰਤ ਤੇ 'ਪਟੀ' ਸ਼ਬਦ ਲਿਖ ਕੇ ਇਸ ਗੱਲ ਦਾ ਸੰਕੇਤ ਵੀ ਦੇ ਦਿੱਤਾ ਹੈ, ਪਰ ਫ਼ਰਕ ਇਹੀ ਹੈ ਕਿ ਪਟੀ ਰਾਗ ਆਸਾ ਦੇ ਜਿੱਥੇ ਦੋ ਤੁਕੀਏ 35 ਬੰਦ ਹਨ, ਉੱਥੇ ਇਨ੍ਹਾਂ ਦੀ ਗਿਣਤੀ ਭਿੰਨ ਹੈ।

ਦਖਣੀ ਓਅੰਕਾਰੁ ਬਾਣੀ ਗੁਰਮਤਿ ਅਨੁਸਾਰ ਅਕਾਲ ਪੁਰਖ ਦੇ ਗੁਣਾਂ ਸਰੂਪ ਜੀਵ ਤੇ ਜਗਤ ਨਾਲ ਉਸਦੇ ਸੰਬੰਧਾਂ ਨੂੰ ਦਰਸਾਉਣ ਵਾਲੀ ਇਕ ਨਿਵੇਕਲੀ ਕਿਸਮ ਦੀ ਰਚਨਾ ਹੈ। ਰਾਮਕਲੀ ਰਾਗ ਵਿਚ ਅੰਕਿਤ ਦਖਣੀ ਓਅੰਕਾਰੁ ਬਾਣੀ ਦੇ ਸੀਰਸ਼ਕ ਵਿਚ 'ਦੱਖਣੀ' ਤੋਂ ਭਾਵ ਹੈ; ਰਾਗ ਰਾਮਕਲੀ ਦੀ ਹੀ ਇਕ ਵੱਖਰੀ ਸਾਖ਼ਾ। ਦੂਜੇ ਲਫ਼ਜਾਂ ਵਿਚ ਇਹ ਬਾਣੀ ਰਾਮਕਲੀ ਦੀ ਇਕ ਰਾਗਣੀ ਵਿਚ ਰਚੀ ਗਈ ਹੈ।

ਦਖਣੀ ਓਅੰਕਾਰੁ ਬਾਣੀ ਦੀ ਸ਼ੁਰੂਆਤ ਜਪੁਜੀ ਦੇ ਮੂਲ ਮੰਤਰ ਦੇ ਮੂਲ ਸੰਕਲਪ ਓਅੰਕਾਰੁ ਨਾਲ ਹੁੰਦੀ ਹੈ। ਬਾਣੀ ਦਾ ਸੰਦੇਸ਼ ਈਸ਼ਰਵਾਦੀ ਭਾਵਨਾ ਉੱਤੇ ਅਧਾਰਿਤ ਸੰਤੁਲਿਤ ਜੀਵਨ ਦਾ ਆਦਰਸ਼ ਹੈ, ਜਿਸ ਨੂੰ ਸ਼ਰਧਾ ਤੇ ਵਿਵੇਕ ਦੇ ਦ੍ਰਿਸ਼ਟੀਕੋਣ ਤੋਂ ਸਮਝਿਆ ਜਾ ਸਕਦਾ ਹੈ ਕਿਉਂਕਿ ਜਿਸ ਅਨੁਭਵ ਅਤੇ ਚਿੰਤਨ ਦੇ ਪੱਧਰ ਉੱਪਰ ਦੁਨਿਆਵੀ ਅਤੇ ਰੂਹਾਨੀ ਮਸਲਿਆਂ ਨੂੰ ਗੁਰੂ ਨਾਨਕ ਸਾਹਿਬ ਨੇ ਸਪੱਸ਼ਟ ਕੀਤਾ ਹੈ, ਉਹਨਾਂ ਦੀ ਵਿਚਾਰਧਾਰਾ ਵਿਚ ਇਕਸੁਰਤਾ, ਇਕਸਾਰਤਾ ਅਤੇ ਵਿਚਾਰਧਾਰਕ ਗਹਿਰਾਈ ਹੈ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਯਾਤਰਾ ਬ੍ਰਹਿਮੰਡ ਤੋਂ ਲੈ ਕੇ ਉਸ ਧਰਤੀ ਤੱਕ ਦੀ ਹੈ ਜਿਸਨੂੰ ਧਰਮਸ਼ਾਲ ਬਣਾਉਣ ਦਾ ਆਦੇਸ਼ ਤੇ ਉਪਦੇਸ ਹੈ। ਇਸ ਬਹੁ-ਦਿਸ਼ਾਵੀ ਵਿਚਾਰਧਾਰਾਈ ਯਾਤਰਾ ਦਾ ਸਿੱਟਾ ਹੈ ਕਿ ਨਾਨਕ ਬਾਣੀ ਲੌਕਿਕ ਵੀ ਹੈ ਅਤੇ ਪਾਰਲੌਕਿਕ ਵੀ। ਲੌਕਿਕ ਤੋਂ ਭਾਵ ਇਸ ਬਾਣੀ ਵਿਚ ਧਰਤੀ ਨਾਲ ਜੁੜੇ ਹਰ ਮਸਲੇ ਨੂੰ ਚਿਤਵਿਆ ਅਤੇ ਚਿਤਰਿਆ ਗਿਆ ਹੈ। ਪਾਰਲੌਕਿਕਤਾ ਤਾਂ ਇਸ ਬਾਣੀ ਦਾ ਪ੍ਰਾਣ-ਤੱਤ ਹੈ ਜਿਸਦੇ ਅੰਤਰਗਤ ਬ੍ਰਹਿਮੰਡ ਤੋਂ ਲੈ ਕੇ ਬ੍ਰਹਮ ਤੱਕ ਦੇ ਹਰ ਵਿਚਾਰ ਨੂੰ ਦਿੱਬਤਾ ਰਾਹੀਂ ਸਾਕਾਰ ਕੀਤਾ ਗਿਆ ਹੈ। ਇਸ ਵਿਰਾਟ ਬਿੰਬ ਵਿਚ ਦੁਨਿਆਵੀ ਭਰਮ-ਭੁਲੇਖੇ ਜਾਂ ਭਗਤੀ ਨਹੀਂ ਬਲਕਿ ਧਾਰਮਿਕ ਕਰਮ-ਕਾਂਡ, ਵਹਿਮ-ਭਰਮ ਅਤੇ ਛੋਟੀ ਤੋਂ ਛੋਟੀ ਇਕਾਈ ਤੋਂ ਲੈ ਕੇ ਵਡੇਰੀ ਇਕਾਈ ਤੱਕ ਦੇ ਸਾਰੇ ਸਰੋਕਾਰਾਂ ਨੂੰ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ।

ਦਖਣੀ ਓਅੰਕਾਰੁ ਬਾਣੀ-ਰਚਨਾ ਵਿਚ ਗੁਰੂ ਨਾਨਕ ਸਾਹਿਬ ਪਾਂਡੇ ਨੂੰ ਸੰਬੋਧਨ ਕਰ ਕੇ ਓਅੰਕਾਰੁ ਦੀ ਵਿਆਖਿਆ ਕਰਦੇ ਹਨ। ਗੁਰੂ ਸਾਹਿਬ ਇਕ ਪਾਸੇ ਤਾਂ ਪਾਂਡੇ ਦੇ ਸੰਕਲਪ ਅਨੁਸਾਰ ਮਹਾਂਕਾਲ ਪੁਰਖ ਦਾ ਸਰੂਪ ਦੱਸਦੇ ਹਨ। ਦੂਜੇ ਪਾਸੇ ਉਹ ਆਪਣੇ ਅਨੁਭਵ ਵਿਚੋਂ ਅਕਾਲ ਪੁਰਖ ਦੇ ਸ਼ੁਧ ਸਰੂਪ ਦੀ ਵਿਆਖਿਆ ਕਰਦੇ ਹਨ। ਪਰਮਾਤਮਾ ਓਅੰਕਾਰੁ ਹੈ। ਉਸਨੇ ਬ੍ਰਹਮ, ਸ੍ਰਿਸ਼ਟੀ, ਜੀਵਾਂ ਦੀ ਰਚਨਾ ਕੀਤੀ ਹੈ। ਪਰਮਾਤਮਾ ਹਰ ਥਾਂ ਵਿਆਪਕ ਹੈ। ਇਸ ਸਚਾਈ ਦੀ ਅਸਲ ਸੂਝ ਉਦੋਂ ਪੈਂਦੀ ਹੈ ਜਦੋਂ ਮਨੁੱਖ ਆਪਣੇ ਅੰਦਰੋਂ ਹਉਮੈ (ਅਹੰਕਾਰ) ਨੂੰ ਦੂਰ ਕਰਦਾ ਹੈ। ਗੁਰੂ ਨਾਨਕ

ਅਕਾਲ ਪੁਰਖ ਦੀ ਨਵੇਂ ਦ੍ਰਿਸ਼ਟੀਕੋਣ ਤੋਂ ਜਿਹੜੀ ਵਿਆਖਿਆ ਕਰ ਰਹੇ ਹਨ ਉਹ ਵਿਸ਼ੇਸ਼ ਕਰਕੇ ਕਰਮ-ਕਾਂਡਾਂ ਦੇ ਕੁਝ ਗਿਆਨ ਵਿਚ ਉਲਝੇ ਹੋਏ ਅਭਿਮਾਨੀ ਲੋਕਾਂ ਨੂੰ ਧਿਆਨ ਵਿਚ ਰੱਖ ਕੇ ਕਰਦੇ ਹਨ।

ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਹੋਂਦ-ਪਾਸਾਰੇ ਦਾ ਅਨੁਮਾਨ ਲਗਾਉਣ ਜਾਂ ਕਥਨ ਕਰਨ ਦੇ ਦਾਅਵਿਆਂ ਵਿਰੁੱਧ ਤਾੜਨਾ ਕਰਦੇ ਹਨ ਜਿਸ ਤੋਂ ਇਹ ਗੱਲ ਵੀ ਸਪੱਸ਼ਟ ਹੁੰਦੀ ਹੈ ਕਿ ਗੁਰੂ ਸਾਹਿਬ ਨੇ ਇਹ ਰਚਨਾ ਪੜ੍ਹੇ ਲਿਖੇ ਲੋਕਾਂ ਨੂੰ ਸੰਬੋਧਨ ਕਰਕੇ ਲਿਖੀ ਹੈ। ਨਿਮਨ-ਲਿਖਤ ਬਾਣੀ-ਤੁਕਾਂ ਵਿਚ ਗੁਰੂ ਸਾਹਿਬ ਆਪਣੇ ਵਿਚਾਰ ਇਸ ਤਰ੍ਹਾਂ ਅਭਿਵਿਅਕਤ ਕਰਦੇ ਹਨ:

ਸੁਣਿ ਪਾਡੇ ਕਿਆ ਲਿਖਹੁ ਜੰਜਾਲਾ॥
ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ॥੧॥ ਰਹਾਉ॥[3]

ਇਸ ਕਥਨ ਤੋਂ ਤਿੰਨ ਗੱਲਾਂ ਉੱਭਰ ਕੇ ਸਾਹਮਣੇ ਆਉਂਦੀਆਂ ਹਨ ਕਿ ਇਸ ਵਿਚ ਇਕ ਅਧਿਆਪਕ ਨੂੰ ਸੰਬੋਧਨ ਕੀਤਾ ਗਿਆ ਹੈ। ਦੂਜੀ ਗੱਲ ਲਿਖਣ ਬਾਰੇ ਹੈ ਕਿ ਤੂੰ ਜੋ ਲਿਖਦਾ ਹੈ ਉਹ ਠੀਕ ਨਹੀਂ। ਤੀਜੀ - ਇਹ ਲਿਖਤ ਰੱਬੀ ਨਾਮ ਦੀ ਲਖਾਇਕ ਹੈ। ਸਪੱਸ਼ਟ ਹੈ ਕਿ ਗੁਰੂ ਸਾਹਿਬ ਦੇ ਸਮੇਂ ਪਾਂਡੇ ਜੋ ਅੱਖਰ ਲਿਖਣਾ ਜਾਂ ਸਿਖਾਉਣਾ ਚਾਹੁੰਦੇ ਸਨ ਉਹ ਅਧੂਰੀ ਵਿਦਿਆ ਸੀ। ਗੁਰੂ ਸਾਹਿਬ ਉਸ ਨਾਲ ਅਧਿਆਤਮਿਕ ਵਿਦਿਆ ਦਾ ਮੇਲ ਕਰਨਾ ਜ਼ਰੂਰੀ ਸਮਝਦੇ ਸਨ। ਇਸ ਰਚਨਾ ਦਾ ਮੁੱਖ ਉਦੇਸ਼ ਜਿੱਥੇ ਪਰਮਾਤਮਾ ਬਾਰੇ ਪੂਰਾ-ਪੂਰਾ ਗਿਆਨ ਦੇਣਾ ਹੈ ਉਸ ਦੀ ਹੋਂਦ ਨੂੰ ਦ੍ਰਿੜ ਕਰਵਾਉਣਾ ਹੈ ਉੱਥੇ ਮਨੁੱਖੀ ਆਤਮਾ ਨੂੰ ਉਸ ਦੇ ਆਪੇ ਦੇ ਗਿਆਨ ਦੀ ਸੋਝੀ ਕਰਵਾ ਕੇ ਸਦਾਚਾਰਕ ਤੌਰ ਤੇ ਉਸ ਨੂੰ ਉੱਚਾ ਚੁੱਕਣਾ ਹੈ ਅਤੇ ਹਉਮੈ ਨੂੰ ਮਾਰਨ ਦੀ ਸੱਚੀ ਵਿਦਿਆ ਗ੍ਰਹਿਣ ਕਰਨ ਦੀ ਪ੍ਰੇਰਨਾ ਦੇਣਾ ਹੈ।

ਦਖਣੀ ਓਅੰਕਾਰੁ ਬਾਣੀ ਗੁਰੂ ਨਾਨਕ ਦੇਵ ਜੀ ਦੀ ਅਜਿਹੀ ਬੌਧਿਕ ਰਚਨਾ ਹੈ ਜਿਸ ਵਿਚ ਉਹਨਾਂ ਨੇ ਆਪਣੀ ਵਿਚਾਰਧਾਰਾ ਅਧਿਆਤਮਕ, ਸਮਾਜਿਕ, ਦਾਰਸ਼ਨਿਕ ਤੇ ਸਦਾਚਾਰਕ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤੀ ਹੈ ਜਿਹੜੀ ਵਿਸ਼ਵੀ-ਦ੍ਰਿਸ਼ਟੀਕੋਣ ਤੋਂ ਬਹੁ-ਪਾਸਾਰੀ ਸਮਾਜਿਕ

ਸਰੋਕਾਰ ਸਿਰਜਦੀ ਹੋਈ ਮਨੁੱਖ ਲਈ ਕ੍ਰਿਆਤਮਕ ਪੱਧਰ ਤੇ ਪ੍ਰੇਰਨਾ ਸਰੋਤ ਬਣਦੀ ਹੈ। ਇਸ ਅਧਿਆਇ ਵਿਚ ਅਸੀਂ ਦਖਣੀ ਓਅੰਕਾਰੁ ਵਿਚਲੇ ਮੂਲ ਸਰੋਕਾਰਾਂ ਦੀ ਸਾਰਥਿਕਤਾ ਨੂੰ ਸਮਝਣ ਲਈ ਨਿਮਨ-ਲਿਖਤ ਅਨੁਸਾਰ ਅਧਿਐਨ ਕਰਾਂਗੇ:

(ੳ) ਤੱਤਕਾਲੀਨ ਧਾਰਮਿਕ ਕਰਮ-ਕਾਂਡ।

(ਅ) ਗੁਰੂ ਨਾਨਕ ਵਿਚਾਰਧਾਰਾ ਅਤੇ ਧਾਰਮਿਕ ਕਰਮ-ਕਾਂਡ।

(ੲ) ਵਿਸ਼ਵੀ-ਪ੍ਰਸਥਿਤੀਆਂ ਵਿਚ ਗੁਰੂ ਨਾਨਕ ਵਿਚਾਰਧਾਰਾ ਦੀ ਸਾਰਥਿਕਤਾ।

## (ੳ) ਤੱਤਕਾਲੀਨ ਧਾਰਮਿਕ ਕਰਮ-ਕਾਂਡ

ਧਾਰਮਿਕ ਵਿਸ਼ਵਾਸ, ਸੂਝ ਤੇ ਸ਼ਰਧਾ ਮਨੁੱਖੀ ਜੀਵਨ ਦੇ ਮੂਲ ਤੇ ਬੁਨਿਆਦੀ ਸਰੋਕਾਰ ਹਨ ਜਿਨ੍ਹਾਂ ਦੇ ਅਧਾਰ ਤੇ ਮਨੁੱਖ ਦਾ ਮਾਨਸਿਕ ਅਤੇ ਆਤਮਿਕ ਵਿਕਾਸ ਹੁੰਦਾ ਹੈ। ਭਾਰਤ ਵਿਚ ਬਹੁਤ ਸਾਰੇ ਧਰਮ ਵਿਕਸਤ ਹੋਏ ਹਨ ਪਰੰਤੂ ਗੁਰੂ ਨਾਨਕ ਦੇਵ ਜੀ ਦੇ ਵੇਲੇ ਦੀ ਤੱਤਕਾਲੀ ਸਥਿਤੀ ਅਜਿਹੀ ਸੀ ਕਿ ਧਰਮ ਨੂੰ ਅਧਰਮ ਕਹਿਣਾ ਵਧੇਰੇ ਉਚਿਤ ਸੀ। ਧਾਰਮਿਕ ਆਗੂਆਂ ਅਤੇ ਉਹਨਾਂ ਦੇ ਪੈਰੋਕਾਰਾਂ ਦੀ ਕਹਿਣੀ ਤੇ ਕਰਨੀ ਵਿਚ ਵਿਰੋਧ ਸੀ। ਇਸ ਧਾਰਮਿਕ ਅਧੋਗਤੀ ਬਾਰੇ ਗੁਰੂ ਨਾਨਕ ਦੇਵ ਜੀ ਨੇ ਟਿੱਪਣੀ ਕਰਦਿਆਂ ਕਿਹਾ ਹੈ ਕਿ ਅਸਲ ਧਰਮ ਤਾਂ ਵਾਸਤਵ ਵਿਚ ਖੰਭ ਲਗਾ ਕੇ ਉੱਡ ਗਿਆ ਸੀ। ਝੂਠ ਦਾ ਬੋਲ-ਬਾਲਾ ਸੀ। ਮੁਸਲਮਾਨੀ ਹਮਲਾਵਰਾਂ ਅੰਦਰ ਕੇਵਲ ਇਸਲਾਮੀ ਰਾਜ ਦੀ ਸਥਾਪਨਾ ਦੀ ਰੀਝ ਸੀ। ਧਾਰਮਿਕ ਕੱਟੜਤਾ ਤੋਂ ਉਹ ਮੁਕਤ ਨਹੀਂ ਸਨ। ਵੇਲੇ ਦੇ ਰਾਜਨੀਤਿਕ ਆਗੂਆਂ ਨੇ ਹਿੰਦੂ ਮੰਦਰਾਂ ਨੂੰ ਢਾਹਿਆ ਅਤੇ ਅਜਿਹਾ ਕਰਨ ਵਿਚ ਉਹ ਇਕ ਚੰਗਾ ਧਾਰਮਿਕ ਕਰਮ ਸਮਝਦੇ ਸਨ। ਗਊ ਜੋ ਹਿੰਦੂ ਧਰਮ ਦਾ ਪਵਿੱਤਰ ਜਾਨਵਰ ਮੰਨਿਆ ਜਾਂਦਾ ਹੈ, ਨੂੰ ਕਤਲ ਕੀਤਾ ਜਾਂਦਾ ਸੀ। ਭਾਈ ਗੁਰਦਾਸ ਨੇ ਅਜਿਹੀ ਸਥਿਤੀ ਨੂੰ ਇਉਂ ਚਿਤਰਿਆ ਹੈ:

ਠਾਕੁਰਿ ਦੁਆਰੈ ਢਾਹਿ ਕੈ ਤਿਹਿ ਠਉੜੀ ਮਾਸੀਤਿ ਉਸਾਰਾ।
ਮਾਰਨਿ ਗਊ ਗ਼ਰੀਬ ਨੋ ਧਰਤੀ ਉਪਰਿ ਪਾਪੁ ਬਿਸਥਾਰਾ।[4]

ਤੱਤਕਾਲੀਨ ਮੁਸਲਿਮ ਹੁਕਮਰਾਨਾਂ ਵੱਲੋਂ ਭਾਰਤੀ ਗ਼ੈਰ-ਮੁਸਲਮਾਨਾ ਤੇ ਸਖ਼ਤੀ ਕੀਤੀ ਜਾਂਦੀ ਸੀ। ਤੀਰਥ ਯਾਤਰਾ ਤੇ ਜਾਣ ਲਈ ਉਹਨਾਂ ਤੇ ਪਾਬੰਦੀ ਸੀ ਜਾਂ ਉਹਨਾਂ ਨੂੰ ਜ਼ਜ਼ੀਆ (ਟੈਕਸ) ਦੇਣਾ ਪੈਂਦਾ ਸੀ। ਇਸਲਾਮੀ ਸਖ਼ਤੀ ਕਾਰਣ ਨੀਵੀਂ ਸ਼੍ਰੇਣੀ ਦੇ ਹਿੰਦੂਆਂ ਨੇ ਆਪਣਾ ਧਰਮ ਬਦਲ ਲਿਆ ਸੀ। ਹਿੰਦੂਆਂ ਵਿਚ ਪਰਸਪਰ ਵੈਰ ਵਿਰੋਧ ਹੋਣ ਕਾਰਣ ਆਪਸੀ ਫੁੱਟ ਦਾ ਸ਼ਿਕਾਰ ਸਨ। ਭਾਈ ਗੁਰਦਾਸ ਅਨੁਸਾਰ ਮੁਸਲਮਾਨਾਂ ਵਿਚ ਵੀ ਕਈ ਸੰਪਰਦਾਵਾਂ ਸਨ:

ਬਹੁ ਵਾਟੀ ਜਗਿ ਚਲੀਆ ਤਬ ਹੀ ਭਏ ਮਹੰਮਦਿ ਯਾਰਾ।

ਕਉਮਿ ਬਹਤਰਿ ਸੰਗਿ ਕਰਿ ਬਹੁ ਬਿਧਿ ਵੈਰੁ ਵਰੋਧੁ ਪਸਾਰਾ।[5]

ਤੱਤਕਾਲੀ ਧਾਰਮਿਕ ਕਰਮ-ਕਾਂਡਾਂ ਨੂੰ ਸਮਝਣ ਲਈ ਬ੍ਰਹਿਮੰਡ ਅਤੇ ਰੱਬ ਬਾਰੇ ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਸਮਝਣਾ ਵੀ ਬਹੁਤ ਜ਼ਰੂਰੀ ਹੈ। ਗੁਰੂ ਨਾਨਕ ਦੇਵ ਜੀ ਦਾ ਬ੍ਰਹਿਮੰਡ ਦੀ ਸਿਰਜਣਾ ਬਾਰੇ ਪੇਸ਼ ਸਿਧਾਂਤ, ਦੂਜੇ ਬਹੁਤ ਸਾਰੇ ਭਗਤ ਕਵੀਆਂ ਵਾਂਗ ਨਾ ਹਿੰਦੂ ਮੱਤ ਨਾਲ ਅਤੇ ਨਾ ਹੀ ਇਸਲਾਮ ਦੇ ਸਿਧਾਂਤ ਨਾਲ ਮੇਲ ਖਾਂਦਾ ਹੈ। ਉਹਨਾਂ ਨੇ ਰੱਬ-ਸਿਰਜਣਹਾਰ, ਰੱਬ ਨਿਰਪੇਖ, ਰੱਬ-ਸਤਿ ਨੂੰ ਬੁਨਿਆਦਾਂ ਦੀ ਬੁਨਿਆਦ ਅਤੇ ਆਦਿ-ਜੁਗਾਦਿ ਦੱਸਿਆ। ਆਪਣੀਆਂ ਬਹੁਤ ਸਾਰੀਆਂ ਰਚਨਾਵਾਂ ਵਿਚ ਗੁਰੂ ਸਾਹਿਬ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਪਰਮਾਤਮਾ ਨਾ ਥਾਪਿਆ ਜਾ ਸਕਦਾ ਹੈ ਨਾ ਸਾਜਿਆ ਜਾ ਸਕਦਾ ਹੈ ਆਪਣੀ ਮਹਾਨਤਾ ਕੇਵਲ ਉਹ ਆਪ ਹੀ ਜਾਣ ਸਕਦਾ ਹੈ। ਦੂਜੇ ਪਾਸੇ ਕਈ ਸਦੀਆਂ ਤੱਕ ਬ੍ਰਾਹਮਣਾਂ ਦਾ ਰੂਹਾਨੀ ਅਧਿਕਾਰ ਤੇ ਸੰਸਾਰਕ ਵਿਸ਼ੇਸ਼ ਅਧਿਕਾਰ ਇਸ ਗੱਲ ਉੱਤੇ ਅਧਾਰਿਤ ਰਹੇ ਕਿ ਉਹ ਉਚੇਰਾ ਗਿਆਨ ਰੱਖਦੇ ਸਨ ਜੋ ਕਿ ਪਵਿੱਤਰ ਸਾਂਸਕ੍ਰਿਤ ਦੇ ਗਿਆਨ ਵਿਚ ਪ੍ਰਗਟ ਹੁੰਦਾ ਸੀ। ਰੀਤ ਅਨੁਸਾਰ, ਸਿਰਫ਼ ਉਹਨਾਂ ਨੂੰ ਹੀ ਪਵਿੱਤਰ ਗ੍ਰੰਥ ਦੀ ਵਿਆਖਿਆ ਕਰਨ ਦੀ ਆਗਿਆ ਸੀ। ਅੱਲਾਹ ਦੇ ਬੰਦਿਆਂ ਦੀ ਹਨੇਰੇ ਵਿਚ ਰਹਿੰਦੀ ਭੀੜ ਨੂੰ ਆਲਮ ਮੁੱਲਾਂ ਹੀ ਕੁਰਾਨ ਦੇ ਲੁਕਵੇਂ ਅਰਥ ਸਮਝਾ ਸਕਦੇ ਸਨ। ਗੁਰੂ ਸਾਹਿਬ ਨੇ ਹਿੰਦੂ ਮਤ ਤੇ ਇਸਲਾਮ ਦੇ ਇਕ ਸਭ ਤੋਂ

ਮਹੱਤਵਪੂਰਨ ਧਾਰਮਿਕ ਅਸੂਲ ਨੂੰ ਢਾਹ ਲਾਈ ਕਿਉਂਕਿ ਗੁਰੂ ਨਾਨਕ ਦੇਵ ਜੀ ਪਰਮਾਤਮਾ ਤੇ ਉਸ ਦੀ ਰਜ਼ਾ ਨੂੰ ਜਾਣਨ ਦਾ ਇਕੋ ਇਕ ਸੰਭਵ ਸਾਧਨ ਗਿਆਨ ਵਿਚ ਵੇਖਦੇ ਸਨ।

ਗੁਰੂ ਨਾਨਕ ਦੇਵ ਜੀ ਦੀ ਸਿਖਿਆ ਦਾ ਸੁਧਾਰਕ ਖ਼ਾਸਾ ਸਥਾਪਿਤ ਪੂਜਾ ਦੀਆਂ ਰੀਤਾਂ ਦੇ ਖ਼ਿਲਾਫ ਦ੍ਰਿੜ ਰੋਸ ਵਿਚ ਸਪੱਸ਼ਟਤਾ ਨਾਲ ਪ੍ਰਗਟ ਹੋਇਆ। ਭਾਵੇਂ ਕਿਤਾਬਾਂ ਦੇ ਗੱਡਿਆਂ ਦੇ ਗੱਡੇ ਤੇ ਕਾਰਵਾਨਾਂ ਦੇ ਕਾਰਵਾਨ ਕਿਉਂ ਨਾ ਪੜ੍ਹ ਲਏ ਜਾਣ। ਗੁਰੂ ਸਾਹਿਬ ਨੇ ਕਟਾਖ਼ਸਮਈ ਢੰਗ ਨਾਲ ਕਿਹਾ ਮਹੀਨਿਆਂ ਦੇ ਮਹੀਨੇ, ਸਾਲਾਂ ਦੇ ਸਾਲ, ਸਾਰੇ ਦਾ ਸਾਰਾ ਜੀਵਨ ਭਾਵੇਂ ਕਿਉਂ ਨਾ ਪੜ੍ਹਨ ਉੱਤੇ ਲਾ ਦਿੱਤਾ ਜਾਵੇ ਤਾਂ ਵੀ ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ।[6] ਭਾਵ ਹਉਮੈ ਕਾਰਣ ਇਹ ਸਭ ਕੁਝ ਵਿਅਰਥ ਹੈ।

ਮਾਨਵਤਾ ਦੀ ਡਿੱਗ ਚੁੱਕੀ ਸੋਚ ਨੂੰ ਉੱਚਾ ਉਠਾਉਣ ਲਈ ਗੁਰੂ ਸਾਹਿਬ ਨੇ ਪਵਿੱਤਰ ਅਤੇ ਮਹਾਨ ਕੰਮ ਅਰੰਭਿਆ ਅਤੇ ਇੱਕ ਆਦਰਸ਼ਕ ਸਮਾਜ ਅਤੇ ਇੱਕ ਆਦਰਸ਼ਕ ਮਨੁੱਖ ਦੀ ਸਿਰਜਣਾ ਵੱਲ ਅਗਰਸਰ ਹੋਏ। ਗੁਰੂ ਨਾਨਕ ਦੇਵ ਜੀ ਨੇ ਇਲਹਾਮ ਰੂਪੀ ਗਿਆਨ ਦੀ ਜੋਤਿ ਨੂੰ ਪਹਿਲਾਂ ਅਨੁਭਵ ਕੀਤਾ, ਸਮਝਿਆ, ਵਿਚਾਰਿਆ ਅਤੇ ਫਿਰ ਇਸ ਸੱਚ ਨੂੰ 'ਸ਼ਬਦ' ਰਾਹੀਂ ਪ੍ਰਗਟ ਕੀਤਾ:

ਜੈਸੀ ਮੈ ਆਵੈ ਖਸਮ ਕੀ ਬਾਣੀ॥
ਤੈਸੜਾ ਕਰੀ ਗਿਆਨੁ ਵੇ ਲਾਲੋ॥[7]

ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਤੱਤਕਾਲੀਨ ਸਮਾਜ ਦੀ ਤਸਵੀਰ ਬੜੇ ਅਲੋਚਨਾਤਮਕ ਢੰਗ ਨਾਲ ਖਿੱਚੀ ਹੈ। ਲੋਕਾਂ ਦਾ ਰੱਬ ਵਿਚ ਵਿਸ਼ਵਾਸ ਹੀ ਨਹੀਂ ਸੀ ਰਿਹਾ। ਜਾਦੂ-ਟੂਣਿਆਂ ਤੇ ਕਰਾਮਾਤਾਂ ਵਿਚ ਲੋਕਾਂ ਦਾ ਵਿਸ਼ਵਾਸ ਬਣਦਾ ਜਾ ਰਿਹਾ ਸੀ। ਹਿੰਦੂ ਧਰਮ ਵਿਚ ਕਈ ਪ੍ਰਕਾਰ ਦੇ ਫ਼ਿਰਕੇ ਪੈਦਾ ਹੋ ਚੁੱਕੇ ਸਨ। ਜਿਵੇਂ ਬੁੱਧ ਮਤ, ਜੈਨ ਮੱਤ ਅਤੇ ਜੋਗ ਮਤ ਆਦਿ।

ਬ੍ਰਾਹਮਣ ਮਤ ਨੇ 'ਮੈਂ' ਨੂੰ ਮਿਥਿਆ ਜਾਣਿਆ ਹੈ। ਮਨੁੱਖ ਇਕ ਦ੍ਰਿਸ਼ਟੀ ਪਦਾਰਥਕ ਵਸਤ ਹੈ ਅਤੇ ਅਸਲੀਅਤ ਤਾਂ ਉਹ ਸਰਵ-ਵਿਆਪੀ ਹੈ, ਜੋ ਅਟੱਲ ਹੈ। ਇਸ ਘਟ-ਘਟ ਵਿਚ ਰਵ ਰਹੀ ਆਤਮਾਨੂੰ ਅਨੁਭਵ ਰਾਹੀਂ ਹੀ ਜਾਣਿਆ ਜਾ ਸਕਦਾ ਹੈ ਅਤੇ ਸਭ ਤੋਂ ਵੱਡੀ ਸਿਆਣਪ ਇਸੇ ਵਿਚ ਹੈ ਕਿ ਮਨੁੱਖ ਆਪਣੀਆਂ ਖ਼ਾਹਸਾਂ ਤੇ ਇਛਾਵਾਂ ਨੂੰ ਘੱਟ ਤੋਂ ਘੱਟ ਕਰ ਸਕੇ।[8]

ਜੋਗ ਮਤ ਦੇ ਅਨੁਸਾਰ ਮਨੁੱਖੀ ਜੀਵਨ ਦਾ ਆਦਰਸ਼ ਆਤਮਾ ਦਾ ਪਰਮਾਤਮਾ ਨਾਲ ਮੇਲ ਹੈ। ਆਤਮਾ ਤੇ ਪਰਮਾਤਮਾ ਦੇ ਇਸ ਮੇਲ ਲਈ ਉਹਨਾਂ ਨੇ ਤਿਆਗ, ਤਪੱਸਿਆ ਤੇ ਅਲਪ-ਆਹਾਰੀ ਬਣਨ ਦੀ ਲੋੜ ਅਰਥਾਤ ਮਨੁੱਖੀ ਖਾਹਿਸ਼ਾਂ ਨੂੰ ਜੜੋਂ ਖ਼ਤਮ ਕਰ ਦੇਣ ਤੇ ਜ਼ੋਰ ਦਿੱਤਾ। ਉਹਨਾਂ ਅਨੁਸਾਰ ਰੱਬ ਕੋਈ ਅਜਿਹੀ ਹਸਤੀ ਨਹੀਂ ਜੋ ਦੁਨੀਆਂ ਨੂੰ ਪੈਦਾ ਜਾਂ ਇਸ ਦੀ ਰਖਵਾਲੀ ਕਰੇ, ਸਗੋਂ ਰੱਬ ਤਾਂ ਸਿਰਫ਼ ਧਿਆਨ ਦਾ ਸਾਧਨ ਹੈ।

ਬੁਧ ਮਤ ਤੋਂ ਬਾਅਦ ਹਿੰਦੂ ਮਤ ਨੇ ਮੁੜ ਜ਼ੋਰ ਫੜਿਆ ਅਤੇ ਲੋਕ ਫਿਰ ਵੈਦਿਕ ਕਾਲ ਵਾਲੇ ਸਰਬ-ਈਸ਼ਵਰਵਾਦ ਵਿਚ ਵਿਸ਼ਵਾਸ ਕਰਨ ਲੱਗੇ। ਬਹੁਤ ਸਾਰੇ ਦੇਵੀ-ਦੇਵਤਿਆਂ ਦੀ ਪੂਜਾ ਹੋਣ ਲੱਗੀ। ਫਲਸਰੂਪ ਹਿੰਦੂ ਸਮਾਜ ਭਿੰਨ-ਭਿੰਨ ਸ਼੍ਰੇਣੀਆਂ ਵਿਚ ਵੰਡਿਆ ਗਿਆ। ਜਿਸ ਬਾਰੇ ਦੌਲਤ ਰਾਏ ਜੀ ਲਿਖਦੇ ਹਨ:

ਹਰ ਏਕ ਕਾ ਤਿਲਕ ਅਲਹਿਦਾ, ਤਿਲਕ ਕੀ ਸ਼ਕਲ ਅਲਹਿਦਾ,
ਤਿਲਕ ਕਾ ਰੰਗ ਅਲਹਿਦਾ, ਮਾਲਾ ਔਰ ਮਨਕੇ ਜੁਦਾ ਜੁਦਾ।
ਕਿਸੀ ਕੀ ਲਕੜੀ ਕੀ, ਕਿਸੀ ਕੀ ਤੁਲਸੀ ਕੀ, ਕਿਸੀ ਕੀ ਰੁਦਾਖ ਕੀ।
ਕਿਸੀ ਕੀ ਸੁਰਖ, ਕਿਸੀ ਕੀ ਸਬਜ਼, ਕਿਸੀ ਕਿ ਸਿਆਹ.. ...
ਹਰ ਏਕ ਦੇਵਤੇ ਕਾ ਨਰਕ ਸਵਰਗ ਆਪਣਾ ਆਪਣਾ ਥਾ।
ਜਬ ਖੁਦ ਦੇਵਤਾਓ ਮੇਂ ਜੰਗ ਥੀ ਤੋ ਅਨੇਕ ਪੈਰੋਕਾਰਾਂ ਮੇਂ
ਸੁਲਾਹ ਕਿਉਂ ਰਹਿ ਸਕਤੀ ਥੀ।[9]

ਅਜਿਹੇ ਖੇਰੂੰ ਖੇਰੂੰ ਹੋਏ ਸਮਾਜ ਵਿਚ ਧਾਰਮਿਕ ਸੁਧਾਰ ਭਗਤੀ ਲਹਿਰ ਨੇ ਲਿਆਂਦਾ ਜੋ ਕਰਮ-ਕਾਂਡ ਅਤੇ ਬੁੱਤ-ਪੂਜਾ ਦੇ ਵਿਰੁੱਧ ਸੀ।

ਗੁਰੂ ਨਾਨਕ ਦੇਵ ਜੀ ਨੇ ਹਿੰਦੂ ਮਤ ਵਿਚ ਪਰਚਲਿਤ ਬਹੁ-ਦੇਵ ਪੂਜਾ ਦਾ ਖੰਡਨ ਕੀਤਾ ਅਤੇ ਇਕ ਸਰਵ-ਵਿਆਪੀ ਪਰਮਾਤਮਾ ਦੀ ਹੋਂਦ ਨੂੰ ਸਵੀਕਾਰਿਆ। ਗੁਰੂ ਸਾਹਿਬ ਨੇ ਇਕ ਅਪਰੰਪਰ, ਨਿਰੰਕਾਰ, ਪਾਰਬ੍ਰਹਮ ਨੂੰ ਮੰਨਿਆ ਹੈ। ਅਜਿਹਾ ਪਾਰਬ੍ਰਹਮ ਫੜਿਆ ਨਹੀਂ ਜਾ ਸਕਦਾ। ਤੋਲਿਆ ਨਹੀਂ ਜਾ ਸਕਦਾ ਅਤੇ ਉਹ ਆਕਾਰ-ਰਹਿਤ ਵੀ ਹੈ ਪਰੰਤੂ ਮਨੁੱਖ ਉਸ ਪਰਮਾਤਮਾ ਦੇ ਅਨੰਦ ਨੂੰ ਮਾਣ ਨਹੀਂ ਸਕਦਾ। ਪਰਮਾਤਮਾ ਦੇ ਮਿਲਾਪ ਦੇ ਅਨੰਦ ਨੂੰ ਨਾ ਮਾਣ ਸਕਣ ਦਾ ਇਕ ਕਾਰਣ ਇਹ ਵੀ ਹੈ ਕਿ ਹਰ ਪ੍ਰਾਣੀ ਮਾਇਆ ਵਿਚ ਉਲਝਿਆ ਹੋਇਆ ਹੈ। ਮਾਇਆ ਦੇ ਸੁੱਖ ਇੰਦਰੀਆਂ ਰਾਹੀਂ ਮਾਣੇ ਜਾ ਸਕਦੇ ਹਨ। ਇਸ ਲਈ ਬ੍ਰਾਹਮਣੀ ਮਤ ਦਾ ਖ਼ਾਸਾ ਮਾਇਆ ਦੇ ਜੀਵਨ ਵੱਲ ਬਣਿਆ ਰਿਹਾ ਹੈ। ਦਖਣੀ ਓਅੰਕਾਰੁ ਬਾਣੀ-ਰਚਨਾ ਵਿਚ ਉਪਨਿਸ਼ਦਾਂ ਦੇ ਮੱਤ ਦਾ ਝੁਕਾਅ ਮਾਇਆ ਵੱਲ ਹੋਣ ਦੇ ਸੰਕੇਤ ਵੀ ਮਿਲਦੇ ਹਨ:

ਇਸੁ ਕਰਤੇ ਕਉ ਕਿਉ ਗਹਿ ਰਾਖਉ ਅਫਰਿਓ ਤੁਲਿਓ ਨ ਜਾਈ॥
ਮਾਇਆ ਕੇ ਦੇਵਾਨੇ ਪ੍ਰਾਣੀ ਝੂਠਿ ਠਗਉਰੀ ਪਾਈ॥
ਲਬਿ ਲੋਭਿ ਮੁਹਤਾਜਿ ਵਿਗੂਤੇ ਇਬ ਤਬ ਫਿਰਿ ਪਛੁਤਾਈ॥
ਏਕੁ ਸਰੇਵੈ ਤਾ ਗਤਿ ਮਿਤਿ ਪਾਵੈ ਆਵਣੁ ਜਾਣੁ ਰਹਾਈ॥[10]

ਗੁਰੂ ਨਾਨਕ ਬਾਣੀ ਅਧਿਐਨ ਤੋਂ ਤੱਤਕਾਲੀ ਧਾਰਮਿਕ ਅਵਸਥਾ ਦਾ ਗਿਆਨ ਸਹਿਜੇ ਹੀ ਹੋ ਜਾਂਦਾ ਹੈ। ਉਹਨਾਂ ਨੇ ਆਪਣੀ ਬਾਣੀ-ਰਚਨਾ ਵਿਚ ਨਿਰਾਰਥਕ ਧਾਰਮਿਕ ਕਰਮ-ਕਾਂਡਾਂ ਜਿਵੇਂ ਤੀਰਥ ਇਸ਼ਨਾਨ, ਦੇਵ ਪੂਜਾ, ਬੁੱਤ ਪੂਜਾ, ਪੰਡਤਾਂ, ਸਿਧਾਂ, ਜੋਗੀਆਂ, ਜੈਨੀਆਂ ਅਤੇ ਮੁਸਲਮਾਨਾਂ ਆਦਿ ਦੇ ਧਾਰਮਿਕ ਜੀਵਨ ਵਿਚਲੇ ਖੋਖਲੇ ਕਰਮ-ਕਾਂਡਾਂ ਦਾ ਪਾਜ਼ ਥਾਂ-ਥਾਂ ਉਘਾੜਿਆ ਹੈ। ਹਿੰਦੂਆਂ ਨੂੰ ਧਾਰਮਿਕ ਅਗਵਾਈ ਦੇਣ ਵਾਲੇ ਬ੍ਰਾਹਮਣਾਂ ਜਾਂ ਪੰਡਤਾਂ ਦੇ ਜੀਵਨ ਵਿਚ ਭਾਰੀ ਗਿਰਾਵਟ ਆ ਗਈ ਸੀ। ਉਹਨਾਂ ਦਾ ਵਿਵਹਾਰ ਵੇਦਾਂ ਸ਼ਾਸਤਰਾਂ ਦੀ ਸਿਖਿਆ ਤੋਂ

ਬਿਲਕੁਲ ਉਲਟ ਸੀ। ਉਹ ਦੂਜਿਆਂ ਨੂੰ ਉਪਦੇਸ਼ ਦਿੰਦੇ ਸਨ ਪਰੰਤੂ ਖ਼ੁਦ ਮਾਇਆ ਵਿਚ ਗ਼ਲਤਾਨ ਸਨ। ਗੁਰੂ ਨਾਨਕ ਦੇਵ ਜੀ ਨੇ ਬ੍ਰਾਹਮਣਾਂ ਦੇ ਜੀਵਨ ਬਾਰੇ ਟਿੱਪਣੀ ਕੀਤੀ ਹੈ:

ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ।।
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ।।[11]

ਤੱਤਕਾਲੀਨ ਸਮਾਜ ਵਿਚ ਧਾਰਮਿਕ ਚਿੰਨ੍ਹਾਂ ਅਤੇ ਫੋਕਟ ਕਰਮ-ਕਾਂਡਾਂ ਵਿਚ ਹੀ ਜੀਵਨ ਮੁਕਤੀ ਮਿਲ ਜਾਣ ਦਾ ਅੰਧ ਵਿਸ਼ਵਾਸ ਪ੍ਰਚੱਲਿਤ ਸੀ। ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨਿਰਾਰਥਕ ਅਤੇ ਫ਼ੋਕੀਆਂ ਰਸਮਾਂ ਤੇ ਦਿਖਾਵਿਆਂ ਦਾ ਆਪਣੀ ਬਾਣੀ-ਰਚਨਾ ਵਿਚ ਕਈ ਥਾਵਾਂ ਤੇ ਜ਼ਿਕਰ ਕੀਤਾ ਹੈ:

(ੳ) ਮਥੈ ਟਿਕਾ ਤੇੜਿ ਧੋਤੀ ਕਖਾਈ ॥
ਹਥਿ ਛੁਰੀ ਜਗਤ ਕਾਸਾਈ।।[12]

(ਅ) ਬਗਾ ਬਗੇ ਕਪੜੇ ਤੀਰਥ ਮੰਝਿ ਵਸੰ ਨ੍ਹਿ ॥
ਘੁਟਿ ਘੁਟਿ ਜੀਆ ਖਾਵਣੇ ਬਗੇ ਨ ਕਹੀਅਨ੍ਹਿ।।[13]

ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਬਾਣੀ ਫਲਸਫ਼ੇ ਨੂੰ ਉਪਰੋਕਤ ਦ੍ਰਿਸ਼ਟੀ ਤੋਂ ਵੇਖਿਆਂ ਪਤਾ ਲਗਦਾ ਹੈ ਕਿ ਇਹ ਵਿਵਹਾਰਕ ਪੱਧਰ ਉੱਤੇ ਧਰਮ ਤੇ ਨਿਤਾਪ੍ਰਤੀ ਜੀਵਨ ਦੇ ਸੰਜਮ ਸੰਤੁਲਨ ਨੂੰ ਬਰਕਰਾਰ ਰੱਖਦਾ ਹੈ ਅਤੇ ਸਿਧਾਂਤਕ ਪੱਧਰ ਉੱਤੇ ਇਹ ਧਰਮ ਦੇ ਉਲਟ ਨੇਮ-ਸਿਧਾਂਤ ਨੂੰ ਦਰਸਾਉਂਦਾ ਹੈ। ਗੁਰੂ ਨਾਨਕ ਫਲਸਫ਼ੇ ਦੀ ਯਾਤਰਾ ਵਿਹਾਰ ਤੋਂ ਸਿਧਾਂਤ ਵੱਲ ਦੀ ਹੈ। ਆਪਣੀ ਧਰਮਸੰਪੰਨ ਦ੍ਰਿਸ਼ਟੀ ਦੁਆਰਾ ਜਦੋਂ ਉਹ ਆਪਣੇ ਸਮੱਸਿਆਗ੍ਰਸਤ ਸਮੇਂ ਨੂੰ ਘੋਖਦੇ ਹਨ ਤਾਂ ਉਹ ਹਰ ਕਦਮ ਉੱਤੇ ਪਹਿਲਾਂ ਸਮੱਸਿਆਵਾਂ ਦਾ ਵੇਰਵਾ ਦਿੰਦੇ ਹਨ ਤੇ ਫਿਰ ਉਨ੍ਹਾਂ ਨਾਲ ਨਜਿੱਠਣ ਦੀ ਗੱਲ ਸਮਝਾਉਂਦੇ ਹਨ।

ਗੁਰੂ ਨਾਨਕ ਦੇਵ ਜੀ ਪੰਡਤਾਂ ਤੇ ਮੁਲਾਣਿਆਂ ਦੇ ਰਚਾਏ ਹੋਏ ਫੋਕਟ ਕਰਮ-ਕਾਂਡਾਂ, ਪਖੰਡਾਂ ਤੇ ਅਡੰਬਰਾਂ ਨੂੰ ਨਿਰਾਰਥਕ ਸਿੱਧ ਕਰਕੇ ਸਮਾਜਿਕ ਨਿਆਂ ਦੀ ਸਥਾਪਨਾ ਕਰਨਾ ਚਾਹੁੰਦੇ ਸਨ ਅਤੇ ਗਿਆਨੀ ਪੁਰਖ ਦੁਆਰਾ ਜੀਵਨ ਵਿਚ ਅਧਿਆਤਮਿਕ ਵਿਦਿਆ ਦਾ ਮੇਲ ਕਰਨਾ

ਜ਼ਰੂਰੀ ਸਮਝਦੇ ਸਨ। ਨਿਮਨ-ਲਿਖਤ ਬਾਣੀ ਤੁਕਾਂ ਵਿਚ ਸਾਰੀ ਵਿਚਾਰ ਦਾ ਤੱਤ-ਸਾਰ ਕੱਢਦਿਆਂ ਗੁਰੂ ਸਾਹਿਬ ਨੇ ਕਿਹਾ ਕਿ ਉਹ ਪਾਂਧਾ ਜਾਂ ਅਧਿਆਪਕ ਚੰਗਾ ਨਹੀਂ ਜਿਹੜਾ ਵਿਦਿਆ ਵੇਚਦਾ ਹੈ ਅਤੇ ਲੋਕਾਂ ਨੂੰ ਆਪਣੇ ਭਰਮ-ਜਾਲ ਵਿਚ ਫਸਾਉਣ ਲਈ ਪੂਰਾ ਪਾਠ ਗਿਆਨ ਪੜ੍ਹਾਉਂਦਾ ਹੈ। ਉੱਤਮ ਗਿਆਨੀ ਜਾਂ ਗੁਰੂ ਉਹ ਹੈ ਜੋ ਜੀਵਨ ਦੇ ਰੂਹਾਨੀ ਪਹਿਲੂ ਨੂੰ ਵੀ ਅੱਖੋਂ ਉਹਲੇ ਨਹੀਂ ਹੋਣ ਦਿੰਦਾ ਤੇ ਖ਼ੁਦ ਵੀ ਪ੍ਰਭੂ ਸਿਮਰਨ ਨੂੰ ਗਲ ਦਾ ਹਾਰ ਬਣਾ ਕੇ ਰੱਖਦਾ ਹੈ:

> ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ।।
>
> ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ।।
>
> ਸਚੀ ਪਟੀ ਸਚੁ ਮਨਿ ਪੜੀਐ ਸਬਦ ਸੁ ਸਾਰੁ।।
>
> ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿ ਹਾਰੁ।।[14]

ਉਪਰੋਕਤ ਚਰਚਾ ਦੇ ਅਧਾਰ ਤੇ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਪੁਰਾਣੀਆਂ ਕਦਰਾਂ-ਕੀਮਤਾਂ ਵਿਚ ਸਦੀਆਂ ਤੋਂ ਫੋਕਟ ਕਰਮ-ਕਾਂਡ ਤੇ ਭਰਮ-ਭੁਲੇਖਿਆਂ ਵਿਚ ਉਲਝੇ ਲੋਕਾਂ ਵਿਚ ਨਵੀਂ ਚੇਤਨਾ ਜਗਾ ਕੇ ਪ੍ਰਾਚੀਨ ਵਿਸ਼ਵਾਸਾਂ ਤੇ ਅਕੀਦਿਆਂ ਨੂੰ ਨਵਾਂ ਰੂਪ ਦਿੱਤਾ ਤੇ ਬ੍ਰਹਮ ਗਿਆਨ ਦੀ ਅੰਮ੍ਰਿਤ ਵਰਖਾ ਨਾਲ ਤੱਤਕਾਲੀਨ ਧਾਰਮਿਕ ਕਰਮ-ਕਾਂਡਾਂ ਤੋਂ ਮੁਕਤੀ ਦਿਵਾਈ। ਇਸ ਵਿਚਾਰਧਾਰਾ ਦੀ ਵਿਸ਼ਾਲਤਾ ਤੇ ਮੌਲਿਕਤਾ ਜਿਸ ਗੌਰਵਤਾ ਨੂੰ ਛੂੰਹਦੀ ਹੈ ਉਹ ਮਾਨਵੀ ਕਦਰਾਂ-ਕੀਮਤਾਂ ਦੇ ਪੱਧਰ ਤੇ ਇਕ ਨਵਾਂ ਮਾਰਗ ਨਿਰਦੇਸ਼ਤ ਕਰਦੀ ਹੈ। ਗੁਰੂ ਨਾਨਕ ਦੇਵ ਜੀ ਨੇ ਜਿਹੜੇ ਧਾਰਮਿਕ ਸਰੋਕਾਰ ਲਏ ਹਨ ਉਹ ਮਾਨਵਤਾ ਨਾਲ ਬਹੁਤ ਹੀ ਗਹਿਰਾ ਸੰਬੰਧ ਰੱਖਦੇ ਹਨ ਅਤੇ ਮਨੁੱਖਤਾ ਲਈ ਇਕ ਨਵਾਂ ਸਾਰਥਿਕ ਮਾਡਲ ਸਥਾਪਿਤ ਕਰਦੇ ਹਨ।

### (ਅ) ਗੁਰੂ ਨਾਨਕ ਵਿਚਾਰਧਾਰਾ ਅਤੇ ਧਾਰਮਿਕ ਕਰਮ-ਕਾਂਡ

ਇਤਿਹਾਸਕ ਪੱਖੋਂ ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਤੱਕ ਅੱਪੜਦਿਆਂ-ਅੱਪੜਦਿਆਂ ਭਾਰਤੀ ਸਾਂਸਕ੍ਰਿਤੀ ਤੇ ਧਰਮ ਦਰਸ਼ਨ ਦੇ ਖੇਤਰ ਵਿਚ ਪਹਿਲਾਂ

ਸਥਾਪਿਤ ਮੱਤ-ਮਤਾਂਤਰ ਆਪਣੇ ਮੂਲ-ਮੰਤਵਾਂ, ਕਰਤੱਵਾਂ ਤੇ ਮਾਨਵੀ ਸਰੋਕਾਰਾਂ ਨਾਲ ਸੰਬੰਧਿਤ ਮਨੋਰਥਾਂ ਨੂੰ ਵਿਸਾਰ ਚੁੱਕੇ ਸਨ। ਸਿਰਫ਼ ਵਿਖਾਵੇ ਦੇ ਕਰਮ-ਕਾਂਡਾਂ, ਤੀਰਥ ਇਸ਼ਨਾਨਾ, ਖ਼ਾਸ ਮਿੱਥਾਂ ਤੇ ਕਿਸੇ ਮਨਾਏ ਗਏ ਦਿਨ-ਦਿਹਾੜਿਆਂ ਉੱਪਰ ਪੂਜਾ ਅਰਚਨਾਂ ਤੇ ਵਰਤਾਂ ਦਾ ਵਿਖਾਵਾ ਮਾਇਕ-ਪ੍ਰਲੱਭਤਾ ਅਧੀਨ ਕੂੜ-ਕਬਾੜ ਰੂਪੀ ਵਿਧੀ-ਵਿਧਾਨ ਪੱਕੇ ਪੈਰੀਂ ਸਥਾਪਿਤ ਹੋ ਚੁੱਕਾ ਸੀ। ਧਰਮ-ਗ੍ਰੰਥਾਂ ਦਾ ਤੱਤ ਤਾਂ ਮਨੁੱਖੀ ਆਤਮਾ ਨੂੰ ਉਸਦੇ ਜੋਤ-ਸਰੂਪੀ ਮੂਲ ਪਰਮਾਤਮਾ ਦੀ ਸੋਝੀ ਦੇ ਕੇ 'ਹੁਕਮ ਰਜਾਈ' ਚੱਲਣ ਦੀ ਜੀਵਨ-ਜਾਚ ਸਿਖਾਉਣਾ ਸੀ ਤਾਂ ਜੋ ਉਹ ਕੂੜੇ ਦੁਨਿਆਵੀ ਮੋਹ, ਪਦਾਰਥਕ ਲਾਲਸਾ, ਲਾਲਚਾਂ ਤੇ ਹੋਰ ਵਿਕਾਰੀ ਬੰਧਨਾਂ ਦਾ ਤਿਆਗ ਕਰਕੇ ਅਨੰਦ ਭਰਪੂਰ ਜ਼ਿੰਦਗੀ ਜਿਉਂ ਸਕਣ ਪਰੰਤੂ ਆਪਣੇ ਆਪ ਨੂੰ ਉੱਚੀ ਕੁੱਲ ਜ਼ਾਤ ਤੇ ਅਖਵਾਉਂਦੇ ਪੰਡਿਤ, ਪਰੋਹਿਤਾਂ ਨੇ ਲੋਕਾਈ ਨੂੰ ਭਰਮ-ਭੁਲੇਖਿਆਂ ਅਧੀਨ ਸਵਰਗਾਂ ਦੀ ਪ੍ਰਲੱਭਤਾ ਜਾਂ ਨਰਕਾਂ ਦੇ ਡਰਾਂ ਤੋਂ ਭੈ-ਭੀਤ ਕੀਤਾ ਹੋਇਆ ਸੀ। ਭਾਂਤ-ਭਾਂਤ ਦੀਆਂ ਪੂਜਾ-ਪੱਧਤੀਆਂ ਦੁਆਰਾ ਆਪਣੀ ਨਿੱਜੀ ਰੋਟੀ ਤੇ ਐਸ਼-ਪ੍ਰਸਤੀ ਖ਼ਾਤਰ ਅਨਪੜ੍ਹ-ਅਨਜਾਣ ਜਨ-ਸਾਧਾਰਨ ਦੀ ਮਿਹਨਤ ਮੁਸ਼ੱਕਤ ਨਾਲ ਕੀਤੀ ਕਮਾਈ ਦੀ ਲੁੱਟ-ਖਸੁੱਟ ਸਿਖ਼ਰਾਂ ਨੂੰ ਅੱਪੜ ਚੁੱਕੀ ਸੀ।

ਗੁਰੂ ਨਾਨਕ ਦੇਵ ਜੀ ਨੇ ਇਕ ਸੁਚੇਤ ਸਮਾਜ-ਵਿਗਿਆਨੀ ਦੇ ਤੌਰ ਤੇ ਤੱਤਕਾਲੀਨ ਹਾਲਾਤਾਂ ਨੂੰ ਪੜਚੋਲਿਆ। ਫ਼ੋਕਟ ਧਾਰਮਿਕ ਰੀਤਾਂ, ਰਸਮਾਂ-ਰਿਵਾਜਾਂ ਦੇ ਬੰਧਨਾਂ ਨੂੰ ਨਿਰਾਰਥਕ ਜਾਣਦਿਆਂ ਧਰਮ-ਆਚਾਰੀਆਂ ਨਾਲ ਗੋਸ਼ਟੀਆਂ ਕੀਤੀਆਂ ਤੇ ਨਿਰਣੈਜਨਕ ਜੁਗਤਾਂ ਦੁਆਰਾ ਆਮ ਲੋਕਾਂ ਨੂੰ ਧਰਮ ਦੀ ਅਸਲੀਅਤ ਤੇ ਪਰਮਾਤਮਾ ਦੇ ਕਲਿਆਣਕਾਰੀ ਸਦਗੁਣਾਂ ਤੋਂ ਜਾਣੂ ਕਰਵਾਇਆ। ਦਖਣੀ ਓਅੰਕਾਰੁ ਬਾਣੀ-ਰਚਨਾ ਰਾਹੀਂ ਗੁਰੂ ਨਾਨਕ ਦੇਵ ਜੀ ਨੇ 'ਪੱਟੀ' ਰਚਨਾ ਵਾਲੀ ਦਾਰਸ਼ਨਿਕਤਾ ਨੂੰ ਅਭਿਵਿਅਕਤ ਕੀਤਾ ਹੈ। 'ਓਅੰ' ਅੱਖਰ ਦੇ ਭਾਵ ਦੀ ਵਿਆਖਿਆ ਕਰਦੇ ਹੋਏ ਆਪ ਨੇ ਮਨੁੱਖੀ ਜੀਵਨ ਦੇ ਵਿਭਿੰਨ ਪੱਖਾਂ ਨੂੰ ਉਲੀਕਿਆ ਅਤੇ ਅਗਿਆਨਤਾ ਰੂਪੀ ਹਨੇਰੇ ਦੇ ਰਾਹ ਤੇ ਚੱਲ ਰਹੀ ਲੋਕਾਈ ਨੂੰ ਗਿਆਨ ਦਾ ਮਾਰਗ ਦਰਸਾਇਆ। ਗੁਰੂ ਸਾਹਿਬ ਨੇ

ਇਸ ਵਿਚਾਰਧਾਰਾ ਨੂੰ ਰੱਦ ਕਰ ਦਿੱਤਾ ਕਿ ਸ੍ਰਿਸ਼ਟੀ ਦੀ ਉਤਪਤੀ ਲਈ ਦੇਵੀ-ਦੇਵਤਿਆਂ ਦੀ ਸਹਾਇਤਾ ਲੈਣੀ ਪੈਂਦੀ ਹੈ। ਪਰਮਾਤਮਾ ਨੇ ਆਪ ਹੀ ਸ੍ਰਿਸ਼ਟੀ ਰਚੀ ਹੈ ਉਹ ਜਗਤ ਦਾ ਮਾਲਕ ਤੇ ਪਾਲਕ ਹੈ। ਨਿਰੰਜਨ ਨੂੰ ਅਪਰੰਪਰ ਲਿਖਕੇ ਫਿਰ ਵਿਆਪਕ ਤੇ ਅੰਤਰੀਵੀ ਹੁੰਦਿਆਂ ਨਿਰੰਤਰ ਵਿਖਾਉਣ ਲਈ ਗੁਰੂ ਸਾਹਿਬ ਨੇ ਉਸ ਨੂੰ ਇਕ ਅੱਖਰ 'ੴ' ਤੇ ਇਸ ਨੂੰ ਆਪਣੇ '੧' ਦੇ ਨਾਲ ਲਗਾ ਦਿੱਤਾ। ਜਿਸ ਦਾ ਭਾਵ ਹੈ ਕਿ ਅਕਾਲ ਪੁਰਖ ਹੀ ਸ੍ਰਿਸ਼ਟੀ ਦਾ ਸਿਰਜਣਹਾਰ ਹੈ।

ਗੁਰੂ ਨਾਨਕ ਦੇਵ ਜੀ ਨੇ ਦਖਣੀ ਓਅੰਕਾਰੁ ਦੇ ਹਵਾਲੇ ਨਾਲ ਪਹਿਲੀ ਪਉੜੀ ਵਿਚ ਇਸ ਤਰ੍ਹਾਂ ਦਰਸਾਇਆ ਹੈ:

> ਓਅੰਕਾਰਿ ਬ੍ਰਹਮਾ ਉਤਪਤਿ॥
> ਓਅੰਕਾਰੁ ਕੀਆ ਜਿਨਿ ਚਿਤਿ॥
> ਓਅੰਕਾਰਿ ਸੈਲ ਜੁਗ ਭਏ॥
> ਓਅੰਕਾਰਿ ਬੇਦ ਨਿਰਮਏ॥
> ਓਅੰਕਾਰਿ ਸਬਦਿ ਉਧਰੇ॥
> ਓਅੰਕਾਰਿ ਗੁਰਮੁਖਿ ਤਰੇ॥
> ਓਨਮ ਅਖਰ ਸੁਣਹੁ ਬੀਚਾਰੁ॥
> ਓਨਮ ਅਖਰੁ ਤ੍ਰਿਭਵਣ ਸਾਰੁ॥[15]

ਉਪੋਕਤ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸ੍ਰਿਸ਼ਟੀ ਸੰਰਚਨਾ ਬਾਰੇ ਤੱਤਕਾਲੀ ਧਾਰਮਿਕ ਮਾਨਤਾਵਾਂ ਤੋਂ ਬਿਲਕੁਲ ਨਿਵੇਕਲਾ ਪ੍ਰਬੰਧ ਸਿਰਜ ਕੇ ਆਮ ਲੋਕਾਈ ਨੂੰ ਧਾਰਮਿਕ ਆਗੂਆਂ ਦੇ ਸੋਸ਼ਣ ਤੋਂ ਮੁਕਤ ਕਰਵਾਇਆ ਹੈ । ਅਜੋਕੀਆਂ ਵਿਸ਼ਵੀ ਪ੍ਰਸਥਿਤੀਆਂ ਵਿਚ ਵੀ ਸਾਇੰਸ ਸ੍ਰਿਸ਼ਟੀ ਰਚਨਾ ਦੀ ਇਸ ਧਾਰਨਾ ਨੂੰ ਪੂਰਨ ਸਾਰਥਿਕ ਪ੍ਰਵਾਨ ਕਰਦੀ ਪ੍ਰਤੀਤ ਹੁੰਦੀ ਹੈ ਕਿਉਂਕਿ ਸਾਇੰਸ ਨੇ ਅਜੇ ਤੱਕ ਕੋਈ ਵੀ ਸਰਬ-ਪ੍ਰਮਾਣਿਤ ਤਰਕ ਪ੍ਰਸਤੁਤ ਨਹੀਂ ਕੀਤਾ। ਸ੍ਰਿਸ਼ਟੀ ਸੰਰਚਨਾ ਬਾਰੇ ਗੁਰੂ ਨਾਨਕ ਫਿਲਾਸਫ਼ੀ ਸਰਬ-ਵਿਆਪਕ ਪੱਧਰ ਤੇ ਮਾਨਵਤਾ

ਨੂੰ ਪੁਜਾਰੀਵਾਦ ਦੇ ਝੰਮੇਲਿਆਂ ਤੋਂ ਮੁਕਤ ਕਰਦੀ ਹੈ। ਇਸੇ ਤਾਰਕਿਕ ਅਧਾਰ ਨੂੰ ਗੁਰੂ ਨਾਨਕ ਨੇ ਤੱਤਕਾਲੀ ਪੜ੍ਹੇ ਲਿਖੇ ਜਾਂ ਗਿਆਨੀ ਪਾਂਡੇ ਨੂੰ ਮੁਖ਼ਾਤਿਬ ਹੋ ਕੇ ਵਿਸ਼ਵ-ਵਿਆਪੀ ਰੱਬੀ ਸ਼ਕਤੀ ਬਾਰੇ ਮਨੁੱਖਤਾ ਨੂੰ ਜਾਣੂ ਕਰਵਾਉਣ ਲਈ ਕਿਹਾ:

ਸੁਣਿ ਪਾਡੇ ਕਿਆ ਲਿਖਹੁ ਜੰਜਾਲਾ॥

ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ॥੧॥ ਰਹਾਉ॥[16]

ਗੁਰੂ ਨਾਨਕ ਦੇਵ ਜੀ ਦੀ ਉਪਰੋਕਤ ਵਿਚਾਰਧਾਰਾ ਦਖਣੀ ਓਅੰਕਾਰੁ ਬਾਣੀ-ਰਚਨਾ ਵਿਚ ਸਮਾਈ ਹੋਈ ਹੈ। ਜਿਹੜੀ ਕੇਵਲ ਤੇ ਕੇਵਲ ਇਕ ਸਰਬ-ਸ਼ਕਤੀਮਾਨ ਤੇ ਸਰਬ-ਵਿਆਪਕ ਪਰਮਾਤਮਾ ਤੇ ਟੇਕ ਰੱਖਣ ਲਈ ਮਾਨਵਤਾ ਨੂੰ ਦ੍ਰਿੜ ਕਰਵਾਉਂਦੀ ਹੈ ਤਾਂ ਜੋ ਮਨੁੱਖ ਅਜੋਕੀਆਂ ਵਿਸ਼ਵੀ-ਪ੍ਰਸਥਿਤੀਆਂ ਵਿਚ ਆਪਣਾ ਸਮਾਂ ਹੋਰ ਧਾਰਮਿਕ ਕਰਮ-ਕਾਂਡਾਂ ਵਿਚ ਵਿਅਰਥ ਨਾ ਗੁਆਏ ਅਤੇ ਉਸ ਇਕ ਤੇ ਵਿਸ਼ਵਾਸ ਕਰਕੇ ਆਪਣੀ ਕਿਰਤ ਕਰਦਾ ਰਹੇ। ਅਜਿਹਾ ਸਦਾਚਾਰੀ ਮਨੁੱਖ ਸ੍ਰਿਸ਼ਟੀ ਦੀ ਹਰੇਕ ਵਸਤੂ ਨੂੰ ਪਰਮਾਤਮਾ ਦਾ ਰੂਪ ਸਮਝਦਾ ਹੈ। ਕਿਸੇ ਦਾ ਹੱਕ ਖੋਹ ਕੇ ਨਹੀਂ ਖਾਂਦਾ। ਮਨ ਨੀਵਾਂ ਮਤ ਉੱਚੀ ਰੱਖ ਕੇ ਸਭ ਮਨੁੱਖਾਂ ਨਾਲ ਪ੍ਰੇਮ ਕਰਦਾ ਹੈ। ਉਸ ਦੀ ਨਿਗਾਹ ਵਿਚ ਸਭ ਮਨੁੱਖ ਬਰਾਬਰ ਹੁੰਦੇ ਹਨ। ਉਹ ਦੂਜਿਆਂ ਲਈ ਪ੍ਰੇਰਨਾ-ਸ੍ਰੋਤ ਹੁੰਦਾ ਹੈ। ਤਨ ਤੇ ਮਨ ਦੀ ਪਵਿੱਤਰਤਾ ਨੂੰ ਆਪਣਾ ਉਦੇਸ਼ ਸਮਝਦਾ ਹੋਇਆ ਹਉਮੈ ਦਾ ਤਿਆਗ ਕਰਦਾ ਹੈ।

ਦਖਣੀ ਓਅੰਕਾਰੁ ਬਾਣੀ-ਰਚਨਾ ਵਿਚ ਗੁਰੂ ਸਾਹਿਬ ਨੇ ਮਨੁੱਖ ਨੂੰ ਸਦਾਚਾਰਕ ਤੌਰ ਤੇ ਉੱਚਾ ਉੱਠਣ ਦੀ ਪ੍ਰੇਰਨਾ ਦਿੱਤੀ ਹੈ ਕਿ ਸੰਸਾਰ ਨਾਸ਼ਮਾਨ ਹੈ, ਮਨੁੱਖ ਨੂੰ ਆਤਮਿਕ ਤੌਰ ਤੇ ਉੱਚਾ ਉੱਠਣ ਲਈ ਸ਼ੁਭ ਗੁਣਾਂ ਦਾ ਗ੍ਰਹਿਣ ਕਰਨਾ ਜ਼ਰੂਰੀ ਹੈ। ਸੱਚਾ-ਸੁੱਚਾ ਆਚਾਰ ਰੱਖਣਾ ਚਾਹੀਦਾ ਹੈ। ਮਨੁੱਖ ਆਪਣੀ ਕਥਨੀ ਤੇ ਕਰਨੀ ਨੂੰ ਸੰਤੁਲਿਤ ਰੱਖ ਕੇ ਹੀ ਸਮਾਜ ਨੂੰ ਸਹੀ ਸੇਧ ਦੇ ਸਕਦਾ ਹੈ। ਦਖਣੀ ਓਅੰਕਾਰੁ ਦੇ ਆਰੰਭ ਵਿਚ ਗੁਰੂ ਨਾਨਕ ਦੇਵ ਜੀ ਨੇ ਗੁਰਮੁਖ ਦੀ ਮਹਿਮਾ ਦੱਸੀ ਹੈ। ਉਹਨਾਂ ਅਨੁਸਾਰ ਇਸ ਸੰਸਾਰ ਵਿਚ ਗੁਰਮੁਖ ਹੀ ਅਜਿਹਾ ਵਿਅਕਤੀ ਹੈ ਜਿਸ ਨੂੰ ਨਾਮ ਵਰਗੀ ਦੈਵੀ ਵਸਤੂ ਪ੍ਰਾਪਤ ਹੁੰਦੀ ਹੈ ਤੇ ਉਹ ਕੇਵਲ ਨਾਮ-ਧਨ ਨੂੰ ਹੀ ਇਕੱਤਰ ਕਰਦਾ ਹੈ। ਉਸ

ਨੂੰ ਪੜ੍ਹ ਕੇ, ਸਮਝ ਕੇ ਅਤੇ ਅਮਲੀ ਰੂਪ ਵਿਚ ਵਿਚਾਰ ਕੇ ਇਹ ਗਿਆਨ ਪ੍ਰਾਪਤ ਹੋ ਜਾਂਦਾ ਹੈ ਕਿ ਈਸ਼ਵਰ/ਪਰਮਾਤਮਾ ਇਕ ਅਟੱਲ ਹਸਤੀ ਹੈ। ਅਬਿਨਾਸੀ ਤੇ ਘਟ-ਘਟ ਵਿਚ ਵਿਆਪਕ ਹੈ। ਉਸ ਨੂੰ ਇਹ ਵੀ ਅਨੁਭਵ ਹੋ ਜਾਂਦਾ ਹੈ ਕਿ ਪਰਮਾਤਮਾ ਦੇ ਅਨਮੋਲ ਨਾਮ-ਧਨ ਤੋਂ ਬਿਨ੍ਹਾਂ ਇਹ ਸੰਸਾਰ ਕਿਸੇ ਕੰਮ ਨਹੀਂ। ਉਹ ਗੁਰੂ ਦੇ ਸਨਮੁੱਖ ਹੋ ਜਾਂਦਾ ਹੈ ਤੇ ਕਦੇ ਵੀ ਬੇਮੁੱਖ ਨਹੀਂ ਹੁੰਦਾ। ਸਦਾ ਗੁਰੂ ਨੂੰ ਅਪਣੇ ਹਿਰਦੇ ਵਿਚ ਵਸਾ ਕੇ ਰੱਖਦਾ ਹੈ:

> ਸਮਝੈ ਸੂਝੈ ਪੜਿ ਪੜਿ ਬੂਝੈ ਅੰਤਿ ਨਿਰੰਤਰਿ ਸਾਚਾ॥
>
> ਗੁਰਮੁਖਿ ਦੇਖੈ ਸਾਚੁ ਸਮਾਲੇ ਬਿਨੁ ਸਾਚੇ ਜਗੁ ਕਾਚਾ॥[17]

ਗੁਰੂ ਸਾਹਿਬ ਨੇ ਸੱਚ ਨੂੰ ਸਭ ਵਸਤਾਂ ਤੋਂ ਉੱਚਾ ਮੰਨਿਆ ਹੈ, ਪਰੰਤੂ ਸ਼ੁਭ ਆਚਾਰ/ਗੁਣਾਂ ਨੂੰ ਸੱਚ ਤੋਂ ਵੀ ਉੱਪਰ ਮੰਨਿਆ ਹੈ:

> ਸਚਹੁ ਓਰੈ ਸਭ ਕੋ
>
> ਉਪਰਿ ਸਚੁ ਆਚਾਰੁ॥[18]

ਗੁਰੂ ਸਾਹਿਬ ਦੱਸਦੇ ਹਨ ਕਿ ਕੇਵਲ ਪਰਮਾਤਮਾ ਦਾ ਨਾਮ ਹੀ ਐਸੀ ਵਿਵਿਧ ਹਸਤੀ ਹੈ ਜੋ ਸਦਾ ਰਹਿਣ ਵਾਲੀ ਹੈ। ਇਸ ਦੀ ਸੂਝ ਕੇਵਲ ਸੱਚੇ ਗੁਰੂ ਦੁਆਰਾ ਹੀ ਪ੍ਰਾਪਤ ਹੋ ਸਕਦੀ ਹੈ:

> ਰੋਸੁ ਨ ਕੀਜੈ ਅੰਮ੍ਰਿਤੁ ਪੀਜੈ ਰਹਣੁ ਨਹੀ ਸੰਸਾਰੇ॥
>
> ਰਾਜੇ ਰਾਇ ਰੰਕ ਨਹੀ ਰਹਣਾ ਆਇ ਜਾਇ ਜੁਗ ਚਾਰੇ॥
>
> ਰਹਣ ਕਹਣ ਤੇ ਰਹੈ ਨ ਕੋਈ ਕਿਸੁ ਪਹਿ ਕਰਉ ਬਿਨੰਤੀ॥
>
> ਏਕੁ ਸਬਦੁ ਰਾਮ ਨਾਮ ਨਿਰੋਧਰੁ ਗੁਰੁ ਦੇਵੈ ਪਤਿ ਮਤੀ॥[19]

ਭਾਵ ਕਿ ਕਿਸੇ ਨੇ ਏਥੇ ਬੈਠੇ ਨਹੀਂ ਰਹਿਣਾ। ਵੱਡੇ ਛੋਟੇ ਸਭ ਨੂੰ ਇੱਥੋਂ ਜਾਣਾ ਪੈਣਾ ਹੈ ਫਿਰ ਨਾਮ ਨਾਲ ਜੁੜ ਕੇ ਸੱਚੇ ਪ੍ਰਭੂ ਦੇ ਸੱਚੇ ਗੁਣ ਕਿਉਂ ਨਾ ਧਾਰਨ ਕੀਤੇ ਜਾਣ।

ਬ੍ਰਾਹਮਣਵਾਦ ਨੇ ਲੋਕਾਂ ਦੀ ਲੁੱਟ-ਖਸੁੱਟ ਕਰਨ ਲਈ ਹੋਰ ਕਈ ਤਰ੍ਹਾਂ ਦੇ ਡਰਾਂ ਦੇ ਨਾਲ ਮੌਤ ਦਾ ਡਰ ਲੋਕਾਂ ਦੇ ਮਨਾਂ ਉੱਤੇ ਬਿਠਾਇਆ ਹੋਇਆ ਸੀ। ਇਸ ਲਈ ਭਾਰਤੀ ਲੋਕ ਮਰਨ ਤੋਂ

ਬਹੁਤ ਡਰਦੇ ਸਨ। ਧਰਮ ਪ੍ਰਤਿ ਉਹਨਾਂ ਵਿਚ ਕੱਟੜਤਾ ਸੀ ਪਰ ਦ੍ਰਿੜਤਾ ਦੀ ਘਾਟ ਸੀ। ਉਹ ਜਾਨ ਦੀ ਰੱਖਿਆ ਲਈ ਧਰਮ ਤਾਂ ਮੰਨਣ ਨੂੰ ਤਿਆਰ ਸਨ ਪਰੰਤੂ ਧਰਮ ਦੀ ਰੱਖਿਆ ਲਈ ਜਾਨ ਦੇਣ ਤੋਂ ਡਰਦੇ ਸਨ। ਗੁਰੂ ਨਾਨਕ ਦੇਵ ਜੀ ਨੇ ਉਹਨਾਂ ਦੇ ਮਨਾਂ ਵਿਚੋਂ ਮੌਤ ਦਾ ਭੈਅ ਕੱਢਣ ਲਈ ਵਿਸ਼ੇਸ਼ ਜ਼ੋਰ ਦਿੱਤਾ ਕਿ ਰਚਨਾ ਸਦਾ ਨਹੀਂ ਰਹਿਣੀ ਪਰ ਰਚਨਹਾਰ ਪਰਮਾਤਮਾ-ਕਰਤਾ ਆਪ ਸਦੀਵੀ ਤੇ ਅਟੱਲ ਹੈ। ਇਹ ਸੰਸਾਰ ਜੋ ਰਚਿਆ ਗਿਆ ਹੈ ਉਹ ਕਿਸੇ ਪਲ ਵੀ ਬਿਨਸ ਸਕਦਾ ਹੈ। ਹੋਂਦ, ਅਣਹੋਂਦ ਹੋ ਸਕਦੀ ਹੈ:

ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ॥
ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ॥[20]

ਮੰਦਾ ਬੋਲਣਾ ਇਕ ਔਗੁਣ ਹੈ। ਇਹ ਮਨੁੱਖੀ ਜੀਵਨ ਵਿਚ, ਆਪਸੀ ਭਾਈਚਾਰਕ ਸਭਿਆਚਾਰ ਵਿਚ ਵਖਰੇਵੇਂ ਪੈਦਾ ਕਰਦਾ ਹੈ ਅਤੇ ਮਨੁੱਖੀ ਪਿਆਰ ਵਿਚ ਵੱਡੀ ਰੁਕਾਵਟ ਹੈ। ਮੰਦਾ ਬੋਲਣ ਵਾਲੇ ਬੜਬੋਲੇ ਵਿਅਕਤੀ ਨੂੰ ਸਮਾਜ ਪ੍ਰਵਾਨ ਨਹੀਂ ਕਰਦਾ:

ਟੂਟਿ ਪਰੀਤਿ ਗਈ ਬੁਰ ਬੋਲਿ॥
ਦੁਰਮਤਿ ਪਰਹਰਿ ਛਾਡੀ ਢੋਲਿ॥[21]

ਸਪੱਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਨੈਤਿਕ ਮੁੱਲ ਧਾਰਨ ਕਰਨ ਲਈ ਪ੍ਰੇਰਨਾ ਦਿੱਤੀ ਹੈ ਜਿਹੜੇ ਪ੍ਰਭੂ ਦੀ ਬਖ਼ਸ਼ਿਸ਼ ਨਾਲ ਮਿਲਦੇ ਹਨ। ਗੁਰੂ ਸਾਹਿਬ ਨੇ ਸਦਾਚਾਰ, ਨਿਮਰਤਾ ਨੂੰ ਬੜਾ ਉੱਤਮ ਦਰਜਾ ਦਿੱਤਾ ਹੈ ਅਤੇ ਸੰਦੇਸ਼ ਦਿੱਤਾ ਹੈ ਕਿ ਬੁਰੇ ਕੰਮਾਂ ਦਾ ਤਿਆਗ ਕਰੋ, ਗੁਣ ਧਾਰਨ ਕਰੋ, ਅੰਦਰਲੀ ਮੈਲ ਨੂੰ ਨਾਮ ਰਾਹੀਂ ਧੋਵੋ, ਮੰਦਾ ਨਾ ਬੋਲੋ, ਨਿੰਦਿਆ ਅਤੇ ਝੂਠ ਤੋਂ ਹਰ ਛਿੰਨ ਬਚੇ ਰਹੋ।

ਗੁਰੂ ਨਾਨਕ ਦੇਵ ਜੀ ਦੁਆਰਾ ਦਰਸਾਇਆ ਉਪਰੋਕਤ ਜੀਵਨ ਮਾਰਗ ਸਮੁੱਚੀ ਮਾਨਵਤਾ ਨੂੰ ਇਕ ਅਜਿਹਾ ਅਮੁੱਲਾ ਸੰਦੇਸ਼ ਹੈ ਜਿਸ ਨੂੰ ਗ੍ਰਹਿਣ ਕਰਕੇ ਮਨੁੱਖ ਅਜੋਕੀਆਂ ਵਿਸ਼ਵੀ-ਪ੍ਰਸਥਿਤੀਆਂ ਵਿਚ ਸੁਖੀ ਤੇ ਸ਼ਾਂਤਮਈ ਜੀਵਨ ਬਤੀਤ ਕਰ ਸਕਦਾ ਹੈ ਕਿਉਂਕਿ

ਸਮੁੱਚੀ ਮਾਨਵਤਾ ਦੇ ਪੱਧਰ ਤੇ ਅਜਿਹੇ ਗੁਣਾਂ ਦੇ ਧਾਰਨੀ ਮਨੁੱਖ ਹੀ ਇੱਕ ਵਿਸ਼ਵੀ-ਸਮਾਜ ਸਿਰਜ ਸਕਦੇ ਹਨ।

ਗੁਰੂ ਨਾਨਕ ਦੇਵ ਜੀ ਨੇ ਦਖਣੀ ਓਅੰਕਾਰੁ ਬਾਣੀ-ਰਚਨਾ ਰਾਹੀਂ ਕੇਵਲ ਅਧਿਆਤਮਕ ਜਾਂ ਨੈਤਿਕ ਮੁੱਲਾਂ ਦੀ ਹੀ ਗੱਲ ਨਹੀਂ ਕੀਤੀ ਸਗੋਂ ਆਪਣੇ ਤੱਤਕਾਲੀਨ ਸਮਾਜ ਵਿਚ ਫੈਲੇ ਵਿਭਚਾਰ ਅਤੇ ਪਤਨਸ਼ੀਲ ਮਨੁੱਖ ਵਿਰੁੱਧ ਲੋਕਾਈ ਅੰਦਰ ਤਿੱਖੀ ਚੇਤਨਾ ਪੈਦਾ ਕੀਤੀ। ਇਸ ਚੇਤਨਾ ਨੇ ਲੋਕਾਂ ਨੂੰ ਮਾਨਸਿਕ ਤੌਰ ’ਤੇ ਉਨ੍ਹਾਂ ਮਨਫ਼ੀ ਕਰਮ-ਕਾਂਡਾਂ ਵਿਰੁੱਧ ਲਾਮਬੰਦ ਕਰ ਕੇ ਇੱਕ ਨਵੀਂ ਜੀਵਨ-ਜਾਚ ਦੀ ਪ੍ਰੇਰਨਾ ਦਿੱਤੀ ਹੈ। ਬਾਣੀ ਚਿੰਤਨ ਵਿਚ ਉਹ ਜੀਵਨ ਅਰਥਹੀਣ ਹੈ ਜੋ ਨੈਤਿਕ/ਸਦਾਚਾਰਕ ਮੁੱਲਾਂ ਤੋਂ ਟੁੱਟਿਆ ਹੋਇਆ ਹੈ। ਗੁਰੂ ਨਾਨਕ ਦੇਵ ਜੀ ਨੇ ਬੜੀ ਤਿੱਖੀ ਸੁਰ ਵਿਚ ਅਨੈਤਿਕ ਕਾਰਜ ਨੂੰ ਰੱਦ ਕਰਦਿਆਂ ਜੀਵਨ ਅੰਦਰਲੇ ਸੱਚ ਵੱਲ ਸੰਕੇਤ ਕੀਤਾ ਹੈ। ‘ਸੁਚਿ ਹੋਵੈ ਤਾ ਸਚੁ ਪਾਈਐ’ ਇਹ ਸੁਚਿ ਸ਼ੁਭ ਵਿਚਾਰਾਂ ਤੋਂ ਉਪਜਦੀ ਹੈ, ਸਦਗੁਣ ਅਪਣਾਇਆ ਹੀ ਮੁਕਤੀ ਹੋਣੀ ਹੈ। ਬਾਣੀ ਵਿਚ ਇਸ ਤੱਥ ਵੱਲ ਸੰਕੇਤ ਹੈ ਕਿ ਜਿਹੜੇ ਪਾਪੀ ਪਾਪ ਕਮਾਉਂਦੇ ਹਨ। ਉਹ ਸਾਰੇ ਸਮਾਜ ਨੂੰ ਅਪਵਿੱਤਰ ਕਰ ਦਿੰਦੇ ਹਨ। ਉਹਨਾਂ ਦਾ ਅਨੈਤਿਕ ਵਿਵਹਾਰ, ਸੁਰਤਿ, ਤਨ, ਮਨ ਅਤੇ ਬੁਧਿ ਨੂੰ ਭ੍ਰਿਸ਼ਟ ਕਰ ਦਿੰਦਾ ਹੈ। ਲੋਭ, ਲਾਲਚ ਤੇ ਹੰਕਾਰ ਬੁਰੇ ਹਨ। ਨਿੰਦਾ ਅਤੇ ਖ਼ੁਸ਼ਾਮਦ ਕਰਨ ਵਾਲੇ ਉੱਤੇ ਕੋਈ ਭਰੋਸਾ ਨਹੀਂ ਕਰਦਾ। ਖ਼ੁਸ਼ਾਮਦ ਕਰਨ ਵਾਲਾ ਮਨੁੱਖ ਮਨਮੁੱਖ, ਅੰਨ੍ਹਾ, ਮੂਰਖ ਤੇ ਗੰਵਾਰ ਹੈ। ਉਹ ਪਦਾਰਥਕ ਲੋੜਾਂ ਪਿੱਛੇ ਆਪਣਾ ਜੀਵਨ ਬਰਬਾਦ ਕਰ ਰਿਹਾ ਹੈ। ਇਸ ਵਿਸ਼ਵ ਦ੍ਰਿਸ਼ਟੀ ਬਾਰੇ ਗੁਰੂ ਨਾਨਕ ਦੇਵ ਜੀ ਦਾ ਕਥਨ ਹੈ:

ਲਾੜੀ ਚਾੜੀ ਲਾਇਤਬਾਰੁ॥
ਮਨਮੁਖੁ ਅੰਧਾ ਮੁਗਧੁ ਗਵਾਰੁ॥
ਲਾਹੇ ਕਾਰਣਿ ਆਇਆ ਜਗਿ॥
ਹੋਇ ਮਜੂਰੁ ਗਇਆ ਠਗਾਇ ਠਗਿ॥[22]

ਗੁਰੂ ਨਾਨਕ ਬਾਣੀ ਵਿਚ ਅਨੈਤਿਕ ਮਨੁੱਖ ਦਾ ਪ੍ਰਤੀਕ ਮਨਮੁਖ ਹੈ ਜੋ ਧਰਮ ਕਰਮ ਤੋਂ ਟੁੱਟਾ ਹੋਇਆ ਮਾਇਆ ਵਿਚ ਗ਼ਲਤਾਨ ਹੈ। ਇਸ ਮਨੁੱਖ ਦੀ ਸੋਚ ਅਤੇ ਕਰਮ-ਮੈਲਾ ਹੈ। ਮਨ ਦੀ ਚੰਚਲਤਾ ਇਸ ਮਨਮੁਖ ਨੂੰ ਹਰ ਪਲ ਬੇਅਰਾਮ ਕਰਦੀ ਹੈ। ਕਾਮ, ਕਰੋਧ, ਲੋਭ, ਮੋਹ ਹੰਕਾਰ ਵਰਗੇ ਔਗੁਣ, ਮਨੁੱਖ ਨੂੰ ਬੁੱਧੀਹੀਣ ਕਰ ਦਿੰਦੇ ਹਨ। ਇਹ ਵਿਕਾਰ ਮਨੁੱਖ ਦੇ ਸਰੀਰ ਨੂੰ ਇਸ ਤਰ੍ਹਾਂ ਬੇਕਾਰ ਕਰ ਦਿੰਦੇ ਹਨ ਜਿਵੇਂ ਸੁਹਾਗਾ ਸੋਨੇ ਨੂੰ ਗਾਲ ਦਿੰਦਾ ਹੈ:

ਕਾਮੁ ਕ੍ਰੋਧੁ ਕਾਇਆ ਕਉ ਗਾਲੈ
ਜਿਉ ਕੰਚਨ ਸੋਹਾਗਾ ਢਾਲੈ॥[23]

ਉਪਰੋਕਤ ਮਾਰੂ ਰੁਚੀਆਂ ਤੋਂ ਮੁਕਤ ਹੋਣ ਦੇ ਵਿਸ਼ਵੀ ਸੰਦੇਸ਼ ਨੂੰ ਨਾਨਕ ਬਾਣੀ ਦਾ ਮੂਲ ਅਧਾਰ ਮੰਨਿਆ ਜਾ ਸਕਦਾ ਹੈ। ਗੁਰੂ ਸਾਹਿਬ ਦਾ ਵਿਚਾਰ ਹੈ ਕਿ ਮਨ ਦਾ ਮਾਨ ਤਿਆਗਣਾ, ਕਾਮ, ਕਰੋਧ ਅਤੇ ਦੁਰਜਨ ਦੀ ਸੰਗਤ ਤੋਂ ਦੂਰ ਰਹਿਣਾ, ਤ੍ਰਿਸ਼ਨਾ ਤੋਂ ਬਚਣਾ, ਅਹੰਕਾਰ ਅਤੇ ਮਾਇਆ ਤੋਂ ਨਿਰਲੇਪ ਰਹਿਣਾ ਹੀ ਨੈਤਿਕਤਾ ਹੈ।

ਦਖਣੀ ਓਅੰਕਾਰੁ ਬਾਣੀ-ਰਚਨਾ ਵਿਚ ਗੁਰੂ ਨਾਨਕ ਦੇਵ ਜੀ ਦਇਆ, ਸੰਤੋਖ, ਜਤਿ, ਸਤਿ, ਸਰਮ ਨੂੰ ਕੇਂਦਰ ਬਿੰਦੂ ਮੰਨ ਕੇ ਕਹਿੰਦੇ ਹਨ ਕਿ ਜੇਕਰ ਸਗਲ ਜਮਾਤੀ ਦਾ ਜੀਵੰਤ ਰੂਪ ਵੇਖਣਾ ਹੈ ਤਾਂ ਇਸ ਲਈ ਨੈਤਿਕ ਗੁਣ ਅਪਨਾਉਣੇ ਅਨਿਵਾਰੀ ਹਨ। ਮਨ ਨੂੰ ਜਿੱਤਣ ਦਾ ਮਾਰਗ ਵੀ ਇਹੀ ਹੈ। ਵਿਸ਼ਵੀ ਪੱਧਰ ਤੇ ਕੋਈ ਵੀ ਮਨੁੱਖ ਅਜਿਹੇ ਜੀਵਨ-ਮਾਰਗ ਨੂੰ ਅਪਣਾਉਂਦਾ ਹੋਇਆ ਆਪਣੀ ਅੰਤਿਮ ਮੰਜ਼ਿਲ ਪ੍ਰਭੂ ਦੇ ਦਰ ਤੇ ਪ੍ਰਵਾਨ ਹੋ ਸਕਦਾ ਹੈ।

ਦਖਣੀ ਓਅੰਕਾਰੁ ਬਾਣੀ-ਰਚਨਾ ਦੇ ਅੰਤ ਵਿਚ ਗੁਰੂ ਸਾਹਿਬ ਨੇ ਧਰਮ ਅਤੇ ਵਿਦਿਆ ਪ੍ਰਚਾਰਕਾਂ ਦੀ ਕਾਰਗੁਜ਼ਾਰੀ ਦੀ ਅਲੋਚਨਾ ਕੀਤੀ ਹੈ ਜੋ ਕਿ ਵਿਦਿਆ ਨੂੰ ਵੇਚਦੇ ਹਨ। ਉਹ ਧਰਮ-ਗ੍ਰੰਥਾਂ ਦੀ ਵਿਦਿਆ ਦੇ ਸੁਦਾਗਰ ਬਣੇ ਫਿਰਦੇ ਹਨ ਅਤੇ ਲੋਕਾਂ ਵਿਚ ਅੰਧ-ਵਿਸ਼ਵਾਸ ਫੈਲਾਉਂਦੇ ਹਨ:

ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਜਿ ਸੁਭਾਇ॥

ਬਿਦਿਆ ਸੋਧੈ ਤਤੁ ਲਹੈ ਰਾਮ ਨਾਮ ਲਿਵ ਲਾਇ॥

ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ॥

ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ॥[24]

ਗੁਰੂ ਨਾਨਕ ਬਾਣੀ ਦੇ ਸੱਚ ਦਾ ਸਿੱਧਾ ਸੰਬੰਧ ਵਿਵਹਾਰ ਦੀ ਪਵਿੱਤਰਤਾ, ਸਾਦਗੀ, ਸੁੱਚਤਾ ਅਤੇ ਸ਼ੁਭ ਗੁਣਾਂ ਨਾਲ ਹੈ। ਸ਼ੁਭ ਕਰਮ, ਸ਼ੁਭ ਬਚਨ, ਸ਼ੁਭ ਵਿਚਾਰ, ਸ਼ੁਭ ਕਿਰਦਾਰ ਅਤੇ ਸ਼ੁਭ ਅਮਲ ਹੀ ਉਹ ਮੁੱਲ ਹਨ ਜੋ ਮਨੁੱਖ ਨੂੰ ਸੱਚੇ ਜੀਵਨ ਮਾਰਗ ਤੇ ਤੋਰਦੇ ਹਨ ਅਤੇ ਅਜਿਹੇ ਸਦਗੁਣਾਂ ਦੇ ਧਾਰਨੀ ਮਨੁੱਖ ਵਿਸ਼ਵ ਪੱਧਰ ਤੇ ਮਾਨਵਤਾ ਦਾ ਹੋਕਾ ਦੇ ਸਕਦੇ ਹਨ। ਗੁਰੂ ਸਾਹਿਬ ਨੇ ਦਖਣੀ ਓਅੰਕਾਰੁ ਬਾਣੀ-ਰਚਨਾ ਦੇ ਜ਼ਰੀਏ ਵਿਸ਼ਵੀ ਮਨੁੱਖ ਨੂੰ ਨੈਤਿਕਤਾ ਦਾ ਰਾਹ ਅਪਨਾਉਣ ਲਈ ਪ੍ਰੇਰਨਾ ਦਿੱਤੀ ਹੈ। ਗੁਰੂ ਨਾਨਕ ਦੇਵ ਜੀ ਤੱਤਕਾਲੀ ਸਮਾਜਿਕ ਅਨਿਆਇ ਤੇ ਮਜ਼ਬੀ ਕੱਟੜਤਾ ਦੇ ਸ਼ਾਸਨ-ਪ੍ਰਬੰਧ ਦੇ ਕਰੜੇ ਦਮਨ-ਚੱਕਰ ਦਾ ਵਿਰੋਧ ਕਰਨ ਦੇ ਨਾਲ-ਨਾਲ ਭਰਮ-ਗ੍ਰਸਤ ਧਾਰਮਿਕ ਸਾਂਸਕ੍ਰਿਤੀ ਦੇ ਫ਼ੋਕਟ ਕਰਮਾਂ ਦਾ ਨਿਖੇਧ ਤੇ ਭਰਮ ਅਗਿਆਨ ਦਾ ਜ਼ੋਰਦਾਰ ਸ਼ਬਦਾਵਲੀ ਰਾਹੀਂ ਖੰਡਨ ਵੀ ਕਰਦੇ ਹਨ। ਉਹ ਮਾਨਵੀ ਚੇਤਨਾ ਨੂੰ ਵਿਸ਼ਵੀ ਪੱਧਰ ਤੇ ਪੂਰਨ ਤੌਰ ਤੇ ਬੰਧਨ ਰਹਿਤ ਉਚੇਰੀ ਸਹਿਜ ਅਵਸਥਾ ਵਿਚ ਲਿਜਾਣਾ ਚਾਹੁੰਦੇ ਹਨ।ਇਸ ਬਾਣੀ-ਰਚਨਾ ਦੇ ਸ਼ਲੋਕਾਂ ਵਿਚ ਗੁਰੂ ਸਾਹਿਬ ਨੇ ਇਸਲਾਮ, ਹਿੰਦੂ, ਵੈਸ਼ਨੂੰ, ਭਗਤੀ, ਜੋਗ, ਰਾਸ-ਲੀਲਾ ਤੇ ਬ੍ਰਾਹਮਣੀ ਧਰਮ ਦੇ ਕਰਮਕਾਂਡਾਂ ਦੇ ਖੋਖਲੇਪਣ ਨੂੰ ਵਿਅੰਗਮਈ ਸ਼ਬਦਾਵਲੀ ਰਾਹੀਂ ਦਰਸਾ ਕੇ ਆਮ ਲੋਕਾਈ ਨੂੰ ਉਨ੍ਹਾਂ ਪ੍ਰਤਿ ਜਾਗ੍ਰਿਤ ਕੀਤਾ ਹੈ।

ਉਪਰੋਕਤ ਦੇ ਫਲਸਰੂਪ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਖਣੀ ਓਅੰਕਾਰੁ ਅਜਿਹੀ ਬੌਧਿਕ ਰਚਨਾ ਹੈ ਜਿਸ ਵਿਚੋਂ ਗੁਰੂ ਜੀ ਦਾ ਅਧਿਆਤਮਕ, ਸਮਾਜਿਕ ਤੇ ਸਦਾਚਾਰਕ ਦ੍ਰਿਸ਼ਟੀਕੋਣ ਪ੍ਰਕਾਸ਼ਮਾਨ ਹੁੰਦਾ ਹੈ ਅਤੇ ਇਹ ਰਚਨਾ ਪ੍ਰਬੰਧ ਵਿਸ਼ਵੀ ਪੱਧਰ ਤੇ ਲੋਕਾਈ ਲਈ ਸਿਧਾਂਤਕ ਤੌਰ ਤੇ ਮੁੱਲਵਾਨ ਸਿੱਧ ਹੁੰਦਾ ਹੈ। ਇਸ ਰਚਨਾ ਵਿਚਲਾ ਬੌਧਿਕ ਅੰਸ਼ ਗੁਰੂ ਨਾਨਕ ਦੇਵ ਜੀ ਦੀ ਵਿਲੱਖਣ ਕਾਵਿ-ਪ੍ਰਤਿਭਾ ਦਾ ਲਖਾਇਕ ਹੈ। ਇਸ

ਰਚਨਾ ਵਿਚੋਂ ਜਿੱਥੇ ਗੁਰੂ ਸਾਹਿਬ ਦੇ ਉੱਚ ਅਧਿਆਤਮਕ ਗਿਆਨ ਦਾ ਪਤਾ ਲੱਗਦਾ ਹੈ। ਉੱਥੇ ਜੀਵਨ ਦੀਆਂ ਅਟੱਲ ਸਚਾਈਆਂ ਨੂੰ ਵੀ ਦ੍ਰਿਸ਼ਟੀਗੋਚਰ ਕੀਤਾ ਹੈ। ਅਜਿਹੀਆਂ ਸਚਾਈਆਂ ਮਨੁੱਖ ਨੂੰ ਵਿਸ਼ਵੀ ਪੱਧਰ ਤੇ ਸਦਾਚਾਰਕ ਤੇ ਉੱਚਾ ਚੁੱਕਣ ਵਿਚ ਸਹਾਇਕ ਹੁੰਦੀਆ ਹਨ।

**(ੲ) ਵਿਸ਼ਵੀ-ਪ੍ਰਸਥਿਤੀਆਂ ਵਿਚ ਗੁਰੂ ਨਾਨਕ ਵਿਚਾਰਧਾਰਾ ਦੀ ਸਾਰਥਿਕਤਾ**

ਵਾਸਤਵ ਵਿਚ ਵਿਸ਼ਵੀਕਰਨ ਦਾ ਸਿਧਾਂਤ ਜਾਂ ਪ੍ਰਚਾਰ ਸਾਮਰਾਜੀ ਸਰਮਾਇਦਾਰੀ ਦਾ ਇਕ ਨਵਾਂ ਪੈਂਤੜਾ ਹੈ ਜਿਸ ਅਧੀਨ ਬਹੁ-ਕੌਮੀ ਕੰਪਨੀਆਂ ਰਾਹੀਂ ਅਮਰੀਕਾ ਵਰਗੇ ਮੋਹਰੀ ਦੇਸ਼ ਦੁਨੀਆਂ ਤੇ ਆਪਣੀ ਸਰਦਾਰੀ ਕਾਇਮ ਕਰਨਾ ਚਾਹੁੰਦੇ ਹਨ। ਇਸਦੇ ਵਿਰੋਧ ਅਤੇ ਪੱਖ ਵਿਚ ਅਸੀਂ ਇਸ ਸ਼ੋਧ-ਪ੍ਰਬੰਧ ਦੇ ਪਹਿਲੇ ਅਧਿਆਇ ਵਿਚ ਸਿਧਾਂਤਕ ਰੂਪ ਵਿਚ ਵਿਚਾਰ ਚਰਚਾ ਕਰ ਆਏ ਹਾਂ। ਹਥਲੇ ਅਧਿਆਇ ਵਿਚ ਸਾਡੇ ਵਿਸ਼ੇ ਨਾਲ ਸੰਬੰਧਿਤ ਇਕ ਨੁਕਤਾ ਇਹ ਹੈ ਕਿ ਵਿਸ਼ਵੀਕਰਨ ਦੀ ਪ੍ਰਤਿ ਕਿਰਿਆ ਨਾਲ ਮਨੁੱਖ ਦੀ ਮਨੁੱਖ ਪ੍ਰਤਿ ਸਾਂਝ ਵਿਸ਼ਵ ਪੱਧਰ ਤੇ ਬਣ ਰਹੀ ਹੈ ਪਰੰਤੂ ਫਿਰ ਵੀ ਵਿਸ਼ਵੀਕਰਨ ਦੇ ਦੌਰ ਵਿਚ ਜ਼ਿੰਦਗੀ ਦੇ ਪਦਾਰਥਕ ਅਤੇ ਰੂਹਾਨੀ ਪੱਖਾਂ ਵਿਚ ਬਹੁਤ ਵੱਡਾ ਬਿਖੇੜਾ ਆਉਣ ਕਰਕੇ ਜ਼ਿੰਦਗੀ ਦਾ ਰੂਹਾਨੀ ਪੱਖ ਅਸਲੋਂ ਕਮਜ਼ੋਰ ਹੋ ਗਿਆ ਹੈ। ਸੂਚਨਾ ਤਕਨਾਲੋਜੀ ਦੇ ਵਿਕਾਸ ਨਾਲ ਵਿਸ਼ਵ ਵਿਚ ਵੱਡੀ ਪੱਧਰ ਤੇ ਉਥਲ-ਪੁਥਲ ਦਾ ਬੁਨਿਆਦੀ ਕਾਰਣ ਵੀ ਇਹੀ ਹੈ। ਗੁਰਬਾਣੀ ਦੀ ਵਿਚਾਰਧਾਰਾ ਅਨੁਸਾਰ ਵਿਸ਼ਵੀ-ਮਨੁੱਖ ਨੂੰ ਸੁਆਰਥ, ਲਾਲਚ, ਘੁਮੰਡ ਅਤੇ ਬੇਲੋੜੇ ਵਿਖਾਵੇ ਦਾ ਤਿਆਗ ਕਰਨਾ ਹੋਵੇਗਾ। ਜ਼ਿੰਦਗੀ ਨੂੰ ਰੂਹਾਨੀ ਜਾਂ ਅਧਿਆਤਮਕ ਪੱਖ ਤੋਂ ਜੀਵੰਤ ਕਰਨ ਲਈ ਸਮੁੱਚੀ ਮਾਨਵਤਾ ਪ੍ਰਤਿ ਉੱਦਮ ਕਰਨਾ ਹੋਵੇਗਾ। ਵਿਸ਼ਵ ਵਿਚ ਅਮਨ, ਸ਼ਾਂਤੀ ਬਹਾਲ ਕਰਨ ਦਾ ਇਸ ਤੋਂ ਵਧੀਆ ਤਰੀਕਾ ਸ਼ਾਇਦ ਹੀ ਕੋਈ ਹੋਰ ਹੋ ਸਕਦਾ ਹੋਵੇ।

ਹੁਣ ਅਸੀਂ ਉਪਰੋਕਤ ਵਿਚਾਰਾਂ ਨੂੰ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਖਣੀ ਓਅੰਕਾਰੁ ਦੇ ਅਧਾਰ ਤੇ ਪਰਖਣ ਦੀ ਕੋਸ਼ਿਸ਼ ਕਰਦੇ ਹਾਂ। ਗੁਰਬਾਣੀ ਜਾਂ ਗੁਰਮਤਿ ਕਾਵਿ ਕੇਵਲ ਸਾਹਿਤ ਹੀ ਨਹੀਂ ਸਗੋਂ ਇਸ ਵਿਚਲੇ ਧਾਰਮਿਕ ਸਰੋਕਾਰ ਸੰਸਾਰ ਦੇ ਧਰਮਾਂ ਦਾ ਇਕ ਮਹੱਤਵਪੂਰਨ ਭਾਗ

ਹਨ। ਇਸ ਦਾ ਮੂਲ ਸਰੋਕਾਰ ਧਾਰਮਿਕਤਾ ਅਤੇ ਅਧਿਆਤਮਿਕਤਾ ਨਾਲ ਹੈ ਅਤੇ ਮੂਲ ਰੂਪ ਵਿਚ ਇਹ ਹਰ ਧਰਮ ਵਾਂਗ ਇਕ ਪ੍ਰਭੂ ਦੀ ਹੀ ਵਿਚਾਰ ਵਿਆਖਿਆ ਹੈ। ਇਸ ਤਰ੍ਹਾਂ ਗੁਰੂ ਨਾਨਕ ਬਾਣੀ ਦਾ ਸੰਬੋਧਨ ਸਮੁੱਚੀ ਮਾਨਵਤਾ ਨੂੰ ਹੈ।

ਅਜੋਕਾ ਵਿਸ਼ਵੀ ਮਨੁੱਖ ਪਦਾਰਥਕ ਧਨ-ਦੌਲਤ ਇਕੱਤਰ ਕਰਨ ਵਿਚ ਗ਼ਲਤਾਨ ਹੈ। ਉਹ ਇਹ ਯਾਦ ਨਹੀਂ ਰੱਖਦਾ ਕਿ ਇਹ ਪਦਾਰਥਕ ਮਾਇਆ ਥੋੜ੍ਹ ਚਿਰੀ ਹੁੰਦੀ ਹੈ। ਅਜਿਹੀ ਮਾਇਆ ਇਕੱਠੀ ਕਰਕੇ ਉਹ ਅਮੀਰ ਤਾਂ ਬਣ ਸਕਦਾ ਹੈ ਪਰੰਤੂ ਉਸਦਾ ਮਨ ਦਵੰਧ ਦਾ ਸ਼ਿਕਾਰ ਹੋ ਜਾਂਦਾ ਹੈ ਅਤੇ ਇਹ ਦਵੰਧ ਉਸਦੀ ਬੇਚੈਨੀ ਦਾ ਕਾਰਣ ਬਣਦਾ ਹੈ। ਗੁਰੂ ਨਾਨਕ ਬਾਣੀ ਮਨੁੱਖ ਨੂੰ ਜੀਵਨ ਉਦੇਸ਼ ਬਾਰੇ ਜਾਗ੍ਰਿਤਿ ਕਰਦੀ ਹੈ:

ਸੁਇਨਾ ਰੁਪਾ ਸੰਚੀਐ ਧਨੁ ਕਾਚਾ ਬਿਖੁ ਛਾਰੁ॥
ਸਾਹੁ ਸਦਾਏ ਸੰਚਿ ਧਨੁ ਦੁਬਿਧਾ ਹੋਇ ਖੁਆਰੁ॥[25]

ਦਖਣੀ ਓਅੰਕਾਰੁ ਬਾਣੀ-ਰਚਨਾ ਰਾਹੀਂ ਗੁਰੂ ਸਾਹਿਬ ਦੱਸਦੇ ਹਨ ਕਿ ਜੀਵ ਨੂੰ ਫਾਹੀ ਵਿਚ ਫਸਾਉਣ ਲਈ ਇਸ ਜਗਤ ਵਿਚ ਵਿਸ਼ੇ-ਵਿਕਾਰਾਂ ਦਾ ਜਾਲ ਵਿਛਿਆ ਹੋਇਆ ਹੈ ਅਤੇ ਮਨੁੱਖੀ ਮਨ ਉੱਪਰ ਬੁੱਧੀ ਦਾ ਕਾਬੂ ਥੋੜ੍ਹਾ ਵੀ ਢਿੱਲਾ ਪੈਣ ਨਾਲ ਕਿਸੇ ਸਮੇਂ ਵੀ ਜੀਵ-ਆਤਮਾ ਦੀ ਇਸ ਵਿਚ ਫਸ ਜਾਣ ਦੀ ਸੰਭਾਵਨਾ ਹੈ। ਗੁਰੂ ਸਾਹਿਬ ਦੀ ਇਹ ਵਿਚਾਰਧਾਰਾ ਸਮੁੱਚੀ ਮਾਨਵਤਾ ਨੂੰ ਸੰਦੇਸ਼ ਪਹੁੰਚਾਉਂਦੀ ਹੈ:

ਜਗਤੁ ਪਸੂ ਅਹੰ ਕਾਲੁ ਕਸਾਈ॥
ਕਰਿ ਕਰਤੈ ਕਰਣੀ ਕਰਿ ਪਾਈ॥[26]

ਗੁਰੂ ਸਾਹਿਬ ਮਨੁੱਖੀ ਸਰੀਰ ਲਈ ਬਿਰਖ ਦਾ ਰੂਪ ਬਿੰਬ ਵਰਤਦੇ ਹੋਏ ਮਨੁੱਖ ਨੂੰ ਸੰਸਾਰਕ ਪਦਾਰਥਾਂ ਦੇ ਪ੍ਰਲੋਭਨ ਵਿਚ ਫਸਣ ਤੋਂ ਸਾਵਧਾਨ ਰਹਿਣ ਲਈ ਚਿਤਾਵਨੀ ਦਿੰਦੇ ਹਨ। ਗੁਰੂ ਸਾਹਿਬ ਆਖਦੇ ਹਨ ਕਿ ਮਨੁੱਖੀ ਸਰੀਰ ਇਕ ਬਿਰਖ ਹੈ ਅਤੇ ਮਨ ਇਸ ਬਿਰਖ ਤੇ ਬੈਠਾ ਪੰਛੀ ਹੈ।

ਮਨ ਤੋਂ ਇਲਾਵਾ ਪੰਜ ਗਿਆਨ ਇੰਦਰੇ ਇਸ ਰੁੱਖ ਤੇ ਹੋਰ ਪੰਛੀ ਹਨ ਜੋ ਇਕ ਪ੍ਰਭੂ ਨਾਲ ਮਿਲ ਕੇ ਤੱਤ ਚੁਗਦੇ ਹਨ ਤਾਂ ਉਹਨਾਂ ਨੂੰ ਕੋਈ ਫਾਹੀ ਨਹੀਂ ਪੈਂਦੀ:

ਤਰਵਰੁ ਕਾਇਆ ਪੰਖਿ ਮਨੁ ਤਰਵਰਿ ਪੰਖੀ ਪੰਚ॥
ਤਤੁ ਚੁਗਹਿ ਮਿਲਿ ਏਕਸੇ ਤਿਨ ਕਉ ਫਾਸ ਨ ਰੰਚ॥
ਉਡਹਿ ਤ ਬੇਗੁਲ ਬੇਗੁਲੇ ਤਾਕਹਿ ਚੋਗ ਘਣੀ॥
ਪੰਖ ਤੁਟੇ ਫਾਹੀ ਪੜੀ ਅਵਗੁਣਿ ਭੀੜ ਬਣੀ॥[27]

ਦਖਣੀ ਓਅੰਕਾਰੁ ਬੌਧਿਕ ਰਹੱਸਾਂ ਨਾਲ ਭਰਪੂਰ ਵਿਸ਼ਵੀ ਪੱਧਰ ਦੀ ਅਧਿਆਤਮਕ ਰਚਨਾ ਹੈ ਜਿਸ ਵਿਚ ਗੁਰੂ ਸਾਹਿਬ ਨੇ ਵਿਸ਼ਵੀ ਜੀਵ ਨੂੰ ਸੰਸਾਰਕ ਵਿਸ਼ਿਆਂ - ਕਾਮ, ਕਰੋਧ, ਲੋਭ, ਮੋਹ, ਹੰਕਾਰ, ਮਾਇਆ, ਮਮਤਾ ਤੋਂ ਚੇਤੰਨ ਹੋਣ ਲਈ ਚਿਤਾਵਨੀ ਦਿੱਤੀ ਹੈ।

ਗੁਰੂ ਨਾਨਕ ਦੇਵ ਜੀ ਦੀ ਦ੍ਰਿਸ਼ਟੀ ਦਾ ਵਿਸ਼ਵ-ਵਿਧਾਨ ਬੇਮੇਚੀ ਵਿਸ਼ਾਲਤਾ ਵਾਲਾ ਹੈ। ਇਸ ਦੇ ਅਣਗਿਣਤ ਹੀ ਪਦਾਰਥ ਹਨ ਅਤੇ ਅਣਗਿਣਤ ਹੀ ਸਰੂਪ ਹਨ। ਇਹ ਘਟ-ਘਟ ਵਿਚ ਵਿਆਪਕ ਹੈ। ਗੁਰੂ ਸਾਹਿਬ ਨੇ ਮਨੁੱਖ ਨੂੰ ਰੱਬ ਦੀ ਸਿਰਜਣਾ ਦੇ ਪਾਰਾਵਾਰ ਦਾ ਥਾਹ ਲਾਉਣ ਜਾਂ ਇਸ ਬਾਰੇ ਜਾਣਕਾਰੀ ਦੇ ਦਾਅਵਿਆਂ ਵਿਰੁੱਧ ਤਾੜਨਾ ਕੀਤੀ ਹੈ। ਅੱਖਰ ਇਸ ਦਾ ਵਰਨਣ ਕਰਨੋਂ ਅਸਮਰਥ ਹਨ। ਸ਼ਬਦਾਂ ਵਿਚ ਉਸ ਅਣਗਿਣਤ ਦੇ ਗੁਣਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਜਿੰਨੀ ਦੇਰ ਤੱਕ ਜਗਿਆਸੂ ਆਪਣੇ ਆਤਮਿਕ ਰਾਹਨੁਮਾ - ਗੁਰੂ ਕੋਲੋਂ ਦੀਖਿਆ ਲੈ ਕੇ ਸੋਝੀ ਤੇ ਦ੍ਰਿਸ਼ਟੀ ਵਿਕਸਤ ਨਹੀਂ ਕਰ ਲੈਂਦਾ ਉੱਨੀ ਦੇਰ ਤੱਕ ਦੈਵੀ ਸੱਚ ਬਾਰੇ ਉਸਦਾ ਮਨੁੱਖੀ ਗਿਆਨ ਕਦੇ ਵੀ ਸੰਪੂਰਨ ਨਹੀਂ ਹੋ ਸਕਦਾ। ਉਸ ਇਕੋ ਇਕ ਹਸਤੀ ਦੇ ਰਹੱਸ ਵਿਚ ਝਾਤ ਮਾਰਨ ਦਾ ਦਾਅਵਾ ਭਾਵੇਂ ਕੋਈ ਨਹੀਂ ਕਰ ਸਕਦਾ ਕਿਉਂਕਿ ਉਹ ਕੇਵਲ ਆਪ ਹੀ ਆਪਣਾ ਗਿਆਤਾ ਹੈ:

ਇਸੁ ਏਕੇ ਕਾ ਜਾਣੈ ਭੇਉ॥
ਆਪੇ ਕਰਤਾ ਆਪੇ ਦੇਉ॥[28]

ਗੁਰੂ ਨਾਨਕ ਬਾਣੀ-ਰਚਨਾ ਦਖਣੀ ਓਅੰਕਾਰੁ ਦੀ ਵਿਚਾਰਧਾਰਾ ਅਤੇ ਮਾਰਕਸਵਾਦ ਵਿਚ ਇਕ ਪੱਖ ਦਾ ਵੱਡਾ ਅੰਤਰ ਹੈ ਕਿ ਨਾਨਕ ਬਾਣੀ ਦਾ ਦ੍ਰਿਸ਼ਟੀਕੋਣ ਸਮਾਜਵਾਦ ਵਾਂਗ ਸਿਰਫ਼ ਪਦਾਰਥਕ ਲੋੜਾਂ ਤੱਕ ਹੀ ਸੀਮਤ ਨਹੀਂ ਸਗੋਂ ਮਨੁੱਖ ਦੀ ਆਤਮਾ ਅਤੇ ਸਰੀਰ ਦੋਹਾਂ ਨੂੰ ਪ੍ਰਫੁਲਤ ਕਰਨਾ, ਬਲਵਾਨ ਬਣਾਉਣਾ, ਤੱਤਕਾਲੀਨ ਧਾਰਮਿਕ ਕਰਮ-ਕਾਂਡਾਂ ਤੋਂ ਮੁਕਤ ਕਰਵਾਉਣਾ ਅਤੇ ਮਨੁੱਖ ਦੀ ਸ਼ਖ਼ਸੀਅਤ ਨੂੰ ਸੰਪੂਰਨ ਰੂਪ ਵਿਚ ਵਿਕਸਤ ਕਰਨਾ ਹੈ। ਇਹ ਸਰੀਰ ਆਤਮਾ ਦੀਆਂ ਵੱਖ-ਵੱਖ ਲੋੜਾਂ ਨੂੰ ਪੂਰਾ ਕਰਨ ਦਾ ਸਿਧਾਂਤ ਹੈ। ਗੁਰੂ ਚੱਜ-ਆਚਾਰ ਦਾ ਆਸ਼ਾ, ਜੀਵ ਦੇ ਦੋਵੇਂ ਪੱਖਾਂ ਨੂੰ ਸੁਹੇਲਾ ਕਰਨਾ ਹੈ:

ਇਹ ਲੋਕ ਸੁਖੀਏ ਪਰਲੋਕ ਸੁਹੇਲੇ॥[29]

ਇਸ ਲਈ ਵਹਿਮਾਂ-ਭਰਮਾਂ ਤੋਂ ਉੱਪਰ ਉੱਠ ਕੇ ਕਿਰਤ ਕਰਦਿਆਂ, ਪਰਉਪਕਾਰ ਕਰਦਿਆਂ, ਅਧਿਆਤਮਕਤਾ ਅਤੇ ਨੈਤਿਕਤਾ ਦੇ ਰੰਗ ਵਿਚ ਰੰਗੇ ਜਾਣ ਨਾਲ ਮਨੁੱਖ ਦੇ ਦੁਨਿਆਵੀ ਕਾਰਜ ਵੀ ਇਕ ਸੁਕ੍ਰਿਤ ਭਾਵ ਸੁੱਚੀ ਕਿਰਤ ਬਣ ਜਾਂਦੇ ਹਨ। ਬਾਣੀ ਅਨੁਸਾਰ:

ਸੁਕ੍ਰਿਤੁ ਕੀਜੈ ਨਾਮੁ ਲੀਜੈ ਨਰਕਿ ਮੂਲਿ ਨ ਜਾਈਐ॥[30]

ਇਸ ਤਰ੍ਹਾਂ ਮਨੁੱਖ ਦਾ ਆਸ਼ਾ ਕਿਰਤ ਕਰਕੇ ਮੁਨਾਫ਼ਾ ਕਮਾਉਣਾ ਜਾਂ ਲੁੱਟ-ਖਸੁੱਟ ਕਰਕੇ ਲੋਕਾਂ ਨੂੰ ਵਹਿਮਾਂ-ਭਰਮਾਂ ਤੇ ਕਰਮ-ਕਾਂਡਾਂ ਦੁਆਰਾ ਪੈਸੇ ਇਕੱਠੇ ਕਰਕੇ ਧੰਨ ਕੁਬੇਰਾਂ ਅਤੇ ਰਾਜਨੀਤਿਕ ਲੁਟੇਰਿਆਂ ਵਾਂਗ ਵੱਧ ਤੋਂ ਵੱਧ ਧਨ ਜੋੜਨ ਨਹੀਂ ਹੁੰਦਾ:

ਦੇਸੁ ਕਮਾਵਨ ਧਨ ਜੋਰਨ ਕੀ ਮਨਸਾ ਬੀਚੇ ਨਿਕਸੇ ਸਾਸ॥[31]

ਸਗੋਂ ਕਿਰਤ ਕਰਕੇ ਆਪਣੀ ਕਿਰਤ ਦਾ ਸਹੀ ਮੁੱਲ ਪਾਉਣਾ ਸਵੈਮਾਣ ਨਾਲ ਜ਼ਿੰਦਗੀ ਜਿਊਣਾ, ਲੋੜਵੰਦਾਂ ਦੀ ਮਦਦ ਕਰਨਾ ਹੀ ਜੀਵਨ ਦਾ ਮੂਲ ਮਨੋਰਥ ਹੋਣਾ ਚਾਹੀਦਾ ਹੈ।

ਸਪੱਸ਼ਟ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੀ ਵਿਚਾਰਧਾਰਾ ਅਨੁਸਾਰ ਸਮਾਜ ਦੇ ਸਾਰੇ ਮਨੁੱਖ ਕਿਰਤ ਕਰਨ ਤੇ ਆਦਰਸ਼ ਜੀਵਨ ਬਿਤਾਉਣ ਜਿਸ ਨਾਲ ਸੰਸਾਰ ਵਿਚ ਆਰਥਿਕ ਸੁਤੰਤਰਤਾ ਵਾਲੇ ਵਹਿਮਾਂ-ਭਰਮਾਂ ਤੋਂ ਮੁਕਤ 'ਹਲੀਮੀ ਰਾਜ' ਦੀ ਸਥਾਪਨਾ ਹੋ ਸਕੇ। ਦਖਣੀ

ਓਅੰਕਾਰੁ ਬਾਣੀ ਵਿਚ ਗੁਰੂ ਨਾਨਕ ਵਿਚਾਰਧਾਰਾ ਨਵ-ਸਮਾਜ ਉਸਾਰੀ ਦੇ ਆਦਰਸ਼ ਸਿਰਜਦੀ ਹੋਈ ਵਿਸ਼ਵ ਵਿਸਮਾਦੀ ਚੇਤਨਾ ਇੱਕ ਮਨੁੱਖ, ਪਰਿਵਾਰ, ਸਮਾਜ, ਕੌਮ, ਰਾਸ਼ਟਰ ਅਤੇ ਵਿਸ਼ਵ ਧਰਮਾਂ ਦੀ ਸਮੁੱਚੀ ਹੋਂਦ ਨੂੰ ਸਤਿਕਾਰ ਦਿੰਦੀ ਹੈ। ਇਸ ਵਿਚ ਪਰਮਾਤਮਾ ਦੀ ਅਸਚਰਜਤਾ ਕੇਂਦਰੀ ਸਥਾਨ ਰੱਖਦੀ ਹੈ। ਵਿਸ਼ਵ-ਦ੍ਰਿਸ਼ਟੀ ਮਨੁੱਖ ਦੀ ਵਿਅਕਤੀਗਤ, ਕੌਮੀ ਅਤੇ ਸਭਿਆਚਾਰਕ ਹੋਂਦ ਤੇ ਸੋਚ ਨੂੰ ਨਕਾਰਦੀ ਹੋਈ ਉਸ ਨੂੰ ਅਕਾਲ ਪੁਰਖ ਦੇ ਹੁਕਮਾਂ ਦੇ ਉਲਟ ਇਕਸੁਰ ਨਹੀਂ ਕਰਦੀ ਸਗੋਂ ਇਸ ਵਿਚ ਇਕਸਾਰਤਾ ਲਿਆਉਣ ਦਾ ਯਤਨ ਕਰਦੀ ਹੈ।

ਗੁਰੂ ਸਾਹਿਬ ਦਾ ਵਿਚਾਰ ਹੈ ਕਿ ਅਸਲ ਵਿਚ ਇਹਨਾਂ ਸੰਸਾਰਕ (ਦੁਨਿਆਵੀ) ਜੀਵਾਂ ਦੇ ਆਪਣੇ ਹੱਥ ਵਸ ਕੁਝ ਵੀ ਨਹੀਂ ਹੈ। ਮਨੁੱਖ ਨੂੰ ਸਦਾ ਸਥਿਰ ਰਹਿਣ ਵਾਲੇ ਪ੍ਰਭੂ ਦੀ ਸਿਫ਼ਤ ਸਲਾਹ ਕਰਨੀ ਚਾਹੀਦੀ ਹੈ। ਚੰਗੇ ਕਰਮ ਕਰਨੇ ਚਾਹੀਦੇ ਹਨ ਜਿਸ ਸਦਕਾ ਮਨੁੱਖ ਦਾ ਲੋਕ-ਪਰਲੋਕ ਸੁਧਰ ਜਾਵੇ।

ਦਖਣੀ ਓਅੰਕਾਰੁ ਬਾਣੀ ਦੀ ਵਚਿੱਤਰਤਾ ਅਤੇ ਇਸਦਾ ਬਹੁ-ਪਰਿਪੇਖੀ ਤੇ ਬਹੁ-ਪਾਸਾਰੀ ਰੂਪ-ਵਿਧਾਨ ਸਾਨੂੰ ਗਲੋਬਲ ਪੱਧਰ ਦੀ ਸੂਚਨਾ ਨਾਲ ਇਕਸੁਰ ਕਰਕੇ ਇਸਦੇ ਅਨੁਰੂਪ ਬਣਾਉਂਦਾ ਹੈ। ਵਿਸ਼ਵੀਕਰਨ ਦੇ ਨਾਂਹ-ਪੱਖੀ ਪ੍ਰਭਾਵਾਂ ਨੂੰ ਦੇਖਦੇ ਹੋਏ ਜੇਕਰ ਨਾਨਕ ਬਾਣੀ ਦੀ ਰੋਸ਼ਨੀ ਵਿਚ ਇਨ੍ਹਾਂ ਨਾਂਹ-ਪੱਖੀ ਸਮੱਸਿਆਵਾਂ ਨੂੰ ਹੱਲ ਕਰਨਾ ਹੋਵੇ ਤਾਂ ਇਹ ਸਾਨੂੰ ਪਹਿਲਾਂ ਹੀ ਪਦਾਰਥਵਾਦ ਦੀ ਚਰਮ ਸੀਮਾ ਤੋਂ ਸੁਚੇਤ ਕਰਦੀ ਹੈ। ਧਨ ਦੌਲਤ ਅਤੇ ਪਦਾਰਥ ਇਕੱਠਾ ਕਰਨ ਦੀ ਦੌੜ ਅੰਤ ਵਿਚ ਅਰਥਹੀਣ ਸਾਬਤ ਹੋਣੀ ਹੈ ਜਾਂ ਇਸਦਾ ਕੋਈ ਵੀ ਅੰਤ ਨਹੀਂ ਅਜਿਹੀ ਦੌੜ ਵਿਚ ਪੈਣ ਤੋਂ ਸਾਨੂੰ ਵਰਜਦੀ ਹੈ। ਇਸ ਰਚਨਾ ਵਿਚ ਧਾਰਮਿਕ ਖੋਖਲੇ-ਕਰਮਕਾਂਡ ਦੀ ਵੀ ਨਿਖੇਧੀ ਕੀਤੀ ਗਈ ਹੈ। ਜਿਸਤੋਂ ਸੰਸਾਰੀ ਜੀਵ ਨੂੰ ਇਹ ਸੋਝੀ ਮਿਲਦੀ ਹੈ ਕਿ ਸਾਨੂੰ ਝੂਠ ਤੇ ਵਿਖਾਵੇ ਦੇ ਧਾਰਿਮਕ ਕਰਮ-ਕਾਂਡਾਂ ਵਿਚ ਨਾ ਪੈ ਕੇ ਆਪਣਾ ਸਮਾਂ ਤੇ ਧਨ ਵਿਅਰਥ ਨਹੀਂ ਗੁਆਉਣਾ ਚਾਹੀਦਾ ਸਗੋਂ ਇਸ ਸਮੇਂ ਤੇ ਧਨ ਨੂੰ ਸਰਬ ਸਾਂਝੇ ਸਮਾਜਿਕ ਸਰੋਕਾਰਾਂ ਨਾਲ ਜੋੜਨਾ ਚਾਹੀਦਾ ਹੈ।

# ਹਵਾਲੇ ਅਤੇ ਟਿੱਪਣੀਆਂ


1. ਡਾ. ਕਾਲਾ ਸਿੰਘ ਬੇਦੀ, *ਗੁਰੂ ਨਾਨਕ ਦਰਸ਼ਨ*, ਪੰਨਾ179
2. *ਗੁਰਸ਼ਬਦ ਰਤਨਾਕਰ ਮਹਾਨ ਕੋਸ਼*, ਤੀਜੀ ਐਡੀਸ਼ਨ, ਪੰਨਾ 21
3. *ਗੁਰੂ ਗ੍ਰੰਥ ਸਾਹਿਬ*, ਪੰਨਾ 930
4. ਡਾ. ਗੁਰਸ਼ਰਨ ਕੌਰ ਜੱਗੀ, *ਵਾਰਾਂ ਭਾਈ ਗੁਰਦਾਸ,* ਵਾਰ ੧ ਪਉੜੀ 20, ਪੰਨਾ 68
5. ਉਹੀ, ਪੰਨਾ 68
6. *ਗੁਰੂ ਗ੍ਰੰਥ ਸਾਹਿਬ*, ਪੰਨਾ 467
7. ਉਹੀ, ਪੰਨਾ 722
8. ਅਨੂਪ ਕੌਰ ਬਾਂਸਲ, *ਦਖਣੀ ਓਅੰਕਾਰੁ :ਇਕ ਅਧਿਐਨ*, ਪੰਨਾ 47
9. ਪ੍ਰੋ. ਪ੍ਰੀਤਮ ਸਿੰਘ, *ਸਿੱਖ ਵਿਚਾਰਧਾਰਾ*, ਪੰਨਾ 24
10. *ਗੁਰੂ ਗ੍ਰੰਥ ਸਾਹਿਬ*, ਪੰਨਾ 930
11. ਉਹੀ, ਪੰਨਾ 56
12. ਉਹੀ, ਪੰਨਾ 471
13. ਉਹੀ, ਪੰਨਾ 729
14. ਉਹੀ, ਪੰਨਾ 938
15. ਉਹੀ, ਪੰਨਾ 929-930
16. ਉਹੀ, ਪੰਨਾ 930
17. ਉਹੀ, ਪੰਨਾ 930
18. ਉਹੀ, ਪੰਨਾ 62

19. ਉਹੀ, ਪੰਨਾ 931
20. ਉਹੀ, ਪੰਨਾ 936
21. ਉਹੀ, ਪੰਨਾ 933
22. ਉਹੀ, ਪੰਨਾ 931
23. ਉਹੀ, ਪੰਨਾ 932
24. ਉਹੀ, ਪੰਨਾ 937-938
25. ਉਹੀ, ਪੰਨਾ 937
26. ਉਹੀ, ਪੰਨਾ 932
27. ਉਹੀ, ਪੰਨਾ 934
28. ਉਹੀ, ਪੰਨਾ 930
29. ਉਹੀ, ਪੰਨਾ 292-293
30. ਉਹੀ, ਪੰਨਾ 461
31. ਉਹੀ, ਪੰਨਾ 496

ਅਧਿਆਇ ਸੱਤਵਾਂ

# ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਵਿਚ ਬਾਰਾਮਾਹ ਤੁਖਾਰੀ ਵਿਚਲੇ ਮੂਲ ਸਰੋਕਾਰਾਂ ਦੀ ਸਾਰਥਿਕਤਾ

ਅਧਿਆਇ ਸੱਤਵਾਂ

# ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਵਿਚ ਬਾਰਾਮਾਹ ਤੁਖਾਰੀ ਵਿਚਲੇ ਮੂਲ ਸਰੋਕਾਰਾਂ ਦੀ ਸਾਰਥਿਕਤਾ

ਕੁਦਰਤ ਦਾ ਥੀਮ ਆਦਿ ਜੁਗਾਦੀ ਹੈ। ਇਹ ਥੀਮ 'ਹੈ ਭੀ ਸਚੁ ਤੇ ਹੋਸੀ ਭੀ ਸਚੁ' ਦੀ ਪੂਰਨ ਹਾਮੀ ਭਰਦਾ ਹੈ। ਸਾਹਿਤ ਰਚਨਾ ਦੇ ਇਤਿਹਾਸਕ ਮੁੱਢ ਤੋਂ ਵੀ ਕੁਦਰਤ ਦਾ ਥੀਮ ਸਾਹਿਤ ਦਾ ਮੁਢ-ਕਦੀਮੀਂ ਥੀਮ ਰਿਹਾ ਹੈ। ਇਹ ਸ੍ਰਿਸ਼ਟੀ ਸਿਰਜਣਾ ਦਾ ਮੁੱਢਲਾ ਤੇ ਆਖਰੀ ਪੜਾਅ ਵੀ ਹੈ। ਕੁਦਰਤ ਦੇ ਵਿਸ਼ਾਲ ਖੇਤਰ ਵਿਚ ਹੀ ਸਭ ਕੁਝ ਵਾਪਰਿਆ, ਵਾਪਰਦਾ ਅਤੇ ਵਾਪਰਦਾ ਰਹੇਗਾ। ਇਸ ਕਰਕੇ ਸਮੇਂ ਦੇ ਹਰ ਦੌਰ ਵਿਚ ਇਸ ਥੀਮ ਤੇ ਕੁਝ ਨਾ ਕੁਝ ਸਿਰਜਿਆ ਜਾਂਦਾ ਰਹੇਗਾ। ਗੁਰਬਾਣੀ ਵਿਚ ਕੁਦਰਤ ਦੇ ਵਿਸ਼ਾਲ ਪਸਾਰੇ ਨੂੰ ਬ੍ਰਹਿਮੰਡ ਦੇ ਜ਼ਰੇ ਜ਼ਰੇ ਵਿਚ ਸਮੋਇਆ ਹੋਇਆ ਪੇਸ਼ ਕਰਕੇ, ਕੁਦਰਤ ਦੀ ਸਿਰਜਣਾ ਕਰਨ ਵਾਲੇ ਕਾਦਰ ਜਾਂ ਰੱਬ ਦੀ ਵੰਦਨਾ ਕੀਤੀ ਗਈ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਦੋ ਬਾਰਾਮਾਂਹ, ਇਕ ਬਾਰਾਮਾਹ ਤੁਖਾਰੀ ਤੇ ਦੂਜਾ ਬਾਰਾਮਾਹ ਮਾਝ ਕ੍ਰਮਵਾਰ ਗੁਰੂ ਨਾਨਕ ਅਤੇ ਗੁਰੂ ਅਰਜਨ ਦੇਵ ਜੀ ਦੁਅਰਾ ਰਚਨਾਏ ਗਏ ਹਨ। ਬਾਰਾਮਾਹ ਤੁਖਾਰੀ ਨੂੰ ਗਾਉਣ ਦਾ ਸਮਾਂ ਦਿਨ ਦਾ ਪਹਿਲਾ ਪਹਿਰ ਤੇ ਬਾਰਾਮਾਂਹ ਮਾਝ ਨੂੰ ਗਾਉਣ ਦਾ ਸਮਾਂ ਦਿਨ ਦਾ ਤੀਜਾ ਪਹਿਰ[1] ਮੰਨਿਆ ਗਿਆ ਹੈ। ਬਾਰਾਮਾਹ ਉਹ ਕਾਵਿ-ਰੂਪ ਹੈ ਜਿਸ ਵਿਚ ਪ੍ਰੀਤਮ ਤੋਂ ਵਿਛੜੀ ਹੋਈ ਬਿਰਹਨ (ਇਸਤਰੀ) ਆਪਣੀ ਪ੍ਰੇਮ-ਪੀੜਾ ਦਾ ਇਜ਼ਹਾਰ ਦਰਦ ਭਰੇ ਸੁਰ ਵਿਚ ਵਰਨਣ ਕਰਦੀ ਹੈ। ਪਤੀ ਤੋਂ ਵਿਛੜੀ ਹੋਈ ਬਿਰਹਨ ਦਿਨ ਚੜ੍ਹਦਿਆਂ ਅਤੇ ਦਿਨ ਢਲਦਿਆਂ ਹੀ ਉਸਦੀ ਯਾਦ ਵਿਚ ਖੋ ਜਾਂਦੀ ਹੈ। ਇਸ ਤਰ੍ਹਾਂ ਪਤੀ ਦੀ ਉਡੀਕ ਵਿਚ ਵੱਖ-ਵੱਖ ਮਹੀਨਿਆਂ ਦੇ ਹੰਢਾਏ ਮਾਨਸਿਕ ਸੰਤਾਪ ਨੂੰ ਪ੍ਰਕਿਰਤੀ ਦੇ ਸੰਬੰਧ ਵਿਚ ਭਾਵੁਕਤਾ ਭਰਪੂਰ ਅੰਦਾਜ਼ ਵਿਚ

ਗਾਉਂਦੀ ਹੈ। ਵਿਯੋਗ ਦਾ ਦਰਦ ਅਤੇ ਸੰਯੋਗ ਪ੍ਰਾਪਤੀ ਦੀ ਲਾਲਸਾ ਨਾਲ ਭਰਿਆ ਵਾਤਾਵਰਣ ਸਮੁੱਚੇ ਬਾਰਾਮਾਹ ਵਿਚ ਵਿਦਮਾਨ ਰਹਿੰਦਾ ਹੈ। ਗੁਰੂ ਸਾਹਿਬ ਦਾ ਉਦੇਸ਼ ਆਪਣੇ ਅਧਿਆਤਮਕ ਵਿਚਾਰਾਂ ਨੂੰ ਪੇਸ਼ ਕਰਨਾ ਹੈ। ਇਸ ਵਿਚ ਪ੍ਰਮਾਤਮਾ ਨਾਇਕ ਵਜੋਂ ਉਪਸਥਿਤ ਹੈ ਅਤੇ ਜੀਵ-ਆਤਮਾ ਨੂੰ ਬਿਰਹਨ ਵਜੋਂ ਲਿਆ ਗਿਆ ਹੈ। ਗੁਰਮਤਿ ਵਿਚਾਰਧਾਰਾ ਦੇ ਸੰਕਲਪਾਤਮਿਕ ਅਤੇ ਸਾਧਨਾ ਪੱਖ ਅਧੀਨ ਚਲਣ ਦੀ ਬਿਰਤੀ ਅੰਕੁਸ਼ ਵਾਂਗ ਹੈ। ਕਰਮ ਅਤੇ ਸਾਧਨਾ ਪੱਖ ਵਲ ਅਧਿਕ ਬਲ ਦਿੱਤਾ ਗਿਆ ਹੈ। ਦਿਨ-ਰਾਤ ਅਤੇ ਰੁੱਤਾਂ ਜਾਂ ਮੌਸਮ ਦਾ ਬਦਲਣਾ ਧਰਤੀ ਦੀ ਗਤੀ ਤੇ ਅਧਾਰਿਤ ਕੁਦਰਤ ਦਾ ਇੱਕ ਨਿਯਮ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਨਿਯਮ ਨੂੰ ਪਰਮਾਤਮਾ ਤੇ ਜੀਵ-ਆਤਮਾ ਦੇ ਸੰਦਰਭ ਵਿਚ ਕਿਵੇਂ ਪੇਸ਼ ਕੀਤਾ ਹੈ ਅਤੇ ਇਹ ਵਿਸ਼ਾ ਅਜੋਕੀਆਂ ਪ੍ਰਸਥਿਤੀਆਂ ਵਿਚ ਕਿਵੇਂ ਸਾਰਥਕ ਹੈ? ਇਸ ਦਾ ਅਧਿਐਨ ਕਰਨਾ ਹੀ ਇਸ ਅਧਿਆਇ ਦਾ ਵਿਸ਼ਾ-ਖੇਤਰ ਹੈ।

ਆਪਣੇ ਧਰਮ ਅਤੇ ਵਿਰਸੇ ਦੀ ਸਮਕਾਲੀ ਯੁਗ ਅਨੁਕੂਲ ਨਵੀਂ ਵਿਆਖਿਆ ਕਰਕੇ ਹੀ ਆਪਣੇ ਸਮਾਜ ਅਤੇ ਸਭਿਆਚਾਰ ਦੇ ਹਕੀਕੀ ਗੌਰਵ ਨੂੰ ਸਥਾਪਿਤ ਕੀਤਾ ਜਾ ਸਕਦਾ ਹੈ। ਅਜੋਕੀਆਂ ਵਿਸ਼ਵੀ ਪ੍ਰਸਥਿਤੀਆਂ ਜਾਂ ਗਲੋਬਲ ਚੇਤਨਾ ਦੇ ਅਜੋਕੇ ਸਮਾਜਿਕ ਸਰੋਕਾਰਾਂ ਦੇ ਸੰਦਰਭ ਵਿਚ ਤਾਂ ਇਹ ਗੱਲ ਹੋਰ ਵੀ ਮਹੱਤਵਪੂਰਨ ਹੋ ਜਾਂਦੀ ਹੈ। ਇਸ ਅਧਿਆਇ ਵਿਚ ਵੀ ਸਾਡਾ ਮੁੱਖ ਸਰੋਕਾਰ ਗੁਰੂ ਨਾਨਕ ਬਾਣੀ ਨੂੰ ਅਜੋਕੇ ਵਿਸ਼ਵ-ਵਿਆਪੀ ਪਰਿਪੇਖ ਵਿਚ ਰੱਖ ਕੇ ਵਾਚਣ ਨਾਲ ਹੈ।

ਗੁਰੂ ਨਾਨਕ ਦੇਵ ਜੀ ਆਪਣੇ ਸਮੇਂ ਦੀ ਸਮਰੱਥਾ ਅਨੁਸਾਰ ਬਹੁਤ ਸਾਰੇ ਦੇਸ਼-ਦੇਸ਼ਾਂਤਰਾਂ ਦੀਆਂ ਯਾਤਰਾਵਾਂ ਦੌਰਾਨ, ਹਰ ਮੱਤ ਦੇ ਵਿਦਵਾਨਾਂ ਨਾਲ ਸੰਵਾਦ ਰਚਾਉਂਦੇ ਰਹੇ ਜਿਸ ਕਰਕੇ ਉਹਨਾਂ ਦੀ ਵਿਸ਼ਵ-ਦ੍ਰਿਸ਼ਟੀ ਵਿਸ਼ਾਲ ਅਨੁਭਵ ਭਰਪੂਰ ਸੀ। ਖਗੋਲ ਵਿਗਿਆਨੀ ਨਿਕੋਲਸ ਕੌਪਰੀਨੀਕਸ (1473-1543 ਈ.) ਤੇ ਸੋਲ੍ਹਵੀਂ ਸਦੀ ਦੇ ਧਾਰਮਿਕ ਰੂੜ੍ਹੀਆਂ ਤੋਂ ਵਿਦਰੋਹੀ (Protestant) ਮਾਰਟਿਨ ਲੂਥਰ, ਦੋਵੇਂ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਸਨ, ਹੋ ਸਕਦਾ ਹੈ

ਅਸਿੱਧੇ ਤੌਰ ਤੇ ਇਹਨਾਂ ਦੀ ਸ਼ੋਅ ਗੁਰੂ ਜੀ ਤੱਕ ਪੁੱਜੀ ਹੋਵੇ। ਸਪੱਸ਼ਟ ਹੁੰਦਾ ਹੈ ਕਿ ਗੁਰੂ ਜੀ ਦੀ ਖਗੋਲ ਵਿਦਿਆ ਦੀ ਜਾਣਕਾਰੀ ਤੇ ਧਾਰਮਿਕ ਨੀਤੀ ਰੂੜ੍ਹੀਵਾਦੀ ਨਾ ਹੋ ਕੇ ਅਧੁਨਿਕ-ਮੁੱਖੀ ਸੀ।

ਗੁਰੂ ਨਾਨਕ ਬਾਣੀ-ਰਚਨਾ ਵਿਚ ਸ੍ਰਿਸ਼ਟੀ ਰਚਨਾ ਸੰਬੰਧੀ ਪ੍ਰਸਿੱਧ ਹਵਾਲਾ ਹੈ:

(ੳ) ਅਰਬਦ ਨਰਬਦ ਧੁੰਧੂਕਾਰਾ॥
ਧਰਣਿ ਨ ਗਗਨਾ ਹੁਕਮੁ ਅਪਾਰਾ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥[2]

(ਅ) ਕੇਤੇ ਜੁਗ ਵਰਤੇ ਗੁਬਾਰੈ ਤਾੜੀ ਲਾਈ ਅਪਰ ਅਪਾਰੈ॥
ਜੁਗ ਛਤੀਹ ਤਿਨੈ ਵਰਤਾਏ ਜਿਉ ਤਿਸੁ ਭਾਣਾ ਤਿਵੈ ਚਲਾਏ॥[3]

ਅਰਬਾਂ ਸਾਲ ਜਾਂ ਛੱਤੀ ਜੁਗ ਦੀ ਉਕਤੀ ਕਿਸੇ ਨਿਸਚਿਤ ਸੰਖਿਆ ਦੀ ਸੂਚਕ ਹੋਣ ਦੀ ਥਾਂ ਬੇਅੰਤ ਸਮੇਂ ਦੀ ਹੀ ਲਖਾਇਕ ਹੈ, ਜਦੋਂ ਵਰਤਮਾਨ ਦ੍ਰਿਸ਼ਾਂ ਦੀ ਅਣਹੋਂਦ ਜਾਂ ਸੁੰਨਤਾ ਹੀ ਛਾਈ ਰਹੀ ਸੀ।

ਗੁਰੂ ਨਾਨਕ ਦੇਵਜੀ ਨੇ 'ਹੁਕਮੀ ਹੋਵਨਿ ਆਕਾਰ' (ਜਪੁ) ਵਿਚ ਜੋ ਸ੍ਰਿਸ਼ਟੀ ਰਚਨਾ ਪਿੱਛੇ ਪਰਮਾਤਮਾ ਦਾ 'ਹੁਕਮ' ਵਰਤ ਰਿਹਾ ਮੰਨਿਆ ਹੈ, ਵਿਗਿਆਨ ਨੇ ਇਸੇ ਨੂੰ 'ਕੁਦਰਤ ਦਾ ਅਟੱਲ ਨਿਯਮ' ਕਾਰਜਸ਼ੀਲ ਹੁੰਦਾ ਪ੍ਰਵਾਨ ਕੀਤਾ ਹੈ। ਕੁਦਰਤ ਦੀ ਸਮੁੱਚੀ ਪ੍ਰਕਿਰਿਆ ਨਿਯਮ ਪੂਰਵਕ ਜਾਰੀ ਹੈ। ਸੂਰਜ, ਚੰਦ, ਸਿਤਾਰਿਆਂ, ਗ੍ਰਹਿਆਂ ਆਦਿ ਦੀ ਪਰਸਪਰ ਦੂਰੀ ਤੇ ਉਨ੍ਹਾਂ ਦੀ ਸਿਰਜਣਾ ਹੋਣ ਦੇ ਸਮੇਂ ਨੂੰ ਨਾਪਣ ਲਈ ਵਿਗਿਆਨ ਨੇ ਵਿਵਸਥਿਤ ਪ੍ਰਣਾਲੀ ਨਿਰਧਾਰਤ ਕੀਤੀ ਹੋਈ ਹੈ, ਧਰਮ ਦੀ ਤਰ੍ਹਾਂ ਇਹ ਅਟਕਲਪੱਚੂ ਅਨੁਮਾਨ 'ਤੇ ਨਿਰਭਰ ਨਹੀਂ। ਗੁਰਬਾਣੀ ਦੀ ਇਸ ਤੁਕ ਦੀ ਮਹੱਤਤਾ ਸਮੇਂ ਨਾਲ ਹੈ:

ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ॥[4]

ਸਮੇਂ ਦੀ ਚਾਲ ਨਾਲ ਹੀ ਧਰਤੀ, ਸੂਰਜ, ਚੰਦ, ਤਾਰੇ ਤੇ ਬ੍ਰਹਿਮੰਡ ਦੇ ਸਾਰੇ ਪਿੰਡ ਤੁਰਦੇ ਫਿਰਦੇ ਹਨ। ਉਪਰੋਕਤ ਬਾਣੀ-ਤੁਕਾਂ ਵਿਚਲਾ ਪ੍ਰਵਚਨ ਸਮੇਂ ਦੀ ਮੁੱਢਲੀ ਗਿਣਤੀ-ਮਿਣਤੀ ਨੂੰ

ਸਪੱਸ਼ਟ ਕਰਦਾ ਹੈ। ਸਾਨੂੰ ਅਜੋਕੇ ਸਮੇਂ ਦੀ ਸਿਖਲਾਈ ਵਿਚ ਕੇਵਲ ਤੇ ਕੇਵਲ ਮਿੰਟਾਂ ਸਕਿੰਟਾਂ, ਘੰਟਿਆਂ ਤੇ ਦਿਨਾਂ ਦੀ ਹੀ ਗੱਲ ਦੱਸੀ ਜਾਂਦੀ ਹੈ ਪਰ ਸਮੇਂ ਦੀ ਮੁੱਢਲੀ ਵੰਡ ਕਿਸੇ ਖ਼ਾਸ ਨਿਯਮ ਵਿਚ ਨਿਮਨ ਅਨੁਸਾਰ ਦਰਸਾਈ ਗਈ ਹੈ ਜਿਵੇਂ ਮੈਂ ਇਹ ਗੱਲ ਅੱਖ ਦੇ ਝਮਕ ਵਿਚ ਕੀਤੀ ਸਮਝੋ। ਬਸ ਅੱਖ ਹੀ ਦੁਨੀਆਂ ਦੇ ਸਭ ਤਰਕਾਂ ਦੀ ਮਾਂ ਹੈ। ਅੱਖ ਦੀ ਝਮਕਣ ਹੀ ਸਮੇਂ ਦੀ ਪਹਿਲੀ ਪਿੰਡ ਪ੍ਰਣਾਲੀ ਹੈ। ਇਸ ਅੱਖ ਦੀ ਝਮਕਣ ਪਿੰਡ ਪ੍ਰਣਾਲੀ ਤੋਂ ਸਮੇਂ ਦੀ ਵੰਡ ਜਾਂ ਗਿਣਤੀ-ਮਿਣਤੀ ਇਸ ਤਰ੍ਹਾਂ ਦਰਸਾਈ ਗਈ ਮਿਲਦੀ ਹੈ।[5]

| | | | |
|---|---|---|---|
| 1. | ਅੱਖ ਦੀ ਪੁਤਲੀ ਦਾ ਝਮਕਣਾ | - | ਨਿਮਖ |
| 2. | ਪੰਦਰਾਂ ਵਾਰ ਅੱਖ ਦਾ ਝਮਕਣਾ | - | ਇਕ ਵਿਸਾ |
| 3. | ਪੰਦਰਾਂ ਵਿਸੇ | - | ਇਕ ਚਸਾ |
| 4. | 30 ਚਸੇ | - | ਇਕ ਪਲ |
| 5. | 60 ਪਲ | - | ਇਕ ਘੜੀ |
| 6. | ਸਾਢੇ ਸੱਤ ਘੜੀਆਂ | - | ਇਕ ਪਹਿਰ |
| 7. | ਅੱਠ ਪਹਿਰ | - | ਇਕ ਦਿਨ ਰਾਤ |
| 8. | ਪੰਦਰਾਂ ਦਿਨ | - | ਇਕ ਪੱਖ |
| 9. | ਪੰਦਰਾਂ ਦਿਨਾਂ ਦੀਆਂ | - | ਪੰਦਰਾਂ ਥਿਤੀ ਵਾਰ |
| 10. | ਸੱਤ ਦਿਨ | - | ਸਤਵਾਰ/ਹਫ਼ਤਾ |
| 11. | ਚਾਰ ਹਫ਼ਤੇ | - | ਇਕ ਮਾਹ/ਮਹੀਨਾ |
| 12. | ਬਾਰਾਂ ਮਹੀਨੇ | - | ਇਕ ਵਰਸ/ਸਾਲ |
| 13. | ਬਾਰਾਂ ਵਰਸ/ਸਾਲ | - | ਇਕ ਕੁੰਭ |

ਗੁਰਸਿੱਖ ਦਾ ਪਹਿਲਾ ਪਹਿਰ ਸੂਰਜ ਦੀ ਪਹਿਲੀ ਕਿਰਨ ਤੋਂ ਸ਼ੁਰੂ ਹੁੰਦਾ ਹੈ। ਰਾਤ ਦੇ ਚਾਰ ਪਹਿਰ ਸੂਰਜ ਦੇ ਆਥਣ ਜਾਂ ਮਿਟਣ ਜਾਂ ਛਿਪਣ ਤੋਂ ਸ਼ੁਰੂ ਹੁੰਦੇ ਹਨ। 13 ਪੋਹ ਨੂੰ ਸਭ ਤੋਂ ਛੋਟਾ

ਦਿਨ ਹੁੰਦਾ ਹੈ ਅਤੇ 13 ਹਾੜ ਨੂੰ ਸਭ ਤੋਂ ਵੱਡਾ ਦਿਨ ਹੁੰਦਾ ਹੈ। ਪੱਛਮੀ ਢਾਂਚੇ ਦੇ ਪ੍ਰਭਾਵ ਅਧੀਨ ਅਸੀਂ ਆਪਣੀਆਂ ਘੜੀਆਂ ਪਹਿਰ ਬਰਕਰਾਰ ਨਹੀਂ ਰੱਖ ਸਕੇ। ਜਿਵੇਂ ਅੰਮ੍ਰਿਤ ਵੇਲਾ, ਪਹੁ ਫੁਟੇਲਾ, ਛਾਹ ਵੇਲਾ, ਲੌਢਾ ਵੇਲਾ, ਸਿਖ਼ਰ ਦੁਪਹਿਰ, ਆਥਣ, ਪਹਿਲਾ ਪਹਿਰ, ਦੂਜਾ ਪਹਿਰ, ਤੀਜਾ ਪਹਿਰ, ਚੌਥਾ ਪਹਿਰ, ਦਿਨ ਦੇ ਚਾਰ ਪਹਿਰ ਹੋ ਗਏ। ਇਸੇ ਤਰ੍ਹਾਂ ਰਾਤ ਦੇ ਚਾਰ ਪਹਿਰ। ਭਾਈ ਗੁਰਦਾਸ ਜੀ ਸਮੇਂ ਦੀ ਪੈੜ੍ਹ ਨੂੰ ਸ਼ਬਦ ਨਾਲ ਜੋੜ ਕੇ ਇਉਂ ਪੇਸ਼ ਕਰਦੇ ਹਨ:

ਅਠੇ ਪਹਰਿ ਅਰਾਧੀਐ ਸਬਦ ਸੁਰਤਿ ਲਿਵਅਲਖੁ ਲਖਾਇਆ।[6]

ਗੁਰੂ ਨਾਨਕ ਦੇਵ ਜੀ ਨੇ ਵਾਸਤਵਿਕਤਾ ਨੂੰ ਅਪਣਾਇਆ, ਬ੍ਰਾਹਮਣਵਾਦੀ, ਬਾਹਰੀ ਵਿਖਾਵੇ, ਪਖੰਡ, ਅਡੰਬਰ ਅਤੇ ਭੇਖੀ, ਸਮੇਂ ਦੇ ਗਲਤ, ਨਿਰਾਰਥਕ, ਫੋਕੇ ਰੀਤੀ ਰਿਵਾਜ਼ਾਂ ਅਤੇ ਗਲਤ ਵਿਸ਼ਵਾਸਾਂ ਦਾ ਖੰਡਨ ਕਰਕੇ ਮਨੁੱਖੀ ਜੀਵਨ ਦੇ ਸਮਾਜਿਕ, ਧਾਰਮਿਕ, ਸਭਿਆਚਾਰਕ, ਰਾਜਨੀਤਿਕ ਅਤੇ ਆਰਥਿਕ ਖੇਤਰਾਂ ਵਿਚ ਨਿਰੋਈ ਸੇਧ ਪ੍ਰਦਾਨ ਕੀਤੀ। ਅਜੋਕਾ ਵਿਗਿਆਨ ਸਮੇਂ ਦੇ ਨਾਲ-ਨਾਲ ਵਕਤ ਦੀ ਹਰ ਘੜੀ, ਵਾਤਾਵਰਣ, ਮੌਸਮ, ਬਦਲਵਾਈ, ਕਿਣ-ਮਿਣ, ਦ੍ਰਿਸ਼ਟਮਾਨ ਕਰਦਾ ਹੈ। ਮੂਲ ਰੂਪ ਵਿਚ ਤਤਕਾਲੀ ਭੂਤ ਨਾਲ ਅਲੋਚਨਾਤਮਕ ਸੰਵਾਦ-ਸਿਰਜਣ ਨਾਲ ਕਿਸੇ ਪਰੰਪਰਾ ਦਾ ਦਾਰਸ਼ਨਿਕ ਪੁਨਰ ਨਿਰੂਪਣ ਹੁੰਦਾ ਹੈ। ਇਸ ਵਿਚ ਆਧੁਨਿਕਤਾ ਅਤੇ ਇਸਦੇ ਅਨੁਭਵ ਦੀ ਅਤੀਤਤਾ, ਦੋਹਾਂ ਦੀ ਨਿਰੰਤਰਤਾ ਹੁੰਦੀ ਹੈ। ਦੂਹਰੀ ਸੰਕੇਤਾਵਲੀ ਅਤੇ ਵਿਅੰਗਾਤਮਕਤਾ ਵਾਲੇ ਲੱਛਣ, ਆਪਸੀ ਟਕਰਾਓ ਅਤੇ ਪਰੰਪਰਾਵਾਂ ਨੂੰ ਛੱਡਣ ਬਾਰੇ ਵਿਆਪਕ ਚੋਣ ਦੇ ਲੱਛਣਾਂ ਨੂੰ ਪੈਦਾ ਕਰਨਾ ਆਦਿ ਇਸਦੇ ਉੱਤਮ ਕਾਰਜ ਹਨ ਕਿਉਂਕਿ ਇਹ ਭਿੰਨਰੂਪਤਾ ਸਾਡੀ ਬਹੁ-ਤੱਤਵਾਦਤਾ ਨੂੰ ਸਪੱਸ਼ਟ ਤੌਰ ਤੇ ਪਕੜਦੀ ਹੈ।

ਬਾਰਾਮਾਹ ਇੱਕ ਬਿਰਤਾਂਤਕ ਕਾਵਿ-ਰੂਪ ਹੈ। ਭਾਰਤੀ ਸਾਹਿਤ ਪਰੰਪਰਾ ਵਿਚ ਪ੍ਰਕਿਰਤੀ ਅਤੇ ਕੁਦਰਤ ਦੇ ਸੁੰਦਰ ਦ੍ਰਿਸ਼ਾਂ ਨੂੰ ਪ੍ਰਸਤੁਤ ਕਰਨ ਦੀ ਰੁਚੀ ਕਾਫ਼ੀ ਪੁਰਾਣੀ ਹੈ। ਇਸ ਤਰ੍ਹਾਂ ਗੁਰੂ ਸਾਹਿਬ ਨੇ ਸਾਲ ਦੇ ਬਾਰਾਂ ਦੇਸੀ ਵੱਖ-ਵੱਖ ਮਹੀਨਿਆਂ ਦਾ ਵਰਨਣ ਕੀਤਾ ਹੈ। ਇਨ੍ਹਾਂ ਵਿਚ

ਕੁਦਰਤ ਜਾਂ ਪ੍ਰਕਿਰਤੀ ਚਿਤ੍ਰਣ ਰਾਹੀਂ ਅਧਿਆਤਮਕ ਬਿਰਹੋਂ ਨੂੰ ਸ਼ਿਦਤ ਨਾਲ ਪ੍ਰਸਤੁਤ ਕੀਤਾ ਹੈ। ਅੰਤਲੇ ਮਹੀਨੇ ਵਿਚ ਗੁਰੂ ਸਾਹਿਬ ਨੇ ਸੰਯੋਗ ਦੀ ਸਥਿਤੀ ਦਾ ਬਿਆਨ ਕੀਤਾ ਹੈ।

ਬਾਰਾਮਾਹ ਵਿਚ ਗੁਰੂ ਨਾਨਕ ਦੇਵ ਜੀ ਤੱਤਕਾਲੀਨ ਪ੍ਰਚਲਤ ਪਰੰਪਰਾ, ਭਾਵ ਸੂਰਜ ਦੀ ਪੂਜਾ ਦੇ ਤਿਆਗ ਅਤੇ ਅਕਾਲ ਪੁਰਖ ਦੀ ਮਾਨਤਾ ਵਲ ਧਿਆਨ ਦਿਵਾਉਂਦੇ ਹਨ। ਸੂਰਜ, ਚੰਦਰਮਾ ਤੇ ਇਨ੍ਹਾਂ ਨੂੰ ਲੱਗੇ ਗ੍ਰਹਿਣ, ਦੂਜ ਦਾ ਚੰਨ, ਪੂਰਨਮਾਸੀ, ਸੰਗਰਾਂਦ ਅਤੇ ਇਕਾਦਸੀ, ਅਸਟਮੀ ਜਾਂ ਦਸਵੀਂ ਆਦਿ ਦੇ ਦਿਨ ਗੁਰੂ ਨਾਨਕ ਦੇਵ ਜੀ ਲਈ ਕੋਈ ਮਹੱਤਤਾ ਨਹੀਂ ਰੱਖਦੇ ਸਗੋਂ ਸਭ ਦਿਨ ਬਰਾਬਰ ਹਨ।

**(ੳ) ਰੁੱਤਾਂ, ਤਿੱਥਾਂ ਅਤੇ ਮਹੀਨਿਆਂ ਬਾਰੇ ਤੱਤਕਾਲੀਨ ਬ੍ਰਾਹਮਣਵਾਦੀ ਪੱਖ:**

**ਰੁੱਤਾਂ** – ਬਾਰਾਮਾਹ ਦਾ ਮੂਲ ਸਰੋਕਾਰ ਵਿਯੋਗਣ ਦੇ ਹਾਵ-ਭਾਵ ਤੇ 'ਕਰਕ ਕਲੇਜੇ ਮਾਹਿ' ਦਾ ਵਰਨਣ ਹੈ। ਇਸ ਵਿਚ ਇਸਤਰੀ (ਬਿਰਹਨ) ਦੇ ਮਨ ਦੀਆਂ ਇਨ੍ਹਾਂ ਉਪਰੋਕਤ ਭਾਵਨਾਵਾਂ ਦਾ ਜ਼ਿਕਰ ਕੀਤਾ ਜਾਂਦਾ ਹੈ। ਰੁੱਤਾਂ ਬਦਲਦੀਆਂ ਹਨ। ਪ੍ਰਕਿਰਤੀ ਵਿਚ ਨਿਰੰਤਰ ਪਰਿਵਰਤਨ ਹੁੰਦੇ ਰਹਿੰਦੇ ਹਨ। ਬਸੰਤ ਤੋਂ ਲੈ ਕੇ ਪਤਝੜ ਤੱਕ ਮਨੁੱਖੀ ਮਨੋਸਥਿਤੀ ਦਾ ਚਿੱਤਰ ਮਾਨਸਿਕ ਦੁੱਖਾਂ ਤੇ ਮਨੋਵੇਦਨਾਵਾਂ ਦਾ ਜ਼ਿਕਰ ਬਾਰਾਂ ਮਹੀਨਿਆਂ ਨਾਲ ਜੋੜ ਕੇ ਕੀਤਾ ਜਾਂਦਾ ਹੈ। ਇਸ ਕਾਵਿ-ਰੂਪ ਨੂੰ ਬਾਰਾਮਾਹ ਕਿਹਾ ਜਾਂਦਾ ਹੈ ਤੇ ਬਾਰਾਮਾਹ ਲੋਕ ਗੀਤਾਂ ਦਾ ਇਕ ਭੇਦ ਹੈ। ਕਵੀ ਦੇ ਮਨ ਵਿਚ ਹਮੇਸ਼ਾਂ ਬਿਰਹਨੀ ਰਹਿੰਦੀ ਹੈ। ਉਹ ਵਿਯੋਗ ਦੇ ਗੀਤ ਗਾਉਂਦਾ ਹੈ। ਰੁੱਤਾਂ ਦੇ ਪਰਿਵਰਤਨ ਨੂੰ ਲੈ ਕੇ ਬਾਰਾਮਾਹ ਕਾਵਿ ਰਚਨਾ ਦਾ ਆਰੰਭ ਹੋਇਆ। ਸਾਂਸਕ੍ਰਿਤ ਸਾਹਿਤ ਵਿਚ ਖਟ ਰਿਤੂ ਜਾਂ ਛੇ ਰੁੱਤਾਂ ਦਾ ਵਰਨਣ ਆਉਂਦਾ ਹੈ:

(1) ਚੇਤ ਵਿਸਾਖ – ਬਸੰਤ

(2) ਜੇਠ ਹਾੜ – ਗ੍ਰੀਖਮ (ਗਰਮੀ)

(3) ਸਾਵਣ ਭਾਦੋਂ – ਪਾਵਸ(ਵਰਖਾ ਰੁੱਤ)

(4) ਅਸੂ ਕੱਤਕ – ਸਰਦ

(5) ਮਘਰ ਪੋਹ - ਹੇਮੰਤ

(6) ਮਾਘ ਫਗਣ - ਸ਼ਿਸ਼ਰ

ਸਮੇਂ ਦੇ ਪ੍ਰਵਾਹ ਨਾਲ ਬਾਰਾਮਾਹ ਦੇ ਵਿਸ਼ੇ ਵਿਚ ਵਿਸਤਾਰ ਆਉਂਦਾ ਗਿਆ ਅਤੇ ਇਸ ਦਾ ਵਰਨਣ ਛੇ ਰੁੱਤਾਂ ਦੀ ਥਾਂ ਬਾਰਾਂ ਮਹੀਨਿਆਂ ਵਿਚ ਵੰਡ ਕੇ ਕੀਤਾ ਜਾਣ ਲੱਗਾ। ਜਿਸ ਵਿਚ ਗਿਆਰਾਂ ਮਹੀਨਿਆਂ ਵਿਚ ਇਸਤਰੀ ਦੇ ਅਨੁਭਵ ਕੀਤੇ ਦੁੱਖਾਂ ਤੇ ਹਿਰਦੇ ਦੀਆਂ ਵੇਦਨਾਵਾਂ ਦਾ ਬਿਆਨ ਅੰਕਿਤ ਕੀਤਾ ਹੈ ਕਿ ਜੀਵ ਰੂਪੀ ਇਸਤਰੀ ਕਿਵੇਂ ਪ੍ਰਭੂ ਵਿਛੋੜੇ ਦੀ ਪੀੜਾਂ ਨੂੰ ਬਿਆਨ ਕਰਦੀ, ਪਪੀਹੇ ਤੇ ਕੋਇਲ ਦੀ ਤਰ੍ਹਾਂ ਪ੍ਰੀਤਮ ਦੀ ਯਾਦ ਵਿਚ ਵਿਆਕੁਲ ਹੋ ਰਹੀ ਹੈ ਅਤੇ ਬਾਰ੍ਹਵੇਂ ਮਹੀਨੇ ਵਿਚ ਬ੍ਰਿਹੋਂ ਰੂਪੀ ਪੀੜਾਂ ਸੰਯੋਗ ਅਤੇ ਅਨੰਦ ਵਿਚ ਪਰਿਵਰਤਿਤ ਹੋ ਜਾਂਦੀਆਂ ਹਨ। ਡਾ. ਮਹਿੰਦਰ ਕੌਰ ਗਿੱਲ ਦਾ ਕਹਿਣਾ ਹੈ:

> ਬਾਰਾਹਮਾਹਾ ਵਿਚ ਜੋ ਉਦਾਸੀ ਪੇਸ਼ ਹੋਈ ਹੈ ਉਸ ਦਾ ਮੂਲ ਸੰਬੰਧ ਪਿਆਰ ਦੇ ਵਿਯੋਗ ਪੱਖ ਨਾਲ ਹੈ। ਪਿਆਰੇ ਦੀ ਅਣਹੋਂਦ ਵਿਚ ਕੁਝ ਵੀ ਚੰਗਾ ਨਹੀਂ ਲੱਗਦਾ। ਪ੍ਰਾਪਤ ਅਪ੍ਰਾਪਤ ਲੱਗਣ ਲਗ ਪੈਂਦਾ ਹੈ।[7]

ਗੁਰੂ ਨਾਨਕ ਨੇ ਬਾਰਾਮਾਹ ਤੁਖਾਰੀ ਗੁਰਮਤਿ ਕਾਵਿ ਰੂਪ ਵਿਚ ਜੀਵ-ਇਸਤਰੀ ਦੀ ਪ੍ਰਭੂ-ਪਤੀ ਨਾਲ ਸੰਯੋਗ-ਵਿਯੋਗ ਦੀ ਅਵਸਥਾ ਨੂੰ ਬਿਆਨ ਕੀਤਾ ਹੈ। ਸਾਲ ਵਿਚਲੇ ਬਾਰਾਂ ਦੇਸੀ ਮਹੀਨਿਆਂ ਦਾ ਸੰਬੰਧ ਸੂਰਜ ਦੀ ਚਾਲ ਨਾਲ ਮੰਨਿਆ ਗਿਆ ਹੈ। ਸੂਰਜ ਦੀ ਚਾਲ ਸੰਗਰਾਂਦ ਨਾਲ ਸੰਬੰਧਿਤ ਹੁੰਦੀ ਹੈ। ਪ੍ਰੋ. ਸਾਹਿਬ ਸਿੰਘ ਅਨੁਸਾਰ :

> *ਸੰਗਰਾਂਦ ਸੰਸਕ੍ਰਿਤ ਦੇ ਲਫ਼ਜ਼ ਸਾਂਕ੍ਰਾਂਤਿ ਦਾ ਪ੍ਰਾਕ੍ਰਿਤ ਅਤੇ ਪੰਜਾਬੀ ਰੂਪ ਹੈ। ਇਸ ਦਾ ਅਰਥ ਹੈ 'ਸੂਰਜ ਦਾ ਇਕ ਰਾਸਿ ਤੋਂ ਦੂਜੀ ਰਾਸਿ ਵਿਚ ਲੰਘਣਾ।' 'ਸਾਂਕ੍ਰਾਂਤਿ' ਉਹ ਦਿਨ ਹੈ ਜਦੋਂ ਸੂਰਜ ਨਵੀਂ ਰਾਸਿ ਵਿਚ ਦਾਖ਼ਲ ਹੁੰਦਾ ਹੈ। ਬਿਕ੍ਰਮਾਜੀਤੀ ਸਾਲ ਦੇ ਇਹਨਾਂ ਬਾਰ੍ਹਾਂ ਮਹੀਨੇਆਂ ਦਾ ਸੰਬੰਧ ਸੂਰਜ ਦੀ ਚਾਲ ਦੇ ਨਾਲ ਹੈ। ਹਰ ਦੇਸੀ ਮਹੀਨੇ ਦੀ ਪਹਿਲੀ*

*ਤਾਰੀਕ ਨੂੰ ਸੂਰਜ ਇਕ 'ਰਾਸਿ' ਨੂੰ ਛੱਡ ਕੇ ਦੂਜੀ ਰਾਸ਼ੀ ਵਿਚ ਪੈਰ ਧਰਦਾ ਹੈ। ਬਾਰ੍ਹਾਂ ਮਹੀਨੇ ਹਨ ਤੇ ਬਾਰ੍ਹਾਂ ਹੀ ਰਾਸਾਂ ਹਨ। ਜੋ ਲੋਕ ਸੂਰਜ ਦੇਵਤੇ ਦੇ ਉਪਾਸ਼ਕ ਹਨ, ਉਹਨਾਂ ਲਈ ਹਰੇਕ 'ਸੰਗਰਾਂਦ' ਦਾ ਦਿਨ ਪਵਿੱਤਰ ਹੈ, ਕਿਉਂਕਿ ਉਸ ਦਿਨ ਸੂਰਜ-ਦੇਵਤਾ ਇਕ 'ਰਾਸਿ' ਨੂੰ ਛੱਡ ਕੇ ਦੂਜੀ ਵਿਚ ਆਉਂਦਾ ਹੈ।*[8]

ਗੁਰੂ ਨਾਨਕ ਬਾਣੀ ਵਿਚ ਅਜਿਹੇ ਵਹਿਮਾਂ-ਭਰਮਾਂ ਨੂੰ ਕੋਈ ਮਾਨਤਾ ਨਹੀਂ ਦਿੱਤੀ ਗਈ, ਸਗੋਂ ਸਾਰੀ ਸ੍ਰਿਸ਼ਟੀ ਦੇ ਸਮੁੱਚੇ ਵਰਤਾਰੇ ਪਰਮਾਤਮਾ ਦੇ ਵਰਤਾਏ ਦੱਸੇ ਗਏ ਹਨ। ਗੁਰੂ ਨਾਨਕ ਦੇਵ ਜੀ ਵਲੋਂ ਰਚਿਤ ਰਾਗ ਤੁਖਾਰੀ ਦੇਸੀ ਮਹੀਨੇ ਦੇ ਪਹਿਲੇ ਦਿਨ ਭਾਵ ਸੰਗਰਾਂਦ ਵਾਲੇ ਦਿਨ ਬਾਰਾਮਾਹ ਦਾ ਪਾਠ ਕੀਤਾ ਜਾਂਦਾ ਹੈ। ਸੰਬੰਧਿਤ ਮਹੀਨੇ ਸੰਬੰਧੀ ਦਰਸਾਏ ਗੁਰੂ ਸਾਹਿਬਾਨਾਂ ਦੇ ਵਿਚਾਰਾਂ ਦੁਆਰਾ ਮਨੁੱਖ ਨੂੰ ਜੀਵ-ਆਤਮਾ ਦੀ ਪਰਮਾਤਮਾ ਨਾਲ ਸੰਯੋਗ-ਵਿਯੋਗ ਦੀ ਅਵਸਥਾ ਤੋਂ ਜਾਣੂ ਕਰਵਾਇਆ ਜਾਂਦਾ ਹੈ ਕਿ ਜੀਵ-ਆਤਮਾ ਆਪਣੇ ਮਾੜੇ ਕਰਮਾਂ ਕਰਕੇ ਪ੍ਰਭੂ-ਪਤੀ ਤੋਂ ਵਿਛੜੀ ਰਹਿੰਦੀ ਹੈ। ਵਿਛੋੜੇ ਦੌਰਾਨ ਪ੍ਰਭੂ-ਪਤੀ ਦੀ ਸਿਫ਼ਤ-ਸਲਾਹ ਭਾਵ ਸਿਮਰਨ ਕਰਦੀ ਹੈ। ਬਾਰਾਮਾਹ ਵਿਚ ਪ੍ਰਭੂ ਕ੍ਰਿਪਾ ਨਾਲ ਹੀ ਜੀਵ ਰੂਪੀ ਇਸਤਰੀ ਦਾ ਪ੍ਰਭੂ-ਪਤੀ ਨਾਲ ਮਿਲਾਪ ਹੁੰਦਾ ਹੈ।

ਭਾਰਤੀ ਸਾਂਸਕ੍ਰਿਤੀ ਦਾ ਚੰਦ੍ਰਾਇਣੀ ਸੰਮਤ ਬਿਕ੍ਰਮੀ ਚੇਤਵਦੀ ਏਕਮ ਤੋਂ ਆਰੰਭ ਹੁੰਦਾ ਹੈ। ਗੁਰੂ ਸਾਹਿਬ ਨੇ ਵੀ ਤੁਖਾਰੀ ਅਤੇ ਮਾਝ ਰਾਗ ਵਿਚ ਬਾਰਾ ਮਾਹੇ ਵੀ ਚੇਤ੍ਰ ਮਹੀਨੇ ਤੋਂ ਆਰੰਭ ਕੀਤੇ ਹਨ। ਇਥੇ ਸੰਗਰਾਂਦ ਦੀ ਆਰੰਭਤਾ ਕੁਦਰਤ ਦੇ ਨਿਯਮ ਤੇ ਨਿਸਚਿਤ ਕੀਤੀ ਗਈ ਸੀ ਜਦੋਂ ਸੂਰਜ ਇਕ ਰਾਸ਼ੀ ਤੋਂ ਦੂਜੀ ਰਾਸ਼ੀ ਵਿਚ ਪ੍ਰਵੇਸ਼ ਕਰਦਾ ਹੈ।

**ਤਿੱਥਾਂ** :- ਗ੍ਰਹਿਆਂ ਦਾ ਜੀਵਨ ਉੱਪਰ ਅਸਰ ਹੋਣ ਸੰਬੰਧੀ ਸੰਕਲਪ ਭਾਵੇਂ ਕਿ ਜੋਤਿਸ਼ ਧਾਰਾ ਦੇ ਖੇਤਰ ਅਧੀਨ ਆਉਂਦਾ ਹੈ। ਪਰ ਸਾਡੇ ਲੋਕ ਧਰਮ ਵਿਚ ਲੋਕ ਮਨ ਦੁਆਰਾ ਇਸਦੀ ਪੂਜਾ ਲੋਕ ਵਿਸ਼ਵਾਸਾਂ ਅਧੀਨ ਕੀਤੀ ਜਾਂਦੀ ਹੈ। ਭਾਰਤੀ ਸਾਂਸਕ੍ਰਿਤੀ ਵਿਚ ਨੌਂ ਗ੍ਰਹਿਆਂ ਦੀ ਪੂਜਾ ਦਾ ਉਨਾਂ

ਹੀ ਮਹੱਤਵ ਹੈ ਜਿੰਨਾ ਕਿ ਹੋਰਨਾਂ ਦੇਵੀ ਦੇਵਤਿਆਂ ਦੀ ਅਰਾਧਨਾ ਦਾ ਹੈ। ਮਨੁੱਖੀ ਜੀਵਨ ਦੇ ਸਾਰੇ ਪੱਖ ਨੌਂ ਗ੍ਰਹਿਆਂ ਦੀ ਚਾਲ ਤੇ ਅਧਾਰਿਤ ਮੰਨੇ ਗਏ ਹਨ। ਮਨੁੱਖੀ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੇ 27 ਨਛੱਤਰ ਹਨ ਜੋ 12 ਰਾਸ਼ੀਆਂ ਦੇ ਦੁਆਲੇ ਘੁੰਮਦੇ ਹਨ। ਇਨ੍ਹਾਂ ਰਾਸ਼ੀਆਂ ਤੇ ਸਥਿਤ ਗ੍ਰਹਿਆਂ ਦੀ ਚਾਲ ਦੇਖ ਕੇ ਇਹ ਦੱਸਿਆ ਜਾਂਦਾ ਹੈ ਕਿ ਕਿਸ ਵਿਅਕਤੀ ਲਈ ਕਿਹੜਾ ਸਮਾਂ ਠੀਕ ਹੈ ਤੇ ਕਿਹੜਾ ਬੁਰਾ ਹੈ। ਇਨ੍ਹਾਂ ਨੌਂ ਗ੍ਰਹਿਆਂ ਨੂੰ ਰਾਸ਼ੀਆਂ ਦਾ ਸੁਆਮੀ ਮੰਨਿਆ ਗਿਆ ਹੈ ਅਤੇ ਇਨ੍ਹਾਂ ਦੀ ਚਾਲ ਦੇ ਅਧਾਰ 'ਤੇ ਹੀ ਇਨ੍ਹਾਂ ਗ੍ਰਹਿਆਂ ਦੇ ਮਾੜੇ ਪ੍ਰਭਾਵ ਤੋਂ ਬਚਣ ਲਈ ਗ੍ਰਹਿ ਦੀ ਪੂਜਾ, ਮੰਤਰ ਦਾ ਜਾਪ, ਦਾਨ ਪੁੰਨ ਕਰਨ ਤੇ ਕਈ ਪ੍ਰਕਾਰ ਦੇ ਯਤਨ ਕੀਤੇ ਜਾਂਦੇ ਹਨ। ਅਜੇਹੀ ਪੂਜਾ ਨੂੰ ਗ੍ਰਹਿ 'ਢਾਲੇ ਪਾਉਣਾ' ਕਿਹਾ ਜਾਂਦਾ ਹੈ। ਇਹ ਨੌਂ ਗ੍ਰਹਿ ਹਨ : ਸੂਰਜ, ਚੰਦਰਮਾ, ਮੰਗਲ, ਬੁੱਧ, ਬ੍ਰਹਿਸਪਤੀ, ਸ਼ਨੀ, ਰਾਹੂ ਅਤੇ ਕੇਤੂ।

ਸੂਰਜ ਅਤੇ ਚੰਦ ਨੂੰ ਪ੍ਰਾਚੀਨ ਭਾਰਤ ਦੇ ਲੋਕ ਦੇਵਤਾ ਮੰਨਦੇ ਸਨ। ਇਸ ਲਈ ਉਹ ਲੋਕ (ਹਾਲਾਂ ਵੀ) ਸੰਗਰਾਂਦ, ਪੂਰਨਮਾਸ਼ੀ ਅਤੇ ਮੱਸਿਆ ਨੂੰ ਪਵਿੱਤਰ ਦਿਨ ਸਮਝ ਕੇ ਮਨਾਉਂਦੇ ਹਨ। ਗੁਰਬਾਣੀ ਇਸ ਧਾਰਨਾ ਦਾ ਵਿਰੋਧ ਕਰਕੇ ਹਾਂ-ਪੱਖੀ ਸੇਧ ਦਿੰਦੀ ਹੈ:

> ਥਿਤੀ ਵਾਰ ਸੇਵਹਿ ਮੁਗਧ ਗਵਾਰ।।[9]

ਕੇਵਲ ਮੂਰਖ ਅਤੇ ਬੇਸਮਝ ਲੋਕ ਹੀ ਥਿਤਾਂ-ਵਾਰਾਂ ਵਿਚ ਯਕੀਨ ਰੱਖਦੇ ਹਨ ਅਤੇ ਉਨ੍ਹਾਂ ਨੂੰ ਪਵਿੱਤਰ ਸਮਝ ਕੇ ਉਨ੍ਹਾਂ ਦੀ ਪੂਜਾ ਕਰਦੇ ਹਨ।

ਮਨੁੱਖ ਦੇ ਦਰਪੇਸ਼ ਇਸ ਸਥਿਤੀ ਦਾ ਸਮਾਧਾਨ ਅਧਿਆਤਮਕ ਚਿੰਤਨ ਵਿਚ ਸਪੱਸ਼ਟ ਹੈ ਜਦ ਕਿ ਭੂਪਵਾਦੀ ਸਮਾਜ ਵਿਚ ਇਸ ਸਮੱਸਿਆ ਤੋਂ ਛੁਟਕਾਰਾ ਪਾਉਣਾ ਸੰਭਵ ਨਹੀਂ। ਇਹੀ ਰਹੱਸ ਹੈ ਕਿ ਉਹ ਮਨੁੱਖ ਜੋ ਅਧਿਆਤਮੀ ਮਾਰਗ ਵਿਚ ਵਿਸ਼ਵਾਸ ਰੱਖਦੇ ਹਨ, ਉਹ ਦੁੱਖ ਤੋਂ ਪਾਰ ਵੀ ਜਾਂਦੇ ਹਨ ਅਤੇ ਦੁੱਖ-ਸੁੱਖ ਦੋਹਾਂ ਨੂੰ ਸਮਾਨ ਵੀ ਮੰਨਦੇ ਹਨ ਅਤੇ ਆਤਮਿਕ ਸੰਤੋਖ ਦੀ ਪ੍ਰਤੀਤੀ ਕਰਦੇ ਹਨ।

ਇਹ ਵਿਚਾਰ ਬੜਾ ਪ੍ਰਸੰਗਿਕ ਹੈ ਕਿ ਬਾਰਾਮਾਹ ਤੁਖਾਰੀ ਸੰਸਾਰ ਦੇ ਅਧਿਆਤਮੀ ਚਰਿੱਤਰ ਦੇ ਮੂਲ ਸਰੋਕਾਰਾਂ ਰਾਹੀਂ ਮਨੁੱਖ ਨੂੰ ਦੁੱਖ ਦੀ ਸਥਿਤੀ ਤੋਂ ਬਾਹਰ ਕੱਢ ਕੇ ਇਕ ਅਜਿਹੇ ਧਰਾਤਲ ਤੇ ਲੈ ਜਾਣਾ ਲੋਚਦਾ ਹੈ ਜਿੱਥੇ ਮਨੁੱਖੀ ਮਨ ਵਿਚ ਨਾ ਹਰਖ, ਨਾ ਸੋਗ ਅਤੇ ਨਾ ਹੀ ਕੋਈ ਹਵਸ ਰਹਿੰਦੀ ਹੈ। ਮਨੁੱਖ ਵਹਿਮਾਂ-ਭਰਮਾਂ, ਪਖੰਡਵਾਦ ਤੇ ਕਰਮਕਾਂਡਾਂ ਤੋਂ ਦੂਰ ਰਹਿੰਦਾ ਹੈ। ਇਸ ਰੱਬੀ ਅਵਸਥਾ ਦਾ ਸੂਚਕ ਬ੍ਰਹਮ ਗਿਆਨੀ ਹੈ ਜਿਸ ਲਈ ਦੁਨਿਆਵੀ ਦੁੱਖ ਕੋਈ ਅਰਥ ਨਹੀਂ ਰਖਦੇ ਅਸਲ ਵਿਚ ਦੁੱਖ ਦਾ ਰਿਸ਼ਤਾ ਨਾਤਾ ਸਰੀਰਕ ਹੋਂਦ ਨਾਲ ਹੈ, ਆਤਮਾ ਇਸ ਤੋਂ ਨਿਰਲੇਪ ਰਹਿੰਦੀ ਹੈ।

ਪੁਰਾਤਨ ਧਰਮ ਜੋ ਇਤਿਹਾਸ ਦੇ ਯੁਗ ਤੋਂ ਪਹਿਲਾਂ ਹੋਂਦ ਵਿਚ ਆਏ ਸਨ, ਉਨ੍ਹਾਂ ਵਿਚ ਮੁੱਖ ਤੱਤ, ਮਿਥਿਹਾਸ, ਕਰਮਕਾਂਡ, ਪੁਜਾਰੀ ਸ਼੍ਰੇਣੀ ਜਾਂ ਬ੍ਰਾਹਮਣਵਾਦੀ, ਜ਼ਾਤ-ਪਾਤ ਤੇ ਕਾਮ ਉਤੇਜਕ ਕਥਾਵਾਂ ਸਨ, ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਰੱਦ ਕਰ ਦਿੱਤਾ ਤੇ ਇਸ ਤਰ੍ਹਾਂ ਗੁਰੂ ਨਾਨਕ ਬਾਣੀ ਪੁਰਾਤਨਤਾ ਨੂੰ ਆਧੁਨਿਕਤਾ ਨਾਲੋਂ ਨਿਖੇੜਦੀ ਹੈ।

ਗੁਰੂ ਨਾਨਕ ਦੇਵ ਜੀ ਨੇ ਵਿਸ਼ਵ-ਵਿਆਪੀ ਮਾਨਵਵਾਦੀ ਫਿਲਾਸਫ਼ੀ ਦਾ ਪ੍ਰਚਾਰ ਕੀਤਾ, ਜਦੋਂ ਕਿ ਵਿਗਿਆਨੀ ਤਰਕਹੀਣ ਧਾਰਮਿਕ ਸੰਕਲਪਾਂ ਅਤੇ ਵਿਸ਼ਵਾਸਾਂ ਨੂੰ ਵੰਗਾਰ ਰਹੇ ਸਨ। ਗੁਰੂ ਨਾਨਕ ਨੇ ਆਪਣੀ ਫਿਲਾਸਫ਼ੀ ਦਾ ਪ੍ਰਚਾਰ ਦੱਖਣੀ ਏਸ਼ੀਆ ਅਤੇ ਮੱਧ-ਪੂਰਬ ਵਿਚ ਦੂਰ-ਦੂਰ ਤਕ ਕੀਤਾ। ਗੁਰੂ ਨਾਨਕ ਨੇ ਧਾਰਮਿਕ ਆਗੂਆਂ - ਹਿੰਦੂਆਂ, ਬ੍ਰਾਹਮਣ , ਸਿੱਧ, ਨਾਥ, ਜੋਗੀਆਂ, ਮੁਸਲਿਮ - ਸੂਫੀਆਂ, ਮੁੱਲਾਂ ਅਤੇ ਕਾਜੀਆਂ, ਜੈਨੀਆਂ ਅਤੇ ਬੋਧੀਆਂ ਨਾਲ, ਭਾਰਤ ਵਿਚ ਮੱਧ-ਪੂਰਬ, ਤਿੱਬਤ ਅਤੇ ਲੰਕਾ ਤੱਕ, ਵਿਚਾਰ-ਵਟਾਂਦਰਾ ਕੀਤਾ। ਉਹਨਾਂ ਨੇ ਆਪਣੀ ਯਾਤਰਾਵਾਂ ਦੌਰਾਨ, ਪ੍ਰਾਚੀਨ ਮਿਥਿਹਾਸ, ਗਲਤ ਧਾਰਮਿਕ ਸੰਕਲਪਾਂ ਅਤੇ ਰੀਤੀ-ਰਿਵਾਜ਼ਾਂ, ਜਿਹਨਾਂ ਤੱਤਕਾਲੀਨ ਧਾਰਮਿਕ ਪੁਜਾਰੀਆਂ ਅਤੇ ਸਾਸ਼ਕ-ਵਰਗ ਨੇ ਸਦੀਆਂ ਤੋਂ ਲੋਕਾਂ ਨੂੰ ਜਕੜਿਆ ਹੋਇਆ ਸੀ, ਨੂੰ ਵੰਗਾਰਿਆ। ਉਹਨਾਂ ਦੀ ਫਿਲਾਸਫ਼ੀ ਵਿਚੋਂ, ਅਜੋਕੇ

ਵਿਗਿਆਨਕ ਯੁੱਗ ਵਿਚ ਵੀ, ਵਿਸ਼ਵ-ਵਿਆਪੀ ਸਵੀਕਾਰਤਾ ਅਤੇ ਅਨੁਕੂਲਤਾ ਦੇ ਲੱਛਣਾਂ ਨੂੰ ਵੇਖਿਆ ਜਾ ਸਕਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਦੰਭੀ ਤੇ ਪਖੰਡੀ ਲੋਕ ਜੋ ਅੰਦਰੋਂ ਝੂਠ, ਫ਼ਰੇਬ, ਹੇਰਾਫ਼ੇਰੀ ਨਾਲ ਜੁੜੇ ਹਨ ਅਤੇ ਬਾਹਰੋਂ ਸੰਤ ਜਾਂ ਬ੍ਰਾਹਮਣ ਹੋਣ ਦਾ ਢੌਂਗ ਰਚਾਉਂਦੇ ਹਨ, ਇਕ ਖ਼ਾਸ ਕਿਸਮ ਦਾ ਪਹਿਰਾਵਾ ਪਹਿਨ ਕੇ, ਗਲ ਅਤੇ ਹੱਥਾਂ ਵਿਚ ਮਾਲਾ ਰੱਖ ਕੇ, ਬਗਲ ਸਮਾਧੀਆਂ ਲਾ ਕੇ ਲੋਕਾਂ ਨੂੰ ਲੁੱਟਦੇ ਹਨ। ਉਹਨਾਂ ਨੂੰ ਵੰਗਾਰਿਆ ਹੈ ਅਤੇ ਅਜਿਹੇ ਦੰਭੀ ਤੇ ਪਖੰਡੀ ਸੰਤਾਂ ਨੂੰ ਕਪਟੀ ਤੇ ਬਨਾਰਸ ਦੇ ਠੱਗ ਦਾ ਦਰਜਾ ਦਿੱਤਾ ਹੈ।

(ੳ) ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ॥
ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ॥[10]

(ਅ) ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਿਸ ਕੇ ਠਗ॥੧॥[11]

ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਬ੍ਰਾਹਮਣਵਾਦੀ ਵਿਚਾਰਧਾਰਾ ਵਲੋਂ ਪ੍ਰਚਲਿਤ ਸਵਰਗ, ਨਰਕ, ਧਰਮਰਾਜ ਆਦਿ ਦੀ ਹੋਂਦ ਨੂੰ ਥਾਂ-ਥਾਂ ਨਕਾਰਦੀ ਹੈ।

ਗੁਰੂ ਨਾਨਕ ਨੇ ਆਪਣੀ ਬਾਣੀ-ਰਚਨਾ ਵਿਚ ਚੇਤੰਨ ਤੌਰ ਤੇ ਆਪਣੇ ਸਮਾਜਿਕ ਅਤੇ ਅਧਿਆਤਮਕ ਅਨੁਭਵ ਨੂੰ ਲੋਕ-ਹਿਤਕਾਰੀ ਸੰਦਰਭਾਂ ਵਿਚ ਪੇਸ਼ ਕੀਤਾ ਹੈ। ਭਾਈ ਗੁਰਦਾਸ ਨੇ ਗੁਰੂ ਨਾਨਕ ਦੇ ਇਸ ਬਹੁ-ਪੱਖੀ ਚੇਤੰਨ ਸਮਾਜਿਕ-ਅਨੁਭਵ ਬਾਰੇ ਇਉਂ ਦਰਸਾਇਆ ਹੈ:

ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।[12]

ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਵਿਚ ਅਜੋਕਾ ਵਿਸ਼ਵ ਸਮੇਂ ਗਿਆਨ ਅਤੇ ਸੰਚਾਰ ਦੀ ਕ੍ਰਾਂਤੀ ਵਿਚੋਂ ਗੁਜ਼ਰ ਰਿਹਾ ਹੈ। ਗਿਆਨ ਅਤੇ ਸੰਚਾਰ ਤਕਨਾਲੋਜੀ ਦੇ ਵਿਕਾਸ ਕਾਰਨ ਜੋ ਨਵਾਂ ਸਮਾਜ ਉਭਰ ਰਿਹਾ ਹੈ। ਉਸ ਨੂੰ ਇਨਫਰਮੇਸ਼ਨ ਸੁਸਾਇਟੀ ਦਾ ਨਾਂ ਦਿੱਤਾ ਜਾ ਰਿਹਾ ਹੈ।

ਡਾ. ਗੁਰਭਗਤ ਸਿੰਘ ਨੇ ਨੀਟਸ਼ੇ ਦੀ ਪੁਸਤਕ 'ਸ਼ਕਤੀ ਲਈ ਨਿਸ਼ਚਾ' ਵਿਚ ਪ੍ਰਗਟਾਏ ਵਿਚਾਰ ਕਿ 'ਮਨੁੱਖ ਨੇ ਧਰਮ, ਸ਼ਕਤੀ ਦੀ ਅਨੁਭੂਤੀ ਵਿਚੋਂ ਸਿਰਜਿਆ ਹੈ', ਸੰਬੰਧੀ ਆਪਣੇ ਵਿਚਾਰ ਪ੍ਰਗਟਾਉਂਦੇ ਹੋਏ ਕਹਿੰਦੇ ਹਨ ਕਿ ਇਹੀ ਪ੍ਰੇਰਣਾ ਮੰਨੂੰ ਦੇ ਗ੍ਰੰਥ ਵਿਚ ਕੰਮ ਕਰਦੀ ਹੈ। ਪੁਜਾਰੀ ਵਰਗ ਦਾ ਮਨੁੱਖ ਦੀ "ਬਿਹਤਰੀ" ਬਾਰੇ ਉਸਾਰਿਆ ਵਿਚਾਰ ਆਪਣੇ ਆਪ ਤੋਂ ਹੀ ਪ੍ਰੇਰਿਤ ਹੈ। ਆਪਣੇ ਆਪ ਨੂੰ ਸਥਾਪਿਤ ਕਰਨ ਅਤੇ ਸ਼ਕਤੀ ਹਾਸਲ ਕਰਨ ਲਈ ਅਜਿਹਾ "ਸੱਚ" ਵਿਕਸਤ ਕੀਤਾ ਜੋ ਇੱਕ "ਪਵਿੱਤਰ ਝੂਠ" ਹੈ।"[13]

ਗੁਰੂ ਨਾਨਕ ਬਾਣੀ ਵਿਚ ਉਸਰਿਆ 'ਸੱਚ' ਪੁਜਾਰੀ ਵਰਗ ਦੇ ਉਪਰੋਕਤ 'ਸੱਚ' ਤੋਂ ਬਿਲਕੁਲ ਉਲਟ ਹੈ। ਬਾਣੀ ਵਿਚਲਾ ਗਿਆਨ, ਰਾਜਨੀਤਿਕ ਬਲ (ਸ਼ਕਤੀ) ਬਾਰੇ ਚਾਨਣ ਕਰਦਾ ਹੋਇਆ, ਪੁਜਾਰੀ ਵਰਗ ਅਤੇ ਸ਼ਾਸਕ ਵਰਗ ਦੇ ਖਿਲਾਫ਼, ਲੋਕ ਦਮਨ ਵਿਰੁੱਧ 'ਸੱਚ' ਦੀ ਅਵਾਜ਼ ਉਠਾਉਂਦਾ ਹੈ। ਉਹਨਾਂ ਦੀ ਬਾਣੀ ਵਿਚਲਾ ਸੱਚ (ਗੁਰਬਾਣੀ ਗਿਆਨ) ਲੋਕ-ਕਲਿਆਣ ਵਲ ਰੁਚਿਤ ਹੈ ਜਾਂ ਇਉਂ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਬਾਣੀ ਦੇ 'ਸੱਚ' ਨੇ ਗਿਆਨ ਅਤੇ ਸ਼ਕਤੀ ਦੀ ਬਹੁ-ਪਾਸਾਰੀ ਅਤੇ ਬਹੁ-ਪਰਤੀ ਪ੍ਰਤਿਕਿਰਿਆਵਾਂ ਨੂੰ ਲੋਕਾਈ ਦੇ ਕਲਿਆਣ ਲਈ ਲੋਕਾਈ ਅੱਗੇ ਪੇਸ਼ ਕੀਤਾ ਤਾਂ ਜੋ ਉਨ੍ਹਾਂ ਤੋਂ ਸਿਰਜਣਾਤਮਕ ਵਿਸ਼ਵ-ਵਿਆਪੀ ਹੁੰਗਾਰਾ ਪ੍ਰਾਪਤ ਕੀਤਾ ਜਾ ਸਕੇ।

ਗੁਰੂ ਨਾਨਕ ਨੇ ਤੱਤਕਾਲੀ ਸਮਾਜਿਕ ਅਤੇ ਧਾਰਮਿਕ ਸਥਿਤੀ ਵਲ ਧਿਆਨ ਪੂਰਵਕ ਵੇਖਿਆ ਅਤੇ ਉਹਨਾਂ ਨੇ ਉਸ ਵੇਲੇ ਦੇ ਸ਼ਾਸਕਾਂ ਦੀ ਮਨਮਰਜ਼ੀ ਅਤੇ ਪੁਜਾਰੀ ਵਰਗ ਦੇ ਧਾਰਮਿਕ ਕਰਮ-ਕਾਂਡਾਂ ਵਿਰੁੱਧ ਪੁਰਜ਼ੋਰ ਅਵਾਜ਼ ਉਠਾਈ। ਪੁਜਾਰੀ ਅਤੇ ਸ਼ਾਸਕ ਵਰਗ ਦੁਆਰਾ ਸਥਾਪਿਤ ਪ੍ਰਚਲਿਤ 'ਸੱਚ' ਤੋਂ ਉਲਟ ਇੱਕ ਸਦੀਵੀ 'ਸੱਚ' ਬਾਰੇ ਕਿਹਾ:

ਆਦਿ ਸਚੁ ਜੁਗਾਦਿ ਸਚੁ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥[14]

ਤੱਤਕਾਲੀ ਸ਼ਾਸਕਾਂ ਦੇ 'ਹੁਕਮੀ ਸੱਚ' ਤੋਂ ਉਲਟ ਉਹਨਾਂ ਨੇ ਇਕ ਸਰਬ-ਸ਼ਕਤੀਮਾਨ ਹੋਂਦ ਦੇ 'ਸੱਚ' ਬਾਰੇ ਲੋਕਾਈ ਨੂੰ ਜਾਣੂ ਕਰਵਾ ਕੇ ਉਹਨਾਂ ਦੇ ਮਨਾਂ ਵਿਚੋਂ ਪ੍ਰਚਲਿਤ 'ਸੱਚ' ਦੇ 'ਪਵਿੱਤਰ ਝੂਠ' ਨੂੰ ਕੱਢਿਆ। ਗੁਰੂ ਨਾਨਕ ਜਿਸ ਸੱਚ ਦੀ ਗੱਲ ਕਰ ਰਹੇ ਹਨ ਉਹ 'ਦੁਨਿਆਵੀ ਪ੍ਰਚਲਿਤ ਸੱਚ' ਤੋਂ ਉੱਪਰ ਹੈ। 'ਦੁਨਿਆਵੀ ਪ੍ਰਚਲਤ ਸੱਚ' ਦੇ 'ਪਵਿੱਤਰ ਝੂਠ' ਦਾ ਭਾਂਡਾ ਭੰਨਣ ਲਈ ਗੁਰੂ ਨਾਨਕ ਨੇ ਸਮਾਜਿਕ ਕਦਰਾਂ-ਕੀਮਤਾਂ ਦੇ ਨਾਲ-ਨਾਲ ਵੱਖ-ਵੱਖ ਧਰਮਾਂ ਦੇ ਧਾਰਮਿਕ ਕਰਮ-ਕਾਂਡਾਂ ਸੰਬੰਧੀ ਆਪਣੀ ਬਾਣੀ ਵਿਚ ਬਿਨਾਂ ਕਿਸੇ ਰਾਜਨੀਤਿਕ ਖੌਫ਼ ਤੋਂ ਖੁਲ੍ਹ ਕੇ ਥਾਂ-ਥਾਂ ਆਪਣੇ ਵਿਚਾਰ ਪੇਸ਼ ਕੀਤੇ ਹਨ। ਉਹਨਾਂ ਨੇ ਸਮਕਾਲੀਨ ਪ੍ਰਚਲਿਤ ਮੱਤਾਂ ਦੇ ਕਰਮ-ਕਾਂਡਾਂ ਬਾਰੇ ਆਪਣਾ ਦ੍ਰਿਸ਼ਟੀਕੋਣ ਅਭਿਵਿਅਕਤ ਕੀਤਾ।

ਗੁਰੂ ਨਾਨਕ ਬਾਣੀ ਸਾਡੇ ਸਾਹਿਤ-ਸਭਿਆਚਾਰ ਦੀ ਅਜਿਹੀ ਵੱਡ-ਮੁੱਲ਼ੀ ਵਿਰਾਸਤ ਹੈ ਜਿਸ ਨੇ ਮੱਧਕਾਲੀਨ ਪੰਜਾਬੀ ਅਤੇ ਭਾਰਤੀ ਸਮਾਜ ਨੂੰ ਸਮਾਜਿਕ, ਸਭਿਆਚਾਰਕ, ਧਾਰਮਿਕ, ਆਰਥਿਕ ਅਤੇ ਰਾਜਨੀਤਿਕ ਯਥਾਰਥ ਨੂੰ ਪੇਸ਼ ਕਰਕੇ ਤੱਤਕਾਲੀਨ ਪ੍ਰਸਥਿਤੀਆਂ ਵਿਚ ਇਕ ਅਜਿਹਾ ਕ੍ਰਾਂਤੀਕਾਰੀ ਅਤੇ ਹੌਸਲਾ-ਭਰਪੂਰ ਕਦਮ ਚੁੱਕਿਆ ਜਿਸ ਨੇ ਉਸ ਵੇਲੇ ਕੁਝ ਨਵੇਂ ਸੰਦਰਭਾਂ ਨੂੰ ਉਜਾਗਰ ਕੀਤਾ।

ਗੁਰੂ ਨਾਨਕ ਦੇਵ ਜੀ ਦੀ ਬਾਣੀ-ਰਚਨਾ ਵਿਚ 'ਬ੍ਰਾਹਮਣਵਾਦੀ ਰੁਚੀਆਂ' ਜਿਸ ਤਹਿਤ ਉਹ ਬ੍ਰਾਹਮਣ ਭੋਲੀ-ਭਾਲੀ ਜਨਤਾ ਨੂੰ ਵਹਿਮਾਂ ਭਰਮਾਂ ਵਿਚ ਪਾ ਕੇ ਆਪਣੀ ਰੋਜ਼ੀ-ਰੋਟੀ ਕਮਾਉਂਦਾ ਸੀ, ਦੇ ਉਲਟ ਹਰ ਪ੍ਰਕਾਰ ਦੇ ਕਿਰਤੀਆਂ ਦੀ ਭਰਪੂਰ ਉਸਤਤ ਕੀਤੀ ਗਈ ਹੈ। ਇਸਦੇ ਉਲਟ ਕਿਰਤ-ਹੀਣ ਮਨੁੱਖਾਂ ਅਤੇ ਲੋਭੀ ਪਖੰਡੀਆਂ ਦੀ ਬੜੀ ਨਿਖੇਧੀ ਕੀਤੀ ਗਈ ਹੈ। ਇਸ ਤਰ੍ਹਾਂ ਵਹਿਮਾਂ-ਭਰਮਾਂ ਵਿਚ ਭੁਲੇ ਭਟਕੇ ਕਿਰਤ ਹੀਣ ਮਨੁੱਖਾਂ ਨੂੰ ਭਰਮ ਜਾਲ ਵਿਚੋਂ ਕੱਢ ਕੇ ਜੀਵਨ ਦੀ ਵਾਸਤਵਿਕਤਾ ਦਾ ਪੂਰਾ ਟਾਕਰਾ ਕਰਨ ਲਈ ਤਿਆਰ ਕੀਤਾ।

**ਬਾਰਾਮਾਹ ਕਾਵਿ-ਰੂਪ:**

ਬਾਰਾਮਾਹ ਸਾਲ ਦੇ ਬਾਰਾਂ ਦੇਸੀ ਮਹੀਨਿਆਂ ਦੇ ਸੰਦਰਭ ਵਿਚ ਮਨੁੱਖੀ ਅਨੁਭਵ ਵਿਚ ਲਿਖੀ ਜਾਣ ਵਾਲੀ ਬਿਰਤਾਂਤਕ ਲੋਕ-ਕਾਵਿ ਦੀ ਰਚਨਾ ਹੈ। ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ

ਗਿਆ ਹੈ ਕਿ ਉਸ ਸਮੇਂ ਤਤਕਾਲੀਨ ਸਮਾਜ ਵਿਚ ਬ੍ਰਾਹਮਣਵਾਦ ਜਾਂ ਪ੍ਰੋਹਿਤਵਾਦ ਨੇ ਆਪਣੇ ਨਿੱਜੀ-ਹਿੱਤ ਜਾਂ ਸਵਾਰਥ ਹਿਤ, ਆਮ ਲੋਕਾਂ ਨੂੰ ਅੰਧ-ਵਿਸ਼ਵਾਸਾਂ ਅਤੇ ਗਲਤ ਸੰਸਕਾਰਾਂ ਦੇ ਜਾਲ ਵਿਚ ਫਸਾਇਆ ਹੋਇਆ ਸੀ। ਬ੍ਰਾਹਮਣਵਾਦੀ ਸੋਚ ਨੇ ਸੰਗਰਾਂਦ ਦੇ ਦਿਨ ਨੂੰ ਪਵਿੱਤਰ ਕਰਾਰ ਦਿੱਤਾ ਅਤੇ ਮਹੀਨੇ ਦੇ ਪਹਿਲੇ ਦਿਨ ਪੂਜਾ-ਪਾਠ, ਤੀਰਥ ਇਸ਼ਨਾਨ ਅਤੇ ਦਾਨ-ਪੁੰਨ ਕੀਤੇ ਜਾਂਦੇ ਸਨ ਤਾਂ ਜੋ ਉਹਨਾਂ ਦਾ ਲਾਭ ਸਾਰਾ ਮਹੀਨਾ ਮਿਲਦਾ ਰਹੇ।

ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਅਨੁਸਾਰ ਕੋਈ ਵਿਸ਼ੇਸ਼ ਤਿੱਥ, ਵਾਰ,ਘੜੀ ਜਾਂ ਮਹੀਨਾ ਪਵਿੱਤਰ ਨਹੀਂ ਸਗੋਂ ਸਾਰੇ ਹੀ ਦਿਨ, ਮਹੀਨੇ ਅਤੇ ਮਹੂਰਤ ਪਵਿੱਤਰ ਹਨ। ਗੁਰੂ ਨਾਨਕ ਦੇਵ ਜੀ ਬਾਰਾਮਾਹ ਤੁਖਾਰੀ ਵਿਚ ਇਹ ਵਿਚਾਰ ਦ੍ਰਿੜ ਕਰਾਉਂਦੇ ਹਨ:

ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ॥
ਘੜੀ ਮੂਰਤ ਪਲ ਸਾਚੇ ਆਏ ਸਹਜਿ ਮਿਲੇ॥[15]

ਲੌਕਿਕ ਬਾਰਾਮਾਹ ਵਿਚ ਦੇਸੀ ਮਹੀਨਿਆਂ ਅਨੁਸਾਰ ਬਦਲ ਰਹੇ ਮੌਸਮ ਨੂੰ ਪਿਛੋਕੜ ਵਿਚ ਰੱਖ ਕੇ ਆਪਣੇ ਪ੍ਰੀਤਮ ਕੋਲੋਂ ਵਿਛੜੀ ਹੋਈ ਬਿਰਹਨ ਇਸਤਰੀ ਦੇ ਵਿਯੋਗ ਦਾ ਵਰਨਣ ਕੀਤਾ ਹੋਇਆ ਹੁੰਦਾ ਹੈ। ਬਾਰਾਮਾਹ ਤੁਖਾਰੀ ਵਿਚ ਇਸਤਰੀ ਰੂਪੀ ਜੀਵ-ਆਤਮਾ ਆਪਣੇ ਪ੍ਰੀਤਮ ਪਰਮਾਤਮਾ ਨੂੰ ਮਿਲਣ ਦੀ ਤੀਬਰ ਲੋਚਾ ਰਖਦੀ ਹੈ। ਵੱਖ-ਵੱਖ ਮਹੀਨਿਆਂ ਅਨੁਸਾਰ ਪ੍ਰਕਿਰਤੀ ਵਿਚ ਆਉਂਦੇ ਪਰਿਵਰਤਨ ਇਸਤਰੀ ਨੂੰ ਬਿਰਹੋਂ ਦੀ ਅੱਗ ਵਿਚ ਸਾੜਦੇ ਹਨ। ਅੰਤਲੇ ਮਹੀਨੇ ਵਿਚ ਹੁੰਦੇ ਵਸਲ ਦੁਆਰਾ ਬਿਰਹਨ ਇਸਤਰੀ ਆਪਣੇ ਪਿਛਲੇ ਸਾਰੇ ਬਿਰਹੋਂ, ਦੁੱਖਾਂ ਨੂੰ ਭੁਲਾ ਕੇ ਆਪਣੇ ਪ੍ਰੀਤਮ ਦੇ ਪਿਆਰ ਵਿਚ ਸੰਜੋਗਾਤਮਕ ਸੁੱਖ ਗ੍ਰਹਿਣ ਕਰਦੀ ਹੈ।

ਪੰਜਾਬੀ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ 'ਬਾਰਾਮਾਹ' ਸਭ ਤੋਂ ਪੁਰਾਤਨ ਬਾਰਾਮਾਹ ਮੰਨਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਬਾਰਾਮਾਹ ਨੂੰ ਅਧਿਆਤਮਕ ਰੰਗ ਦੀ ਪਾਣ ਵਿਚ ਰੰਗਿਆ ਹੈ। ਇਸਤਰੀ ਰੂਪੀ ਜੀਵ-ਆਤਮਾ ਪਰਮਾਤਮਾ ਰੂਪੀ ਪਤੀ ਦੇ ਵਿਛੋੜੇ ਵਿਚ ਗਿਆਰਾਂ ਮਹੀਨੇ ਬਿਰਹੋਂ ਦੀਆਂ ਹੂਕਾਂ ਵਿਚ ਦਰਦ ਹੰਢਾਉਂਦੀ ਹੈ। ਪ੍ਰਕਿਰਤੀ ਉਸਦੇ

ਵਿਯੋਗ ਵਿਚ ਪੂਰੀ ਤਰ੍ਹਾਂ ਸੰਮਲਿਤ ਹੁੰਦੀ ਹੈ। ਇਸ ਬਾਰਾਮਾਹ ਵਿਚ ਪ੍ਰਕਿਰਤੀ-ਚਿਤਰਣ ਬਹੁਤ ਵਿਸਤਾਰ ਵਿਚ ਹੋਇਆ ਹੈ। ਸਾਲ ਦੇ ਅਖ਼ੀਰਲੇ ਮਹੀਨੇ ਵਿਚ ਬਿਰਹੋਂ ਕੁੱਠੀ ਇਸਤਰੀ ਦਾ ਮਿਲਾਪ ਆਪਣੇ ਪ੍ਰੀਤਮ-ਪਿਆਰੇ ਨਾਲ ਹੋ ਜਾਂਦਾ ਹੈ। ਇਸ ਤਰ੍ਹਾਂ ਇਸ ਬਾਰਾਮਾਹ ਵਿਚ ਵਿਜੋਗ ਤੋਂ ਸੰਜੋਗ ਵਲ ਸਫ਼ਰ ਹੈ ਜਾਂ ਜੀਵ-ਆਤਮਾ ਵਿਜੋਗ ਤੋਂ ਪਰਮ-ਆਤਮਾ ਦੇ ਸੰਜੋਗ ਵਲ ਸਫ਼ਰ ਕਰਦੀ ਹੈ।

ਬਾਰਾਮਾਹ ਤੁਖਾਰੀ ਬਾਣੀ-ਰਚਨਾ ਨੂੰ ਗੁਰੂ ਨਾਨਕ ਦੇਵ ਜੀ ਦੀ ਕਰਤਾਰਪੁਰ ਵਿਖੇ ਦੀ ਅੰਤਿਮ ਅਤੇ ਮਹੱਤਵਪੂਰਨ ਰਚਨਾ ਮੰਨਿਆ ਜਾਂਦਾ ਹੈ, ਪੁਰਾਤਨ ਜਨਮ ਸਾਖੀ ਦਾ ਕਰਤਾ ਲਿਖਦਾ ਹੈ:

ਤਬ ਸੰਗਤਿ ਲਗੀ ਸਬਦੁ ਗਾਵਣਿ ਅਲਾਹਣੀਆ।
ਤਬ ਬਾਬਾ ਬਿਸਮਾਦ ਦੇ ਘਰਿ ਆਇਆ।
ਤਿਤੁ ਮਹਲਿ ਹੁਕਮੁ ਹੋਇਆ, ਰਾਗ ਤੁਖਰੀ ਕੀਤਾ,
ਬਾਬਾ ਬੋਲਿਆ ਬਾਰਹਮਾਹਾ ਰਾਤਿ,
ਅੰਮ੍ਰਿਤ ਵੇਲਾ ਹੋਆ, ਚਲਾਣੇ ਕੈ ਵਖਤਿ।[16]

ਬਾਰਾਮਾਹ ਤੁਖਾਰੀ ਬਾਰੇ ਡਾ. ਦਲੀਪ ਸਿੰਘ ਦੀਪ ਕਹਿੰਦੇ ਹਨ-

ਭਾਵੇਂ ਗੁਰੂ ਜੀ ਸ੍ਰੀ ਕਰਤਾਰ ਪੁਰ ਵਿਚ ਆਪਣੀਆਂ ਅੱਖਾਂ ਮੀਟਦੇ ਹਨ, ਪਰ ਜਿਹੜੇ ਨਜ਼ਾਰੇ ਅੱਖਾਂ ਅੱਗੇ ਲਿਆਉਂਦੇ ਹਨ, ਉਹ ਨਨਕਾਣੇ ਸਾਹਿਬ ਦੇ ਹਨ, ਜਿਥੇ ਬਚਪਨ ਗੁਜ਼ਾਰਿਆ ਅਤੇ ਜਿਥੇ ਪਸ਼ੂ-ਚਾਰਦਿਆਂ ਕੜਕਦੀ ਦੁਪਹਿਰ ਵੇਲੇ ਕਿਧਰੇ ਲੰਮੇ ਪਿਆਂ 'ਟੀਡੁ ਲਵੈ ਮੰਝਿ ਬਾਰ' ਸੁਣਿਆ ਸੀ। ਅੱਧੀ ਸਦੀ ਮਗਰੋਂ ਚੇਤੇ ਆ ਰਿਹਾ ਹੈ ਕਿ ਹੁਣ ਮੇਰੀ ਜਨਮ-ਭੂਮੀ 'ਬਾਰ' ਵਿਚ ਵਣ ਦਾ ਰੁੱਖ ਫੁਲਿਆ ਹੋਣਾ ਹੈ, ਹੁਣ ਉਥੇ ਲੰਮੇ ਲੰਮੇ ਘਾਹ ਨੇ ਬੁੰਬਲ ਕੱਢੇ ਹੋਣੇ ਨੇ।[17]

ਬਾਰਾਮਾਹ ਇਕ 'ਸ਼ਿੰਗਾਰ-ਰਸੀ' ਕਾਵਿ-ਰੂਪ ਹੈ। ਇਸ ਵਿਚ ਬਿਰਹਾ ਦੀ ਤਿੱਖੀ ਹੂਕ ਹੈ। ਗੁਰੂ ਨਾਨਕ ਦੇਵ ਜੀ ਨੇ ਇੱਕ ਲੋਕ-ਕਾਵਿ ਵਿਚਲੀ ਪਰੰਪਰਾ ਅਨੁਸਾਰ, ਪ੍ਰਕਿਰਤੀ ਪਿਛੋਕੜ ਵਿਚ ਅਧਿਆਤਮਕ-ਬਿਰਹਾ ਦਾ ਵਰਨਣ ਕੀਤਾ ਹੈ।

ਬਾਰਾਮਾਹ ਬਾਣੀ-ਰਚਨਾ ਵਿਚਲੀ ਬਣਤਰ ਨੂੰ ਸਮਝਣ ਲਈ ਸਾਨੂੰ ਤੱਤਕਾਲੀਨ ਸਮਾਜ ਵਿਚਲੀ ਇਸਤਰੀ ਦੀ ਦਸ਼ਾ ਬਾਰੇ ਜਾਣਕਾਰੀ ਹਾਸਲ ਕਰਨੀ ਲਾਹੇਵੰਦ ਹੋਵੇਗੀ। ਸਮਾਜ ਵਿਚ ਇਸਤਰੀਆਂ ਦਾ ਸਮੁੱਚਾ ਜੀਵਨ ਆਦਮੀ ਤੇ ਨਿਰਭਰ ਸੀ। ਉਸਦੇ ਸੁਖ ਅਤੇ ਉਸਦੀਆਂ ਖੁਸ਼ੀਆਂ ਪਤੀ (ਆਦਮੀ) ਨਾਲ ਹੀ ਸੰਬੰਧਿਤ ਸਨ। ਪਤੀ ਦੇ ਸਹਾਰੇ ਤੋਂ ਬਿਨਾਂ ਉਹ ਅਬਲਾ ਸੀ। ਪਤੀ ਤੋਂ ਦੂਰ ਰਹਿਣ (ਕਿਉਂਕਿ ਆਮ ਤੌਰ ਤੇ ਪਤੀ ਰੋਜ਼ੀ-ਰੋਟੀ ਦੀ ਭਾਲ ਵਿਚ ਪਰਦੇਸ ਜਾਂ ਘਰੋਂ ਬਾਹਰ ਰਹਿੰਦਾ ਸੀ) ਕਾਰਨ ਵਿਆਪਦੇ ਦੁੱਖਾਂ ਤੇ ਜੀਵਨ ਦੀ ਇਕੱਲਤਾ ਕਰਕੇ, ਪਤੀ ਨੂੰ ਮਿਲਣ ਦੀ ਖਾਹਿਸ਼ ਪ੍ਰਬਲ ਹੁੰਦੀ ਹੈ। ਸਮਾਜ ਵਿਚ ਇਸਤਰੀ ਦੀ ਕਦਰ ਅਤੇ ਵਡਿਆਈ ਪਤੀ ਦੇ ਸੰਗ ਕਰਕੇ ਹੈ, ਉਂਝ ਉਸਨੂੰ ਕੋਈ ਪੁੱਛਦਾ ਨਹੀਂ। ਪਤੀ ਦੀ ਗ਼ੈਰ-ਹਾਜ਼ਰੀ ਵਿਚ ਬਾਕੀ ਦੇ ਰਿਸ਼ਤੇਦਾਰਾਂ ਦਾ ਵਤੀਰਾ ਵੀ ਇਸਤਰੀ ਪ੍ਰਤਿ ਬਦਲ ਜਾਂਦਾ ਹੈ। ਇਸਤਰੀ ਲਈ ਦੂਜੇ ਦਾ ਪਿਆਰ ਇਕ ਭਰਮ ਜਾਂ ਛਲ ਹੈ।

ਗੁਰੂ ਨਾਨਕ ਦੇਵ ਜੀ ਨੇ ਇਸਤਰੀ-ਬਿੰਬ ਨੂੰ ਜੀਵ-ਆਤਮਾ ਲਈ ਪਤਨੀ ਤੇ ਪਤੀ-ਬਿੰਬ ਨੂੰ ਪਰਮ-ਆਤਮਾ ਲਈ ਵਰਤਿਆ ਹੈ। ਗੁਰੂ ਨਾਨਕ ਦੇਵ ਜੀ ਨੇ ਇਕ ਅਜਿਹੀ ਬਿਰਹਨੀ ਇਸਤਰੀ ਜੀਵ-ਆਤਮਾ ਦਾ ਵਰਨਣ ਕੀਤਾ ਹੈ ਜਿਸਦਾ ਪਤੀ (ਪਰਮਾਤਮਾ) ਉਸ ਕੋਲੋਂ ਦੂਰ ਹੁੰਦਾ ਹੈ। ਪਤੀ-ਪਰਮੇਸ਼ਵਰ ਦੇ ਵਿਛੋੜੇ ਵਿਚ ਬਿਰਹਨ ਜੀਵ-ਆਤਮਾ ਉਸ ਕੋਲੋਂ ਦੂਰ ਹੁੰਦੀ ਹੈ। ਉਸਦੇ ਵਿਛੋੜੇ ਵਿਚ ਬਿਰਹਨ ਇਸਤਰੀ ਦੀ ਜਿਹੜੀ ਸਰੀਰਕ ਅਤੇ ਮਾਨਸਿਕ ਅਵਸਥਾ ਹੁੰਦੀ ਹੈ ਉਸਦੀ ਅਭਿਵਿਅਕਤੀ ਗੁਰੂ ਨਾਨਕ ਦੇਵ ਜੀ ਨੇ ਬੜੀ ਖ਼ੂਬਸੂਰਤੀ ਨਾਲ ਕੀਤੀ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਜੀਵ-ਆਤਮਾ ਆਪਣੇ ਪੂਰਬਲੇ ਕਰਮਾਂ ਕਰਕੇ ਪਰਮਾਤਮਾ ਤੋਂ ਵਿਛੜ ਜਾਂਦੀ ਹੈ। ਜਿਹੜੀ ਜੀਵ-ਆਤਮਾ ਔਗੁਣਾਂ ਨੂੰ ਛੱਡ ਕੇ ਸਦਗੁਣਾਂ ਦੀ

ਧਾਰਨੀ ਹੁੰਦੀ ਹੈ, ਪ੍ਰਭੂ ਨਾਲ ਪ੍ਰੇਮ ਪਾ ਕੇ ਉਸ ਦੇ ਸ਼ਬਦ ਵਿਚ ਆਪਣਾ ਧਿਆਨ ਜੋੜਦੀ ਹੈ, ਉਸ ਉੱਪਰ ਪਰਮਾਤਮਾ ਦੀ ਕਿਰਪਾ ਅਵੱਸ਼ ਹੁੰਦੀ ਹੈ। ਜਦੋਂ ਜੀਵ-ਆਤਮਾ ਦਾ ਪਰਮਾਤਮਾ ਨਾਲ ਮਿਲਾਪ ਹੋ ਜਾਂਦਾ ਹੈ ਤਾਂ ਉਹ 'ਸੁਹਾਗਣ' ਬਣ ਜਾਂਦੀ ਹੈ। ਗੁਰੂ ਸਾਹਿਬ ਇਸ ਦ੍ਰਿਸ਼ਟੀ ਨੂੰ ਇਸ ਲਈ ਪ੍ਰਗਟ ਕਰਦੇ ਹਨ ਕਿ ਧਨ-ਪਿਰ ਦਾ ਸੰਬੰਧ ਗ੍ਰਹਿਸਥ ਦਾ ਹੈ। ਪ੍ਰਭੂ ਨਾਲ ਇਸ ਪ੍ਰੇਮ-ਰਿਸ਼ਤੇ ਨੂੰ ਪ੍ਰਗਟਾਉਣ ਲਈ ਗੁਰੂ ਸਾਹਿਬ ਨੇ ਪਤਨੀ ਅਤੇ ਉਸ ਨਾਲ ਸੰਬੰਧਿਤ ਇੰਦਿਰਆਵੀ ਚੇਤਨਾ ਦੇ ਸੰਯੋਗ ਵਿਚੋਂ ਇਕ ਵਿਸ਼ੇਸ਼ ਰੂਪਕ ਸਿਰਜਿਆ ਹੈ। ਇਸਦਾ ਮੂਲ ਅਧਾਰ ਪ੍ਰੇਮ-ਪਿਆਰ ਹੈ। ਇਸ ਤੋਂ ਬਿਨਾਂ ਕੋਈ ਸਮਾਜਿਕ-ਪ੍ਰਬੰਧ ਨਹੀਂ ਬਣ ਸਕਦਾ।

ਬਾਰਾਮਾਹ ਬਾਣੀ-ਰਚਨਾ ਵਿਚ ਗੁਰੂ ਨਾਨਕ ਦੇਵ ਜੀ ਨੇ ਪ੍ਰਕਿਰਤੀ-ਚਿਤ੍ਰਣ ਰਾਹੀਂ ਆਪਣੇ ਅਧਿਆਤਮਕ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਹੈ:

ਹਰਿ ਰਚਨਾ ਤੇਰੀ ਕਿਆ ਗਤਿ ਮੇਰੀ॥
ਹਰਿ ਬਿਨੁ ਘੜੀ ਨ ਜੀਵਾ॥[18]

ਗੁਰਬਾਣੀ ਰਚਨਾ ਇਕ ਅਜਿਹੀ ਪ੍ਰਕਿਰਿਆ ਹੈ ਜੋ ਆਪਣੇ ਭੌਤਿਕ ਅਤੇ ਪਰਾਭੌਤਿਕ ਰਿਸ਼ਤਿਆਂ ਦੇ ਅਸੀਮ ਨੈੱਟਵਰਕ ਕਾਰਨ ਹਾਜ਼ਰ ਦੇ ਨਾਲ-ਨਾਲ ਗੈਰ-ਹਾਜ਼ਰ ਯਥਾਰਥ ਨਾਲ ਵੀ ਜੁੜੀ ਹੈ। ਬਾਰਾਮਾਹ ਦੇ ਸ਼ੁਰੂ ਵਿਚ ਗੁਰੂ ਨਾਨਕ ਦੇਵ ਜੀ ਨੇ ਇਸ ਅਸੀਮ ਪ੍ਰਭੂ-ਰਚਨਾ ਬਾਰੇ ਸਪੱਸ਼ਟ ਰੂਪ ਵਿਚ ਵਿਚਾਰ ਪ੍ਰਗਟ ਕਰ ਦਿੱਤੇ ਹਨ ਕਿ ਸਭ ਕੁਝ ਪਰਮਾਤਮਾ ਦੁਆਰਾ ਹੀ ਬਣਾਇਆ ਹੋਇਆ ਹੈ। ਪਰਮਾਤਮਾ ਦੀ ਰਚਨਾ ਬਾਰੇ ਫਿਰ ਸ਼ੁਭ-ਅਸ਼ੁਭ ਦਿਹਾੜਿਆਂ ਬਾਰੇ ਕਿਸ ਤਰ੍ਹਾਂ ਦੇ ਭਰਮ ਭੁਲੇਖੇ ਹਨ। ਇਸ ਤਰ੍ਹਾਂ ਗੁਰਬਾਣੀ ਵਿਚਲੀ ਵਿਚਾਰਧਾਰਾ ਇਕ ਕੇਂਦਰ ਤੋਂ ਵਿਕੇਂਦਰਤ ਹੋ ਕੇ ਆਪਣੀ ਸਾਰਥਿਕਤਾ ਪ੍ਰਾਪਤ ਕਰਦੀ ਹੈ:

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ॥
ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ॥
ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ॥

ਬਿਰਹਿ ਬਿਰੋਧ ਤਨੁ ਛੀਜੈ।। ਕੋਕਿਲ ਅੰਬਿ ਸੁਹਾਵੀ ਬੋਲੈ।।

ਕਿਉ ਦੁਖੁ ਅੰਕਿ ਸਹੀਜੈ।। ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ।।

ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ।।[19]

ਚੇਤ ਦੇ ਮਹੀਨੇ ਵਿਚ ਪੇਸ਼ ਪਾਰਗਾਮੀ ਸੱਚ ਇਕੋ ਵੇਲੇ ਪ੍ਰਕਿਰਤੀ-ਚਿਤਰਣ ਰਾਹੀਂ ਸਬਜੈਕਟ ਦੀ ਨਿੱਜਤਾ ਇਸਤਰੀ ਨੂੰ ਵੀ ਮੁਖ਼ਾਤਿਬ ਹੈ ਅਤੇ ਉਸਦੀ ਪਾਰਲੌਕਿਕਤਾ ਨੂੰ ਵੀ। ਪ੍ਰਕਿਰਤੀ-ਚਿਤ੍ਰਣ ਦੀ ਖਿੱਚ ਦੁਨਿਆਵੀ ਇਸਤਰੀ ਨੂੰ ਬਿਰਹੋਂ ਤੜਫ਼ ਲਾਉਂਦੀ ਹੈ। ਇਸ ਬਿੰਬ ਰਾਹੀਂ ਗੁਰੂ ਜੀ ਨੇ ਜੀਵ-ਆਤਮਾ ਨੂੰ ਸਹਿਜ ਅਪਨਾਉਣ ਦਾ ਸੁਝਾਅ ਦਿੱਤਾ ਹੈ। ਇਸ ਸਹਿਜ-ਸਾਧਨਾ ਰਾਹੀਂ ਪਰਮਾਤਮਾ ਦੀ ਅਨੰਤਤਾ ਦਾ ਅਨੁਭਵ ਹੁੰਦਾ ਹੈ ਤੇ ਜੀਵ ਪਾਰਲੌਕਿਕ ਸੰਦਰਭ ਨੂੰ ਸਮਝਣ ਲੱਗਦਾ ਹੈ।

ਚੇਤ ਦੇ ਮਹੀਨੇ ਖਿੜਿਆਂ ਫੁੱਲਾਂ ਉੱਤੇ ਭੰਵਰਿਆਂ ਦਾ ਮੰਡਰਾਉਣਾ, ਰਸਭਿੰਨੀ ਕੁਹੂ-ਕੁਹੂ ਕੋਇਲ ਦੀ ਅਵਾਜ਼, ਕੁਦਰਤੀ ਨਜ਼ਾਰੇ ਆਦਿ ਜੀਵ ਇਸਤਰੀ ਨੂੰ ਪਤੀ-ਮਿਲਾਪ ਦੀ ਤਾਂਘ ਕਰਾਉਂਦੇ ਹਨ। ਗੁਰੂ ਨਾਨਕ ਦੇਵ ਜੀ ਦੁਆਰਾ ਦਿੱਤਾ ਸਹਿਜ ਸੁੱਖ ਦਾ ਸੁਨੇਹਾ ਜੀਵ-ਇਸਤਰੀ ਨੂੰ ਸਮਰੱਥ ਬਣਾਉਣ ਵੱਲ ਰੁਚਿਤ ਹੈ। ਇਸ ਛੰਤ ਦੀ ਸੰਰਚਨਾ ਵਿਚ ਅਦ੍ਰਿਸਟ ਤੇ ਅਪ੍ਰੋਖ ਰੂਪ ਵਿਚ ਪਏ ਵਿਚਾਰ ਦੂਹਰੀ ਪਰਿਪੇਖ਼ਤਾ ਦੇ ਧਾਰਨੀ ਹਨ ਕਿ ਪ੍ਰਭੂ ਰੂਪੀ ਪਤੀ ਘਰ ਨਹੀਂ ਆਵੇਗਾ ਤਾਂ ਜੀਵ ਆਤਮਾ ਰੂਪੀ ਪਤਨੀ ਭਲਾਂ ਕਿਵੇਂ ਸੁੱਖ ਪ੍ਰਾਪਤ ਕਰ ਸਕਦੀ ਹੈ? ਮਾਨਸਿਕ ਅਵਸਥਾ ਦੇ ਪ੍ਰਤਿਕੂਲ ਹੈ। ਇਸ ਲਈ ਇਹ ਸੁਖਾਵਾਂ ਵਾਤਾਵਰਣ ਵੀ ਦੁਖਦਾਇਕ ਹੈ। ਵਿਯੋਗ ਦੀ ਦੁਖਾਂਤਕ ਅਨੁਭੂਤੀ ਤੋਂ, ਸਹਿਜ ਹੀ, ਸੰਯੋਗ-ਸੁਖ ਦੀ ਅਨੰਦਮਈ ਅਵਸਥਾ ਵੱਲ ਹੋ ਗਿਆ ਹੈ:

ਵੈਸਾਖੁ ਭਲਾ ਸਾਖਾ ਵੇਸ ਕਰੇ।।

ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ।।

ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ।।

ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ।।

ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ॥

ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ॥[20]

ਵੈਸਾਖ ਦੇ ਮਹੀਨੇ ਹਰ ਬੂਟਾ ਪੁੰਗਰਦਾ ਹੈ। ਕੁਦਰਤ ਨਵ-ਵਿਆਹੀ ਦੁਲਹਨ ਦੀ ਤਰ੍ਹਾਂ ਸਜੀ ਹੁੰਦੀ ਹੈ। ਕੁਦਰਤ ਚਿਤ੍ਰਣ ਰਾਹੀਂ ਸਮਾਜਿਕ ਪ੍ਰਬੰਧ ਪ੍ਰਤੀਕਾਂ ਦੁਆਰਾ ਜੀਵ-ਆਤਮਾ ਨੂੰ ਸਹਿਜ-ਪ੍ਰਵਿਰਤੀ ਦੇ ਰਸਤੇ ਪਾਉਣ ਦੀ ਲੋਚਾ ਹੈ ਜੋ ਆਪਣੇ ਕੇਂਦਰਤ ਬਿੰਬ ਪਰਮਾਤਮਾ 'ਚ ਲੀਨ ਹੋਣ ਦੀ ਜ਼ੋਰਦਾਰ ਇੱਛਾ ਨੂੰ ਸਮਰੱਥ ਕਰਨ ਵਲ ਰੁਚਿਤ ਹੈ। ਇਸਤਰੀ (ਧਨ) ਆਪਣੇ ਪਤੀ (ਪਰਮਾਤਮਾ) ਦਾ ਰਾਹ ਤੱਕਦੀ ਹੈ। ਉਹ ਸੋਚਦੀ ਹੈ ਅਜਿਹੀ ਸੁਹਾਵਣੀ ਕੁਦਰਤ ਦੇ ਸੁਹਾਵਣੇ ਚਿਤ੍ਰਣ ਵਿਚ ਪਤੀ ਤੋਂ ਬਿਨਾਂ ਉਸਦੀ ਕੋਈ ਪੁਛ-ਪ੍ਰਤੀਤ ਨਹੀਂ। ਉਸਦਾ ਕੌਡੀ ਮੁੱਲ ਵੀ ਨਹੀਂ ਹੈ। ਉਹ ਪ੍ਰਭੁ ਪਤੀ ਦਾ ਇੰਤਜ਼ਾਰ ਕਰਦੀ ਹੋਈ 'ਸੁਰਤਿ ਸਬਦਿ ਮਨੁ ਮਾਨਾ' ਦੀ ਅਵਸਥਾ ਵਿਚ ਪਹੁੰਚੀ ਹੋਈ ਉਚੇਚੇ ਰੂਪ ਵਿਚ ਸਹਿਜਤਾ ਰਾਹੀਂ 'ਪਵਿੱਤਰਤਾ' ਦੇ ਸਿਰਜਣ ਵਲ ਰੁਚਿਤ ਹੈ। ਉਹ ਪ੍ਰਭੂ ਪਤੀ ਦਾ ਇੰਤਜ਼ਾਰ ਕਰਦੀ ਹੋਈ ਆਖਦੀ ਹੈ ਕਿ ਹੇ ਪ੍ਰਭੂ-ਪਤੀ, ਮਿਹਰ ਕਰਕੇ ਮੇਰੇ ਹਿਰਦੇ ਰੂਪੀ ਘਰ ਵਿਚ ਆਉ ਮੈਨੂੰ ਇਸ ਸੰਸਾਰਕ ਭਵਸਾਗਰ ਵਿਚੋਂ ਪਾਰ ਲੰਘਾਉ ਕਿਉਂਕਿ ਤੁਹਾਡਾ ਮੇਰੇ ਹਿਰਦੇ ਵਿਚ ਵਾਸ ਮੈਨੂੰ ਉਸ ਥਾਂ ਟਿਕਾਣੇ ਦੀ ਸੋਝੀ ਕਰਾਵੇਗਾ ਜਿਥੇ ਤੂੰ ਵਸਦਾ ਹੈਂ। ਮੈਂ ਸੰਸਾਰਿਕ ਝਮੇਲਿਆਂ ਤੋਂ ਮੁਕਤ ਹੋ ਜਾਵਾਂਗੀ। ਮੈਂ ਉਸ ਗੁਰੂ ਤੋਂ ਕੁਰਬਾਨ ਜਾਂਦੀ ਹਾਂ ਜਿਸ ਨੇ ਆਪ ਪਰਮਾਤਮਾ (ਢੋਲ) ਦੇ ਦਰਸ਼ਨ ਕੀਤੇ ਹਨ।

ਨਿਮਨ ਲਿਖਤ ਬਾਣੀ-ਤੁਕਾਂ ਵਿਚ ਸਿਰਜਣਾਤਮਕ ਪ੍ਰਕਿਰਿਆ ਅਤੇ ਸਮਾਜਿਕ-ਸੰਦਰਭ ਵਿਕੇਂਦਰਤਾ ਤੋਂ ਕੇਂਦਰ ਵਲ ਰੁੱਖ ਕਰਦਾ ਹੋਇਆ ਜੀਵ-ਆਤਮਾ ਨੂੰ ਪਰਮਾਤਮਾ ਵਿਚ ਲੀਨ ਹੋਣ ਦੇ ਸਮਰੱਥ ਬਣਾਉਂਦਾ ਹੈ। ਜੀਵ ਇਸਤਰੀ ਨੂੰ ਪ੍ਰਭੂ-ਪਰਮਾਤਮਾ ਦੀ ਪਛਾਣ ਹੋ ਜਾਂਦੀ ਹੈ ਤੇ ਉਹ ਸੰਜੋਗ ਦੀ ਅਵਸਥਾ ਗ੍ਰਹਿਣ ਕਰਦੀ ਹੈ :

ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ॥

ਥਲ ਤਾਪਹਿ ਸਰ ਭਾਰ ਸਾ ਧਨ ਬਿਨਉ ਕਰੈ॥

ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ॥

ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ॥

ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ॥

ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ॥[21]

ਅਸਲੀਅਤ ਜਾਂ ਸੱਚ ਦੇ ਪਰਿਪੇਖ ਨੂੰ ਜਾਣਨ ਲਈ ਕੁਦਰਤੀ ਪ੍ਰਕਿਰਤੀ, ਸਮਾਜਿਕ ਰਿਸ਼ਤੇ (ਜੇਠ) ਅਤੇ ਧਰਮ-ਮਰਿਯਾਦਾ ਰਾਹੀਂ ਜੀਵ-ਇਸਤਰੀ ਨੂੰ ਅਜਿਹੇ ਗੁਣ ਧਾਰਨ ਕਰਨ ਲਈ ਪ੍ਰੇਰਿਤ ਕੀਤਾ ਹੈ ਜਿਨ੍ਹਾਂ ਗੁਣਾਂ ਤੋਂ ਬਿਨਾਂ ਉਸ ਨੂੰ ਪਤੀ ਦੇ ਘਰ (ਪਰਮਾਤਮਾ ਦੇ ਦਰ) ਵਿਚ ਸੁਖ ਪ੍ਰਾਪਤ ਨਹੀਂ ਹੋ ਸਕਦੇ।

ਜੇਠ ਦੇ ਮਹੀਨੇ ਵਿਚ ਧਰਤੀ ਦੀ ਤਪਸ਼ ਵੱਧ ਜਾਂਦੀ ਹੈ। ਇਕ ਮੌਸਮ ਦੀ ਤਪਸ਼ ਦੂਜਾ ਵਿਛੋੜੇ ਦੀ ਕਸਕ, ਬਿਰਹੋਂ ਦੀ ਰੜਕ, ਬਿਰਹਨੀ ਇਸਤਰੀ ਨੂੰ ਦੁੱਖ ਪਹੁੰਚਾਉਂਦੀ ਹੈ। ਉਹ ਪਤੀ (ਪਰਮਾਤਮਾ) ਅੱਗੇ ਬੇਨਤੀ ਕਰਦੀ ਹੈ ਕਿ ਉਸਦੇ ਤਪਦੇ ਹਿਰਦੇ ਵਿਚ ਠੰਡਕ ਵਰਤਾਵੇ। ਜੀਵ-ਆਤਮਾ ਨੂੰ ਪ੍ਰਕਿਰਤੀ ਦੇ ਚਿਤ੍ਰਣ ਰਾਹੀਂ ਭੌਤਿਕਤਾ ਤੋਂ ਨਿਖੇੜ ਕੇ ਪਵਿੱਤਰਤਾ ਦਾ ਰਸਤਾ ਵਿਖਾਇਆ ਹੈ। ਇਸ ਰਚਨਾ ਰਾਹੀਂ ਪਤੀ (ਪਰਮਾਤਮਾ) ਨੂੰ ਮਿਲਣਾ ਸੰਭਵ ਹੁੰਦਾ ਹੈ। ਬਾਰਾਮਾਹ ਵਿਚਲੀ ਵਿਚਾਰਧਾਰਾ ਅਜਿਹੇ ਵਿਵਹਾਰਕ ਨੁਕਤਿਆਂ ਨੂੰ ਉਭਾਰਦੀ ਹੈ ਜਿਹੜੇ ਸਮੁੱਚੀ ਮਨੁੱਖਤਾ ਨੂੰ ਨੈਤਿਕ ਅਤੇ ਅਨੈਤਿਕ ਵਿਵਹਾਰਾਂ ਦੀ ਸੋਝੀ ਕਰਵਾਉਂਦੇ ਹਨ। ਦੁਨਿਆਵੀ ਤਪਸ਼ (ਜੇਠ ਦੇ ਮਹੀਨੇ ਦੀ ਤਪਸ਼) ਪ੍ਰਤੀਕਾਤਮਕ ਤੌਰ ਤੇ ਮਨੁੱਖਤਾ ਨੂੰ ਵਿਕਾਰਾਂ ਦੀ ਤਪਸ਼ ਜਾਂ ਅਨੈਤਿਕਤਾ ਦੀ ਸੋਝੀ ਕਰਵਾਉਣ ਵਲ ਰੁਚਿਤ ਹੈ।

ਗੁਰੂ ਨਾਨਕ ਦੇਵ ਜੀ ਬਾਰਾਮਾਹ ਤੁਖਾਰੀ ਬਾਣੀ-ਰਚਨਾ ਵਿਚ ਕਈ ਸਾਧਨਾਂ ਰਾਹੀਂ ਲੋਕਾਂ ਨੂੰ ਸਦਾ ਕਾਰਜਸ਼ੀਲ ਰਹਿਣ ਅਤੇ ਕਿਰਤ ਕਮਾਉਂਦੇ ਰਹਿਣ ਦੀ ਪ੍ਰੇਰਣਾ ਪ੍ਰਦਾਨ ਕਰਦੇ ਹਨ ਅਤੇ ਇਹ ਸੁਝਾਅ ਦਿੰਦੇ ਹਨ ਕਿ ਪ੍ਰਭੂ ਵਿਛੋੜੇ ਦਾ ਦੁੱਖ ਸਹਿੰਦਿਆਂ ਮਨੁੱਖ ਆਪਣੀ ਨਿਤਾ-ਪ੍ਰਤੀ ਕਿਰਤ ਕਰਨੋਂ ਕਦੀ ਨਾ ਹਾਰੇ। ਗੁਰੂ ਸਾਹਿਬ ਕਿਸੇ ਮਨੁੱਖ ਨੂੰ ਦੁੱਖ ਵਿਚ ਆ ਕੇ

ਅਜਿਹੀ ਨਿਰਾਸ਼ਾਵਾਦੀ ਬਿਰਤੀ ਧਾਰਨ ਦੀ ਆਗਿਆ ਨਹੀਂ ਦਿੰਦੇ ਜਿਸ ਰਾਹੀਂ ਉਹ ਉਦਮਹੀਣ ਅਤੇ ਕਿਰਤਹੀਣ ਬਣ ਕੇ ਰਹਿ ਜਾਏ। ਇਸ ਸੰਬੰਧੀ ਆਪ ਮਨੁੱਖ ਸਾਹਮਣੇ ਪ੍ਰਕਿਰਤੀ ਦੇ ਉਸ ਕਿਰਤਸ਼ੀਲ ਸੁਭਾਅ ਦਾ ਉਦਾਹਰਣ ਰੱਖਦੇ ਹਨ, ਜਿਸ ਰਾਹੀਂ ਉਸ ਦਾ ਕੋਈ ਅੰਗ ਵੀ ਵਿਰੋਧੀ ਵਾਤਾਵਰਣ ਵਿਚ ਆਪਣੀ ਸਾਧਾਰਣ ਕਿਰਤ ਨਹੀਂ ਤਿਆਗਦਾ:

ਆਸਾੜੁ ਭਲਾ ਸੂਰਜੁ ਗਗਨਿ ਤਪੈ।।
ਧਰਤੀ ਦੂਖ ਸਹੈ ਸੋਖੈ ਅਗਨਿ ਭਖੈ।।
ਅਗਿਨ ਰਸੁ ਸੋਖੈ ਮਰੀਹੈ ਧੋਖੈ ਭੀ ਸੋ ਕਿਰਤੁ ਨ ਹਾਰੇ।।
ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ।।
ਅਵਗਣ ਬਾਧਿ ਚਲੀ ਦੁਖੁ ਆਗੈ ਸੁਖੁ ਤਿਸੁ ਸਾਚੁ ਸਮਾਲੇ।।
ਨਾਨਕ ਜਿਸ ਨੋ ਇਹੁ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ।।[22]

ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਜਿਸ ਪ੍ਰਭੂ ਨੇ ਇਹ ਮਨ ਦਿੱਤਾ ਹੈ ਉਸ ਨਾਲ ਹੀ ਜੀਵਨ ਮਰਨ ਹੈ ਭਾਵ ਦੁੱਖ-ਸੁਖ ਵਿਚ ਉਸਦੀ ਟੇਕ ਤੇ ਆਸਰਾ ਲੈਣਾ ਜ਼ਰੂਰੀ ਹੈ। ਜਿਹੜੇ ਆਪਣੇ ਪਰਮਾਤਮਾ ਦੇ ਨਾਮ ਦਾ ਤੋਸਾ ਲੈ ਪਰਮਾਰਥ ਦੇ ਪਾਂਧੀ ਬਣਨਗੇ, ਉਹਨਾਂ ਨੂੰ ਸੁੱਖ ਹੀ ਸੁੱਖ ਹੈ ਤੇ ਜਿਹੜੇ ਵਿਸ਼ੇ ਵਿਕਾਰਾਂ ਦੀਆਂ ਪੰਡਾਂ ਬੰਨ੍ਹ ਕੇ ਤੁਰਨਗੇ ਉਹ ਦੁੱਖ ਭੋਗਣਗੇ। ਸੁੱਖ ਦੀ ਪ੍ਰਾਪਤੀ ਪ੍ਰਭੂ ਦਾ ਨਾਮ ਸਿਮਰਨ ਵਿਚ ਹੈ ਅਤੇ ਸੱਚੀ ਕਿਰਤ ਕਰਨ ਵਿਚ ਹੈ।

ਗੁਰੂ ਸਾਹਿਬ ਹਾੜ ਦੇ ਤਪਦੇ ਮਹੀਨੇ ਰਾਹੀਂ, ਸੂਰਜ ਦਾ ਸਦਾ ਕਾਰਜਸ਼ੀਲ ਸੁਭਾਅ ਸਿੱਧ ਕਰ ਕੇ ਵਿਖਾਉਂਦੇ ਹਨ। ਇਸ ਮਹੀਨੇ ਵਿਚ ਸੂਰਜ ਦੀ ਤਪਸ਼ ਇੰਨੀ ਤੇਜ਼ ਹੁੰਦੀ ਹੈ ਕਿ ਉਹ ਅਗਨੀ ਦਾ ਰੂਪ ਧਾਰ ਕੇ ਹਰੇਕ ਚੀਜ਼ ਦਾ ਰਸ ਸੁਕਾ ਦਿੰਦੀ ਹੈ। ਪਰ ਇਸ ਪਰਲੋ ਵਰਗੀ ਤਬਾਹੀ ਤੋਂ ਡਰਦਿਆਂ ਸੂਰਜ ਆਪਣੀ ਤਪਸ਼ ਵਰਾਉਣ ਦੀ ਸੁਭਾਵਕ ਕਿਰਤ ਤੋਂ ਕਦੀ ਨਹੀਂ ਹਾਰਦਾ ਕੇਵਲ ਸੂਰਜ ਹੀ ਨਹੀਂ ਸਗੋਂ ਪ੍ਰਕਿਰਤੀ ਦੀ ਹੋਰ ਵੀ ਹਰ ਵਸਤੂ ਹਾੜ ਦੀ ਸਿਖ਼ਰ ਗਰਮੀ ਵਿਚ ਆਪਣੀ ਸੁਭਾਵਕ ਕਿਰਤ ਪੂਰੀ ਦ੍ਰਿੜਤਾ ਨਾਲ ਕਰ ਕੇ ਵਿਖਾਉਂਦੀ ਹੈ ਅਤੇ ਕਿਸੇ ਪ੍ਰਕਾਰ ਦੀ

ਵਾਤਾਵਰਣਕ ਔਕੜ ਨੂੰ ਆਪਣੇ ਨਿਤਾ-ਪ੍ਰਤੀ ਕੰਮ ਵਿਚ ਵਿਘਨ ਨਹੀਂ ਪਾਉਣ ਦਿੰਦੀ। ਇਸ ਮਹੀਨੇ ਦੀ ਕਰੜੀ ਤਪਸ਼ ਵਿਚ ਜਦੋਂ ਸੂਰਜ ਦੀ ਉਪਰ ਚੜਦੀ ਹੋਈ ਤਪਸ਼ ਸਾਹਮਣੇ ਹਰੇਕ ਮਨੁੱਖ ਨੂੰ ਛਾਂ ਦਾ ਆਸਰਾ ਤੱਕਣਾ ਪੈਂਦਾ ਹੈ। ਬੀਂਡਾ ਬਾਰ ਦੇ ਸੰਘਣੇ ਜੰਗਲ ਵਿਚ ਆਪਣਾ ਆਹਾਰ ਲੱਭਣੋਂ ਅਤੇ ਟੀ. ਟੀ. ਦੀ ਨਿਰੰਤਰ ਰਟ ਲਗਾਉਣ ਦੇ ਕੰਮ ਤੋਂ ਕਦੀ ਨਹੀਂ ਹਾਰਦਾ। ਇਸ ਤਰ੍ਹਾਂ ਗੁਰੂ ਨਾਨਕ ਬਾਣੀ ਵਿਚ ਧਰਮ ਦੀ ਕਿਰਤ ਅਤੇ ਕੁਦਰਤ ਇਕ ਦੂਜੇ ਵਿਚ ਅਦਵੈਤੀ ਰਿਸ਼ਤੇ ਵਿਚ ਬੱਝ ਕੇ ਪੇਸ਼ ਹੋਏ ਹਨ ਅਤੇ ਇਸ ਸਭ ਕਾਸੇ ਦਾ ਕੇਂਦਰੀ ਅਧਾਰ ਕਾਦਰ/ਕਰਤਾ ਹੈ।

ਸਾਵਣ ਰੁੱਤ ਨੂੰ ਭਾਰਤੀ ਸਾਹਿਤ ਪਰੰਪਰਾ ਵਿਚ ਮਿਲਨ (ਸੰਜੋਗ) ਰੁੱਤ ਦੇ ਪ੍ਰਤੀਕਾਤਮਕ ਅਰਥਾਂ ਵਿਚ ਪਰਪੱਕ ਕੀਤਾ ਗਿਆ ਹੈ। ਬਿਰਹਨ ਇਸਤਰੀ ਲਈ ਇਹ ਰੁੱਤ ਵਿਛੋੜਾ-ਪੀੜਾਂ (ਵਿਯੋਗ) ਨੂੰ ਉਭਾਰਦੀ ਹੈ। ਸਾਵਣ ਦੇ ਮਹੀਨੇ ਵਿਚ ਬੱਦਲਾਂ ਦੀ ਗਰਜ਼, ਬਿਜਲੀ ਦੀ ਚਮਕ, ਬਾਰਸ਼ ਦੀ ਨਿੰਮੀ-ਨਿੰਮੀ ਫੁਹਾਰ। ਅਜਿਹੇ ਸੁਹਾਵਣੇ ਮੌਸਮ ਵਿਚ ਪਤੀ ਦੀ ਗ਼ੈਰ-ਹਾਜ਼ਰੀ ਤੇ ਉਸਦੇ ਵਿਛੋੜੇ ਵਿਚ ਬਿਰਹਨ-ਇਸਤਰੀ ਦੀ ਹਾਲਤ ਬਹੁਤ ਦੁਖਦਾਈ ਹੈ।

ਗੁਰੂ ਨਾਨਕ ਦੇਵ ਜੀ ਨੇ ਸਾਉਣ ਦੇ ਮਹੀਨੇ ਦੇ ਦ੍ਰਿਸ਼ ਵਰਨਣ ਕਰਦੇ ਹੋਏ ਦੱਸਿਆ ਹੈ ਕਿ ਕਿਵੇਂ ਨਾਇਕ (ਮੁੰਧ) ਪ੍ਰੀਤਮ ਦੇ ਵਿਛੋੜੇ ਵਿਚ ਬਹਿਬਲ ਹੋ ਰਹੀ ਹੈ, ਤੜਪ ਰਹੀ ਹੈ। ਦੂਜੇ ਪਾਸੇ ਪ੍ਰਾਕ੍ਰਿਤਕ ਵਾਤਾਵਰਣ ਉਸਦੇ ਭਾਵਾਂ ਵਿਚ ਹੋਰ ਵੀ ਵਿਆਕੁਲਤਾ ਪੈਦਾ ਕਰ ਰਿਹਾ ਹੈ। ਸਾਵਣ ਦਾ ਮਹੀਨਾ ਬਹੁਤ ਸੁਖਦਾਈ ਹੁੰਦਾ ਹੈ ਪਰ ਬਿਰਹਨ ਲਈ ਸਾਵਣ ਦੇ ਮਹੀਨੇ ਦਾ ਸੁਖਾਤਮਕ ਭਾਵ ਵੀ ਦੁਖਾਂਤਕ ਭਾਵ ਬਣ ਜਾਂਦਾ ਹੈ। ਉਹ ਹੌਕਿਆਂ ਨਾਲ ਤੜਪਦੀ ਹੈ, ਬਿਜਲੀ ਦੀ ਚਮਕ ਉਸਨੂੰ ਡਰਾਉਂਦੀ ਹੈ ਕਿਉਂਕਿ ਉਸਦਾ ਪ੍ਰੀਤਮ ਉਸ ਕੋਲ ਨਹੀਂ ਹੈ, ਨਾ ਉਸਨੂੰ ਭੁੱਖ ਲਗਦੀ ਹੈ ਨਾ ਨੀਂਦ ਆਉਂਦੀ ਹੈ। ਭਾਵ ਕਿਸੇ ਵੀ ਤਰ੍ਹਾਂ ਮਨ ਨੂੰ ਚੈਨ ਨਹੀਂ ਆਉਂਦਾ।

ਗੁਰੂ ਨਾਨਕ ਨੇ ਕੁਦਰਤ ਅਤੇ ਪੰਜਾਬੀ ਸਭਿਆਚਾਰ ਨੂੰ ਇਕ ਦੂਜੇ ਵਿਚ ਓਤ-ਪੋਤ ਕਰ ਦਿੱਤਾ ਹੈ। ਇਥੇ ਕੁਦਰਤ ਦੇ ਥੀਮ ਨੂੰ ਇੰਨੀ ਸ਼ਿੱਦਤ ਨਾਲ ਪੇਸ਼ ਕਰਨ ਦੀ ਪ੍ਰਵਿਰਤੀ ਪਿਛੇ

ਸਮਕਾਲੀ ਪ੍ਰਸਥਿਤੀਆਂ ਕੰਮ ਕਰ ਰਹੀਆਂ ਹਨ। ਗੁਰੂ ਸਾਹਿਬ ਨੇ ਸਾਵਣ ਦੇ ਮਹੀਨੇ ਵਿਚ ਵਿਯੋਗਣ ਇਸਤਰੀ ਦਾ ਕੁਦਰਤੀ ਚਿਤ੍ਰਣ ਇਸ ਤਰ੍ਹਾਂ ਕੀਤਾ ਹੈ:

ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ।।
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ।।
ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ।।
ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ।।
ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ।।
ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ।।[23]

ਗੁਰੂ ਨਾਨਕ ਦੀ ਇਹ ਬਾਣੀ-ਰਚਨਾ ਚੇਤਨ ਵਿਚਾਰਧਾਰਕ ਪ੍ਰਤਿਬੱਧਤਾ ਦੀ ਲਖਾਇਕ ਹੈ। ਸਾਡੇ ਕੋਲ ਇਨ੍ਹਾਂ ਵਰਤਾਰਿਆਂ ਨੂੰ ਪ੍ਰਤੱਖਣ ਤੇ ਇਨ੍ਹਾਂ ਪਿੱਛੇ ਲੁਪਤ ਅਰਥਾਂ ਦੀ ਪਛਾਣ ਕਰਨ ਵਾਲੀ ਸੂਝ ਹੋਣੀ ਚਾਹੀਦੀ ਹੈ। ਜਿਵੇਂ ਕਿ ਉਪਰੋਕਤ ਬਾਣੀ-ਤੁਕਾਂ ਵਿਚ ਬਿੰਬ-ਪ੍ਰਬੰਧ, ਵਸਤੂ-ਯਥਾਰਥ ਵਿਚ ਭੌਤਿਕੀ ਸਰੂਪ ਨਾਲ ਸ਼ੁਰੂ ਹੁੰਦਾ ਹੈ। ਸਾਡੇ ਸਮਾਜਿਕ-ਪ੍ਰਬੰਧ ਵਿਚ ਬਿਰਹਨ ਇਸਤਰੀ ਦੀ ਦਸ਼ਾ ਤੇ ਮਾਨਸਿਕ ਦਸ਼ਾ ਦਾ ਸਹਿਜ ਰੂਪ ਵਿਚ ਰੂਪਾਂਤਰਿਤ ਹੋ ਜਾਂਦਾ ਹੈ। ਇਸ ਵਿਚ ਬਿਰਹਨ-ਇਸਤਰੀ (ਜਗਿਆਸੂ) ਦੇ ਬਾਹਰੀ ਜੀਵਨ ਰਾਹੀਂ ਉਸਦੀ ਅੰਦਰੂਨੀ ਆਤਮ (ਸਵੈ) ਨੂੰ ਦ੍ਰਿਸ਼ਟੀਗੋਚਰ ਕੀਤਾ ਹੈ।

ਗੁਰੂ ਸਾਹਿਬ ਭਾਦੋਂ ਦੇ ਕਰੜੇ ਵੱਟ ਵਿਚ ਵੀ ਸਭ ਪ੍ਰਕਿਰਤਕ ਚੀਜ਼ਾਂ ਨੂੰ ਆਪਣਾ ਆਪਣਾ ਕੰਮ ਕਰਦਿਆਂ ਵਿਖਾਉਂਦੇ ਹਨ। ਇਸ ਮਹੀਨੇ ਵਿਚ ਭਾਵੇਂ ਵਰਖਾ ਤਾਂ ਹੁੰਦੀ ਹੈ ਪਰ ਫਿਰ ਵੀ ਵੱਟ ਕਾਰਣ ਇਹ ਬਹੁਤ ਕਰੜਾ ਮਹੀਨਾ ਗਿਣਿਆ ਜਾਂਦਾ ਹੈ। ਇਸ ਮਹੀਨੇ ਵਿਚ ਡੱਡੂ ਅਤੇ ਮੋਰ ਆਪਣਾ ਨਿਤਾ-ਪ੍ਰਤੀ ਕੰਮ ਕਰਦੇ ਹੋਏ ਨਿਰੰਤਰ ਸ਼ੋਰ ਮਚਾਉਂਦੇ ਰਹਿੰਦੇ ਹਨ ਅਤੇ ਬਬੀਹਾ ਪਿਉ-ਪਿਉ ਪੁਕਾਰਦਾ ਰਹਿੰਦਾ ਹੈ। ਭਾਦੋਂ ਦਾ ਵੱਟ ਇਹਨਾਂ ਜੀਵਾਂ ਦੇ ਕੰਮਾਂ ਜਾਂ ਬੋਲਾਂ ਵਿਚ ਕੋਈ ਵਿਘਨ ਨਹੀਂ ਪਾਉਂਦਾ।

ਭਾਦੋਂ ਵਿਚ ਪ੍ਰਕਿਰਤੀ ਦੇ ਸੁੰਦਰ ਦ੍ਰਿਸ਼ ਹਨ, ਰਾਤ ਨੂੰ ਬਾਰਸ਼ ਹੁੰਦੀ ਹੈ, ਮੋਰ ਬੋਲਦੇ ਹਨ, ਬਬੀਹਾ ਬੋਲਦਾ ਹੈ, ਡੱਡੂ ਬੋਲਦੇ ਹਨ, ਫਨੀਅਰ ਸੱਪ ਫੁੰਕਾਰੇ ਮਾਰਦੇ ਫਿਰਦੇ ਹਨ। ਮੱਛਰ ਡੰਗ ਮਾਰਦੇ ਹਨ। ਅਜਿਹੀ ਕੁਦਰਤੀ ਸਥਿਤੀ ਵਿਚ ਭਾਦੋਂ ਦਾ ਮਹੀਨਾ ਸੁਹਾਵਣਾ ਹੋਣ ਦੇ ਬਾਵਜੂਦ ਬਿਰਹਨ ਇਸਤਰੀ ਲਈ ਸੁਖਦਾਈ ਨਹੀਂ ਹੁੰਦਾ ਤੇ ਉਹ ਵਿਯੋਗ ਵਿਚ ਦੁਖੀ ਹੁੰਦੀ ਹੈ। ਫਨੀਅਰ ਸੱਪ-ਬਿਰਹੋਂ ਦਾ ਪ੍ਰਤੀਕ ਵੀ ਹੈ।

ਪ੍ਰਕਿਰਤੀ ਚਿਤਰਣ ਪਿੱਛੇ ਗੁਰੂ ਨਾਨਕ ਦੇਵ ਜੀ ਦੀ ਦਾਰਸ਼ਨਿਕਤਾ ਰਹੱਸ-ਅਨੁਭਵਾਂ, ਸੂਖ਼ਮ ਭਾਵ ਗਤੀਆਂ ਅਤੇ ਤਰਲ ਸੰਵੇਦਨਾਵਾਂ ਦੀ ਇਕ ਵਿਰਾਟ ਯੋਜਨਾ ਉਲੀਕਦੀ ਹੋਈ ਦ੍ਰਿਸ਼ਟੀਗੋਚਰ ਹੁੰਦੀ ਹੈ। ਇਥੇ ਲੋਕ-ਕਲਿਆਣ ਦੇ ਰੱਬੀ ਪੈਗ਼ਾਮ ਨੂੰ ਪ੍ਰਕਿਰਤੀ ਚਿਤਰਣ ਦੇ ਮੰਗਲਮਈ ਬਾਣੀ ਮਾਧਿਅਮ ਦੁਆਰਾ ਪ੍ਰਸਾਰਿਤ ਕਰਨ ਦਾ ਸਾਖਿਆਤ ਯਤਨ ਨਜ਼ਰ ਆਉਂਦਾ ਹੈ:

ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ॥
ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ॥
ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ॥
ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ॥
ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ॥
ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ॥[24]

ਸਮਾਜਿਕ ਸੰਦਰਭਾਂ ਰਾਹੀਂ ਪ੍ਰਕਿਰਤੀ-ਚਿਤ੍ਰਣ ਦੇ ਅਹਿਸਾਸ ਵਿਚ ਉਪਜੀ ਰੂਹਾਨੀ ਜਾਗ੍ਰਿਤੀ ਦੇ ਰੂਪ ਵਿਚ ਜੀਵ-ਆਤਮਾ, ਗੁਰਬਾਣੀ ਸੰਦੇਸ਼ ਪ੍ਰਾਪਤ ਕਰਦੀ ਹੈ ਕਿ ਪ੍ਰਕਿਰਤਕ ਸ਼ਕਤੀ ਦਾ ਕੇਂਦਰ ਪ੍ਰਭੂ (ਪਰਮਾਤਮਾ) ਹੈ। ਪ੍ਰਕਿਰਤੀ ਦੀ ਸਾਰਥਿਕਤਾ ਤੋਂ ਹੀ ਸਮਾਜਿਕ ਅਤੇ ਪਰਿਵਾਰਕ ਸੰਦਰਭਾਂ ਰਾਹੀਂ ਹਕੀਕੀ ਸ਼ਕਤੀ ਦਾ ਅਹਿਸਾਸ ਪੈਦਾ ਹੁੰਦਾ ਹੈ ਜਿਸ ਤੋਂ ਬਿਨਾਂ ਜੀਵ-ਆਤਮਾ ਸੁੱਖ ਪ੍ਰਾਪਤ ਨਹੀਂ ਕਰ ਸਕਦੀ।

ਕੱਤਕ ਦੇ ਮਹੀਨੇ ਵਿਚ ਵੀ ਇਸਤਰੀ ਰੂਪੀ ਜੀਵ-ਆਤਮਾ ਦਾ ਪਤੀ ਰੂਪੀ ਪਰਮਾਤਮਾ ਨਾਲ ਮਿਲਾਪ ਨਹੀਂ ਹੁੰਦਾ। ਮੱਘਰ ਦਾ ਮਹੀਨਾ ਵੀ ਬਿਨ੍ਹਾਂ ਵਸਲ ਦੇ ਲੰਘ ਜਾਂਦਾ ਹੈ। ਇਸ ਮਹੀਨੇ ਵਿਚ 'ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ'।[25] ਪ੍ਰਭੂ ਦੇ ਨਾਮ ਰੂਪੀ ਸੰਗੀਤਕ ਅਵਾਜ਼ ਸੁਣਨ ਵਿਚ, ਭਾਵ-ਇਕਾਗਰਤਾ ਰਾਹੀਂ ਦ੍ਰਿਸ਼ਟੀ ਪ੍ਰਭੂ ਤੇ ਕੇਂਦਰਤ ਹੋ ਜਾਂਦੀ ਹੈ ਤੇ ਮਨ ਵਿਚ ਟਿਕਾਅ ਆਉਂਦਾ ਹੈ। ਇਸ ਤੋਂ ਬਾਅਦ ਪੋਹ ਦਾ ਮਹੀਨਾ ਆਉਂਦਾ ਹੈ। ਇਸ ਮਹੀਨੇ ਵਿਚ ਸਰਦੀ ਦਾ ਕਹਿਰ ਹੁੰਦਾ ਹੈ। ਕੱਕਰ ਨਾਲ ਰੁੱਖ-ਬੂਟੇ ਵੀ ਸੁੱਕ ਜਾਂਦੇ ਹਨ:

ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ॥
ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ॥
ਮਨਿ ਤਨਿ ਰਵਿ ਰਹਿਆ ਜਗਜੀਵਨੁ ਗੁਰ ਸਬਦੀ ਰੰਗ ਮਾਣੀ॥
ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ॥
ਦਰਸਨੁ ਦੇਹੁ ਦਇਆਪਤਿ ਦਾਤੇ ਗਤਿ ਪਾਵਉ ਮਤਿ ਦੇਹੋ॥
ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ॥[26]

ਪੋਹ ਦੇ ਮਹੀਨੇ ਵਿਚ ਜਦੋਂ ਤੁਸ਼ਾਰ ਜਾਂ ਬਰਫ਼ ਪੈਂਦੀ ਹੈ ਅਤੇ 'ਵਣ ਤਿਣ' ਦਾ ਰਸ ਸੁੱਕ ਜਾਣ ਨਾਲ ਸਭ ਬ੍ਰਿਛ ਰੁੰਡ-ਮੁੰਡ ਹੋ ਜਾਂਦੇ ਹਨ ਤਦ ਵੀ ਦੋਹਾਂ ਕਿਸਮਾਂ ਦੀ ਉਤਪਤੀ ਵਿਚ ਪਰਮਾਤਮਾ ਦੀ ਜੋਤ ਚਮਕਦੀ ਹੋਈ ਵਿਖਾਈ ਦਿੰਦੀ ਹੈ। ਜਦ ਇਸ ਅਤਿ ਸਰਦੀ ਦੀ ਰੁੱਤ ਵਿਚ ਮਨੁੱਖ ਚਾਰੇ ਪਾਸੇ ਵੇਖਦਾ ਹੈ ਤਾਂ ਉਸ ਨੂੰ ਇਉਂ ਲੱਗਦਾ ਹੈ:

ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ॥[27]

ਗੁਰੂ ਨਾਨਕ ਦੇਵ ਜੀ ਦੀ ਦਾਰਸ਼ਨਿਕਤਾ ਚਾਰ ਸ਼ਬਦਾਂ - 'ਅੰਡਜ, ਜੇਰਜ਼, ਸੇਤਜ ਤੇ ਉਤਭੁਜ' ਦੀ ਰਚਨਾ-ਵਿਉਂਤਾਂ ਦੇ ਸਰੋਕਾਰਾਂ ਵਿਚੋਂ ਦ੍ਰਿਸ਼ਟੀਗੋਚਰ ਹੁੰਦਾ ਗਿਆਨ ਵਿਸਵ-ਦ੍ਰਿਸ਼ਟੀ ਵਾਲੀ ਵਿਲੱਖਣਤਾ-ਮੂਲਕ ਪੱਖ ਦਾ ਧਾਰਨੀ ਹੈ। ਇਸ ਕਾਵਿ-ਪਦ ਵਿਚ ਪਹਿਲਾਂ ਕੇਂਦਰ-ਸ਼ਕਤੀ (ਰੱਬੀ ਅਨੁਭਵ) ਦੀ ਪ੍ਰੇਰਿਕਤਾ ਦੁਆਰਾ ਵਿਉਂਤੇ ਹੋਏ ਚਿਹਨਕ

(ਅੰਡਜ, ਜੇਰਜ, ਸੇਤਜ ਤੇ ਉਤਭੁਜ) ਨਿਰਧਾਰਤ ਕੀਤੇ ਗਏ ਹਨ। ਇਹ ਪ੍ਰਕਿਰਤੀ-ਚੇਤਨਾ ਤੋਂ ਬ੍ਰਹਿਮੰਡ ਚੇਤਨਾ ਤਕ ਦਾ ਸਫ਼ਰ ਹੈ। ਇਹ ਸਿਰਜਣਾਤਮਕ ਵੀ ਹੈ ਅਤੇ ਸਮੀਖਿਆਤਮਕ ਵੀ ਹੈ। ਵਿਸ਼ਵ-ਦ੍ਰਿਸ਼ਟੀਕੋਣ ਤੇ ਬ੍ਰਹਿਮੰਡੀ ਸੋਚ ਦੀ ਇਹ ਧਾਰਨਾ ਗੁਰਬਾਣੀ ਵਿਚ ਨਿਰੰਤਰ ਰੂਪ ਵਿਚ ਵਿਲੱਖਣ ਸੋਚ ਦੇ ਲਬਰੇਜ਼ ਮਾਨਵਵਾਦੀ ਮੁੱਲਾਂ ਨੂੰ ਵਧੇਰੇ ਜ਼ੋਰ ਨਾਲ ਸਥਾਪਿਤ ਕਰਦੀ ਹੈ:

ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ॥
ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ॥
ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ॥
ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ॥
ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ॥
ਨਾਨਕ ਮਾਘਿ ਮਹਾ ਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ॥[28]

ਮਾਘ ਦੇ ਮਹੀਨੇ ਵਿਚ ਬਿਰਹਨ ਇਸਤਰੀ ਨੂੰ ਬਿਰਹਾ ਸਹਿੰਦਿਆਂ ਅਹਿਸਾਸ ਹੋ ਜਾਂਦਾ ਹੈ ਕਿ ਪ੍ਰਭੂ-ਨਾਮ ਰੂਪੀ ਪਵਿੱਤਰ ਸਰੋਵਰ ਉਸਦੇ ਅੰਦਰ ਹੈ ਅਤੇ ਉਸ ਨੂੰ ਇਸ ਤਰ੍ਹਾਂ ਮਿਲਾਪ ਦੀ ਆਸ ਹੋ ਜਾਂਦੀ ਹੈ। ਉਹ ਸਹਿਜ ਦੇ ਰਾਹ ਤੁਰ ਪੈਂਦੀ ਹੈ। ਗੰਗਾ, ਜਮੁਨਾ ਦੀ ਤ੍ਰਿਬੈਣੀ, ਪੁੰਨ-ਦਾਨ ਅਤੇ ਪੂਜਾ-ਪਾਠ ਸਭ ਕੁਝ ਉਸ ਪ੍ਰਮਾਤਮਾ (ਪਤੀ ਪਰਮੇਸ਼ਵਰ) ਦੇ ਨਾਮ ਵਿਚ ਅਠਾਹਠ ਤੀਰਥਾਂ ਦਾ ਇਸ਼ਨਾਨ ਵੀ ਉਸਦੇ ਨਾਮ ਜਪਣ ਵਿਚੋਂ ਪ੍ਰਾਪਤ ਹੋ ਜਾਂਦਾ ਹੈ।

ਬਨਸਪਤੀ ਮੌਲਦੀ ਹੈ। ਸਰਦੀ ਤੋਂ ਬਾਅਦ ਫੱਗਣ ਦਾ ਮਹੀਨਾ ਆਉਂਦਾ ਹੈ। ਲੋਕ ਰੰਗਾਂ ਦੇ ਤਿਉਹਾਰ ਹੋਲੀ ਰਾਹੀਂ ਕੁਦਰਤ ਦਾ ਅਨੰਦ ਮਾਣਦੇ ਹਨ:

ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ॥
ਅਨਦਿਨੁ ਰਹਸੁ ਭਇਆ ਆਪੁ ਗਵਾਇਆ॥
ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ ਕਰਿ ਕਿਰਪਾ ਘਰਿ ਆਓ॥
ਬਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨ ਥਾਓ॥

ਹਾਰ ਡੋਰ ਰਸ ਪਾਟ ਪਟੰਬਰ ਪਿਰਿ ਲੋੜੀ ਸੀਗਾਰੀ।।

ਨਾਨਕ ਮੇਲਿ ਲਈ ਗੁਰ ਅਪਣੈ ਘਰਿ ਵਰੁ ਪਾਇਆ ਨਾਰੀ।।[29]

ਫੱਗਣ ਦੇ ਮਹੀਨੇ ਵਿਚ ਜੀਵ ਰੂਪ ਇਸਤਰੀ ਦੀ ਪ੍ਰਭੂ-ਪਤੀ ਨਾਲ ਮਿਲਣ ਦੀ ਉਡੀਕ ਖ਼ਤਮ ਹੁੰਦੀ ਹੈ। ਉਸਦਾ ਪ੍ਰਭੂ ਪਤੀ ਨਾਲ ਮਿਲਾਪ ਹੋ ਜਾਂਦਾ ਹੈ। ਗੁਰੂ ਸਾਹਿਬ ਨੇ ਜੀਵ ਰੂਪੀ ਇਸਤਰੀ ਦੇ ਪ੍ਰਤੀਕ ਰਾਹੀਂ ਦਰਸਾਇਆ ਹੈ ਕਿ ਗੁਰਮੁਖ ਮਨੁੱਖ ਜਿਹੜੇ ਆਪਣੇ ਦਿਲ ਅੰਦਰ ਪ੍ਰਭੂ ਦੇ ਪਿਆਰ ਨੂੰ ਵਸਾ ਲੈਂਦੇ ਹਨ, ਉਹ ਮਨੁੱਖ ਆਪਣੇ ਦਿਲਾਂ ਵਿਚ ਉਸਦੇ ਮਿਲਾਪ ਦਾ ਅਨੰਦ ਮਾਣਦੇ ਹਨ।

ਗੁਰੂ ਨਾਨਕ ਦੇਵ ਜੀ ਨੇ ਬਾਰਾਮਾਹ ਵਿਚ ਪਰਮਾਤਮਾ ਅਤੇ ਜੀਵ-ਆਤਮਾ ਦੇ ਵਿਛੋੜੇ ਦੀ ਗੱਲ ਕਰਦਿਆਂ ਪਰਮਾਤਮਾ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਪਰਮਾਤਮਾ ਨੂੰ ਉਹਨਾਂ ਨੇ ਪਿਰ, ਕੰਤ, ਪ੍ਰੀਤਮ ਆਦਿ ਸ਼ਬਦਾਂ ਰਾਹੀਂ ਦਰਸਾ ਕੇ ਦੂਹਰੀ ਸੰਕੇਤਾਵਲੀ ਰਾਹੀਂ ਪਰਮਾਤਮਾ ਦੀ ਸਥਿਰਤਾ ਤੇ ਸੱਚ ਨੂੰ ਦਰਸਾਇਆ ਹੈ ਤੇ ਜੀਵ-ਆਤਮਾ ਨੂੰ ਇਹ ਸੁਝਾਉਣੀ ਸੋਝੀ ਦਿੱਤੀ ਹੈ ਕਿ ਉਸਦੇ ਨਾਮ ਨੂੰ ਮਨ ਅੰਦਰ ਵਸਾਉਣ ਨਾਲ ਰੁੱਤਾਂ, ਥਿਤਾਂ, ਦਿਨ, ਘੜੀਆਂ, ਮਹੀਨਿਆਂ, ਸੰਗਰਾਂਦ ਜਾਂ ਮੱਸਿਆ ਆਦਿ ਪਵਿੱਤਰ ਨਹੀਂ ਸਗੋਂ ਉਹ ਸਾਰੇ ਦਿਨ ਤੇ ਮਹੀਨੇ ਪਵਿੱਤਰ ਹਨ ਜਦੋਂ ਕਿ ਪਰਮਾਤਮਾ ਦੀ ਮਿਹਰ ਨਾਲ ਉਸਦੀ ਯਾਦ ਮਨ ਵਿਚ ਵਸ ਜਾਵੇ।

ਬਾਰਾਮਾਹ ਤੁਖਾਰੀ ਬਾਣੀ-ਰਚਨਾ ਵਿਚ ਜੀਵ-ਇਸਤਰੀ ਜੋ ਸਮੁੱਚੀ ਮਾਨਵਤਾ ਦਾ ਪ੍ਰਤੀਕ ਹੈ, ਇਕ ਮਾਨਸਿਕ ਸੰਘਰਸ਼ ਵਿਚੋਂ ਗੁਜ਼ਰਦੀ ਹੈ। ਜੀਵ-ਇਸਤਰੀ ਸ਼ਿੱਦਤ ਦੀ ਪੱਧਰ ਤੇ ਜਿਊਣ ਦੇ ਬਾਵਜੂਦ ਅਖ਼ੀਰ ਵਿਚ ਸਮਾਜ ਦੀਆਂ ਅਰਥਹੀਣ ਰਸਮਾਂ ਨੂੰ ਛੱਡ ਕੇ ਜਦੋਂ ਨਵੇਂ ਸੰਘਰਸ਼ ਵਿਚ ਪੈਂਦੀ ਹੈ ਤਾਂ ਉਸਨੂੰ ਗਿਆਨ ਹੋ ਜਾਂਦਾ ਹੈ:

ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ।।[30]

ਵਿਸ਼ਵੀਕਰਨ ਦੀਆਂ ਪ੍ਰਸਥਿਤੀਆਂ ਵਿਚ ਬਾਰਾਮਾਹ ਤੁਖਾਰੀ ਵਿਚਲੇ ਮੂਲ ਸਰੋਕਾਰਾਂ ਦੀ ਸਾਰਥਿਕਤਾ ਤੱਤਕਾਲੀਨ ਬ੍ਰਾਹਮਣਵਾਦੀ ਮੱਧਕਾਲੀ ਸਮਾਜ ਵਿਚ ਪ੍ਰਚਲਿਤ ਸਨਾਤਨੀ

ਬ੍ਰਾਹਮਣਵਾਦੀ ਵਿਚਾਰਾਂ ਨੂੰ ਗੁਰੂ ਨਾਨਕ ਦੇਵ ਜੀ ਦੀ ਆਧੁਨਿਕ ਸੋਚ, ਚੁਪ-ਚਾਪ ਚੁਣੌਤੀਆਂ ਦਿੰਦੀ ਜਾਪਦੀ ਹੈ। ਗੁਰਬਾਣੀ ਸੱਚ ਦੇ ਤਰਕ ਨਾਲ ਮਨੁੱਖੀ ਦੁਬਿਧਾ ਨੂੰ ਨਵੇਂ ਗਿਆਨ ਨਾਲ ਪੇਸ਼ ਕਰਦੀ ਹੈ। ਗੁਰੂ ਨਾਨਕ ਦੇਵ ਜੀ ਨੇ ਬਾਰਾਮਾਹ ਤੁਖਾਰੀ ਬਾਣੀ-ਰਚਨਾ ਵਿਚ ਬ੍ਰਾਹਮਣਵਾਦੀ ਮਾਨਤਾਵਾਂ ਨੂੰ ਨਕਾਰਦਿਆਂ ਹੋਇਆਂ ਸਾਲ ਦੇ ਦੇਸੀ ਮਹੀਨਿਆਂ ਅਨੁਸਾਰ ਬਦਲਦੀਆਂ ਕੁਦਰਤੀ ਪ੍ਰਸਥਿਤੀਆਂ ਅਨੁਸਾਰ ਇਸ ਨੂੰ ਵਿਸ਼ਵੀ-ਦ੍ਰਿਸ਼ਟੀ ਤੋਂ ਪੇਸ਼ ਕੀਤਾ ਤੇ ਬ੍ਰਾਹਮਣਵਾਦੀ ਪਰੰਪਰਾਵਾਂ ਜੋ ਆਮ ਜਨਤਾ ਦੀ ਲੁੱਟ-ਖਸੁੱਟ ਵਲ ਰੁਚਿਤ ਸਨ, ਨੂੰ ਸ਼ਾਂਤਮਈ ਤੇ ਵਿਦਰੋਹੀ ਤਰਕ ਅਧਾਰਿਤ ਰੂਪਕਾਂ ਦੀ ਕਾਰਜਸ਼ੀਲ ਵਿਧਾ ਰਾਹੀਂ ਲੋਕਾਈ ਸਾਹਮਣੇ ਪੇਸ਼ ਕੀਤਾ ਹੈ।

ਇਹ ਬਾਣੀ-ਰਚਨਾ ਅਤਿ-ਸੰਵੇਦਨ ਮਨ 'ਚੋਂ ਨਿਕਲੀ ਵਿਦਰੋਹੀ-ਹੂਕ ਹੈ। ਇਸ ਵਿਚ ਪੇਸ਼ ਕੁਦਰਤ ਜਾਂ ਪ੍ਰਕਿਰਤੀ ਚਿਤਰਣ ਦੇ ਦ੍ਰਿਸ਼ਾਂ ਸਾਹਮਣੇ ਅਜੋਕੀ ਸਾਂਸਕ੍ਰਿਤੀ, ਉਦਯੋਗ ਪੂੰਜੀਵਾਦ ਜਾਂ ਤਕਨਾਲੋਜੀ ਸਭ ਗੌਣ ਦਰਜਾ ਰੱਖਦੇ ਪ੍ਰਤੀਤ ਹੁੰਦੇ ਹਨ। ਅਹਿਮ ਦਰਜਾ ਪ੍ਰਕਿਰਤੀ ਦਾ ਹੀ ਹੈ। ਇਸ ਪ੍ਰਕਿਰਤੀ ਵਿਚੋਂ ਹੀ ਵਿਸ਼ਵੀਕਰਨ ਦੀ ਲੋਅ ਪੈਦਾ ਹੋ ਸਕਦੀ ਹੈ।

ਗੁਰੂ ਨਾਨਕ ਦੇਵ ਜੀ ਅਨੁਸਾਰ ਪ੍ਰਕਿਰਤੀ ਵਿਚ ਕਾਰਜਸ਼ੀਲਤਾ ਸਦਾ ਸਥਿਰ ਰਹਿੰਦੀ ਹੈ। ਉਹ ਸਮੁੱਚੀ ਮਨੁੱਖਤਾ ਨੂੰ ਉਪਦੇਸ਼ਦੇ ਹੋਏ ਕਹਿੰਦੇ ਹਨ ਕਿ ਮਨੁੱਖ ਇਹੋ ਜਿਹੀ ਕਾਰਜਸ਼ੀਲਤਾ ਨੂੰ ਪਾਰ ਕਰ ਕੇ ਵਿਖਾਏ ਅਤੇ ਸੱਚੇ ਮਾਰਗ ਉੱਤੇ ਚਲਦਿਆਂ ਕਿਸੇ ਵੀ ਪ੍ਰਕਾਰ ਦੀ ਮੌਸਮੀ ਔਕੜ ਨੂੰ ਆਪਣੀ ਨਿਤਾਪ੍ਰਤੀ ਕਿਰਤ ਵਿਚ ਵਿਘਨ ਨਾ ਪਾਉਣ ਦੇਵੇ। ਅਜਿਹੀ ਬਿਰਤੀ ਧਾਰਨ ਸਦਕਾ ਉਹ ਸਾਲ ਦੇ ਬਾਰਾਂ ਮਹੀਨਿਆਂ ਅਤੇ ਚੌਹਾਂ ਰੁੱਤਾਂ ਵਿਚ ਨਿਰੋਲ ਭਲਾਈ ਕਰਦਿਆਂ ਸਦਾ ਕਾਰਜਸ਼ੀਲ ਰਹਿ ਕੇ ਜੀਵਨ ਬਸਰ ਕਰੇ। ਉਸ ਨੂੰ ਅਪਣੀ ਸਾਧਾਰਣ ਕਿਰਤ ਕਰਦਿਆਂ ਹੋਇਆਂ ਕਿਸੇ ਸਮੇਂ ਵੀ ਪ੍ਰਭੂ ਵਿਛੋੜੇ ਦੇ ਦੁੱਖੋਂ, ਸੱਚੇ ਪਰਮਾਤਮਾ ਦਾ ਸਹਿਜ ਮਿਲਾਪ ਪ੍ਰਾਪਤ ਹੋ ਜਾਏਗਾ। ਗੁਰੂ ਨਾਨਕ ਦੇਵ ਜੀ ਇਸ ਬਾਣੀ-ਰਚਨਾ ਵਿਚ ਮਨੁੱਖ ਨੂੰ ਆਪਣੇ ਜੀਵਨ ਵਿਚ ਸੱਚੇ ਗੁਣ ਧਾਰ ਕੇ ਸ਼ੁੱਭ ਕਰਮਾਂ ਦੇ ਮਾਰਗ ਉੱਤੇ ਚੱਲਣ ਦੀ ਪ੍ਰੇਰਨਾ ਪ੍ਰਦਾਨ ਕਰਦੇ ਹਨ ਕਿਉਂਕਿ ਸ਼ੁੱਭ

ਕਰਮ ਵਾਲੇ ਤੀਰਥ ਅੰਤਰਿ ਉਤੇ ਇਸ਼ਨਾਨ ਕਰਨ ਪਿੱਛੋਂ ਮਨੁੱਖ ਨੂੰ ਕਿਸੇ ਹੋਰ ਤੀਰਥ ਉੱਤੇ ਇਸ਼ਨਾਨ ਕਰਨ ਦੀ ਲੋੜ ਨਹੀਂ ਰਹਿੰਦੀ।

**(ਅ) ਭੂਪਵਾਦੀ ਸਮਾਜ ਅਤੇ ਇਸਤਰੀ ਦਸ਼ਾ**

ਗੁਰੂ ਨਾਨਕ ਦੇਵ ਜੀ ਦੀ ਰਚਨਾ ਬਾਰਾਮਾਹ ਤੁਖਾਰੀ ਕਲਪਨਾ ਅਤੇ ਯਥਾਰਥ ਵਿਚਲੇ ਤਣਾਓ ਤੇ ਕਲਪਨਾ ਦੀ ਪ੍ਰਕਿਰਿਆ ਰਾਹੀਂ ਗੁਜ਼ਰ ਕੇ ਯਥਾਰਥ ਵੱਲ ਵਾਪਸੀ ਦੀ ਕਾਵਿ-ਜੁਗਤ ਹੈ। ਇਸ ਬਾਣੀ-ਰਚਨਾ ਵਿਚ ਸਮਾਜਿਕ-ਇਸਤਰੀ ਦੇ ਪ੍ਰਤੀਕ ਨੂੰ ਜੀਵ-ਆਤਮਾ ਦੇ ਪ੍ਰਤੀਕ ਰਾਹੀਂ ਦ੍ਰਿਸ਼ਟੀਗੋਚਰ ਕਰਕੇ ਕੁਦਰਤ ਦੇ ਚਿਤ੍ਰਣ ਰਾਹੀਂ, ਮੱਧਕਾਲੀ ਸਮਾਜਿਕ ਇਸਤਰੀ ਦੇ ਦੁਖਾਂਤਕ ਜੀਵਨ ਦੀ ਗਾਥਾ ਨੂੰ ਚਿਤਰਿਆ ਹੈ। ਭਾਵੇਂ ਉਹਨਾਂ ਦੀ ਇਸ ਬਾਣੀ-ਰਚਨਾ ਦੀ ਜੁਗਤ, ਇਸਤਰੀ ਦੇ ਇਸ ਸਮਾਜਿਕ-ਸੰਦਰਭ ਨੂੰ ਖਾਰਜ ਕਰਕੇ, ਜੀਵ-ਆਤਮਾ ਰੂਪੀ ਇਸਤਰੀ ਨਾਲ ਜੋੜ ਕੇ ਅਲੌਕਿਕ-ਸੰਦਰਭ ਉਜਾਗਰ ਕਰ ਦਿੰਦੀ ਹੈ ਪਰੰਤੂ ਫਿਰ ਵੀ ਇਸ ਦੇ ਪਿਛੋਕੜ ਵਿਚ ਮੱਧਕਾਲੀ ਇਸਤਰੀ-ਦਸ਼ਾ ਦਾ ਦੁਖਾਂਤਕ ਜੀਵਨ ਝਲਕਦਾ ਨਜ਼ਰ ਆਉਂਦਾ ਹੈ। ਬਾਣੀ-ਰਚਨਾ ਦੀ ਇਹ ਜੁਗਤ ਹੀ ਬਾਣੀ ਨੂੰ ਬਹੁ-ਅਰਥਕਤਾ ਦੀ ਧਾਰਨੀ ਬਣਾਉਂਦੀ ਹੈ। ਗੁਰੂ ਨਾਨਕ ਦੇਵ ਜੀ ਨੇ ਮੱਧਕਾਲੀ ਇਸਤਰੀ ਦੇ ਤ੍ਰਾਸਦਮਈ ਜੀਵਨ ਨੂੰ ਪਿਛੋਕੜ ਵਿਚ ਰੱਖ ਕੇ ਇਕ ਨਵੀਂ-ਚੇਤਨਾ ਦਾ ਸਿਰਜਣ ਕੀਤਾ ਹੈ। ਮੱਧਕਾਲੀ ਜਾਂ ਭੂਪਵਾਦੀ ਸਮਾਜ ਵਿਚ ਇਸਤਰੀ ਦਸ਼ਾ ਦੇ ਯਥਾਰਥ ਨੂੰ ਸਮਝਣਾ ਜ਼ਰੂਰੀ ਹੈ ਕਿਉਂਕਿ ਇਸ ਪਿਛੋਕੜ ਨੂੰ ਸਮਝਣ ਤੋਂ ਬਗ਼ੈਰ ਗੁਰੂ ਨਾਨਕ ਬਾਣੀ ਦੀ ਵਿਸ਼ਵ-ਦ੍ਰਿਸ਼ਟੀਕੋਣ ਵਾਲੀ ਨਵੀਂ-ਚੇਤਨਾ ਦੀ ਸਿਰਜਣਾ ਨੂੰ ਸਮਝਣਾ ਅਸੰਭਵ ਹੋਵੇਗਾ। ਗੁਰੂ ਸਾਹਿਬ ਨੇ ਜਿਸ ਕਲਪਨਾ ਅਤੇ ਅਤੇ ਯਥਾਰਥ ਦੇ ਤਣਾਓ ਉਪਰ ਇਹ ਬਾਣੀ-ਰਚਨਾ ਕੀਤੀ ਹੈ ਉਸ ਵਿਚੋਂ ਨਵੀਂ ਚੇਤਨਾ ਦੇ ਸੰਕਲਪ ਨੂੰ ਸਮਝਿਆ ਜਾ ਸਕਦਾ ਹੈ।

ਆਦਿ ਕਾਲ ਤੋਂ ਔਰਤ ਦੀ ਤ੍ਰਾਸਦੀ ਦੇ ਦੋ ਮੁੱਖ ਕਾਰਣ ਸਨ, ਪਹਿਲਾ ਮਰਦ ਪ੍ਰਧਾਨ ਸਮਾਜ ਹੋਣ ਕਰਕੇ ਸਾਰੀਆਂ ਆਰਥਿਕ, ਸਮਾਜਿਕ ਅਤੇ ਰਾਜਸੀ ਸ਼ਕਤੀਆਂ ਮਰਦ ਦੇ ਹੱਥ ਵਿਚ ਸਨ ਅਤੇ ਉਹ ਆਪਣੀ ਹਰ ਕਮਜ਼ੋਰੀ ਦਾ ਕਸੂਰ ਔਰਤ ਦੇ ਸਿਰ ਹੀ ਮੜ੍ਹਦਾ ਆਇਆ ਹੈ। ਔਰਤ

ਨੂੰ ਮਰਦ ਨੇ ਕੇਵਲ ਐਸ਼ੋ-ਇਸ਼ਰਤ ਅਤੇ ਮਨ ਦੀ ਕਾਮੁਕ ਤ੍ਰਿਪਤੀ ਤੱਕ ਹੀ ਸੀਮਤ ਰੱਖਿਆ। ਦੂਜਾ ਕਾਰਨ, ਸਾਡੇ ਭਾਰਤੀ ਧਾਰਮਿਕ ਪੁਰਾਣੇ ਗ੍ਰੰਥ (ਸ਼ਾਸਤਰ) ਹਨ, ਜਿਨ੍ਹਾਂ ਵਿਚ ਔਰਤ ਨੂੰ ਜਿਉਂਦੇ ਪਤੀ ਦੀ ਦਾਸੀ ਅਤੇ ਮਰੇ ਪਤੀ ਤੋਂ ਬਾਅਦ ਬਲਾਅ (ਹੋਣੀ) ਸਮਝ ਕੇ, ਪਤੀ ਦੀ ਚਿਖਾ ਵਿਚ ਜਿਉਂਦੇ ਜਬਰੀ ਸਾੜ ਕੇ ਮਾਰ ਦੇਣ (ਸਤੀ ਦੀ ਰਸਮ) ਦੀ ਪ੍ਰਵਿਰਤੀ ਪ੍ਰਚੰਡ ਕਰ ਰੱਖੀ ਹੋਈ ਸੀ। ਉਦਾਹਰਣ ਵਜੋਂ ਮੰਨੂ ਸਿਮ੍ਰਤੀ ਅਨੁਸਾਰ 'ਇਸਤ੍ਰੀ' ਸਦਾ ਹੀ ਮਰਦ ਦੀ ਸਪੁਰਦਗੀ ਵਿਚ ਰਹੇ। ਬਚਪਨ ਵਿਚ ਮਾਪੇ, ਜਵਾਨੀ ਵਿਚ ਪਤੀ ਅਤੇ ਬੁਢਾਪੇ ਵਿਚ ਪੁੱਤ-ਪੋਤਰੇ ਉਸ ਦੀ ਸੰਭਾਲ ਕਰਨ, ਇਸਤਰੀ ਅਜ਼ਾਦ ਨਾ ਵਿਚਰੇ। ਭਾਵੇਂ ਵਿਸ਼ਵ ਪੱਧਰ ਤੇ ਕੋਸ਼ਿਸ਼ਾਂ ਹੋ ਰਹੀਆਂ ਹਨ ਕਿ ਔਰਤ ਨੂੰ ਮਰਦ ਦੇ ਬਰਾਬਰ ਅਧਿਕਾਰ ਮਿਲਣੇ ਚਾਹੀਦੇ ਹਨ। ਔਰਤ ਅਖੌਤੀ ਅਜ਼ਾਦੀ ਨਾਲ ਜਿਉਂ ਰਹੀ ਹੈ ਪਰ ਫਿਰ ਵੀ ਇਹ ਮਰਦ ਨਾਲੋਂ ਬਹੁਤ ਪਿੱਛੇ ਹੈ, ਉਚ ਅਹੁਦਿਆਂ ਤੇ ਪਹੁੰਚਣ ਦੇ ਬਾਵਜੂਦ ਘਰ ਪਰਿਵਾਰ ਵਿਚ ਮਰਦਾਂ ਦੀ ਹੀ ਪ੍ਰਧਾਨਗੀ ਹੈ। ਅੱਜ ਵੀ ਔਰਤ ਆਪਣੇ ਫੈਸਲੇ ਲੈਣ ਵਿਚ ਸੁਤੰਤਰ ਨਹੀਂ ਹੈ। ਇਹੀ ਔਰਤ ਦਾ ਸਭ ਤੋਂ ਵੱਡਾ ਦੁਖਾਂਤ ਹੈ।

ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ-ਰਚਨਾ ਰਾਹੀਂ ਜਰਜ਼ਰੇ ਵਿਚਾਰਾਂ ਦੀ ਨਿਖੇਧੀ ਕਰਕੇ, ਇਕੱਲੀ ਇਸਤਰੀ ਜਾਤੀ ਹੀ ਨਹੀਂ, ਜਿਸ ਮਨੁੱਖੀ ਵਰਗ ਉੱਤੇ ਵੀ ਜ਼ੁਲਮ, ਜਬਰ, ਧੱਕਾ ਹੋ ਰਿਹਾ ਸੀ, ਗੁਰੂ ਸਾਹਿਬ ਨੇ ਨਿਆਸਰਿਆਂ ਦਾ ਆਸਰਾ ਬਣ ਕੇ ਸਭ ਦੀ ਬਾਂਹ ਫੜੀ। ਅੰਨ੍ਹੇ ਧਰਮੀ, ਆਗੂਆਂ, ਨਾਥਾਂ, ਜੋਗੀਆਂ, ਮੁੱਲਾਂ-ਮੁਲਾਣਿਆਂ, ਕਾਜ਼ੀਆਂ, ਹਾਜੀਆਂ, ਪੰਡਤਾਂ ਤੇ ਧਾਰਮਿਕ ਰਾਜਸੀ ਆਗੂਆਂ ਦੀ ਪਰੰਪਰਾਗਤ ਨੀਵੀਂ ਸੋਚ ਦੀ ਰੱਜ ਦੇ ਨਿੰਦਾ ਕੀਤੀ ਅਤੇ ਉਹਨਾਂ ਸਭ ਨੂੰ ਸਹੀ ਇਨਸਾਨੀਅਤ ਵਾਲਾ ਮਾਰਗ ਦੱਸਿਆ। ਗੁਰੂ ਨਾਨਕ ਦੇਵ ਜੀ ਵਿਸ਼ਵ ਦੇ ਪਹਿਲੇ ਕ੍ਰਾਂਤੀਕਾਰੀ, ਸਮਾਜ-ਸੁਧਾਰਕ ਅਤੇ ਗ਼ਰੀਬ ਨਿਵਾਜ਼ ਹੋਏ ਹਨ, ਜਿਹਨਾਂ ਨੇ ਉੱਚੀ ਬਾਂਹ ਕਰਕੇ, ਨਗਾਰੇ ਦੀ ਚੋਟ ਵਾਂਗ, ਖੁੱਲ੍ਹ ਕੇ ਹੋਕਾ ਦਿੱਤਾ। ਗੁਰੂ ਸਾਹਿਬ ਨੇ ਨਿਰਭੈਤਾ ਨਾਲ ਸਮਕਾਲੀ ਰਾਜਿਆਂ, ਧਾਰਮਿਕ ਕੱਟੜ ਪੰਥੀਆਂ, ਜੋਗੀਆਂ, ਕਾਜ਼ੀਆਂ, ਮੁਲਾਣਿਆਂ ਨੂੰ ਜ਼ੋਰ ਦੇ ਕੇ ਕਿਹਾ ਕਿ ਉਹ ਇਸਤਰੀ ਦਾ ਸਨਮਾਨ ਕਰਨ। ਰਾਜਿਆਂ ਦੇ ਮੂੰਹ 'ਤੇ ਕਰਾਰਾ ਥੱਪੜ

ਮਾਰਦਿਆਂ ਗੁਰੂ ਜੀ ਨੇ ਆਖਿਆ, 'ਤੁਸੀਂ ਆਪਣੀ ਮਾਂ-ਜਨਮਦਾਤੀ ਨੂੰ ਕਿਉਂ ਮਾਰਦੇ ਹੋ? ਤੇ ਉਸ ਨੂੰ ਬੁਰਾ ਕਿਉਂ ਆਖਦੇ ਹੋ?'

'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਕਹਿ ਕੇ ਗੁਰੂ ਨਾਨਕ ਦੇਵ ਜੀ ਨੇ ਇਸਤਰੀ ਨੂੰ ਸਮਾਜ 'ਚ ਆਦਰ ਯੋਗ ਸਥਾਨ ਦਿੱਤਾ। ਗੁਰੂ ਨਾਨਕ ਬਾਣੀ ਵਿਚ ਔਰਤ ਨੂੰ ਕਮਜ਼ੋਰੀ ਦਾ ਨਾਮ ਨਹੀਂ ਦਿੱਤਾ ਗਿਆ, ਸਗੋਂ ਇਸਤਰੀ ਤਾਂ ਬਲਵਾਨ ਸ਼ਕਤੀ ਹੈ। ਗੁਰੂ ਨਾਨਕ ਬਾਣੀ ਫਿਲਾਸਫ਼ੀ ਅਤੇ ਰਹਿਤਨਾਮਿਆਂ ਵਿਚ ਇਸਤਰੀ ਨੂੰ ਮਰਦ ਦੇ ਬਰਾਬਰ ਦਾ ਸਥਾਨ ਪ੍ਰਾਪਤ ਹੈ ਅਤੇ ਇਹ ਬਾਣੀ ਹਰ ਪ੍ਰਕਾਰ ਦੀ ਹਿੰਸਾ ਦੇ ਵਿਰੁੱਧ ਵੀ ਹੈ। ਗੁਰਬਾਣੀ ਵਿਚ ਕੰਨਿਆਂ ਨੂੰ ਮਾਰਨਾ ਮਹਾਂ-ਪਾਪ ਕਿਹਾ ਗਿਆ ਹੈ:

ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ॥
ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ॥
ਪਾਹਿ ਏਤੇ ਜਾਹਿ ਵੀਸਰਿ ਨਾਨਕਾ ਇਕੁ ਨਾਮੁ॥[31]

ਇਹ ਮਾਣ ਵਾਲੀ ਗੱਲ ਹੈ ਕਿ ਗੁਰਬਾਣੀ ਵਿਚ ਹਰ ਬਾਣੀਕਾਰ ਨੇ ਇਸਤਰੀ ਭਾਵਨਾ ਦੇ ਸਮਾਜਿਕ-ਸੰਦਰਭ ਨੂੰ ਲੈ ਕੇ ਆਪਣੀ ਪ੍ਰਭੂ-ਪ੍ਰੀਤ ਅਤੇ ਉਚ ਅਧਿਆਤਮਿਕ ਅਵਸਥਾ ਦਾ ਬਿਆਨ ਕੀਤਾ ਹੈ। ਗੁਰਮਤਿ ਅਨੁਸਾਰ ਸਾਰੇ ਜੀਵ ਰੂਪੀ ਇਸਤਰੀਆਂ ਹਨ ਅਤੇ ਸਾਰਿਆਂ ਦਾ ਇਕ ਹੀ ਪਤੀ ਪਰਮੇਸ਼ਰ ਹੈ। ਜੇਕਰ ਸਾਰੇ ਜਗਤ ਦਾ ਇਕ ਹੀ ਪਤੀ (ਪ੍ਰਭੂ) ਹੈ ਤੇ ਬਾਕੀ ਮਰਦ-ਔਰਤਾਂ ਸਭ ਉਸੇ ਦੀਆਂ ਇਸਤਰੀਆਂ ਹਨ ਤਾਂ ਫਿਰ ਮਰਦ ਅਤੇ ਔਰਤ ਵਿਚ ਰੱਬੀ ਦ੍ਰਿਸ਼ਟੀ ਤੋਂ ਕੋਈ ਅੰਤਰ ਰਹਿ ਹੀ ਨਹੀਂ ਜਾਂਦਾ। ਗੁਰੂ ਗ੍ਰੰਥ ਸਾਹਿਬ ਵਿਚ ਸਾਰੇ ਬਾਣੀਕਾਰਾਂ ਨੇ ਪ੍ਰਭੂ ਨੂੰ ਕੰਤ, ਪਿਰ, ਭਤਾਰੁ ਅਤੇ ਔਰਤ ਲਈ ਕਾਮਣਿ, ਧਨ, ਬਹੁਰੀਆ ਆਦਿ ਪ੍ਰਤੀਕ ਵਰਤੇ ਹਨ। ਇੰਝ ਲਗਦਾ ਹੈ ਕਿ ਅਧਿਆਤਮਿਕ ਪ੍ਰੀਤ-ਭਾਵਨਾ ਵਿਚ ਐਸਾ ਸ਼ਿੰਗਾਰ ਰਸ ਭਰਕੇ, ਗੁਰੂ ਸਾਹਿਬ ਨੇ 'ਕੰਤਿ-ਕਾਮਣਿ' ਆਦਿ ਦੇ ਪ੍ਰਤੀਕਾਂ ਦੁਆਰਾ ਗੁਰਬਾਣੀ ਦੀ ਸੁਰ ਨੂੰ ਲੋਕ-ਪ੍ਰਿਯਤਾ ਪ੍ਰਦਾਨ ਕੀਤੀ ਹੈ ਅਤੇ ਇਸੇ ਕਾਰਜਸ਼ੀਲ ਜਤਨ ਦੀ ਪਿੱਠਭੂਮੀ ਦੇ ਪ੍ਰੋਖ 'ਚੋਂ ਨਿਰੋਲ ਪਾਰਲੌਕਿਕ

ਸੰਦੇਸ਼ ਦਿੱਤਾ ਹੈ। ਗੁਰਬਾਣੀ ਵਿਚੋਂ ਪਤੀ ਪਤਨੀ ਦਾ ਗੂੜ੍ਹਾ ਪਿਆਰ, ਇਕ ਰੂਪਤਾ ਅਤੇ ਬਰਾਬਰਤਾ ਦਾ ਸੰਦੇਸ਼ ਮਿਲਦਾ ਹੈ:

(ੳ) ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ।।
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ।।[32]

(ਅ) ਸੇਜ ਵਿਛਾਈ ਕੰਤ ਕੂ ਕੀਆ ਹਭੁ ਸੀਗਾਰੁ।।
ਇਤੀ ਮੰਝਿ ਨ ਸਮਾਵਈ ਜੇ ਗਲਿ ਪਹਿਰਾ ਹਾਰੁ।।[33]

ਕਿਸੇ ਵੀ ਸਮੱਸਿਆ ਨੂੰ ਹੱਲ ਕਰਨ ਲਈ ਮਾਨਸਿਕ ਪ੍ਰੀਵਰਤਨ ਜ਼ਰੂਰੀ ਹੈ। ਔਰਤ ਪ੍ਰਤਿ ਪੁਰਾਤਨ ਅਸੰਤੁਲਿਤ ਸੋਚ ਨੂੰ ਬਦਲਣ ਲਈ, ਅਜੋਕੇ ਵਿਸ਼ਵੀਕਰਨ ਦੇ ਵਰਤਮਾਨ ਯੁੱਗ ਅਤੇ ਭਵਿੱਖ ਵਿਚ ਗੁਰੂ ਨਾਨਕ ਵਿਚਾਰਧਾਰਾ, ਸਾਰਥਕ ਅਤੇ ਸਦੀਵੀ ਪ੍ਰਪੱਕ ਰੋਲ ਨਿਭਾ ਸਕਣ ਦੇ ਸਰਬ ਸਮਰੱਥ ਹੈ। ਗੁਰੂ ਨਾਨਕ ਬਾਣੀ ਅਨੁਸਾਰੀ ਵਿਚਾਰਧਾਰਾ ਵਿਚ ਮਰਦ ਔਰਤ ਦੀ ਕਾਣੀ ਵੰਡ ਨੂੰ ਕੋਈ ਥਾਂ ਨਹੀਂ ਹੈ। ਇਹ ਤਬਦੀਲੀ ਸਮਾਜਿਕ ਯਥਾਰਥ ਨੂੰ ਆਪਣਾ ਅਧਾਰ ਬਣਾਉਂਦੀ ਹੈ। ਇਸ ਸਮਾਜਿਕ ਯਥਾਰਥ ਅਧੀਨ ਵਿਚਰਦੇ ਮਨੁੱਖ ਨੂੰ ਗੁਰਬਾਣੀ ਮਨਮੁਖ ਵਾਲੇ ਰਾਹ ਤੋਂ ਮੋੜ ਕੇ ਗੁਰਮੁੱਖ ਵਾਲੇ ਰਾਹ ਪੈਣ ਦਾ ਸੰਦੇਸ਼ ਦਿੰਦੀ ਹੋਈ ਸਮੁੱਚੀ ਸਮਾਜਿਕ ਵਿਵਸਥਾ ਨੂੰ ਰੂਪਾਂਤਰਿਤ ਕਰਨਾ ਲੋਚਦੀ ਹੈ। ਇਹ ਤਬਦੀਲੀ ਸ਼ਬਦ ਨੂੰ ਮਨ ਵਿਚ ਗ੍ਰਹਿਣ ਕਰਨ ਨਾਲ ਹੀ ਆ ਸਕਦੀ ਹੈ। ਗੁਰਬਾਣੀ ਵਿਚ ਸਾਰੇ ਪਾਪਾਂ ਦੀ ਜੜ੍ਹ ਮਾਇਆ ਨੂੰ ਮੰਨਿਆ ਗਿਆ ਹੈ। ਜਿਹੜੀ ਹਉਮੈ ਨੂੰ ਜਨਮ ਦੇ ਕੇ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਜਿਹੇ ਮਨੋਰਥਾਂ ਨੂੰ ਉਭਾਰਦੀ ਹੈ। ਇਨ੍ਹਾਂ ਗੁਣਾਂ ਵਾਲੇ ਵਿਅਕਤੀ ਨੂੰ ਗੁਰਬਾਣੀ ਵਿਚ ਮਨਮੁੱਖ ਕਿਹਾ ਗਿਆ ਹੈ। ਮਾਇਆ ਦੇ ਜਾਲ ਵਿਚ ਫਸਿਆ ਮਨੁੱਖ ਸਮਾਜ ਦੀਆਂ ਵਿਭਿੰਨ ਸੰਸਥਾਵਾਂ ਨੂੰ ਵੀ ਇਸੇ ਰੂਪ ਵਿਚ ਸਿਰਜਦਾ ਹੈ। ਇਹੋ ਜਿਹੇ ਪ੍ਰਬੰਧ ਵਿਚ ਸਮੁੱਚਾ ਜੀਵਨ ਪ੍ਰਵਾਹ ਹੀ ਵਿਗੜ ਜਾਂਦਾ ਹੈ ਅਤੇ ਔਰਤ ਨੂੰ ਸਭ ਤੋਂ ਜ਼ਿਆਦਾ ਦੁੱਖ ਸਹਿਣੇ ਪੈਂਦੇ ਹਨ। ਔਰਤ ਦੀ ਅਧੋਗਤੀ ਵਾਲੇ ਇਨ੍ਹਾਂ ਹਾਲਾਤਾਂ ਵਿਚ ਸਾਂਝਾ ਘਰੋਗੀ ਜੀਵਨ ਵੀ ਕਲੇਸ਼ ਬਣ ਜਾਂਦਾ ਹੈ। ਮੱਧਕਾਲ ਵਿਚ ਇਸਤਰੀ ਦਾ ਸਥਾਨ ਮਰਦ ਤੋਂ ਬਹੁਤ ਨੀਵਾਂ ਸੀ। ਗੋਰਖ

ਵਰਗੇ ਕਵੀਆ ਨੇ ਵੀ ਇਸਤਰੀ ਨੂੰ ਮੁਕਤੀ ਦੇ ਰਾਹ ਵਿਚ ਰੁਕਾਵਟ ਸਮਝਕੇ ਉਸ ਨੂੰ 'ਬਾਘਣ' ਸ਼ਬਦ ਨਾਲ ਅਪਮਾਨਿਤ ਕੀਤਾ। ਇਸ ਸਮੇਂ ਜੰਮਦੀਆਂ ਲੜਕੀਆਂ ਨੂੰ ਮਾਰ ਦੇਣਾ, ਬਾਲ ਵਿਆਹ, ਵਿਧਵਾ ਦਾ ਪੁਨਰ ਵਿਆਹ ਵਿਵਰਜਤ ਹੋਣਾ, ਸਤੀ ਪ੍ਰਥਾ, ਪਰਦਾ ਪ੍ਰਥਾ ਆਦਿ ਅਸਮਾਜਿਕ ਪ੍ਰਥਾਵਾਂ ਨੇ ਇਸਤਰੀ ਜਾਤੀ ਦਾ ਪਤਨ ਕਰ ਦਿੱਤਾ ਸੀ।

ਅਜਿਹੇ ਇਸਤਰੀ ਵਿਰੋਧੀ ਵਾਤਾਵਰਣ ਨੂੰ ਵੇਖਦਿਆਂ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ-ਰਚਨਾ ਰਾਹੀਂ ਇਸਤਰੀ ਦੇ ਅਧਿਕਾਰਾਂ ਦੀ ਜ਼ੋਰਦਾਰ ਵਕਾਲਤ ਕਰਦਿਆਂ ਕਿਹਾ ਹੈ ਕਿ ਮਾਨਵ ਉਤਪਤੀ ਇਸਤਰੀ ਦੀ ਹੋਂਦ ਨਾਲ ਹੀ ਸੰਭਵ ਹੈ, ਮਰਦ ਉਸੇ ਨਾਲ ਹੀ ਵਿਆਹ ਕਰਵਾਉਂਦਾ ਹੈ, ਉਸਦੇ ਮਰਨ ਪਿੱਛੋਂ ਫਿਰ ਇਸਤਰੀ ਦੀ ਭਾਲ ਕਰਦਾ ਹੈ। ਵੱਡੇ-ਵੱਡੇ ਰਾਜਿਆਂ, ਯੋਧਿਆਂ ਨੂੰ ਜਨਮ ਦੇਣ ਵਾਲੀ ਇਸਤਰੀ ਨੂੰ ਫਿਰ ਮੰਦਾ ਕਿਉਂ ਆਖਿਆ ਜਾਂਦਾ ਹੈ:

> ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ।।
> ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ।।
> ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ।।
> ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।[34]

ਉਕਤ ਬਾਣੀ-ਤੁਕਾਂ ਵਿਚ ਜਿਥੇ ਜੁਗਾਂ ਜੁਗਾਂਤਰਾਂ ਤੋਂ ਪੁਰਸ਼ ਸਮਾਜ ਵਿਚ ਆਪਣਾ ਮੂਲ ਗਵਾ ਚੁੱਕੀ ਇਸਤਰੀ ਦੀ ਸਮਾਜ ਵਿਚਲੀ ਨਿਮਨ ਅਵਸਥਾ ਪ੍ਰਤੀ ਸੰਕੇਤ ਹਨ ਉੱਥੇ ਪ੍ਰਤੀਕ ਦੀ ਪੱਧਰ ਤੇ ਔਰਤ ਦਾ ਸਤਿਕਾਰ ਬੁਲੰਦ ਹੋ ਰਿਹਾ ਹੈ। ਔਰਤ ਦਾ ਸਮੁੱਚਾ ਕਿਰਦਾਰ ਸਮਾਜ ਨਿਰਮਾਣ ਦਾ ਹਿੱਸਾ ਹੈ। ਗੁਰੂ ਨਾਨਕ ਬਾਣੀ ਅਨੁਸਾਰ ਸਮਾਜ ਵਿਚ ਉਸ ਦੀ ਪ੍ਰਵਾਨਗੀ ਕੇਵਲ ਬਰਾਬਰੀ ਵਾਲੀ ਹੀ ਨਹੀਂ ਬਲਕਿ ਮਾਣ ਸਨਮਾਣ ਅਤੇ ਮਰਿਆਦਾ ਵਾਲੀ ਹੈ।

ਗੁਰੂ ਨਾਨਕ ਦੇਵ ਜੀ ਨੇ ਇਸਤਰੀ ਪ੍ਰਤਿ ਚਿੰਤਨ ਨੂੰ ਨਿਸ਼ਚਤਾਵਾਦੀ, ਏਕਾਧਿਕਾਰਵਾਦੀ ਅਤੇ ਸੰਗਠਿਤ ਰੂਪ ਨੂੰ ਉਸਦੀ ਬਹੁ-ਪੱਖਤਾ ਦੇ ਪਰਿਪੇਖਾਂ ਵਿਚ ਵਿਕੇਂਦਰਤ ਕੀਤਾ ਹੈ। ਗੁਰੂ ਸਾਹਿਬ ਨੇ ਪ੍ਰਚਲਿਤ ਪਰੰਪਰਾ ਦੇ ਉਲਟ ਆਧੁਨਿਕ ਨਜ਼ਰੀਏ ਤੋਂ ਇਸਤਰੀ ਪੱਖ

ਦੀ ਵਡਿਆਈ ਕਰਕੇ ਉਸ ਨੂੰ ਸਮਾਜ ਦੀਆਂ ਨਜ਼ਰਾਂ ਵਿਚ ਵੱਡਾ ਕਰਕੇ ਦੱਸਿਆ ਹੈ। ਇਸਤਰੀਆਂ ਆਪਣੇ ਕੰਮਾਂ/ਕਾਰਜਾਂ/ਕਰਮਾਂ ਪ੍ਰਤਿ ਪ੍ਰਮਾਤਮਾ ਅੱਗੇ ਬਰਾਬਰ ਹੀ ਜਵਾਬਦੇਹ ਹਨ। ਜੇਕਰ ਅਸੀਂ ਗਿਆਨਵਾਨ ਹੋਈਏ ਤਾਂ ਸਾਨੂੰ ਇਕ ਦੂਜੇ ਨੂੰ ਘਟੀਆ ਜਾਂ ਵੱਡਾ (ਊਚ-ਨੀਚ) ਨਹੀਂ ਕਹਿਣਾ ਚਾਹੀਦਾ। ਸਾਨੂੰ ਇਕ ਦੂਜੇ ਨਾਲ ਮੰਦਾ ਜਾਂ ਬੇਹੂਦਗੀ ਭਰਿਆ ਵਤੀਰਾ ਵੀ ਨਹੀਂ ਕਰਨਾ ਚਾਹੀਦਾ। ਜਿਹੜੇ ਲੋਕ ਹੈਂਕੜਬਾਜ਼ ਅਤੇ ਘੁਮੰਡੀ ਹੁੰਦੇ ਹਨ ਉਹ ਆਪਣਾ ਹੀ ਦਿਲ ਤੰਗ ਕਰਦੇ ਹਨ। ਉਹ ਕੰਮ ਕਰਨਾ ਚਾਹੀਦਾ ਹੈ ਜਿਸਦੀ ਕੋਈ ਸਾਰਥਿਕਤਾ ਹੋਵੇ:

ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਾਲੀਐ।।
ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ।।
ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ।।
ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ।।
ਕਿਛੁ ਲਾਹੇ ਉਪਰਿ ਘਾਲੀਐ।।[35]

ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਜੇਕਰ ਗਲੋਬਲ ਪ੍ਰਸੰਗ ਵਿਚ ਵਿਚਾਰੀਏ ਤਾਂ ਇਹ ਮਨੁੱਖ ਦੀ ਇਕ ਮੁਕਤੀਭਾਵ ਵਿਲੱਖਣਤਾ ਦੀ ਸਥਾਪਤੀ ਵਲ ਅਗਰਸਰ ਹੈ। ਦੂਰ ਦ੍ਰਿਸ਼ਟੀ ਨਾਲ ਵੇਖੀਏ ਤਾਂ ਸਾਨੂੰ ਕੋਈ ਵੀ ਭੈੜਾ ਕੰਮ ਜਾਂ ਦੂਜਿਆਂ ਪ੍ਰਤੀ ਮੰਦੀ ਸੋਚ ਨਹੀਂ ਅਪਣਾਉਣੀ ਚਾਹੀਦੀ।

### (ੲ) ਵਿਸ਼ਵੀ-ਪ੍ਰਸਥਿਤੀਆਂ ਵਿਚ ਗੁਰੂ ਨਾਨਕ ਵਿਚਾਰਧਾਰਾ ਦੀ ਸਾਰਥਿਕਤਾ

ਜੀਵ ਆਪਣੇ ਕਿਸੇ ਕਰਮ ਕਰਕੇ ਪਰਮਾਤਮਾ ਤੋਂ ਵਿਛੜ ਕੇ ਇਸ ਸੰਸਾਰ ਵਿਚ ਦੁਖ ਭੋਗ ਰਿਹਾ ਹੈ। ਜਨਮ ਦੁਖ ਹੈ, ਮਰਨ ਦੁਖ ਹੈ, ਅਸਾਂਤੀ, ਚਿੰਤਾ, ਫ਼ਿਕਰ ਆਦਿ ਸਭ ਦੁੱਖ ਹੀ ਤਾਂ ਹਨ। ਮਨੁੱਖ ਹਰ ਕਰਮ ਕਿਸੇ ਸੁੱਖ ਦੀ ਪ੍ਰਾਪਤੀ ਲਈ ਕਰਦਾ ਹੈ। ਦੁਨਿਆਵੀ ਤੇ ਪਦਾਰਥਕ ਸੁੱਖ

ਛਿੰਨ-ਭੰਗਰੇ ਹਨ। ਫਲਸਰੂਪ ਇਕ ਛੋਟਾ ਜਿਹਾ ਸੁੱਖ ਪ੍ਰਾਪਤ ਕਰਨ ਲਈ ਕੀਤਾ ਗਿਆ ਜਤਨ ਵੱਧ ਦੁੱਖ ਦਾ ਕਾਰਣ ਬਣਦਾ ਹੈ। ਦੁਨਿਆਵੀ ਸੁੱਖਾਂ ਦੇ ਪਿਛੋਕੜ ਪਿਛੇ ਦੁੱਖਾਂ ਦਾ ਰਾਜ ਹੈ। ਸੁੱਖ ਪ੍ਰਾਪਤ ਕਰਨ ਲਈ ਮਨੁੱਖ ਅੱਜ ਜਿਸ ਵਿਸ਼ਵੀਕਰਨ ਦੇ ਦੌਰ ਦੀ ਪ੍ਰਕਿਰਿਆ ਵਿਚੋਂ ਵਿਚਰ ਰਿਹਾ ਹੈ। ਉਸ ਵਿਚ ਮਨੁੱਖ ਅਤੇ ਕੁਦਰਤ ਵਿਚਕਾਰ ਫ਼ਾਸਲਾ ਵਧਦਾ ਜਾ ਰਿਹਾ ਹੈ। ਸੁੱਖ ਪ੍ਰਾਪਤ ਕਰਨ ਲਈ ਮਨੁੱਖ ਵਿਕਾਰਾਂ ਵਿਚ ਵਹਿ ਤੁਰਦਾ ਹੈ। ਮਾਇਆ ਇਕੱਤਰ ਕਰਦਾ ਹੈ। ਪਦਾਰਥਾਂ ਨੂੰ ਭੋਗਦਾ ਹੈ ਪਰੰਤੂ ਸੁੱਖ ਪ੍ਰਾਪਤ ਨਹੀਂ ਹੁੰਦਾ। ਆਖ਼ਰ ਮਨੁੱਖ ਅਜਿਹੇ ਸੁੱਖ ਦੀ ਭਾਲ ਕਰਨ ਲਗਦਾ ਹੈ ਜਿਸ ਦਾ ਅਨੰਦ ਸਰਬਕਾਲੀ ਹੋਵੇ। ਅਜਿਹੇ ਸੁੱਖ ਦੀ ਪ੍ਰਾਪਤੀ ਸੱਚੀ ਕਿਰਤ ਵਿਚੋਂ ਹੀ ਪ੍ਰਾਪਤ ਹੋ ਸਕਦੀ ਹੈ। ਗੁਰੂ ਨਾਨਕ ਨੇ ਆਪਣੀ ਬਾਣੀ-ਰਚਨਾ ਅਤੇ ਬਾਰਾਮਾਹ ਵਿਚ ਇਹੀ ਸਮੱਸਿਆ ਲਈ ਹੈ। ਇਸ ਬਾਣੀ ਦਾ ਪਰਮਾਰਥ ਇਥੋਂ ਹੀ ਸ਼ੁਰੂ ਹੁੰਦਾ ਹੈ।

ਅਜੋਕੇ ਜੁੱਗ ਵਿਚ ਮਾਨਸਿਕ ਸਮੱਸਿਆਵਾਂ ਵਿਸ਼ਵੀਕਰਣ, ਨਿੱਜੀਕਰਣ ਤੇ ਹੋਰ ਅਲਾਮਤਾਂ ਕਾਫ਼ੀ ਵੱਧ ਗਈਆਂ ਹਨ। ਚਿੰਤਾ, ਮਾਨਸਿਕ ਖਿਚਾਅ, ਡਿਪ੍ਰੈਸ਼ਨ (Depression) ਆਦਿ ਹੋਰ ਮਾਨਸਿਕ ਵਿਕਾਰ ਲੋਕਾਈ ਨੂੰ ਤੰਗ ਕਰ ਰਹੇ ਹਨ। ਇਨ੍ਹਾਂ ਦਾ ਸੰਬੰਧ ਮਨ ਦੀ ਅਵਸਥਾ, ਪੰਜ ਵਿਕਾਰਾਂ ਤੇ ਮਨਮੁਖਤਾ ਨਾਲ ਜੁੜਦਾ ਹੈ। ਗੁਰੂ ਨਾਨਕ ਬਾਣੀ ਦੀ ਪਹੁੰਚ ਸਰਬਵਿਆਪੀ ਤੇ ਸਰਬਕਾਲੀ ਹੈ ਇਹ ਵਕਤ ਦੀ ਪਕੜ ਹੈ। ਨਵੇਂ ਸਮੇਂ ਵਿਚ ਨਵੀਂਆਂ ਸਮੱਸਿਆਵਾਂ ਸਾਹਮਣੇ ਲਟਕਦੇ ਸਵਾਲਾਂ ਦਾ ਜਵਾਬ ਇਸ ਬਾਣੀ-ਰਚਨਾ ਵਿਚ ਹੈ। ਇਸ ਲਈ ਅਸੀਂ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਗੁਰੂ ਨਾਨਕ ਬਾਣੀ ਦੇ ਮਨਮੁਖਤਾ ਪ੍ਰਤਿ ਨਜ਼ਰੀਏ ਦਾ ਅਧਿਐਨ ਕਰਾਂਗੇ।

ਗੁਰੂ ਨਾਨਕ ਬਾਣੀ 'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ'[36] ਦਾ ਸਾਥ ਦਿੰਦੀ ਹੈ ਅਤੇ 'ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ', 'ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ।'[37] ਵਾਲੀ ਪਹੁੰਚ ਅਪਣਾਉਂਦੀ ਹੈ। ਮਨ ਪ੍ਰਤਿ ਗੁਰੂ ਜੀ ਦਾ ਨਜ਼ਰੀਆ ਕਾਫ਼ੀ ਹੱਦ ਤੱਕ ਵਿਗਿਆਨਕ ਹੈ। ਉਹ ਸੁਚੇਤ ਤੋਂ ਇਲਾਵਾ ਅਚੇਤ ਦੀ ਵੀ ਹੋਂਦ ਮੰਨਦੇ ਹਨ। ਭਾਰਤੀ

ਪਰੰਪਰਾ ਵਿਚ ਮਨ ਦੀਆਂ ਜਾਗ੍ਰਿਤ, ਸੁਪਤ, ਸਪੋਕਤ, ਤੁਰੀਆ ਅਵਸਥਾਵਾਂ ਦੀ ਮੰਨਤਾ ਹੈ। ਅਜੋਕੀ ਖੋਜ ਸੁਚੇਤ ਤੋਂ ਇਲਾਵਾ ਅਰਥ ਅਚੇਤ ਤੇ ਅਚੇਤ ਦੀ ਹੋਂਦ ਨੂੰ ਮੰਨ ਕੇ ਇਛਾਵਾਂ ਤੇ ਮਨੋ ਗੁੰਝਲਾਂ ਨੂੰ ਇਡ (Id), ਹਉ ਤੇ ਸੁਪਰ ਹਉਂ ਦੇ ਸੰਕਲਪਾਂ ਦੇ ਪਰਿਪੇਖ ਵਿਚ ਸਾਹਮਣੇ ਲਿਆਉਂਦੀ ਹੈ। ਜਦੋਂ ਮਨੁੱਖ ਤਤਕਾਲੀ ਸਮੱਸਿਆਵਾਂ ਉਪਰ ਕਾਬੂ ਨਹੀਂ ਪਾ ਸਕਦਾ ਅਤੇ ਪ੍ਰਸਥਿਤੀਆਂ ਨਾਲ ਅਨੁਕੂਲਨ ਵੀ ਨਹੀਂ ਕਰ ਸਕਦਾ ਤਾਂ ਉਹ ਭਾਂਜਵਾਦੀ ਤੇ ਸੁਰਖਿਆ ਜੁਗਤਾਂ ਦੀ ਭਾਲ ਕਰਦਾ ਹੈ। ਉਂਝ ਉਹ ਚਿੰਤਾ, ਮਾਨਸਿਕ ਖਿਚਾਅ ਅਤੇ ਫਿਰ ਵਿਭਿੰਨ ਮਨੋਰੋਗਾਂ ਵਿਚ ਫਸ ਜਾਂਦਾ ਹੈ। ਇਸ ਲਈ ਅਜਿਹੀ ਅਵਸਥਾ ਦਾ ਹਲ ਲੱਭਣ ਲਈ ਮਨ, ਵਿਕਾਰ ਤੇ ਮਨਮੁਖਤਾ ਦਾ ਅਧਿਐਨ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ।

ਗੁਰੂ ਨਾਨਕ ਬਾਣੀ ਦੇ ਸਾਹਮਣੇ ਮਨ ਦੀ ਸਮੱਸਿਆ ਪ੍ਰਬਲ ਹੈ। ਮਨ ਉਪਰ ਜਿੱਤ ਪ੍ਰਾਪਤ ਕਰਨ ਨਾਲ ਸੰਸਾਰ ਨੂੰ ਆਪਣੇ ਅਧੀਨ ਕੀਤਾ ਜਾ ਸਕਦਾ ਹੈ। ਪਰ ਕਰਮਕਾਂਡ ਤੀਰਥ ਇਸ਼ਨਾਨ ਮਨ ਦੇ ਅਹੰਕਾਰ ਨੂੰ ਵਸ ਵਿਚ ਨਹੀਂ ਕਰ ਸਕਦੇ। ਇਸ ਦਾ ਇਲਾਜ ਗੁਰੂ ਦੀ ਸਿੱਖਿਆ ਹੀ ਹੈਃ

ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ ।।[38]

ਮਨ ਦੇ ਵਿਕਾਰਾਂ ਨੂੰ ਗੁਰਬਾਣੀ ਵਿਚ ਮੋਟੇ ਤੌਰ ਤੇ ਪੰਜ ਹਿੱਸਿਆਂ ਵਿਚ ਵੰਡਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਪੌਰਾਣਿਕ ਸੰਦਰਭਾਂ ਦੀ ਕਾਵਿ-ਜੁਗਤ ਨਾਲ ਹੰਕਾਰ ਦੇ ਮਨੋਵਿਕਾਰ ਉੱਪਰ ਚਾਨਣਾ ਪਾਇਆ ਹੈ। ਦੱਸਿਆ ਗਿਆ ਹੈ ਕਿ ਬ੍ਰਹਮਾ, ਬਲਿ ਰਾਜਾ, ਹਰੀ ਚੰਦ, ਹਰਣਾਖਸ਼, ਰਾਵਣ, ਸਹਸ੍ਰਬਾਹੂ, ਮਧੁ ਕੀਟ, ਮਹਿਖਾਸੁਰ, ਜਰਾਸੰਧ, ਦੁਰਯੋਜਨ, ਜਨਮੇਜਾ, ਕੰਸ, ਕੇਸੀ ਆਦਿ ਦਾ ਨਾਸ ਅਹੰਕਾਰ ਕਾਰਨ ਹੀ ਹੋਇਆ ਅਤੇ ਇਸਦਾ ਇਲਾਜ ਗੁਰੂ ਦੀ ਸਿੱਖਿਆ ਵਿਚ ਹੈ। ਗੁਰੂ ਜੀ ਫੁਰਮਾਉਂਦੇ ਹਨ ਕਿ ਹਉਮੈ ਹੀ ਬੰਧਨ ਤੇ ਭਟਕਣਾ ਦਾ ਕਾਰਣ ਹੈ। ਇਸ ਦੀਰਘ ਰੋਗ ਦੀ ਦਾਰੂ ਹੰਕਾਰ ਜੁਗਤ ਮਨ ਨੂੰ ਜੋਤੀ ਸਰੂਪ ਬਣਾਉਣ ਵਿਚ ਹੈ। ਅਜਿਹਾ ਪ੍ਰਭੂ ਕ੍ਰਿਪਾ ਤੇ ਗੁਰੂ ਦੀ ਸਿਖਿਆ ਨਾਲ ਹੋ ਸਕਦਾ ਹੈ :

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ।।

ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ।।[39]

ਇਉਂ ਹਉਮੈਂ ਦਾ ਇਲਾਜ ਗੁਰਮੁੱਖ ਵਾਲੀ ਪਦਵੀ ਧਾਰਨ ਕਰਨ ਤੇ ਪ੍ਰਭੂ ਦੀ ਮਿਹਰ ਦਰਸਾਇਆ ਗਿਆ ਹੈ। ਜ਼ਿੰਦਗੀ ਦੀ ਵਾਸਤਵਿਕਤਾ ਤਾਂ ਵਿਕਾਰਾਂ ਵਲ ਉਲਾਰ ਕਾਰਨ ਪ੍ਰਗਟ ਹੁੰਦੀ ਹੈ-

ਜੇ ਸਉ ਵਰ੍ਹਿਆ ਮਿਠਾ ਖਾਜੈ ਭੀ ਫਿਰਿ ਕਉੜਾ ਖਾਇ।।

ਮਿਠਾ ਖਾਧਾ ਚਿਤਿ ਨ ਆਵੈ ਕਉੜਤਣੁ ਧਾਇ ਜਾਇ।।

ਮਿਠਾ ਕਉੜਾ ਦੋਵੈ ਰੋਗ।। ਨਾਨਕ ਅੰਤਿ ਵਿਗੁਤੇ ਭੋਗ।।[40]

ਇਸ ਤਰ੍ਹਾਂ ਸਰੀਰਕ ਤੇ ਮਾਨਸਿਕ ਰੋਗ ਦਰਸਾਏ ਗਏ ਹਨ, ਜਿਹਨਾਂ ਦਾ ਕਾਰਨ ਵਿਕਾਰਾਂ ਵਿਚ ਫਸਣਾ ਹੈ। ਚਿੰਤਾ ਵੀ ਅਜਿਹਾ ਰੋਗ ਹੈ:

ਚਿੰਤਤ ਹੀ ਦੀਸੈ ਸਭੁ ਕੋਇ।।

ਚੇਤਹਿ ਏਕੁ ਤਹੀ ਸੁਖੁ ਹੋਇ।।[41]

ਮਨੋਵਿਗਿਆਨਕ ਤੇ ਸਾਈਕੋਥਰਾਪੀ ਅਨੁਸਾਰ ਚਿੰਤਾ ਕਈ ਤਰ੍ਹਾਂ ਦੇ ਮਾਨਸਿਕ ਤੇ ਸਰੀਰਕ ਰੋਗਾਂ ਦਾ ਕਾਰਨ ਬਣਦੀ ਹੈ। ਇਸ ਬਾਰੇ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ।।

ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ।।[42]

ਮਨ ਦੀ ਇਸ ਅਵਸਥਾ ਤੋਂ ਛੁਟਕਾਰਾ ਨੈਤਿਕਤਾ ਤੇ ਪ੍ਰਭੂ ਦੀ ਨਾਮ ਸਾਧਨਾ ਵਿਚ ਦਰਸਾਇਆ ਗਿਆ ਹੈ। ਨਾਮ ਸਾਧਨਾ ਜਿਸਦੇ ਅੰਤਰਗਤ ਪ੍ਰਭੂ ਦੀ ਸਰਬਵਿਆਪਕਤਾ ਨੂੰ ਮਹਿਸੂਸ ਕਰਨਾ ਸਹੀ ਜੀਵਨ ਮਾਰਗ ਹੈ, ਸਹੀ ਸੁਰਖਿਆ ਜੁਗਤ ਹੈ, ਜੋ ਇਸ ਸਮੱਸਿਆ ਦਾ ਹਲ ਕਰਵਾ ਸਕਦੀ ਹੈ। ਇਸ ਸੁਰਖਿਆ ਜੁਗਤ ਤੋਂ ਇਲਾਵਾ ਅਜੋਕੀਆਂ ਸਮੱਸਿਆਵਾਂ ਦਾ ਹਲ ਕਿਰਤ ਕਮਾਈ, ਸੇਵਾ, ਬਰਾਬਰੀ, ਭਾਈਚਾਰਾ, ਨਿਆਂ, ਕਰਮਕਾਂਡ ਤਿਆਗ, ਪਖੰਡ ਤੇ ਵਹਿਮਾਂ-ਭਰਮਾਂ ਦੇ ਤਿਆਗ ਆਦਿ ਨੈਤਿਕਤਾ ਵਾਲਾ ਮਾਰਗ ਧਾਰਨ ਕਰਨ ਵਿਚ ਦਰਸਾਇਆ

ਗਿਆ ਹੈ। ਇਉਂ ਗੁਰੂ ਨਾਨਕ ਬਾਣੀ ਇਸ ਅਜੋਕੀ ਸਦੀ ਦੀਆਂ ਮਾਨਸਿਕ ਤੇ ਸਮਾਜਿਕ ਸਮੱਸਿਆਵਾਂ ਦਾ ਸਾਰਥਕ ਰਸਤਾ ਸੁਝਾਉਂਦੀ ਹੈ।

ਹਿੰਦੂ ਧਰਮ, ਜਿਸ ਨੂੰ ਉਸ ਦੇ ਹੀ ਬਣਾਏ ਵਰਣ-ਵੰਡ ਨੇ ਕਮਜ਼ੋਰ ਕੀਤਾ ਸੀ, ਢਹਿੰਦੀ ਕਲਾ ਵੱਲ ਜਾ ਰਿਹਾ ਸੀ। ਬ੍ਰਾਹਮਣ ਸ਼੍ਰੇਣੀ ਪਰਮਾਤਮਾ ਦੇ ਗਿਆਨ ਦੀ ਗੱਲ ਛੱਡ ਕੇ, ਮਾਇਆ ਦੇ ਲਾਲਚ ਵਿਚ ਲੋਕਾਂ ਨੂੰ ਕਰਮ-ਕਾਂਡਾਂ ਦੇ ਭਰਮ ਜਾਲ ਵਿਚ ਉਲਝਾ ਰਹੀ ਸੀ। ਖੱਤਰੀ ਆਪਣਾ ਜੁਝਾਰੂ-ਪਣ ਭੁੱਲ ਚੁੱਕੇ ਸਨ। ਸਮਾਜ ਦੇ ਇਸ ਨਿਘਾਰ ਤੋਂ ਮੁਸਲਿਮ ਸਮਾਜ ਵੀ ਨਹੀਂ ਸੀ ਬਚਿਆ। ਮੁਗ਼ਲ ਹਕੂਮਤ ਦੇ ਕਰਿੰਦੇ, ਮੁੱਲਾਂ ਤੇ ਕਾਜ਼ੀ ਸਭ ਜੋਕਾਂ ਵਾਂਗ ਲੋਕਾਂ ਦਾ ਖ਼ੂਨ ਚੂਸ ਰਹੇ ਸਨ। ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਵਿਚ ਉਸ ਸਮੇਂ ਦੀ ਦਸ਼ਾ ਇਸ ਪ੍ਰਕਾਰ ਸੀ:

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥
ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥[43]

ਪੰਜਾਬੀ ਸਾਹਿਤ ਵਿਚ ਗੁਰੂ ਨਾਨਕ ਦੇਵ ਜੀ ਰਚਿਤ ਬਾਰਾਮਾਹ ਤੁਖਾਰੀ ਸਭ ਤੋਂ ਪੁਰਾਣਾ ਪਰਤੀਤ ਹੁੰਦਾ ਹੈ। ਭਾਵੇਂ ਗੁਰੂ ਨਾਨਕ ਕਾਲ ਵਿਚ ਬਾਰਾਮਾਹ ਰਚਨਾ ਦੀ ਪਰੰਪਰਾ ਆਪਣੇ ਪੂਰਨ ਰੂਪ ਵਿਚ ਵਿਕਸਤ ਹੋ ਚੁੱਕੀ ਸੀ ਪਰੰਤੂ ਇਨ੍ਹਾਂ ਬਾਰਾਮਾਹਿਆ ਵਿਚ ਬ੍ਰਾਹਮਣਵਾਦੀ ਸੋਚ ਭਾਰੂ ਸੀ। ਗੁਰੂ ਨਾਨਕ ਨੇ ਪਹਿਲੀ ਵਾਰ ਬਾਰਾਮਾਹ ਪਰੰਪਰਾ ਵਿਚ ਇਕ ਇਤਿਹਾਸਕ ਮੋੜ ਲਿਆਂਦਾ।

ਗੁਰੂ ਨਾਨਕ ਨੇ ਅਧਿਆਤਮਕਤਾ ਅਤੇ ਕੁਦਰਤ ਨੂੰ ਇਕ ਦੂਜੇ ਵਿਚ ਅਦਵੈਤੀ ਰਿਸ਼ਤੇ ਦੇ ਤੌਰ ਤੇ ਬੱਝ ਕੇ ਪੇਸ਼ ਕੀਤਾ ਜਿਸਦਾ ਕੇਂਦਰੀ ਅਧਾਰ ਪਰਮਾਤਮਾ (ਪਭੂ-ਪਤੀ ਦੇ ਰੂਪ ਵਿਚ) ਹੈ। ਗੁਰੂ ਸਾਹਿਬ ਦੀ ਰਚਨਾ ਵਿਚ ਜਿੱਥੇ ਮੁੱਖ ਅਧਾਰ ਅਧਿਆਤਮਕਤਾ ਦਾ ਹੈ ਉੱਥੇ ਇਸ ਬਾਰਾਮਾਹ ਤੁਖਾਰੀ ਰਚਨਾ-ਸ਼ਾਇਰੀ ਵਿਚ ਕੁਦਰਤ ਅਤੇ ਪੰਜਾਬੀ ਸਭਿਆਚਾਰ ਵੀ ਇਕ ਦੂਜੇ ਵਿਚ ਓਤ-ਪੋਤ ਹਨ। ਇਹ ਰਚਨਾ ਅਧਿਆਤਮਕ ਰੋਮਾਂਸ, ਕਲਾਤਮਕ ਹੁਸਨ ਤੇ ਕੁਦਰਤ ਦੇ ਸੁਹਜ ਦਾ ਸੰਗਮ ਹੈ। ਪ੍ਰਕਿਰਤੀ ਦੇ ਅਧਾਰ ਤੇ ਕੁਦਰਤ ਨਾਲ ਸੰਬੰਧਿਤ ਬਾਰਾਮਾਹ ਤੁਖਾਰੀ ਦੇ

ਥੀਮ ਦੇ ਆਰ-ਪਾਰ ਅਧਿਆਤਮਕਤਾ ਦੀ ਰਸ-ਭਿੰਨੀ ਸੁਹਜ-ਵਾਦੀ ਚੇਤਨਾ ਅਜੋਕੀਆਂ ਵਿਸ਼ਵੀਕਰਨ ਦੀ ਪ੍ਰਸਥਿਤਆਂ ਨੂੰ ਆ ਛੂੰਹਦੀ ਹੈ। ਅਧਿਆਤਮਕਤਾ ਅਤੇ ਰੂਹਾਨੀਅਤ, ਸੰਗੀਤ (ਤੁਖਾਰੀ ਰਾਗ) ਦੇ ਖੰਭਾਂ ਉਤੇ ਉਡਾਰੀਆਂ ਮਾਰਦੀ, ਕੁਦਰਤ ਦੀ ਵਾਦੀ ਵਿਚੋਂ ਲੰਘਦੀ, ਜ਼ਿੰਦਗੀ ਨੂੰ ਇਕ ਸੁਨੇਹਾ ਦਿੰਦੀ ਹੈ, ਜਿਹੜਾ ਸੁਨੇਹਾ ਤੱਤਕਾਲੀ ਬ੍ਰਾਹਮਣਵਾਦੀ ਅਤੇ ਦਮਨਕਾਰੀ ਰੁਝਾਨ ਨੂੰ ਲਿਤਾੜਦਾ ਹੋਇਆ ਵਿਸ਼ਵੀ-ਚੇਤਨਾ ਨੂੰ ਆ ਛੂੰਹਦਾ ਹੈ।

ਇਸਤਰੀ-ਪੁਰਸ਼ ਦੇ ਪਿਆਰ ਸੰਬੰਧ ਹਰ ਸਮੇਂ ਅਤੇ ਹਰ ਯੁਗ ਵਿਚ ਵਿਦਮਾਨ ਸਾਹਿਤਕਾਰਾਂ ਦਾ ਮਨ-ਭਾਉਂਦਾ ਵਿਸ਼ਾ ਬਣੇ ਰਹੇ ਹਨ। ਗੁਰੂ ਨਾਨਕ ਦੇਵ ਜੀ ਨੇ ਬਾਰਾਮਾਹ ਤੁਖਾਰੀ ਵਿਚ ਇਸੇ ਵਿਸ਼ੇ ਨੂੰ ਲੈ ਕੇ ਆਪਣੇ ਅਧਿਆਤਮਕ ਵਿਚਾਰਾਂ ਦੀ ਅਭਿਵਿਅਕਤੀ ਕੀਤੀ ਹੈ। ਇਹਨਾਂ ਵਿਚਾਰਾਂ ਦਾ ਸਫ਼ਰ ਲੌਕਿਕਤਾ ਤੋਂ ਅਲੌਕਿਕਤਾ ਵੱਲ ਦਾ ਹੈ। ਜਦੋਂ ਤਕ ਇਸਤਰੀ-ਪੁਰਸ਼ ਦੇ ਪਿਆਰ ਵਿਚ ਇਕਸੁਰਤਾ ਰਹਿੰਦੀ ਹੈ ਤਾਂ ਜੀਵਨ-ਰੂਪੀ ਗੱਡੀ ਠੀਕ ਲੀਹਾਂ ਤੇ ਤੁਰਦੀ ਰਹਿੰਦੀ ਹੈ ਅਤੇ ਸਮਾਜਿਕ ਵਿਵਸਥਾ ਦਾ ਢਾਂਚਾ ਕਾਇਮ ਰਹਿੰਦਾ ਹੈ। ਦੂਜੇ ਪਾਸੇ ਜਦੋਂ ਵੀ ਇਨ੍ਹਾਂ ਸੰਬੰਧਾਂ ਵਿਚ ਅਸੰਤੁਲਨ ਪੈਦਾ ਹੋ ਜਾਵੇ ਤਾਂ ਪਰਿਵਾਰਕ ਤੇ ਸਮਾਜਿਕ ਜੀਵਨ ਕੰਡਿਆਂ ਦੀ ਸੇਜ ਬਣ ਜਾਂਦੀ ਹੈ। ਗੁਰਬਾਣੀ ਵਿਚ ਅਜਿਹੀ ਦਸ਼ਾ ਨੂੰ 'ਮਨਮੁੱਖ' (ਇਸਤਰੀ/ਪੁਰਸ਼) ਦੁਆਰਾ ਅਭਿਵਿਅਕਤ ਕੀਤਾ ਗਿਆ ਹੈ। ਬਾਰਾਮਾਹ ਵਿਚ ਅਜਿਹੀ ਜੀਵ-ਰੂਪੀ ਇਸਤਰੀ ਦੀ ਦਸ਼ਾ ਨੂੰ ਦਰਸਾਇਆ ਹੈ:

ਪ੍ਰਿਅ ਬਾਝੁ ਦੁਹੇਲੀ ਕੋਇ ਨ ਬੇਲੀ ਗੁਰਮੁਖਿ ਅੰਮ੍ਰਿਤੁ ਪੀਵਾਂ।।[44]

ਬਾਰਾਮਾਹ ਤੁਖਾਰੀ ਬਾਣੀ ਵਿਚਲੀ ਬਿਰਹਾ ਭਾਵਨਾ ਮਨੁੱਖ ਦੇ ਪੰਜ-ਮੂਲ ਜਜਬਿਆਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਵਿਚੋਂ ਮੋਹ ਜਾਂ ਪਿਆਰ ਨਾਲ ਸੰਬੰਧਿਤ ਹੈ। ਲੌਕਿਕ ਸੰਸਾਰ ਵਿਚ ਇਹ ਪਿਆਰ ਪਤੀ-ਪਤਨੀ ਦਾ ਹੈ ਪਰੰਤੂ ਅਲੌਕਿਕ ਸੰਦਰਭ ਵਿਚ ਇਹ ਪਿਆਰ ਆਤਮਾ ਦਾ ਪਰਮਾਤਮਾ ਨਾਲ ਹੈ।

ਵਿਸ਼ਵੀਕਰਨ ਦੀ ਆਮਦ ਨਾਲ ਪਤੀ-ਪਤਨੀ ਦੇ ਰਿਸ਼ਤੇ ਵਿਚ ਬਿਰਹੋਂ ਕਸਕ ਦੀਆਂ ਭਾਵਨਾਵਾਂ ਦੀ ਅਭਾਵਨਾ ਸਪੱਸ਼ਟ ਨਜ਼ਰ ਆਉਂਦੀ ਹੈ। ਮਸ਼ੀਨੀਕਰਨ ਅਤੇ ਮੰਡੀਕਰਨ ਨੇ ਮਨੁੱਖ ਨੂੰ ਪਦਾਰਥਵਾਦੀ ਬਣਾ ਦਿੱਤਾ ਹੈ। ਮਨੁੱਖੀ ਰਿਸ਼ਤਿਆਂ ਵਿਚੋਂ ਪਿਆਰ ਦੀਆਂ ਤੰਦਾਂ ਟੁੱਟ ਰਹੀਆਂ ਹਨ ਅਤੇ ਇਹ ਤੰਦਾਂ ਪਦਾਰਥਾਂ ਨਾਲ ਪੀਡੀਆਂ ਹੁੰਦੀਆਂ ਜਾ ਰਹੀਆਂ ਹਨ। ਵਿਸ਼ਵੀਕਰਨ ਦੇ ਫੈਲ ਰਹੇ ਪ੍ਰਦੂਸ਼ਣ ਨੂੰ ਨਕੇਲ ਪਾਉਣ ਲਈ ਮਨੁੱਖ ਨੂੰ ਕੁਦਰਤ ਵਲ ਰੁੱਖ ਕਰਨਾ ਪਵੇਗਾ। ਬਾਰਾਮਾਹ ਤੁਖਾਰੀ ਵਿਚ ਅੰਤਰ-ਮਨ ਦੀ ਪ੍ਰਕਿਰਤੀ ਦਾ ਚਿਤਰਣ ਵੀ ਹੈ ਅਤੇ ਇਸ ਅੰਤਰ ਮਨ ਵਿਚ ਹੀ ਮਨੁੱਖੀ ਸੰਸਾਰ ਵਿਚਰਦਾ ਹੈ। ਬਾਹਰਲਾ ਦਿਸਦਾ ਭਾਵ ਲੌਕਿਕਤਾ ਵੀ ਇਸ ਅੰਤਰਮਨ ਵਿਚ ਹੀ ਸਮਾਇਆ ਹੋਇਆ ਹੈ। ਮਨ ਵਿਚ ਵਿਯੋਗ, ਬਿਰਹਾ, ਵਿਛੋੜੇ ਦਾ ਡਰ, ਭੈ, ਪਰਦੇਸ ਗਏ ਪਤੀ ਦੀ ਘਰ ਵਾਪਸੀ ਦੀ ਅਰਜ਼ੋਈ, ਮੁਹੱਬਤ, ਪਿਆਰ ਸਾਰੇ ਮਨੁੱਖ ਦੇ ਮਨ ਅੰਦਰ ਹੀ ਵਿਚਰਦੇ ਰਹਿੰਦੇ ਹਨ:

ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ॥
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ॥
ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ॥
ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ॥
ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ॥
ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਨ ਸਮਾਵਏ॥[45]

ਉਪਰੋਕਤ ਪਹਿਰੇ ਵਿਚ 'ਪਿਰ ਪਰਦੇਸਿ ਸਿਧਾਏ' ਦੀ ਵਾਸਤਵਿਕਤਾ ਅਤੇ ਮਾਨਸਿਕਤਾ ਵਿਚਲੇ ਤਣਾਓ ਦੁਆਰਾ ਵਿਰੋਧਾਭਾਸੀ ਕਸ਼ਮਕਸ਼ ਮਨੁੱਖੀ ਮਨ ਅੰਦਰ ਲਗਾਤਾਰ ਚਲਦੀ ਰਹਿੰਦੀ ਹੈ। ਅਜੋਕੇ ਵਿਸ਼ਵੀਕਰਨ ਦੇ ਦੌਰ ਵਿਚ ਮਨੁੱਖ ਵਾਸਤਵਿਕ ਪੱਧਰ ਤੇ ਮਹਿਫ਼ੂਜ ਅਤੇ ਤਨਾਓ ਰਹਿਤ ਨਜ਼ਰ ਆਉਣ ਦੇ ਬਾਵਜੂਦ ਉਹ ਕਈ ਵਾਰੀ ਮਾਨਸਿਕ ਪੱਧਰ ਤੇ ਮਹਿਫ਼ੂਜ ਜਾਂ ਤਨਾਓ ਰਹਿਤ ਨਹੀਂ ਹੁੰਦਾ। ਅਜਿਹੀ ਅਜੋਕੀ ਸਮਸਿਆ ਵਿਸ਼ਵੀਕਰਨ ਸਾਹਮਣੇ ਇਕ ਵੱਡਾ

ਚੈਲੰਜ (Challenge) ਬਣ ਕੇ ਪੇਸ਼ ਹੁੰਦੀ ਵਿਖਾਈ ਦੇ ਰਹੀ ਹੈ। ਬਾਰਾਮਾਹ ਅਨੁਸਾਰ ਅਜਿਹੀ ਸਮੱਸਿਆ ਦਾ ਹੱਲ ਇਉਂ ਦਰਸਾਇਆ ਹੈ:

ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ।।
ਘੜੀ ਮੂਰਤ ਪਲ ਸਾਚੇ ਆਏ ਸਹਜਿ ਮਿਲੇ।।
ਪ੍ਰਭ ਮਿਲੇ ਪਿਆਰੇ ਕਾਰਜ ਸਾਰੇ ਕਰਤਾ ਸਭ ਬਿਧਿ ਜਾਣੈ।।
ਜਿਨਿ ਸੀਗਾਰੀ ਤਿਸਹਿ ਪਿਆਰੀ ਮੇਲੁ ਭਇਆ ਰੰਗੁ ਮਾਣੈ।।
ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ ਗੁਰਮੁਖਿ ਮਸਤਕਿ ਭਾਗੋ।।
ਨਾਨਕ ਅਹਿਨਿਸਿ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ।।[46]

ਅਜੋਕੇ ਵਿਸ਼ਵੀਕਰਨ ਦੇ ਦੌਰ ਵਿਚ ਜਿਹੜਾ ਮਨੁੱਖ ਪਦਾਰਥਵਾਦੀ ਰੁਚੀਆਂ ਤਿਆਗ ਕੇ ਸਹਿਜ ਅਵਸਥਾ ਦਾ ਧਾਰਨੀ ਹੋਵੇਗਾ ਉਸਦੇ ਸਾਰੇ ਕਾਰਜ ਪੂਰੇ ਹੋਣਗੇ। ਸਹਿਜ-ਜੀਵਨ ਜਿਊਣ ਦਾ ਢੰਗ ਅਪਨਾਉਣ ਨਾਲ ਮਨੁੱਖ ਗੁਰਮੁਖ ਅਵਸਥਾ ਦਾ ਧਾਰਨੀ ਬਣ ਜਾਂਦਾ ਹੈ। ਗੁਰਮੁਖ ਇਕ ਅਜਿਹਾ ਮਨੁੱਖ ਹੈ ਜੋ ਸਰਬਵਿਆਪੀ ਮਾਨਵਤਾ ਪ੍ਰਤਿ ਹਾਂ-ਪੱਖੀ ਕਾਰਜਸ਼ੀਲ ਉਦਾਰਤਾ ਦਾ ਰੁੱਖ ਅਪਣਾਉਂਦਾ ਹੈ। ਸਹਿਜ ਨਾਲ ਵਿਸ਼ਵੀ ਪੱਧਰ, ਸਮਾਜਿਕ ਪੱਧਰ, ਪਰਿਵਾਰਕ ਪੱਧਰ ਤੇ ਨਿੱਜ-ਜੀਵਨ ਪੱਧਰ ਤੇ ਮਨੁੱਖ, ਮਨੁੱਖ ਨਾਲ ਜੁੜਦਾ ਹੋਇਆ ਮਾਨਵਤਾ ਦਾ ਰਾਹ ਅਖ਼ਤਿਆਰ ਕਰਦਾ ਹੈ। ਮਾਨਵਤਾ ਦਾ ਅਹਿਸਾਸ ਹੀ ਵਿਸ਼ਵੀਕਰਨ ਦੀ ਚਕਾਚੌਂਧ ਅਤੇ ਪਦਾਰਥਕ ਦੌੜ ਵਿਚ ਮਨੁੱਖੀ ਰਿਸ਼ਤਿਆਂ ਨੂੰ ਟੁੱਟਣ ਤੋਂ ਬਚਾ ਸਕਦਾ ਹੈ। ਜਿਸਦੇ ਮਨ ਵਿਚ ਸਹਿਜ ਸਮਾਅ ਗਿਆ, ਉਸਦੇ ਲਈ ਸਭ ਦਿਨ, ਘੜੀਆਂ, ਰੁੱਤਾਂ, ਥਿੱਤਾਂ ਆਦਿ ਸਭ ਮੁਲਵਾਨ ਹਨ। ਅਜਿਹਾ ਮਨੁੱਖ ਕੋਈ ਵੀ ਕੰਮ ਸ਼ੁਰੂ ਕਰਨ ਲਗਿਆਂ ਕਿਸੇ ਸ਼ੁਭ ਮੌਕੇ ਦਾ ਇੰਤਜ਼ਾਰ ਨਹੀਂ ਕਰਦਾ। ਉਹ ਜਾਣਦਾ ਹੈ ਪ੍ਰਭੂ-ਨਾਮ ਦੀ ਸਹਾਇਤਾ ਨਾਲ ਸਹਿਜ ਅਵਸਥਾ ਵਿਚ ਸਭ ਕੰਮ ਸਫ਼ਲਤਾ ਪੂਰਵਕ ਪੂਰੇ ਕੀਤੇ ਜਾ ਸਕਦੇ ਹਨ।

ਗੁਰੂ ਨਾਨਕ ਦੇਵ ਜੀ ਦੇ ਬਾਰਾਮਾਹ ਤੁਖਾਰੀ ਰਚਨਾ ਨਾਲ ਜਿਥੇ ਪੰਜਾਬੀ ਸਾਹਿਤ ਦੇ ਕਾਵਿ-ਰੂਪ ਵਿਚ ਇਕ ਨਵੀਂ ਵੰਨਗੀ ਆਈ ਹੈ ਉਥੇ ਇਸ ਵਿਚਲੇ ਅਧਿਆਤਮਕ ਵਿਚਾਰਾਂ ਨੇ ਵੀ ਮਨੁੱਖੀ ਜੀਵਨ ਵਿਚ ਇਕ ਨਵੀਂ ਰੌਅ ਪੈਦਾ ਕੀਤੀ ਹੈ। ਇਸ ਰਚਨਾ ਵਿਚਲੀ ਵਿਚਾਰਾਂ ਦੀ ਅੰਤਰ-ਧਾਰਾ ਮਨੁੱਖੀ ਮਾਨਸਿਕਤਾ ਦੇ ਵਿਕਾਰਾਂ ਨੂੰ ਆਪਣੇ ਅਧਿਆਤਮਕ ਵਹਾਅ ਵਿਚ ਰੋੜ੍ਹ ਕੇ ਲੈ ਜਾਂਦੀ ਹੈ ਅਤੇ ਮਨੁੱਖ ਸਰਬਕਾਲੀ ਪ੍ਰਸਥਿਤੀਆਂ ਵਿਚ ਮਨੁੱਖ ਪ੍ਰਤਿ ਦਮਨਕਾਰੀ ਰੁਚੀਆਂ ਦੇ ਵਿਰੋਧ ਵਿਚ ਡਟ ਕੇ ਖਲੋਣ ਦੀ ਸਮਰਥਾ ਰੱਖਣ ਲਗਦਾ ਹੈ। ਅਜੋਕੇ ਵਿਸ਼ਵੀਕਰਨ ਦੇ ਦੌਰ ਵਿਚ ਅਜਿਹਾ ਮਨੁੱਖ ਹੀ ਪੂੰਜੀਵਾਦ ਦੇ ਮਖੌਟੇ ਨੂੰ ਨੰਗਾ ਕਰਨ ਦੀ ਸਮਰੱਥਾ ਰੱਖ ਸਕਦਾ ਹੈ।

ਸਮੇਂ ਦਾ ਪ੍ਰਵਾਹ ਵਿਸ਼ਵ ਜਾਂ ਸੰਸਾਰ ਦੀ ਗਤੀਮਾਨਤਾ ਦਾ ਇਕ ਵਿਵਾਦ-ਮੁਕਤ ਕਾਰਨ ਹੈ। ਸਮੇਂ ਦੀ ਨਿਰੰਤਰਤਾ ਕਾਰਨ ਧਰਤੀ ਉਪਰ ਬਹੁ-ਪਰਤੀ ਪਰਿਵਰਤਨ ਹੁੰਦੇ ਰਹਿੰਦੇ ਹਨ। ਬਾਰਾਮਾਹ ਤੁਖਾਰੀ ਵਿਚ ਇਨ੍ਹਾਂ ਪਰਿਵਰਤਨਾਂ ਦਾ ਕੁਦਰਤ ਦੇ ਚਿਤਰਣ ਰਾਹੀਂ ਭਰਵਾਂ ਵਿਸ਼ਲੇਸ਼ਣ ਹੋਇਆ ਹੈ। ਇਹ ਸਾਰਾ ਵਿਸ਼ਲੇਸ਼ਣ ਤੱਤਕਾਲੀ ਭਾਰਤੀ ਬ੍ਰਾਹਮਣਵਾਦੀ ਸੋਚ ਨੂੰ ਨਕਾਰਦਾ ਹੋਇਆ, ਵਿਸ਼ਵ-ਦ੍ਰਿਸ਼ਟੀ ਨੂੰ ਅਪਣਾਉਂਦਾ ਹੈ। ਗੁਰੂ ਨਾਨਕ ਵਿਚਾਰਧਾਰਾ ਤੱਤਕਾਲੀ ਭੂਤ ਨਾਲ ਅਲੋਚਨਾਤਮਕ ਸੰਵਾਦ ਸਿਰਜਦੀ ਹੋਈ ਤੱਤਕਾਲੀ ਪਰੰਪਰਾ ਦਾ ਦਾਰਸ਼ਨਿਕ ਪੁਨਰ ਨਿਰੂਪਣ ਕਰਦੀ ਹੈ। ਬਾਰਾਮਾਹ ਤੁਖਾਰੀ ਵਿਚਲਾ ਦਾਰਸ਼ਨਿਕ ਅਧਾਰ, ਕੁਦਰਤ ਦੀ ਸਿਰਜਣਾ ਦੇ ਧਰਾਤਲ ਤੇ ਉਸਾਰਿਆ ਗਿਆ ਹੈ। ਕੁਦਰਤ ਦਾ ਚਿਤਰਣ ਤਾਂ ਇਕ ਜ਼ਰੀਆ ਹੈ, ਬਿੰਬ ਹੈ ਜਾਂ ਚਿਹਨ ਹੈ ਪਰੰਤੂ ਵਿਸ਼ਵੀਕਰਨ ਦੇ ਦੌਰ ਵਿਚ ਇਹ ਰਚਨਾ ਸੀਮਤ ਅਰਥਾਂ ਤੋਂ ਪਾਰ ਵਿਰਾਟ ਜਗਤ ਵਿਚ ਰੂਪਾਂਤਰਿਤ ਹੁੰਦੀ ਨਜ਼ਰ ਆਉਂਦੀ ਹੈ। ਇਸ ਰਚਨਾ ਵਿਚਲੀ ਚੇਤਨਾ ਗਲੋਬਲ ਸਰੋਕਾਰਾਂ ਨਾਲ ਜੁੜੀ ਹੋਈ ਹੈ। ਇਹ ਚੇਤਨਾ ਮਨੁੱਖੀ ਨਸਲ, ਰੰਗ, ਜ਼ਾਤ-ਪਾਤ ਅਤੇ ਦੇਸ਼-ਕਾਲ ਦੀਆਂ ਹੱਦਾਂ ਨੂੰ ਪਾਰ ਕਰਦੀ ਹੋਈ ਮਾਨਵੀ ਸਰੋਕਾਰਾਂ ਨਾਲ ਜਾ ਜੁੜਦੀ ਹੈ:

ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ॥
ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ॥[47]

ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ, ਖ਼ਾਸ ਕਰਕੇ ਬਾਰਾਮਾਹ ਤੁਖਾਰੀ ਵਿਚਲਾ ਚਿੰਤਨ, ਇਕ ਖ਼ਾਸ ਵਰਗ ਦੀ ਪਰਧਾਨਤਾ (ਬ੍ਾਹਮਣਵਾਦੀ ਸੋਚ), ਖ਼ਾਸ ਕਰਕੇ ਵਿਸ਼ਵੀ-ਪੱਧਰ ਤੇ ਤੱਤਕਾਲੀ ਪੁਜਾਰੀ ਵਰਗ ਅਤੇ ਉਹਨਾਂ ਦੀਆਂ ਦਮਨਕਾਰੀ ਮਿੱਥਾਂ, ਅੰਧ-ਵਿਸ਼ਵਾਸਾਂ ਅਤੇ ਫੋਕਟ ਕਰਮ-ਕਾਂਡਾਂ ਦੀ ਪੁਰਜ਼ੋਰ ਅਲੋਚਨਾ ਕਰਕੇ, ਇਸ ਦੇ ਸਮਾਨਾਂਤਰ ਇੱਕ ਵਿਸ਼ਵ-ਦ੍ਰਿਸ਼ਟੀ ਵਾਲਾ ਨਵਾਂ ਪ੍ਰਬੰਧ ਉਸਾਰਦੀ ਹੈ। ਗੁਰੂ ਨਾਨਕ ਚਿੰਤਨ 'ਤੇ ਅਮਲਾਂ ਅਤੇ ਤਰਕ ਅਧਾਰਿਤ ਸੋਚ, ਲੋਕਾਈ ਨੂੰ ਇਕ ਨਵਾਂ ਸਾਹਸ ਤੇ ਸਵੈ-ਵਿਸ਼ਵਾਸ ਦਿਵਾਉਂਦੀ ਹੈ।

ਅਜੋਕੇ ਵਿਸ਼ਵੀਕਰਨ ਦੇ ਦੌਰ ਵਿਚ ਮਨੁੱਖ, ਆਰਥਿਕ, ਸਭਿਆਚਾਰਕ, ਰਾਜਨੀਤਿਕ, ਧਾਰਮਿਕ ਅਤੇ ਭਾਸ਼ਾਈ ਪੱਧਰ ਤੇ ਸਮੱਸਿਆਵਾਂ ਨਾਲ ਜੂਝਣ ਦੀ ਤਿਆਰੀ ਵਿਚ ਦ੍ਰਿਸ਼ਟੀਗੋਚਰ ਹੋ ਰਿਹਾ ਹੈ। ਵਿਸ਼ਵ-ਪੱਧਰ ਤੇ ਅਜੋਕੇ ਪਲੀਤ ਸਮਾਜਿਕ ਵਾਤਾਵਰਣ ਨੂੰ ਨਿਖਾਰਨ ਲਈ ਬਾਰਾਮਾਹ ਤੁਖਾਰੀ ਵਿਚਲੀ ਵਿਚਾਰਧਾਰਾ ਵਿਸ਼ਵੀ ਮਾਨਵ-ਸਮਾਜ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਦਾ ਠੀਕ ਹੱਲ ਦਰਸਾਉਣ ਤੇ ਸੁਲਝਾਉਣ ਹਿੱਤ ਨਿੱਗਰ ਭੂਮਿਕਾ ਨਿਭਾ ਸਕਦੀ ਹੈ:

ਸਭ ਤੇਰੀ ਤੂ ਮੇਰਾ ਪ੍ਰੀਤਮੁ ਨਿਸਿ ਬਾਸੁਰ ਰੰਗਿ ਰਾਵੈ।।
ਨਾਨਕ ਪ੍ਰਿਉ ਪ੍ਰਿਉ ਚਵੈ ਬਬੀਹਾ ਕੋਕਿਲ ਸਬਦਿ ਸੁਹਾਵੈ।।[48]

ਉਪਰੋਕਤ ਬਾਣੀ-ਤੁਕਾਂ ਨਿੱਜਵਾਦੀ ਸੋਚ ਤੇ ਨਿੱਜ ਲਾਭ ਨੂੰ ਛੱਡ ਕੇ ਮਾਨਵਵਾਦੀ ਸੋਚ ਦੀ ਧਾਰਨੀ ਹੋਣ ਦਾ ਸੰਦੇਸ਼ ਦਿੰਦੀਆਂ ਹਨ। ਅਜਿਹੇ ਸਿਧਾਂਤਾਂ ਨੂੰ ਰੋਲ-ਮਾਡਲ ਬਣਾਉਣ ਦਾ ਸੰਦੇਸ਼ ਇਸ ਬਾਣੀ ਦਾ ਧਾਰਮਿਕ ਅਕੀਦਾ ਹੈ। ਅਜੋਕੀਆਂ ਪ੍ਰਸਥਿਤੀਆਂ ਵਿਚ ਗੁਰੂ ਨਾਨਕ ਦੀ ਅਜਿਹੀ ਵਿਸ਼ਵ-ਵਿਆਪੀ ਮਾਨਵਵਾਦੀ ਵਿਚਾਰਧਾਰਾ ਨੂੰ ਸੰਸਾਰ ਪੱਧਰ 'ਤੇ ਪ੍ਰਚਾਰਣ ਤੇ ਅਮਲ ਕਰਨ ਦੀ ਜ਼ਰੂਰਤ ਹੈ ਕਿਉਂਕਿ ਇਹ ਵਿਚਾਰਧਾਰਾ ਸੱਚੀ ਕਿਰਤ ਕਰਨ ਵਿਚ ਵਿਸ਼ਵਾਸ ਰੱਖਦੀ ਹੈ।

ਉਪਰੋਕਤ ਸਾਰੇ ਵਿਸ਼ਲੇਸ਼ਣ ਉਪਰੰਤ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਦੇਸ਼, ਧਰਮ, ਨਸਲ, ਲਿੰਗ, ਜ਼ਾਤ-ਪਾਤ ਅਤੇ ਕਿੱਤੇ ਦੇ ਫ਼ਰਕ ਨਾਲ ਸਮਾਂ, ਤਿੱਥਾਂ ਤੇ ਰੁੱਤਾਂ ਮਹੀਨਿਆਂ ਆਦਿ ਨੂੰ ਅਹਿਮੀਅਤ ਨਹੀਂ ਦਿੱਤੀ ਸਗੋਂ ਉਹਨਾਂ ਕਿਰਤ ਅਤੇ ਸਮਾਨਤਾ ਦਾ ਸਿਧਾਂਤ ਅਤੇ ਵਿਸ਼ਵ-ਵਿਆਪੀ ਮਾਨਵਵਾਦੀ ਵਿਚਾਰਧਾਰਾ ਅਖੌਤੀ ਸਮਾਜਵਾਦੀਆਂ ਤੋਂ ਵੀ ਪਹਿਲਾਂ ਪ੍ਰਸਤੁਤ ਕਰ ਦਿੱਤੀ ਸੀ। ਇਹ ਵਿਚਾਰਧਾਰਾ ਸਾਇੰਟੀਫਿਕ (Scientific) ਅਤੇ ਵਿਸ਼ਵੀ ਸੁਧਾਰਵਾਦੀ ਸੀ ਜੋ ਅਜੋਕੇ ਪਦਾਰਥਵਾਦੀ ਯੁੱਗ ਦੀ ਕਸਵੱਟੀ ਤੇ ਪੂਰਾ ਉਤਰਦੀ ਹੈ।

# ਹਵਾਲੇ ਅਤੇ ਟਿੱਪਣੀਆਂ


1. ਡਾ. ਮਲਕੀਤ ਸਿੰਘ ਬਾਜਵਾ, ***ਗੁਰੂ ਅਰਜਨ ਬਾਣੀ ਤੇ ਸਰੋਦਿਕਤਾ***, ਪੰਨਾ 37-38
2. ***ਗੁਰੂ ਗ੍ਰੰਥ ਸਾਹਿਬ***, ਪੰਨਾ 1035
3. ਉਹੀ, ਪੰਨਾ 1026
4. ਉਹੀ, ਪੰਨਾ 12
5. ਦਰਸ਼ਨ ਸਿੰਘ, 23 ਜਨਵਰੀ, 2011 ਐਤਵਾਰ, ***ਪੰਜਾਬੀ ਟ੍ਰਿਬਿਊਨ***, ਚੰਡੀਗੜ੍ਹ
6. ***ਵਾਰਾਂ ਭਾਈ ਗੁਰਦਾਸ ਜੀ***, ਵਾਰ 29, ਪਉੜੀ 9, ਪੰਨਾ 320
7. ਉਧ੍ਰਿਤ, ਡਾ. ਗੁਰਮੁਖ ਸਿੰਘ, ***ਬਾਰਹਮਾਹਾਂ ਮਾਝ ਤੇ ਤੁਖਾਰੀ, ਵਿਸ਼ਲੇਸ਼ਣ ਤੇ ਵਿਆਖਿਆ***, ਪੰਨਾ 11
8. ਪ੍ਰੋ. ਸਾਹਿਬ ਸਿੰਘ ਤੇ ਪ੍ਰੋ. ਕੁਲਵੰਤ ਸਿੰਘ, ***ਬਾਰਹਮਾਹ ਤੁਖਾਰੀ ਤੇ ਮਾਝ ਬਹੁਪੱਖੀ ਵਿਚਾਰ***, ਪੰਨਾ 44-45
9. ***ਗੁਰੂ ਗ੍ਰੰਥ ਸਾਹਿਬ***, ਪੰਨਾ 843
10. ਉਹੀ, ਪੰਨਾ 491
11. ਉਹੀ, ਪੰਨਾ 476
12. ਡਾ. ਗੁਰਸ਼ਰਨ ਕੌਰ ਜੱਗੀ, ***ਵਾਰਾਂ ਭਾਈ ਗੁਰਦਾਸ,*** ਵਾਰ ੧, ਪਉੜੀ 24, ਪੰਨਾ 69
13. ਗੁਰਭਗਤ ਸਿੰਘ, ***ਉੱਤਰਆਧੁਨਿਕਵਾਦ***, ਪੰਨਾ 22
14. ***ਗੁਰੂ ਗ੍ਰੰਥ ਸਾਹਿਬ***, ਪੰਨਾ 1
15. ਉਹੀ, ਪੰਨਾ 1109
16. ਭਾਈ ਵੀਰ ਸਿੰਘ (ਸੰਪਾਦਕ), ***ਪੁਰਾਤਨ ਜਨਮ ਸਾਖੀ***, ਪੰਨਾ 203

17. ਡਾ. ਦਲੀਪ ਸਿੰਘ ਦੀਪ, ***ਗੁਰਬਾਣੀ ਚਿੰਤਨ***, ਪੰਨਾ 232

18. ***ਗੁਰੂ ਗ੍ਰੰਥ ਸਾਹਿਬ***, ਪੰਨਾ 1107

19. ਉਹੀ, ਪੰਨਾ 1107-1108

20. ਉਹੀ, ਪੰਨਾ 1108

21. ਉਹੀ, ਪੰਨਾ 1108

22. ਉਹੀ, ਪੰਨਾ 1108

23. ਉਹੀ, ਪੰਨਾ 1108

24. ਉਹੀ, ਪੰਨਾ 1108

25. ਉਹੀ, ਪੰਨਾ 1109

26. ਉਹੀ, ਪੰਨਾ 1109

27. ਉਹੀ, ਪੰਨਾ 1109

28. ਉਹੀ, ਪੰਨਾ 1109

29. ਉਹੀ, ਪੰਨਾ 1109

30. ਉਹੀ, ਪੰਨਾ 1109

31. ਉਹੀ, ਪੰਨਾ 1413

32. ਉਹੀ, ਪੰਨਾ 788

33. ਉਹੀ, ਪੰਨਾ 1095

34. ਉਹੀ, ਪੰਨਾ 473

35. ਉਹੀ, ਪੰਨਾ 474

36. ਉਹੀ, ਪੰਨਾ 15

37. ਉਹੀ, ਪੰਨਾ 1410

38. ਉਹੀ, ਪੰਨਾ 61

39. ਉਹੀ, ਪੰਨਾ 466

40. ਉਹੀ, ਪੰਨਾ 1243

41. ਉਹੀ, ਪੰਨਾ 932

42. ਉਹੀ, ਪੰਨਾ 467

43. ਉਹੀ, ਪੰਨਾ 145

44. ਉਹੀ, ਪੰਨਾ 1107

45. ਉਹੀ, ਪੰਨਾ 1108

46. ਉਹੀ, ਪੰਨਾ 1109-1110

47. ਉਹੀ, ਪੰਨਾ 1107

48. ਉਹੀ, ਪੰਨਾ 1107

# ਸਾਰ ਅਤੇ ਸਥਾਪਨਾਵਾਂ

ਸਮਾਜਿਕ ਚਿੰਤਨ ਦੇ ਵਿਕਾਸ-ਪ੍ਰਵਾਹ ਵਿਚ ਗੁਰੂ ਨਾਨਕ ਵਿਚਾਰਧਾਰਾ, ਇੱਕ ਮਨੁੱਖ-ਹਿਤੈਸ਼ੀ ਅਤੇ ਆਦਰਸ਼ਕ ਸਮਾਜ ਦਾ ਮਾਡਲ ਪ੍ਰਸਤੁਤ ਕਰਦੀ ਹੈ। ਤੱਤਕਾਲੀ ਸਮਾਜਿਕ ਜ਼ਿੰਦਗੀ ਦੇ ਯਥਾਰਥਕ ਵਰਤਾਰਿਆਂ ਨੂੰ ਗਹਿਰਾਈ ਨਾਲ ਘੋਖਣ ਤੋਂ ਬਾਅਦ ਗੁਰੂ ਨਾਨਕ ਨੇ ਧਾਰਮਿਕ ਪ੍ਰਵਚਨਾਂ ਰਾਹੀਂ ਮਨੁੱਖੀ  ਮਾਨਸਿਕਤਾ ਦੀ ਬੇਮੁਹਾਰਤਾ ਦੇ ਅਮਲ ਦੀ ਖੇਡ ਨੂੰ ਅੰਤਰਮੁਖੀ ਪੇਸ਼ਕਾਰੀ ਰਾਹੀਂ ਮੁਕਤ ਕਰ ਦਿੱਤਾ। ਇਸ ਵਿਚਾਰਧਾਰਕ ਨਜ਼ਰੀਏ ਨੇ ਸਮੁੱਚੇ ਵਿਸ਼ਵ ਦੇ ਮਾਨਵੀ ਤੇ ਸਮਾਜਿਕ ਸੰਬੰਧਾਂ ਅਤੇ ਮਨੁੱਖ-ਹਿਤੈਸ਼ੀ ਕਦਰਾਂ-ਕੀਮਤਾਂ ਨੂੰ ਨਵੇਂ ਸਿਰਿਉਂ ਸੂਤਰਬੱਧ ਕੀਤਾ।

ਗੁਰੂ ਨਾਨਕ ਵਿਚਾਰਧਾਰਾ ਦਾ ਮਨੋਰਥ ਸਮਾਜਿਕ, ਰਾਜਨੀਤਿਕ, ਧਾਰਮਿਕ ਅਤੇ ਸਭਿਆਚਾਰਕ ਆਦਿ ਦੇ ਖੇਤਰਾਂ ਦੀਆਂ ਬੇਤਰਤੀਬੀਆਂ ਅਤੇ ਕੁਰੀਤੀਆਂ ਨੂੰ ਦੂਰ ਕਰਕੇ ਰੂਹਾਨੀ ਅਤੇ ਇਖ਼ਲਾਕੀ ਜਾਂ ਸਦਾਚਾਰਕ ਕਦਰਾਂ-ਕੀਮਤਾਂ ਨਾਲ ਲਬਰੇਜ਼ ਇਕ ਨਰੋਏ ਤੇ ਵਿਸ਼ਾਲ ਵਿਸ਼ਵ ਸਮਾਜ ਦੀ ਸਿਰਜਣਾ ਕਰਨਾ ਹੈ। ਜਿਸਦਾ ਮਾਡਲ 'ਮਾਨਸ ਕੀ ਜਾਤ ਸਭੈ ਏਕੈ ਪਹਚਾਨਬੋ' ਦੇ ਆਦਰਸ਼ ਮੁਤਾਬਿਕ ਦੇਸ਼ ਕਾਲ ਦੀਆਂ ਹੱਦ-ਬੰਦੀਆਂ ਨੂੰ ਤੋੜ ਕੇ ਸਮੁੱਚੀ ਮਾਨਵਤਾ ਨੂੰ ਇਕ ਇਕਾਈ ਵਿਚ ਬੰਨ੍ਹ ਸਕੇ। ਵਿਸ਼ਵੀਕਰਨ ਦਾ ਸਮਾਜਿਕ ਪਹਿਲੂ ਇਸੇ ਮਾਨਵਵਾਦੀ ਦ੍ਰਿਸ਼ਟੀਕੋਣ ਰਾਹੀਂ ਉਜਾਗਰ  ਹੁੰਦਾ ਹੈ।

ਗੁਰੂ ਨਾਨਕ ਬਾਣੀ ਵਿਚ ਸਿਰਜੇ ਮਾਨਵ-ਹਿੱਤੂ ਸਰੋਕਾਰਾਂ ਨੂੰ ਮੁੱਖ ਤੌਰ ਤੇ ਦੋ ਪਹਿਲੂਆਂ ਵਿਚ ਵੰਡਿਆ ਜਾ ਸਕਦਾ ਹੈ। ਸਮਾਜਿਕ ਪੱਧਰ ਦੇ ਸਰੋਕਾਰ ਅਤੇ ਦੂਜੇ ਅਧਿਆਤਮਕ ਸਰੋਕਾਰ। ਗੁਰੂ ਨਾਨਕ ਨੇ ਅਨੇਕਤਾ ਵਿਚ ਏਕਤਾ ਦਾ ਜੋ ੧ਓ ਦਾ ਸਰੋਕਾਰ ਪੇਸ਼ ਕੀਤਾ ਹੈ। ਉਸ ਰਾਹੀਂ ਸਮੁੱਚੀ ਮਾਨਵਤਾ ਨੂੰ ਇਕ ਧਰਾਤਲ ਤੇ ਲਿਆ ਖੜ੍ਹਾ ਕੀਤਾ ਹੈ। ਗੁਰੂ ਨਾਨਕ ਬਾਣੀ ਵਿਸ਼ਵੀ

ਮਨੁੱਖ ਨੂੰ ਵਸਤੂ-ਭੋਗਤਾ ਦੇ ਛਿੰਨ-ਭੰਗਰ ਦੁਨਿਆਵੀ ਪਦਾਰਥਾਂ ਵਿਚ ਖੱਜਲ ਹੋਣ ਤੋਂ ਵਰਜਦੀ ਹੈ। ਇਸ ਬਾਣੀ ਵਿਚ ਧਰਮ, ਨੈਤਿਕ ਮੁੱਲਾਂ ਜਿਵੇਂ ਨਿਮਰਤਾ, ਨਿਰਵੈਤਾ, ਸਾਂਝੀਵਾਲਤਾ, ਦਇਆ, ਸਬਰ, ਸੰਤੋਖ, ਸੰਜਮਤਾ, ਮਿੱਠਾ ਬੋਲਣਾ, ਊਚ-ਨੀਚ ਤੋਂ ਦੂਰ ਤੇ ਸਮਦ੍ਰਿਸ਼ਟਤਾ ਵਰਗੇ ਸਮੁੱਚੇ ਗੁਣਾਂ ਦੇ ਸੁਮੇਲ ਦਾ ਜੋੜ ਹੈ ਜਿਨ੍ਹਾਂ ਨੂੰ ਅਪਣਾ ਕੇ ਅਜੋਕਾ ਮਨੁੱਖ ਸਰਬ-ਪੱਖੀ ਆਤਮਿਕ ਗੁਣਾਂ ਸਮੇਤ ਵਿਕਾਸ ਕਰ ਸਕਦਾ ਹੈ ਅਤੇ ਉਹ ਮਾਨਸਿਕ ਤੇ ਅਸਤਿਤਵੀ ਵਿਗਠਨ ਤੋਂ ਛੁਟਕਾਰਾ ਪਾ ਸਕਦਾ ਹੈ। ਗੁਰੂ ਨਾਨਕ ਬਾਣੀ-ਰਚਨਾ ਵਿਚ ਸੰਕਲਿਤ ਦਰਸ਼ਨ ਨੂੰ ਇਕ ਇਕਾਈ ਵਜੋਂ ਗ੍ਰਹਿਣ ਕਰਦਿਆਂ ਬਹੁਤ ਸਾਰੇ ਸ਼ਬਦ ਤੇ ਬਾਣੀ-ਤੁਕਾਂ ਅਜਿਹੀਆਂ ਮਿਲਦੀਆਂ ਹਨ ਜਿਨ੍ਹਾਂ ਵਿਚ ਗੁਰੂ ਸਾਹਿਬ ਨੇ ਸਪੱਸ਼ਟ ਰੂਪ ਵਿਚ ਸਮੁੱਚੀ ਮਾਨਵਤਾ ਦੇ ਮਾਨਸਿਕ, ਬੌਧਿਕ ਤੇ ਆਤਮਿਕ ਵਿਕਾਸ ਉੱਪਰ ਬਲ ਦਿੰਦਿਆਂ, ਨੈਤਿਕ ਤੇ ਸਦਾਚਾਰਕ ਕਦਰਾਂ-ਕੀਮਤਾਂ ਨੂੰ ਅਪਨਾਉਣ ਲਈ ਪ੍ਰੇਰਿਤ ਕੀਤਾ ਹੈ। ਅਜਿਹੀਆਂ ਇਖ਼ਲਾਕੀ ਕਦਰਾਂ-ਕੀਮਤਾਂ ਤੇ ਅਧਾਰਿਤ ਹੀ ਸਮੁੱਚੀ ਮਾਨਵਤਾ ਦੀ ਸਹਿ-ਹੋਂਦ ਵਾਲਾ ਇੱਕ ਸਵਸਥ ਅਤੇ ਆਦਰਸ਼ਕ ਸਮਾਜ ਉਸਾਰਿਆ ਜਾ ਸਕਦਾ ਹੈ।

ਗੁਰੂ ਨਾਨਕ ਬਾਣੀ ਵਿਚ ਕੂੜਿਆਰ ਤੇ ਮਨਮੁੱਖ ਨੂੰ, ਮਨੁੱਖ ਤੋਂ ਨਿਖੇੜ ਕੇ ਸਚਿਆਰ ਤੇ ਗੁਰਮੁੱਖ ਦੀ ਪਦਵੀ ਵਾਲੇ ਮਨੁੱਖ ਬਣਨ ਤੇ ਬਲ ਦਿੱਤਾ ਹੈ ਕਿਉਂਕਿ ਜੀਵਨ ਦੇ ਦੁੱਖ ਅਤੇ ਸੰਤਾਪ ਕੂੜ ਦੀ ਨੇੜਤਾ ਕਾਰਣ ਹੁੰਦੇ ਹਨ ਅਤੇ ਇਨ੍ਹਾਂ ਤੋਂ ਛੁਟਕਾਰਾ ਸੱਚ ਗ੍ਰਹਿਣ ਕਰਨ ਨਾਲ ਹੀ ਹੁੰਦਾ ਹੈ। ਗੁਰੂ ਨਾਨਕ ਨੇ ਇਸ ਮੁੱਦੇ ਨੂੰ ਵਿਸ਼ਵ ਸਮਾਜ ਦੇ ਮੁੱਦੇ ਦੇ ਰੂਪ ਚਿ ਪੇਸ਼ ਕੀਤਾ ਹੈ ਕਿ ਜੇਕਰ ਮਾਨਵਤਾ ਵਿਚ ਕਾਨੂੰਨ ਅਤੇ ਨੈਤਿਕਤਾ ਦੇ ਅਧਾਰ ਤੇ ਬਰਾਬਰੀ ਨੂੰ ਬਰਕਰਾਰ ਰੱਖਣਾ ਹੈ ਤਾਂ ਅਜਿਹਾ ਹੋਣਾ ਅਧਿਆਤਮਕ ਸਦਾਚਾਰਕਤਾ ਤੋਂ ਬਿਨਾਂ ਸੰਭਵ ਨਹੀਂ ਜਾਪਦਾ। ਉਹਨਾਂ ਨੇ ਜ਼ਾਤ-ਪਾਤ, ਊਚ-ਨੀਚ, ਨਸਲ, ਇਲਾਕੇ ਅਤੇ ਲਿੰਗ ਆਦਿ ਦੇ ਹਰ ਤਰ੍ਹਾਂ ਦੇ ਵਖਰੇਵਿਆਂ ਨੂੰ ਅਸਵੀਕਾਰ ਕੀਤਾ ਹੈ।

ਗੁਰੂ ਨਾਨਕ  ਦੀਆਂ ਕੁਝ ਖ਼ਾਸ ਬਾਣੀਆਂ ਵਿਚੋਂ ਜਿਵੇਂ ਸਿਧ ਗੋਸਟਿ ਵਿਚ ਉਹਨਾਂ ਨੇ ਸਿੱਧਾਂ/ਨਾਥਾਂ/ਜੋਗੀਆਂ ਨਾਲ ਆਪਣਾ ਵਿਚਾਰ-ਵਟਾਂਦਰਾ ਅੰਕਿਤ ਕੀਤਾ ਹੈ। ਉਨ੍ਹਾਂ ਵਿਚਾਰਾਂ ਦਾ ਅਕਸ ਸਾਨੂੰ ਸਮਾਜਿਕ ਗਿਆਨ ਅਤੇ ਉਸ  ਪ੍ਰਤਿ ਸਾਡੇ ਫਰਜ਼ ਆਦਿ ਨੂੰ ਦ੍ਰਿੜ ਕਰਵਾਉਂਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਤੀਬਿੰਬ ਇਕ ਅਜਿਹੀ ਧਾਰਨਾ ਨੂੰ ਜਨਮ ਦਿੰਦਾ ਹੈ ਜੋ ਵਿਸ਼ਵ-ਵਿਆਪੀ ਦ੍ਰਿਸ਼ਟੀ ਤੇ ਹਰ ਪ੍ਰਕਾਰ ਦੇ ਮਜ਼ਹਬੀ ਅਤੇ ਨਸਲੀ ਵਿਤਕਰਿਆਂ ਤੋਂ ਉੱਪਰ ਉੱਠ ਕੇ ਸਾਨੂੰ ਸੁਚੱਜੀ ਜੀਵਨ-ਜਾਚ ਸਿਖਾਉਂਦੀ ਹੈ। ਅਜੋਕੀਆਂ ਵਿਸ਼ਵੀ-ਪ੍ਰਸਥਿਤੀਆਂ ਵਿਚ ਇਸ ਗੱਲ ਦੀ ਵਧੇਰੇ ਲੋੜ ਹੈ ਕਿ ਸਾਰਾ ਮਨੁੱਖੀ ਸਮਾਜ ਗੁਰੂ ਨਾਨਕ ਦੇਵ ਜੀ ਦੇ ਦੱਸੇ ਮਾਰਗ ਤੇ ਚੱਲਣ ਦਾ ਦ੍ਰਿੜ ਸੰਕਲਪ ਕਰੇ। ਇਸ ਮਾਰਗ ਤੇ ਚੱਲ ਕੇ ਹੀ ਅਸੀਂ ਪਦਾਰਥਵਾਦੀ ਤੇ ਮਾਇਆਧਾਰੀ ਰੁਚੀਆਂ ਤੋਂ ਮੁਕਤ ਹੋ ਕੇ ਇਕ ਸੰਤੁਲਤ ਆਦਰਸ਼ਕ ਸਮਾਜਿਕ ਜੀਵਨ ਬਸਰ ਕਰਦੇ ਹੋਏ, ਸਮਾਜ ਨੂੰ ਨਰੋਈ ਸੇਧ ਪ੍ਰਦਾਨ ਕਰ ਸਕਦੇ ਹਾਂ।

ਇਸ ਤਰ੍ਹਾਂ ਦਖਣੀ ਓਅੰਕਾਰੁ ਬਾਣੀ-ਰਚਨਾ ਵਿਚਲੀ ਵਚਿੱਤਰਤਾ ਅਤੇ ਇਸਦਾ ਬਹੁ-ਪਰਿਪੇਖੀ ਤੇ ਬਹੁ-ਪਾਸਾਰੀ ਰੂਪ-ਵਿਧਾਨ ਸਾਨੂੰ ਗਲੋਬਲ ਪੱਧਰ ਦੀ ਸੂਚਨਾ ਨਾਲ ਇਕਸੁਰ ਕਰਕੇ ਇਸਦੇ ਅਨੁਰੂਪ ਬਣਾਉਂਦਾ ਹੈ। ਵਿਸ਼ਵੀਕਰਨ ਦੇ ਨਾਂਹ-ਪੱਖੀ ਪ੍ਰਭਾਵਾਂ ਨੂੰ ਦੇਖਦੇ ਹੋਏ ਜੇਕਰ ਗੁਰੂ ਨਾਨਕ ਬਾਣੀ ਦੀ ਰੋਸ਼ਨੀ ਵਿਚ ਇਨ੍ਹਾਂ ਨਾਂਹ-ਪੱਖੀ ਸਮੱਸਿਆ ਨੂੰ ਹੱਲ ਕਰਨਾ ਹੋਵੇ ਤਾਂ ਇਹ ਸਾਨੂੰ ਪਹਿਲਾਂ ਹੀ ਪਦਾਰਥਵਾਦ ਦੀ ਚਰਮ ਸੀਮਾ ਤੋਂ ਸੁਚੇਤ ਕਰਦੀ ਹੈ। ਧਨ-ਦੌਲਤ ਅਤੇ ਪਦਾਰਥ ਇਕੱਠਾ ਕਰਨ ਦੀ ਦੌੜ੍ਹ ਅੰਤ ਵਿਚ ਅਰਥਹੀਣ ਸਾਬਤ ਹੋਣੀ ਹੈ ਜਾਂ ਇਸਦਾ ਕੋਈ ਵੀ ਅੰਤ ਨਹੀਂ ਅਤੇ ਅਜਿਹੀ ਦੌੜ੍ਹ ਵਿਚ ਪੈਣ ਤੋਂ ਮਨੁੱਖ ਨੂੰ ਵਰਜਦੀ ਹੈ।

ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਇਕ ਖ਼ਾਸ ਵਰਗ ਦੀ ਪ੍ਰਧਾਨਤਾ (ਬ੍ਰਾਹਮਣਵਾਦੀ ਸੋਚ) ਖ਼ਾਸ ਕਰਕੇ ਵਿਸ਼ਵੀ ਪੱਧਰ ਤੇ ਤੱਤਕਾਲੀ ਪੁਜਾਰੀ ਵਰਗ ਅਤੇ ਉਹਨਾਂ ਦੀਆਂ ਦਮਨਕਾਰੀ  ਮਿੱਥਾਂ, ਅੰਧ-ਵਿਸ਼ਵਾਸਾਂ ਅਤੇ ਫੋਕਟ ਕਰਮ-ਕਾਂਡਾਂ ਦੀ ਪੁਰਜ਼ੋਰ ਅਲੋਚਨਾ ਕਰਕੇ ਇਸਦੇ ਸਮਾਨਾਂਤਰ ਇੱਕ ਵਿਸ਼ਵ-ਦ੍ਰਿਸ਼ਟੀ ਵਾਲਾ ਨਵਾਂ ਪ੍ਰਬੰਧ ਉਸਾਰਦੀ ਹੈ। ਇਸ

ਵਿਚਲਾ ਚਿੰਤਨ, ਅਮਲਾਂ ਅਤੇ ਤਰਕ ਅਧਾਰਿਤ ਸੋਚ ਮਨੁੱਖ ਨੂੰ ਇਕ ਨਵਾਂ ਸਾਹਸ ਤੇ ਸਵੈ-ਵਿਸ਼ਵਾਸ ਦਿਵਾਉਂਦਾ ਹੈ। ਅਜੋਕੇ ਵਿਸ਼ਵੀਕਰਨ ਦੇ ਦੌਰ ਵਿਚ ਮਨੁੱਖ ਆਰਥਿਕ, ਰਾਜਨੀਤਿਕ, ਧਾਰਮਿਕ, ਸਭਿਆਚਾਰਕ ਅਤੇ ਭਾਸ਼ਾਈ ਪੱਧਰ ਤੇ ਸਮੱਸਿਆਵਾਂ ਨਾਲ ਜੂਝਣ ਦੀ ਤਿਆਰੀ ਵਿਚ ਦ੍ਰਿਸ਼ਟੀਗੋਚਰ ਹੋ ਰਿਹਾ ਹੈ। ਗੁਰੂ ਨਾਨਕ ਦੀ ਬਾਣੀ-ਰਚਨਾ ਬਾਰਾਮਾਹ ਤੁਖਾਰੀ ਵਿਚਲੀ ਵਿਚਾਰਧਾਰਾ ਵਿਸ਼ਵੀ ਮਾਨਵ ਸਮਾਜ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਦਾ ਠੀਕ ਹੱਲ ਦਰਸਾਉਣ ਤੇ ਸੁਲਝਾਉਣ ਹਿੱਤ ਨਿਘਰ ਸੁਝਾਉ ਦਿੰਦੀ ਹੈ। ਇਸ ਵਿਚਲਾ ਚਿੰਤਨ ਨਿੱਜਵਾਦੀ ਸੋਚ ਤੇ ਨਿੱਜ-ਲਾਭ ਨੂੰ ਛੱਡ ਕੇ ਮਾਨਵਵਾਦੀ ਸੋਚ ਦਾ ਧਾਰਨੀ ਹੋਣ ਦਾ ਸੰਦੇਸ਼ ਦਿੰਦਾ ਹੈ। ਅਜਿਹੇ ਸਿਧਾਂਤਾਂ ਨੂੰ ਰੋਲ ਮਾਡਲ ਬਣਾਉਣ ਦਾ ਸੰਦੇਸ਼ ਗੁਰਬਾਣੀ ਦਾ ਮੁੱਖ ਅਕੀਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਦੇਸ਼, ਧਰਮ, ਨਸਲ, ਲਿੰਗ, ਜ਼ਾਤ-ਪਾਤ ਅਤੇ ਕਿੱਤੇ ਦੇ ਫ਼ਰਕ ਨਾਲ ਸਮਾਂ, ਤਿੱਥਾਂ, ਰੁੱਤਾਂ ਅਤੇ ਮਹੀਨਿਆਂ ਆਦਿ ਨੂੰ ਅਹਿਮੀਅਤ ਨਹੀਂ ਦਿੱਤੀ ਸਗੋਂ ਉਹਨਾਂ ਨੇ ਕਿਰਤ ਅਤੇ ਸਮਾਨਤਾ ਦਾ ਸਿਧਾਂਤ ਅਤੇ ਵਿਸ਼ਵ-ਵਿਆਪੀ ਮਾਨਵਵਾਦੀ ਵਿਚਾਰਧਾਰਾ, ਅਖੌਤੀ ਸਮਾਜਵਾਦੀਆਂ ਤੋਂ ਵੀ ਪਹਿਲਾਂ ਮਾਨਵਤਾ ਅੱਗੇ ਪ੍ਰਸਤੁਤ ਕਰ ਦਿੱਤੀ ਸੀ। ਇਹ ਵਿਚਾਰਧਾਰਾ ਸਾਇੰਟਿਫਿਕ (Scientific) ਅਤੇ ਵਿਸ਼ਵੀ ਸੁਧਾਰਵਾਦੀ ਸੀ ਜੋ ਅਜੋਕੇ ਪਦਾਰਥਵਾਦੀ ਯੁੱਗ ਦੀ ਕਸਵੱਟੀ ਤੇ ਵੀ ਪੂਰਾ ਉੱਤਰਦੀ ਹੈ।

ਗੁਰੂ ਨਾਨਕ ਬਾਣੀ ਦਾ ਸਮੁੱਚਾ ਚਿੰਤਨ ਇੱਕ ਈਸ਼ਵਰਵਾਦੀ ਹੈ ਅਤੇ ਉਸਦੇ ਨਾਮ ਦੀ ਮਹੱਤਤਾ ਨੂੰ ਤਰਜ਼ੀਹ ਦਿੰਦਾ ਹੈ। ਸਮੁੱਚੀ ਮਾਨਵਤਾ ਵਿਚ ਉਸ ਇੱਕ ਈਸ਼ਵਰਵਾਦੀ ਦੀ ਜੋਤ ਦੇ ਪਸਾਰੇ ਦੀ, ਇਹ ਚਿੰਤਨ ਗੱਲ ਕਰਦਾ ਹੈ। ਇਸ ਚਿੰਤਨ ਦਾ ਧਾਰਨੀ ਮਨੁੱਖ ਸਦਾਚਾਰਕ ਤੇ ਨੈਤਿਕ ਕੀਮਤਾਂ ਨੂੰ ਅਪਣਾਉਂਦਾ ਹੋਇਆ ਸੱਚੀ-ਸੁੱਚੀ ਕਿਰਤ ਕਰਨ ਵਿਚ ਵਿਸ਼ਵਾਸ ਰੱਖਦਾ ਹੈ। ਇਸ ਚਿੰਤਨ ਮਾਡਲ ਤੇ ਤੁਰਦਾ ਹੋਇਆ ਇਹ ਮਨੁੱਖ ਦੂਜਿਆਂ ਦੇ ਹੱਕਾਂ ਪ੍ਰਤਿ ਪੂਰਨ ਤੌਰ ਤੇ ਜਾਗਰੂਪ ਹੈ। ਉਹ ਆਪਣੇ ਨਿੱਜ-ਸੁਆਰਥਾਂ ਨੂੰ ਤਿਆਗ ਕੇ ਨਿੱਜ-ਮੁਕਤੀ ਦੀ ਗੱਲ ਨੂੰ ਪਹਿਲ

ਨਹੀਂ ਦਿੰਦਾ ਸਗੋਂ ਸਮੂਹ ਸਮਾਜੀ ਮਨੁੱਖਾਂ ਦੀ ਮੁਕਤੀ ਦੀ ਗੱਲ ਕਰਦਾ ਹੈ। ਇਸ ਤਰ੍ਹਾਂ ਗੁਰੂ ਨਾਨਕ ਚਿੰਤਨ ਸਮੁੱਚੀ ਮਨੁੱਖਤਾ ਨੂੰ ਇਕ ਧਰਾਤਲ ਤੇ ਖੜ੍ਹਾ ਵੇਖਦਾ ਹੈ। ਇਸ ਬਾਣੀ-ਚਿੰਤਨ ਦੀ ਅਜੋਕੇ ਸਮੇਂ ਵਿਚ ਸਮੁੱਚੀ ਮਾਨਵਤਾ ਲਈ ਪ੍ਰਸੰਗਿਕਤਾ ਇਸ ਪੱਖੋਂ ਹੋਰ ਵੀ ਮਹੱਤਵ ਰੱਖਦੀ ਹੈ ਕਿ ਇਸਦੇ ਸਮੁੱਚੇ ਚਿੰਤਨ ਵਿਚ ਸਮੁੱਚੀ ਮਨੁੱਖਤਾ ਪ੍ਰਤਿ ਸੋਚ ਦੇ ਬੁਨਿਆਦੀ ਲੱਛਣ ਦ੍ਰਿਸ਼ਟੀਗੋਚਰ ਹੁੰਦੇ ਹਨ। ਗੁਰੂ ਨਾਨਕ ਬਾਣੀ ਦੇ ਪ੍ਰਵਚਨ ਵਿਚ ਧਾਰਮਿਕ ਕਰਮ-ਕਾਂਡਾਂ ਦੀ ਨਿਖੇਧੀ ਤਾਂ ਕੀਤੀ ਗਈ ਹੈ ਪਰੰਤੂ ਕਿਸੇ ਵੀ ਧਰਮ ਦੀ ਸਿੱਧੇ ਤੌਰ ਤੇ ਨਿਖੇਧੀ ਨਹੀਂ ਕੀਤੀ ਗਈ ਸਗੋਂ ਧਾਰਮਿਕ ਜੀਵਨ-ਜਾਚ ਦਾ ਆਦਰ ਕਰਦਿਆਂ ਮਨੁੱਖ ਨੂੰ ਇਕ ਸਮਾਨਾਂਤਰ ਸੰਵਾਦ ਰਚਾਉਣ ਲਈ ਚੇਸ਼ਟਾ ਕੀਤੀ ਗਈ ਹੈ।

ਗੁਰੂ ਨਾਨਕ ਚਿੰਤਨ ਵਿਚਲੀ ਵਿਚਾਰਧਾਰਾ ਤੱਤਕਾਲੀਨ ਸਮਾਜ ਦੇ ਬਹੁ-ਪਰਤੀ ਅਨੇਕ ਤੱਤਵਾਦਤਾ ਨੂੰ ਦ੍ਰਿਸ਼ਟੀਗੋਚਰ ਕਰਦੀ ਹੋਈ ਨਿਰੰਤਰ ਗਤੀਸ਼ੀਲਤਾ ਵਾਲੇ ਸਮਾਜ ਲਈ ਸੁਝਾਉ ਪੇਸ਼ ਕਰਦੀ ਹੋਈ, ਸਰਬ-ਵਿਆਪਕ ਅਤੇ ਸਰਬ-ਹਿੱਤਕਾਰੀ ਮਾਰਗ ਦੀ ਮੰਜ਼ਿਲ ਤੱਕ ਪਹੁੰਚਾਉਣ ਲਈ ਅਗਰਸਰ ਹੈ। ਇਸ ਰੁਚੀ ਵਿਚੋਂ ਹੀ ਉਹਨਾਂ ਦੀ ਉਹ ਚੇਤਨਤਾ ਅਤੇ ਅਨੁਭਵ ਦ੍ਰਿਸ਼ਟੀਗੋਚਰ ਹੁੰਦਾ ਹੈ ਜਿਸਦੇ ਅਧਾਰ ਤੇ ਸਮੂਹ ਮਾਨਵਤਾ ਨੂੰ ਵਿਸ਼ਵ-ਵਿਆਪੀ ਪੱਧਰ ਤੇ ਅੰਤਰ-ਸੰਵਾਦ ਅਤੇ ਮੇਲ-ਮਿਲਾਪ ਰਚਾਉਣ ਲਈ ਪ੍ਰੇਰਿਆ ਜਾ ਸਕਦਾ ਹੈ।

# ਪੁਸਤਕ ਸੂਚੀ

## ਪੰਜਾਬੀ ਪੁਸਤਕਾਂ


ਉੱਪਲ, ਸਵਿੰਦਰ ਸਿੰਘ (ਡਾ.), *ਸਿੱਖ ਧਰਮ ਦਾ ਲਾਸਾਨੀਪਨ,* ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ, ਦਿੱਲੀ, 2000

ਅਕਾਲੀ, ਕੌਰ ਸਿੰਘ, *ਗੁਰ ਸ਼ਬਦ ਰਤਨਾਕਰ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਮਿਤੀਹੀਣ

ਅਨੂਪ ਸਿੰਘ, (ਡਾ.), *ਨਾਨਕੁ ਸਾਇਰੁ ਏਵ ਕਹਤੁ ਹੈ*, ਪ੍ਰੇਰਣਾ ਪ੍ਰਕਾਸ਼ਨ, ਪਟਿਆਲਾ, 2004

-------, *ਨਾਨਕਵਾਦ*, ਪ੍ਰੇਰਨਾ ਪ੍ਰਕਾਸ਼ਨ, ਪਟਿਆਲਾ, 2004

-------, *ਸਾਮਰਾਜੀ ਸੰਕਟ: ਪੂੰਜੀਵਾਦੀ ਵਿਸ਼ਵੀਕਰਨ ਦੀ ਅਸਫ਼ਲਤਾ,* ਪ੍ਰੇਰਨਾ ਪ੍ਰਕਾਸ਼ਨ, ਅੰਮ੍ਰਿਤਸਰ, 2008

ਅਮਰਜੀਤ ਕੌਰ (ਡਾ.), *ਗੁਰੂ ਨਾਨਕ ਕਾਵਿ ਦਾ ਲੋਕਯਾਨਿਕ ਅਧਿਐਨ*, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1992

ਇਕਬਾਲ ਕੌਰ (ਡਾ.), *ਪੰਜਾਬੀ ਲੋਕਯਾਨ*, ਦੀ ਪੰਜਾਬੀ ਰਾਈਟਰਜ਼, ਕੋਆਪਰੇਟਿਵ ਸੁਸਾਇਟੀ, ਲੁਧਿਆਣਾ, 1986

ਸਹਿਮੀ, ਹਰਵਿੰਦਰ, *ਗੁਰੂ ਨਾਨਕ ਬਾਣੀ ਵਿਚ ਪਰੰਪਰਾ,* ਅਮੋਲ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1973

ਸਤਨਾਮ ਕੌਰ (ਡਾ.), *ਬਾਣੀ ਗੁਰੂ ਹੈ ਗੁਰੂ ਹੈ ਬਾਣੀ*, ਐਮ. ਪੀ. ਪ੍ਰਕਾਸ਼ਨ, ਦਿੱਲੀ, 2007

ਸਤਿੰਦਰ ਸਿੰਘ, *ਆਧੁਨਿਕ ਪੰਜਾਬੀ ਕਾਵਿ ਰੂਪ ਅਧਿਐਨ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1980

ਸੰਧੂ, ਗੁਰਪਾਲ ਸਿੰਘ, *ਸਮਕਾਲੀ ਸਿਧਾਂਤ ਅਤੇ ਮੱਧਕਾਲੀ ਪ੍ਰਵਚਨ*, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006

ਸਰਬਜਿੰਦਰ ਸਿੰਘ (ਸੰਪਾ.), *ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਇੱਕੀਵੀਂ ਸਦੀ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006

ਸਵਰਾਜ ਸਿੰਘ (ਡਾ.), *ਸੰਸਾਰ ਅਮਨ ਅਤੇ ਗੁਰੂ ਗ੍ਰੰਥ ਸਾਹਿਬ ਦੀ ਫਿਲਾਸਫ਼ੀ*, ਪੰਥ ਖਾਲਸਾ ਪ੍ਰਕਾਸ਼ਨ, 2010

ਸਾਹਿਬ ਸਿੰਘ (ਪ੍ਰੋ.), *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (1 ਤੋਂ 10 ਪੋਥੀਆਂ)*, ਰਾਜ ਪਬਲਿਸ਼ਰਜ਼, ਜਲੰਧਰ, ਮਿਤੀਹੀਣ

-------, *ਗੁਰਬਾਣੀ ਵਿਆਕਰਣ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1979

-------, *ਗੁਰਬਾਣੀ ਤੇ ਇਤਿਹਾਸ ਬਾਰੇ ਕੁਝ ਹੋਰ ਧਾਰਮਿਕ ਲੇਖ*, ਸਿੰਘ ਬ੍ਰਦਰਜ਼ ਮਾਈ ਸੇਵਾਂ, ਅੰਮ੍ਰਿਤਸਰ, ਮਿਤੀਹੀਣ

ਸਾਹਿਬ ਸਿੰਘ ਤੇ ਕੁਲਵੰਤ ਸਿੰਘ (ਪ੍ਰੋ.), *ਬਾਰਹਮਾਹ ਤੁਖਾਰੀ ਤੇ ਮਾਝ ਬਹੁਪਖੀ ਵਿਚਾਰ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1999

ਸੀਤਲ, ਜੀਤ ਸਿੰਘ, *ਸਿਧ ਗੋਸਟਿ, ਗੁਰੂ ਨਾਨਕ ਜੀਵਨ ਦਰਸ਼ਨ ਤੇ ਕਾਵਿ ਕਲਾ*, ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, ਚੰਡੀਗੜ੍ਹ, 1969

ਸੁਖਦੇਵ ਸਿੰਘ (ਡਾ.), *ਕਾਵਿ ਸਰੋਕਾਰ*, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007

ਸੋਢੀ, ਟੀ. ਐਸ., *ਗੁਰੂ ਨਾਨਕ ਦਾ ਵਿਦਿਅਕ ਫਲਸਫ਼ਾ*, ਬਾਵਾ ਪਬਲੀਕੇਸ਼ਨਜ਼, ਪਟਿਆਲਾ, 1997

ਸੋਢੀ, ਤੇਜਾ ਸਿੰਘ, *ਸ੍ਰੀ ਗੁਰੂ-ਬਾਣੀ ਪ੍ਰਕਾਸ਼*, ਭਾਈ ਚਤਰ ਸਿੰਘ, ਜੀਵਨ ਸਿੰਘ, ਅੰਮ੍ਰਿਤਸਰ, 1983

ਸ਼ਸ਼ੀ ਬਾਲਾ (ਡਾ.) (ਸੰਪਾ.), *ਸਿੱਧ ਗੋਸਟਿ ਬਹੁਪੱਖੀ ਅਧਿਐਨ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2006

ਸ਼ਮਸ਼ੇਰ ਸਿੰਘ, *ਸਿੱਖ ਧਰਮ ਵਿੱਚ ਆਦਰਸ਼ ਮਨੁੱਖ ਦਾ ਸੰਕਲਪ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995

ਸ਼ਰਮਾ, ਜੀ. ਐਲ, *ਸਿਧ ਗੋਸਟਿ*, ਸੁੰਦਰ ਦਾਸ ਐਂਡ ਸੰਨਜ਼, ਅੰਮ੍ਰਿਤਸਰ, ਮਿਤੀਹੀਣ

ਸ਼੍ਰੀਮਤੀ ਵਿਦਿਆਵਤੀ (ਡਾ.), *ਜਪੁਜੀ ਵਿਵੇਚਨ*, ਆਰ. ਐਸ ਪਬਲੀਕੇਸ਼ਨ, ਪਟਿਆਲਾ, 1999

ਸ਼ਾਨ, ਹਰਨਾਮ ਸਿੰਘ, *ਗੁਰੂ ਨਾਨਕ ਦਾ ਸ਼ਾਹਕਾਰ ਜਪੁਜੀ*, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1975

ਹਰਿਸਿਮਰਨ ਸਿੰਘ, *ਸਿੱਖ ਵਿਯਨ 2025*, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006

ਕਰਮਜੀਤ ਸਿੰਘ, *ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦੇ ਵਿਚਾਰਧਾਰਾਈ ਅਧਾਰ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1982

ਕਿਸ਼ਨ ਸਿੰਘ, *ਗੁਰਮਤਿ ਦਰਸ਼ਨ ਦੇ ਮਾਨਵੀ ਸਰੋਕਾਰ*, ਅਸਥੈਟਿਕਸ ਪਬਲੀਕੇਸ਼ਨ, ਲੁਧਿਆਣਾ, 2008

ਕਿਸ਼ਨ ਸਿੰਘ (ਪ੍ਰੋ.), ਟਿਵਾਣਾ, ਗੁਰਮੀਤ ਸਿੰਘ (ਪ੍ਰੋ.) (ਸੰਪਾ.), *ਗੁਰਬਾਣੀ ਦਾ ਇਨਕਲਾਬੀ ਵਿਰਸਾ*, ਵਿਸ਼ਵਭਾਰਤੀ ਪ੍ਰਕਾਸ਼ਨ, ਬਰਨਾਲਾ, 2007

-------, *ਵਾਰ ਮਾਝ ਅਤੇ ਸਿਧ ਗੋਸਟਿ*, ਵਿਸ਼ਵਭਾਰਤੀ ਪ੍ਰਕਾਸ਼ਨ, ਬਰਨਾਲਾ, 2007

ਕੁਲਵੰਤ ਸਿੰਘ, *ਮਿੱਥ ਵਿਗਿਆਨ ਤੇ ਸਾਹਿਤ*, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1985

ਕੁਲਵੰਤ ਕੌਰ, *ਗੁਰਮਤਿ ਕਾਵਿ ਇਕ ਅਧਿਐਨ*, ਪ੍ਰਤਾਪ ਮਹਿਤਾ, ਲੋਕਾਇਤ ਪ੍ਰਕਾਸ਼ਨ, ਚੰਡੀਗੜ੍ਹ, 1984

ਕੋਹਲੀ, ਸੁਰਿੰਦਰ ਸਿੰਘ (ਸੰਪਾ.), *ਗੁਰੂ ਨਾਨਕ ਜੀਵਨ ਦਰਸ਼ਨ ਅਤੇ ਕਾਵਿ-ਕਲਾ*, ਪਬਲੀਕੇਸ਼ਨ ਬਿਓਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1969

ਕਾਂਗ, ਅਮਰਜੀਤ ਸਿੰਘ (ਸੰਪਾ.), *ਵਿਸ਼ਵੀਕਰਣ ਅਤੇ ਪੰਜਾਬੀ ਸਾਹਿਤ ਸਭਿਆਚਾਰ*, ਸਾਹਿਤ ਅਕਾਦਮੀ, ਨਵੀਂ ਦਿੱਲੀ, 2005

ਕਾਂਗ, ਜਸਪਾਲ ਕੌਰ (ਡਾ.), *ਬਸਤੀਵਾਦ, ਉੱਤਰ-ਬਸਤੀਵਾਦ ਅਤੇ ਪੰਜਾਬੀ ਸਾਹਿਤ*, ਸਾਹਿਤ ਅਕਾਦਮੀ, ਨਵੀਂ ਦਿੱਲੀ, ਮਿਤੀਹੀਣ

ਖਹਿਰਾ, ਭੁਪਿੰਦਰ ਸਿੰਘ, *ਲੋਕਯਾਨ, ਭਾਸ਼ਾ ਅਤੇ ਸਭਿਆਚਾਰ*, ਪੈਪਸੂ ਬੁੱਕ ਡਿਪੂ, ਪਟਿਆਲਾ, 1986

ਗੁਰਜਸਵਿੰਦਰ ਸਿੰਘ (ਅਨੁ. ਤੇ ਸੰਪਾ.), *ਵਿਸ਼ਵੀਕਰਨ ਦਾ ਪ੍ਰਵਚਨ (ਆਰਥਿਕ, ਰਾਜਸੀ ਤੇ ਸਭਿਆਚਾਰਕ ਪਰਿਪੇਖ)*, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2006

ਗੁਰਭਗਤ ਸਿੰਘ, *ਕਾਵਿ ਸ਼ਾਸਤਰ, ਦੇਹ ਅਤੇ ਕ੍ਰਾਂਤੀ*, ਵਿਚਾਰ ਪ੍ਰਕਾਸ਼ਨ, ਸੰਗਰੂਰ, 1995

-------, *ਉੱਤਰਆਧੁਨਿਕਵਾਦ*, ਮਦਾਨ ਪਬਲਿਸ਼ਰਜ਼, ਪੰਜਾਬੀ ਯੂਨੀਵਰਸਿਟੀ ਕੈਂਪਸ, ਪਟਿਆਲਾ, 2000

ਗੁਰਭਗਤ ਸਿੰਘ (ਡਾ.), *ਵਿਸ਼ਵ ਚਿੰਤਨ ਅਤੇ ਪੰਜਾਬੀ ਸਾਹਿੱਤ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2003

ਗੁਰਮੁਖ ਸਿੰਘ (ਡਾ.), *ਬਾਰਹਮਾਹਾਂ ਮਾਝ ਤੇ ਤੁਖਾਰੀ*, ਵਿਸ਼ਲੇਸ਼ਣ ਤੇ ਵਿਆਖਿਆ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2002

ਗਿੱਲ, ਮਹਿੰਦਰ ਕੌਰ, *ਬਾਣੀ ਵਿਵੇਚਨ*, ਆਰਸੀ ਪਬਲਿਸ਼ਰਜ਼, ਦਿੱਲੀ, 1995

-------, *ਆਦਿ ਗ੍ਰੰਥ ਲੋਕ ਰੂਪ*, ਪੰਜਾਬੀ ਰਾਈਟਰਜ਼ ਕੋਆਪਰੇਟਿਵ ਇੰਡਸਟਰੀਅਲ ਸੋਸਾਇਟੀ, ਦਿੱਲੀ, 1980

-------, *ਬਾਣੀਸਾਰ,* ਨਵਯੁਗ ਪਬਲਿਸ਼ਰਜ਼, ਦਿੱਲੀ, 1989

-------, *ਬਾਣੀ ਰੂਪ ਪ੍ਰਬੰਧ*, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1991

ਗੁਰਸ਼ਰਨ ਜੀਤ ਸਿੰਘ (ਡਾ.), *ਅਜੋਕੇ ਪ੍ਰਸੰਗ ਵਿਚ ਗੁਰੂ ਗ੍ਰੰਥ ਸਾਹਿਬ ਪਰੰਪਰਾ ਅਤੇ ਇਤਿਹਾਸ,* ਗੁਰਨਿਧ ਪ੍ਰਕਾਸ਼ਨ, ਅੰਮ੍ਰਿਤਸਰ, 2005

-------, *ਗੁਰੂ ਨਾਨਕ ਬਾਣੀ ਦਾ ਸਮਾਜ-ਸ਼ਾਸਤਰੀ ਪਰਿਪੇਖ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1998

ਗੁਰਚਰਨ ਸਿੰਘ, *ਆਦਿ ਗ੍ਰੰਥ-ਸ਼ਬਦ ਅਨੁਕਰਮਣਿਕਾ (ਭਾਗ 1-11),* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਿਤੀਹੀਣ

ਗੋਪਾਲ ਸਿੰਘ (ਡਾ.), *ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ*, ਵਰਲਡ ਬੁੱਕ ਸੈਂਟਰ, ਨਵੀਂ ਦਿੱਲੀ, ਮਿਤੀਹੀਣ

ਘੁੰਮਣ, ਬਿਕਰਮ ਸਿੰਘ (ਡਾ.), *ਆਸਾ ਦੀ ਵਾਰ ਚਿੰਤਨ ਤੇ ਕਲਾ*, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 1998

-------, *ਗੁਰਬਾਣੀ ਚਿੰਤਨ ਤੇ ਕਲਾ,* ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2003

ਚਾਵਲਾ, ਹਰਬੰਸ ਸਿੰਘ, *ਗੁਰੂ ਗ੍ਰੰਥ ਬਾਣੀ ਵਿਚ ਸਮਕਾਲੀ ਚਿੱਤਰ,* ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ, ਨਵੀਂ ਦਿੱਲੀ, 1990

ਜਸਵਿੰਦਰ ਸਿੰਘ, *ਪੰਜਾਬੀ ਲੋਕ ਸਾਹਿਤ ਸ਼ਾਸਤਰ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987

ਜਗਜੀਤ ਸਿੰਘ (ਡਾ.) (ਸੰਪਾ.), *ਬਾਣੀ ਗੁਰੂ ਨਾਨਕ ਦੇਵ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1999

ਜਗਬੀਰ ਸਿੰਘ (ਡਾ.), *ਗੁਰਬਾਣੀ: ਵਿਸ਼ਵ-ਦ੍ਰਿਸ਼ਟੀ ਤੇ ਵਿਚਾਰਧਾਰਾ*, ਵੈੱਲਵਿਸ਼ ਪਬਲਿਸ਼ਰਜ਼, ਦਿੱਲੀ, 1997

-------, *ਬਾਣੀ ਸੰਸਾਰ,* ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1992

ਜੋਧ ਸਿੰਘ (ਭਾਈ), *ਸਿੱਧ ਗੋਸਟਿ, ਇਕ ਅਧਿਐਨ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1973

ਜੋਧ ਸਿੰਘ (ਭਾਈ) (ਸੰਕਲਣ ਕਰਤਾ), *ਗੁਰੂ ਨਾਨਕ ਮੱਤ ਦਰਪਨ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970

ਜੱਗੀ, ਗੁਰਸ਼ਰਨ ਕੌਰ (ਡਾ.) (ਸੰਪਾ.), *ਵਾਰਾਂ ਭਾਈ ਗੁਰਦਾਸ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987

ਜੱਗੀ, ਰਤਨ ਸਿੰਘ (ਡਾ.), *ਗੁਰੂ ਨਾਨਕ ਦੀ ਵਿਚਾਰਧਾਰਾ*, ਨਵਯੁਗ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ, 1969

ਢਿੱਲੋਂ, ਅਮਰਜੀਤ ਸਿੰਘ (ਸੰਪਾ.), *ਪੰਜਾਬੀ ਲੋਕ ਸਾਹਿਤ ਇਕ ਅਧਿਐਨ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਿਤੀਹੀਣ

ਢਿੱਲੋਂ, ਜਸਵਿੰਦਰ ਕੌਰ (ਡਾ.), *ਗੁਰੂ ਨਾਨਕ ਦੇਵ ਜੀ ਦੀਆਂ ਬਾਣੀਆਂ ਦਾ ਦਾਰਸ਼ਨਿਕ ਅਧਿਐਨ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1991

-------(ਸੰਪਾ.), *ਜਪੁਜੀ ਬਹੁਪੱਖੀ ਅਧਿਐਨ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2002

------- (ਸੰਪਾ.), *ਗੁਰੂ ਨਾਨਕ-ਬਾਣੀ ਸਮਾਜਿਕ ਤੇ ਸਭਿਆਚਾਰਕ ਪਰਿਪੇਖ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2006

ਤਾਰਨ ਸਿੰਘ, *ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1963

-------, *ਸਿੱਖ ਧਰਮ ਦੇ ਰਹੱਸ ਤੇ ਰਮਜ਼,* ਫਕੀਰ ਸਿੰਘ ਐਂਡ ਸੰਨਜ਼, ਅੰਮ੍ਰਿਤਸਰ, 1965

-------, *ਗੁਰੂ ਨਾਨਕ ਬਾਣੀ ਪ੍ਰਕਾਸ਼ (ਭਾਗ ਪਹਿਲਾ, ਦੂਜਾ),* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਿਤੀਹੀਣ

------- (ਡਾ.), *ਨਾਨਕ: ਦਰ ਘਰ*, ਭਾਈ ਫ਼ਕੀਰ ਸਿੰਘ ਐਂਡ ਸਨਜ਼, ਅੰਮ੍ਰਿਤਸਰ, ਮਿਤੀਹੀਣ

ਦੀਪ, ਦਲੀਪ ਸਿੰਘ (ਡਾ.), *ਜਪੁਜੀ ਇਕ ਤੁਲਨਾਤਮਕ ਅਧਿਐਨ*, ਪ੍ਰਕਾਸ਼ਕ ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1972

-------, *ਗੁਰਬਾਣੀ ਚਿੰਤਨ (ਸਿਧਾਂਤ ਤੇ ਸਾਧਨਾ),* ਪ੍ਰਕਾਸ਼ਕ ਧਰਮ ਪ੍ਰਚਾਰ ਕਮਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ, ਅਗਸਤ 2001

ਦੀਵਾਨ ਸਿੰਘ (ਪ੍ਰੋ.), *ਗੁਰੂ ਨਾਨਕ ਦੀ ਸਾਹਿਤਿੱਕ ਪ੍ਰਤਿਭਾ ਤੇ ਹੋਰ ਲੇਖ*, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1970

-------, *ਗੁਰਬਾਣੀ ਚਿੰਤਨ,* ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1992

------- (ਸੰਪਾ.), *ਸਿਧ ਗੋਸਟਿ ਅਤੇ ਹੋਰ ਲੇਖ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1983

ਦੁਸਾਂਝ, ਸੁਰਿੰਦਰ ਸਿੰਘ (ਡਾ.), *ਗੁਰੂ ਨਾਨਕ ਬਾਰੇ ਸੱਚ ਦੀ ਖੋਜ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2004

ਦੇਵਿੰਦਰ ਦੀਪ (ਡਾ.), *ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਗੁਰੂ ਨਾਨਕ ਬਾਣੀ ਵਿਚ ਭਾਰਤੀ ਸਭਿਆਚਾਰ ਦਾ ਚਿਤ੍ਰਨ*, ਭਾਸ਼ਾ ਵਿਭਾਗ, ਪਟਿਆਲਾ, 1983

ਧਾਲੀਵਾਲ, ਬਲਦੇਵ ਸਿੰਘ (ਡਾ.), *ਵਿਸ਼ਵੀਕਰਨ ਅਤੇ ਪੰਜਾਬੀ ਕਹਾਣੀ*, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007

ਨਰੈਣ ਸਿੰਘ, *ਸਿਧ ਗੋਸਟਿ ਦਾ ਪਿਛੋਕੜ*, ਗੁਰੂ ਨਾਨਕ ਮਿਸ਼ਨ, ਪਟਿਆਲਾ, 1977

ਨਾਭਾ, ਕਾਨ੍ਹ ਸਿੰਘ, *ਗੁਰਮਤਿ ਮਾਰਤੰਡ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਮਿਤੀਹੀਣ

ਪਦਮ, ਪਿਆਰਾ ਸਿੰਘ, *ਆਦਿ ਗ੍ਰੰਥ ਦਰਸ਼ਨ*, ਕਲਮ ਮੰਦਿਰ, ਪਟਿਆਲਾ, 1969

-------, *ਗੁਰੂ ਨਾਨਕ ਵਿਚਾਰ ਕੋਸ਼*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969

-------, *ਗੁਰੂ ਨਾਨਕੁ ਸਾਗਰ*, ਕਲਮ ਮੰਦਿਰ, ਲੋਯਰ ਮਾਲ, ਪਟਿਆਲਾ, 1993

------- (ਸੰਪਾ.), *ਗੁਰੂ ਨਾਨਕ ਬਾਣੀ ਪ੍ਰਕਾਸ਼ਨ (ਭਾਗ ਪਹਿਲਾ ਤੇ ਦੂਜਾ)*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996

ਪੰਨੂ, ਹਰਪਾਲ ਸਿੰਘ, *ਗੁਰੂ ਨਾਨਕ ਦਾ ਕੁਦਰਤ ਸਿਧਾਂਤ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987

ਪ੍ਰੀਤਮ ਸਿੰਘ (ਪ੍ਰੋ.), *ਸਿੱਖ ਵਿਚਾਰਧਾਰਾ*, ਪ੍ਰਕਾਸ਼ਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1968

ਪ੍ਰਿਤਪਾਲ ਸਿੰਘ, *ਜਪੁਜੀ ਵਿਵੇਚਨ*, ਪੈਪਸੂ ਬੁੱਕ ਡਿਪੂ, ਪਟਿਆਲਾ, 1981

ਬਰਾੜ, ਰਾਜਿੰਦਰਪਾਲ ਸਿੰਘ (ਡਾ.), *ਉੱਤਰ-ਆਧੁਨਿਕਤਾ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਿਤੀਹੀਣ

ਬਲਕਾਰ ਸਿੰਘ, *ਗੁਰਮਤਿ ਵਿਵੇਚਨ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982

-------(ਡਾ.) (ਸੰਪਾ.), *ਗੁਰੂ ਨਾਨਕ ਧਰਮ ਚਿੰਤਨ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985

ਬਲਜੀਤ ਕੌਰ, *ਨਾਨਕ ਬਾਣੀ ਦਾ ਸ਼ਬਦ-ਚਿੰਤਨ*, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2006

ਬ੍ਰਹਮ ਜਗਦੀਸ਼ ਸਿੰਘ, *ਗੁਰੂ ਨਾਨਕ ਬਾਣੀ ਸਾਹਿਤਕ ਪਰਿਪੇਖ*, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 1995

-------, *ਗੁਰੂ ਨਾਨਕ ਅਤੇ ਸੰਤ ਬਾਣੀ ਇਕ ਅਧਿਐਨ*, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 1996

-------, *ਸਿਧ ਗੋਸਟਿ ਪਾਠ, ਪ੍ਰਸੰਗ ਅਤੇ ਪ੍ਰਵਚਨ*, ਪ੍ਰਕਾਸ਼ਕ ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2004

ਬਾਜਵਾ, ਸੁਖਵਿੰਦਰ ਕੌਰ (ਡਾ.), *ਉੱਤਰ ਅਧੁਨਿਕਤਾਵਾਦ ਅਤੇ ਗੁਰਬਾਣੀ*, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2008

ਬਾਜਵਾ, ਮਲਕੀਤ ਸਿੰਘ (ਡਾ.), *ਗੁਰੂ ਅਰਜਨ ਬਾਣੀ ਤੇ ਸਰੋਦਿਕਤਾ*, ਸੁਰਤਾਲ ਪ੍ਰਕਾਸ਼ਨ, ਜਲੰਧਰ, 1990

-------, *ਮੱਧਕਾਲੀ ਪੰਜਾਬੀ ਕਾਵਿ*, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2005

ਬੇਦੀ, ਕਾਲਾ ਸਿੰਘ (ਡਾ.), *ਗੁਰੂ ਨਾਨਕ- ਕਾਵਿ ਚਿੱਤਰਣ ਅਰਥਾਤ (ਗੁਰੂ ਨਾਨਕ ਕਾਵਿ ਬਿੰਬ)*, ਪ੍ਰਕਾਸ਼ਕ ਪੰਜਾਬੀ ਬੁੱਕ ਸਟੋਰ, ਨਵੀਂ ਦਿੱਲੀ, ਮਿਤੀਹੀਣ

ਬਾਂਸਲ, ਅਨੂਪ ਕੌਰ, *ਦਖਣੀ ਓਅੰਕਾਰੁ: ਇਕ ਅਧਿਐਨ*, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1989

ਭੀਮਇੰਦਰ ਸਿੰਘ (ਡਾ.), *ਮਾਰਕਸਵਾਦ, ਨਵ-ਮਾਰਕਸਵਾਦ ਅਤੇ ਉੱਤਰ ਆਧੁਨਿਕਤਾਵਾਦ*, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006

ਭੱਠਲ, ਰਵਿੰਦਰ ਸਿੰਘ (ਪ੍ਰੋ.) (ਸੰਪਾ.), ਸੁਰਜੀਤ ਸਿੰਘ (ਡਾ.), *ਸ੍ਰੀ ਗੁਰੂ ਗ੍ਰੰਥ ਸਾਹਿਬ: ਵਿਭਿੰਨ ਪਾਸਾਰ*, ਪੰਜਾਬੀ ਸਾਹਿਤ ਅਕਾਡਮੀ, ਪੰਜਾਬੀ ਭਵਨ, ਲੁਧਿਆਣਾ, 2005

ਮਨਜਿੰਦਰ ਸਿੰਘ, *ਸਿਧ ਗੋਸਟਿ ਸਰੂਪ ਤੇ ਸੰਚਾਰ*, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2004

ਰਤਨ, ਮੋਹਨ ਸਿੰਘ (ਪ੍ਰੋ.), *ਸਿਧ ਗੋਸਟਿ ਇਕ ਸਰਬ-ਪੱਖੀ ਅਧਿਐਨ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1970

ਰਾਏ, ਜਸਬੀਰ ਸਿੰਘ, *ਗੁਰੂ ਨਾਨਕ ਬਾਣੀ ਤੇ ਵਿਚਾਰਧਾਰਾ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1999

ਰਾਹੀ, ਗੁਰਬਚਨ ਸਿੰਘ (ਪ੍ਰੋ.), *ਨਾਨਕ ਬਾਣੀ ਵਿਵੇਚਨ*, ਨਿਊ ਏਜ਼ ਬੁੱਕ ਸੈਂਟਰ, ਅੰਮ੍ਰਿਤਸਰ 1977

ਰਾਜਿੰਦਰ ਸਿੰਘ, *ਬਾਰ੍ਹਾਮਾਹ ਤੁਖਾਰੀ ਵਿਚ ਪ੍ਰਕਿਰਤੀ ਚਿਤਰਣ*, ਰੂਪ ਪ੍ਰਕਾਸ਼ਨ, ਜੰਮੂ, 1990

ਰਾਮ ਸਿੰਘ (ਡਾ.), *ਗੁਰੂ ਨਾਨਕ ਬਾਣੀ ਪਰਖ ਤੇ ਸਮਝ*, ਮਨੋਹਰ ਪੁਸਤਕਮਾਲਾ, ਚੰਡੀਗੜ੍ਹ, 1989

-------, *ਜਪੁਜੀ ਦੇ ਪੰਜ ਖੰਡਾਂ ਦਾ ਬਹੁਪੱਖੀ ਅਧਿਐਨ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2000

ਵਜ਼ੀਰ ਸਿੰਘ, *ਨਾਨਕ ਬਾਣੀ ਚਿੰਤਨ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1969

-------, *ਗੁਰੂ ਨਾਨਕ ਸਿਧਾਂਤ*, ਪੰਜਾਬੀ ਸਾਹਿਤ ਅਕਾਡਮੀ, ਪੰਜਾਬੀ ਭਵਨ, ਲੁਧਿਆਣਾ, 1969

ਵਣਜਾਰਾ ਬੇਦੀ, ਸੋਹਿੰਦਰ ਸਿੰਘ (ਡਾ.), *ਸੁਹਜ ਪ੍ਰਬੋਧ*, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1967

-------, *ਪੰਜਾਬ ਦੀ ਲੋਕਧਾਰਾ*, ਨੈਸ਼ਨਲ ਬੁੱਕ ਟਰੱਸਟ ਇੰਡੀਆ, ਦਿੱਲੀ, 1971

-------, *ਗੁਰੂ ਨਾਨਕ ਤੇ ਲੋਕ ਪ੍ਰਵਾਹ*, ਨੈਸ਼ਨਲ ਬੁੱਕ ਸ਼ਾਪ, ਲੁਧਿਆਣਾ, 1971

-------, *ਮੱਧਕਾਲੀ ਪੰਜਾਬੀ ਕਥਾ ਰੂਪ ਤੇ ਪਰੰਪਰਾ*, ਪਰੰਪਰਾ ਪ੍ਰਕਾਸ਼ਨ, ਨਵੀਂ ਦਿੱਲੀ, 1977

ਵੀਰ ਸਿੰਘ (ਭਾਈ) (ਸੰਪਾ.), *ਪੁਰਾਤਨ ਜਨਮ ਸਾਖੀ,* ਖਾਲਸਾ ਸਮਾਚਾਰ, ਅੰਮ੍ਰਿਤਸਰ, 1977

**ਪੰਜਾਬੀ ਕੋਸ਼/ਮੈਗਜ਼ੀਨ/ਪੱਤ੍ਰਕਾਵਾਂ**

***ਸਮਦਰਸ਼ੀ***-78, ਉੱਤਰ-ਸੰਰਚਨਾਵਾਦ ਤੇ ਸਾਹਿਤ ਵਿਸ਼ੇਸ਼ ਅੰਕ, ਪੰਜਾਬੀ ਅਕਾਦਮੀ, ਦਿੱਲੀ (ਫਰਵਰੀ-ਮਾਰਚ 2004)

***ਸਮਦਰਸ਼ੀ-81***, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਿਵਸ ਨੂੰ ਸਮਰਪਿਤ ਵਿਸ਼ੇਸ਼ ਅੰਕ, ਪੰਜਾਬੀ ਅਕਾਦਮੀ, ਦਿੱਲੀ, (ਅਗਸਤ-ਸਤੰਬਰ 2004)

***ਸਮਦਰਸ਼ੀ-102***, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ੇਸ਼ ਅੰਕ, ਪੰਜਾਬੀ ਅਕਾਦਮੀ, ਦਿੱਲੀ, (ਫਰਵਰੀ-ਮਾਰਚ 2008)

***ਖੋਜ ਪਤ੍ਰਿਕਾ***, ਜੱਗੀ, ਰਤਨ ਸਿੰਘ (ਮੁੱਖ ਸੰਪਾਦਕ), ਗੁਰੂ ਨਾਨਕ ਦੇਵ ਵਿਸ਼ੇਸ਼ ਅੰਕ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996

-------, ਭਾਈ ਮੋਹਨ ਸਿੰਘ ਵੈਦ ਸਮ੍ਰਿਤੀ ਅੰਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,

-------, ਗੁਰਮਤਿ ਕਾਵਿ ਅੰਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,1985

***ਗੁਰੂ ਗ੍ਰੰਥ ਸੰਕੇਤ ਕੋਸ਼***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1977

*ਗੁਰੂ ਨਾਨਕ ਬਾਣੀ ਪ੍ਰਕਾਸ਼ਨ* (ਭਾਗ ਪਹਿਲਾ ਤੇ ਦੂਜਾ), ਪਿਆਰਾ ਸਿੰਘ ਪਦਮ (ਸੰਪਾ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996

*ਗੁਰਮਤਿ ਪ੍ਰਭਾਕਰ*, ਕਾਨ੍ਹ ਸਿੰਘ ਨਾਭਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1988

*ਪੰਜਾਬੀ ਟ੍ਰਿਬਿਊਨ*, ਐਤਵਾਰ, 23 ਜਨਵਰੀ 2011 (ਦਰਸ਼ਨ ਸਿੰਘ ਦਾ ਲੇਖ)

*ਪੰਜਾਬੀ ਦੁਨੀਆਂ*, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ੇਸ਼ ਅੰਕ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ (ਨਵੰਬਰ 2003-ਫਰਵਰੀ 2004)

*ਮਹਾਨ ਕੋਸ਼*, ਭਾਈ ਕਾਨ੍ਹ ਸਿੰਘ ਨਾਭਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1984

*ਮਹਾਂਕਵੀ ਗੁਰੂ ਨਾਨਕ* (ਲੜੀ ਨੰ: 27), ਮਹਿਕਮਾ ਪੰਜਾਬੀ, ਪਟਿਆਲਾ, 1956

*ਵਿਸਮਾਦ ਨਾਦ*, ਵਿਸ਼ੇਸ਼ ਅੰਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਨੁੱਖਤਾ ਨੂੰ ਦੇਣ, ਇੰਟਰਨੈਸ਼ਨਲ ਇਨਸਟੀਚਿਊਟ ਆਫ ਗੁਰਮਤਿ ਸਟੱਡੀਜ਼, ਲੁਧਿਆਣਾ, ਜਨਵਰੀ, 1994

**ਹਿੰਦੀ ਪੁਸਤਕਾਂ**

ਉਪਾਧਿਆਇ, ਪੰਡਿਤ ਬਲਦੇਵ, *ਭਾਰਤੀਆ ਧਰਮ ਔਰ ਦਰਸ਼ਨ*, ਚੌਕੰਬਿਆ ਵਿਦਿਆ ਭਵਨ, ਵਾਰਾਨਸੀ, 1977

**ENGLISH BOOKS:**


Baylis, John, Steve, Smith (Ed.), ***Globalization of World Politics***, (paperback), Oxford University Press, New York, 2010

Beck, Ulrich, ***What is Globalization***, Cambridge Polity Press, London, 2000

Bell, Daniel, ***The End of Ideology: On the Exhaustion of Political Ideas in the Fifties, with "The Resumption of History in the New Century"*** (paperback), Harvard University Press, 2000

Beyer, Peter, ***Globalization: The Encyclopedia of Politics and Religion***, Sage, London, 2004

Donne, Tim and wheeler, Nicholas (Ed.), ***Human Rights in Global Politics,*** Cambridge University Press, London, 1999

Dusenbery, Verne, ***A Sikhs at Large: Religion, Culture and Politics in Global Perspective***, Oxford University Press, London, 2008

Duggal, R.N. ***Indian Political System***, Publisher vinay Kumar Duggal, Jalandhar, 2012

Fukuyama, Francis, ***The End of History and the Last Man*** (paperback), Free Press, New York, 2006

Gibney, Mathew J. (Ed.), ***Globalising Rights: Oxford Amnesty Lectures, 1999,*** Oxford University Press, New York, 2003

Grewal, J.S., ***Guru Nanak in History***, Publication Bureau Panjab University, Chandigarh, 1969

Hasan, Nurul, Chandra, Satish (Ed.), ***Religion State and Society in Medieval India***, Oxford University Press, New Delhi, 1999

Ionna, Kucuradi, ***The Idea and Documents of Human Rights,*** Published: Philosophical Society of Turkey, 1995

Gupta, H.R. (Dr.), ***A Life-Sketch of Guru Nanak,*** Asian Publications, 1994

Justice, Iyer, V.r. Krishna, ***Human Rights and Human Wrongs***, South Asia Books Publisher, Delhi, 1990

Kant, Immanuel, ***What is Enlightenment***, Konigsberg in Russia, 30th September, 1784

Kurtz, Lester R., ***God's in the Global Village,The Word's Religions in Sociological Perspective*** Pine Forge Press, Thousand Oaks, California, 1995

Lorenzen, David N., ***Bhakti Religion in North India, Community, Identity and Political Action***, South Asia Books, Publisher, Delhi, 1996

Magdoff, Harry, ***Essays on Imperialism & Globalisation***, Kharagpur, Cornerstone, 2002

Milne, A JM, ***Human Rights and Human Diversity: An Essay in the Philosophy of Human Rights***, Macmillan Press, London, 1998

Petras, James,Veltmeyer Henry, ***Globalization Unmasked, Imperialism in 21st Century***, Z Books paperback Publisher, London, 2001

Robertson, Ronald, White Kathleen (Editors) ***Globalisation: Critical Concepts in Sociology***, Routledge, London, 2003

Stiglitz, Joseph, ***Globalisation and its Discontents***, Penguin, London, 2001

Vanaik, Achin, ***Globalization and South Asia Multidimensoinal Perspectives*** (Ed.), Oxford University Press,Delhi, 2004

693147

CHANDIGARH
P.U. LIBRARY